Published in Punjabi & English
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ-11, ਅੰਕ-8, ਅਗਸਤ 2021
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਇਸ ਅੰਕ 'ਚ

ਕੈਨੇਡਾ ਅਵਾਸ ਤੇ ਰਿਸ਼ਤਿਆਂ ਦੀ ਮਾਨਸਿਕਤਾ/2
ਕਰੋਨਾ ਸੰਕਟ: ਭਾਰਤੀ ਔਰਤਾਂ ਅਤੇ ਆਤਮ ਨਿਰਭਰਤਾ/3
ਸਾਮਰਾਜੀ ਅੱਖਾਂ ਵਿੱਚ ਰੜਕਦਾ, ਦੇਸ਼ "ਕਿਊਬਾ" /4
ਪੰਜਾਬ ਕਾਂਗਰਸ ਪਾਰਟੀ, ਕਿੱਸਾ ਕੁਰਸੀ ਦਾ/6
ਕੈਨੇਡਾ ਦੇ ਮੂਲ ਨਿਵਾਸੀ ਰੈਜ਼ੀਡੈਂਸ਼ੀਅਲ ਸਕੂਲ/8
ਨਾਗਰਿਕਾਂ ਦੀ ਨਿੱਜਤਾ ਅਤੇ ਜਾਸੂਸੀ ਸਿਕੰਜ਼ਾ/10
ਸਿੱਖ 'ਪੇਨ', ਸਿਰਦਾਰ ਕਪੂਰ ਸਿੰਘ ਤੇ ਉਨ੍ਹਾਂ ਦੇ ਅਜੋਕੇ ਪੈਰੋਕਾਰ/11
ਕੈਲਗਰੀ ਦਾ ਸਟੈਂਪੀਡ ਮੇਲਾ/16
ਪੱਖਪਾਤੀ, ਵਿਤਕਰੇਪੂਰਨ ਤੇ ਅਨਿਆਂਪੂਰਨ/20
ਪੰਜਾਬ ਦੀਆਂ ਸਰਕਾਰੀ ਚੋਣਾਂ ਤੇ ਕਿਸਾਨ ਸੰਘਰਸ਼/21
ਪੰਜਾਬ ਦੀਆਂ ਸਰਕਾਰੀ ਚੋਣਾਂ ਤੇ ਸਟੇਨ ਸਵਾਮੀ ਜ਼ਿੰਦਾ ਰਹੇਗਾ ਜ਼ਿੰਦਾ ਦਿਲਾਂ ਦੀ ਧੜਕਣ ਵਿੱਚ/22
ਸਮਾਜਕ ਬਦਲਾਅ ਦਾ ਚਿੰਨ੍ਹ: ਸ਼ਹੀਦ ਊਧਮ ਸਿੰਘ/26

# ਮਹਾਂਅੰਦੋਲਨ: ਨਿਰੰਤਰ ਤੀਬਰ ਅਤੇ ਨਵੀਆਂ ਪੈੜਾਂ







ਬੂਟਾ ਸਿੰਘ ਨਵਾਂਸ਼ਹਿਰ
94634-74342

ਕਿਸੇ ਅੰਦੋਲਨ ਦੀ ਪੱਕੇ ਮੋਰਚੇ ਦੇ ਰੂਪ 'ਚ ਅੱਠ ਮਹੀਨੇ ਤੱਕ ਲਗਾਤਾਰਤਾ ਕੋਈ ਮਾਮੂਲੀ ਗੱਲ ਨਹੀਂ ਹੈ। ਇਹ ਮਹਾਂਅੰਦੋਲਨ ਸਾਡੇ ਮੁਲਕ ਤੋਂ ਪਾਰ ਦੁਨੀਆ ਦੇ ਕਿਸਾਨਾਂ ਅਤੇ ਕਾਰਪੋਰੇਟ ਵਿਕਾਸ ਮਾਡਲ ਵਿਰੁੱਧ ਸੰਘਰਸ਼ ਕਰਨ ਵਾਲੇ ਵਿਸ਼ਾਲ ਹਿੱਸਿਆਂ ਲਈ ਉਮੀਦ ਦੀ ਕਿਰਨ ਬਣ ਚੁੱਕਾ ਹੈ। ਦਿੱਲੀ ਦੀਆਂ ਹੱਦਾਂ ਉੱਪਰ ਡੱਟੇ ਕਿਸਾਨ-ਮਜ਼ਦੂਰ ਕਾਫ਼ਲੇ ਹਰ ਮੁਸ਼ਕਿਲ ਦਾ ਮੁਕਾਬਲਾ ਸਿਦਕ ਅਤੇ ਸਿਰੜ ਨਾਲ ਕਰਦੇ ਹੋਏ ਸੰਘਰਸ਼ 'ਚ ਚਟਾਨ ਦੀ ਤਰ੍ਹਾਂ ਦ੍ਰਿੜ ਹਨ। ਉਨ੍ਹਾਂ ਨੇ ਇਤਿਹਾਸ-ਸਿਰਜਕ ਸੰਘਰਸ਼ ਨੂੰ ਬਦਨਾਮ ਕਰਨ ਦੀਆਂ ਆਰ.ਐੱਸ.ਐੱਸ. -ਬੀ.ਜੇ.ਪੀ. ਦੀਆਂ ਦੁਸ਼ਟ ਚਾਲਾਂ ਅਤੇ ਹਕੂਮਤੀ ਹਮਲਿਆਂ ਨੂੰ ਕਾਮਯਾਬੀ ਨਾਲ ਪਛਾੜਿਆ ਹੈ। ਰੁੱਤ ਬਦਲੀ ਨਾਲ ਆਈਆਂ ਮੁਸੀਬਤਾਂ ਵੀ ਉਨ੍ਹਾਂ ਦੇ ਹੌਸਲੇ ਪਸਤ ਨਹੀਂ ਕਰ ਸਕੀਆਂ। ਸਭ ਤੋਂ ਖ਼ਤਰਨਾਕ ਹਮਲਾ ਉਨ੍ਹਾਂ ਅੰਦਰੂਨੀ ਤਾਕਤਾਂ ਵੱਲੋਂ ਸੀ ਜੋ ਅੰਦੋਲਨ ਨੂੰ ਲੀਹੋਂ ਲਾਹ ਕੇ ਇਸ ਨੂੰ ਆਪਣੇ ਰਾਜਨੀਤਕ ਏਜੰਡਿਆਂ ਲਈ ਵਰਤਣ ਲਈ ਤਾਹੂ ਸਨ। ਮੋਰਚੇ ਦੀ ਗੁਲੀ ਪੰਜਾਬ ਦੀਆਂ ਤਜ਼ਰਬੇਕਾਰ ਸੰਘਰਸ਼ਸ਼ੀਲ ਜਥੇਬੰਦੀਆਂ ਹਨ, ਉਨ੍ਹਾਂ ਦੁਆਲੇ ਉੱਸਰੀ ਸਮੂਹਿਕ ਅਗਵਾਈ ਨੇ ਬਹੁਤ ਹੀ ਖ਼ਤਰਨਾਕ ਮੋੜਾਂ-ਘੋੜਾਂ 'ਚੋਂ ਗੁਜ਼ਰਦੇ ਹੋਏ ਅਤੇ ਆਪਸੀ ਮੱਤਭੇਦਾਂ ਨੂੰ ਬੇਹੱਦ ਤਹੱਮਲ ਤੇ ਸੂਝ-ਬੂਝ ਨਾਲ ਹੱਲ ਕਰਦੇ ਹੋਏ ਸੰਘਰਸ਼ ਦੇ ਕਥਿਤ ਹਮਾਇਤੀਆਂ ਦੇ ਇਨ੍ਹਾਂ ਘਾਤਕ ਹਮਲਿਆਂ ਨੂੰ ਵੀ ਨਾਕਾਮ ਬਣਾਇਆ ਹੈ।

ਕਾਰਪੋਰੇਟ ਸਰਮਾਏਦਾਰੀ ਦੀ ਦਲਾਲ ਆਰ.ਐੱਸ.ਐੱਸ.-ਬੀ.ਜੇ.ਪੀ. ਹਕੂਮਤ ਨੂੰ ਭਰਮ ਵੀ ਸੀ ਅਤੇ ਗ਼ਰੂਰ ਵੀ ਕਿ ਇਹ ਆਪਣੀ ਚਾਣਕੀਆ ਨੀਤੀ ਨਾਲ ਅੰਦੋਲਨ ਨੂੰ ਸੀ.ਏ.ਏ.-ਐੱਨ.ਆਰ.ਸੀ. ਵਿਰੁੱਧ ਸ਼ਾਂਤਮਈ ਅੰਦੋਲਨ ਨੂੰ ਖਦੇੜਣ ਦੀ ਤਰਜ਼ 'ਤੇ ਕੁਚਲ ਦੇਵੇਗੀ। ਪੰਜਾਬ ਦੀ ਪਹਿਲਕਦਮੀਂ ਅਤੇ ਵਿਆਪਕ ਹਿੱਸੇਦਾਰੀ, ਹਰਿਆਣਾ ਵੱਲੋਂ ਬਰਾਬਰ ਸਾਥ ਅਤੇ ਹੋਰ ਰਾਜਾਂ ਤੋਂ ਕਿਸਾਨਾਂ ਦੇ ਹੁੰਗਾਰੇ ਨੇ ਤਮਾਮ ਚਾਣਕੀਆ ਗਿਣਤੀਆਂ-ਮਿਣਤੀਆਂ ਪੁੱਠੀਆਂ ਪਾ ਦਿੱਤੀਆਂ। ਚਾਰੇ ਪਾਸੇ ਇੱਕੋ ਆਵਾਜ਼ ਗੂੰਜ ਰਹੀ ਹੈ "ਹਾਂ ਜਾਂ ਨਾਂਹ" ਯਾਨੀ ਕਿ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਅਤੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੇ ਆਧਾਰ 'ਤੇ ਸਰਕਾਰੀ ਖ਼ਰੀਦ ਦੀ ਗਰੰਟੀ ਦਿੰਦਾ ਕਾਨੂੰਨ ਬਣਾਉਣ ਦੀ ਮੰਗ ਦੀ ਪੂਰਤੀ ਤੋਂ ਘੱਟ ਕੁਛ ਵੀ ਮਨਜ਼ੂਰ ਨਹੀਂ ਹੈ। ਅੰਦੋਲਨ ਦੀ ਇਹ ਲਲਕਾਰ ਸਰਕਾਰੀ ਸੰਸਦ ਦੇ ਬਰਾਬਰ ਮੁਤਵਾਜ਼ੀ ਕਿਸਾਨ ਸੰਸਦ ਦੇ ਰੂਪ 'ਚ ਉੱਚੀ ਹੋਈ ਹੈ। ਸੰਯੁਕਤ ਕਿਸਾਨ ਮੋਰਚੇ ਦੇ ਫ਼ੈਸਲੇ ਅਨੁਸਾਰ 22 ਜੁਲਾਈ ਤੋਂ ਲੈ ਕੇ 200 ਕਿਸਾਨਾਂ ਦਾ ਕਾਫ਼ਲਾ ਰੋਜ਼ਾਨਾ ਰਾਜਧਾਨੀ ਦੇ ਜੰਤਰ-ਮੰਤਰ ਵਿਖੇ ਜੁੜ ਕੇ ਕਾਲੇ ਕਾਨੂੰਨਾਂ ਬਾਰੇ ਚਰਚਾ ਕਰ ਰਿਹਾ ਹੈ ਅਤੇ ਸੱਤਾ ਦੀਆਂ ਮਨਮਾਨੀਆਂ ਨੂੰ ਚੁਣੌਤੀ ਦੇ ਰਿਹਾ ਹੈ। ਇਸ ਸੰਘਰਸ਼ ਰੂਪ ਨੇ ਭਾਰਤ ਦੇ ਨਕਲੀ ਲੋਕਤੰਤਰ ਨੂੰ ਬੇਨਕਾਬ ਕਰਦੇ ਹੋਏ ਸੰਵਾਦ ਅਤੇ ਲੋਕ ਹਿੱਸੇਦਾਰੀ ਦੀਆਂ ਸੱਚੀਆਂ

(ਬਾਕੀ ਸਫ਼ਾ 43 'ਤੇ)

CONGRATULATIONS
TEAM OVER 650 REALTORS with in few months
HomeLife Silvercity Realty Inc., Brokerage (Independently owned & operated)
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS MULTIPLE LISTING SERVICE
urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans • Business Insurance
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ • ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010



ਪਰਮਿੰਦਰ ਕੌਰ ਸਵੈਚ
604 760 4794

# ਕੈਨੇਡਾ ਅਵਾਸ ਤੇ ਰਿਸ਼ਤਿਆਂ ਦੀ ਮਾਨਸਿਕਤਾ





ਕਾਫ਼ੀ ਦਿਨਾਂ ਤੋਂ ਪੰਜਾਬੀ ਮੀਡੀਆ ਬਹੁਤ ਸਰਗਰਮ ਨਜ਼ਰ ਆ ਰਿਹਾ ਹੈ ਤੇ ਹਰ ਇੱਕ ਇਸ ਗੱਲ ਲਈ ਤਰਲੋ ਮੱਛੀ ਹੈ ਕਿ ਕੈਨੇਡਾ ਪਹੁੰਚੀ 21 ਸਾਲਾ ਅੰਤਰਰਾਸ਼ਟਰੀ ਵਿਦਿਆਰਥਣ ਬੇਅੰਤ ਕੌਰ ਜਾਂ ਨੌਜਵਾਨ ਲਵਪ੍ਰੀਤ ਸਿੰਘ ਦੀ ਖੁਦਕਸ਼ੀ ਦੇ ਨਿਆਂ ਦਾ ਸਾਰਾ ਕਰੇਡਿਟ ਉਹ ਲੈ ਸਕਣ। ਇਸ ਵਿੱਚ ਚਾਹੇ ਮਾਮਲਾ ਲਵਪ੍ਰੀਤ ਸਿੰਘ ਦੀ ਮੌਤ ਦੀ ਹਮਦਰਦੀ ਦਾ ਹੋਵੇ ਜਾਂ ਬੇਅੰਤ ਕੌਰ ਨੂੰ ਡੀਪੋਰਟ ਕਰਨ ਦਾ ਹੋਵੇ। ਵਕੀਲ ਵੀ ਖੁੱਲ੍ਹ ਕੇ ਆਪਣੇ ਆਪਣੇ ਮਸ਼ਵਰੇ, ਬਿਨਾਂ ਖਰਚੇ ਦੇ ਕੇਸ ਲੜਨ ਨੂੰ ਪੱਬਾਂ ਭਾਰ ਹੋਏ ਬੈਠੇ ਹਨ, ਇਹ ਰਾਮ ਰੌਲ਼ਾ ਕਿੰਨਾ ਚਿਰ ਹੈ ਕਹਿ ਨਹੀਂ ਸਕਦੇ। ਅਸੀਂ ਲੋਕ ਜੋ ਸ਼ੋਸ਼ਲ ਮੀਡੀਏ ਨੂੰ ਬਹੁਤ ਵੱਡਾ ਹਥਿਆਰ ਸਮਝਦੇ ਹੋਏ ਉੱਥੇ ਹਰ ਕੋਈ ਆਪਣੇ ਆਪ ਨੂੰ ਜੱਜ ਸਮਝ ਰਿਹਾ ਹੈ ਤੇ ਆਪੋ ਆਪਣਾ ਫੈਸਲਾ ਵੀ ਦੇ ਰਿਹਾ ਹੈ ਜਿਸ ਵਿੱਚ ਲਵਪ੍ਰੀਤ ਨਾਲ ਹਮਦਰਦੀ ਦਿਖਾਈ ਜਾ ਰਹੀ ਹੈ ਉੱਥੇ ਬੇਅੰਤ ਕੌਰ ਨੂੰ ਕਾਤਲ ਵੀ ਘੋਸ਼ਿਤ ਕੀਤਾ ਜਾ ਰਿਹਾ ਹੈ, ਉਸ ਨਾਲ ਅਣਮਨੁੱਖੀ ਵਰਤਾਓ ਕਰਕੇ ਮਾਨਸਿਕ ਤੌਰ ਤੇ ਤੰਗ ਕੀਤਾ ਜਾ ਰਿਹਾ ਹੈ।ਹੋਰ ਬਹੁਤ ਸਾਰੇ ਨੌਜਵਾਨ ਮੈਦਾਨ ਵਿੱਚ ਆ ਗਏ ਹਨ ਕਿ ਉਹਨਾਂ ਨਾਲ ਵੀ ਧੋਖਾ ਹੋਇਆ ਹੈ। ਇਹ ਸੌਦੇਬਾਜ਼ੀ ਦਾ ਵਰਤਾਰਾ ਬੇਸ਼ੱਕ ਕਿਸੇ ਨਾ ਕਿਸੇ ਰੂਪ ਵਿੱਚ ਬਹੁਤ ਸਾਲਾਂ ਤੋਂ ਚੱਲ ਰਿਹਾ ਹੈ ਪਰ ਹੁਣ ਲਵਪ੍ਰੀਤ ਦੀ ਮੌਤ ਸਦਕਾ ਸਭ ਨੂੰ ਆਪਣੇ ਘਾਟੇ ਵਾਧੇ ਨਜ਼ਰ ਆਉਣ ਲੱਗ ਪਏ ਹਨ ਕਿਉਂਕਿ ਅੱਜ ਤੱਕ ਸੁੱਤਾ ਮੀਡੀਆ ਜੋ ਕੈਮਰਿਆਂ ਰਾਹੀਂ ਤੀਜਾ ਨੇਤਰ ਖੋਲ੍ਹ ਰਿਹਾ ਹੈ ਤਾਂ ਸਭ ਉਸਦੇ ਅੱਖਾਂ ਤੇ ਕੰਨਾਂ ਰਾਹੀਂ ਹੀ ਦੇਖਣਾ ਤੇ ਸੁਣਨਾ ਚਾਹੁੰਦੇ ਹਨ ਤੇ ਲੱਗਦੇ ਹੱਥ ਵਗਦੀ ਨਦੀ ਵਿੱਚ ਹੱਥ ਧੋਣ ਨੂੰ ਤਿਆਰ ਬੈਠੇ ਹਨ। ਮੈਂ ਵੀ ਕਈ ਦਿਨਾਂ ਤੋਂ ਦੇਖ ਰਹੀ ਸੀ ਕਿ ਇਹ ਇੱਕ ਨਿੱਜੀ ਮਾਮਲਾ ਕਿਵੇਂ ਦਿਨਾਂ ਵਿੱਚ ਹੀ ਸਰਵ ਵਿਆਪਕ ਬਣਦਾ ਜਾ ਰਿਹਾ ਹੈ। ਕੀ ਇਸਦਾ ਸਿਰਫ਼ ਇਹੀ ਪੱਖ ਹੈ ਜੋ ਸਾਡੇ ਸਾਹਮਣੇ ਆ ਰਿਹਾ ਹੈ ? ਪਰ ਮੈਂ ਮਹਿਸੂਸ ਕਰਦੀ ਹਾਂ ਕਿ ਮੀਡੀਏ ਨੂੰ ਨਿਰਪੱਖ ਤੌਰ ਤੇ ਗੱਲ ਕਰਨੀ ਚਾਹੀਦੀ ਹੈ ਕਿ ਇਹ ਵਰਤਾਰਾ ਕਿਉਂ ਹੈ ? ਕੀ ਕਾਰਣ ਹਨ ? ਇਸ ਤੋਂ ਕਿਵੇਂ ਬਚਿਆ ਜਾਵੇ ?

ਹਮੇਸ਼ਾਂ ਹੀ ਮਨੁੱਖ ਆਪਣੀ ਬਿਹਤਰ ਜ਼ਿੰਦਗੀ ਬਣਾਉਣ ਲਈ ਰੁਜ਼ਗਾਰ ਦੀ ਭਾਲ ਵਿੱਚ ਸਿੱਧੇ-ਸਾਦੇ, ਉਭੜ-ਖੋਭੜ, ਜਾਇਜ਼-ਨਜਾਇਜ਼ ਹਰ ਵਸੀਲੇ ਯੁਗਾਂ ਤੋਂ ਵਰਤਦਾ ਆਇਆ ਹੈ। ਪਹਿਲਾਂ ਪਹਿਲ ਸਾਡੇ ਗ਼ਦਰੀ ਬਾਬੇ ਕੈਨੇਡਾ ਦੀ ਧਰਤੀ ਤੇ ਆਏ, ਉਹ ਵੀ ਉਦੋਂ ਜਦੋਂ ਆਪਣੇ ਦੇਸ਼ ਵਿੱਚ ਭੁੱਖ ਮਰੀ ਨਾਲ ਹਾਲਤਾਂ ਬਦ ਤੋਂ ਬਦਤਰ ਹੋ ਗਈਆਂ। ਜਦੋਂ ਉਹਨਾਂ ਨੂੰ ਬਾਹਰਲੇ ਦੇਸ਼ਾਂ ਵਿੱਚ ਨਸਲਵਾਦ ਦਾ ਸਾਹਮਣਾ ਕਰਨਾ ਪਿਆ, ਉਦੋਂ ਉਹ ਆਪਣੀ ਅਣਖ, ਇੱਜ਼ਤ ਤੇ ਹੋਂਦ ਨੂੰ ਬਰਕਰਾਰ ਰੱਖਣ ਲਈ ਵਾਪਸ ਵੀ ਗਏ ਤੇ ਅਜ਼ਾਦੀ ਦਾ ਸੰਘਰਸ਼ ਲੜਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ। ਉਹਨਾਂ ਦੇ ਮਨਾਂ ਵਿੱਚ ਭੁਲੇਖਾ ਸੀ ਕਿ ਅਸੀਂ ਗ਼ੁਲਾਮ ਹਾਂ ਤਾਂ ਕਰਕੇ ਨਰਕ ਭਰੀ ਜ਼ਿੰਦਗੀ ਹੰਢਾ ਰਹੇ ਹਾਂ। ਫਿਰ ਦੇਸ਼ ਅਜ਼ਾਦ ਹੋਇਆ ਹਾਕਮ ਗੋਰਿਆਂ ਤੋਂ ਕਾਲ਼ੇ ਆ ਗਏ ਪਰ ਹਾਲਤਾਂ ਵਿੱਚ ਕੋਈ ਫ਼ਰਕ ਨਾ ਪਿਆ। ਫਿਰ ਨੌਜਵਾਨਾਂ ਨੇ ਅਰਬ ਦੇਸ਼ਾਂ ਵਿੱਚ ਜਾ ਕੇ ਕਈ ਕਈ ਸਾਲ ਪੈਸਾ ਕਮਾਉਣ ਜਾਣਾ ਤੇ ਮੁੜ ਆਉਣਾ, ਇਹ ਸਿਲਸਿਲਾ ਲਗਾਤਾਰ ਅਜੇ ਤੱਕ ਵੀ ਚੱਲ ਰਿਹਾ ਹੈ। ਬਹੁਤ ਨੌਜਵਾਨ ਏਜੰਟਾਂ ਰਾਹੀਂ ਪਰਦੇਸ ਦੀ ਪੌੜੀ ਚੜ੍ਹਦੇ ਚੜ੍ਹਦੇ ਸਮੁੰਦਰ ਨੇ ਹੀ ਨਿਗਲ਼ ਲਏ ਤੇ ਮਾਪੇ ਸਾਰੀ ਉਮਰ ਉਡੀਕਦੇ ਰਹੇ। ਇਸਦਾ ਦੂਸਰਾ ਪੱਖ ਔਰਤਾਂ ਹਮੇਸ਼ਾਂ ਹੀ ਆਪਣੇ ਪਤੀ ਦੇ ਵਿਛੋੜੇ ਦੀਆਂ ਦਰਦਨਾਕ ਹਾਲਤਾਂ ਦਾ ਸਾਹਮਣਾ ਕਰਦੀਆਂ ਰਹੀਆਂ ਹਨ, ਕਿਸੇ ਨੇ ਉਹਨਾਂ ਬਾਰੇ ਸੋਚਣ ਦੀ ਕੋਈ ਖਾਹਸ਼ ਵੀ ਪੈਦਾ ਨਾ ਕੀਤੀ ਪਰ ਕਦੇ ਕਦਾਂਈ ਆਪਣੇ ਗਿੱਧੇ ਬੋਲੀਆਂ ਵਿੱਚ ਆਪਣੇ ਦੁੱਖ ਦਰਦ ਸਮੇਟ ਕੇ ਜ਼ਾਹਰ ਕਰਦੀਆਂ ਦਿੱਸਦੀਆਂ ਹਨ।

ਉਸਤੋਂ ਬਾਅਦ ਦਾ ਦੌਰ ਵਿਕਸਤ ਦੇਸ਼ਾਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਆਦਿ ਦਾ ਆਉਂਦਾ ਹੈ। ਜਿੱਥੇ ਲੋਕ ਅਰਬ ਦੇਸ਼ਾਂ ਵਿੱਚੋਂ ਧੱਕੇ ਧੌਲ਼ੇ ਖਾਂਦੇ ਹੋਏ ਇੱਥੇ ਪਹੁੰਚੇ, ਬਹੁਤਿਆਂ ਨੇ ਇੱਥੇ ਪੱਕੇ ਹੋਣ ਲਈ ਕੱਚੇ ਪੱਕੇ ਵਿਆਹ ਗੋਰੀਆਂ ਨਾਲ ਕਰਵਾਏ ਤੇ ਤਲਾਕ ਤੋਂ ਬਾਅਦ ਉਹ ਬੁੱਢੇ ਬਾਰੇ ਜਾ ਕੇ ਗ਼ਰੀਬ ਘਰਾਂ ਦੀਆਂ ਸੋਹਣੀਆਂ ਸਨੁੱਖੀਆਂ ਕਮ-ਉਮਰ ਕੁੜੀਆਂ ਨਾਲ ਵਿਆਹ ਕਰਵਾਉਂਦੇ ਰਹੇ। ਮਾਪੇ ਜੋ ਆਪਣੇ ਹਾਣ ਦੇ ਮੁੰਡੇ (ਮਰਦ ਨੂੰ ਕਦੇ ਬੁੱਢਾ ਨਹੀਂ ਕਿਹਾ ਜਾਂਦਾ ਹੈ ਜਿਸਨੇ ਅਜੇ ਵਿਆਹ ਨਹੀਂ ਕੀਤਾ) ਨਾਲ ਆਪਣੀ ਧੀ ਦਾ ਰਿਸ਼ਤਾ ਚਾਂਈ ਚਾਂਈ ਜੋੜ ਦਿੰਦੇ ਸਨ, ਉੱਥੇ ਉਹਨਾਂ ਨੂੰ ਦਾਜ (ਸਮਾਜਿਕ ਬੁਰਾਈ) ਦੇਣ ਤੋਂ ਵੀ ਰਾਹਤ ਮਿਲ ਜਾਂਦੀ ਸੀ। ਬਾਅਦ ਵਿੱਚ ਕੁੜੀ ਸਾਰੇ ਪਰਿਵਾਰ ਦੀ ਆਰਥਿਕ ਮੱਦਦ ਵੀ ਕਰ ਦਿੰਦੀ ਸੀ। ਬੇਸ਼ੱਕ ਕੁੜੀ ਇਹ ਰਿਸ਼ਤਾ ਨਾ ਵੀ ਚਾਹੇ ਤਾਂ ਵੀ ਅੱਖਾਂ ਵਿੱਚ ਸਜਾਏ ਸੁਫਨਿਆਂ ਦੀ ਬਲੀ ਦੇ ਕੇ ਕਲਫ਼ ਨਾਲ ਕਾਲ਼ੇ ਕੀਤੇ ਵਾਲਾਂ ਦੀ ਆੜ ਥੱਲੇ ਚੁਪ-ਚਾਪ ਡੋਲ਼ੀ ਵਿੱਚ ਬੈਠ ਜਾਂਦੀ ਕਿਉਂਕਿ ਉਸਦਾ ਕੀਤਾ ਉਜ਼ਰ ਮਰਦ ਜਾਤ ਦੇ ਖਿਲਾਫ਼ ਹੋਣਾ ਸੀ। ਉਸ ਬੁੱਢੇ ਦੀ ਮੌਤ ਤੋਂ ਬਾਅਦ ਉਸ ਨਾਲ ਕੀ ਵਾਪਰਦਾ ਇਹ ਔਰਤ ਦੀ ਚੁੱਪੀ ਥੱਲੇ ਦੱਬ ਕੇ ਰਹਿ ਜਾਂਦਾ।

ਇੱਕ ਸਮੇਂ ਜਦੋਂ ਕੈਨੇਡਾ ਨੂੰ ਕਾਮਿਆਂ ਦੀ ਲੋੜ ਪਈ ਤਾਂ 60ਵਿਆਂ-70ਵਿਆਂ ਵਿੱਚ ਬਹੁਤ ਨੌਜਵਾਨ ਕੈਨੇਡਾ ਆਏ ਤੇ ਸੈੱਟ ਹੋ ਗਏ ਤੇ ਬਾਅਦ ਵਿੱਚ ਉਹਨਾਂ ਦੇ ਪਰਿਵਾਰਾਂ ਨੂੰ ਆਉਣ ਦਾ ਹੀਲਾ ਵੀ ਬਣ ਗਿਆ ਜਿਸ ਵਿੱਚ ਸਾਰੇ ਕੁਆਰੇ ਭੈਣ ਭਾਈ ਮਾਪਿਆਂ ਦੇ ਨਾਲ ਆ ਸਕਦੇ ਸਨ। ਇਸ ਦੌਰਾਨ ਆਏ ਮੁੰਡੇ ਕੁੜੀਆਂ ਚਾਹੇ ਘੱਟ ਪੜ੍ਹੇ ਲਿਖੇ ਤੇ ਦਿੱਖ ਪੱਖੋਂ ਵੀ ਠੀਕ ਹੀ ਹੁੰਦੇ ਪਰ ਉਨ੍ਹਾਂ ਦੇ ਰਿਸ਼ਤੇ ਕਰਨ ਵੇਲੇ ਕੈਨੇਡੀਅਨ ਸਟਿੱਕਰ ਸਦਕਾ ਜਿੱਥੇ ਕੁੜੀ ਨੂੰ ਚੰਗਾ ਖਾਂਦਾ ਪੀਂਦਾ ਪਰਿਵਾਰ ਬਿਨਾਂ ਦਹੇਜ ਤੋਂ ਮਿਲ ਜਾਂਦਾ, ਉੱਥੇ ਮੁੰਡਿਆਂ ਲਈ ਕੁੜੀਆਂ ਨੂੰ ਮੁੰਡਿਆਂ ਲਈ ਨੁਮਾਇਸ਼ ਵਾਗੂੰ ਹਾਜ਼ਰ ਕੀਤਾ ਜਾਂਦਾ, ਉਹ ਸਭ ਤੋਂ ਸੋਹਣੀ ਤੇ ਪੜ੍ਹੀ ਲਿਖੀ ਕੁੜੀ ਚਾਹੇ ਉਹ ਵਿਆਹੁਣਯੋਗ ਤੋਂ ਛੋਟੀ ਦੂਜੇ ਜਾਂ ਤੀਜੇ ਨੰਬਰ ਵਾਲੀ ਹੀ ਕਿਉਂ ਨਾ ਹੋਵੇ, ਜ੍ਹੀਹਦੇ ਤੇ ਉਹ ਹੱਥ ਰੱਖਦਾ, ਮਾਪੇ ਮਜ਼ਬੂਰੀ ਵਸ ਉਹਦਾ ਹੀ ਵਿਆਹ ਕਰ ਦਿੰਦੇ ਤੇ ਵੱਡੀ ਜਿਸ ਨੂੰ ਦੇਖਣ ਗਏ ਹੁੰਦੇ, ਉਹਦੇ ਨਾਲ ਕੀ ਬੀਤਦੀ ਹੋਵੇਗੀ ਅਣਕਿਆਸੀ ਗੱਲ ਹੈ। ਇੱਥੇ ਹੀ ਬੱਸ ਨਹੀਂ ਉਹਨਾਂ ਤੋਂ ਕੈਸ਼ ਪੈਸਾ ਵੀ ਲਿਆ ਜਾਂਦਾ ਜੋ ਕੈਨੇਡਾ ਆ ਕੇ ਘਰ ਦੀ ਡਾਊਨ ਪੇਮੈਂਟ ਦਾ ਵਸੀਲਾ ਵੀ ਬਣਦਾ। ਉਦੋਂ ਵੀ ਕੁੜੀਆਂ ਮਾਪਿਆਂ ਵਲੋਂ ਸਿਰਫ਼ ਕੈਨੇਡਾ ਨੂੰ ਚੜ੍ਹਨ ਵਾਲੀ ਪੌੜੀ ਦਾ ਸਿਖਰਲਾ ਡੰਡਾ ਬਣਾ ਕੇ ਹੀ ਵਰਤੀਆਂ ਗਈਆਂ, ਜਿਸ ਪੌੜੀ ਰਾਹੀਂ ਉਹਨਾਂ ਦੇ ਵੀ ਆਰ-ਪਰਿਵਾਰ ਨੇ ਕੈਨੇਡਾ ਪਹੁੰਚਣਾ ਹੁੰਦਾ ਸੀ। ਪੜ੍ਹੀ ਲਿਖੀ ਕੁੜੀ ਨੂੰ ਜੌਬ ਵੀ ਵਧੀਆ ਮਿਲ ਜਾਂਦੀ। ਕੁੜੀਆਂ ਆਪਣੇ ਮਾਪਿਆਂ ਦੀ ਉਡੀਕ ਤੱਕ ਸਹੁਰੇ ਘਰ ਦਾ ਹਰ ਜਬਰ ਸਹਿੰਦੀਆਂ ਤੇ ਬੱਚਿਆਂ ਦੀਆਂ ਮਾਂਵਾਂ ਬਣ ਕੇ ਆਪਣੀ ਜ਼ਿੰਦਗੀ ਦਾ ਸੁਨਹਿਰੀ ਹਿੱਸਾ ਉਸ ਘਰ ਦੀ ਚਾਰ ਦੀਵਾਰੀ ਵਿੱਚ ਸੰਪੌਂਸਰਸ਼ਿੱਪ ਲਈ ਕੰਮ ਕਰਦੀਆਂ ਕਰਦੀਆਂ ਗੁਆ ਦਿੰਦੀਆਂ। ਕੁੱਝ ਅਜਿਹੇ ਕੇਸਾਂ ਨੂੰ ਮੈਂ ਜਾਣਦੀ ਹਾਂ ਕਿ ਮੁੰਡਿਆਂ ਨੇ ਕੁੜੀਆਂ ਦੇ ਮਾਪਿਆਂ ਤੋਂ ਸੰਪੌਂਸਰਸ਼ਿੱਪ ਫੀਸ ਮੰਗਵਾ ਕੇ ਵੀ ਸੰਪੌਂਸਰ ਨਾ ਕੀਤਾ ਤੇ ਉਹ ਬੇਵਸ ਹੋ ਕੇ ਰਹਿ ਗਈਆਂ।

ਫਿਰ ਅਖ਼ਬਾਰਾਂ ਦੀਆਂ ਸੁਰਖੀਆਂ ਨੇ ਵੱਟੇ-ਸੱਟਿਆਂ ਦੇ ਰਿਸ਼ਤਿਆਂ ਨਾਲ ਆਪਣੇ ਲਾਲਚ ਨੂੰ ਮੁੱਖ ਰੱਖ ਕੇ ਮੁੰਡੇ ਕੁੜੀਆਂ ਦੇ ਗਲ਼ ਨਰੜ ਦਾ ਸਿਲਸਿਲਾ ਸ਼ੁਰੂ ਹੋਇਆ। ਇਸ ਵਿੱਚ ਵੀ ਚਾਹੇ ਮੁੰਡੇ ਸਨ ਜਾਂ ਕੁੜੀਆਂ ਜੋ ਇੱਕ ਦੂਜੇ ਨਾਲ ਸਮਝ ਪੱਖੋਂ ਮੇਲ ਨਾ ਖਾਂਦੇ, ਉਹ ਰਿਸ਼ਤੇ ਸਿਰੇ ਨਾ ਚੜ੍ਹਦੇ, ਤਲਾਕ ਹੁੰਦੇ ਜਾਂ ਸਾਰੀ ਜ਼ਿੰਦਗੀ ਦੀ ਦਿਨ ਕਟੀ ਦਾ ਦਰਦ ਦਿਲ ਵਿੱਚ ਸਮੇਟ ਕੈਨੇਡਾ ਦੀ ਰੁਝੀ ਜ਼ਿੰਦਗੀ ਵਿੱਚ ਅਣਮੰਨੇ ਦਿਲ ਨਾਲ ਇੱਕ ਮਿੱਕ ਹੋਣ ਦਾ ਯਤਨ ਕਰਦੇ ਰਹੇ ਹਨ। ਇਸ ਸਮੇਂ ਵਿੱਚ ਅਸੀਂ ਪੰਜਾਬੀ ਲੋਕ ਗੁਰੂ ਗਰੰਥ ਸਾਹਿਬ ਨੂੰ ਸਰਬੋਤਮ ਸ਼ਕਤੀ ਮੰਨਣ ਵਾਲ਼ਿਆਂ ਨੇ ਉਸਦੇ ਅਸ਼ੀਰਵਾਦ ਨਾਲ ਭੈਣ-ਭਰਾ, ਤਾਏ-ਚਾਚੇ, ਭੂਆ-ਮਾਸੀ ਦੇ ਲੜਕੇ ਲੜਕੀਆਂ, ਪਿਓ-ਧੀ ਵਰਗੇ ਪਵਿੱਤਰ ਰਿਸ਼ਤਿਆਂ ਨੂੰ ਕੁਚਲ ਕੇ, ਪਤੀ-ਪਤਨੀ ਦੇ ਫ਼ਰਜ਼ੀ ਵਿਆਹ ਕਰਕੇ ਕੈਨੇਡਾ ਪਹੁੰਚਣ ਵਿੱਚ ਢਿੱਲ ਨਹੀਂ ਕੀਤੀ, ਉਦੋਂ ਸਾਡੀਆਂ ਅਣਖਾਂ, ਗੈਰਤਾਂ ਰੋਟੀ ਰੋਜ਼ੀ ਦੇ ਘਨੇੜੇ ਚੜ੍ਹ ਕੇ ਗਾਇਬ ਹੋ ਜਾਂਦੀਆਂ ਰਹੀਆਂ ਹਨ। ਬੇਸ਼ੱਕ ਸਮੇਂ ਸਮੇਂ ਤੇ ਬਹੁਤ ਸਾਰੇ ਮੁੰਡੇ ਏਅਰਪੋਰਟ ਤੋਂ ਹੀ ਗਾਇਬ ਹੋ ਜਾਂਦੇ ਰਹੇ (ਕੋਈ ਕੋਈ ਕੁੜੀ ਵੀ) ਤੇ ਸੱਦਣ ਵਾਲਾ ਸਾਥੀ ਕੁੱਝ ਨਾ ਕਰ ਸਕਦਾ। ਵਿੱਚ ਵਿਚਾਲੇ ਬਹੁਤ ਸਾਰੇ ਲੋਕ ਪੋਆਇੰਟ ਸਿਸਟਮ ਦੇ ਜ਼ਰੀਏ ਵੀ ਆਏ ਪਰ ਉਹਨਾਂ ਨੂੰ ਬਹੁਤ ਸਾਲ ਉਡੀਕ ਕਰਨੀ ਪੈਂਦੀ ਸੀ।

ਹੁਣ ਜਦੋਂ ਕੈਨੇਡਾ ਨੇ ਪਰਿਵਾਰਾਂ ਦਾ ਕੋਟਾ ਘਟਾ ਦਿੱਤਾ ਤੇ ਅਪਲੀਕੇਸ਼ਨਾਂ ਦਾ ਸਮਾਂ ਵਧਾ ਦਿੱਤਾ ਤੇ ਕੁਦਰਤੀ ਸੀ ਕਿ ਲੋਕ ਆਉਣੇ ਘੱਟ ਹੋ ਗਏ। ਇੱਥੋਂ ਦੀ ਪਾਪੂਲੇਸ਼ਨ ਘੱਟ ਹੋਣ ਕਰਕੇ ਇਹਨਾਂ ਦੀ ਜੰਮਣ ਦਰ ਬਹੁਤ ਘੱਟ ਹੈ ਸੋ ਇਹਨਾਂ ਨੂੰ ਕਾਮਿਆਂ ਦੀ ਹਮੇਸ਼ਾਂ ਲੋੜ ਰਹੀ ਹੈ। ਇਹ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਬਹੁਤਾ ਕੁੱਝ ਆਪਣੇ ਹਿੱਤ ਬਾਰੇ ਸੋਚਦੀਆਂ ਹਨ ਜਿਸਦਾ ਸਿੱਟਾ ਇਹ ਹੋਇਆ ਕਿ ਇਹਨਾਂ ਨੇ ਆਈਲੈਟਸ (ਇੱਥੋਂ ਦੀ ਮਜ਼ਦੂਰ ਕਲਾਸ ਵਿੱਚ ਅਭੇਦ ਹੋਣ ਜਿੰਨੀ ਅੰਗਰੇਜ਼ੀ ਪਾਸ ਤੇ ਬਚਪਨ ਵਿੱਚੋਂ ਨਿਕਲੇ ਜ਼ਿੰਦਗੀ ਦੀਆਂ ਖਾਹਸ਼ਾਂ ਦੇ ਸੁਫਨੇ ਸਜਾਉਣ ਵਾਲੀ ਉਮਰ ਦੇ ਬੱਚੇ) ਪਾਸ ਧੜਾਧੜ ਵਿਦਿਆਰਥੀਆਂ ਨੂੰ ਵੀਜ਼ੇ ਦੇਣੇ ਸ਼ੁਰੂ ਕਰ ਦਿੱਤੇ ਜਿਸਦਾ ਇਹਨਾਂ ਨੂੰ ਫਾਇਦਾ ਹੈ ਕਿ ਤਿੱਗਣੀਆਂ ਫੀਸਾਂ ਦੇ ਕੇ ਬੱਚੇ ਪੜ੍ਹਨ ਆਉਂਦੇ ਹਨ, ਆਪਣੇ ਬਲਬੂਤੇ ਤੇ ਹੀ ਕੰਮ ਕਰਕੇ ਇੱਥੋਂ ਦੇ ਸਭਿਆਚਾਰ ਮੁਤਾਬਕ ਢਲ਼ ਜਾਂਦੇ ਹਨ, ਇਹਨਾਂ ਦੀ ਨਾ ਹਿੰਗ ਲੱਗੇ ਨਾ ਫਟਕੜੀ, ਪੜ੍ਹੇ ਲਿਖੇ ਮਜ਼ਦੂਰ ਰੈਸਟੋਰੈਂਟਾਂ ਆਦਿ ਵਿੱਚ ਕੰਮ ਕਰ ਕਰ ਕੇ ਜਿੱਥੇ ਇੱਥੋਂ

(ਬਾਕੀ ਸਫ਼ਾ 17 'ਤੇ)






SARO KARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Chief Editor
Harbans Singh
416-817-7142
ppapmg@gmail.com

Managing Director
Devinder Toor, Toronto
416-902-9372
ppapmg@gmail.com

Sub Editor
Master Bhajan Singh
Calgary (Alberta)
403-455-4220
btarksheel@gmail.com

Sub Editor
Dr. Hardeep Singh Atwal
Cambridge (Ontario)
416-209-6363
deephsingh@gmail.com

Sub Editor
Randeep Singh
(India)
09855695905
rvs0001@gmail.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Graphic Desinger
Baljinder Singh
+91-92167-29598
akashdeep.1064@gmail.com

Honorary Advisory Board
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Malkit Singh
Abbotsford (BC)
Narbhinder Singh (India)
(Punjab)
935-443-0211
Buta Singh Nawan Shahr
(Punjab)
946-347-4342
atoozed@gmail.com
Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਕਰੋਨਾ ਸੰਕਟ: ਭਾਰਤੀ ਔਰਤਾਂ ਅਤੇ ਆਤਮ ਨਿਰਭਰਤਾ



ਡੰਗ ਅਤੇ ਚੋਭਾਂ
ਗੁਰਮੀਤ ਸਿੰਘ ਪਲਾਹੀ
98158-02070

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰੀ ਮੰਤਰੀ ਮੰਡਲ ਵਿੱਚ ਸਮ੍ਰਿਤੀ ਈਰਾਨੀ, ਨਿਰਮਲਾ ਸੀਤਾ ਰਮਨ, ਵਿਕਰਮ ਜਰਦੋਸ਼, ਪ੍ਰੀਤਮਾ ਭੌਮਿਕ, ਸ਼ੋਭਾ ਕਰੰਦਲਾਜੇ, ਭਾਰਤੀ ਪ੍ਰਵੀਨ ਧਵਾਰ, ਮੀਨਾਕਸ਼ੀ ਲੇਖੀ, ਅਨੂਪ੍ਰਿਆ ਪਟੇਲ ਤੇ ਅੰਨਾਪੂਰਨਾ ਦੇਵੀ ਨੂੰ ਅਹਿਮ ਜ਼ੁੰਮੇਵਾਰੀਆਂ ਸੌਂਪਕੇ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਹੈ ਕਿ ਦੇਸ਼ 'ਚ ਸਿਰਫ਼ ਨੌਕਰੀਆਂ 'ਚ ਹੀ ਨਹੀਂ, ਬਲਕਿ ਦੇਸ਼ ਨੂੰ ਚਲਾਉਣ ਲਈ ਗਠਿਤ ਸਰਕਾਰ 'ਚ ਵੀ ਔਰਤਾਂ ਨੂੰ ਮਰਦਾਂ ਦੇ ਬਰਾਬਰ ਦਰਜਾ ਹਾਸਲ ਹੈ।

ਮਾਰਚ 2021 ਵਿੱਚ ਵਰਲਡ ਇਕਨੌਮਿਕ-ਫੋਰਮ ਵਲੋਂ ਗਲੋਬਲ ਜੈਂਡਰ ਗੈਪ ਰਿਪੋ ਇਸ ਸਿੱਟੇ ਉੱਤੇ ਪਹੁੰਚਦੀ ਹੈ ਕਿ ਲਿੰਗ ਬਰਾਬਰੀ ਦੇ ਲਈ ਔਰਤਾਂ ਨੂੰ ਹੁਣ ਇੱਕ ਹੋਰ ਪੀੜ੍ਹੀ ਤੱਕ ਉਡੀਕ ਕਰਨੀ ਪਵੇਗੀ। ਕੋਵਿਡ-19 ਦੇ ਭੈੜੇ ਅਸਰਾਂ ਕਾਰਨ ਲਿੰਗ ਬਰਾਬਰੀ ਦਾ ਟੀਚਾ ਹੁਣ 99.5 ਸਾਲਾਂ ਦੀ ਵਿਜਾਏ 135.6 ਸਾਲਾਂ ਵਿਚ ਪੂਰਾ ਕੀਤਾ ਜਾ ਸਕੇਗਾ।

ਇਸ ਸਬੰਧ ਵਿੱਚ ਵਿਸ਼ਵ ਭਰ ਵਿੱਚ ਔਰਤਾਂ ਦੀ ਲਿੰਗ ਸਮਾਨਤਾ ਬਾਰੇ ਕੋਵਿਡ-19 ਦੇ ਅਸਰਾਂ ਸਬੰਧੀ ਇੱਕਠੀਆਂ ਕੀਤੀਆਂ ਅਜ਼ਾਦ ਰਿਪੋਰਟਾਂ ਧਿਆਨ ਦੀ ਮੰਗ ਕਰਦੀਆਂ ਹਨ। ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕਾਨਮੀ ਦੇ ਅਨੁਸਾਰ ਔਰਤਾਂ ਦੀ ਬੇਰੁਜ਼ਗਾਰੀ ਦਰ ਛਾਲ ਮਾਰਕੇ 17 ਫ਼ੀਸਦੀ ਤੱਕ ਪੁੱਜ ਗਈ ਹੈ, ਜੋ ਮਰਦਾਂ ਤੋਂ ਦੋ ਗੁਣਾ ਤੋਂ ਵੀ ਜ਼ਿਆਦਾ ਹੈ। ਦੀ ਨਾਜ ਫਾਊਂਡੇਸ਼ਨ ਦਾ ਇੱਕ ਸਰਵੇ ਦੱਸਦਾ ਹੈ ਕਿ ਭਾਰਤ ਵਿੱਚ ਔਰਤਾਂ ਦੀ ਹਫ਼ਤਾਵਾਰੀ ਆਮਦਨ ਵਿੱਚ ਕੋਵਿਡ-19 ਬੰਦੀ ਦੇ ਕਾਰਨ 76 ਫ਼ੀਸਦੀ ਕਮੀ ਵੇਖੀ ਗਈ ਹੈ। ਡੈਲਾਵਾਟ ਦਾ ਸਰਵੇ ਹੈ ਕਿ ਕੋਵਿਡ-19 ਦੇ ਬਾਅਦ ਭਾਰਤ ਵਿੱਚ ਲਿੰਗ ਅਸਮਾਨਤਾ ਤੇਜ਼ੀ ਨਾਲ ਵਧੇਗੀ।

ਯੂਨੀਵਰਸਿਟੀ ਆਫ਼ ਮਾਨਚੈਸਟਰ ਗਲੋਬਲ ਡਿਵੈਲਪਮੈਂਟ ਦੇ ਇਕ ਅਧਿਐਨ ਅਨੁਸਾਰ ਬੰਦੀ ਦੇ ਕਾਰਨ ਨੌਕਰੀਆਂ ਗਵਾਉਣ ਵਾਲਿਆਂ ਵਿੱਚ ਔਰਤਾਂ ਦਾ ਅਨੁਪਾਤ ਪੁਰਸ਼ਾਂ ਦੇ ਮੁਕਾਬਲੇ ਬਹੁਤ ਜਿਆਦਾ ਹੈ। ਮੰਦੀ ਦੇ ਕਾਰਨ ਅਨੇਕਾਂ ਸ਼ਹਿਰੀ ਔਰਤਾਂ ਦੀ ਆਮਦਨ ਲਗਭਗ ਸਿਫ਼ਰ ਹੋ ਗਈ। ਘਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੇ ਰੁਜ਼ਗਾਰ ਟੁੱਟ ਗਏ। ਇਹਨਾਂ ਵਿੱਚੋਂ ਅਨੇਕਾਂ ਔਰਤਾਂ ਫਲ ਅਤੇ ਸਬਜੀਆਂ ਵੇਚਣ ਜਿਹੇ ਛੋਟੇ-ਛੋਟੇ ਰੁਜ਼ਗਾਰ ਕਰਕੇ ਗੁਜ਼ਾਰਾ ਕਰਦੀਆਂ ਸਨ। ਉਹਨਾ ਦੀ ਆਮਦਾਨ ਘੱਟ ਗਈ।

ਸਤੰਬਰ 2020 ਦੀ ਯੂ ਐਨ ਵੂਮੈਨ ਰਿਪੋਰਟ ਦੱਸਦੀ ਹੈ ਕਿ ਕੋਵਿਡ-19 ਕਾਰਨ ਮਰਦਾਂ ਨਾਲੋਂ ਔਰਤਾਂ ਨੇ ਵੱਧ ਨੌਕਰੀਆਂ ਗੁਆਈਆਂ ਹਨ। ਸਾਲ 2021 ਤੱਕ ਕੋਵਿਡ-19 ਕਾਰਨ ਨੌਕਰੀਆਂ ਗੁਆਉਣ ਕਾਰਨ ਗਰੀਬ ਬਣੇ ਲੋਕਾਂ ਦੀ ਗਿਣਤੀ 9 ਕਰੋੜ 60 ਲੱਖ ਹੋਏਗੀ, ਜਿਹਨਾ ਵਿੱਚ 4 ਕਰੋੜ 70 ਲੱਖ ਔਰਤਾਂ ਹੋਣਗੀਆਂ। ਸਿੱਟਾ ਇਹ ਹੈ ਕਿ ਪਰਿਵਾਰਾਂ ਦੀਆਂ ਛੋਟੀਆਂ ਬਚਤਾਂ ਖ਼ਤਮ ਹੋ ਰਹੀਆਂ ਹਨ। ਗਹਿਣੇ ਤੱਕ ਵਿੱਕ ਚੁੱਕੇ ਹਨ ਤੇ ਗਰੀਬ ਔਰਤਾਂ ਖ਼ਾਸ ਕਰਕੇ ਸੂਦ ਖੋਰਾਂ ਦਾ ਸ਼ਿਕਾਰ ਹੋ ਰਹੀਆਂ ਹਨ।



ਗਰੀਬੀ ਵੱਧਣ ਨਾਲ ਭੋਜਨ ਦੀ ਸਮੱਸਿਆ ਨੇ ਵਿਕਰਾਲ ਰੂਪ ਧਾਰਿਆ ਹੈ। ਪਰੰਪਰਾ ਦੇ ਅਨੁਸਾਰ ਸਭ ਤੋਂ ਅੰਤ ਵਿੱਚ ਪਰਿਵਾਰ ਵਿੱਚ ਖਾਣਾ ਖਾਣ ਵਾਲੀਆਂ ਔਰਤਾਂ ਦੀ ਥਾਲੀ ਖਾਲੀ ਰਹਿਣ ਲੱਗੀ। ਪਰਿਵਾਰ ਦੇ ਮੈਂਬਰਾਂ ਦੀ ਵੱਧਦੀ ਗਿਣਤੀ ਅਤੇ ਅਵਾਸ-ਪ੍ਰਵਾਸ ਦੀ ਸਮੱਸਿਆ ਨੇ ਮਾਨਸਿਕ ਤੌਰ ਤੇ ਤਨਾਅ ਪੈਦਾ ਕੀਤਾ।

ਰਾਸ਼ਟਰੀ ਮਹਿਲਾ ਆਯੋਗ ਦੇ ਅੰਕੜੇ ਦੱਸਦੇ ਹਨ ਕਿ ਮਾਰਚ 2020 ਵਿੱਚ ਪੂਰਨਬੰਦੀ ਬਾਅਦ ਘਰੇਲੂ ਹਿੰਸਾ ਵਿੱਚ 15 ਤੋਂ 49 ਵਰ੍ਹੇ ਦੇ ਵਰਗ ਦੀਆਂ ਲਗਭਗ 24 ਕਰੋੜ 30 ਲੱਖ ਔਰਤਾਂ ਆਪਣੇ ਨਜ਼ਦੀਕੀ ਲੋਕਾਂ ਦੀ ਜੋਨ ਅਤੇ ਸਰੀਰਕ ਹਿੰਸਾ ਦਾ ਸ਼ਿਕਾਰ ਹੋਈਆਂ। ਪੁਰਸ਼ਾਂ ਨੇ ਵੱਡੀ ਸੰਖਿਆ 'ਚ ਰੁਜ਼ਗਾਰ ਗੁਆਇਆ, ਰੋਟੀ-ਰੋਜ਼ੀ ਦੇ ਸੰਕਟ ਅਤੇ ਭਵਿੱਖ ਦੀ ਚਿੰਤਾ ਨੇ ਉਹਨਾ ਨੂੰ ਹਿੰਸਕ ਬਣਾ ਦਿੱਤਾ। ਔਰਤਾਂ ਹਮੇਸ਼ਾ ਦੀ ਤਰ੍ਹਾਂ ਇਸ ਹਿੰਸਾ ਦਾ ਸ਼ਿਕਾਰ ਬਣੀਆਂ ਅਤੇ ਵੱਡੀਆਂ ਔਰਤਾਂ ਉਹਨਾ ਨੂੰ ਪੀੜਾ ਸਹਿੰਦਾ ਦੇਖਦੀਆਂ ਰਹੀਆਂ।

ਸ਼ਹਿਰੀ ਔਰਤਾਂ ਦੇ ਹਾਲਾਤ ਵੀ ਬਿਹਤਰ ਨਹੀਂ ਰਹੇ। ਵੂਮੈਨ ਇਨ ਟੈਕਨੌਲਜੀ ਇੰਡੀਆ ਦਾ ਇਕ ਅਧਿਐਨ ਦਸਦਾ ਹੈ ਕਿ ਆਈ. ਟੀ, ਟੈਕਨੌਲਜੀ, ਬੈਕਿੰਗ ਅਤੇ ਹੋਰ ਖੇਤਰਾਂ 'ਚ ਕੰਮ ਕਰਨ ਵਾਲੀਆਂ 21 ਤੋਂ 55 ਸਾਲ ਦੀਆਂ ਬਹੁਤੀਆਂ ਔਰਤਾਂ ਘਰ ਵਿੱਚ (ਵਰਕ ਫਰੌਮ ਹੋਮ) ਕਰਦੀਆਂ ਹਨ ਅਤੇ ਕਿਉਂਕਿ ਬੰਦੀ ਦੇ ਕਾਰਣ ਸਾਰੇ ਮੈਂਬਰ ਘਰ ਵਿੱਚ ਸਨ ਅਤੇ ਬਾਹਰ ਕੋਈ ਸੁਵਿਧਾ ਜਾਂ ਸਹਾਇਤਾ ਉਪਲੱਬਧ ਨਹੀਂ ਸੀ, ਇਸ ਲਈ ਉਹਨਾਂ ਦਾ ਘਰੇਲੂ ਕੰਮ ਵਧਿਆ। ਇਕ ਸਰਵੇ ਅਨੁਸਾਰ ਉਹਨਾ ਦੇ ਘਰੇਲੂ ਕੰਮ ਵਿੱਚ 30 ਫ਼ੀਸਦੀ ਦਾ ਵਾਧਾ ਹੋਇਆ ਹੈ।

ਪੁਰਖ ਪ੍ਰਧਾਨ ਸੋਚ ਸਿਖਿਆ ਦੇ ਖੇਤਰ ਵਿੱਚ ਹੀ ਭਾਰੂ ਰਹਿੰਦੀ ਹੈ। ਜਦੋਂ ਪਰਿਵਾਰ ਵਿੱਚ ਸਿੱਖਿਆ ਦੇਣ ਦੀ ਗੱਲ ਹੁੰਦੀ ਹੈ ਤਾਂ ਲੜਕੀ ਦੀ ਵਿਜਾਏ ਲੜਕੇ ਨੂੰ ਹੀ ਤਰਜੀਹ ਦਿੱਤੀ ਜਾਂਦੀ ਹੈ। ਯੂਨੈਸਕੋ ਦੇ ਇੱਕ ਅੰਦਾਜ਼ੇ ਅਨੁਸਾਰ ਇੱਕ ਕਰੋੜ ਦਸ ਲੱਖ, ਲੜਕੀਆਂ ਕੋਵਿਡ-19 ਦੇ ਕਾਰਨ ਹੁਣ ਦੁਬਾਰਾ ਸਕੂਲ ਨਹੀਂ ਜਾ ਸਕਣਗੀਆਂ। ਇਸਦਾ ਸਿੱਟਾ ਕੀ ਹੋਏਗਾ? ਉਹਨਾ ਦਾ ਜਲਦੀ ਜਾਂ ਜਬਰੀ ਵਿਆਹ ਹੋਏਗਾ। ਛੋਟੀ ਉਮਰੇ ਹੀ ਉਹ ਗਰਭ ਧਾਰਨ ਕਰ ਲੈਣਗੀਆਂ। ਉਹਨਾ ਨੂੰ ਹਿੰਸਾ ਦਾ ਸਾਹਮਣਾ ਕਰਨ ਪਵੇਗਾ। ਜਦੋਂ ਇਸ ਸਮੇਂ ਡਿਜੀਟਲ ਸਿੱਖਿਆ ਦੀ ਗੱਲ ਚੱਲ ਰਹੀ ਹੈ ਤਾਂ ਲੜਕੀਆਂ ਨੂੰ ਡਿਜੀਟਲ ਉਪਕਰਨ ਮੁਹੱਈਆ ਨਹੀਂ ਹੁੰਦੇ। ਲੜਕਿਆਂ ਦਾ ਹੀ ਇਸ ਉਤੇ ਪਹਿਲਾ ਅਧਿਕਾਰ ਹੈ। ਪੇਂਡੂ ਇਲਾਕਿਆਂ ਵਿੱਚ ਲੜਕੀਆਂ ਨੂੰ ਮਾਪਿਆਂ ਨਾਲ ਖੇਤਾਂ ਵਿੱਚ ਕੰਮ ਕਰਾਉਣਾ ਪੈਂਦਾ ਹੈ ਅਤੇ ਛੋਟੇ-ਛੋਟੇ ਕੰਮ ਧੰਦਿਆਂ ਵਿੱਚ ਹੱਥ ਵਟਾਉਣਾ ਪੈਂਦਾ ਹੈ। ਅਸਲ ਵਿੱਚ ਤਾਂ ਕੋਵਿਡ-19 ਕਾਰਨ ਅਸਿੱਖਿਆ ਦਾ ਨਾ ਮਿਟਣ ਵਾਲਾ ਹਨ੍ਹੇਰਾ ਪਸਰ ਗਿਆ ਹੈ। ਸਕੂਲ, ਕਾਲਜ, ਯੂਨੀਵਰਸਿਟੀਆਂ ਬੰਦ ਹਨ। ਸਿੱਖਿਆ ਦੇ ਖੇਤਰ 'ਚ ਔਰਤਾਂ ਨੇ ਪੁਰਸ਼ਾਂ, ਲੜਕਿਆਂ ਨਾਲੋਂ ਵੱਡੀ ਮਾਰ ਝੱਲੀ ਹੈ। ਦੁਨੀਆ ਦੀ ਅੱਧੀ ਆਬਾਦੀ ਔਰਤਾਂ ਦੇ ਵਿਸ਼ੇ ਤੇ ਸ਼ੋਸ਼ਿਤ, ਪਛੜਿਆ ਅਤੇ ਵੰਚਿਤ ਜਿਹੇ ਸ਼ਬਦ ਹੁਣ ਵੀ ਸੁਨਣ ਨੂੰ ਮਿਲਦੇ ਹਨ। ਇਹ ਬਹੁਤ ਹੀ ਦੁੱਖਦਾਈ ਸਥਿਤੀ ਹੈ। ਦੁਨੀਆਂ ਭਰ ਵਿੱਚੋਂ ਭਾਰਤ ਵਿੱਚ ਔਰਤਾਂ ਦੀ ਸਥਿਤੀ ਹੋਰ ਵੀ ਭੈੜੀ ਹੈ। ਕਹਿਣ ਨੂੰ ਤਾਂ ਭਾਵੇਂ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਭਾਰਤੀ ਸੰਵਿਧਾਨ ਅਨੁਸਾਰ ਮਿਲੇ ਹੋਏ ਹਨ, ਪਰ ਸਮਾਜਿਕ ਆਤਮ ਨਿਰਭਰਤਾ ਵਿੱਚ ਔਰਤਾਂ ਦੇ ਹਾਲਤ ਸੁਖਾਵੇਂ ਨਾ ਹੋਣ ਕਾਰਨ ਇਹ ਇੱਕ ਸਮਾਜਿਕ ਸਮੱਸਿਆ ਦਾ ਰੂਪ ਧਾਰਨ ਕਰ ਚੁੱਕੇ ਹਨ। ਭਾਰਤ ਵਿੱਚ ਕੁਸਾਸ਼ਨ ਅਤੇ ਕੇਂਦਰੀਕਰਨ ਦੋ ਇਹੋ ਜਿਹੇ ਭੈੜੇ ਹਥਿਆਰ ਹਨ, ਜਿਹਨਾ ਨਾਲ ਸਮਾਜਿਕ ਵੰਡੀਆਂ ਵਧਦੀਆਂ ਹਨ, ਪੱਛੜਾਪਨ ਹੋਰ ਵਧਦਾ ਹੈ, ਗਰੀਬਾਂ ਦੇ ਹੋਰ ਗਰੀਬ ਹੋਣ ਦਾ ਕਾਰਨ ਵੀ ਇਹੋ ਹੈ। ਇਹ ਪਾੜਾ ਕੋਵਿਡ-19 ਕਾਰਨ ਹੋਰ ਵਧਿਆ ਹੈ।

ਸਾਸ਼ਨ ਅਤੇ ਸੱਤਾ ਵਿੱਚ ਆਮ ਜਨਮਾਨਸ ਦੀ ਭਾਗੀਦਾਰੀ ਚੰਗੇ ਸਾਸ਼ਨ ਦੀ ਪਹਿਲੀ ਸ਼ਰਤ ਹੈ ਜੋ ਜਨਤਾ ਦੇ ਹਰ ਵਰਗ (ਸਮੇਤ ਔਰਤਾਂ) ਦੀ ਭਾਗੀਦਾਰੀ ਸੁਨਿਸ਼ਚਿਤ ਕਰਕੇ ਅਤੇ ਤਾਕਤਾਂ ਦਾ ਵਿਕੇਂਦਰੀਕਰਨ ਕਰਕੇ ਕੀਤੀ ਜਾ ਸਕਦੀ ਹੈ। ਔਰਤਾਂ ਨੂੰ ਭਾਰਤੀ ਸੰਵਿਧਾਨ ਅਨੁਸਾਰ ਕਿਧਰੇ 33 ਫ਼ੀਸਦੀ, ਕਿਧਰੇ 50 ਫ਼ੀਸਦੀ ਰਿਜ਼ਰਵੇਸ਼ਨ, ਨੌਕਰੀਆਂ ਜਾਂ ਸਥਾਨਕ ਸਰਕਾਰਾਂ ਅਰਥਾਤ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਅਤੇ ਵਿਧਾਨ ਸਭਾਵਾਂ, ਵਿਧਾਨ ਪ੍ਰੀਸ਼ਦਾਂ, ਰਾਜ ਸਭਾ, ਲੋਕ ਸਭਾ 'ਚ ਦਿੱਤੀ ਗਈ ਹੈ, ਪਰ ਅਸਲ ਅਰਥਾਂ ਵਿੱਚ ਔਰਤਾਂ ਦੇ ਅਧਿਕਾਰਾਂ ਦੀ ਵਰਤੋਂ ਖ਼ਾਸ ਕਰਕੇ ਸਥਾਨਕ ਸਰਕਾਰਾਂ ਵਿੱਚ ਮਰਦ, ਜੋ ਔਰਤਾਂ ਦੇ ਪਤੀ, ਪਿਤਾ, ਭਰਾ ਆਦਿ ਹਨ ਹੀ ਕਰਦੇ ਹਨ। ਇਸ ਸਬੰਧੀ ਇਹ ਗੱਲ ਵੀ ਕਰਨੀ ਬਣਦੀ ਹੈ ਕਿ ਕੋਵਿਡ ਕਾਰਨ ਕੇਂਦਰੀਕਰਨ ਵਧਿਆ, ਔਰਤਾਂ ਦੇ ਹੱਕਾਂ ਉਤੇ ਛਾਪਾ ਮਾਰਿਆ ਗਿਆ ਹੈ ਅਤੇ ਪੀੜਤ ਔਰਤਾਂ ਹੋਰ ਵੀ ਪੀੜਤ ਮਹਿਸੂਸ ਕਰਨ ਲੱਗੀਆਂ ਹਨ।

ਭਾਵੇਂ ਅੱਜ ਸਿਹਤ ਦੇ ਬੁਨਿਆਦੀ ਢਾਂਚੇ ਲਈ 23123 ਕਰੋੜ ਰੁਪਏ ਦਾ ਪੈਕਜ ਕੇਂਦਰੀ ਕੈਬਨਿਟ ਵਲੋਂ ਮਨਜ਼ੂਰ ਕੀਤਾ ਗਿਆ ਹੈ, ਜੋ ਖ਼ਾਸ ਕਰਕੇ ਭਵਿੱਖ ਵਿੱਚ ਕਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਦਿੱਤਾ ਗਿਆ ਹੈ। ਪਰ ਕੋਵਿਡ-19 ਦੌਰਾਨ ਔਰਤਾਂ ਨੇ ਪ੍ਰਸੂਤਾ ਪੀੜਾਂ, ਬੱਚਿਆਂ ਦੇ ਪਾਲਣ ਪੋਸ਼ਣ, ਖ਼ੁਰਾਕ ਦੀ ਘਾਟ ਦਾ ਜੋ ਤਜ਼ਰਬਾ ਹੰਢਾਇਆ ਹੈ, ਉਹ ਬਹੁਤ ਹੀ ਮੰਦਭਾਗਾ ਸੀ। ਸਰਕਾਰੀ ਹਸਪਤਾਲ, ਜੋ ਅੱਧੇ-ਅਧੂਰੀਆਂ ਸੁਵਿਧਾਵਾਂ ਵਾਲੇ ਸਨ, ਕੋਵਿਡ-19 ਨਾਲ ਨਜਿੱਠਣ ਲਈ ਲੱਗੇ ਹੋਏ ਸਨ, ਚਾਰੇ ਪਾਸੇ ਹਾਹਾਕਾਰ ਸੀ, ਆਕਸੀਜਨ ਤੇ ਉਪਕਰਨਾਂ ਦੀ ਕਮੀ ਸੀ, ਪਰ ਇਸ ਤੋਂ ਵੀ ਵੱਡੀ ਕਮੀ ਇਹ ਸੀ ਕਿ ਗਰਭਵਤੀ ਔਰਤਾਂ ਦੇ ਜਨਣ ਪ੍ਰਬੰਧ ਬਿਲਕੁਲ ਖ਼ਤਮ ਸਨ, ਕਿਉਂਕਿ ਕਰੋਨਾ ਤੋਂ ਬਿਨ੍ਹਾਂ ਹੋਰ ਵਿਭਾਗ ਬੰਦ ਸਨ ਜਾਂ ਸੁਵਿਧਾਵਾਂ ਸੀਮਤ ਸਨ। ਇਸ ਸਥਿਤੀ 'ਚ ਔਰਤਾਂ ਨੂੰ ਖ਼ੁਰਾਕ ਨਾ ਮਿਲੀ, ਬੱਚਿਆਂ ਦਾ ਟੀਕਾਕਰਨ ਲਗਭਗ ਨਾਂਹ ਬਰਾਬਰ ਹੋਇਆ ਅਤੇ ਕੋਵਿਡ-19 ਨੇ ਔਰਤਾਂ ਦੀ ਸਿਹਤ ਨੂੰ ਹੋਰ ਸੰਕਟ ਵਿੱਚ ਪਾ ਦਿੱਤਾ।

ਜਿਵੇਂ ਕਰੋਨਾ ਕਾਲ ਵਿੱਚ ਔਰਤਾਂ ਦੀ ਸਿਹਤ ਦੀ ਅਣਦੇਖੀ ਹੋਈ ਹੈ, ਔਰਤਾਂ ਵਿਰੁੱਧ ਘਰੇਲੂ ਹਿੰਸਾ ਵਧੀ ਹੈ, ਔਰਤਾਂ ਦੀ ਆਤਮ ਨਿਰਭਰਤਾ ਨੂੰ ਸੱਟ ਵੱਜੀ ਹੈ, ਉਸਨੂੰ ਥਾਂ ਸਿਰ ਕਰਨ ਲਈ ਤਤਕਾਲ ਕਾਨੂੰਨੀ, ਸਿਹਤ ਸਬੰਧੀ ਅਤੇ ਮਨੋਵਿਗਿਆਨਿਕ ਸਹਾਇਤਾ ਲਈ ਐਮਰਜੈਂਸੀ ਸੇਵਾਵਾਂ ਦੀ ਲੋੜ ਹੈ। ਇਹ ਸੇਵਾਵਾਂ ਕਾਗਜੀਂ-ਪੱਤਰੀਂ ਨਾ ਹੋਣ ਸਗੋਂ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਸੁਚਾਰੂ ਰੂਪ ਨਾਲ ਚੱਲਣ। ਇਸ ਤੋਂ ਵੀ ਵੱਡੀ ਗੱਲ ਇਹ ਕਿ ਜਦੋਂ ਵੀ ਸਕੂਲ ਖ਼ੁਲ੍ਹਣ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਇਹ ਯਕੀਨੀ ਬਨਾਉਣ ਕਿ ਲੜਕੀਆਂ ਸਕੂਲ ਜਾਣ ਅਤੇ ਉਹਨਾ ਦੀ ਸਿੱਖਿਆ ਦਾ ਉਚਿਤ ਪ੍ਰਬੰਧ ਹੋਵੇ।

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)



ਹਰੀਪਾਲ
403-714-4816

# ਸਾਮਰਾਜੀ ਅੱਖਾਂ ਵਿੱਚ ਰੜਕਦਾ, ਦੇਸ਼ "ਕਿਊਬਾ"



ਸਾਮਰਾਜੀ ਮੀਡੀਆ ਅੱਜ ਕੱਲ ਪੂਰੇ ਜੋਸ਼ੋ ਖਰੋਸ਼ ਨਾਲ਼ ਕਿਊਬਾ ਵਿੱਚ ਹੋਏ 11 ਤਰੀਕ ਨੂੰ, ਸਰਕਾਰ ਵਿਰੋਧੀ ਮੁਜਾਹਰੇ ਨੂੰ ਹਾਈ ਲਾਈਟ ਕਰਨ ਤੇ ਲੱਗਿਆ ਹੋਇਆ ਹੈ। ਇਹਨਾਂ ਲਈ ਤਾਂ ਮਸਾਂ ਇਹ ਦਿਨ ਚੜ੍ਹਿਆ ਹੈ ਕਿ ਸਮਾਜਵਾਦ ਨੂੰ ਵੱਧ ਤੋਂ ਵੱਧ ਨਿੰਦਿਆ ਜਾਵੇ। ਇਹਨਾਂ ਸਾਮਰਾਜੀ ਮੁਲਕਾਂ ਵਿੱਚ ਜਿਹੜੇ ਹਜ਼ਾਰਾਂ ਨਹੀਂ ਲੱਖਾਂ ਦੀ ਗਿਣਤੀ ਵਿੱਚ ਲੋਕ ਇਹਨਾਂ ਦੀਆਂ ਆਪਦੀਆਂ ਸਰਕਾਰਾਂ ਦੇ ਉਲਟ ਸੜਕਾਂ ਤੇ ਨਿੱਕਲ਼ਦੇ ਹਨ, ਉਸ ਦੀ ਇਹ ਕੋਈ ਸ਼ਰਮ ਨਹੀਂ ਮੰਨਦੇ। ਇਹ ਅਖੌਤੀ ਡੈਮੋਕਰੇਟਿਕ ਦੇਸ਼ ਆਪਦੇ ਮੁਲਕਾਂ ਦੇ ਪੁਰਅਮਨ ਮੁਜਾਹਰਿਆਂ ਤੇ ਲਾਠੀਆਂ ਵੀ ਚਲਾ ਸਕਦੇ ਹਨ ਅਤੇ ਗੋਲ਼ੀਆਂ ਵੀ ਚਲਾ ਸਕਦੇ ਹਨ ਅਤੇ ਫਿਰ ਵੀ ਆਪਦੇ ਆਪ ਨੂੰ ਡੈਮੋਕਰੇਟਿਕ ਮੁਲਕ ਕਹਾਉਣ ਵਿੱਚ ਫਖਰ ਮਹਿਸੂਸ ਕਰਦੇ ਹਨ, ਪਰ ਜੇਕਰ ਕਿਸੇ ਕਮਿਊਨਿਸਟ ਮੁਲਕ ਵਿੱਚ ਥੋੜੀ ਬਹੁਤੀ ਗੜਬੜ ਹੋ ਜਾਵੇ ਫਿਰ ਸਾਰਾ ਜੋਰ ਸਮਾਜਵਾਦ ਨੂੰ ਭੰਡਣ ਤੇ ਲਾ ਦਿੰਦੇ ਹਨ। ਜਿਸ ਤਰ੍ਹਾਂ ਕਿਊਬਾ ਮਾੜੀ ਜਿਹੀ ਗੜਬੜ ਤੇ, ਮਿਆਮੀ ਦਾ ਮੇਅਰ 'ਫਰਾਂਸਿਸ ਸਰਾਜ' ਬੜਕ ਮਾਰਦਾ ਹੈ ਕਿ ਅਮਰੀਕਾ ਨੂੰ ਕਿਊਬਾ ਤੇ ਬੰਬਾਰਮੈਂਟ ਕਰ ਦੇਣੀ ਚਾਹੀਦੀ ਹੈ। ਜੋ ਬਾਈਡਨ ਨੇ ਵੀ ਆਪਦੀਆਂ ਸਟੇਟਮੈਂਟਾਂ ਨਾਲ਼ ਇਹ ਸਿੱਧ ਕਰ ਦਿੱਤਾ ਹੈ ਕਿ ਅਮਰੀਕਾ ਦਾ ਪਰਧਾਨ ਕੋਈ ਵੀ ਹੋਵੇ, ਸਮਾਜਵਾਦ ਦਾ ਡਰ ਇਹਨਾਂ ਦੀ ਨੀਂਦ ਹਰਾਮ ਕਰੀ ਰੱਖਦਾ ਹੈ। ਮਿਆਮੀ ਵਿੱਚ ਬੈਠੇ ਕਿਊਬਨ ਜਿਹੜੇ ਇਨਕਲਾਬ ਵੇਲ਼ੇ ਭੱਜ ਕੇ ਆਏ ਸਨ ਕਹਿ ਰਹੇ ਹਨ ਕਿ ਅਮਰੀਕਾ ਸਾਨੂੰ ਇਜਾਜਤ ਦੇਵੇ ਅਸੀਂ ਕਿਸ਼ਤੀਆਂ ਲੈਕੇ ਆਪਦੇ ਕਿਊਬਨ ਲੋਕਾਂ ਦੀ ਮੱਦਦ ਲਈ ਜਾਈਏ, ਪਰ ਇਹ ਇਹਤਾਂ ਭੁੱਲ ਹੀ ਗਏ ਕਿ ਜਦੋਂ 'ਬੇਆਫ ਪਿੱਗਜ' ਵਿੱਚ ਅਮਰੀਕਾ ਨੇ 500 ਬੰਦਾ ਲੜਾਈ ਕਰਨ ਲਈ ਭੇਜਿਆ ਸੀ ਉਹਨਾਂ ਦਾ ਕੀ ਹਾਲ ਹੋਇਆ ਸੀ। ਕਿਊਬਨ ਲੋਕਾਂ ਨੂੰ ਇਹ ਜਰੂਰ ਚੇਤੇ ਰੱਖਣਾ ਚਾਹੀਦਾ ਹੈ ਕਿ ਇਨਕਲਾਬ ਤੋਂ ਪਹਿਲਾਂ ਕਿਓਬਾ ਦੇ ਲੋਕਾਂ ਦੀ ਕੀ ਹਾਲਤ ਸੀ ਅਤੇ ਜੇਕਰ ਇਨਕਲਾਬ ਫੇਲ ਹੋ ਜਾਂਦਾ ਹੈ ਫਿਰ ਕੀ ਹਾਲਤ ਹੋਵੇਗੀ। ਆਓ ਪਹਿਲਾਂ ਇਨਕਲਾਬ ਤੋਂ ਪਹਿਲਾਂ ਕਿਊਬਾ ਦੇ ਲੋਕਾਂ ਦੀ ਕੀ ਹਾਲਤ ਸੀ ਉਸ ਤੇ ਝਾਤ ਮਾਰੀਏ।

**ਕਿਊਬਾ ਇਨਕਲਾਬ ਤੋਂ ਪਹਿਲਾਂ** - ਕਿਊਬਾ ਇੱਕ ਛੋਟਾ ਜਿਹਾ ਟਾਪੂ ਹੈ ਜਿਹੜਾ ਕਿ ਅਮਰੀਕੀ ਤੱਟ ਤੋਂ ਸਿਰਫ 90 ਮੀਲ ਦੂਰ ਹੈ। ਕਿਊਬਾ ਦਾ ਖੇਤਰਫਲ਼ ਇੱਕ ਲੱਖ ਦਸ ਹਜਾਰ ਵਰਗ ਕਿਲੋਮੀਟਰ ਹੈ ਅਤੇ ਸਮੁੰਦਰੀ ਤੱਟ ਤਕਰੀਬਨ 5800 ਮੀਲ ਹੈ। ਸੰਨ 1492 ਵਿੱਚ ਜਦ ਕੋਲੰਬਸ ਇੰਡੀਆ ਲੱਭਣ ਤੁਰਿਆ ਤਾਂ ਅਸਲ ਵਿੱਚ ਉਹ ਕਿਊਬਾ ਤੱਟ ਤੇ ਪਹੁੰਚਿਆ ਸੀ। ਕੋਲੰਬਸ ਅਸਲ ਵਿੱਚ ਸਪੇਨ ਦੀ ਰਾਣੀ ਨੂੰ ਖੁਸ਼ ਕਰਨ ਲਈ ਸੋਨੇ ਦੀ ਭਾਲ਼ ਵਿੱਚ ਨਿੱਕਲ਼ਿਆ ਸੀ। ਕਿਊਬਾ ਦੇ ਟਾਪੂ ਤੇ ਸਿਰਫ ਆਦੀਵਾਸੀ ਇੰਡੀਅਨ ਲੋਕਾਂ ਦਾ ਵਾਸ ਸੀ। ਇਹਨਾਂ ਲੋਕਾਂ ਦੇ ਗਲ਼ਾਂ ਵਿੱਚ ਦਰੱਖਤਾਂ ਦੀ ਛਿੱਲ ਦੇ ਧਾਗਿਆਂ ਨਾਲ਼ ਸੋਨੇ ਦੇ ਟੁਕੜੇ ਪਾਏ ਹੋਏ ਸਨ ਬੱਸ ਇਸ ਦਰਿਸ਼ ਨੇ ਹੀ ਕੋਲੰਬਸ ਦੀਆਂ ਲਾਲ਼ਾਂ ਨੂੰ ਗਿੱਠ ਲੰਬੀਆਂ ਕਰ ਦਿੱਤਾ। ਕੋਲੰਬਸ ਨੇ ਇਹਨਾਂ ਲੋਕਾਂ ਨੂੰ ਸੋਨਾ ਲੱਭਣ ਲਾ ਦਿੱਤਾ ਜਿਹੜਾ ਸੋਨਾ ਨਹੀਂ ਲੱਭਦਾ ਸੀ ਉਸ ਨੂੰ ਉਹ ਮਾਰ ਦਿੰਦਾ ਸੀ। ਨੇਟਿਵ ਔਰਤਾਂ ਨੂੰ ਉਹ ਸਪੇਨ ਲੋਕਾਂ ਦੀ ਐਸ਼ੋਇਸ਼ਰਤ ਲਈ ਭੇਜ ਦਿੰਦਾ ਸੀ। ਇਸ ਕਰਕੇ ਕਿਊਬਾ ਵਿੱਚ ਬਹੁਤ ਘੱਟ ਨੇਟਿਵ ਲੋਕ ਮਿਲ਼ਦੇ ਹਨ। ਕੋਲੰਬਸ ਦਾ ਅਗਲਾ ਪੜਾਅ ਮੈਕਸੀਕੋ ਸੀ ਮੈਕਸੀਕੋ ਕਾਫੀ ਡਿਵੈਲਪ ਹੋ ਚੁੱਕਿਆ ਸੀ, ਉਸ ਨੂੰ ਵੀ ਕੋਲੰਬਸ ਨੇ ਤਹਿਸ ਨਹਿਸ ਕਰ ਦਿੱਤਾ। ਮੈਕਸੀਕੋ ਤੋਂ ਸੋਨਾ ਲਿਆਉਂਦੇ ਸਮੇਂ ਇਹ ਲੋਕ ਕਿਊਬਾ ਵਿੱਚ ਪੜਾਅ ਕਰਦੇ ਸਨ। ਇਸੇ ਸਹੂਲਤ ਲਈ 1519 ਵਿੱਚ ਹਵਾਨਾਂ ਦੀ ਬੰਦਰਗਾਹ ਦੇ ਆਲ਼ੇ ਦੁਆਲ਼ੇ ਕਲੋਨੀਆਂ ਬਣਾ ਦਿੱਤੀਆਂ ਗਈਆਂ। ਕਿਊਬਾ ਵਿੱਚ ਕੰਮ ਕਰਨ ਲਈ ਅਫਰੀਕਾ ਵਿੱਚੋਂ ਕਾਲ਼ੇ ਲੋਕਾਂ ਨੂੰ ਫੜ ਕੇ ਲਿਆਂਦਾ ਗਿਆ, ਇਸ ਕਰਕੇ ਕਿਊਬਾ ਵਿੱਚ ਸਪੈਨਿਸ਼ ਅਤੇ ਕਾਲ਼ੇ ਲੋਕਾਂ ਦੀ ਭਰਮਾਰ ਹੈ। ਇਸ ਤਰ੍ਹਾਂ ਹੌਲੀ ਹੌਲ਼ੀ ਕਿਊਬਾ ਸਪੇਨ ਦੀ ਇੱਕ ਕਲੋਨੀ ਬਣ ਗਿਆ। ਉਨੀਵੀਂ ਸਦੀ ਵਿੱਚ ਅਮਰੀਕਾ ਵੀ ਸੰਸਾਰ ਪੱਧਰ ਤੇ ਆਪਣਾ ਸਿਰ ਕੱਢ ਚੁੱਕਾ ਸੀ, ਉਹ ਨਹੀਂ ਸੀ ਚਾਹੁੰਦਾ ਕਿ ਲਾਤੀਨੀ ਅਮਰੀਕਾ ਵਿੱਚ ਯੂਰਪੀਨੀ ਦੇਸ਼ਾਂ ਦੀਆਂ ਕਲੋਨੀਆਂ ਹੋਣ ਇਸ ਕਰਕੇ ਉਸਨੇ ਕਿਊਬਾ ਦੀ ਸਪੇਨ ਤੋਂ ਅਜਾਦੀ ਦੀ ਲੜਾਈ ਵਿੱਚ ਪੂਰੀ ਮੱਦਦ ਕੀਤੀ ਸਿਰਫ ਆਪਦੇ ਮੁਫਾਦ ਖਾਤਰ। ਹੁਣ ਅਮਰੀਕਾ ਕਿਊਬਾ ਦੀ ਰਾਜਨੀਤੀ ਵਿੱਚ ਦਿਲਚਸਪੀ ਲੈਣ ਲੱਗ ਪਿਆ ਅਤੇ ਹੌਲ਼ੀ ਹੌਲ਼ੀ ਕਿਊਬਾ ਵਿੱਚ ਆਪਦੀ, ਪੱਪਟ ਸਰਕਾਰ ਕਾਇਮ ਕਰਨ ਵਿੱਚ ਕਾਮਯਾਬ ਹੋ ਗਿਆ। ਅਮਰੀਕਾ ਦੇ ਪੱਪਟ ਬਟਿਸਟਾ ਸਮੇਂ ਅਮਰੀਕੀ ਕੰਪਨੀਆਂ ਨੇ ਕਿਊਬਾ ਦੀ 75 ਫੀ ਸਦੀ ਖੇਤੀਬਾੜੀ ਨੂੰ ਆਪਦੇ ਹੱਥ ਹੇਠ ਕਰ ਲਿਆ ਅਤੇ 30 ਤੋਂ 40 ਫੀਸਦੀ ਤੱਕ ਅਮਰੀਕੀ ਕੰਪਨੀਆਂ ਫੈਕਟਰੀਆਂ, ਹੋਟਲਾਂ ਅਤੇ ਖਾਣਾਂ ਦੀਆਂ ਮਾਲਕਣ ਬਣ ਗਈਆਂ। ਹਵਾਨਾ ਸ਼ਹਿਰ ਨੂੰ ਇੱਕ ਐਸ਼ਗਾਹ ਵਿੱਚ ਤਬਦੀਲ ਕਰ ਦਿੱਤਾ ਗਿਆ। ਹਵਾਨਾ ਵਿੱਚ ਕੈਬਰੇ, ਕਸੀਨੋ ਅਤੇ ਵੇਸ਼ਵਾਵਾਂ ਦੇ ਅੱਡੇ ਬਣ ਗਏ। ਬਟਿਸਟਾ ਦੇ ਰਾਜ ਸਮੇਂ ਕਿਊਬਾ ਵਿੱਚ ਗੈਂਗਸਟਰਾਂ ਦਾ ਹੁਕਮ ਚਲਦਾ ਸੀ। ਸ਼ਰਾਬ ਅਤੇ ਜੂਏ ਦੇ ਅੱਡਿਆਂ ਤੇ ਕਬਜੇ ਲਈ ਗੈਂਗਸਟਰਾਂ ਦੀਆਂ ਲੜਾਈਆਂ ਹੁੰਦੀਆਂ ਰਹਿੰਦੀਆਂ ਸਨ, ਕਤਲ ਹੁੰਦੇ ਸਨ, ਲਾਸ਼ਾਂ ਰੁਲ਼ਦੀਆਂ ਰਹਿੰਦੀਆਂ ਸਨ, ਕੋਈ ਕੇਸ ਵੀ ਨਹੀਂ ਸੀ ਚੱਲਦਾ ਕਿਉਂਕਿ ਕੋਈ ਗਵਾਹ ਵੀ ਨਹੀਂ ਸੀ ਬਣਦਾ। ਕਿਊਬਾ ਵਿੱਚ ਉਪਰਲੀ 20 ਫੀਸਦੀ ਮਿਡਲ ਕਲਾਸ ਕੋਲ਼ ਬਹੁਤ ਸਹੂਲਤਾਂ ਆ ਚੁੱਕੀਆਂ ਸਨ, ਟੈਲੀਫੂਨ, ਟੈਲੀਵੀਜਨ ਅਤੇ ਮਹਿੰਗੀਆਂ ਅਮਰੀਕਨ ਕਾਰਾਂ ਇਹਨਾਂ ਲੋਕਾਂ ਕੋਲ਼ ਸਨ। ਪਰ ਕਿਊਬਾ ਦੇ ਪੇਂਡੂ ਖੇਤਰਾਂ ਵਿੱਚ ਲੋਕਾਂ ਦੀ ਹਾਲਤ ਬਹੁਤ ਤਰਸਯੋਗ ਸੀ। ਗੰਨੇ ਦਾ ਕੰਮ ਸਿਰਫ ਚਾਰ ਮਹੀਨੇ ਹੀ ਚੱਲਦਾ ਸੀ ਬਾਕੀ ਸਮੇਂ ਇਹ ਲੋਕ ਵਿਹਲੇ ਸਨ ਅਤੇ ਭੁੱਖ ਨਾਲ਼ ਮਰਦੇ ਸਨ। ਸੰਚਾਰ ਦੇ ਸਾਧਨਾਂ ਦਾ ਇੰਨਾ ਬੁਰਾ ਹਾਲ ਸੀ ਕਿ ਲੋਕ ਸੜਕ ਦੇ ਕਿਨਾਰੇ ਬੱਸ ਦੀ ਜਾਂ ਕਿਸੇ ਹੋਰ ਸਫਰ ਦੇ ਸਾਧਨ ਦੀ ਉਡੀਕ ਕਰਦੇ ਕਿਉਂਕਿ ਉਹਨਾਂ ਨੇ ਹਸਪਤਾਲ਼ ਜਾਣਾ ਹੁੰਦਾ ਸੀ, ਕਰਦੇ ਹੀ ਮਰ ਜਾਂਦੇ ਸਨ ਅਤੇ ਉਹਨਾਂ ਨੂੰ ਉਸੇ ਸੜਕ ਦੇ ਕਿਨਾਰੇ ਹੀ ਦਫਨਾ ਦਿੱਤਾ ਜਾਂਦਾ ਸੀ ਤਾਂ ਹੀ ਸੜਕਾਂ ਦੇ ਕਿਨਾਰੇ ਇਹ ਕਬਰਾਂ ਦੇਖੀਆਂ ਜਾ ਸਕਦੀਆਂ ਹਨ। ਇਸ ਸਭ ਕਾਸੇ ਤੋਂ ਆਮ ਲੋਕ ਬਹੁਤ ਦੁਖੀ ਸਨ। ਇਹ ਦੁਖੀ ਹੋਏ ਲੋਕ ਹੀ ਕਾਸਟਰੋ ਅਤੇ ਚੀ ਗੁਵੇਰਾ ਵੱਲੋਂ ਅਰੰਭੇ ਹੋਏ ਇਨਕਲਾਬੀ ਯੁੱਧ ਦੇ ਸਿਪਾਹੀ ਬਣੇ।

**ਸਮਾਜਵਾਦੀ ਕਿਊਬਾ** - ਆਪਾਂ ਮੁਕਤੀ ਘੋਲ਼ ਦੀ ਲੰਬੀ ਲੜਾਈ ਦੀ ਗੱਲ ਨਹੀਂ ਕਰਾਂਗੇ ਬਲਕਿ ਇਹ ਗੱਲ ਕਰਾਂਗੇ ਕਿ ਸਮਾਜਵਾਦ ਨੇ ਕਿਊਬਾ ਦੇ ਲੋਕਾਂ ਨੂੰ ਕੀ ਦਿੱਤਾ। ਪਹਿਲੀ ਜਨਵਰੀ 1959 ਨੂੰ ਬਟਿਸਟਾ ਦੀ ਗੁੰਡੀ ਸਰਕਾਰ ਦਾ ਫਾਹਾ ਵੱਡਿਆ ਗਿਆ ਸੀ ਅਤੇ ਮਈ 1959 ਨੂੰ ਕਿਊਬਾ ਨੂੰ ਇੱਕ ਸਮਾਜਵਾਦੀ ਦੇਸ਼ ਐਲਾਨ ਕਰ ਦਿੱਤਾ ਗਿਆ। ਫਾਰਮ ਫੈਕਟਰੀਆਂ ਹੋਟਲ ਗੱਲ ਕੀ ਕਿਊਬਾ ਦੀ ਧਰਤੀ ਤੇ ਸਾਰੀ ਚੱਲ ਅਤੇ ਅਚੱਲ ਜਾਇਦਾਦ ਕੌਮੀ ਕਰ ਦਿੱਤੀ ਗਈ। ਇਨਕਲਾਬ ਤੋਂ ਪਹਿਲਾਂ ਕਾਲ਼ਿਆਂ ਨੂੰ ਪੱਬਾਂ ਜਾਂ ਸ਼ਰਾਬਖਾਨਿਆਂ ਵਿੱਚ ਗੋਰਿਆਂ ਦੇ ਬਰਾਬਰ ਨਹੀਂ ਬੈਠਣ ਦਿੱਤਾ ਜਾਂਦਾ ਸੀ, ਇਹ ਭੇਦ-ਭਾਵ ਖਤਮ ਕਰ ਦਿੱਤਾ ਗਿਆ। ਕਾਲੇ ਗੋਰੇ ਬਰਾਬਰ ਕਰ ਦਿੱਤੇ ਗਏ। ਅੱਜ ਵੀ ਜੇਕਰ ਕਿਊਬਾ ਜਾ ਕੇ ਦੇਖੀਏ ਤਾਂ ਕਾਲ਼ਿਆਂ ਗੋਰਿਆਂ ਦੇ ਵਿਆਹ ਆਪਸ ਵਿੱਚ ਆਮ ਹੀ ਹੁੰਦੇ ਹਨ। ਇਨਕਲਾਬ ਤੋਂ ਪਹਿਲਾਂ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ, ਇਹ ਭੇਦਭਾਵ ਖਤਮ ਕਰ ਦਿੱਤਾ ਗਿਆ। ਔਰਤ ਨੂੰ ਮਰਦ ਬਰਾਬਰ ਕੰਮ ਦੀ ਤਨਖਾਹ, ਮਰਜੀ ਨਾਲ਼ ਵਿਆਹ ਕਰਾਉਣ ਦੀ, ਤਲਾਕ ਲੈਣ ਦੀ ਅਜਾਦੀ ਦਿੱਤੀ ਗਈ। ਇਨਕਲਾਬ ਤੋਂ ਪਹਿਲਾਂ ਜਿਹੜੇ ਬੇਘਰੇ ਲੋਕ ਸਨ, ਉਹਨਾਂ ਨੂੰ ਵੱਡੇ ਵੱਡੇ ਹੋਟਲ਼ਾਂ ਵਿੱਚ ਰਹਿਣ ਦੀ ਜਗਾਹ ਦਿੱਤੀ ਗਈ। ਕਿਊਬਾ ਦੀ ਬਹੁਤੀ ਮਿਡਲ ਕਲਾਸ ਅਮਰੀਕਾ ਭੱਜ ਗਈ। ਜਿਹੜੇ ਲੋਕ ਵਿਹਲੀਆਂ ਖਾਣ ਗਿੱਝੇ

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE
* TFSA * DISABILITY INSURANCE
* RRSP * RESP
For More Information Call:
HARCHARAN PARHAR
Cell: 403.681.8689
Email: hp8689@gmail.com
www.calgarymybrokers.com



Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



ਹੋਣ ਉਹਨਾਂ ਨੂੰ ਸਮਾਜਵਾਦ ਫਿੱਟ ਨਹੀ। ਕਾਸਟਰੋ ਦੀ ਮੌਤ ਤੋਂ ਬਾਦ ਮਿਆਮੀ ਵਿੱਚ ਭੰਗੜੇ ਪਾਉਣ ਵਾਲ਼ੇ ਇਹੀ ਮੱਧਵਰਗੀ ਲੋਕ ਸਨ। ਕਿਊਬਾ ਦੀ ਕਾਮਾਂ ਜਮਾਤ ਦੀਆਂ ਬੇੜੀਆਂ ਕੱਟ ਦਿੱਤੀਆਂ ਗਈਆਂ। ਗਰੀਬ ਲੋਕਾਂ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਉਹ ਵੀ ਇਨਸਾਨ ਹਨ। ਵਿਦਿਆ, ਸਿਹਤ ਸੇਵਾਵਾਂ ਅਤੇ ਰਿਹਾਇਸ਼ ਦਾ ਪਰਬੰਧ ਹਰ ਇੱਕ ਲਈ ਕਰ ਦਿੱਤਾ ਗਿਆ। ਅਫਸਰਸ਼ਾਹੀ ਦਾ ਰੋਹਬ ਖਤਮ ਕਰ ਦਿੱਤਾ ਗਿਆ। ਹੁਣ ਵੀ ਜੇਕਰ ਕਿਊਬਾ ਦਾ ਕੋਈ ਅਫਸਰ ਕਾਰ ਵਿੱਚ ਜਾ ਰਿਹਾ ਹੈ, ਉਸਦੀ ਕਾਰ ਵਿੱਚ ਸੀਟ ਖਾਲੀ ਹੈ ਤਾਂ ਪੀਲ਼ੀ ਵਰਦੀ ਵਾਲ਼ਾ ਪੁਲ਼ਸੀਆ ਉਸਦੀ ਕਾਰ ਰੋਕ ਕੇ, ਰਾਈਡ ਮੰਗਦੇ ਵਿਆਕਤੀਆਂ ਨੂੰ ਬਿਠਾ ਦਿੰਦਾ ਹੈ। ਹਵਾਨਾ ਜਿਹੜਾ ਕਿ ਸ਼ਰਾਬਖਾਨਿਆਂ, ਜੂਆਖਾਨਿਆਂ ਅਤੇ ਵੇਸ਼ਵਾਗਮਨੀ ਦਾ ਅੱਡਾ ਸੀ, ਜਿੱਥੇ ਕਿਸੇ ਕਿਸਮ ਦਾ ਕੋਈ ਕਨੂੰਨ ਨਹੀਂ ਸੀ, ਬਲਾਤਕਾਰੀ ਕਾਤਲ ਗੁੰਡੇ ਸ਼ਰੇਆਮ ਦਨਦਨਾਉਂਦੇ ਫਿਰਦੇ ਸਨ, ਉਸੇ ਹਵਾਨਾ ਵਿੱਚ ਅੱਜ ਅੱਧੀ ਰਾਤ ਦੇ ਸਮੇਂ ਇੱਕ ਔਰਤ ਇਕੱਲੀ ਤੁਰ ਸਕਦੀ ਹੈ, ਕਿਸੇ ਦੀ ਜੁਰਅਤ ਨਹੀਂ ਉਸ ਵੱਲ ਝਾਕ ਸਕੇ। ਇਨਕਲਾਬ ਤੋਂ ਬਾਦ ਸਾਰੇ ਪ੍ਰਾਈਵੇਟ ਸਕੂਲ ਬੰਦ ਕਰ ਦਿੱਤੇ ਗਏ, 1960 ਵਿੱਚ ਸਾਰੇ ਕਿਊਬਨ ਬੱਚਿਆਂ ਦੀ ਵਿਦਿਅਕ ਜੁੰਮੇਵਾਰੀ ਸਰਕਾਰ ਨੇ ਚੱਕ ਲਈ। ਬਟਿਸਟਾ ਸਰਕਾਰ ਦੇ ਸਮੇਂ ਗਰੀਬ ਬੱਚੇ ਸਕੂਲ ਜਾਂਦੇ ਹੀ ਨਹੀ ਸਨ, ਜੇਕਰ ਜਾਂਦੇ ਵੀ ਸਨ ਤਾਂ ਪਹਿਲੀ ਜਾਂ ਦੂਜੀ ਜਮਾਤ ਵਿੱਚੋਂ ਹਟ ਜਾਂਦੇ ਸਨ ਪਰ ਅੱਜ ਕਿਊਬਾ ਵਿੱਚ ਅਬਾਦੀ ਦੇ ਅਨੁਪਾਤ ਦੇ ਹਿਸਾਬ ਸਭ ਤੋਂ ਵੱਧ ਡਾਕਟਰ ਹਨ। ਜਦੋਂ ਵੀ ਦੁਨੀਆਂ ਵਿੱਚ ਕਿਤੇ ਮਹਾਂਮਾਰੀ ਆਉਂਦੀ ਹੈ ਤਾਂ ਇਹ ਕਿਊਬਾ ਹੈ, ਜੋ ਸਭ ਤੋਂ ਵੱਧ ਡਾਕਟਰ ਲੋਕਾਂ ਦੀ ਮੱਦਦ ਲਈ ਭੇਜਦਾ ਹੈ। ਇੱਥੋਂ ਤੱਕ ਕੇ ਅਮਰੀਕਾ ਵਿੱਚ ਕੈਟਰੀਨਾਂ ਤੂਫਾਨ ਦੀ ਮਹਾਂਮਾਰੀ ਵੇਲ਼ੇ ਵੀ ਇਸ ਨੇ ਆਪਣੇ ਡਾਕਟਰ ਭੇਜੇ। ਪਾਕਿਸਤਾਨ ਵਿੱਚ ਆਏ ਭੂਚਾਲ਼ ਸਮੇਂ, ਪਾਕਿਸਤਾਨ ਤੋਂ 1000 ਸਟੂਡੈਂਟ ਸੱਦ ਕੇ ਫਰੀ ਪੜ੍ਹਾਇਆ ਅਤੇ ਡਾਕਟਰ ਬਣਾ ਕੇ ਵਾਪਸ ਭੇਜਿਆ ਤਾਂ ਹੀ ਤਾਂ ਕਿਊਬਾ ਦੇ ਪ੍ਰਧਾਨ ਨੇ ਇੱਕ ਵਾਰੀ ਕਿਹਾ ਸੀ ਕਿ ਅਸੀਂ ਡਾਕਟਰ ਬਣਾਉਂਦੇ ਹਾਂ ਅਤੇ ਅਮਰੀਕਾ ਬੰਬ ਬਣਾਂਉਦਾ ਹੈ। ਇਨਕਲਾਬ ਤੋਂ ਬਾਦ ਖੇਤੀ ਨੂੰ ਸਾਂਝੇ ਫਾਰਮਾਂ ਵਿੱਚ ਤਬਦੀਲ ਕਰ ਦਿੱਤਾ ਗਿਆ ਪਰ ਫੇਰ ਵੀ ਜੇਕਰ ਕੋਈ ਆਪ ਖੇਤੀ ਕਰਨੀ ਚਾਂਹੁਦਾ ਹੈ ਤਾਂ ਉਹ ਥੋੜ੍ਹੀ ਬਹੁਤੀ ਲੀਜ ਦੇ ਕੇ ਕਰ ਸਕਦਾ ਹੈ। ਸੰਨ 1962 ਵਿੱਚ ਸਾਰੇ ਧਾਰਮਿਕ ਅਦਾਰਿਆਂ ਦੀ ਜਾਇਦਾਦ ਕੌਮੀ ਕਰ ਦਿੱਤੀ ਗਈ। ਵਿਹਲੜ ਧਾਰਮਿਕ ਪੁਜਾਰੀਆਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ। ਸੰਨ 1961 ਵਿੱਚ ਅਮਰੀਕਾ ਨੇ ਕਿਊਬਾ ਤੇ ਟਰੇਡ ਇਮਬਾਰਗੋ ਲਗਾ ਦਿੱਤਾ ਸੀ ਅਤੇ ਕਈ ਵਾਰ ਕਾਸਟਰੋ ਸਰਕਾਰ ਦਾ ਤਖਤਾ ਪਲਟਣ ਦੀ ਅਸਫਲ ਕੋਸ਼ਿਸ਼ ਕੀਤੀ ਪਰ ਹਰ ਵਾਰ ਮੂੰਹ ਦੀ ਖਾਧੀ। ਰੂਸ ਨੇ ਕਿਊਬਾ ਦੀ ਬਹੁਤ ਆਰਥਿਕ ਮਦਦ ਕੀਤੀ, ਪਰ ਰੂਸ ਦੇ ਟੁੱਟਣ ਤੋਂ ਬਾਦ ਇਹ ਮਦਦ 1990 ਵਿੱਚ ਖਤਮ ਹੋ ਗਈ, ਪਰ ਉਸ ਸਮੇਂ ਵੀ ਕਿਊਬਾ ਨੇ ਆਪਦੇ ਆਪ ਨੂੰ ਸੰਭਾਲ਼ ਲਿਆ ਤੇ ਹੁਣ ਵੀ ਸੰਭਾਲ਼ ਲਵੇਗਾ। ਅੱਜ ਕਿਊਬਾ ਵਿੱਚ ਨਾ ਕੋਈ ਬੇਘਰਾ ਹੈ ਨਾ ਕੋਈ ਭੁੱਖਾ ਹੈ। ਕੁੱਲੀ, ਗੁੱਲੀ ਜੁੱਲੀ ਦਾ ਪਰਬੰਧ ਸਰਕਾਰ ਦੀ ਜੁੰਮੇਵਾਰੀ ਹੈ, ਇਹ ਠੀਕ ਹੈ ਕਿ ਕੋਵਿਡ ਦੀ ਮਹਾਂਮਾਰੀ ਅਤੇ ਟੂਰਿਸਟ ਇੰਡਸਟਰੀ ਦੇ ਲੱਗਭੱਗ ਬੰਦ ਹੋਣ ਨਾਲ਼ ਲੋਕਾਂ ਵਿੱਚ ਬੇਚੈਨੀ ਹੈ ਪਰ ਸਾਨੂੰ ਉਮੀਦ ਹੈ ਕਿ ਕਿਊਬਾ ਇਸ ਵਿੱਚੋਂ ਵੀ ਕਾਮਯਾਬ ਹੋ ਕੇ ਨਿਕਲ਼ੇਗਾ।

**11 ਜੁਲਾਈ 2021 ਦੇ ਸਰਕਾਰ ਵਿਰੋਧੀ ਮੁਜਾਹਰਿਆਂ ਬਾਰੇ** - 11 ਜੁਲਾਈ ਨੂੰ ਕਿਊਬਾ ਵਿੱਚ ਲੋਕਾਂ ਦੀ ਬੇਚੈਨੀ ਸੜਕਾਂ ਤੇ ਆ ਗਈ ਜਾਂ ਇਸ ਛੋਟੀ ਜਿਹੀ ਘਟਨਾ ਜਿਹੜੀ ਕਿ ਪੂੰਜੀਵਾਦੀ ਮੁਲਕਾਂ ਵਿੱਚ ਆਮ ਹੁੰਦੀ ਰਹਿੰਦੀ ਹੈ ਨੂੰ ਸਰਮਾਏਦਾਰ ਮੁਲਕਾਂ ਨੇ ਬਹੁਤ ਉਛਾਲ਼ਿਆ , ਪਰਚਾਰ ਇਸ ਤਰਾਂ ਕੀਤਾ ਗਿਆ ਕਿ ਲਓ ਜੀ ਕਿਊਬਾ ਵਿੱਚ ਤਾਂ ਰਾਜਪਲਟਾ ਹੋ ਗਿਆ ਅਤੇ 'ਰਾਹੁਲ ਕਾਸਟਰੋ' ਵੈਨਜ਼ੂਏਲਾ ਭੱਜ ਗਿਆ ਹੈ, ਫੌਜ ਨੇ ਬਗਾਵਤ ਕਰ ਦਿੱਤੀ ਹੈ, ਇਸ ਤਰ੍ਹਾਂ ਦੀਆਂ ਅਫਵਾਹਾਂ ਨਾਲ ਸੋਸ਼ਲ ਮੀਡੀਆ ਗੱਭਣ ਕਰ ਦਿੱਤਾ। ਅਮਰੀਕਾ ਪੱਖੀ ਲਾਬੀ ਨੇ ਆਪਦਾ ਪੂਰਾ ਜੋਰ ਕਮਿਊਨਿਸਟਾਂ ਨੂੰ ਭੰਡਣ ਤੇ ਲਾਇਆ। ਦੁਨੀਆਂ ਭਰ ਦੇ ਅਗਾਂਹਵਧੂ ਲੋਕਾਂ ਨੂੰ ਬਹੁਤ ਫਿਕਰ ਹੋਇਆ ਜਦੋਂ ਕਈ ਮੁਜਾਹਰਾਕਾਰੀਆਂ ਦੇ ਹੱਥਾਂ ਵਿੱਚ ਅਮਰੀਕਾ ਦੇ ਝੰਡੇ ਦੇਖੇ। ਦੁਨੀਆਂ ਭਰ ਦੀਆਂ 55 ਕਮਿਊਨਿਸਟ ਪਾਰਟੀਆਂ ਨੇ ਅਮਰੀਕਾ ਦੇ ਇਸ ਕਾਰੇ ਦੀ ਨਿੰਦਿਆ ਕੀਤੀ। ਇਸ ਸਭ ਪਿੱਛੇ ਅਮਰੀਕਾ ਦਾ ਹੱਥ ਕਿਉਂ ਹੈ, ਆਓ ਜਰਾ ਅਮਰੀਕਾ ਦੀ ਹਾਲਤ ਤੇ ਝਾਤ ਮਾਰੀਏ। ਪਿਛਲੇ ਦਹਾਕੇ ਦੁਰਾਨ, ਅਮਰੀਕਾ ਜਿਹੜਾ ਕਿ ਆਪਦੇ ਆਪ ਨੂੰ ਸਰਮਾਏਦਾਰੀ ਅਤੇ ਡੈਮੋਕਰੇਸੀ ਦਾ ਝੰਡਾ ਬਰਦਾਰ ਕਹਾਉਂਦਾ ਹੈ, ਬੁਰੀ ਤਰ੍ਹਾਂ ਫੇਲ ਹੋ ਰਿਹਾ ਹੈ। ਜਦ 'ਜੇ ਪੀ ਮੌਰਗਨ' ਵਰਗੀਆਂ ਵੱਡੀਆਂ ਬੈਂਕਾਂ, ਜੀ. ਐਮ ਅਤੇ ਫੋਰਡ ਵਰਗੇ ਵੱਡੇ ਕਾਰਾਂ ਬਨਾਉਣ ਵਾਲ਼ੇ ਕਾਰਖਾਨੇ, ਦੀਵਾਲ਼ੀਆਪਣ ਦੇ ਨੇੜੇ ਜਾ ਪਹੁੰਚੇ ਤਾਂ ਪਤਾ ਲੱਗਿਆ ਕਿ ਸਰਮਾਏਦਾਰੀ ਸਿਸਟਮ ਦੀ ਕਾਇਮੀ ਕਿੰਨਾਂ ਕੁ ਚਿਰ ਰਹਿ ਸਕਦੀ ਹੈ। ਅਮਰੀਕਾ ਲੋਕਾਂ ਦਾ ਤਾਂ ਕੀ ਕਿਸੇ ਵੀ ਮੁਲਕ ਦਾ ਮਿੱਤਰ ਨੀ ਹੈ। ਇਸਨੇ ਇਰਾਕ, ਅਫਗਾਨਿਸਤਾਨ, ਸੀਰੀਆ, ਲਿਬੀਆ ਤਬਾਹ ਕਰ ਦਿੱਤੇ ਹਨ, ਵੀਅਤਨਾਮ ਵਿੱਚੋਂ ਤੀਹ ਸਾਲ ਜੁੱਤੀਆਂ ਖਾ ਕੇ ਬਾਹਰ ਨਿੱਕਲ਼ਿਆ ਹੈ, ਅੱਜ ਉਸੇ ਵੀਅਤਨਾਮ ਨਾਲ਼ ਵਪਾਰ ਕਰਦਾ ਹੈ। ਇਹ ਕਿਊਬਾ ਦੇ ਲੋਕਾਂ ਦਾ ਕਦੇ ਵੀ ਮਿੱਤਰ ਨਹੀਂ ਹੋ ਸਕਦਾ, ਇਹ ਕਿਊਬਾ ਵਿੱਚ 'ਬਟਿਸਟਾ' ਵਰਗਾ ਪੱਪਟ ਬਿਠਾ ਕੇ ਫਿਰ ਕਿਊਬਾ ਦੀ ਲੁੱਟ ਕਰਨੀ ਚਾਹੁੰਦਾ ਹੈ। ਕਿਊਬਾ ਕਿਉਂਕਿ ਇੱਕ ਸਮਾਜਵਾਦੀ ਮੁਲਕ ਹੈ, ਇਸਦੀ ਸਮਾਜਵਾਦੀ ਵਿਚਾਰਧਾਰਾ ਦਾ ਅਸਰ ਬਰਾਜੀਲ, ਵੈਨਜ਼ੂਏਲਾ, ਨਿੱਕਾਰਾਗੁਆ ਅਤੇ ਬੋਲੀਵੀਆ ਵਿੱਚ ਵੇਖਿਆ ਜਾ ਸਕਦਾ ਹੈ। ਪਿੱਛੇ ਜਿਹੇ ਅਮਰੀਕਾ ਦੇ ਯੂਥ ਦਾ ਜਿਹੜਾ ਸਰਵੇ ਹੋਇਆ ਉਸ ਮੁਤਾਬਿਕ ਅਮਰੀਕਾ ਦੇ 45% ਨੌਜੁਆਨ ਸਮਾਜਵਾਦ ਦੇ ਹਾਮੀ ਹਨ, ਅਮਰੀਕੀ ਸਰਮਾਏਦਾਰ ਇਸ ਸਰਵੇ ਤੋਂ ਬਾਦ ਬੁਰੀ ਤਰਾਂ ਡਰ ਗਏ ਹਨ। ਅਮਰੀਕਾ ਦੇ ਸਰਮਾਏਦਾਰੀ ਸਿਸਟਮ ਨੇ, ਅਮਰੀਕਾ ਵਿੱਚ ਗਰੀਬ ਅਮੀਰ ਦਾ ਪਾੜਾ ਬੇਹੱਦ ਵਧਾ ਦਿੱਤਾ ਹੈ, ਅਮਰੀਕਾ ਦੇ ਸਿਰਫ ਤਿੰਨ ਘਰਾਣਿਆਂ, ਵਾਲਮਾਰਟ, ਵਾਰਨਬਫੇ ਅਤੇ ਜੈਫ ਬਿਜੋ ਕੋਲ਼ ਅਮਰੀਕਾ ਦੀ ਅੱਧੀ ਦੌਲਤ ਹੈ। ਗਰੀਬ ਲੋਕਾਂ ਦੀ ਇਹ ਹਾਲਤ ਹੈ ਕਿ ਅਮਰੀਕਾ ਦੇ ਵੱਡੇ ਸ਼ਹਿਰਾਂ ਵਿੱਚ 'ਟੈਂਟ ਸਿਟੀ' ਹਨ ਜਾਣੀ ਕਿ ਲੋਕ ਤੰਬੂਆਂ ਵਿੱਚ ਰਹਿੰਦੇ ਹਨ। ਅਮਰੀਕਾ ਵਿੱਚ ਹਜਾਰਾਂ ਲੋਕਾਂ ਨੇ ਆਪਦੀਆਂ ਗੱਡੀਆਂ ਨੂੰ ਆਪਦਾ ਘਰ ਬਣਾਇਆ ਹੋਇਆ ਹੈ, ਇਹ ਲੋਕ ਕਾਰਾਂ ਵੈਨਾਂ ਵਿੱਚ ਰੈਣ ਵਸੇਰਾ ਕਰਦੇ ਹਨ। ਅਮਰੀਕਾ ਵਿੱਚ 15 ਲੱਖ ਬੱਚੇ ਭੁੱਖੇ ਸਕੂਲ ਜਾਂਦੇ ਹਨ। ਡਾਕਟਰੀ ਸਹੂਲਤਾਂ ਦਾ ਇਹ ਹਾਲ ਹੈ ਕਿ ਅਮਰੀਕਾ ਦੀ ਇੱਕ ਐਕਟਰੈਸ 'ਸੂਜਨ ਸਮਰ' ਆਪਦੀ ਬਾਇਓਗਰਫੀ ਵਿੱਚ ਲਿਖਦੀ ਹੈ ਕਿ ਇੱਕ ਵਾਰ ਉਸਦੇ ਬੇਟੇ ਦੀ ਲੱਤ ਟੁੱਟ ਗਈ ਤੇ ਉਸਦੇ ਇਲਾਜ ਤੇ ਸੂਜਨ ਦੀ ਸਾਲ ਭਰ ਦੀ ਕਮਾਈ ਲੱਗ ਗਈ। ਜੇਕਰ ਅਮਰੀਕੀ ਨਸਲਵਾਦ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਅਮਰੀਕੀ ਜੇਲ਼ਾਂ ਵਿੱਚ ਕਾਲ਼ੇ ਲੋਕ 34% ਹਨ ਜਦ ਕਿ ਕਾਲ਼ੇ ਲੋਕਾਂ ਦੀ ਅਮਰੀਕਾ ਵਿੱਚ ਅਬਾਦੀ 14% ਤੋਂ ਵੀ ਘੱਟ ਹੈ। ਗੋਰੇ ਲੋਕ ਜੇਲ਼ਾਂ ਵਿੱਚ 29% ਹਨ ਜਦ ਕਿ ਉਹਨਾਂ ਦੀ ਅਬਾਦੀ 67% ਹੈ। ਅਮਰੀਕਾ ਵਿੱਚ 15% ਲੋਕ ਗਰੀਬੀ ਰੇਖਾ ਤੋਂ ਥੱਲੇ ਹਨ ਅਤੇ 25% ਲੋਕਾਂ ਨੂੰ ਪੂਰਾ ਖਾਣਾ ਨਹੀ ਮਿਲ਼ਦਾ। ਕਿਊਬਾ ਤਾਂ ਕੀ ਹੋਰ ਵੀ ਬਹੁਤ ਸਾਰੇ ਲੋਕਾਂ ਨੂੰ ਡੈਮੋਕਰੇਸੀ ਵਾਰੇ ਬਹੁਤ ਭੁਲੇਖੇ ਹਨ। ਕਿਉਂਕਿ ਲੋਕਤੰਤਰ ਵਿੱਚ ਪੈਸੇ ਵਾਲ਼ਾ ਹੀ ਚੋਣ ਲੜ ਸਕਦਾ ਹੈ ਤੇ ਪੈਸਾ ਸਿਰਫ ਅਮੀਰਾਂ ਕੋਲ਼ ਹੀ ਹੁੰਦਾ ਹੈ, ਫਿਰ ਤਾਂ ਡੈਮੋਕਰੇਸੀ ਅਮੀਰਾਂ ਦੀ ਗਰੀਬਾਂ ਤੇ ਡਿਕਟੇਟਰਸ਼ਿਪ ਹੀ ਹੈ ਅਤੇ ਅਮੀਰ ਲੋਕ ਰਾਜਸੱਤਾ ਹਾਸਲ ਕਰਕੇ ਅਮੀਰਾਂ ਦੇ ਫਾਇਦੇ ਖਾਤਰ ਹੀ ਕਨੂੰਨ ਬਨਾਉਣਗੇ। ਇਸੇ ਕਰਕੇ ਦੁਨੀਆਂ ਭਰ ਦੇ ਡੈਮੋਕਰੇਟਿਕ ਮੁਲਕਾਂ ਤੇ ਕਾਰਪੋਰੇਟ ਘਰਾਣਿਆਂ ਦਾ ਰਾਜ ਹੈ, ਦੁਨੀਆਂ ਦੀ 45% ਜਨਤਾ ਗਰੀਬੀ ਲਾਈਨ ਤੋਂ ਹੇਠਾਂ ਦਾ ਜੀਵਨ ਬਤੀਤ ਕਰ ਰਹੀ ਹੈ। ਇਸ ਕਰਕੇ ਸਿਸਟਮ ਉਹੀ ਚੰਗਾ ਹੈ ਜਿਹੜਾ ਆਪਦੇ ਲੋਕਾਂ ਦੀਆਂ ਮੁਢਲੀਆਂ ਲੋੜਾਂ, ਸਿਹਤ, ਵਿੱਦਿਆ, ਰਹਿਣ ਸਹਿਣ ਦਾ ਪ੍ਰਬੰਧ ਕਰਨ ਲਈ ਜੁੰਮੇਵਾਰ ਹੈ। ਇਸ ਸਮੇ ਦੁਨੀਆਂ ਭਰ ਦੇ ਅਗਾਂਹਵਧੂ ਲੋਕਾਂ ਨੂੰ ਅਤੇ ਦੁਨੀਆਂ ਭਰ ਦੀਆਂ ਲੋਕ ਪੱਖੀ ਸਰਕਾਰਾਂ ਨੂੰ ਅਮਰੀਕਾਂ ਦੀਆਂ ਇਹਨਾਂ ਕਿਊਬਾ ਵਿਰੋਧੀ ਚਾਲਾਂ ਨੂੰ ਅਸਫਲ ਕਰਨ ਲਈ ਆਪਦੀ ਪੂਰੀ ਵਾਹ ਲਾ ਦੇਣੀ ਚਾਹੀਦੀ ਹੈ। ਸਰਮਾਏਦਾਰ ਮੀਡੀਏ ਦਾ ਹਾਲ ਦੇਖੋ ਕਿ ਜਦ ਲੱਖਾਂ ਲੋਕਾਂ ਨੇ ਇਨਕਲਾਬ ਪੱਖੀ ਰੈਲੀਆਂ ਕੀਤੀਆਂ ਤਾਂ ਉਹਨਾਂ ਦਾ ਕਿਸੇ ਨੇ ਜਿਕਰ ਨਹੀਂ ਕੀਤਾ, ਅੱਸੀ ਅੱਸੀ ਸਾਲ ਦੇ ਬਜ਼ੁਰਗ ਜਿਹੜੇ ਬਟਿਸਟਾ ਵਿਰੁੱਧ ਲੜੇ ਸਨ, ਹੁਣ ਸਮਾਜਵਾਦ ਨੂੰ ਬਚਾਉਣ ਲਈ ਸੜਕਾਂ ਤੇ ਨਿੱਕਲ਼ ਆਏ ਸਨ। ਇਲਕਲਾਬ ਲਈ ਦਿੱਤੀਆਂ ਬੇਥਾਹ ਕੁਰਬਾਨੀਆਂ ਸੂਹੇ ਪਰਚਮ ਨੂੰ ਯੈਂਕੀਆਂ ਦੇ ਥੱਲੇ ਨਹੀਂ ਲੱਗਣ ਦੇਣਗੀਆਂ।

*ਇਤਿਹਾਸ ਦੀਆਂ ਪੈੜਾਂ*

# ਮੁਲਕ ਦੀ ਵੰਡ, ਸਾਰੇ ਲੋਕਾਂ ਦੀ ਨਹੀਂ ਸੀ

**ਵਿਜੈ ਬੰਬੇਲੀ**



ਫਿਰਕੂ ਸਿਆਸਤ ਦੇ ਝੰਡਾ ਬਰਦਾਰ ਅਤੇ ਦੋ ਕੌਮਾਂ ਨਜ਼ਰੀਏ ਦੀ ਡੌਂਡੀ ਪਿੱਟਣ ਵਾਲੇ ਉਪਦੇਸ਼ਕਾਂ ਦੇ ਚੇਲੇ ਇਹ ਦਾਅਵਾ ਕਰਦੇ ਹਨ ਕਿ ਬੀਤੇ ਸਮਿਆਂ ਵਿੱਚ ਕਦੇ ਵੀ ਹਿੰਦੂ ਅਤੇ ਮੁਸਲਮਾਨਾਂ 'ਚ ਏਕਤਾ ਨਹੀਂ ਰਹੀ [ਅਤੇ ਇਹ ਸਿਰਫ ਮੁਸਲਮਾਨ ਹੀ ਸਨ ਜਿਨ੍ਹਾਂ ਵੱਖਰੇ ਮੁਲਕ ਦੀ ਮੰਗ ਰੱਖੀ। ਪ੍ਰੰਤੂ ਉਹ 1857 ਦੇ ਗ਼ਦਰ 'ਚ ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਵੱਲੋਂ 'ਕੱਠੇ ਹੋ ਕੇ, ਖਾਸ ਕਰਕੇ ਮੁਸਲਮਾਨਾਂ ਦੀ ਅਗਵਾਈ ਹੇਠ ਆਾਦੀ ਲਈ ਲੜੇ ਗਏ ਲਹੂ-ਵੀਹਵੇਂ ਯੁੱਦ ਨੂੰ ਬਿਲਕੁੱਲ ਹੀ ਭੁੱਲ ਜਾਂਦੇ ਹਨ। ਇਹ ਹੀ ਨਹੀਂ, ਉਹ 1757 ਦੇ ਪਲਾਸੀ ਯੁੱਧ ਜਿਸ ਵਿੱਚ ਟੀਪੂ ਸੁਲਤਾਨ ਨੇ ਕੁੰਜੀਵਤ ਭੂਮਿਕਾ ਨਿਭਾਈ ਸੀ, ਤੋਂ ਲੈ ਕੇ ਤੋੜ 1947 ਤੱਕ ਜੰਗਿ-ਆਜ਼ਾਦੀ ਵਿੱਚ ਹਿੰਦੂਆਂ ਨਾਲ ਰਲ ਕੇ ਬਹੁਤੇ ਮੌਕਿਆਂ ਸਮੇਂ ਹਿੰਦੂਆਂ ਦੀ ਅਗਵਾਈ ਕਬੂਲ ਕੇ ਮੁਸਲਮਾਨਾਂ ਵੱਲੋਂ ਅੱਡ-ਅੱਡ ਲਹਿਰਾਂ 'ਚ ਵੱਖ-ਵੱਖ ਸਮੇਂ ਲੜੇ ਲੋਕ ਯੁੱਧਾਂ 'ਚ ਕੀਤੀ ਜ਼ਾਹਰਾ ਅਤੇ ਮੂਕ ਕੁਰਬਾਨੀ ਨੂੰ ਤਾਂ ਬਿਲਕੁੱਲ ਹੀ ਵਿਸਾਰ ਦਿੰਦੇ ਹਨ।

ਇਤਿਹਾਸਕ ਰੂਪ ਵਿੱਚ ਭਾਰਤੀ ਉਪ ਮਹਾਂਦੀਪ, ਲੰਮੇ ਸਮੇਂ ਤੋਂ ਹਿੰਦੂ ਅਤੇ ਮੁਸਲਮਾਨਾਂ ਸਮੇਤ ਵੱਖ-ਵੱਖ ਧਰਮਾਂ ਅਤੇ ਬਿਲਕੁੱਲ ਹੀ ਵੱਖੋ-ਵੱਖਰੀਆਂ ਮਾਨਤਾਵਾਂ ਵਾਲੇ ਲੋਕਾਂ ਦੀ ਜਨਮ ਭੂਮੀ ਹੀ ਨਹੀਂ ਪੱਕਾ ਨਿਵਾਸ ਰਿਹਾ ਹੈ ਅਤੇ ਹੈ। ਦਰ-ਹਕੀਕਤ, ਮੁਸਲਿਮ ਹਾਕਮਾਂ ਵੇਲੇ ਹਿੰਦੂ ਆਦਿ ਅਤੇ ਹਿੰਦੂ ਹਾਕਮਾਂ ਵੇਲੇ ਮੁਸਲਮਾਨਾਂ ਸਮੇਤ ਜੈਨ-ਬੋਧੀ ਅਤੇ ਹੋਰ ਸਮੁਦਾਇ ਆਪੋ-ਆਪਣੇ ਅਕੀਦਿਆਂ ਨੂੰ ਮੰਨਦੇ ਹੋਏ ਵੀ ਆਪਸੀ ਸਹਿ-ਹੋਂਦ ਨਾਲ ਰਹਿੰਦੇ ਰਹੇ। ਇਹ ਅੱਡ ਗੱਲ ਹੈ ਕਿ ਕੁਝ ਹਾਕਾਂ ਹਾਕਮਾਂ ਵਜੋਂ ਵੀ ਬਦ-ਨਿਯਮੀਆਂ ਹੋਈਆਂ ਅਤੇ ਕਿਸੇ-ਕਿਸੇ ਕੁਨਬੇ ਵੱਲੋਂ ਵੀ। ਉਹ ਹਾਕਮ ਵੀ ਕਿਸੇ ਵਿਸ਼ੇਸ਼ ਕੁਨਬੇ ਦੇ ਨਹੀਂ, ਤਾਅ-ਫਿਰਕਿਆਂ ਦੇ ਸਨ। ਹੋ ਸਕਦਾ ਕਿਸੇ ਮੌਕੇ ਮਾੜੀ-ਮੋਟੀ ਵੱਧ ਗਿਣਤੀ ਕਿਸੇ ਵਰਗ ਵਿਸ਼ੇਸ਼ ਦੀ ਵੀ ਹੋਵੇ। ਪਰ ਬਹੁਤਾ ਕਰਕੇ ਜੋ ਭਾਰਤ ਦਾ ਸੀ ਜਾਂ ਮਗਰੋਂ ਇਸ ਦੇਸ਼ ਦਾ ਬਣਕੇ ਰਹਿ ਗਿਆ, ਉਸ ਨੇ ਸਭ ਦੀ ਇੱਕ ਜਿਹੀ ਹੀ ਸਾਰ ਲੈਣ ਦੀ ਕੋਸ਼ਿਸ਼ ਕੀਤੀ।

ਪਹਿਲਾ ਸਵਤੰਤਰ ਯੁੱਦ (1857-1862) ਹਿੰਦੂ-ਸਿੱਖਾਂ ਅਤੇ ਮੁਸਲਿਮ ਏਕਤਾ ਦੀਆਂ ਪ੍ਰਤੱਖ ਸੱਚਾਈਆਂ ਸਮੋਈ ਬੈਠਾ ਹੈ। ਹਿੰਦੂ ਬਹੁਲ ਜੰਗ-ਏ-ਆਜ਼ਾਦੀ ਯੋਧਿਆਂ ਨੇ ਆਪਣਾ ਬਾਦਸ਼ਾਹ ਇੱਕ ਮੁਸਲਮਾਨ ਬਾਦਸ਼ਾਹ ਜਫਰ ਨੂੰ ਚੁਣਿਆ। ਦਿੱਲੀ ਦੀ ਕ੍ਰਾਂਤੀਕਾਰੀ ਸੈਨਾ ਦੀ ਕਮਾਂਡ ਗਿਰਧਾਰੀ ਲਾਲ, ਹੀਰਾ ਸਿੰਘ ਅਤੇ ਬਖਤ ਖਾਂ ਆਦਿ ਦੇ ਹੱਥ ਸੀ। ਰਾਣੀ ਝਾਂਸੀ ਦੇ ਤੋਪਖਾਨੇ ਦਾ ਕਮਾਂਡਰ ਗੌਂਸਖਾਨ ਸੀ ਅਤੇ ਪੈਦਲ ਸੈਨਾ ਦਾ ਖੁਦਾ ਬਖਸ਼। ਰਾਣੀ ਝਾਂਸੀ ਦੀ ਨਿੱਜੀ ਸੁਰੱਖਿਆ ਅਧਿਕਾਰੀ ਇੱਕ ਮੁਸਲਮ ਲੜਕੀ ਮੁੰਜਰ (ਮਹਿੰਦ) ਸੀ। ਮੱਧ ਪ੍ਰਾਂਤ 'ਚ ਤਾਂਤੀਆਂ ਟੋਪੇ, ਰਾਵ ਸਾਹਿਬ, ਫਿਰੋਜ਼ ਸ਼ਾਹ ਅਤੇ ਮੌਲਵੀ ਫਜਲ ਹੱਕ 'ਕੱਠੇ ਸਰਗਰਮ ਸਨ। ਕੋਟਾ (ਰਾਜਸਥਾਨ) ਵਿੱਚ ਅੰਗਰੇਜ਼ਾਂ ਦੇ ਪਿੱਠੂ ਮਹਾਰਾਵ ਵਿਰੁੱਧ ਮੁੱਖ ਦਰਬਾਰੀ ਜਯਦਿਆਲ ਭਟਨਾਗਰ ਅਤੇ ਮਹਾਂ ਯੋਧੇ ਮੇਹਰਬਾਨ ਨੇ 'ਕੱਠਿਆਂ ਹੀ ਬਗਾਵਤ ਕੀਤੀ ਸੀ। ਹਾਂਸੀ (ਹਰਿਆਣਾ) ਦੇ ਹੁਕਮ ਚੰਦ ਅਤੇ ਮੁਨੀਰ ਬੇਗ ਸਾਂਝੇ ਤੌਰ 'ਤੇ ਗੋਰਿਆਂ ਵਿਰੁੱਧ ਜੂਝ-ਮਰੇ। ਰੁਹੇਲਖੰਡ ਦਾ ਖਾਨ ਬਹਾਦੁਰ ਆਪਣੇ ਕ੍ਰਾਂਤੀਕਾਰੀ ਮਿੱਤਰ ਖ਼ੁਸ਼ੀ ਰਾਮ ਸਮੇਤ ਲੜਿਆ। ਉਹ ਕੁਝ ਵੀ ਕਹੀ ਜਾਣ, ਅਸੀਂ 1857 ਦੀਆਂ ਹਿੰਦੂ-ਮੁਸਲਿਮ ਵਿਰਾਂਗਣਾ ਅਸਗਰੀ ਦੇਵੀ, ਬੀਬ ਉਮਦਾ, ਹਬੀਬਾ, ਆਸ਼ਾ ਦੇਵੀ, ਭਗਵਤੀ, ਮਾਮ ਕੌਰ ਅਤੇ ਰਾਜ ਕੌਰ ਦੀ ਕੁਰਬਾਨੀ ਨੂੰ ਨਹੀਂ ਭੁੱਲ ਸਕਦੇ। ਜਿਹੜੀਆਂ ਜਾਂ ਤਾਂ ਆਪਣੇ ਵਤਨ ਲਈ ਰਣ ਖੇਤਰ ਵੱਚ ਜੂਝ ਰੀਆਂ ਜਾਂ ਫਾਂਸੀ ਝੂਲ ਗਈਆਂ। ਵੱਡੀ ਗੱਲ, ਜਦ ਹਨੂਮਾਨਗੜੀ ਅਯੁੱਧਿਆ ਦੇ ਮੁੱਖ ਪੁਜਾਰੀ ਰਾਮ ਚਰਨ ਦਾਸ ਨੇ ਅੰਗਰੇਜ਼ਾਂ ਵਿਰੁੱਧ ਹਥਿਆਰ ਚੁੱਕੇ ਤਾਂ ਬਿਨਾਂ ਦਰੀ ਅਯੁੱਧਿਆ ਸਥਿਤ ਮੁਸਲਮਾਨਾਂ ਦਾ ਧਰਮ ਗੁਰੂ ਮੌਲਾਨਾ ਅਮੀਰ ਅਲੀ ਉਸ ਨਾਲ ਆ ਮਿਲਿਆ। ਫੜੇ ਜਾਣ ਉਪਰੰਤ ਦੋਵਾਂ ਨੂੰ ਸ਼ਰੇਆਮ ਉਸੇ ਸ਼ਹਿਰ ਦੇ ਕੁਬੇਲ ਟਿੱਲੇ ਦੇ ਵੱਡੇ ਇਮਲੀ ਦਰੱਖਤ ਨਾਲ ਇਕੱਠਿਆਂ ਹੀ ਫਾਹੇ ਟੰਗ ਦਿੱਤਾ। ਅਵਧ ਖੇਤਰ ਦੀਆਂ ਦੋ ਹੋਰ ਦਾਨਿਸ਼ਵਰ ਹਸਤੀਆਂ ਅੱਛਰਖਾਨ ਅਤੇ ਸ਼ੰਭੂ ਪ੍ਰਸ਼ਾਦ ਦੀ ਗੋਰਿਆਂ ਵਿਰੁੱਧ ਲਹੂ-ਵੀਹਵੀਂ ਲੜਾਈ ਨੂੰ ਅਸੀਂ ਤਾਂ ਭੁੱਲ ਨਹੀਂ ਸਕਦੇ, ਨਾ ਹੀ ਮੌਲਾਨਾ ਲਿਆਕਤ ਅਲੀ ਅਤੇ ਜਫਰ ਅਲੀ ਬਨੇਸਰੀ ਨੂੰ।

'ਹਿੰਦੂ-ਰਾਸ਼ਟਰਵਾਦੀਆਂ' ਕੋਲ ਸਭ ਤੋਂ ਵੱਡਾ ਟੂਲ ਇਹ ਹੈ ਕਿ ਮੁਸਲਮਾਨਾਂ ਨੇ ਵੱਖਰੇ ਦੇਸ਼ (ਪਾਕਿਸਤਾਨ) ਦੀ ਮੰਗ ਕੀਤੀ। ਇਹ ਤਸਵੀਰ ਦਾ ਇੱਕ ਪਾਸਾ ਹੈ। ਪਹਿਲੀ ਗੱਲ, ਅੱਡਰੇ ਦੇਸ਼ ਦੀ ਮੰਗ ਦਾ ਮੁੱਖ ਧਰਾਤਲ ਦੋ-ਕੌਮਾਂ ਦੀ ਥਿਊਰੀ ਬਣੀ। ਜਿਸ ਵਿੱਚ ਵਿੱਚ ਵੀ ਪਹਿਲ-ਕਦਮੀ ਹਿੰਦੂ-ਕੱਟੜਪੰਥੀਆਂ ਉਰਫ ਅਖੌਤੀ ਰਾਸ਼ਟਰਵਾਦ ਵੱਲੋਂ ਹੀ ਹੋਈ ਸੀ। ਦੂਜਾ, ਪਾਕਿਸਤਾਨ ਦੀ ਮੰਗ ਕਰਨ ਵਾਲਿਆਂ ਵਿੱਚ ਸਾਰੇ ਮੁਸਲਮਾਨ ਜਾਂ ਸਾਰੀਆਂ ਮੁਸਲਿਮ ਤਨਜ਼ੀਆ ਸ਼ਾਮਲ ਨਹੀਂ ਸਨ। ਇਹੋ ਦੋ ਨੁਕਤੇ ਇਸ ਲੇਖ ਦਾ ਸੰਖੇਪ ਪਰ ਮੁੱਖ ਵਿਸ਼ਾ ਹਨ।

ਉਨਵੀਂ ਸਦੀ ਦੇ ਪਹਿਲੇ ਚੌਥੇ ਵਿੱਚ ਭਾਰਤੀ ਰਾਸ਼ਟਰਵਾਦ ਨੂੰ ਹਿੰਦੂ-ਮੁਸਲਿਮ ਦੋ ਵੱਖ-ਵੱਖ ਕੌਮਾਂ ਵਿੱਚ ਵੰਡਣ ਦੀ ਪ੍ਰਤੀਕਿਰਿਆ ਸ਼ੁਰੂ ਹੋਈ। (ਕੌਮ ਦੀ ਸੰਸਾਰ ਪ੍ਰਵਾਨਤ ਧਾਰਨਾ ਅਨੁਸਾਰ, ਇਹ ਦੋਵੇਂ ਅੱਡ-ਅੱਡ ਧਰਮ ਹਨ, ਕੌਮ ਨਹੀਂ, ਜਿਵੇਂ ਪੰਜਾਬੀ ਕੌਮ, ਬੰਗਾਲੀ ਕੌਮ ਆਦਿ) ਜਿਸ ਨੂੰ 1857 ਦੇ ਗਦਰ ਉਪਰੰਤ ਜਿਸ ਵਿੱਚ ਭਾਰਤ ਦੇ ਸਾਰੇ ਜਾਤਾਂ-ਧਰਾਂ ਦੇ ਅਨੁਆਈ ਵਿਸ਼ੇਸ਼ ਕਰਕੇ ਕਿਰਤੀ ਸ਼ਿਲਪੀ ਸਾਂਝੇ ਤੌਰ ਜਤੇ ਲੜੇ, ਨੂੰ ਅੰਗਰੇਜ਼ਾਂ ਨੇ ਤੂਲ ਦਿੱਤੀ ਅਰਥਾਤ 'ਫੁੱਟ-ਪਾਓ ਰਾਜ ਕਰੋ' ਕਿਉਂਕਿ ਹਾਕਮ ਸਮਝਦੇ ਸਨ/ਹਨ ਕਿ ਜੇ ਸਾਰੇ ਭਾਰਤੀ ਇੱਕ-ਜੁੱਟ ਰਹੇ ਤਾਂ ਉਹ ਮਲੀਆਮੇਟ ਹੋ ਜਾਣਗੇ।

ਸਭ ਤੋਂ ਪਹਿਲਾਂ ਇੱਕ ਰਾਸ਼ਟਰਵਾਦੀ ਭਾਈ ਪਰਮਾਨੰਦ (1876-1946) ਨੇ ਇਤਿਹਾਸ ਦੀ ਸਿਰਫ ਇੱਕ ਧਾਰਾ ਦਾ ਸਹਾਰਾ ਲੈਂਦਿਆਂ ਫੁਰਮਾਇਆ ਕਿ ਹਿੰਦੂ ਅਤੇ ਮੁਸਲਮਾਨ ਆਪਣੇ ਇਸ਼ਟ, ਧਰਮ ਅਤੇ ਨਾਇਕਾਂ ਵਜੋਂ ਅੱਡ-ਅੱਡ ਕੌਮਾਂ ਹਨ, ਪ੍ਰੰਤੂ ਜੋਜਫ ਅਰਨੇਸਟ ਚੇਤੰਨ ਮੁਤਾਬਕ, 'ਆਪਣੇ ਇਤਿਹਾਸ ਨੂੰ ਮੇਚ ਆਉਂਦਾ ਵਾਚਣਾ, ਇੱਕ ਰਾਸ਼ਟਰ (ਅਖੌਤੀ) ਬਨਾਉਣ ਦੀ ਸੋੜੀ-ਪ੍ਰਕਿਰਿਆ ਦਾ ਇੱਕ ਹਿੱਸਾ ਹੁੰਦਾ ਹੈ।' ਈ ਜੇ ਹਾਬਸਵਾਨ ਨੇ ਤਰਕ, 'ਰਾਸ਼ਟਰਵਾਦ ਨੂੰ ਉਹਨਾਂ ਗੱਲਾਂ ਦੀ ਜਿਆਦਾ ਲੋੜ ਹੁੰਦੀ ਹੈ ਜੋ ਦਰਅਸਲ ਹੁੰਦੀਆਂ ਹੀ ਨਹੀਂ' ਨੂੰ ਕਾਰਲ ਮਾਰਕਸ ਦੇ ਸੰਦਰਭ 'ਚ 'ਸੱਤਾਧਾਰੀ ਵਰਗ, ਉਸ ਦੇ ਪਿਛਲੱਗ ਜਾਂ ਸਤਾਹ ਦੀ ਆਪਣੀ ਧਿਰ ਲਈ ਹਿਰਸ ਪਾਲੀ ਬੈਠੇ, ਇਤਿਹਾਸ ਦੀਆਂ ਕੁਝ ਗੱਲਾਂ ਨੂੰ ਆਪਣੀ ਸਵਾਰਥ ਸਿੱਧੀ ਲਈ ਤੋੜ-ਮਰੋੜ ਕੇ ਇਸਤੇਮਾਲ ਕਰਦੇ ਹਨ।' ਪਰਮਾਨੰਦ ਦੇ ਇਲਾਹੀ ਕਥਨ ਤੋਂ ਬਾਅਦ ਤਾਂ ਚੱਲ ਸੋ ਚੱਲ। ਚਿੰਤਕ ਅਰਵਿੰਦ ਘੋਸ਼ ਨੇ ਨਾਨਾ ਰਾਜ ਨਰਾਇਣ ਬਾਸੂ (1826-1899), ਨਵਗੋਪਾਲ ਮਿੱਤਰ (1840-1894), ਅੰਸ਼ਿਕ ਰੂਪ 'ਚ ਬਾਲ ਗੰਗਾਧਰ ਤਿਲਕ ਤੇ ਲਾਲਾ ਲਾਜਪਤ ਰਾਏ )1865-

**(ਬਾਕੀ ਸਫ਼ਾ 7 'ਤੇ)**

ਨਰਿੰਦਰ ਸਿੰਘ ਢਿੱਲੋਂ
1-587-436-4032

# ਪੰਜਾਬ ਕਾਂਗਰਸ ਪਾਰਟੀ, ਕਿੱਸਾ ਕੁਰਸੀ ਦਾ



ਕਾਂਗਰਸ ਪਾਰਟੀ ਦੇ ਅੰਦਰੂਨੀ ਕਾਟੋ ਕਲੇਸ਼ ਨੇ ਪਾਰਟੀ ਦੇ ਹੇਠਲੇ ਵਰਕਰ ਤਕ ਸਭ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਹ ਕਲੇਸ਼ ਬਾਹਰੋਂ ਨਹੀਂ ਬਲਕਿ ਕਾਂਗਰਸ ਦੇ ਅੰਦਰੋਂ ਹੀ ਪੈਦਾ ਹੋਇਆ ਹੈ। ਇਸ ਸਮੇਂ ਜਦ ਸਾਰੀਆਂ ਸਿਆਸੀ ਪਾਰਟੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਕਮਰ ਕੱਸੇ ਕਰ ਰਹੀਆਂ ਹਨ ਤਾਂ ਕਾਂਗਰਸ ਦਾ ਇਹ ਵਿਵਾਦ ਪਾਰਟੀ ਮੁਹਿੰਮ ਨੂੰ ਵੱਡਾ ਝਟਕਾ ਲਾ ਸਕਦਾ ਹੈ । ਇਸ ਦਾ ਮੁੱਖ ਕਾਰਨ ਪਿਛਲੇ ਸਾਢੇ ਚਾਰ ਸਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਰਾਜ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਕੇ ਆਰਾਮ ਅਤੇ ਐਸ਼ ਦੀ ਜ਼ਿੰਦਗੀ ਬਤੀਤ ਕਰਦਿਆਂ ਅਫਸਰਸ਼ਾਹੀ ਅਤੇ ਆਪਣੇ ਜੋਟੀਦਾਰ ਸਲਾਹਕਾਰਾਂ ਤੇ ਟੇਕ ਰੱਖਣਾ ਹੀ ਹੈ। 2017 ਦੀ ਵਿਧਾਨ ਸਭਾ ਚੋਣ ਜੋ ਕਾਂਗਰਸ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਲੜੀ ਸੀ ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਵੋਟਾਂ ਬਟੋਰਨ ਲਈ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ ਉਹ ਲੋਕਾਂ ਨੂੰ ਯਾਦ ਹਨ ਜਿਸ ਕਰਕੇ ਲੋਕਾਂ ਨੇ ਕਾਂਗਰਸ ਪਾਰਟੀ ਦੇ ਵਿਧਾਇਕਾਂ ਅਤੇ ਨੇਤਾਵਾਂ ਨੂੰ ਸੁਆਲ ਕਰਨੇ ਸ਼ੁਰੂ ਕਰ ਦਿੱਤੇ ਹਨ ਤੇ ਵਿਰੋਧੀ ਪਾਰਟੀਆਂ ਨੇ ਵੀ ਹਮਲਾਵਰ ਰੁਖ ਅਖਤਿਆਰ ਕਰ ਲਿਆ ਹੈ। ਇਸ ਵਿਚ ਬੇਅਦਬੀ ਕਾਂਡ ਦੇ ਦੋਸ਼ੀਆਂ ਵਿਰੁੱਧ ਕਾਰਵਾਈ, ਕਿਸਾਨਾਂ ਦੇ ਸਮੁੱਚੇ ਕਰਜੇ ਮੁਆਫ ਕਰਨੇ, ਘਰ ਘਰ ਵਿਚ ਨੌਕਰੀ, ਚਾਰ ਹਫਤਿਆਂ ਵਿਚ ਨਸ਼ਾ ਖਤਮ ਕਰਨਾ, ਮਾਈਨਿੰਗ, ਟਰਾਂਸਪੋਰਟ, ਕੇਬਲ, ਸ਼ਰਾਬ ਆਦਿ ਮਾਫੀਏ ਵਿਰੁੱਧ ਕਾਰਵਾਈ, ਬੁਢਾਪਾ ਪੈਨਸ਼ਨ ਅਤੇ ਸ਼ਗਨ ਸਕੀਮ ਦੀ ਰਕਮ ਵਿੱਚ ਵਾਧਾ ਕਰਨਾ, ਕੱਚੇ ਮੁਲਾਜਮਾਂ ਨੂੰ ਪੱਕੇ ਕਰਨਾ, ਮੁਲਾਜਮਾਂ ਅਤੇ ਪੈਨਸ਼ਨਰਾਂ ਦਾ ਰੁਕਿਆ ਹੋਇਆ ਮਹਿੰਗਾਈ ਭੱਤਾ ਅਤੇ ਗਰੇਡਾਂ ਵਿੱਚ ਸੋਧ ਕਰਨੀ, ਵਿਦਿਆਰਥੀਆਂ ਨੂੰ ਸਮਾਰਟਫੋਨ ਦੇਣੇ ਆਦਿ ਅਤੇ ਹੋਰ ਬਹੁਤ ਸਾਰੇ ਵਾਅਦੇ ਸ਼ਾਮਲ ਸਨ। ਇਸ ਤੋਂ ਇਲਾਵਾ ਅਕਾਲੀ ਭਾਜਪਾ ਸਰਕਾਰ ਵੱਲੋਂ ਬਿਜਲੀ ਕੰਪਨੀਆਂ ਨਾਲ ਕੀਤੇ ਘਾਟੇਵੰਦੇ ਸਮਝੌਤਿਆਂ ਨੂੰ ਰੱਦ ਕਰਨਾ ਵੀ ਸ਼ਾਮਲ ਸੀ। ਇਨ੍ਹਾਂ ਵਾਅਦਿਆਂ ਨੂੰ ਨਜਰਅੰਦਾਜ ਕਰਨ ਕਰਕੇ ਪਾਰਟੀ ਨੇਤਾਵਾਂ ਵਿੱਚ ਕਾਫ਼ੀ ਰੋਹ ਪੈਦਾ ਹੋ ਗਿਆ ਸੀ।

ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧ ਵਿਚ ਬਲਦੀ ਤੇ ਤੇਲ ਉਦੋਂ ਪਿਆ ਜਦ ਹਾਈ ਕੋਰਟ ਨੇ ਕੁੰਵਰ ਵਿਜੇ ਪ੍ਰਤਾਪ ਸਿੰਘ ਰਾਹੀਂ ਪੇਸ਼ ਹੋਈ ਬੇਅਦਬੀ ਕਾਂਡ ਬਾਰੇ ਸਿੱਟ ਦੀ ਜਾਂਚ ਰਿਪੋਰਟ ਰੱਦ ਕਰ ਦਿੱਤੀ। ਇਸ ਜਾਂਚ ਲਈ ਸਿੱਟ ਦੇ ਮੈਂਬਰਾਂ ਦਾ ਇੱਕ ਸੁਰ ਨਾ ਹੋਣਾ, ਐਡਵੋਕੇਟ ਜਨਰਲ ਅਤੁਲ ਨੰਦਾ ਵੱਲੋਂ ਹਾਈ ਕੋਰਟ ਵਿਚ ਪੇਸ਼ ਹੀ ਨਾ ਹੋਣਾ, ਕੇਸ ਦੀ ਪੈਰਵੀ ਨਾ ਕਰਨਾ, ਇਸ ਸਾਰੇ ਘਟਨਾਕ੍ਰਮ ਤੇ ਮੁੱਖ ਮੰਤਰੀ ਵੱਲੋਂ ਚੁੱਪ ਰਹਿਣਾ ਅਤੇ ਹਾਈ ਕੋਰਟ ਦੇ ਸਮੁੱਚੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੈਲੇਂਜ ਨਾ ਕਰਨ ਤੋਂ ਇਹ ਪ੍ਰਭਾਵ ਗਿਆ ਕਿ ਮੁੱਖ ਮੰਤਰੀ ਨੇ ਇਹ ਵਤੀਰਾ ਬਾਦਲਾਂ ਨੂੰ ਬਚਾਉਣ ਲਈ ਅਖਤਿਆਰ ਕੀਤਾ ਹੈ ਕਿਉਂਕਿ ਸਿਆਸੀ ਹਲਕਿਆਂ ਵਿਚ ਇਹ ਸਮਝਿਆ ਜਾਂਦਾ ਸੀ ਕਿ ਇਸ ਕਾਂਡ ਪਿੱਛੇ ਅਕਾਲੀ ਆਗੂਆਂ ਦਾ ਹੱਥ ਸੀ। ਕਾਂਗਰਸ ਸਰਕਾਰ ਦੇ ਪਿਛਲੇ ਲੰਮੇ ਸਮੇਂ ਵਿੱਚ ਵੱਖ ਵੱਖ ਮੁੱਦਿਆਂ ਤੇ ਮੁੱਖ ਮੰਤਰੀ ਦੇ ਬਾਦਲਾਂ ਪ੍ਰਤੀ ਕਥਿਤ ਨਰਮ ਰਵੱਈਏ ਕਰ ਕੇ ਕਾਂਗਰਸ ਅੰਦਰੋਂ ਕੈਪਟਨ ਤੇ ਬਾਦਲਾਂ ਨਾਲ ਰਲੇ ਹੋਣ ਦੀਆਂ ਆਵਾਜ਼ਾਂ ਉੱਠਦੀਆਂ ਰਹੀਆਂ ਸਨ। ਲਗਪਗ ਮਈ 2021 ਦੇ ਸ਼ੁਰੂ ਵਿੱਚ ਭਗਵੰਤ ਮਾਨ ਨੇ ਇਹ ਇੰਕਸ਼ਾਫ ਕੀਤਾ ਸੀ ਕਿ ਪੰਜਾਬ ਵਿਧਾਨ ਸਭਾ ਦੀਆਂ 2017 ਦੀਆਂ ਚੋਣਾਂ ਤੋਂ ਪਹਿਲਾਂ ਚੀਫ ਖਾਲਸਾ ਦੀਵਾਨ ਦੇ ਇਕ ਨੇਤਾ ਦੇ ਪਰਿਵਾਰਕ ਸਮਾਗਮ ਦੁਬਈ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਸ਼ਾਮਲ ਹੋਏ ਸਨ। ਦੁਬਈ ਵਿਚ ਇਨ੍ਹਾਂ ਦੋਹਾਂ ਦਾ ਸਮਝੌਤਾ ਹੋਇਆ ਸੀ ਜਿਸ ਕਰਕੇ ਇਹ ਦੋਵੇਂ ਹੁਣ ਜ਼ੁਬਾਨੀ ਇੱਕ ਦੂਜੇ ਵਿਰੁੱਧ ਜੋ ਮਰਜ਼ੀ ਕਹੀ ਜਾਣ ਉਂਜ ਇਹ ਰਲ ਮਿਲ ਕੇ ਚੱਲ ਰਹੇ ਹਨ। ਇਨ੍ਹਾਂ ਦੋਹਾਂ ਨੇ ਅੱਜ ਤੱਕ ਭਗਵੰਤ ਮਾਨ ਦੇ ਇਸ ਬਿਆਨ ਤੇ ਕੋਈ ਟਿੱਪਣੀ ਨਹੀਂ ਕੀਤੀ ਜਿਸ ਕਰ ਕੇ ਲੋਕਾਂ ਵਿਚ ਇਨ੍ਹਾਂ ਦੇ ਆਪਸ 'ਚ ਰਲੇ ਹੋਣ ਦਾ ਸ਼ੱਕ ਹੋਰ ਮਜ਼ਬੂਤ ਹੁੰਦਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕੰਮ ਢੰਗ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਸਰਕਾਰ ਬਣਦੇ ਸਮੇਂ ਤੋਂ ਹੀ ਇਹ ਚਰਚਾ ਰਹੀ ਹੈ ਕਿ ਉਹ ਸਕੱਤਰੇਤ ਜਾਂਦੇ ਹੀ ਨਹੀਂ ਅਤੇ ਆਪਣੇ ਸਿਸਵਾਂ ਫਾਰਮ ਹਾਊਸ ਤੋਂ ਹੀ ਸਰਕਾਰ ਚਲਾਉਂਦੇ ਹਨ। ਹੁਣ ਜਦੋਂ ਕਾਂਗਰਸ ਪਾਰਟੀ ਵਿੱਚ ਉਨ੍ਹਾਂ ਦਾ ਵਿਰੋਧ ਵਧਿਆ ਹੈ ਅਤੇ ਗੱਲ ਕੇਂਦਰੀ ਲੀਡਰਸ਼ਿਪ ਤਕ ਗਈ ਹੈ ਤਾਂ ਉਹ ਚੰਡੀਗੜ੍ਹ ਸਥਿਤ ਸਰਕਾਰੀ ਕੋਠੀ ਵਿੱਚ ਗੇੜਾ ਮਾਰਨ ਲੱਗੇ ਹਨ। ਸਰਕਾਰ ਠੀਕ ਢੰਗ ਨਾਲ ਸਕੱਤਰੇਤ ਵਿੱਚੋਂ ਹੀ ਚੱਲ ਸਕਦੀ ਹੈ ਫਾਰਮ ਹਾਊਸ ਤੋਂ ਨਹੀਂ। ਹੈਰਾਨਗੀ ਦੀ ਗੱਲ ਹੈ ਕਿ ਉਨ੍ਹਾਂ ਨੇ ਵੱਡੀ ਗਿਣਤੀ ਵਿਚ ਆਪਣੇ ਨਾਲ ਸਲਾਹਕਾਰ, ਸਕੱਤਰ,ਓ ਐਸ ਡੀ ਭਰਤੀ ਕੀਤੇ ਹੋਏ ਹਨ ਜਿਨ੍ਹਾਂ ਨੂੰ ਕੈਬਨਿਟ ਰੈਂਕ ਦੇ ਕੇ ਸਰਕਾਰੀ ਸਹੂਲਤਾਂ ਦਿੱਤੀਆਂ ਹੋਈਆਂ ਹਨ ਜਿਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਾਇਆ ਜਾ ਰਿਹਾ ਹੈ। ਆਮ ਲੋਕਾਂ ਅਤੇ ਕਾਂਗਰਸੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਕੀ ਮੁੱਖ ਮੰਤਰੀ ਦਾ ਆਪਣਾ ਦਿਮਾਗ ਹੁਣ ਘੱਟ ਕੰਮ ਕਰਦਾ ਹੈ? ਕੀ ਉਸ ਦਾ ਮੰਤਰੀ ਮੰਡਲ ਵਧੀਆ ਸਲਾਹਕਾਰ ਨਹੀਂ ਹੈ? ਅਤੇ ਕੀ ਅਸੈਂਬਲੀ ਦੇ ਸਾਰੇ ਵਿਧਾਇਕਾਂ ਤੋਂ ਸਲਾਹ ਮਸ਼ਵਰਾ ਨਹੀਂ ਲਿਆ ਜਾ ਸਕਦਾ? ਸਲਾਹਕਾਰਾਂ ਅਤੇ ਹੋਰ ਅਮਲਾ ਫੈਲਾ ਭਰਤੀ ਕਰ ਕੇ ਜਨਤਾ ਦੇ ਟੈਕਸ ਦੇ ਪੈਸੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਹੁਣ ਤਾਂ ਕਾਂਗਰਸ ਪਾਰਟੀ ਦੇ ਮੰਤਰੀ ਅਤੇ ਵਿਧਾਇਕ ਜਨਤਕ ਤੌਰ ਤੇ ਕਹਿ ਚੁੱਕੇ ਹਨ ਕਿ ਮੁੱਖ ਮੰਤਰੀ ਕਿਸੇ ਨੂੰ ਮਿਲਦੇ ਹੀ ਨਹੀਂ ਜਿਸ ਕਰਕੇ ਉਹ ਮੁੱਖ ਮੰਤਰੀ ਨਾਲ ਕਰਨ ਵਾਲੀ ਗੱਲ ਹੋਰ ਕਿਤੇ ਕਰ ਹੀ ਨਹੀਂ ਸਕਦੇ। ਇਸ ਹਾਲਤ ਵਿੱਚ ਲੋੜ ਪੈਣ ਤੇ ਆਮ ਲੋਕ ਉਨ੍ਹਾਂ ਨੂੰ ਕਿਵੇਂ ਮਿਲ ਸਕਦੇ ਹਨ।

ਮੁੱਖ ਮੰਤਰੀ ਜੇ ਕਰ ਸਰਕਾਰ ਚਲਾਉਣ ਦਾ ਕੰਮ ਅਫਸਰਸ਼ਾਹੀ ਤੇ ਛੱਡ ਦੇਣਗੇ ਤਾਂ ਅਫ਼ਸਰਸ਼ਾਹੀ ਫਿਰ ਮਨ ਮਾਨੀਆਂ ਕਰੇਗੀ ਹੀ। ਇਸੇ ਕਰਕੇ ਵਿਰੋਧੀ ਪਾਰਟੀਆਂ ਹੀ ਨਹੀਂ ਕਾਂਗਰਸੀ ਵਿਧਾਇਕ ਅਤੇ ਕਈ ਵਾਰ ਮੰਤਰੀ ਵੀ ਇਹ ਦੋਸ਼ ਲਾਉਂਦੇ ਹਨ ਕਿ ਅਫਸਰ ਸਾਡੀ ਸੁਣਦੇ ਨਹੀਂ ਅਕਾਲੀਆਂ ਦੀ ਵੱਧ ਸੁਣਦੇ ਹਨ ਜਿਸ ਤੋਂ ਇਹ ਪ੍ਰਭਾਵ ਜਾਂਦਾ ਸੀ ਕਿ ਇਹ ਸਭ ਕੁਝ ਮੁੱਖ ਮੰਤਰੀ ਦੇ ਅਕਾਲੀਆਂ ਨਾਲ ਰਲੇ ਹੋਣ ਕਰਕੇ ਹੈ। ਇਸ ਹਾਲਤ ਵਿੱਚ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਦੇ ਮੁੱਦੇ ਹੱਲ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਹੈ। ਸਰਕਾਰ ਦੇ ਸਾਢੇ ਚਾਰ ਸਾਲ ਬੀਤ ਜਾਣ ਤੋਂ ਬਾਅਦ ਹੀ ਕਾਂਗਰਸ ਪਾਰਟੀ ਵਿੱਚ ਲਾਵਾ ਫੁੱਟਿਆ ਹੈ ਕਿ ਜੇਕਰ ਪੰਜਾਬ ਦੇ ਮੁੱਦੇ ਅਤੇ 2017 ਵਿੱਚ ਕੀਤੇ ਚੋਣ ਵਾਅਦਿਆਂ ਨੂੰ ਹੱਲ ਨਾ ਕੀਤਾ ਗਿਆ ਤਾਂ ਕਾਂਗਰਸ ਪਾਰਟੀ ਦੇ ਲੀਡਰ ਤੇ ਵਰਕਰ ਕਿਹੜਾ ਮੂੰਹ ਲੈ ਕੇ ਅਗਲੀ ਚੋਣ ਲਈ ਲੋਕਾਂ ਵਿੱਚ ਜਾਣਗੇ। ਪਟਿਆਲਾ ਅਤੇ ਚੰਡੀਗੜ੍ਹ ਵਿੱਚ ਬੇਰੁਜਗਾਰ, ਵੱਖ ਵੱਖ ਵਿਭਾਗਾਂ ਦੇ ਮੁਲਾਜਮ, ਡਾਕਟਰ, ਪੈਨਸ਼ਨਰ, ਕਿਸਾਨ, ਮਜਦੂਰ ਅਤੇ ਆਂਗਨਵਾੜੀ ਵਰਕਰ ਆਦਿ ਹਰ ਰੋਜ ਰੋਸ ਮੁਜ਼ਾਹਰੇ ਕਰਦੇ ਪਾਣੀ ਦੀਆਂ ਬੁਛਾੜਾਂ ਅਤੇ ਲਾਠੀਆਂ ਦੀ ਮਾਰ ਖਾਂਦੇ ਹਨ ਪਰ ਮੁੱਖ ਮੰਤਰੀ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਜ਼ਰੂਰਤ ਨਹੀਂ ਸਮਝਦੇ। ਜਦ ਤੋਂ ਕਰੋਨਾ ਮਹਾਂਮਾਰੀ ਦਾ ਦੌਰ ਸ਼ੁਰੂ ਹੋਇਆ ਹੈ ਮੁੱਖ ਮੰਤਰੀ ਸਿਸਵਾਂ ਫਾਰਮ ਤੋਂ ਪੰਜਾਬ ਵਿੱਚ ਸ਼ਾਇਦ ਇਹ ਇਕ ਦੋ ਦਿਨ ਨਿਕਲੇ ਹੋਣ। ਆਪਣੇ ਆਪ ਨੂੰ ਫ਼ੌਜੀ ਹੋਣ ਦੀ ਬੜ੍ਹਕ ਮਾਰਨ ਵਾਲੇ ਕੈਪਟਨ ਸਾਬ੍ਹ ਕਰੋਨਾ ਤੋਂ ਇੰਨਾ ਡਰ ਗਏ ਕਿ ਲੋਕਾਂ ਦੀ ਖ਼ਬਰਸਾਰ ਲੈਣ ਦੀ ਉਨ੍ਹਾਂ ਵਿੱਚ ਕੋਈ ਹਿੰਮਤ ਨਹੀਂ।

ਮੁੱਖ ਮੰਤਰੀ ਵਿਰੁੱਧ ਕਈ ਸਾਲਾਂ ਤੋਂ ਇਕ ਪਾਕਿਸਤਾਨੀ ਔਰਤ ਨੂੰ ਆਪਣੇ ਕੋਲ ਰੱਖਣ ਦੀ ਚਰਚਾ ਮੀਡੀਆ ਵਿੱਚ ਹੁੰਦੀ ਰਹੀ ਹੈ । ਮੁੱਖ ਮੰਤਰੀ ਵਰਗੇ ਸੰਵਿਧਾਨਕ ਅਹੁਦੇ ਤੇ ਬੈਠੇ ਵਿਅਕਤੀ ਨੂੰ ਇਹੋ ਜਿਹੇ ਵਿਵਾਦ ਦਾ ਮੌਕਾ ਹੀ ਨਹੀਂ ਦੇਣਾ ਚਾਹੀਦਾ ਪਰ ਉਨ੍ਹਾਂ ਨੇ ਇਸ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ ਐਸੇ ਅਹੁਦੇ ਤੇ ਬੈਠੀ ਕਿਸੇ ਵੀ ਸ਼ਖਸੀਅਤ ਦੀਆਂ ਗਲਾਸੀ ਸਮੇਤ ਵੀਡਿਓ ਸੋਸ਼ਲ ਮੀਡੀਆ ਤੇ ਵਾਇਰਲ ਹੁੰਦੀਆਂ ਹੋਣ ਤਾਂ ਇਹ ਸ਼ੋਭਾ ਨਹੀਂ ਦਿੰਦਾ। ਇਹੋ ਜਿਹੇ ਵਿਵਾਦ ਨੂੰ ਨਿੱਜੀ ਮਸਲਾ ਕਹਿ ਕੇ ਟਾਲਿਆ ਨਹੀਂ ਜਾ ਸਕਦਾ ਕਿਉਂਕਿ ਐਸੇ ਅਹੁਦੇ ਤੇ ਬੈਠੇ ਵਿਅਕਤੀ ਦੀ ਸ਼ਖ਼ਸੀਅਤ ਤੇ ਲੋਕਾਂ ਦਾ ਵੀ ਅਧਿਕਾਰ ਹੁੰਦਾ ਹੈ। ਇਹੋ ਜਿਹੇ ਚੱਲਦੇ ਵਿਵਾਦ ਲੋਕਾਂ ਵਿਚ ਗਲਤ ਸੁਨੇਹਾ ਦਿੰਦੇ ਹਨ ਅਤੇ ਉਸ ਵਿਅਕਤੀ ਦੀ ਸ਼ਖ਼ਸੀਅਤ ਨੂੰ ਦਾਗ਼ੀ ਕਰਦੇ ਹਨ।

ਕਾਂਗਰਸ ਪਾਰਟੀ ਦੀ ਅੰਦਰੂਨੀ ਜੰਗ ਕੈਪਟਨ -ਸਿੱਧੂ ਜੰਗ ਨਹੀਂ ਹੈ । ਇਹ ਅਮਰਿੰਦਰ ਸਿੰਘ ਵੱਲੋਂ ਪੰਜਾਬ ਮੁੱਦੇ ਤੇ ਚੋਣ ਵਾਅਦੇ ਨਜਰਅੰਦਾਜ ਕਰਨ ਦਾ ਵਿਰੋਧ ਹੈ। ਨਵਜੋਤ ਸਿੰਘ ਸਿੱਧੂ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੇ ਮੁੱਦੇ ਉਠਾਉਣ ਦਾ 'ਦੋਸ਼ੀ 'ਹੈ ਇਹੀ 'ਦੋਸ਼ 'ਵਿਧਾਇਕ ਪਰਗਟ ਸਿੰਘ ਦਾ ਹੈ ਜਿਸ ਨੇ ਦੋ ਕੁ ਸਾਲ ਪਹਿਲਾਂ ਇਨ੍ਹਾਂ ਮੁੱਦਿਆਂ ਵੱਲ ਧਿਆਨ ਦੇਣ ਲਈ ਮੁੱਖ ਮੰਤਰੀ ਨੂੰ ਚਿੱਠੀ ਲਿਖੀ ਸੀ ਅਤੇ ਮੁੱਖ ਮੰਤਰੀ ਵੱਲੋਂ ਸੱਦਣ ਤੇ ਸਾਰੀ ਸਥਿਤੀ ਵੀ ਸਪੱਸ਼ਟ ਕੀਤੀ ਸੀ। 'ਅਸੰਤੁਸ਼ਟ' ਮੰਤਰੀਆਂ ਅਤੇ ਨੇਤਾਵਾਂ ਦਾ ਵੀ ਇਹੋ ਕਸੂਰ ਹੈ ਕਿ ਉਨ੍ਹਾਂ ਨੇ ਇਨ੍ਹਾਂ ਮੁੱਦਿਆਂ ਵੱਲ ਧਿਆਨ ਦੇਣ ਦੀ ਮੰਗ ਕੀਤੀ ਸੀ ਪਰ ਇਨ੍ਹਾਂ ਦੀ ਜ਼ੁਬਾਨਬੰਦੀ ਲਈ ਵਿਜੀਲੈਂਸ ਦੇ ਛਾਪੇ ਅਤੇ ਨਤੀਜੇ ਭੁਗਤਣ ਲਈ ਤਿਆਰ ਰਹਿਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਲੇਕਿਨ ਇਹ ਦਾਅ ਪੇਚ ਵੀ ਮੁੱਖ ਮੰਤਰੀ ਨੂੰ ਉਲਟਾ ਪਿਆ ਤੇ ਵਿਰੋਧ ਹੋਰ ਤਿੱਖਾ ਹੋ ਗਿਆ।

ਜਦ ਪਾਰਟੀ ਵਿਚ ਅੰਦਰੂਨੀ ਵਿਵਾਦ ਹੋਵੇ ਤਾਂ ਪਾਰਟੀ ਪ੍ਰਧਾਨ ਨੂੰ ਉਸ ਵਿੱਚ ਦਖ਼ਲਅੰਦਾਜ਼ੀ ਕਰਕੇ ਵਿਵਾਦ ਹੱਲ ਕਰਨਾ ਚਾਹੀਦਾ ਹੈ। ਪੰਜਾਬ ਕਾਂਗਰਸ ਦਾ ਪ੍ਰਧਾਨ ਸੁਨੀਲ ਜਾਖੜ ਭਾਵੇਂ ਚੰਗੇ ਇਨਸਾਨ ਦੀ ਦਿੱਖ ਰੱਖਦਾ ਹੈ ਲੇਕਿਨ ਅਮਰਿੰਦਰ ਸਿੰਘ ਸਾਹਮਣੇ ਉਹ ਆਪਣੀ ਸਿਆਸੀ ਅਧਿਕਾਰਤ ਸ਼ਕਤੀ ਦਿਖਾਉਣ ਦੀ ਹਿੰਮਤ ਨਹੀਂ ਰੱਖਦਾ ਬਲਕਿ ਉਹ ਕੈਪਟਨ ਦੇ ਪਿਛਲੱਗ ਦੇ ਰੂਪ ਵਿੱਚ ਵਿਚਰਦਾ ਹੈ। ਪਾਰਟੀ ਲੀਡਰ ਕਮਜ਼ੋਰ ਹੋਣ ਕਰਕੇ ਵੀ ਕਈ ਛੋਟੀਆਂ ਸਮੱਸਿਆਵਾਂ ਸਮੇਂ ਸਿਰ ਹੱਲ ਨਾ ਹੋਣ ਕਰਕੇ ਵੱਡੀਆਂ ਹੋ ਜਾਂਦੀਆਂ ਹਨ। ਹੁਣ ਇਹ ਪਾਰਟੀ ਦਾ ਅੰਦਰੂਨੀ ਰੇੜਕਾ ਸੋਨੀਆ ਗਾਂਧੀ ਦੀ ਅਗਵਾਈ ਹੇਠ ਕੇਂਦਰੀ ਲੀਡਰਸ਼ਿਪ ਨੇ ਨਿਪਟਾਉਣ ਦੀ ਕੋਸ਼ਿਸ਼ ਕੀਤੀ ਹੈ ਜਿਸ ਅਨੁਸਾਰ ਮੁੱਖ ਮੰਤਰੀ ਨੂੰ ਪੰਜਾਬ ਸਮੱਸਿਆਵਾਂ ਬਾਰੇ ਅਠਾਰਾਂ ਨੁਕਾਤੀ ਏਜੰਡੇ ਤੇ ਅਮਲ ਕਰਨ ਲਈ ਕਿਹਾ ਗਿਆ ਹੈ। ਪਾਰਟੀ ਦੇ ਜਥੇਬੰਦਕ ਸੰਕਟ ਨੂੰ ਹੱਲ ਕਰਨ ਲਈ ਆਲ ਇੰਡੀਆ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਅਮਰਿੰਦਰ ਸਿੰਘ ਦੇ ਸਿੱਧੂ ਵਿਰੋਧ, ਡਾਹੇ ਜਾਂਦੇ ਅੜਿੱਕਿਆਂ ਅਤੇ ਬਹਾਨੇ ਬਾਜ਼ੀਆਂ ਨੂੰ ਦਰ ਕਿਨਾਰ ਕਰ ਦਿੱਤਾ, ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਐਲਾਨ ਦਿੱਤਾ ਅਤੇ ਉਸ ਨਾਲ ਚਾਰ ਕਾਰਜਕਾਰੀ ਪ੍ਰਧਾਨ ਲਾ ਦਿੱਤੇ ਹਨ। ਇੰਜ ਜਾਪਦਾ ਹੈ ਕਿ ਕੇਂਦਰੀ ਲੀਡਰਸ਼ਿਪ ਨੇ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਤਾਂ ਨਹੀਂ ਹਿਲਾਇਆ ਲੇਕਿਨ ਕੁਝ ਨਾ ਕੁਝ ਝਟਕਾ ਦੇ ਕੇ ਹੇਠਾਂ ਜ਼ਰੂਰ ਲਿਆਂਦਾ ਹੈ। ਉਂਜ ਵੀ ਕੈਪਟਨ ਦੀ ਪਾਰਟੀ ਵਿੱਚ ਹੁਣ ਉਹ ਦਿੱਖ ਨਹੀਂ ਰਹੀ ਜੋ ਪਹਿਲਾਂ ਹੁੰਦੀ ਸੀ। ਕੈਪਟਨ ਅਮਰਿੰਦਰ ਸਿੰਘ ਬਹੁਤੀ ਸਰਗਰਮੀ ਨਹੀਂ ਕਰ ਸਕਦੇ, ਗੱਲਾਂ ਕਰਦਿਆਂ ਵੀ ਉਨ੍ਹਾਂ ਨੂੰ ਸਾਹ ਚੜ੍ਹਦਾ ਹੈ ਇਸ ਕਰਕੇ ਸਿਹਤ ਦੇ ਪੱਖ ਤੋਂ ਵੀ ਉਨ੍ਹਾਂ ਨੂੰ ਆਪਣੇ ਆਪ ਹੀ ਵੱਡੀ ਜ਼ਿੰਮੇਵਾਰੀ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ ਅਤੇ ਨਵੀਂ ਟੀਮ ਨੂੰ ਸਹਿਯੋਗ ਦੇਣਾ ਚਾਹੀਦਾ ਹੈ।

ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਵਿੱਚ ਕਈ ਨੇਤਾ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾ ਕੇ ਇਸ ਨੂੰ ਅਹੁਦਿਆਂ ਅਤੇ ਵਜ਼ੀਰੀਆਂ ਦੀ ਵੰਡ ਨਾਲ ਜੋੜ ਰਹੇ ਹਨ। ਇਕ ਪ੍ਰੈਸ ਕਾਨਫਰੰਸ ਵਿਚ ਵਿਧਾਇਕ ਪਰਗਟ ਸਿੰਘ ਨੇ ਠੀਕ ਹੀ ਕਿਹਾ ਸੀ ਕਿ ਝਗੜਾ ਅਹੁਦਿਆਂ ਦਾ ਨਹੀਂ ਮੁੱਦੇ ਹੱਲ ਕਰਨ ਦਾ ਹੈ । ਜੇਕਰ ਅਹੁਦੇ ਵੰਡ ਦਿੱਤੇ ਜਾਣ ਤਾਂ ਕੀ ਮੁੱਦੇ ਹੱਲ ਹੋ ਜਾਣਗੇ? ਉਸ ਨੇ ਕਿਹਾ ਕਿ ਪੰਜਾਬੀਆਂ ਨਾਲ ਕੀਤੇ ਚੋਣ ਵਾਅਦਿਆਂ ਵਾਲੇ ਮੁੱਦੇ ਹੱਲ ਕਰਨੇ ਚਾਹੀਦੇ ਹਨ ਤਾਂ ਕਿ ਉਹ 2022 ਦੀਆਂ ਚੋਣਾਂ ਲਈ ਸਿਰ ਉੱਚਾ ਕਰਕੇ ਲੋਕਾਂ ਵਿੱਚ ਜਾ ਸਕਨ। ਪੰਜਾਬ ਦੀ ਡਿੱਗ ਰਹੀ ਅਰਥ ਵਿਵਸਥਾ ਅਤੇ ਨਿੱਤ ਦਿਨ ਵਧ ਰਹੀਆਂ ਸਮੱਸਿਆਵਾਂ ਕਾਰਨ ਲੋਕ ਡਾਢੇ ਚਿੰਤਾ ਵਿੱਚ ਹਨ। ਲੋਕ ਸਮਝਦੇ ਹਨ ਕਿ ਸਿਆਸੀ ਲੀਡਰਾਂ ਕੋਲ ਤਾਂ ਧਨ ਦੌਲਤ ਬਹੁਤ ਜਮ੍ਹਾਂ ਹੋਵੇਗੀ। ਪੰਜਾਬ ਨੂੰ ਬਰਬਾਦ ਕਰਨ ਅਤੇ ਲੁੱਟਣ ਦਾ ਦੋਸ਼ ਅਕਾਲੀ, ਭਾਜਪਾ ਅਤੇ ਕਾਂਗਰਸੀ ਲੀਡਰਾਂ ਉੱਤੇ ਲੱਗਦਾ ਹੈ। ਇਹ ਵੀ ਚਰਚਾ ਹੈ ਕਿ ਹੁਣ ਵੀ ਕਈ ਕਾਂਗਰਸੀ ਲੀਡਰ ਅਕਾਲੀ ਲੀਡਰਾਂ ਵਾਂਗ ਦੌਲਤ ਇਕੱਠੀ ਕਰਨ ਦੇ ਆਹਰ ਵਿੱਚ ਹਨ। ਕੁਝ ਨੇਤਾ ਤਾਂ ਲੁੱਟ ਲਓ, ਲੁੱਟ ਲਓ ਵਿੱਚ ਰੁੱਝੇ ਹੋਏ ਜਾਪਦੇ ਹਨ। ਇਨ੍ਹਾਂ ਲੀਡਰਾਂ ਨੇ ਰਾਜਨੀਤੀ ਨੂੰ ਵਪਾਰ ਹੀ ਬਣਾ ਲਿਆ ਹੈ। ਜੇਕਰ ਰਾਜ ਦੀ ਅਰਥਵਿਵਸਥਾ ਅਤੇ ਸਮੱਸਿਆਵਾਂ ਦਾ ਹੱਲ ਨਹੀਂ ਕੀਤਾ ਜਾਂਦਾ ਤਾਂ ਡੁੱਬਦੇ ਪੰਜਾਬ ਵਿੱਚ ਆਮ ਜਨਤਾ ਦਾ ਕੀ ਬਣੇਗਾ? ਪੰਜਾਬ ਨੂੰ ਡੋਬਣ ਵਿੱਚ ਇਨ੍ਹਾਂ ਪਾਰਟੀਆਂ ਦਾ ਮੁੱਖ ਰੋਲ ਸਮਝਿਆ ਜਾਂਦਾ ਹੈ। ਹੁਣ ਵੱਖ ਵੱਖ ਸਿਆਸੀ ਪਾਰਟੀਆਂ ਆ ਰਹੀਆਂ ਚੋਣਾਂ ਲਈ ਮੁਫਤ ਸਹੂਲਤਾਂ ਦਾ ਐਲਾਨ ਕਰ ਰਹੀਆਂ ਹਨ ਪਰ ਇਨ੍ਹਾਂ ਸਹੂਲਤਾਂ ਲਈ ਪੈਸਾ ਕਿੱਥੋਂ ਆਵੇਗਾ ਅਤੇ ਪੰਜਾਬ ਸਿਰ ਚੜ੍ਹਿਆ ਤਿੰਨ ਲੱਖ ਕਰੋੜ ਰੁਪਏ ਦਾ ਕਰਜਾ ਕਿਵੇਂ ਲੱਥੇਗਾ ਇਸ ਦਾ ਜੁਆਬ ਕਿਸੇ ਪਾਰਟੀ ਕੋਲ ਨਹੀਂ ਹੈ।

ਪੰਜਾਬ ਦੀ ਕਾਂਗਰਸ ਸਰਕਾਰ ਦੇ ਪਿਛਲੇ ਸਾਢੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ ਸਿਰ ਕਰਜ਼ਾ ਘਟਿਆ ਨਹੀਂ ਵਧਿਆ ਹੈ। ਸਰਕਾਰ ਨੇ ਆਮਦਨ ਦੇ ਵਸੀਲੇ ਪੈਦਾ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂ ਇੰਜ ਕਹਿ ਲਓ ਕਿ ਸਰਕਾਰ ਨੇ ਸਰਮਾਏਦਾਰ ਪੱਖੀ ਨੀਤੀਆਂ ਹੀ ਜਾਰੀ ਰੱਖੀਆਂ ਜਿਸ ਕਰ ਕੇ ਸਰਕਾਰੀ ਖਜਾਨੇ ਦੇ ਵਿੱਚ ਪੈਸਾ ਨਹੀਂ ਆਇਆ ਪਰ ਸਰਮਾਏਦਾਰ ਮਾਲਾਮਾਲ ਹੋ ਗਏ। ਮਿਸਾਲ ਦੇ ਤੌਰ ਤੇ ਐਕਸਾਈਜ਼ ਪਾਲਿਸੀ ਨੁਕਸਦਾਰ ਬਣਾਈ ਗਈ ਜਿਸ ਤੋਂ ਵੱਡੀ ਪੱਧਰ ਤੇ ਆਮਦਨ ਸ਼ਰਾਬ ਫੈਕਟਰੀਆਂ ਦੇ ਮਾਲਕਾਂ ਨੂੰ ਤਾਂ ਹੋ ਗਈ ਹੋਵੇਗੀ ਪਰ ਸਰਕਾਰੀ ਖ਼ਜ਼ਾਨੇ ਵਿੱਚ ਪੈਸਾ ਨਹੀਂ ਆਇਆ। ਐਕਸਾਈਜ਼ਪਾਲਿਸੀ ਸਹੀ ਬਣਾਉਣ ਦੇ ਨਾਲ ਸਰਕਾਰ ਨੂੰ ਵੱਡੀ ਪੱਧਰ ਤੇ ਆਮਦਨ ਹੋ ਸਕਦੀ ਸੀ। ਪੰਜਾਬ ਵਿੱਚ ਫੜੀਆਂ ਗਈਆਂ ਨਕਲੀ ਸ਼ਰਾਬ ਦੀਆਂ ਫੈਕਟਰੀਆਂ ਦੀਆਂ ਤਾਰਾਂ ਵੱਡੇ ਨੇਤਾਵਾਂ ਨਾਲ ਜੁੜਨ ਦੇ ਚਰਚੇ ਰਹੇ ਹਨ। ਇਨ੍ਹਾਂ ਫੈਕਟਰੀਆਂ ਦੇ ਮਾਲਕਾਂ ਵਿਰੁੱਧ ਪੁਖ਼ਤਾ ਕਾਨੂੰਨੀ ਕਾਰਵਾਈ ਸਾਹਮਣੇ ਨਹੀਂ ਆਈ। ਇਹ ਵਿਭਾਗ ਮੁੱਖ ਮੰਤਰੀ ਕੋਲ ਹੈ। ਨਵਜੋਤ ਸਿੰਘ ਸਿੱਧੂ ਨੇ ਸਰਕਾਰੀ ਫੈਸਲੇ ਮੁਤਾਬਕ ਤਾਮਿਲਨਾਡੂ ਸਮੇਤ ਦੱਖਣੀ ਰਾਜਾਂ ਦਾ ਦੌਰਾ ਕਰ ਕੇ ਮਾਈਨਿੰਗ ਪਾਲਿਸੀ ਸੁਝਾਈ ਸੀ ਜਿਸ ਅਨੁਸਾਰ ਹਜਾਰਾਂ ਕਰੋੜ ਰੁਪਏ ਸਰਕਾਰੀ ਖ਼ਜ਼ਾਨੇ ਵਿੱਚ ਆ ਸਕਦੇ ਸਨ ਪਰ ਉਸ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ। ਕੇਬਲ ਮਾਫੀਆ ਤੇ ਨਕੇਲ ਕੱਸ ਕੇ ਕਰੋੜਾਂ ਰੁਪਏ ਸਰਕਾਰੀ ਆਮਦਨ ਹੋ ਸਕਦੀ ਸੀ। ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਬੱਸਾਂ ਨਾਲ ਟਾਈਮ ਟੇਬਲ ਵਿੱਚ ਵਿਤਕਰਾ ਕਰਕੇ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਮਾਲਾਮਾਲ ਕੀਤਾ ਜਾ ਰਿਹਾ ਹੈ। ਇਹ ਵੀ ਚਰਚਾ ਹੈ ਕਿ ਇਕ ਇਕ ਪਰਮਿਟ ਤੇ ਪ੍ਰਾਈਵੇਟ ਟਰਾਂਸਪੋਰਟਰ ਕਈ ਕਈ ਬੱਸਾਂ ਚਲਾ ਰਹੇ ਹਨ। ਇਹ ਮੰਤਰੀ ਜਾਂ ਟਰਾਂਸਪੋਰਟ ਅਧਿਕਾਰੀਆਂ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਤਰ੍ਹਾਂ ਸਰਕਾਰੀ ਖਜਾਨੇ ਨੂੰ ਲੁੱਟਿਆ ਜਾ ਰਿਹਾ ਹੈ ਹੁਣ ਮੁੱਖ ਮੰਤਰੀ ਨੇ ਤੁਗਲਕੀ ਐਲਾਨ ਕਰਦਿਆਂ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਦਾ ਐਲਾਨ ਕਰਕੇ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਦਾ ਹੋਰ ਭੱਠਾ ਬਿਠਾਉਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਮੁੱਖ ਮੰਤਰੀ ਤੋਂ ਪੁੱਛਿਆ ਜਾ ਸਕਦਾ ਹੈ ਕਿ ਕੀ ਇਨ੍ਹਾਂ ਬੱਸਾਂ ਵਿੱਚ ਡੀਜਲ ਮੁਫਤ ਪੈਂਦਾ ਹੈ ਅਤੇ ਮੁਲਾਜਮਾਂ ਦੀਆਂ ਤਨਖਾਹਾਂ ਅਤੇ ਹੋਰ ਖਰਚੇ ਕੀ ਮੁਫਤ ਵਿੱਚ ਹਨ? ਹੋਰ ਵੀ ਬਹੁਤ ਸਾਰੇ ਢੰਗਾਂ ਨਾਲ ਆਮਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ ਪਰ ਗੱਲ ਸਰਕਾਰ ਦੀ ਨੀਤ ਅਤੇ ਨੀਤੀ ਤੇ ਨਿਰਭਰ ਕਰਦੀ ਹੈ।

ਚੋਣ ਵਾਅਦੇ ਪੂਰੇ ਕਰਨ ਦਾ ਝੂਠ ਵੀ ਦਿਨੋਂ ਦਿਨ ਸਾਹਮਣੇ ਆ ਰਿਹਾ ਹੈ ਕਿਸਾਨਾਂ ਦਾ ਸਰਕਾਰੀ, ਪ੍ਰਾਈਵੇਟ ਅਤੇ ਸਹਿਕਾਰੀ ਬੈਂਕਾਂ ਦਾ ਕਰਜਾ ਮੁਆਫ ਕਰਨ ਦਾ ਦਾਅਵਾ ਖੋਖਲਾ ਸਾਬਤ ਹੋਇਆ ਹੈ। ਮੀਡੀਆ ਮੁਤਾਬਕ ਜੋ 4624 ਕਰੋੜ ਰੁਪਏ ਮੁਆਫ਼ ਕੀਤੇ ਹਨ ਉਹ ਪੰਜਾਬ ਮੰਡੀਕਰਨ ਬੋਰਡ ਤੋਂ ਕਰਜ਼ਾ ਲੈ ਕੇ ਮਾਫ ਕੀਤੇ ਹਨ। ਹੁਣ ਪੰਜਾਬ ਸਰਕਾਰ ਨੇ ਖੇਤ ਮਜਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦਾ 590 ਕਰੋੜ ਰੁਪਏ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਹੈ ਜਿਸ ਲਈ ਚੈੱਕ ਜਾਰੀ ਕਰਨ ਦਾ ਸਮਾਗਮ 20 ਅਗਸਤ 2021 ਨੂੰ ਰੱਖਿਆ ਹੈ। ਇਹ ਕਰਜਾ ਮੁਆਫੀ ਸਰਕਾਰ ਆਪਣੇ ਖਜਾਨੇ ਵਿੱਚੋਂ ਨਹੀਂ ਬਲਕਿ ਪੰਜਾਬ ਮੰਡੀ ਬੋਰਡ ਅਤੇ ਦਿਹਾਤੀ ਵਿਕਾਸ ਬੋਰਡ ਕੋਲੋਂ ਕਰਜ਼ਾ ਲੈ ਕੇ ਕਰ ਰਹੀ ਹੈ। ਇਨ੍ਹਾਂ ਦੋਹਾਂ ਬੋਰਡਾਂ ਨੇ ਅੱਗੋਂ ਹੋਰ ਸੰਸਥਾਵਾਂ ਕੋਲੋਂ ਕਰਜਾ ਲਿਆ ਹੈ। ਇਸ ਤਰ੍ਹਾਂ ਇਸ ਕਰਜਾ ਮੁਆਫੀ ਨਾਲ ਪੰਜਾਬ ਹੋਰ ਕਰਜ਼ਾਈ ਹੋ ਰਿਹਾ ਹੈ।

ਮੁਫ਼ਤ ਬਿਜਲੀ ਦਾ ਮੁੱਦਾ ਹਮੇਸ਼ਾ ਚਰਚਾ ਵਿਚ ਰਹਿੰਦਾ ਹੈ ਟਿਊਬਵੈਲਾਂ ਲਈ ਮੁਫਤ ਬਿਜਲੀ ਲਈ ਕੋਈ ਪੈਮਾਨਾ ਤੈਅ ਨਹੀਂ ਕੀਤਾ ਗਿਆ। ਚਾਹੀਦਾ ਤਾਂ ਇਹ ਸੀ ਕਿ ਪੰਜ ਏਕੜ ਜਾਂ ਘੱਟ ਜ਼ਮੀਨ ਮਾਲਕਾਂ ਨੂੰ ਇਹ ਸਹੂਲਤ ਦਿੱਤੀ ਜਾਂਦੀ । ਉਂਜ ਫਾਰਮਰ ਕਮਿਸ਼ਨ ਨੇ ਦੱਸ ਏਕੜ ਤੱਕ ਲਈ ਇਹ ਸਹੂਲਤ ਦੀ ਸਿਫ਼ਾਰਸ਼ ਕੀਤੀ ਸੀ ਜੋ ਕਿ ਲਾਗੂ ਨਹੀਂ ਕੀਤੀ ਗਈ। ਇਸ ਦਾ ਸਭ ਤੋਂ ਵੱਧ ਲਾਭ ਧਨਾਢ ਕਿਸਾਨਾਂ ਨੂੰ ਹੋਇਆ ਹੈ ਪਰ ਜਿਨ੍ਹਾਂ ਦੀ ਕੋਈ ਵੀ ਮੋਟਰ ਨਹੀਂ ਉਨ੍ਹਾਂ ਨੂੰ ਕੋਈ ਲਾਭ ਨਹੀਂ ਹੋਇਆ। ਖੇਤੀਬਾੜੀ ਤੇ

ਬਿਜਲੀ ਮੁਫਤ ਕਰਕੇ ਅਕਾਲੀ ਦਲ ਨੇ ਆਪਣੀਆਂ ਵੋਟਾਂ ਤਾਂ ਪੱਕੀਆਂ ਕਰ ਲਈਆਂ ਸਨ ਲੇਕਿਨ ਪੰਜਾਬ ਰਾਜ ਬਿਜਲੀ ਬੋਰਡ ਦਾ ਭੱਠਾ ਬਹਿ ਗਿਆ। ਹੁਣ ਸਰਕਾਰ ਲਗਪਗ ਦੱਸ ਹਜ਼ਾਰ ਕਰੋੜ ਰੁਪਏ ਸਾਲਾਨਾ ਜੋ ਸਬਸਿਡੀ ਪਾਵਰਕੌਮ ਨੂੰ ਦਿੰਦੀ ਹੈ ਉਹ ਬਚ ਸਕਦੇ ਸਨ ਅਤੇ ਵਿਕਾਸ ਕਾਰਜਾਂ ਤੇ ਲਾਏ ਜਾ ਸਕਦੇ ਸਨ। ਅਕਾਲੀ ਭਾਜਪਾ ਸਰਕਾਰ ਨੇ ਬਿਜਲੀ ਕੰਪਨੀਆਂ ਨਾਲ ਜੋ ਸਮਝੌਤੇ ਕੀਤੇ ਸਨ ਉਨ੍ਹਾਂ ਨੂੰ ਖਤਮ ਕਰਨ ਦਾ ਵਾਅਦਾ ਅਤੇ ਬਿਜਲੀ ਸਸਤੀ ਦੇਣ ਦਾ ਵਾਅਦਾ ਵੀ ਦਮ ਤੋੜ ਗਿਆ ਹੈ। ਘਰੇਲੂ ਬਿਜਲੀ ਪੰਜਾਬ ਵਿੱਚ ਸਭ ਰਾਜਾਂ ਤੋਂ ਮਹਿੰਗੀ ਹੋਣ ਕਰਕੇ ਸਰਕਾਰੀ ਨੀਤੀਆਂ ਦੀ ਪੋਲ ਖੁੱਲ੍ਹ ਗਈ ਹੈ। ਅਮਰਿੰਦਰ ਸਿੰਘ ਦਾ ਘਰ ਘਰ ਨੌਕਰੀ ਦੇਣ ਦੇ ਵਾਅਦੇ ਦਾ ਵੀ ਜਲੂਸ ਨਿਕਲ ਗਿਆ ਹੈ। ਸਕੂਲ, ਹਸਪਤਾਲ, ਕਾਲਜ, ਦਫ਼ਤਰ, ਪੁਲੀਸ ਸਟੇਸ਼ਨ ਅਤੇ ਹੋਰ ਸਿੱਖਿਆ ਅਤੇ ਟ੍ਰੇਨਿੰਗ ਅਦਾਰਿਆਂ ਵਿੱਚ ਵੱਡੀ ਗਿਣਤੀ ਵਿੱਚ ਅਸਾਮੀਆਂ ਖਾਲੀ ਹਨ। ਪੜ੍ਹੇ ਲਿਖੇ ਟਰੇਂਡ ਨੌਜਵਾਨ ਰੁਜਗਾਰ ਮੰਗਦਿਆਂ ਸੜਕਾਂ ਅਤੇ ਪਾਣੀ ਦੀਆਂ ਟੈਂਕੀਆਂ ਤੇ ਰੁਲ ਰਹੇ ਹਨ, ਸੜਕਾਂ ਤੇ ਰੁਜਗਾਰ ਮੰਗਦਿਆਂ ਪੁਲੀਸ ਦੀਆਂ ਲਾਠੀਆਂ ਖਾ ਰਹੇ ਹਨ ਅਤੇ ਜਾਂ ਫਿਰ ਵਿਦੇਸ਼ ਨੂੰ ਜਾ ਰਹੇ ਹਨ ਲੇਕਿਨ ਸਰਕਾਰ ਨਵੀਆਂ ਨਿਯੁਕਤੀਆਂ ਨਹੀਂ ਕਰ ਰਹੀ। ਅਸਲ ਵਿਚ ਇਹ ਸਰਕਾਰ ਸਰਕਾਰੀ ਅਦਾਰੇ ਹੀ ਖ਼ਤਮ ਕਰਨ ਦੀ ਨੀਤੀ ਤੇ ਚੱਲ ਰਹੀ ਹੈ। ਰੁਜਗਾਰ ਦੇ ਮੌਕੇ ਪੈਦਾ ਕਰਨ ਦੀ ਬਜਾਏ ਸਰਕਾਰ ਲੋਕਾਂ ਨੂੰ ਮੁਫ਼ਤ ਚਾਹ ਪੱਤੀ, ਖੰਡ, ਆਟਾ, ਦਾਲ ,ਸਮਾਰਟ ਫੋਨ ਆਦਿ ਵਿੱਚ ਉਲਝਾ ਕੇ ਵੋਟਾਂ ਬਟੋਰਨ ਦੀ ਨੀਤੀ ਤੱਕ ਸੀਮਤ ਹੈ। ਬਾਬਾ ਨਾਨਕ ਦੇ ਕਿਰਤ ਦੇ ਸੰਦੇਸ਼ ਦੇ ਵਿਰੁੱਧ ਸਰਕਾਰ ਲੋਕਾਂ ਨੂੰ ਕਿਰਤ ਤੋਂ ਦੂਰ ਕਰਕੇ ਵਿਹਲੜ, ਮੁਫ਼ਤਖੋਰੇ ਅਤੇ ਮੰਗਤੇ ਬਣਾ ਰਹੀ ਹੈ। ਸਰਕਾਰ ਦੀਆਂ ਇਨ੍ਹਾਂ ਨੀਤੀਆਂ ਕਰ ਕੇ ਮਾਰਕਫੈੱਡ, ਪਨਸਪ ਅਤੇ ਪੰਜਾਬ ਐਗਰੋ ਇੰਡਸਟਰੀਜ਼ ਲਈ ਸੰਕਟ ਖੜ੍ਹਾ ਕਰ ਦਿੱਤਾ ਗਿਆ ਹੈ। ਸਰਕਾਰ ਲੋਕਾਂ ਨੂੰ ਰੁਜਗਾਰ ਦੇ ਕੇ ਉਨ੍ਹਾਂ ਦੀ ਆਮਦਨ ਚ ਵਾਧਾ ਕਰੇ, ਬੇਸ਼ੱਕ ਕੁਝ ਵੀ ਮੁਫ਼ਤ ਨਾ ਦੇਵੇ। ਅਜੇ ਤਕ ਲੋਕਾਂ ਮੁਫਤ ਦੀ ਮੰਗ ਵੀ ਕਦੇ ਨਹੀਂ ਕੀਤੀ। ਲੋਕ ਰੁਜਗਾਰ ਦੀ ਮੰਗ ਕਰਦੇ ਹਨ ਜੋ ਸਰਕਾਰ ਦੇ ਨਹੀਂ ਰਹੀ। ਲੋਕ ਚਾਹ ਪੱਤੀ ਤੋਂ ਲੈ ਕੇ ਰੋਡ ਟੈਕਸ ਤਕ ਹਰ ਟੈਕਸ ਦਿੰਦੇ ਹਨ ਫਿਰ ਵੀ ਪੰਜਾਬ ਜੇ ਕਰਜ਼ਾਈ ਹੈ ਤਾਂ ਸਰਕਾਰੀ ਨੀਤੀਆਂ, ਵੱਡੇ ਵੱਡੇ ਲੀਡਰਾਂ ਤੇ ਅਫਸਰਸ਼ਾਹੀ ਦੀ ਮਚਾਈ ਲੁੱਟ ਕਰਕੇ ਹੀ ਹੈ, ਆਮ ਲੋਕਾਂ ਦਾ ਇਸ ਵਿੱਚ ਕੋਈ ਕਸੂਰ ਨਹੀਂ ਹੈ।

ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਨੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਵਾਅਦਾ ਕੀਤਾ ਸੀ ਜੋ ਸਾਢੇ ਚਾਰ ਸਾਲਾਂ ਬਾਅਦ ਵੀ ਅਜੇ ਜਾਂਚ ਅਧੀਨ ਹੀ ਹੈ। ਨਸ਼ਾ ਤਸਕਰੀ ਚਾਰ ਹਫਤੇ ਵਿੱਚ ਖਤਮ ਕਰਨ ਦਾ ਵਾਅਦਾ ਕੀਤਾ ਸੀ ਜੋ ਅਜੇ ਤਕ ਖਤਮ ਨਹੀਂ ਹੋਈ। ਬੇਰੋਜਗਾਰਾਂ ਨੂੰ ਬੇਰੋਜਗਾਰੀ ਭੱਤਾ ਨਹੀਂ ਮਿਲਿਆ, ਮੁਲਾਜ਼ਮ ਅਤੇ ਪੈਨਸ਼ਨਰ ਮਹਿੰਗਾਈ ਭੱਤੇ ਦੀਆਂ ਰੋਕੀਆਂ ਹੋਈਆਂ ਕਿਸ਼ਤਾਂ ਅਤੇ ਗਰੇਡ ਦੁਹਰਾਈ ਲਈ ਸਰਕਾਰ ਦੀ ਵਾਅਦਾ ਪੂਰਤੀ ਲਈ ਉਡੀਕ ਰਹੇ ਹਨ, ਦਲਿਤ ਐਸ ਸੀ ,ਓ ਬੀ ਸੀ ਬੇਘਰਿਆਂ ਲਈ ਮੁਫ਼ਤ ਘਰ, 90ਦਿਨਾਂ ਦੇ ਅੰਦਰ ਅੰਦਰ ਸਨਅਤੀ ਨੀਤੀ ਅਤੇ ਸਰਕਾਰੀ ਕੰਮਕਾਜ ਵਿੱਚ ਮੁਕੰਮਲ ਪਾਰਦਰਸ਼ਤਾ ਸਮੇਤ ਸਾਰੇ ਵਾਅਦੇ ਆਪਣਾ ਦਮ ਤੋੜ ਚੁੱਕੇ ਹਨ। 2017 ਵਿੱਚ ਚੋਣ ਮੈਨੀਫੈਸਟੋ ਰਿਲੀਜ ਕਰਦਿਆਂ ਜਦ ਇਕ ਪੱਤਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਪੁੱਛਿਆ ਸੀ ਕਿ ਹਰ ਘਰ ਨੌਕਰੀ ਦਾ ਵਾਅਦਾ ਨਰਿੰਦਰ ਮੋਦੀ ਵੱਲੋਂ ਹਰ ਅਕਾਊਂਟ ਵਿਚ ਪੰਦਰਾਂ ਲੱਖ ਰੁਪਏ ਜਮ੍ਹਾ ਕਰਵਾਉਣ ਵਰਗਾ ਤਾਂ ਨਹੀਂ ਤਾਂ ਕੈਪਟਨ ਅਮਰਿੰਦਰ ਸਿੰਘ ਦਾ ਉੱਤਰ ਸੀ ਕਿ "ਮੈਂ ਜੋ ਕਹਿੰਦਾ ਹਾਂ ਪੂਰਾ ਕਰ ਦਿੰਦਾ ਹਾਂ।" ਇਹ ਵੀ ਕਿਹਾ ਗਿਆ ਕਿ ਉਹ ਸੰਤਾਲੀ ਸਾਲ ਤੋਂ ਰਾਜਨੀਤੀ ਵਿੱਚ ਹਨ, 'ਇਹ ਮੇਰੀ ਆਖਰੀ ਚੋਣ ਹੈ'। ਪਰ ਅਮਰਿੰਦਰ ਸਿੰਘ ਨੇ ਸਭ ਵਾਅਦੇ ਭੁਲਾ ਦਿੱਤੇ ਹੁਣ ਫਿਰ ਚੋਣ ਲੜਨ ਲਈ ਤਿਆਰ ਹਨ।

ਪੰਜਾਬ ਦਾ ਖੇਤੀਬਾੜੀ ਵਿਭਾਗ ਵੀ ਕੈਪਟਨ ਅਮਰਿੰਦਰ ਸਿੰਘ ਕੋਲ ਹੈ ।ਅੱਜ ਤਕ ਕੋਈ ਖੇਤੀਬਾੜੀ ਪਾਲਿਸੀ ਨਹੀਂ ਬਣਾਈ ਜਾ ਸਕੀ। ਪੰਜਾਬ ਇੱਕ ਖੇਤੀ ਆਧਾਰਤ ਸੂਬਾ ਹੈ, ਜੇ ਖੇਤੀਬਾੜੀ ਬਾਰੇ ਨੀਤੀ ਹੀ ਕੋਈ ਨਹੀਂ ਤਾਂ ਰਾਜ ਖੇਤੀਬਾੜੀ ਵਿੱਚ ਅਤੇ ਆਰਥਕ ਤੌਰ ਤੇ ਅੱਗੇ ਕਿਵੇਂ ਵਧੇਗਾ। ਬਤੌਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਿਸਾਨ ਸੰਘਰਸ਼ ਦੀ ਜਿੰਨੀ ਮਦਦ ਕਰ ਸਕਦੇ ਸਨ ਉਹ ਨਹੀਂ ਕੀਤੀ ਗਈ। ਮੋਰਚੇ ਤੇ ਸ਼ਹੀਦ ਹੋਣ ਵਾਲੇ ਕਿਸਾਨਾਂ ਦੀ ਖ਼ਬਰਸਾਰ ਲੈਣੀ ਅਤੇ ਕੁਝ ਨਾ ਕੁਝ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਸੀ। ਕੇਂਦਰ ਵਿੱਚ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਤਾਲਮੇਲ ਕਰਕੇ ਤਿੰਨੇ ਕਾਨੂੰਨ ਵਾਪਸ ਕਰਵਾਉਣ ਦਾ ਯਤਨ ਕਰਨਾ ਚਾਹੀਦਾ ਸੀ। ਇਸ ਮੰਤਵ ਲਈ ਭਾਜਪਾ ਸਮੇਤ ਦੂਜੀਆਂ ਸਿਆਸੀ ਪਾਰਟੀਆਂ ਨੂੰ ਵੀ ਨਾਲ ਲਿਆ ਜਾ ਸਕਦਾ ਸੀ ਪ੍ਰੰਤੂ ਚਰਚਾ ਇਸ ਦੇ ਉਲਟ ਇਹ ਹੋ ਰਹੀ ਹੈ ਕਿ ਆਪਣੇ ਪਰਿਵਾਰ ਤੇ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਬਣੇ ਕੇਸ ਕਰਕੇ ਮੁੱਖ ਮੰਤਰੀ ਸਾਹਿਬ ਕੇਂਦਰ ਨਾਲ ਮਿਲ ਮਿਲਾ ਕੇ ਚੱਲ ਰਹੇ ਹਨ। 2022 ਵਿੱਚ ਆ ਰਹੀਆਂ ਚੋਣਾਂ ਲਈ ਅੱਜ ਦੇ ਦਿਨ ਤਕ ਕਾਂਗਰਸ, ਅਕਾਲੀ ਦਲ, ਭਾਜਪਾ ਅਤੇ ਆਪ ਆਦਿ ਕਿਸੇ ਕੋਲ ਵੀ ਕੁਝ ਕਹਿਣ ਨੂੰ ਨਹੀਂ । ਸਿਆਸੀ ਪਾਰਟੀਆਂ ਅੰਦਰ ਰਾਜਨੀਤਕ ਨੈਤਿਕਤਾ ਖ਼ਤਮ ਹੋ ਚੁੱਕੀ ਹੈ, ਬਸ ਚੋਣ ਜਿੱਤਣ ਲਈ ਦਾਅ ਪੇਚ ਹੀ ਰਹਿ ਗਏ ਹਨ ਜਿਸ ਵਿੱਚ ਮੁੱਦੇ ਨਹੀਂ ਧਰਮ ਅਤੇ ਜਾਤਾਂ ਦੀ ਚਰਚਾ ਭਾਰੂ ਹੈ। ਇਸ ਵਿੱਚ ਪਰਿਵਾਰਵਾਦ ਅਤੇ ਪੈਸੇ ਦੀ ਕਮਾਈ ਘਰ ਕਰ ਚੁੱਕੇ ਹਨ ਅਤੇ ਲੋਕ ਸੇਵਾ ਮਨਫ਼ੀ ਹੋ ਚੁੱਕੀ ਹੈ। ਕੇਂਦਰ ਅਤੇ ਰਾਜਾਂ ਵਿੱਚ ਵੱਡੀ ਗਿਣਤੀ ਵਿੱਚ ਅਪਰਾਧੀ ਲੋਕ ਪੈਸੇ ਅਤੇ ਬਾਹੂਬਲ ਦੇ ਜ਼ੋਰ ਨਾਲ ਚੋਣਾਂ ਜਿੱਤ ਕੇ ਪਹੁੰਚ ਚੁੱਕੇ ਹਨ। ਪੰਜਾਬ ਵਿੱਚ ਕਾਂਗਰਸ ਨੇ ਕੀਤਾ ਕੁਝ ਨਹੀਂ, ਅਕਾਲੀ ਅਜੇ ਪਹਿਲੀ ਬਦਨਾਮੀ ਸਾਫ਼ ਨਹੀਂ ਕਰ ਸਕੇ, ਆਪ ਪਾਰਟੀ ਅਤੇ ਭਾਜਪਾ ਦੂਜੀਆਂ ਪਾਰਟੀਆਂ ਵਿੱਚੋਂ ਨੇਤਾ ਖਿੱਚਣ ਦੇ ਆਹਰ ਵਿੱਚ ਹਨ, ਖੱਬੀਆਂ ਪਾਰਟੀਆਂ ਉਂਜ ਹੀ ਹਾਸ਼ੀਏ ਤੇ ਹਨ। ਪੰਜਾਬ ਅਤੇ ਕੇਂਦਰ ਵਿੱਚ ਆਪੋਜ਼ੀਸ਼ਨ ਦੀ ਭੂਮਿਕਾ ਨਾਮਾਤਰ ਹੀ ਹੈ। ਇਸ ਤਰ੍ਹਾਂ ਪੰਜਾਬ ਅਤੇ ਕੇਂਦਰ ਦੀ ਰਾਜਨੀਤਕ ਤਸਵੀਰ ਬਹੁਤੀ ਚੰਗੀ ਨਹੀਂ ਹੈ। ਭਾਵੇਂ ਕਿਸਾਨ ਮੋਰਚੇ ਕਾਰਨ ਲੋਕਾਂ ਵਿਚ ਕੁਝ ਤਾਂ ਚੇਤਨਤਾ ਆਈ ਹੈ ਲੇਕਿਨ ਲੋਕ ਗੁੱਟਬੰਦੀ ਵਿੱਚੋਂ ਅਜੇ ਬਾਹਰ ਨਹੀਂ ਆ ਰਹੇ।

ਪੰਜਾਬ ਨੂੰ ਇਸ ਸਮੇਂ ਮੁੱਦਿਆਂ ਆਧਾਰਤ ਏਜੰਡੇ ਅਤੇ ਉਸਦੀ ਪ੍ਰਾਪਤੀ ਲਈ ਦਿਮਾਗੀ ਲੀਡਰਸ਼ਿਪ ਦੀ ਲੋੜ ਹੈ। ਅਮਰਿੰਦਰ ਸਿੰਘ ਦਾ ਕਾਂਗਰਸ ਵਿੱਚ ਹੋ ਰਿਹਾ ਵਿਰੋਧ ਕੇਵਲ ਸਿੱਧੂ ਵਿਰੋਧ ਨਹੀਂ, ਪੰਜਾਬ ਲਈ ਕੁਝ ਵੀ ਨਾ ਕਰਨ ਦਾ ਵਿਰੋਧ ਹੈ। ਚੋਣ ਵਾਅਦੇ ਕਰ ਕੇ ਕੁਝ ਵੀ ਨਾ ਕਰਨਾ ਨਾ ਮੁਆਫ਼ੀਯੋਗ ਗੁਨਾਹ ਹੈ। ਬੀਤੇ ਸਮੇਂ ਵਿੱਚ ਕੈਪਟਨ ਸਾਹਿਬ ਦਾ ਵਤੀਰਾ ਹਮੇਸ਼ਾਂ ਹੀ ਇਹ ਰਿਹਾ ਹੈ ਕਿ ਜਾਂ ਮੈਂ ਹਾਂ ਜਾਂ ਮੈਂ ਕਿਸੇ ਨੂੰ ਚੱਲਣ ਨਹੀਂ ਦੇਣਾ। ਇਨ੍ਹਾਂ ਹਰ ਕਾਂਗਰਸ ਪ੍ਰਧਾਨ ਦੇ ਰਾਹ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਇਸ ਪਾਰਟੀ ਅੰਦਰੂਨੀ ਯੁੱਧ ਵਿੱਚ ਨਵਜੋਤ ਸਿੰਘ ਸਿੱਧੂ ਨੇ ਵਧੀਆ ਟੱਕਰ ਦਿੱਤੀ ਹੈ ਅਤੇ ਇੱਕ ਵਾਰ ਕੈਪਟਨ ਦੇ ਪੈਰ ਹਿਲਾ ਦਿੱਤੇ ਹਨ। ਅਗਾਂਹ ਕੀ ਹੋਵੇਗਾ ਅਜੇ ਕੁਝ ਕਹਿਣਾ ਮੁਸ਼ਕਲ ਹੈ। ਨਵਜੋਤ ਸਿੱਧੂ ਲਈ ਆਉਣ ਵਾਲਾ ਸਮਾਂ ਪ੍ਰੀਖਿਆ ਦਾ ਸਮਾਂ ਹੈ। ਚੰਗਾ ਹੋਵੇ ਜੇ ਉਹ ਇਸ ਪ੍ਰੀਖਿਆ ਵਿੱਚੋਂ ਪਾਸ ਹੋ ਕੇ ਆਪਣੀ ਟੀਮ ਨੂੰ ਇਕਜੁੱਟ ਕਰਕੇ ਪੰਜਾਬ ਦਾ ਕੁਝ ਸਵਾਰਨ ਵਿਚ ਹਿੱਸਾ ਪਾ ਸਕੇ। ਦੂਸਰੀਆਂ ਸਿਆਸੀ ਪਾਰਟੀਆਂ ਨੂੰ ਵੀ ਇਕ ਦੂਜੇ ਨਾਲ ਮਿਹਣੋ ਮਿਹਣੀ ਹੋਣ ਦੀ ਬਜਾਏ ਪੰਜਾਬ ਨੂੰ ਦਰਪੇਸ਼ ਸੰਕਟ ਵਿੱਚੋਂ ਕੱਢਣ ਲਈ ਪ੍ਰੋਗਰਾਮ ਲੈ ਕੇ ਲੋਕਾਂ ਵਿੱਚ ਆਉਣਾ ਚਾਹੀਦਾ ਹੈ ਇਸੇ ਵਿੱਚ ਹੀ ਸਭ ਦਾ ਭਲਾ ਹੈ।

# ਮੁਲਕ ਦੀ ਵੰਡ, ਸਾਰੇ ਲੋਕਾਂ ਦੀ ਨਹੀਂ ਸੀ

(ਸਫ਼ਾ 5 ਦੀ ਬਾਕੀ)

1928) ਅਤੇ ਮਗਰੋਂ ਸੀਮਿਤ ਰੂਪ 'ਚ ਲਾਲਾ ਹਰਦਿਆਲ (1884–1938), ਲੁੱਕਵੇਂ ਰੂਪ 'ਚ ਸਰਦਾਰ ਪਟੇਲ ਅਤੇ ਰਾਜਗੋਪਾਲ ਅਚਾਰੀਆ ਜਾਂ ਹੋਰ ਮੱਧ-ਮਾਰਸੀ ਕਾਂਗਰਸੀ, ਭਾਈ ਪਰਮਾਨੰਦ (1874–1947), ਡਾਕ ਬੀ ਐੱਸ ਮੂੰਜੇ, ਜਨਕ ਸਾਵਰਕਰ, ਐੱਮ ਐੱਮ ਐਨੀ, ਐੱਨ ਸੀ ਕੇਲਕਰ, ਬੀ ਡੀ ਸਾਵਰਕਰ (1863–1966), ਐੱਮ ਐੱਸ ਗੋਲਵਲਕਰ (1906–1973) ਅਤੇ ਕੇ ਐੱਲ ਸੁਦਰਸ਼ਨ ਆਦਿ। ਫਿਰ ਹਿੰਦੂ ਜਥੇਬੰਦੀਆਂ ਜਿਵੇਂ ਹਿੰਦੂ ਸੁਸਾਇਟੀ, ਮਹਾਂ ਹਿੰਦੂ ਸਮਿਤੀ, ਹਿੰਦੂ ਮਹਾਂ ਸਭਾ ਅਤੇ ਆਰ ਐੱਸ ਐੱਸ ਤੇ ਉਸ ਦੀਆਂ ਵੱਖ ਜਨਤਕ ਜਥੇਬੰਦੀਆਂ ਤਾਂ ਵਧੇਰੇ ਢੁੱਕਵੇਂ ਜਾਂ ਟੇਢੇ ਢੰਗ ਨਾਲ ਹਿੰਦੂ ਰਾਸ਼ਟਰ ਜਾਂ ਹਿੰਦੂ ਅੰਧ-ਵਿਚਾਰਧਾਰਾ ਲਈ ਸਰਗਰਮ ਰਹੀਆਂ ਅਤੇ ਹਨ।

ਇਸ ਹਕੀਕਤ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਦਾ ਕਿ ਮੁਸਲਮਾਨਾਂ ਦੇ ਇੱਕ ਪ੍ਰਭਾਵਸ਼ਾਲੀ ਵਰਗ ਵੱਲੋਂ ਦੋ-ਕੌਮਾਂ ਦਾ ਨਜ਼ਰੀਆ ਅਪਨਾਉਣ ਤੋਂ ਕਿਤੇ ਪਹਿਲਾਂ ਹੀ ਹਿੰਦੂ-ਰਾਸ਼ਟਰਵਾਦੀਆਂ ਨੇ ਇਸ ਸਿਧਾਂਤ ਦੀ ਸਿਰਜਣਾਂ ਕਰ ਦਿੱਤੀ ਸੀ। ਮਗਰੋਂ ਮੁਸਲਿਮ ਲੀਗ ਨੇ ਤਾਂ ਇਹ ਨਜ਼ਰੀਆ ਸਮਝੋ ਕੱਟੜ, ਹਿੰਦੂਆਂ 'ਚੋਂ ਹੀ ਉਧਾਰ ਲਿਆ ਸੀ। ਪ੍ਰੰਤੂ ਸਾਰੇ ਮੁਸਲਿਮ ਨਾ ਤਾਂ ਦੋ-ਕੌਮਾਂ ਦੇ ਸਿਧਾਂਤ ਨਾਲ ਸਹਿਮਤ ਸਨ ਅਤੇ ਨਾ ਹੀ ਮਗਰੋਂ ਅੱਡ ਦੇਸ਼ ਦੀ ਮੰਗ ਨਾਲ। ਦਿਲਚਸਪ ਗੱਲ ਤਾਂ ਇਹ ਹੈ ਕਿ ਅਕਤੂਬਰ 1937 ਤੱਕ ਤਾਂ ਮੁਹੰਮਦ ਅਲੀ ਜਿਨਾਹ ਖੁਦ ਮੁਸਲਮਾਨਾਂ ਨੂੰ ਸਿਰਫ ਇੱਕ ਮਹੱਤਵਪੂਰਨ ਵੱਡੀ ਧਿਰ ਤਾਂ ਮੰਨਦੇ ਸਨ, ਵੱਖਰੀ ਕੌਮ ਨਹੀਂ। ਇਹੀ ਨਹੀਂ, ਮਾਰਚ 1940 (ਲਾਹੌਰ ਸੰਮੇਲਨ) ਤੱਕ ਉਹਨਾਂ ਸਿਰਫ ਇਹੀ ਮੰਗ ਰੱਖੀ ਕਿ ਇੱਕ ਮੁਸਲਮਾਨ ਬਹੁਲ ਇਲਾਕਾ ਸਿਰਜਿਆ ਜਾਵੇ ਜਿੱਥੇ ਮੁਸਲਮਾਨ ਆਪਣੇ ਅਕੀਦਿਆਂ ਦਾ ਆਨੰਦ ਮਾਣ ਸਕਣ। ਪ੍ਰੰਤੂ ਅਖੌਤੀ ਰਾਸ਼ਟਰਵਾਦੀਆਂ ਦੀਆਂ ਗਤੀਵਿਧੀਆਂ ਨੇ ਅਜਿਹੇ ਹਾਲਾਤ ਸਿਰਜ ਦਿੱਤੇ ਕਿ ਮੁਸਲਿਮ ਲੀਗ ਨੇ ਮਦਰਾਸ ਸੰਮੇਲਨ (1941) ਵਿੱਚ ਵੱਖਰੇ ਦੇਸ਼ ਦੀ ਮੰਗ ਕਰ ਦਿੱਤੀ।

ਮਗਰੋਂ ਵਿਸੇਸ਼ ਰੁਤਬੀ ਮੁਸਲਮਾਨਾਂ ਖਾਸ ਕਰਕੇ ਮੁਸਲਿਮ ਲੀਗ ਮਿ: ਜਿਨਾਹ ਅਤੇ ਪ੍ਰਸਿੱਧ ਲੇਖਕ ਮੁਹੰਮਦ ਇਕਬਾਲ ਨੇ ਤਿੱਖੀ ਸੁਰ ਅਪਨਾ ਲਈ। ਗੌਰਤਲਬ ਗੱਲਾਂ ਪਹਿਲੀ ਇਹ ਕਿ ਇਹ ਦੋਵੇਂ ਪਹਿਲੀ ਭਾਰਤੀ ਦੇਸ਼ ਪ੍ਰੇਮੀ ਵਜੋਂ ਹੀ ਆਜਾਦੀ ਲਈ ਸਰਗਰਮ ਸਨ, ਵਿਸੇਸ਼ ਕਰਕੇ ਕਾਂਗਰਸ ਦੇ ਭਿਆਲ ਵਜੋਂ ਵੀ। ਦੂਜਾ, ਹਿੰਦੂ ਰਾਸ਼ਟਰਵਾਦੀਆਂ ਦੇਦੋ-ਕੌਮ ਥਿਊਰੀ ਅਤੇ ਅੱਡ ਵਤਨ ਪ੍ਰਤੀ ਉਲਾਰ-ਬਿਰਤੀ ਦੇ ਸ਼ੁਰੂਆਤੀ ਪਰ ਤਿੱਖੇ ਤੇਵਰਾਂ ਉਪਰੰਤ ਵੀ ਤਕਰੀਬਨ ਤਿੰਨ ਦਹਾਕਿਆਂ ਬਾਅਦ ਹੀ ਇੰਡੀਅਨ ਮੁਸਲਿਮ ਲੀਗ ਦੇ ਪ੍ਰਮੁੱਖ ਨੇਤਾ ਮੁਹੰਮਦ ਅਲੀ ਜਿਨਾਹ ਨੇ ਹੀ ਭਾਈ ਪਰਮਾਨੰਦ ਅਤੇ ਮਗਰੋਂ ਦੇ ਹਿੰਦੂ ਕੱਟੜਪੰਥੀਆਂ, ਖਾਸ ਕਰਕੇ ਹਿੰਦੂ ਮਹਾਂ ਸਭਾ ਅਤੇ ਆਰ ਐੱਸ ਐੱਸ ਦੇ ਸੰਸਥਾਪਕਾਂ ਦੀ ਭਾਸ਼ਾ ਨੂੰ ਦੁਹਰਾਉਂਦਿਆਂ ਮੁਸਲਮਾਨਾਂ ਨੂੰ ਅੱਡ ਕੌਮ ਵਜੋਂ ਪ੍ਰਚਾਰਨਾ ਸ਼ੁਰੂ ਕਰ ਦਿੱਤਾ। ਮਗਰੋਂ ਵੱਖਰੇ ਮੁਲਕ ਦੀ ਹੀ ਮੰਗ ਰੱਖ ਦਿੱਤੀ।

ਇਹ ਠੀਕ ਹੈ ਕਿ ਜਿਨਾਹ ਦੀ ਅਗਵਾਈ 'ਚ ਸ਼ਕਤੀਸ਼ਾਲੀ ਮੁਸਲਿਮ ਲੀਗ ਨੇ ਭਾਰਤ ਨੂੰ ਧਰਮ ਦੇ ਆਧਾਰ 'ਤੇ ਵੰਡਣ 'ਚ ਸਫਲਤਾ ਪ੍ਰਾਪਤ ਕਰ ਲਈ। ਦਰ-ਹਕੀਕਤ ਇਹ ਬਹੁਤਾ ਕਰਕੇ ਲੀਗ ਦੇ ਗੁੰਮਰਾਹ ਕਰੂ ਰੋਲੇ ਕਾਰਨ ਹੋਇਆ। ਲੀਗ ਕਦੇ ਵੀ ਮੁਸਲਮਾਨਾਂ ਦੀ ਸੰਪੂਰਨ ਅਗਵਾਈ ਨਹੀਂ ਸੀ ਕਰਦੀ। ਹਾਂ, ਕਿਤੇ ਮਗਰੋਂ ਉਸ ਨੇ 1946 ਦੇ ਪ੍ਰਾਂਤ ਅਸੈਂਬਲੀਆਂ ਵਿੱਚ ਵਧੇਰੇ ਸੀਟਾਂ ਪ੍ਰਾਪਤ ਕਰ ਲਈਆਂ ਸਨ ਪਰ ਇਹ ਸਾਰਾ ਕੁਝ ਸੀਮਿਤ ਵੋਟਰਾਂ ਕਾਰਨ ਹੋਇਆ। ਉਦੋਂ ਹਿੰਦੂਆਂ ਵਾਂਗ ਹੀ ਸਾਰੇ ਮੁਸਲਮਾਨਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਸੀ। ਵਿਸ਼ੇਸ਼ ਰੁਤਬੀ ਜਾਂਚ ਸਾਧਨ ਸੰਪਨ ਜਾਂ ਗੋਰਿਆਂ ਦੇ ਪਿਛਲੱਗ ਹੀ ਵੋਟ ਪਾ ਸਕਦੇ ਸਨ। ਅਜਿਹੇ ਲੋਕ ਹੀ ਨਿਰੋਲ ਆਪੋ-ਆਪਣੇ ਹਿੱਤਾਂ ਜਾਂ ਸਤਾਹ ਦੀ ਭੁੱਖ ਕਾਰਨ ਵੱਖਰੇ ਦੇਸ਼ ਦੀ ਮੰਗ ਨੂੰ ਪ੍ਰਚੰਡ ਕੀਤਾ, ਸਾਰੇ ਮੁਸਲਮਾਨਾਂ ਨੇ ਨਹੀਂ।

ਮੁਸਲਮਾਨਾਂ ਦੇ ਕਈ ਸਿਰਕੱਢ ਆਗੂ, ਦਾਨਿਸ਼ਵਰਾਂ, ਪੇਸ਼ੇਵਰ ਅਤੇ ਕਿਰਤੀਆਂ-ਸ਼ਿਲਪੀਆਂ ਅਤੇ ਕਿਸਾਨਾਂ ਦੇ ਆਗੂ ਜਿਵੇਂ; ਅੱਲਾਬਖਸ਼ ਸਿੰਧੂ, ਅਬਦੁਲ ਗੁਫਾਰ ਖਾਂ ਬਲੋਚਿਸਤਾਨ, ਖਾਨ ਅਬਦੁਲ ਖਾਂ, ਸੈਫੁਉਦੀਨ ਕਿਚਲੂ, ਆਸਫ ਅਲੀ, ਅਬਾਸ ਤੈਜਬੀ, ਯੂਸਫ ਮੇਹਰ ਅਲੀ, ਮੌਲਾਨਾ ਅਬਦੁਲ ਸਿੰਧੀ, ਖਿਜਰ ਟਿਵਾਣਾ, ਅਬਦੁੱਲ ਅਲਤਾਫੀ, ਅਨੀਸ ਕਿਦਵਈ, ਮਿਰਜ਼ਾ ਜਫਰ ਹੁਸੈਨ, ਇਨਾਇਤ ਉੱਲਾ ਖਾਂ ਮਸਰਿਕੀ, ਡਾ: ਅਸ਼ਰਫ, ਸ਼ੌਕਤ ਉੱਲਾ, ਸ਼ੋਕਤ ਅਨਸਾਰੀ, ਹਮਾਯੂ ਕਬੀਰ, ਨਵਾਬਜਾਦਾ ਅਲੀ ਹਸਨ ਚੌਧਰੀ, ਡਾਕ ਮੈਅਰ ਐੱਮ ਕੇ ਜ਼ਕਰੀਆ, ਡਾ: ਅਹਮਦ ਅਤੇ ਮੌਲਾਨਾ ਅਬਦੁੱਲ ਕਮਾਲ ਆਜਾਦ ਆਦਿ ਨੇ ਫਿਰ ਸਿਬਲੀ ਨੋਮਾਨੀ (1857–1914), ਹਸਰਤ ਮੋਹਾਨੀ (1875–1951), ਮੁਖਤਾਰ ਅਹਿਮਦ ਅੰਸਾਰੀ (1880–1936), ਸੱਯਦ ਅਬਦੁੱਲਾ (1891–1949), ਮੌਲਾਨਾ ਹੁਸੈਨ ਅਹਿਮਦ (1879–1957), ਅਬਦੁੱਲ ਮਜੀਦ ਖਵਾਜਾ (1885–1962), ਸ਼ੇਖ ਅਬਦੁੱਲਾ (1905–1982) ਅਤੇ ਖਾਨ ਅਬਦੁੱਲਾ ਗੁਫਾਰ ਖਾਂ (1880–1988) ਆਦਿ ਅਤੇ ਮੁਸਲਿਮ ਤਨਜੀਮਾ ਜਿਨ੍ਹਾਂ ਵਿੱਚੋਂ ਬਹੁਤੀਆਂ ਕਿਰਤੀਆਂ-ਸ਼ਿਲਪੀਆਂ ਅਤੇ ਕਿਸਾਨਾਂ ਵਿੱਚ ਵੀ ਵੱਡਾ ਆਧਾਰ ਰੱਖਦੀਆਂ ਸਨ ਜਿਵੇਂ ਆਜਾਦ ਮੁਸਲਿਮ ਕਾਨਫਰੰਸ, ਮਜਲਿਸੇ-ਅਹਰਾਰ, ਸ਼ੀਆ ਕਾਨਫਰੰਸ, ਅਹਲੇ ਹਦੀਸ, ਪੰਜਾਬ ਯੂਨੀਏਸਟ ਪਾਰਟੀ, ਖਾਦਸਾਰ ਇਸਲਾਮੀ ਦਲ, ਜਮੀਅਤ ਉਲਮਾ-ਏ-ਹਿੰਦ, ਸੀਆ ਪੁਲੀਟੀਕਲਜ, ਖੁਦਾਈ ਖਿਤਮਿਤਦਾਰ, ਕ੍ਰਿਸ਼ਕ ਪਰਜਾ ਪਾਰਟੀ, ਮੁਸਲਿਮ ਪਾਰਲੀਮਾਨੀ ਬੋਰਡ, ਨੈਸ਼ਨਲ ਪਾਰਟੀ ਬਲੋਚ ਐਂਡ ਸਿੰਧ, ਅੰਜੂਮਨ ਵਤਨ, ਜਮੀਅਤ ਅਹਲੇ ਹਕੀਸ, ਮਜਲਿਸ ਅਹਰਾਰੇ ਇਸਲਾਮ, ਆਦਿ ਸ਼ਾਮਲ ਸਨ, ਨੇ ਵੱਖਰੇ ਮੁਲਕ ਤੇ ਧਰ ਅਧਾਰਤ ਵੰਡੀਆਂ ਦਾ ਸਮੇਂ-ਸਮੇਂ ਸਿਰ ਵਿਰੋਧ ਕੀਤਾ। ਇਹ ਪਾਰਟੀਆਂ ਜਾਂ ਛੋਟੀਆਂ-ਵੱਡੀਆਂ ਜਥੇਬੰਦੀਆਂ ਸਾਰੇ ਮੁਲਕ ਵਿੱਚ ਫੈਲੀਆਂ-ਪਸਰੀਆਂ ਹੋਈਆਂ ਸਨ। ਦੱਖਣ ਵਿੱਚ ਵੀ ਪੱਛਮ ਵਿੱਚ ਵੀ। ਪ੍ਰੰਤੂ ਪੰਜਾਬ ਅਤੇ ਬੰਗਾਲ ਜਿੱਥੇ ਮੁਸਲਿਮ ਫਿਰਕੂ ਜਿਆਦਾ ਸਰਗਰਮ ਸਨ ਤੇ ਪੰਜਾਬ ਨਾਲ ਲੱਗਦੇ ਮੁਸਲਿਮ ਇਲਾਕੇ ਜਿਵੇਂ ਉੱਤਰੀ ਪੱਛਮੀ ਫਰੰਟੀਅਰ, ਸਿੰਧੂ, ਬਲੋਚਿਸਤਾਨ ਵਗੈਰਾ ਦੀਆਂ ਪਾਰਟੀਆਂ ਜਿਵੇਂ ਆਜਾਦ ਮੁਸਲਿਮ ਕਾਨਫਰੰਸ, ਆਲ ਇੰਡੀਆ ਮੋਮਨ ਕਾਨਫਰੰਸ, ਅਜਹਾਰੇ ਕ੍ਰਿਸ਼ਕ, ਖੁਦਾਈ ਖਿਦਮਤਗਾਰ (ਸਰਹੱਦੀ ਗਾਂਧੀ) ਆਦਿ ਤਾਂ ਵੰਡ ਵਿਰੁੱਧ ਬਹੁਤ ਸਰਗਰਮ ਸਨ। ਪਰ ਸਮੇਂ ਦੇ ਵਹਿਣ ਅਤੇ ਕਈ ਹੋਰ ਕਾਰਨਾਂ ਕਰਕੇ ਮੁਕੰਮਲ ਪੇਸ਼ ਨਹੀਂ ਗਈ। ਕਿਉਂ? ਇਸ ਦੇ ਬਹੁਤ ਸਾਰੇ ਕਾਰਨ ਸਨ, ਜਿਹੜੇ ਅੱਡਰੇ ਲੇਖ ਦੀ ਮੰਗ ਕਰਦੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਜੇ ਮੁਸਲਮਾਨਾਂ ਵਿਸ਼ੇਸ਼ ਕਰਕੇ ਮੁਸਲਿਮ ਨੇਤਾਵਾਂ ਨਾਲ ਭੇਦਭਾਵ ਦਾ ਮੁੱਖ ਕਾਰਨ ਇਹ ਚਿਤਵਿਆ ਜਾਂਦਾ ਹੈ ਕਿ ਗੋਰਿਆਂ ਦੀ ਸ਼ਹਿ ਨਾਲ ਭਾਰੂ ਪੈ ਗਈ ਵੰਡ-ਪੱਖੀ ਧਿਰ ਵਾਲੇ, ਧਰਮ ਦੇ ਆਧਾਰ 'ਤੇ ਵੱਖ ਦੇਸ਼ (ਪਾਕਿਸਤਾਨ) ਦੀ ਮੰਗ ਕਰਦੇ ਸਨ ਤਾਂ ਫਿਰ ਉਹਨਾਂ ਹਿੰਦੂ ਨੇਤਾਵਾਂ ਲਈ ਉਹੀ ਮਾਪਦੰਡ ਕਿਉਂ ਨਹੀਂ? ਜਿਹੜੇ ਅੱਡ ਹਿੰਦੂ ਕੌਮ ਤਸਲੀਮ ਕਰਦੇ ਸਨ ਤੇ ਹਿੰਦੂ ਰਾਸ਼ਟਰ ਦਾ ਸੁਪਨਾ ਸਜੋਂਦੇ ਸਨ/ਹਨ। ਅਸਲ ਵਿੱਚ ਇਹ ਵੀ ਉਸੇ ਤਰ੍ਹਾਂ ਵਤਨ ਵਿਰੋਧੀ ਹਨ ਜਿਵੇਂ ਕਿ ਮੁਸਲਿਮ ਫਿਰਕਾਪ੍ਰਸਤ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ 1942 ਵਿੱਚ ਸਿੰਧ 'ਚ ਮੁਸਲਿਮ ਲੀਗ ਅਤੇ ਹਿੰਦੂ ਮਹਾਂ ਸਭਾ (ਸਾਵਰਕਰ) ਦੀ ਸਾਂਝੀ ਸਰਕਾਰ ਬਣੀ। ਉਸ ਆਜਾਦ ਮੁਸਲਿਮ ਕਾਨਫਰੰਸ (ਅੱਲਾ ਬਖਸ਼) ਨੂੰ ਗੋਰਿਆਂ ਦੀ ਮਦਦ ਨਾਲ ਢਾਹ ਕੇ ਜਿਹੜੀ ਕੱਟੜਪੰਥੀ ਅਤੇ ਅੱਡ ਮੁਲਕ ਦੀ ਘੋਰ ਵਿਰੋਧੀ ਸੀ। ਉਦੋਂ ਹਿੰਦੂ ਮਹਾਂਸਭਾ ਅਤੇ ਮੁਸਲਿਮ ਲੀਗ ਪਹਿਲਾਂ ਹੀ ਬੰਗਾਲ ਅਤੇ ਉੱਤਰੀ-ਪੱਛਮੀ ਸੀਮਾਂਤ ਪ੍ਰਾਂਤ (ਫਰੰਟੀਅਰ) ਵਿੱਚ ਗੱਠਬੰਧਨ ਸਰਕਾਰ ਚਲਾ ਰਹੇ ਸਨ। ਅੰਗਰੇਜ਼ੀ ਟ੍ਰਿਬਿਊਨ (15 ਮਈ 1943) ਨੇ ਸਿੰਧੀ ਦੇਸ਼ ਭਗਤ ਅੱਲਾ ਬਖਸ਼ (44 ਸਾਲ) ਦੀ ਮੁਸਲਿਮ ਲੀਗੀਆਂ ਵੱਲੋਂ ਕੀਤੀ ਹੱਤਿਆ ਸਮੇਂ ਲਿਖਿਆ, 'ਕੱਟੜਪੰਥੀ ਫਿਰਕਾਪ੍ਰਸਤ, ਆਪਣੇ ਨਾਲ ਮੱਤਭੇਦ ਰੱਖਣ ਵਾਲੇ ਆਪਣੇ ਹੀ ਹਮ-ਧਰਮੀਆਂ ਨੂੰ ਸਿਰਫ ਆਪਣਾ ਘੋਰ-ਵਿਰੋਧੀ ਹੀ ਤਸਲੀਮ ਨਹੀਂ ਕਰਦੇ ਸਗੋਂ ਦੁਰ-ਪ੍ਰਚਾਰ ਨਾਲ ਸਮਾਜ ਦਾ ਦੁਸ਼ਮਣ ਗਰਦਾਨਦੇ ਹੋਏ, ਉਹਨਾਂ ਦੀਆਂ ਹੱਤਿਆਵਾਂ ਕਰਨ/ਕਰਵਾਉਣ ਤੱਕ ਦੀਆਂ ਸਾਜਿਸ਼ਾਂ ਰਚਦੇ ਹਨ।'

1943 ਦੀ ਮੋਮਿਨ ਕਾਨਫਰੰਸ ਨੇ ਹੋਰ ਹਾਜ਼ਰ ਜਥੇਬੰਦੀਆਂ ਸਮੇਤ ਮਤਾ ਪਾਸ ਕੀਤਾ ਸੀ, 'ਅਸੀਂ ਵੱਖ ਦੇਸ਼ ਦੀ ਯੋਜਨਾ ਦੇ ਬਿਲਕੁੱਲ ਖਿਲਾਫ ਹਾਂ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਦਾ ਮੁਸਲਮਾਨ ਕਿਸਾਨ ਕਿਸੀ ਵੀ ਬਾਹਰੀ ਮੁਸਲਮਾਨ ਕਿਸਾਨ ਨਾਲੋਂ ਪੰਜਾਬ ਦੇ ਹਿੰਦੂ ਕਿਸਾਨ ਦੇ ਜਿਆਦਾ ਨੇੜੇ ਹੈ। ਇਵੇਂ ਹੀ ਬੰਗਾਲ ਦੇ ਹਿੰਦੂ ਕਿਰਤੀ ਦਾ ਸੰਬੰਧ ਬੰਗਾਲ ਦੇ ਮੁਸਲਿਮ ਕਿਰਤੀ ਨਾਲ, ਹੋਰ ਵੀ ਕਿਸੇ ਇਲਾਕੇ ਦੇ ਕਿਰਤੀਆਂ ਨਾਲੋਂ ਬੇਹੱਦ ਨੇੜਲਾ ਹੈ।' ਮਗਰੋਂ ਆਲ ਪਾਰਟੀ ਦੇਸ਼ ਭਗਤ ਮੁਸਲਿਮ ਕਾਨਫਰੰਸ ਨੇ ਕਿਹਾ ਸੀ, 'ਇਸਲਾਮ ਕਦੇ ਵੀ ਖਤਰੇ ਵਿੱਚ ਨਹੀਂ ਸੀ/ਹੈ, ਇਹ 'ਲੀਗ' ਹੀ ਹੈ, ਜਿਹੜੀ ਖਤਰੇ ਵਿੱਚ ਹੈ। ਇਵੇਂ ਹੀ ਹਿੰਦੂਆਂ ਨੂੰ ਖਤਰਾ ਮੁਸਲਮਾਨਾਂ ਤੋਂ ਨਹੀਂ, ਸਗੋਂ ਆਪਣੇ ਲੁਟੇਰੇ ਤੇ ਫਿਰਕਾਪ੍ਰਸਤ ਆਗੂਆਂ ਤੋਂ ਹੈ।' ਇਸ ਤੋਂ ਕਿਤੇ ਪਹਿਲਾਂ ਕਿਸਾਨ ਨੇਤਾ ਸਵਾਮੀ ਸਹਿਜਾਨੰਦ ਸਰਸਵਤੀ ਨੇ ਦੇਸ਼ ਭਗਤ ਖਾਸ ਕਰਕੇ ਕਿਰਤੀਆਂ-ਕਿਸਾਨਾਂ ਦੇ ਮੁਸਲਮ ਨੇਤਾਵਾਂ ਬਾਰੇ ਜਾਮਾ ਸਮਜਿਦ ਦਿੱਲੀ (22 ਅਪ੍ਰੈਲ 1940) 'ਚ ਹੋਈ, ਇੱਕ ਕਾਨਫਰੰਸ ਵਿੱਚ ਬੁਲੰਦ ਆਵਾਜ਼ 'ਚ ਕਿਹਾ ਸੀ, 'ਉਹ ਨਿਰਣਾਇਕ ਤੌਰ 'ਤੇ ਬ੍ਰਿਟਿਸ ਵਿਰੋਧੀ ਅਤੇ ਸਮਾਜਕ ਤੌਰ 'ਤੇ ਇਨਕਲਾਬ ਪਸੰਦ ਹਨ।' ਮੌਲਾਨਾ ਅਬਦੁੱਲ ਕਲਾਮ ਨੇ ਇੱਕ ਸਮੇਂ ਕਿਹਾ, 'ਪਾਕਿਸਤਾਨ ਸ਼ਬਦ ਤਾਂ ਮੇਰੇ ਗਲੋਂ ਹੀ ਨਹੀਂ ਉੱਤਰਦਾ। ਜਿਹੜਾ ਇਹ ਕਨਸੋਅ ਦਿੰਦਾ ਹੈ ਕਿ ਸਿਰਫ ਉਹੀ ਇਲਾਕਾ ਹੀ ਪਵਿੱਤਰ ਹੈ ਬਾਕੀ ਨਹੀਂ। ਧਰਤੀ ਦੇ ਕਿਸੇ ਹਿੱਸੇ ਨੂੰ ਪਾਕ ਕਹਿਣਾ ਅਤੇ ਦੂਜੇ ਨੂੰ ਨਹੀਂ, ਇਹ ਇਸਲਾਮੀ ਸ਼ਰਾ ਦੇ ਖਿਲਾਫ ਹੈ।' ਹਜਰਤ ਮੁਹੰਮਦ ਅਨੁਸਾਰ, ' ਅੱਲਾ ਦੀ ਸਾਰੀ ਧਰਤੀ ਹੀ, ਨੇਕ-ਪਾਕ ਮਸਜਿਦ ਹੈ।' ਵੰਡ ਵਿਰੋਧੀ ਮੁਸਲਿਮ ਨੇਤਾ ਜ਼ੋਰ ਦੇ ਕੇ ਕਹਿੰਦੇ ਸਨ, 'ਇੱਕ ਮੁਸਲਮਾਨ ਹੋਣ ਦੇ ਨਾਤੇ ਅਸੀਂ ਪੂਰੇ ਹਿੰਦੇਸਤਾਨ ਨਾਲੋਂ ਆਪਣਾ ਸੰਬੰਧ ਤੋੜਨ ਤੋਂ ਬਿਲਕੁੱਲ ਇਨਕਾਰੀ ਹਾਂ। ਭਾਰਤ ਵਤਨ ਦੇ ਹਰ ਚੰਗੇ-ਮੰਦੇ ਪਹਿਲੂ ਵਿੱਚ ਸਾਡਾ ਵੀ ਹਿੱਸਾ ਹੈ। ਅਸੀਂ ਇਸ ਨਾਲ ਆਪਣੇ ਰਾਜਨੀਤਿਕ, ਸਮਾਜਕ ਅਤੇ ਆਰਥਿਕ ਜੀਵਨ ਨੂੰ ਸੰਵਾਰਨ ਲਈ ਵਚਨਬੱਧ ਹਾਂ। ਜਿਸ ਮਿੱਟੀ ਵਿੱਚ ਜਨਮ ਲਿਆ ਹੈ, ਅਸੀਂ ਉਸ ਨੂੰ ਕਿਉਂ ਛੱਡੀਏ? ਭਲਾ; ਇਹ ਕਿਵੇਂ ਹੋ ਸਕਦਾ ਹੈ, ਕਿ ਤੁਸੀਂ ਆਪਣੀ ਵਿਰਾਸਤ ਹੀ ਛੱਡ ਦਿਓ।'

ਆਓ! ਅੰਤ ਵਿੱਚ ਇਸ ਲੇਖ ਨੂੰ ਡਾ: ਭੀਮ ਰਾਓ ਅੰਬੇਡਕਰ ਦੇ ਇਹਨਾਂ ਲਫਜ਼ਾਂ ਨਾਲ ਸਮੇਟੀਏ, 'ਹੈਰਾਨੀ ਹੈ ਕਿ ਸਾਵਰਕਰ ਅਤੇ ਜਿਨਾਹ, ਇੱਕ ਕੌਮ ਬਨਾਮ ਦੋ ਕੌਮਾਂ ਅਤੇ ਇੱਕ ਰਾਸ਼ਟਰ ਬਨਾਮ ਦੋ ਰਾਸ਼ਟਰ ਦੇ ਸਵਾਲ ਉੱਤੇ, ਇੱਕ ਦੂਜੇ ਦੇ ਘੋਰ-ਵਿਰੋਧੀ ਹੁੰਦੇ ਹੋਏ ਵੀ, ਇੱਕ ਦੂਜੇ ਦੇ ਪੂਰਕ ਹੀ ਸਨ। ...ਜਦੋਂ ਅਸੀਂ ਇਤਿਹਾਸ ਦਾ ਸਹੀ ਜਾਇਜ਼ਾ ਲਵਾਂਗੇ ਤਾਂ ਇਹ ਨਿੱਖਰ ਕੇ ਸਾਹਮਣੇ ਆ ਜਾਵੇਗਾ ਕਿ ਦੋ ਕੌਮਾਂ, ਦੋ ਰਾਸ਼ਟਰ ਦੇ ਸਿਧਾਂਤ ਦੇ ਉਸਰੱਈਏ ਹਿੰਦੂ ਅਤੇ ਮੁਸਲਮਾਨਾਂ ਦੇ ਕੱਟੜਪੰਥੀ ਫਿਰਕਾਪ੍ਰਸਤ ਆਗੂ ਅਤੇ ਅਖੌਤੀ ਮਾਰਗ-ਦਰਸ਼ਕ ਸਨ। ਪਰ ਅਸਲ ਸੱਚ ਇਹ ਹੈ ਕਿ ਇਸ ਦੀ ਸ਼ੁਰੂਆਤ 'ਹਿੰਦੂ ਰਾਸ਼ਟਰਵਾਦੀਆਂ' ਵੱਲੋਂ ਹੋਈ।'

94634-39075

ਚੀਫ਼ ਬੈਵ ਸੈਲਰਜ਼
ਅਨੁਵਾਦ : ਸਾਧੂ ਬਿਨਿੰਗ

# ਕੈਨੇਡਾ ਦੇ ਮੂਲ ਨਿਵਾਸੀ ਰੈਜ਼ੀਡੈਂਸ਼ੀਅਲ ਸਕੂਲ




(ਜਿਥੇ ਜਿਥੇ ਵੀ ਯੂਰਪੀਅਨ ਲੋਕ ਗਏ ਇਨ੍ਹਾਂ ਨੇ ਜੇਤੂ ਹਮਲਾਵਰਾਂ ਦੀ ਤਰ੍ਹਾਂ ਹਾਰੇ ਹੋਏ ਲੋਕਾਂ ਨੂੰ ਆਪਣੇ ਅਧੀਨ ਕਰਨ ਦੀ ਕੋਸ਼ਿਸ਼ ਕੀਤੀ। ਜਿਹੜੇ ਲੋਕ ਇਨ੍ਹਾਂ ਅਧੀਨ ਹੋਣੋ ਇਨਕਾਰੀ ਹੋਏ ਉਨ੍ਹਾਂ ’ਤੇ ਹਰ ਕਿਸਮ ਦੇ ਢੰਗ ਤਰੀਕੇ ਵਰਤੇ ਗਏ ਤੇ ਕੁਝ ਵੀ ਕੰਮ ਨਾ ਆਇਆ ਤਾਂ ਪੂਰੇ ਦੇ ਪੂਰੇ ਕਬੀਲਿਆਂ, ਨਸਲਾਂ ਨੂੰ ਖਤਮ ਤੱਕ ਕਰ ਦਿੱਤਾ। ਉਤਰੀ ਅਮਰੀਕਾ ਦੇ ਮੂਲ ਨਿਵਾਸੀਆਂ ਨੂੰ ਵੀ ਕਾਬੂ ਕਰਨ ਵਿਚ ਇਨ੍ਹਾਂ ਨੂੰ ਬੇਹੱਦ ਮੁਸ਼ਕਲਾਂ ਆਈਆਂ। ਇਨ੍ਹਾਂ ਦੀ ਲੋੜ ਤਾਂ ਸੀ ਕਿ ਜਿੱਤੇ ਹੋਏ ਲੋਕਾਂ ਨੂੰ ਗੁਲਾਮ ਬਣਾ ਕੇ ਉਨ੍ਹਾਂ ਕੋਲੋਂ ਕੰਮ ਕਰਾ ਸਕਦੇ ਪਰ ਉਹ ਇਸ ਗੱਲ ਵਿਚ ਕਾਮਯਾਬ ਨਹੀਂ ਹੋਏ ਤੇ ਇਸ ਮਕਸਦ ਲਈ ਉਨ੍ਹਾਂ ਨੂੰ ਅਫਰੀਕਾ ਤੇ ਫੇਰ ਏਸ਼ੀਆ ਵਿਚੋਂ ਗੁਲਾਮ ਲਿਆਉਣੇ ਪਏ। ਇਥੋਂ ਦੇ ਮੂਲ ਨਿਵਾਸੀਆਂ ਨੂੰ ਖਤਮ ਕਰਨ ਦੀ ਇਨ੍ਹਾਂ ਪੂਰੀ ਟਿੱਲ ਲਾਈ ਤੇ ਇਤਿਹਾਸ ਗਵਾਹ ਹੈ ਕਿ ਮੂਲ ਨਿਵਾਸੀਆਂ ਦੀ ਵਸੋਂ ਦਾ ਵੱਡਾ ਹਿੱਸਾ ਖਤਮ ਕਰ ਦਿੱਤਾ ਗਿਆ। ਮੂਲ ਨਿਵਾਸੀਆਂ ਨੂੰ ਕਾਬੂ ਕਰਨ ਦੇ ਜਦ ਸਾਰੇ ਤਰੀਕੇ ਫੇਲ੍ਹ ਹੋ ਗਏ ਤਾਂ ਉਨ੍ਹਾਂ ਨੂੰ ਕੁਝ ਜ਼ਮੀਨਾਂ ਦੇ ਕੇ ਉਨ੍ਹਾਂ ਵਿਚ ਕੈਦ ਕਰ ਦਿੱਤਾ ਗਿਆ। ਇਨ੍ਹਾਂ ਥਾਵਾਂ ਨੂੰ ‘ਇੰਡੀਅਨ ਰੀਜ਼ਰਵ’ ਦਾ ਨਾਂ ਦੇ ਦਿੱਤਾ ਗਿਆ। ਪਰ ਇਨ੍ਹਾਂ ਪ੍ਰਤੀ ਰਵੱਈਆ ਇਹੀ ਰਿਹਾ ਕਿ ਇਹ ਲੋਕ ਅਸੱਭਿਆ ਹਨ ਤੇ ਇਨ੍ਹਾਂ ਨੂੰ ਸਭਿਅਕ ਬਣਾਉਣਾ ਯੂਰਪੀਅਨਾਂ ਦਾ ਫਰਜ਼ ਹੈ। ਇਸ ਆਸੇ ਨਾਲ ਇਹ ਕੋਸ਼ਿਸ਼ ਕੀਤੀ ਗਈ ਕਿ ਇਨ੍ਹਾਂ ਲੋਕਾਂ ਦੀ ਔਲਾਦ ਨੂੰ ਯੂਰਪੀਅਨ ਵਿਦਿਆ ਦੇ ਨਾਲ ਨਾਲ ਇਨ੍ਹਾਂ ਦੇ ਸਭਿਆਚਾਰ ਨਾਲੋਂ ਸਦਾ ਲਈ ਤੋੜਿਆ ਜਾਵੇ। ਇਸ ਮੰਤਵ ਨੂੰ ਪੂਰਾ ਕਰਨ ਲਈ ਅਮਰੀਕਾ ਅਤੇ ਕੈਨੇਡਾ ਵਿਚ ਰੈਜ਼ੀਡੈਂਸ਼ੀਅਲ ਸਕੂਲ ਸਥਾਪਤ ਕੀਤੇ ਗਏ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਸ ਕੰਮ ਵਿਚ ਸਰਕਾਰ ਤੇ ਚਰਚ ਬਰਾਬਰ ਦੇ ਭਾਈਵਾਲ ਬਣੇ। ਯੂਰਪੀਅਨ ਹਮਲਾ ਆਵਰਾਂ ਨੇ ਜਿੱਤੇ ਹੋਏ ਲੋਕਾਂ ਨੂੰ ਕਾਬੂ ਕਰਨ ਲਈ ਆਪਣੇ ਧਰਮ ਨੂੰ ਪੈਰ ਪੈਰ ’ਤੇ ਵਰਤਿਆ ਹੈ। ਸੋ ਇਥੇ ਵੀ ਇਹ ਤਰੀਕਾ ਅਪਣਾਇਆ ਗਿਆ। ਇਸ ਕਿਸਮ ਦੇ ਇਕ ਰੈਜ਼ੀਡੈਂਸ਼ੀਅਲ ਸਕੂਲ ਵਿਚ ਰਹਿ ਚੁੱਕੀ ਬੀਸੀ ਦੀ ਇਕ ਮੂਲ ਨਿਵਾਸੀ ਔਰਤ ਬੈਵ ਸੈਲਰਜ਼ ਜੋ ਹੁਣ ਆਪਣੇ ਕਬੀਲੇ ਦੀ ਸਰਦਾਰ ਹੈ, ਦਾ ਵੈਨਕੂਵਰ ਹੋਈ ਇਕ ਕਾਨਫਰੰਸ ‘ਇਨਜਸਟਿਸ ਇਨ ਕੈਨੇਡਾ’ ਵਿਚ ਦਿੱਤਾ ਭਾਸ਼ਣ ਅਸੀਂ ਆਪਣੇ ਪਾਠਕਾਂ ਲਈ ਅਨੁਵਾਦ ਕਰ ਕੇ ਦੇ ਰਹੇ ਹਾਂ।

ਇਹ ਲੇਖ ਦੇਣ ਦਾ ਸਾਡਾ ਕਾਰਨ ਸਿਰਫ਼ ਰੈਜ਼ੀਡੈਂਸ਼ੀਅਲ ਸਕੂਲਾਂ ਬਾਰੇ ਜਾਣਕਾਰੀ ਦੇਣਾ ਹੀ ਨਹੀਂ ਹੈ। ਸਾਡਾ ਵਿਚਾਰ ਹੈ ਕਿ ਕੈਨੇਡਾ ਵਿਚ ਵਸੇ ਪੰਜਾਬੀ ਆਵਾਸੀ ਇਥੋਂ ਦੇ ਮੂਲ ਨਿਵਾਸੀ ਲੋਕਾਂ ਬਾਰੇ ਬਹੁਤਾ ਕੁਝ ਨਹੀਂ ਜਾਣਦੇ ਅਤੇ ਜੋ ਜਾਣਦੇ ਹਨ ਉਹ ਏਨਾ ਸਹੀ ਤੇ ਯਕੀਨ ਯੋਗ ਨਹੀਂ ਹੈ। ਬਹੁਤੇ ਪੰਜਾਬੀਆਂ ਦੀਆਂ ਨਜ਼ਰਾਂ ਵਿਚ ਬਹੁਤੇ ਮੂਲ ਨਿਵਾਸੀ ਸ਼ਰਾਬੀ, ਨਿਕੰਮੇ, ਲੜਾਈ ਝਗੜਾ ਕਰਨ ਵਾਲੇ ਲੋਕ ਹਨ। ਮੂਲ ਨਿਵਾਸੀਆਂ ਦੀ ਸਾਡੇ ਮਨਾਂ ਵਿਚ ਬਣੀ ਇਸ ਕਿਸਮ ਦੀ ਤਸਵੀਰ ਦੀ ਜਾਣਕਾਰੀ ਸਾਨੂੰ ਦੋ ਮੁੱਖ ਸੋਮਿਆਂ ਤੋਂ ਮਿਲੀ ਹੈ। ਪਹਿਲਾ ਸੋਮਾ ਤਾਂ ਮੀਡੀਆ ਹੈ ਜੋ ਹਮੇਸ਼ਾ ਗੋਰਿਆਂ ਦੇ ਕੰਟਰੋਲ ਥੱਲੇ ਰਿਹਾ ਹੈ। ਮੀਡੀਏ ਵਿਚ ਉਹ ਦੂਜਿਆਂ ਦਾ ਉਹੀ ਇਮੇਜ਼ ਪੇਸ਼ ਕਰਦੇ ਹਨ ਜੋ ਉਨ੍ਹਾਂ ਲਈ ਮੁਨਾਸਬ ਹੈ। ਇਹੀ ਕਾਰਨ ਹੈ ਕਿ ਜਦੋਂ ਦੋ ਯੂਰਪੀਅਨ ਲੋਕ ਦੁਨੀਆਂ ਦੇ ਦੂਜੇ ਲੋਕਾਂ ਦੇ ਸੰਪਰਕ ਵਿਚ ਆਏ ਹਨ ਇਨ੍ਹਾਂ ਨੇ ਹਮੇਸ਼ਾ ਦੂਜਿਆਂ ਨੂੰ ਜੰਗਲੀ, ਅਸੱਭਿਕ ਤੇ ਹਿੰਸਕ ਬਣਾ ਕੇ ਪੇਸ ਕੀਤਾ ਹੈ। ਅਸੀਂ ਜਦੋਂ ਆਮ ਲੋਕਦੇ ਹਾਂ ਤਾਂ ਸਾਨੂੰ ਲੱਗਦਾ ਹੈ ਕਿ ਦੁਨੀਆਂ ਦੇ ਗੈਰ-ਚਿੱਟੇ ਲੋਕ ਚਿੱਟੇ ਲੋਕਾਂ ਦੇ ਮੁਕਾਬਲੇ ਕਿਤੇ ਵੱਧ ਹਿੰਸਕ ਤੇ ਵਹਿਸ਼ੀ ਹਨ ਜਦਕਿ ਅਸਲੀਅਤ ਸ਼ਾਇਦ ਇਸ ਤੋਂ ਬਿਲਕੁਲ ਉਲਟੀ ਹੋਵੇ। ਹੁਣ ਵੀ ਜਦੋਂ ਦੱਖਣੀ ਅਫਰੀਕਾ ਵਿਚ ਕਾਲੇ ਆਪਸ ਵਿਚ ਲੜਦੇ ਹਨ ਤਾਂ ਉਨ੍ਹਾਂ ਨੂੰ ਮੀਡੀਏ ਵਿਚ ਇਕ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ ਤੇ ਜਦੋਂ ਯੁਗੋਸਵਾਲੀਆ ਵਿਚ ਗੋਰੇ ਆਪਸ ਵਿਚ ਲੜਦੇ ਹਨ ਤਾਂ ਉਨ੍ਹਾਂ ਨੂੰ ਮੀਡੀਏ ਵਿਚ ਇਕ ਵੱਖਰੇ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ ਤੇ ਦੇਖਣ ਵਾਲੇ ਦੇ ਮਨ ਵਿਚ ਜਿਥੇ ਕਾਲਿਆਂ ਪ੍ਰਤੀ ਨਫ਼ਰਤ ਪੈਦਾ ਹੁੰਦੀ ਹੈ, ਉਥੇ ਗੋਰਿਆਂ ਪ੍ਰਤੀ ਉਸ ਕਿਸਮ ਦੇ ਅਹਿਸਾਸ ਪੈਦਾ ਨਹੀਂ ਹੁੰਦੇ। ਕਹਿਣ ਤੋਂ ਭਾਵ ਜੋ ਕੁਝ ਸਾਨੂੰ ਮੀਡੀਏ ਰਾਹੀਂ ਪਤਾ ਲੱਗਦਾ ਹੈ ਉਹ ਸਹੀ ਤਸਵੀਰ ਨਹੀਂ ਹੁੰਦੀ।

ਮੂਲ ਨਿਵਾਸੀਆਂ ਬਾਰੇ ਸਾਡਾ ਦੂਜਾ ਸੋਮਾ ਮਿੱਲਾਂ ਫਾਰਮਾਂ ਵਿਚ ਕੰਮ ਕਰਦਿਆਂ ਉਨ੍ਹਾਂ ਨਾਲ ਪਿਆ ਸਿੱਧਾ ਵਾਹ ਹੈ ਜਾਂ ਜੋ ਅਸੀਂ ਵੈਨਕੂਵਰ ਦੇ ਹੇਸਟਿੰਗ-ਮੇਨ ਵਰਗੀਆਂ ਥਾਵਾਂ ’ਤੇ ਦੇਖਿਆ ਹੈ। ਅਸੀਂ ਉਨ੍ਹਾਂ ਨੂੰ ਸ਼ਰਾਬੀ, ਨਿਕੰਮੇ, ਲੜਾਈ ਝਗੜਾ ਕਰਨ ਵਾਲੇ ਤੇ ਉਨ੍ਹਾਂ ਦੀਆਂ ਔਰਤਾਂ ਨੂੰ ਘਟੀਆ ਤੇ ਕਾਮਿਕ ਤ੍ਰਿਪਤੀ ਲਈ ਸਸਤੀਆਂ ਵਸਤਾਂ ਸਮਝਦੇ ਰਹੇ ਹਾਂ। ਅਸੀਂ ਉਨ੍ਹਾਂ ਦੀ ਇਸ ਤਸਵੀਰ ਨੂੰ ਹੀ ਸਮੁੱਚੇ ਤਸਵੀਰ ਮੰਨਣ ਦੀ ਗਲਤੀ ਕੀਤੀ ਹੈ ਤੇ ਨਾਲ ਹੀ ਅਸੀਂ ਇਹ ਵੀ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਨ੍ਹਾਂ ਦਾ ਇਸ ਕਿਸਮ ਦਾ ਵਰਤਾ ਕਿਉਂ ਹੈ? ਇਸ ਲੇਖਕ ਵਿਚ ਚੀਫ਼ ਸੈਲਰਜ਼ ਇਸ ਦੇ ਕੁਝ ਕਾਰਨਾਂ ਬਾਰੇ ਸਾਨੂੰ ਦੱਸਦੀ ਹੈ। ਨਾਲ ਹੀ ਦੱਸਦੀ ਹੈ ਕਿ ਕਿਵੇਂ ਮੂਲ ਨਿਵਾਸੀ ਹੁਣ ਆਪਣੀ ਤਕਦੀਰ ਬਦਲਣ ਲਈ ਕੀ ਕੀ ਕਰ ਰਹੇ ਹਨ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਲੇਖ ਮੂਲ ਨਿਵਾਸੀਆਂ ਪ੍ਰਤੀ ਸਾਡੀ ਜਾਣਕਾਰੀ ਵਿਚ ਗੁਣਾਤਮਕ ਵਾਧਾ ਕਰੇਗਾ। ਅਸੀਂ ਅਗਾਂਹ ਤੋਂ ਵੀ ਕੋਸ਼ਿਸ਼ ਕਰਾਂਗੇ ਕਿ ਇਸ ਕਿਸਮ ਦੇ ਹੋਰ ਲੇਖ ਅਸੀਂ ਛਾਪ ਸਕੀਏ ਕਿਉਂਕਿ ਸਾਡੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਲੋਕਾਂ ਬਾਰੇ ਸਹੀ ਸਹੀ ਜਾਣੀਏ ਜਿਨ੍ਹਾਂ ਨਾਲ ਸਾਡੇ ਵਾਂਗ ਹੀ ਵਧੀਕੀਆਂ ਹੋਈਆਂ ਹਨ। ਆਪਣੇ ਵਰਗੇ ਲੋਕਾਂ ਨਾਲ ਸਾਂਝ ਪਾ ਕੇ ਅਸੀਂ ਓਪਰੇ ਤੇ ਇਕੱਲੇ ਨਹੀਂ ਮਹਿਸੂਸ ਕਰਾਂਗੇ। ਨਾਲ ਹੀ ਅਸੀਂ ਪਾਠਕਾਂ ਨੂੰ ਸੱਦਾ ਦਿੰਦੇ ਹਾਂ ਕਿ ਜੇ ਉਹ ਕਿਸੇ ਤਰ੍ਹਾਂ ਮੂਲ ਨਿਵਾਸੀਆਂ ਬਾਰੇ ਜਾਂ ਸਾਡੇ ਵਾਂਗ ਹੋਰ ਘੱਟ ਗਿਣਤੀ ਲੋਕਾਂ ਬਾਰੇ ਸਹੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਵਿਚ ਮਦਦ ਕਰਨੀ ਚਾਹੁਣ ਤਾਂ ਵਤਨ ਦੇ ਸਫ਼ੇ ਉਨ੍ਹਾਂ ਲਈ ਹਾਜ਼ਰ ਹਨ। ਇਸ ਸਬੰਧੀ ਉਹ ਆਪਣੇ ਵਿਚਰਾ, ਲੇਖ, ਅਨੁਵਾਦ ਆਦਿ ਭੇਜਣ ਤਾਂ ਅਸੀਂ ਸਰੋਕਾਰਾਂ ਦੀ ਆਵਾਜ਼ ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। - ਸੰਪਾਦਕ)

ਮੈਂ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਸੰਖੇਪ ਇਤਿਹਾਸ ਨਾਲ ਗੱਲ ਸ਼ੁਰੂ ਕਰਾਂਗੀ।

ਬ੍ਰਿਟਿਸ਼ ਨਾਰਥ ਅਮਰੀਕਾ ਐਕਟ ਆਫ਼ 1867 ਅਨੁਸਾਰ ‘ਇੰਡੀਅਨਾਂ ਅਤੇ ਇੰਡੀਅਨਾਂ ਦੀਆਂ ਜ਼ਮੀਨਾਂ’ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਕੇਂਦਰੀ ਸਰਕਾਰ ਨੂੰ ਸੌਂਪੀ ਗਈ ਸੀ, ਜਿਸ ਵਿਚ ਇੰਡੀਅਨ ਬੱਚਿਆਂ ਦੀ ਯੂਰਪੀ ਢੰਗ ਨਾਲ ਵਿਦਿਆ ਵੀ ਸ਼ਾਮਲ ਸੀ। ਸਰਕਾਰ ਦੀਆਂ ਨਜ਼ਰਾਂ ਵਿਚ ਇੰਡੀਅਨ ਬੱਚਿਆਂ ਦੀ ਵਿਦਿਆ ਦੀਆਂ ਜ਼ਰੂਰਤਾਂ ਦੂਜਿਆਂ ਬੱਚਿਆਂ ਨਾਲੋਂ ਵੱਖਰੀਆਂ ਸਨ। ਯੂਰਪੀਅਨ ਸਮਾਜ ਦੀਆਂ ਨਜ਼ਰਾਂ ਵਿਚ ਇੰਡੀਅਨ ਬੱਚਿਆਂ ਦੀ ਵਿਦਿਆ ਇਕ ਹਥਿਆਰ ਸੀ ਜਿਸ ਨਾਲ ਇੰਡੀਅਨ ਸਭਿਆਚਾਰਾਂ ਤੇ ਕਮਿਊਨਿਟੀਆਂ ਨੂੰ ਤੋੜ ਕੇ ਇੰਡੀਅਨਾਂ ਨੂੰ ਯੂਪਰੀਅਨ ਸਮਾਜ ਦੇ ਮੈਂਬਰ ਬਣਾਉਣਾ ਸੀ। ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਕੈਨੇਡੀਅਨ ਸਰਕਾਰ ਦੀ ਪਾਲਿਸੀ ਨੂੰ ਲਾਗੂ ਕਰਨ ਲਈ ਵਿਉਂਤੇ ਗਏ ਸਨ। ਇਹ ਸਕੂਲ ਫੈਡਰਲ ਸਰਕਾਰ ਅਤੇ ਚਰਚ ਦੀ ਸਾਂਝੀ ਯੋਜਨਾ ਸੀ। ਸਰਕਾਰ ਨੇ ਇੰਡੀਅਨ ਬੱਚਿਆਂ ਦੀ ਵਿਦਿਆ ਦੀ ਜ਼ਿੰਮੇਵਾਰੀ ਦਾ ਅਗਾਂਹ ਚਰਚ ਨੂੰ ‘ਠੇਕਾ’ ਦੇ ਦਿੱਤਾ ਸੀ।

ਬਹੁਤ ਸਾਰੇ ਚਰਚਾ - ਮੁੱਖ ਤੌਰ ’ਤੇ ਕੈਥੋਲਿਕ, ਐਂਗਲੀਕਨ, ਪਰਿਸਬਾਇਟੇਰੀਅਨ ਅਤੇ ਮੈਥੋਡਿਸਟ-ਨੇ ਬੜੇ ਉਤਸ਼ਾਹ ਨਾਲ ਸਕੂਲਾਂ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਲੈ ਲਈ। ਇਹ ਚਰਚ ਨੇਟਿਵ ਲੋਕਾਂ ਨੂੰ ਸੱਭਿਆ ਬਣਾਉਣਾ ਆਪਣਾ ਫਰਜ਼ ਸਮਝਦੇ ਸਨ ਕਿਉਂਕਿ ਉਨ੍ਹਾਂ ਦੀਆਂ ਨਜ਼ਰਾਂ ਵਿਚ ਇਹ ਲੋਕ ਅਸੱਭਿਆ ਤੇ ਵਹਿਸ਼ੀ ਸਨ।

ਇਹ ਬੰਦੋਬਸਤ ਸਰਕਾਰ ਅਤੇ ਚਰਚ ਦੋਹਾਂ ਨੂੰ ਬੜਾ ਸੂਤ ਬੈਠਾ।

ਇੰਡੀਅਨ ਵਿਦਿਆ ਲਈ ਜੋ ਪਹਿਲਾਂ ਸਕੂਲ ਸਥਾਪਤ ਕੀਤੇ ਗਏ ਸਨ ਉਹ ਦਿਨ ਵੇਲੇ ਦੇ ਸਕੂਲ ਸਨ। ਇਹ ਸਕੂਲ ਪਹਿਲਾਂ ਓਨਟੈਰੀਓ ਅਤੇ ਕਿਊਬਿਕ ਵਿਚ ਇੰਡੀਅਨ ਬਸਤੀਆਂ ਜਾਂ ਰੀਜ਼ਰਬਾਂ ਦੇ ਕੋਲ ਸਥਾਪਤ ਕੀਤੇ ਗਏ ਸਨ ਅਤੇ ਬਾਅਦ ਵਿਚ ਹੋਰ ਸੂਬਿਆਂਵਿਚ ਵੀ ਬਣਾਏ ਗਏ। ਪਰ ਸਰਕਾਰ ਦੇ ਚਰਚ ਨੂੰ ਇਸ ਗੱਲ ਦਾ ਛੇਤੀ (1870 ਵਿਚ) ਹੀ ਅਹਿਸਾਸ ਹੋ ਗਿਆ ਕਿ ਇਸ ਕਿਸਮ ਦੇ ਸਕੂਲਾਂ ਰਾਹੀਂ ਉਹ ਆਪਣੇ ਆਸ਼ਿਆਂ ਵਿਚ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਣਗੇ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਨੇਟਿਵ ਲੋਕੀਂ ਸ਼ਿਕਾਰ ਤੇ ਮੱਛੀਆਂ ਦੀ ਭਾਲ ਵਿਚ ਸਾਲ ਦੀ ਬਦਲਦੀਆਂ ਰੁੱਤਾਂ ਵਿਚ ਆਪਣੇ ਟਿਕਾਣੇ ਬਦਲਦੇ ਰਹਿੰਦੇ ਸਨ। ਬੱਚਿਆਂ ਨੂੰ ਸਭਿਆ ਬਣਾਉਣ ਵਿਚ ਆ ਰਹੀ ਇਸ ਔਕੜ ਨੂੰ ਹੱਲ ਕਰਨ ਲਈ ਫੈਡਰਲ ਸਰਕਾਰ ਤੇ ਚਰਚਾਂ ਨੇ ਰਲ ਕੇ ਰੈਜ਼ੀਡੈਂਸ਼ੀਅਲ ਸਕੂਲ ਸਥਾਪਤ ਕੀਤੇ। ਸਕੂਲ ਆਮ ਤੌਰ ’ਤੇ ਨੇਟਿਵ ਕਮਿਊਨਿਟੀਆਂ ਤੋਂ ਕਾਫ਼ੀ ਦੂਰੀ ’ਤੇ ਬਣਾਏ ਜਾਂਦੇ ਸਨ ਤਾਂ ਕਿ ਬੱਚਿਆਂ ਅਤੇ ਮਾਪਿਆਂ ਵਿਚਕਾਰ ਕਿਸੇ ਕਿਸਮ ਦਾ ਵੀ ਸੰਪਰਕ ਨਾ ਰਹਿ ਸਕੇ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਸਭਿਆਚਾਰ ਬਾਰੇ ਵੀ ਕੋਈ ਸਿੱਖਿਆ ਨਾ ਦਿੱਤੀ ਜਾ ਸਕੇ।

ਕੈਨੇਡਾ ਵਿਚ ਇਸ ਕਿਸਮ ਦੇ ਤਕਰੀਬਨ ਅੱਸੀ ਸਕੂਲ ਸਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਹੁਣ ਬੰਦ ਹੋ ਚੁੱਕੇ ਹਨ। ਜਿਹੜੇ ਕੁਝ ਬਚਦੇ ਹਨ ਉਹ ਨੇਟਿਵ ਲੋਕਾਂ ਰਾਹੀਂ ਹੀ ਚਲਾਏ ਜਾਂਦੇ ਹਨ ਅਤੇ ਉਥੇ ਉਹ ਆਪਣੇ ਸਭਿਆਚਾਰ ਨੂੰ ਖਤਮ ਕਰਨ ਦੀ ਥਾਂ ਸਗੋਂ ਉਸ ਦੀ ਸਿੱਖਿਆ ਉਪਰ ਜ਼ੋਰ ਦਿੰਦੇ ਹਨ। ਜਿਹੜੇ ਰੈਜ਼ੀਡੈਂਸ਼ੀਅਲ ਸਕੂਲ ਵਿਚ ਮੈਂ ਗਈ ਸਾਂ ਉਹ ਗਿਆਰਾਂ ਸਾਲ ਪਹਿਲਾਂ ਹੀ ਬੰਦ ਹੋਇਆ ਹੈ ਅਤੇ ਉਹ ਰੋਮਨ ਕੈਥੋਲਿਕ ਚਰਚ ਦੁਆਰਾ ਚਲਾਇਆ ਜਾਂਦਾ ਸੀ।

ਸੋ....ਤੁਸੀਂ ਜਾਨਣਾ ਚਾਹੋਗੇ ਕਿ ਰੈਜ਼ੀਡੈਂਸ਼ੀਅਲ ਸਕੂਲ ਵਿਚ ਜ਼ਿੰਦਗੀ ਕਿਹੋ ਜਿਹੀ ਸੀ?

ਸਾਡੀ ਹਰ ਪੀੜ੍ਹੀ ਨੂੰ ਸਕੂਲ ਵਿਚ ਦਾਖਲ ਹੋਣ ਵੇਲੇ ਇਕੋ ਜਿਹੀ ਅਮਲ ਵਿਚ ਦੀ ਲੰਘਣਾ ਪੈਂਦਾ ਸੀ। ਤੁਹਾਡੇ ਵਾਲ ਕੱਟ ਦਿੱਤੇ ਜਾਂਦੇ ਸਨ, ਤੁਹਾਡੇ ਉਪਰ ਜੂੰਆਂ ਮਾਰਨ ਲਈ ਡੀਡੀਟੀ ਛਿੜਕੀ ਜਾਂਦੀ ਸੀ, ਤੁਹਾਨੂੰ ਇਕ ਨੰਬਰ ਦੇ ਦਿੱਤਾ ਜਾਂਦਾ ਸੀ, ਜਿਹਦੇ ਨਾਲ ਤੁਹਾਨੂੰ ਤੇ ਤੁਹਾਡੇ ਸਾਮਾਨ ਨੂੰ ਪਛਾਣਿਆ ਜਾਂਦਾ ਸੀ, ਤੁਹਾਨੂੰ ਰੈਜ਼ੀਡੈਂਸ਼ੀਅਲ ਸਕੂਲ ਦੇ ਕੱਪੜੇ ਦੇ ਦਿੱਤੇ ਜਾਂਦੇ ਸਨ ਅਤੇ ਤੁਹਾਡੀ ਉਮਰ ਅਨੁਸਾਰ ਤੁਹਾਨੂੰ ਇਕ ਗਰੁੱਪ ਵਿਚ ਪਾ ਦਿੱਤਾ ਜਾਂਦਾ ਸੀ। ਜਦੋਂ ਮੈਂ ਸਕੂਲ ਵਿਚ ਸਾਂ ਤਾਂ ਉਸ ਵੇਲੇ ਛੋਟੀਆਂ ਕੁੜੀਆਂ ਦੇ ‘ਡੋਰਮ’ ਵਿਚ 72 ਕੁੜੀਆਂ ਸਨ ਜਿਨ੍ਹਾਂ ਦੀ ਇਕ ਸੁਪਰਵਾਈਜ਼ਰ ਸੀ। ਸਾਡੀ ਔਸਤਨ ਉਮਰ ਪੰਜ ਤੋਂ ਦੱਸ ਸਾਲ ਤੱਕ ਸੀ। ਕੈਪਲੂਪਸ ਰੈਜ਼ੀਡੈਂਸ਼ੀਅਲ ਸਕੂਲ ਦੇ ਇਕ ਵਿਦਿਆਰਥੀ ਅਨੁਸਾਰ ਉਹ ਇਕ ਸੁਪਰਵਾਈਜ਼ਰ ਦੇ ਥੱਲੇ 105 ਮੁੰਡਿਆਂ ਦੇ ਗਰੁੱਪ ਸਕੂਲ ਵਿਚ ਦਾਖਲੇ ਤੋਂ ਬਾਅਦ ਤੁਹਾਡੇ ਜੀਵਨ ਦੀ ਹਰ ਗੱਲ ਦਾ ਫੈਸਲਾ ਸਕੂਲ ਵਾਲੇ ਕਰਦੇ ਸਨ। ਅਸੀਂ ਆਮ ਬੱਚਿਆਂ ਨਾਲੋਂ ਜ਼ਿਆਦਾ ਰੋਬੌਟ ਮਸ਼ੀਨਾਂ ਦੀ ਤਰ੍ਹਾਂ ਸੀ...ਹਮੇਸ਼ਾ ਹੁਕਮ ਅਨੁਸਾਰ ਚੱਲਣਾ, ਕਦੀ ਵੀ ਕਿਸੇ ਵੀ ਫੈਸਲੇ ਵਿਚ ਸਾਡਾ ਹਿੱਸਾ ਨਹੀਂ ਸੀ ਹੁੰਦਾ। ਸਾਨੂੰ ਕਦੀ ਵੀ ਨਹੀਂ ਸੀ ਪੁੱਛਿਆ ਗਿਆ ਕਿ ਅਸੀਂ ਕੀ ਸੋਚਦੇ ਸਾਂ, ਨਾ ਹੀ ਕਦੀ ਸਾਨੂੰ ਖ਼ੁਦ ਬਾਰੇ ਸੋਚਣ ਲਈ ਉਤਸ਼ਾਹਤ ਕੀਤਾ ਜਾਂਦਾ ਸੀ। ਸਕੂਲ ਵਿਚ ਆਉਣ ਤੋਂ ਥੋੜ੍ਹੀ ਹੀ ਦੇਰ ਬਾਅਦ ਸਾਨੂੰ ਇਸ ਗੱਲ ਦੀ ਸਮਝ ਆ ਗਈ ਸੀ ਕਿ ਆਪਣੇ ਮਨ ਦੀ ਗੱਲ ਕਰਨੀ, ਜਾਂ ਕਿਸੇ ਕਿਸਮ ਦੇ ਸਵਾਲ ਕਰਨ ਦਾ ਨਤੀਜਾ ਸਿਰਫ਼ ਮੁਸ਼ਕਲ ਵਿਚ ਫਸਣਾ ਹੀ ਸੀ।

ਪਹਿਲੀ ਪੀੜ੍ਹੀ ਜਿਹੜੇ ਇਨ੍ਹਾਂ ਸਕੂਲ ਵਿਚ ਗਏ ਉਹ ਸਾਡੇ ਬਾਬੇ ਤੇ ਪੜਦਾਦੇ ਸਨ। ਮੇਰੀ ਦਾਦੀ ਨੂੰ ਸਕੂਲ ਦਾ ਇਹੀ ਚੇਤਾ ਹੈ ਕਿ ਉਥੇ ਬਹੁਤ ਸਖ਼ਤ ਕੰਮ ਕਰਨਾ ਪੈਂਦਾ ਸੀ। ਹਰ ਕਿਸਮ ਦਾ ਜਿਸਮਾਨੀ ਕੰਮ ਬੱਚਿਆਂ ਕੋਲੋਂ ਕਰਾਇਆ ਜਾਂਦਾ ਸੀ। ਉਸਦੀਆਂ ਕੁਝ ਹੋਰ ਯਾਦਾਂ ਵਿਚੋਂ ਇਕ ਹੈ ਕਿ ਉਹ ਹਮੇਸ਼ਾ ਤਿਹਾਈ ਰਹਿੰਦੀ ਸੀ। ਕਿਸੇ ਕਾਰਨ ਕਰਕੇ ਉਨ੍ਹਾਂ ਨੂੰ ਪੀਣ ਦਾ ਪਾਣੀ ਨਹੀਂ ਸੀ ਦਿੱਤਾ ਜਾਂਦਾ। ਕਈ ਵਾਰੀ ਜਦੋਂ ਉਨ੍ਹਾਂ ਕੋਲੋਂ ਪਿਆਸ ਝੱਲੀ ਨਾ ਜਾਣੀ ਤਾਂ ਉਨ੍ਹਾਂ ਨੇ ਚੋਰੀਂ ਚਰਚ ਵਿਚ ਪਏ ਪਵਿੱਤਰ ਪਾਣੀ ਵਿਚੋਂ ਪਾਣੀ ਪੀ ਲੈਣਾ। ਪਰ ਅਜਿਹਾ ਕਰਦਿਆਂ ਫੜੇ ਜਾਣ ਦੀ ਸੂਰਤ ਵਿਚ ਬਹੁਤ ਕੁੱਟ ਪੈਂਦੀ ਸੀ। ਮੇਰੀ ਦਾਦੀ ਨੂੰ ਇਸ ਗੱਲ ਦਾ ਵੀ ਚੇਤਾ ਹੈ ਕਿ ਇਕ ਵਾਰੀ ਉਹਨੂੰ ਇਕ ਕੋਠੜੀ ਵਿਚ ਦੋ ਹਫਤਿਆਂ ਲਈ ਬੰਦ ਰਹਿਣਾ ਪਿਆ ਸੀ ਕਿਉਂਕਿ ਉਹਦੇ ਕੋਲੋਂ ਗਲਿਆ ਸੜਿਆ ਹੋਇਆ ਮੀਟ ਨਹੀਂ ਸੀ ਖਾਧਾ ਗਿਆ।

ਮੇਰੀ ਮਾਂ ਨੇ ਤੀਹਵਿਆਂ ਵਿਚ ਅਤੇ ਚਾਹਲਵੀਆਂ ਦੇ ਸ਼ੁਰੂ ਵਿਚ ਸਕੂਲ ਅਟੈਂਡ ਕੀਤਾ। ਉਹਨੂੰ ਜੋ ਸਭ ਤੋਂ ਵੱਧ ਯਾਦ ਹੈ ਉਹ ਹੈ ਕਿ ਸਰਦੀਆਂ ਵਿਚ ਲੋਹੜੇ ਦਾ ਪਾਲਾ ਲੱਗਦਾ ਸੀ ਅਤੇ ਖਾਣਾ ਹਮੇਸ਼ਾ ਗਲਿਆ-ਸੜਿਆ ਹੋਇਆ ਹੁੰਦਾ ਸੀ। ਇਹ ਗੱਲ ਉਸ ਸਕੂਲ ਦੇ ਪ੍ਰਿੰਸੀਪਲ ਵਲੋਂ ਫੈਡਰਲ ਸਰਕਾਰ ਨੂੰ ਲਿਖੇ ਇਕ ਖਤ ਤੋਂ ਵੀ ਜਾਹਿਰ ਹੁੰਦੀ ਸੀ। ਉਸ ਮੁਤਾਬਕ ਕੁੜੀਆਂ ਦੇ ਸਕੂਲ ਵਿਚ ਕਈ ਵਾਰੀ ਤੀਹ ਡਿਗਰੀ ਫਾਰਨਹੀਟ, ਜੰਮਣ ਦਰਜੇ ਤੋਂ ਦੋ ਦਰਜੇ ਥੱਲੇ ਠੰਡ ਹੁੰਦੀ ਸੀ।

ਜਿਹੜੇ ਸਕੂਲ ਵਿਚ ਮੈਂ ਗਈ ਸਾਂ ਉਹ ਪੰਜਾਵਿਆਂ ਵਿਚ ਬਣਾਇਆ ਗਿਆ ਸੀ ਕਿਉਂਕਿ ਉਥੇ ਪੁਰਾਣਾ ਸਕੂਲ ਅੱਗ ਨਾਲ ਜਲ ਗਿਆ ਸੀ, ਉਹ ਸਕੂਲ ਵਿਚ ਵੀ ਹਮੇਸ਼ਾ ਹੀ ਠੰਡ ਹੁੰਦੀ ਸੀ। ਖੇਡਣ ਵਾਲੇ ਕਮਰਿਆਂ ਵਿਚ ਸਖਤ ਸੀਮਿੰਟ ਦੀਆਂ ਫਰਸ਼ਾਂ ਸਨ। ਦਰਵਾਜ਼ੇ ਵੱਡੇ ਵੱਡੇ ਲੋਹੇ ਦੇ ਬਣੇ ਹੋਏ ਸਨ ਜਿਨ੍ਹਾਂ ਨੂੰ ਜਦ ਵੀ ਖੋਲਿਆ ਜਾਂ ਲਾਇਆ ਜਾਂਦਾਸੀ ਤਾਂ ਸਾਰੀ ਇਮਾਰਤ ਵਿਚ ਉਨ੍ਹਾਂ ਦਾ ਖੜਾਕ ਸੁਣਦਾ ਸੀ। ਡੌਰਮ ਵਿਚ ਮਸੀਂ ਲੋੜ ਦੀਆਂ ਵਸਤਾਂ ਹੀ ਹੁੰਦੀਆਂ ਸਨ-ਮੰਜੇ ’ਤੇ ਪੜਦੇ। ਮੈਂ ਕਦੀ ਵੀ ਕਿਸੇ ਕੰਧ ’ਤੇ ਕੋਈ ਤਸਵੀਰ ਨਹੀਂ ਸੀ ਦੇਖੀ। ਮੇਰਾ ਨਹੀਂ ਖਿਆਲ ਕਿ ਦੂਜੇ ਰੈਜ਼ੀਡੈਂਸ਼ੀਅਲ ਸਕੂਲ ਕਿਸੇ ਤਰ੍ਹਾਂ ਵੀ ਇਸ ਤੋਂ ਵੱਖਰੇ ਹੋਣਗੇ।

ਭਾਵੇਂ ਰਹਿਣ ਦੀਆਂ ਹਾਲਤਾਂ ਵਿਚ ਕੁਝ ਸੁਧਾਰ ਆਇਆ ਅਤੇ ਮੇਰੀ ਦਾਦੀ ਦੇ ਸਮੇਂ ਤੋਂ ਲੈ ਕੇ ਮੇਰੇ ਸਕੂਲ ਜਾਣ ਤੱਕ ਬੱਚਿਆਂ ਨੂੰ ਸਖ਼ਤ ਕੰਮ ਵੀ ਘੱਟ ਕਰਨਾ ਪੈਂਦਾ ਸੀ ਪਰ ਜਿਹੜਾ ਹਰ ਵਿਦਿਆਰਥੀ ਨੂੰ ਸੁਨੇਹਾ ਮਿਲਦਾ ਸੀ ਉਸ ਵਿਚ ਕੋਈ ਤਬਦੀਲੀ ਨਹੀਂ ਸੀ ਆਈ। ਇਹ ਸੁਨੇਹਾ ਸੀ : ਨੇਟਿਵ ਹੋਣਾ ਸ਼ਰਮ ਦੀ ਗੱਲ ਹੈ ਅਤੇ ਅਸੀਂ ਇਕ ਕਮਜ਼ੋਰ, ਨੁਕਸਦਾਰ ਕੌਮ ਦਾ ਹਿੱਸਾ ਹਾਂ ਜਿਹੜੇ ਸਮਾਜ ਦੇ ਕਿਸੇ ਵੀ ਚੰਗੇ ਥਾਂ ਦੇ ਯੋਗ ਨਹੀਂ ਹਨ।

ਸਕੂਲ ਵਿਚ ਗੁਜ਼ਾਰੇ ਸਾਲਾਂ ਦੇ ਸਿੱਟੇ ਵਜੋਂ ਬੱਚੇ ਆਪਣੇ ਸਭਿਆਚਾਰ ਤੇ ਟੱਬਰਾਂ ਤੋਂ ਦੂਰ ਹੁੰਦੇ ਚਲੇ ਜਾਂਦੇ ਸਨ। ਬਹੁਤ ਵਾਰੀ ਇਹ ਕੰਮ ਜਿਸਮਾਨੀ, ਦਿਮਾਗੀ ਤਸ਼ੱਦਦ ਅਤੇ ਗਾਲੀ ਗਲੋਚ ਨਾਲ ਕੀਤਾ ਜਾਂਦਾ। ਸਕੂਲ ਵਿਚ ਤੁਹਾਨੂੰ ਗੰਦੇ ਇੰਡੀਅਨ, ਡੰਮ ਇੰਡੀਅਨ ਜਾਂ ਵਹਿਸ਼ੀ (ਸੈਵੇਜ) ਕਹਿ ਕੇ ਬੁਲਾਉਣਾ ਆਮ ਗੱਲ ਹੁੰਦੀ ਸੀ। ਕੁਦਰਤੀ ਗੱਲ ਹੈ ਕਿ ਜਦੋਂ ਤੁਸੀਂ ਅਜਿਹੀ ਗੱਲ ਬਹੁਤ ਵਾਰ ਸੁਣਦੇ ਹੋ, ਖਾਸ ਕਰ ਤੁਹਾਡੇ ਨਾਜ਼ਕ ਬਚਪਨ ਵੇਲੇ, ਤਾਂ ਤੁਸੀਂ ਇਸ ਨੂੰ ਸੱਚ ਮੰਨਣ ਲੱਗ ਪੈਂਦੇ ਹੋ ਅਤੇ ਫੇਰ ਇਸੇ ਤਰ੍ਹਾਂ ਦਾ ਹੀ ਵਿਹਾਰ ਕਰਨਾ ਸ਼ੁਰੂ ਕਰ ਦਿੰਦੇ ਹੋ। ਸਕੂਲ ਛੱਡਣ ਤੋਂ ਬਾਅਦ ਬਹੁਤ ਸਾਰੇ ਵਿਦਿਆਰਥੀ ਟਾਇਮ ਬੰਬ ਵਾਂਗ ਹੀ ਹੁੰਦੇ ਹਨ ਜੋ ਕਿਸੇ ਵੇਲੇ ਵੀ ਫੱਟ ਸਕਦੇ ਹਨ। ਆਤਮ ਹੱਤਿਆ, ਪਰਵਾਰਿਕ ਹਿੰਸਾ, ਖ਼ੁਦ ਬਾਰੇ ਬਹੁਤ ਘਟੀਆ ਸੋਚਣਾ (ਲੋ ਸੈਲਫ ਇਸਟੀਮ), ਬੇਰੁਜ਼ਗਾਰੀ, ਮਾਪੇ ਬਣਨ ਦੀ ਸਿੱਖਿਆ ਦਾ ਘਾਟਾ, ਦੂਜਿਆਂ ’ਤੇ ਨਿਰਭਰਤਾ ਅਤੇ ਵੱਡੇ ਪੱਧਰ ’ਤੇ ਜੇਲ੍ਹਾਂ ਆਦਿ ਵਿਚ ਰਹਿਣਾ ਸਿਰਫ਼ ਕੁਝ ਇਕ ਉਹ ਸਮਾਜਿਕ ਬੁਰਾਈਆਂ ਹਨ ਜਿਨ੍ਹਾਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ ਅਤੇ ਜੋ ਸਕੂਲਾਂ ਦੇ ਨਤੀਜੇ ਵਜੋਂ ਪੈਦਾ ਹੋਈਆਂ ਹਨ।

ਸਕੂਲ ਛੱਡਣ ਬਾਅਦ ਪੈਣ ਵਾਲੇ ਅਸਰਾਂ ਬਾਰੇ ਮੈਂ ਕੁਝ ਵਿਸਥਾਰ ਵਿਚ ਗੱਲ ਕਰਾਂਗੀ। ਜੇ ਤੁਸੀਂ ਧਿਆਨ ਨਾਲ ਸੋਚੋ ਕਿ ਅਸੀਂ ਮਾਪੇ ਬਣਨਾ ਕਿਵੇਂ ਸਿੱਖਦੇ ਹਾਂ ਤਾਂ ਤੁਸੀਂ ਦੇਖੋਗੇ ਕਿ ਮਾਪੇ ਬਣਨ ਦੀ ਸਿੱਖਿਆ ਤੋਂ ਵਾਂਝੇ ਰਹਿਣਾ ਸਾਡੇ ਅਤੇ ਸਾਡੇ ਬੱਚਿਆਂ ਲਈ ਕਿੰਨਾ ਨੁਕਸਾਨਦੇਹ ਸਾਬਤ ਹੋਇਆ ਹੈ। ਸਾਡੇ ਵਿਚੋਂ ਬਹੁਤੇ ਆਪਣੇ ਬੱਚਿਆਂ ਨੂੰ ਉਸੇ ਤਰ੍ਹਾਂ ਪਾਲਣ ਦੀ ਕੋਸ਼ਿਸ਼ ਕਰ ਰਹੇ ਹਨ ਜਿਸ ਤਰ੍ਹਾਂ ਸਾਨੂੰ ਸਕੂਲਾਂ ਵਿਚ ਪਾਲਿਆ ਗਿਆ ਸੀ। ਸਾਡੇ ਵਿਚੋਂ ਬਹੁਤਿਆਂ ਨੇ

ਇਸ ਗੱਲ ਦਾ ਅਹਿਸਾਸ ਬਹੁਤ ਦੇਰ ਬਾਅਦ ਕੀਤਾ ਕਿ ਅਸੀਂ ਆਪਣੇ ਬੱਚਿਆਂ ਦਾ ਕਿੰਨਾ ਨੁਕਸਾਨ ਕੀਤਾ ਹੈ ਭਾਵੇਂ ਅਸੀਂ ਇਹ ਅਚੇਤ ਹੀ ਕੀਤਾ ਹੈ ਕਿਉਂਕਿ ਸਾਨੂੰ ਇਸ ਤੋਂ ਬਿਨਾਂ ਕੁਝ ਚੰਗਾ ਪਤਾ ਹੀ ਨਹੀਂ ਸੀ। ਅਸੀਂ ਕੋਈ ਵੀ ਚੰਗੇ ਮਾਪਿਆਂ ਵਾਲੀਆਂ ਗੱਲਾਂ ਨਹੀਂ ਸਿੱਖੀਆਂ ਅਤੇ ਅਸੀਂ ਉਹ ਕੁਝ ਹੀ ਕਰ ਰਹੇ ਸੀ ਜੋ ਸਾਨੂੰ ਪਤਾ ਸੀ। ਅੱਜ ਇਸ ਗੱਲ ਦਾ ਅਸਰ ਨਵੀਂ ਪੀੜ੍ਹੀ ’ਤੇ ਵੀ ਪੈ ਰਿਹਾ ਹੈ ਭਾਵੇਂ ਉਨ੍ਹਾਂ ਨੇ ਰੈਜ਼ੀਡੈਂਸ਼ੀਅਲ ਸਕੂਲਾਂ ਵਿਚ ਵਿਦਿਆ ਪ੍ਰਾਪਤ ਨਹੀਂ ਕੀਤੀ।

ਜਦੋਂ ਤੁਹਾਨੂੰ ਜੀਵਨ ਵਿਚ ਬਹੁਤ ਸਾਰੀਆਂ ਸੱਟਾਂ ਲੱਗਣ ਤਾਂ ਤੁਸੀਂ ਆਪਣੇ ਦੁਆਲੇ ਇਕ ਵਾੜ ਉਸਾਰ ਲੈਂਦੇ ਹੋ ਅਤੇ ਜਿਹੜੇ ਜਜ਼ਬਾਤ ਸਾਂਭਣੇ ਮੁਸ਼ਕਲ ਹੁੰਦੇ ਹਨ ਉਨ੍ਹਾਂ ਨੂੰ ਲਾਗੇ ਹੀ ਨਹੀਂ ਆਉਣ ਦਿੰਦੇ। ਅਸੀਂ ਬਹੁਤ ਸਖਤ ਹੋਣਾ ਸਿੱਖ ਲਿਆ ਜਾਂ ਕਹਿ ਲਵੋ ਕਿ ਅਸੀਂ ਸੋਚਿਆ ਕਿ ਅਸੀਂ ਬਹੁਤ ਸਖਤ ਹਾਂ। ਅਸੀਂ ਆਪਣੇ ਅਸਲੀ ਜਜ਼ਬਾਤਾਂ ਨੂੰ, ਅਹਿਸਾਸਾਂ ਨੂੰ ਦੱਬਣਾ ਸਿੱਖ ਲਿਆ। ਸਜ਼ਾ ਤੇ ਮਖੌਲ ਨੇ ਸਾਨੂੰ ਆਪਣੇ ਅਹਿਸਾਸਾਂ ਬਾਰੇ ਗੱਲ ਕਰਨ ਤੋਂ ਸਦਾ ਲਈ ਰੋਕ ਦਿੱਤਾ। ਛੋਟੇ ਛੋਟੇ ਬੱਚੇ ਵੀ ਬੜੀ ਛੇਤੀ ਇਹ ਸਿੱਖ ਜਾਂਦੇ ਕਿ ਉਨ੍ਹਾਂ ਨੇ ਆਪਣੇ ਅਹਿਸਾਸਾਂ ਨੂੰ ਦਬਾ ਕੇ ਕਿਵੇਂ ਰੱਖਣਾ ਹੈ। ਉਨ੍ਹਾਂ ਵਿਚੋਂ ਬਹੁਤੇ ਆਪਣੇ ਬਾਲਗ ਜੀਵਨ ਵਿਚ ਵੀ ਇਸ ਤੋਂ ਪਿਛਾ ਨਹੀਂ ਛੁਡਾ ਸਕੇ। ਜਜ਼ਬਾਤਾਂ ਨੂੰ ਅੰਦਰ ਹੀ ਦਬਾਅ ਕੇ ਰੱਖਿਆ ਜਾਂਦਾ ਹੈ ਜਦ ਤੱਕ ਕਿ ਉਹ ਅੰਦਰੋਂ ਜ਼ੋਰ ਨਾ ਪਾਉਣ ਅਤੇ ਫੇਰ ਆਤਮ ਹੱਤਿਆ ਜਾਂ ਆਪਣੇ ਆਪ ਨੂੰ ਦੁੱਖ ਦੇਣ ਵਾਲੇ ਕਿਸੇ ਹੋਰ ਤਰੀਕੇ ਨਾਲ ਇਹ ਬਾਹਰ ਆਉਂਦੇ ਹਨ। ਸਾਡੀ ਕਮਿਊਨਿਟੀ ਵਿਚ ਵੱਡੀ ਪੱਧਰ ’ਤੇ ਹਿੰਸਾ ਦਾ ਕਾਰਨ ਇਹੀ ਹੈ ਕਿ ਅਸੀਂ ਇਕੱਲਤਾ, ਗੁੱਸਾ, ਡਰ, ਖੁਸ਼ੀ ਜਾਂ ਕਿਸੇ ਵੀ ਤਰ੍ਹਾਂ ਦੇ ਜਜ਼ਬਾਤ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਨਹੀਂ ਸਿੱਖਿਆ। ਸਾਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਇਨ੍ਹਾਂ ਜਜ਼ਬਾਤਾਂ ਨੂੰ ਸਾਂਝੇ ਕਰਨ ਦੇ ਸੁਰੱਖਿਅਤ ਅਤੇ ਹਾਂਪੱਖੀ ਤਰੀਕੇ ਵੀ ਹੁੰਦੇ ਹਨ। ਤਿੰਨ ਚਾਰ ਪੀੜ੍ਹੀਆਂ ਤੱਕ ਲਗਾਤਾਰ ਮਿਲੀ ਢਾਹੂ ਸਿੱਖਿਆ ਦੇ ਕਾਰਨ ਸਾਡੀਆਂ ਕਮਿਊਨਿਟੀਆਂ ਵਿਚ ਅਨੇਕਾਂ ਸਮਾਜਿਕ ਸਮੱਸਿਆਵਾਂ ਹਨ ਅਤੇ ਇਨ੍ਹਾਂ ਦੇ ਜ਼ਖ਼ਮ ਧੁਰ ਸਾਡੇ ਲੋਕਾਂ ਦੀ ਰੂਹ ਤੱਕ ਹਨ।

ਮੈਂ ਡੋਨਲਡ ਮਾਰਸ਼ਲ ਜੂਨੀਅਰ ਜਿਹਨੇ ਗਿਆਰਾਂ ਸਾਲ ਜੇਲ੍ਹ ਵਿਚ ਕੱਟੇ ਹਨ ਉਸ ਜ਼ੁਰਮ ਬਦਲੇ ਜੋ ਉਹਨੇ ਕੀਤਾ ਨਹੀਂ ਸੀ, ਦੇ ਕੇਸ ਬਾਰੇ ਪੜ੍ਹ ਰਹੀ ਸਾਂ। ਉਸ ਸਬੰਧ ਵਿਚ ਪ੍ਰੋਫੈਸਰ ਐਚ ਆਰਚੀਬਾਲਡ ਕਾਇਜ਼ਰ ਨੇ ਆਪਣੇ ਇਕ ਪੇਪਰ ਵਿਚ ਉਨ੍ਹਾਂ ਗੱਲਾਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਹੜੀਆਂ ਇਕ ਵਿਅਕਤੀ ਗਲਤੀ ਨਾਲ ਜੇਲ੍ਹ ਕੀਤੇ ਜਾਣ ’ਤੇ ਸਹਿੰਦਾ ਹੈ। ਕੋਈ ਵੀ ਬੰਦਾ ਜਿਹੜਾ ਰੈਜ਼ੀਡੈਂਸ਼ੀਅਲ ਸਕੂਲ ਵਿਚ ਆ ਗਿਆ ਹੈ ਉਹ ਇਨ੍ਹਾਂ ਸਾਰੀਆਂ ਗੱਲਾਂ ਨੂੰ ਪਛਾਣ ਸਕਦਾ ਹੈ ਕਿਉਂਕਿ ਸਕੂਲ ਵਿਚ ਉਹ ਸਭ ਉਸ ਨਾਲ ਵਾਪਰੀਆਂ ਹੁੰਦੀਆਂ ਹਨ।....

ਮੇਰਾ ਇਕ ਭਰਾ ਹੈ ਜਿਹਨੇ ਬਹੁਤ ਸਾਲ ਜੇਲ੍ਹ ਵਿਚ ਕੱਟੇ ਹਨ। ਉਹਦਾ ਕਹਿਣਾ ਹੈ ਅਤੇ ਉਹਦੇ ਵਰਗੇ ਹੋਰ ਲੋਕਾਂ ਦਾ ਵੀਜਿਹਨੀ ਸਕੂਲੀ ਅਤੇ ਜੇਲ੍ਹ ਦੋਵੀਂ ਥਾਵੀਂ ਸਮਾਂ ਬਿਤਾਇਆ ਹੈ ਕਿ ਰੈਜ਼ੀਡੈਂਸ਼ੀਅਲ ਸਕੂਲ ਕਿਸੇ ਵੀ ਜੇਲ੍ਹ ਨਾਲੋਂ ਵੱਧ ਸਨ। ਜਦੋਂ ਕੋਈ ਸਕੂਲ ਨਾਲੋਂ ਜੇਲ੍ਹ ਦੇ ਤਜ਼ਰਬੇ ਨੂੰ ਕਹੇ ਕਿ ਚੰਗਾ ਸੀ ਤਾਂ ਸਥਿਤੀ ਕਾਫ਼ੀ ਨਿਰਾਸ਼ਾਜਨਕ ਹੀ ਕਹੀ ਜਾ ਸਕਦੀ ਹੈ।

ਹੁਣੇ ਜਿਹੇ ਵਿਲੀਅਮਜ਼ਲੇਕ ਦੇ ਸੇਂਟ ਜੋਸਿਫ ਮਿਸ਼ਨ ਦੇ ਤਿੰਨ ਵਿਅਕਤੀਆਂ ਵਿਰੁੱਧ ਕਾਮਿਕ ਦੁਰਵਰਤੋਂ (ਸੈਕਸ਼ੂਅਲ ਅਬਿਊਜ਼) ਦੇ ਚਾਰਜ ਲੱਗੇ ਹਨ। ਦੋਂਹ ਨੂੰ ਦੋਸ਼ੀ ਪਾਇਆ ਗਿਆ ਹੈ ਅਤੇ ਤੀਜੇ ਤੇ ਅਜੇ ਕੇਸ ਚੱਲਣਾ ਹੈ। ਦੋਂਹ ਵਿਚੋਂ ਇਕ ਨੇ ਕਾਮਿਕ ਜ਼ਬਰਦਸਤੀ ਦੇ ਸਤਾਰਾਂ ਕੇਸਾਂ ਵਿਚ ਆਪਣੇ ਆਪ ਨੂੰ ਕਸੂਰਵਾਰ ਮੰਨਿਆ ਹੈ ਅਤੇ ਉਹਨੂੰ ਦੋਂਹ ਸਾਲਾਂ ਦੀ ਸਜ਼ਾ ਹੋਈ ਹੈ। ਦੂਜੇ ਨੇ ਚਾਰ ਕੇਸਾਂ ਦਾ ਕਸੂਰ ਮੰਨਿਆ ਹੈ ਅਤੇ ਉਸਨੂੰ ਇਕ ਸਾਲ ਦੀ ਸਜ਼ਾ ਹੋਈ ਹੈ। ਇੰਨੀ ਥੋੜ੍ਹੀ ਸਜ਼ਾ ਤੋਂ ਸਾਫ਼ ਜ਼ਾਹਿਰ ਹੈ ਕਿ ਕਚਹਿਰੀਆਂ ਕਾਮਿਕ ਦੁਰਵਰਤੋਂ ਦੇ ਟੱਬਰ ਅਤੇ ਕਮਿਊਨਿਟੀ ਤੇ ਪੈਂਦੇ ਅਸਰਾਂ ਨੂੰ ਦੇਖਣ ਤੋਂ ਇਨਕਾਰੀ ਹਨ। ਇਹਦੇ ਬਾਰੇ ਦੱਸਣ ਲਈ ਮੈਂ ਤੁਹਾਨੂੰ ਇਕ ਕਹਾਣੀ ਦੱਸਦੀ ਹਾਂ। ਮੇਰਾ ਇਕ ਭਰਾ ਸੀ, ਬੌਬੀ। ਉਹ ਮੈਥੋਂ ਦੋ ਸਾਲ ਵੱਡਾ ਸੀ। ਉਹ ਜਦੋਂ ਅਠਾਰਾਂ ਵਰ੍ਹਿਆਂ ਦਾ ਸੀ ਤਾਂ ਮਰ ਗਿਆ। ਉਨ੍ਹਾਂ ਨੇ ਉਹਦੀ ਲਾਸ਼ ਉਹਦੇ ਲਾਪਤਾ ਹੋਣ ਤੋਂ ਇਕ ਮਹੀਨਾ ਬਾਅਦ...ਇਕ ਪਹਾੜੀ ਚਟਾਨ ਦੇ ਪੈਰਾਂ ’ਚ ਵਗਦੀ ਛੋਟੀ ਨਦੀ ਵਿਚੋਂ ਲੱਭੀ। ਪਤਾ ਨਹੀਂ ਉਹਨੇ ਨਦੀ ਵਿਚ ਆਪ ਛਾਲ ਮਾਰੀ ਸੀ ਜਾਂ ਘਟਨਾਵੱਸ ਡਿੱਗ ਪਿਆ ਸੀ। ਉਹ ਜਦੋਂ ਅਜੇ ਬਾਰਾਂ ਬਾਰਾਂ ਸਾਲਾਂ ਦਾ ਵੀ ਨਹੀਂ ਸੀ ਹੋਇਆ ਤਾਂ ਉਹਦੇ ਸੁਭਾਅ ਵਿਚ ਇਕ ਬਹੁਤ ਤਿੱਖੀ ਤਬਦੀਲੀ ਆਈ ਸੀ। ਉਹ ਬਹੁਤ ਕਮੀਨਾ ਜਿਹਾ ਹੋ ਗਿਆ ਅਤੇ ਮਾਰ ਕੁੱਟ ਕਰਦਾ ਰਹਿੰਦਾ ਸੀ। ਨਤੀਜੇ ਵਜੋਂ ਮੇਰਾ ਤੇ ਮੇਰੇ ਭਰਾ ਦਾ ਰਿਸ਼ਤਾ ਲੜਾਈ ਝਗੜੇ ਵਾਲਾ ਹੀ ਰਿਹਾ। ਉਹਦੇ ਮਰਨ ਤੱਕ ਸਾਡਾ ਇਹੀ ਰਿਸ਼ਤਾ ਰਿਹਾ। ਜਿਸ ਰਾਤ ਉਹ ਘਰੋਂ ਲਾ ਪਤਾ ਹੋਇਆ ਉਸ ਰਾਤ ਵੀ ਅਸੀਂ ਝਗੜੇ ਸੀ। ਉਹ ਬਹੁਤ ਗੁੱਸੇ ਵਾਲਾ ਨੌਜਵਾਨ ਸੀ ਤੇ ਅਕਸਰ ਸਾਨੂੰ ਘਰਦਿਆਂ ਨੂੰ ਹੀ ਉਹਦਾ ਗੁੱਸਾ ਸਹਿਣਾ ਪੈਂਦਾ ਸੀ। ਮੈਂ ਉਸ ਵੇਲੇ ਕਦੀ ਵੀ ਉਹਦੇ ਗੁੱਸੇ ਬਾਰੇ ਸਵਾਲ ਨਹੀਂ ਸੀ ਕੀਤਾ ਜਾਂ ਉਹਨੂੰ ਸਮਝਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ਕਿਉਂਕਿ ਮੈਨੂੰ ਜਜ਼ਬਾਤਾਂ ਬਾਰੇ ਕੁਝ ਵੀ ਨਹੀਂ ਸੀ ਪਤਾ, ਸਿਵਾ ਇਸ ਦੇ ਕਿ ਉਹਨਾਂ ਦਬਾ ਕੇ, ਲਕੋ ਕੇ ਰੱਖੀਦਾ ਹੈ।

ਇਹ ਪਿਛਲੇ ਸਾਲ ਦੀ ਗੱਲ ਹੈ ਜਦੋਂ ਸਾਡੀ ਟਰਾਈਬਲ ਕੌਂਸਲ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਅਸਰਾਂ ਬਾਰੇ ਇਕ ਸਟੱਡੀ ਕਰ ਰਹੀ ਸੀ ਤਾਂ ਮੈਨੂੰ ਪਤਾ ਲੱਗਾ ਕਿ ਮੇਰਾ ਭਰਾ ਬੌਬੀ ਸਕੂਲ ਵਿਚ ਕਾਮਿਕ ਦੁਰਵਰਤੋਂ ਦਾ ਸ਼ਿਕਾਰ ਸੀ। ਉਦੋਂ ਸਭ ਕਾਸੇ ਦੀ ਸਮਝ ਆਈ। ਮੈਂ ਇਹ ਮਹਿਸੂਸ ਕੀਤਾ ਕਿ ਕਿਉਂਕਿ ਉਹਨੂੰ ਪਤਾ ਨਹੀਂ ਸੀ ਕਿ ਉਹ ਆਪਣਾ ਗੁੱਸਾ, ਅਪਮਾਨ, ਡਰ ਤੇ ਹੋਰ ਵੀ ਜੋ ਕੁਝ ਉਹ ਮਹਿਸੂਸ ਕਰ ਰਿਹਾ ਸੀ ਜਾਂ ਜਿਸ ਕਿਸੇ ਖਿਲਾਫ਼ ਵੀ ਉਹਦੇ ਮਨ ਵਿਚ ਗੁੱਸਾ ਸੀ, ਉਹਨੂੰ ਉਹ ਕਿਵੇਂ ਦੂਜਿਆਂ ਨਾਲ ਸਾਂਝਾ ਕਰੇ, ਇਸ ਕਰਕੇ ਸਾਡਾ ਟੱਬਰ ਹੀ ਉਹਦੇ ਗੁੱਸੇਲਈ ਇਕੋ ਇਕ ਥਾਂ ਸੀ।

ਮੈਨੂੰ ਇਕ ਘਟਨਾ ਯਾਦ ਹੈ ਕਿ ਬੌਬੀ ਉਦੋਂ ਗਿਆਰਾਂ ਸਾਲਾਂ ਦਾ ਸੀ। ਜਦੋਂ ਗਰਮੀਆਂ ਨੂੰ ਉਹਦਾ ਮੁੜ ਕੇ ਸਕੂਲ ਜਾਣ ਦਾ ਸਮਾਂ ਆਇਆ ਤਾਂ ਬੌਬੀ ਅਤੇ ਉਹਦਾ ਇਕ ਦੋਸਤ ਜਿਹੜਾ ਨੌਂ ਕੁ ਸਾਲ ਦਾ ਸੀ, ਉਹਨਾਂ ਨੇ ਸਕੂਲ ਜਾਣ ਤੋਂ ਇਨਕਾਰ ਕਰ ਦਿੱਤਾ। ਸਕੂਲ ਅਧਿਕਾਰੀਆਂ ਨੇ ਆਰਸੀਐਮਪੀ ਕੋਲ ਰਿਪੋਰਟ ਕਰ ਦਿੱਤੀ। ਮੁੰਡੇ ਹਫ਼ਤਾ ਭਰ ਇਕ ਪਹਾੜੀ ’ਤੇ ਬਣੀ ਇਕ ਕੈਬਿਨ ਵਿਚ ਲੁਕੇ ਰਹੇ ਅਤੇ ਜਦੋਂ ਆਰਪੀਐਮਪੀ ਨੂੰ ਪਤਾ ਲੱਗ ਗਿਆ ਤਾਂ ਉਹ ਦੋਵੇਂ ਜਣੇ ਪਹਾੜਾਂ ਵਿਚ ਦੀ ਇਕ ਹੋਰ ਨੇਟਿਵ ਕਮਿਊਨਿਟੀ ਵੱਲ ਨੂੰ ਦੌੜ ਗਏ ਜੋ 20 ਮੀਲ ਦੂਰ ਸੀ। ਉਹ ਸਾਰਾ ਆਦਿ ਖਾ ਕੇ ਗੁਜ਼ਾਰਾ ਕਰਦੇ ਰਹੇ। ਅਖੀਰ ਵਿਚ ਉਹ ਫੜੇ ਗਏ ਅਤੇ ਉਨ੍ਹਾਂ ਨੂੰ ਮੁੜ ਸਕੂਲ ਵਿਚ ਲਿਆਂਦਾ ਗਿਆ। ਮੈਂ ਆਰਸੀਐਮਪੀ ਵਲੋਂ ਉਨ੍ਹਾਂ ਨੂੰ ਸਕੂਲ ਵਿਚ ਲਿਆਉਂਦਿਆਂ ਦੇਖਿਆ ਅਤੇ ਮੈਨੂੰ ਯਾਦ ਹੈ ਕਿ ਜਦੋਂ ਬੌਬੀ ਸਕੂਲ ਦੇ ਮੁੰਡਿਆਂ ਵੱਲ ਦੇ ਪਾਸੇ ਨੂੰ ਜਾ ਰਿਹਾ ਸੀ ਤਾਂ ਉਹਦਾ ਸਿਰ ਕਿਵੇਂ ਇਕ ਪਾਸੇ ਨੂੰ ਝੁਕਿਆ ਹੋਇਆ ਸੀ। ਹੁਣ ਮੈਨੂੰ ਅਹਿਸਾਸ ਹੁੰਦਾ ਹੈ ਕਿ ਉਸਦੀ ਉਹ ਸੂਰਤ ਇਕ ਟੁੱਟੀ ਹੋਈ ਰੂਹ ਵਾਲੇ ਬੰਦੇ ਦੀ ਸੂਤਰ ਸੀ, ਉਹ ਆਪਣੇ ਨਾਲ ਹੁੰਦੇ ਕਾਮਿਕ ਦੁਰਵਿਹਾਰ ਨੂੰ ਰੋਕਣ ਲਈ ਕੁਝ ਵੀ ਨਹੀਂ ਸੀ ਕਰ ਸਕਦਾ। ਤੇ ਮੈਂ ਸੋਚ ਰਹੀ ਹਾਂ ਕਿ ਹੋਰਨਾਂ ਵਾਂਗ ਉਹ ਵੀ ਖਬਰੇ ਇਕ ਤੋਂ ਵੱਧ ਬੰਦੇ ਰਾਹੀਂ ਕਾਮਿਕ ਤੌਰ ’ਤੇ ਵਰਤਿਆ ਜਾ ਰਿਹਾ ਸੀ। ਤੁਹਾਨੂੰ ਪਤਾ ਹੈ ਇਸ ਕਹਾਣੀ ਬਾਰੇ ਸਭ ਤੋਂ ਉਦਾਸ ਕਰਨ ਵਾਲੀ ਗੱਲ ਕਿਹੜੀ ਹੈ? ਉਹ ਹੈ ਕਿ ਇਹੋ ਜਿਹੀਆਂ ਕਹਾਣੀਆਂ ਆਮ ਹਨ –‘ਡਾਈਮ ਏ ਡਜ਼ਨ’। ਸਾਡੀ ਟਰਾਈਬਲ ਕੌਂਸਲ ਵਲੋਂ ਕੀਤੀ ਸਟੱਡੀ ਅਨੁਸਾਰ ਸਕੂਲ ਵਿਚਲੇ 70% ਤੱਕ ਬੱਚੇ ਕਾਮਿਕ ਦੁਰਵਰਤੋਂ ਦਾ ਸ਼ਿਕਾਰ ਰਹੇ ਹਨ।

ਤੇ ਤੁਸੀਂ ਪੁੱਛੋਗੇ ਕਿ ਜਦੋਂ ਇਹ ਸਭ ਕੁਝ ਹੋ ਰਿਹਾ ਸੀ ਤਾਂ ਸਾਡੇ ਮਾਪੇ, ਦਾਦੇ ਕਿਥੇ ਸਨ ਅਤੇ ਉਨ੍ਹਾਂ ਨੇ ਸਾਨੂੰ ਕਿਉਂ ਅਜਿਹੇ ਥਾਂ ਜਾਣ ਦਿੱਤਾ? ਜਦੋਂ ਸਕੂਲ ਪਹਿਲਾਂ ਪਹਿਲਾਂ ਖੁੱਲ੍ਹੇ ਸਨ ਤਾਂ ਉਥੇ ਜਾਣ ਦੀ ਕੋਈ ਕਾਨੂੰਨੀ ਪਾਬੰਦੀ ਨਹੀਂ ਸੀ। ਮਾਪਿਆਂ ਨੇ ਸੋਚਿਆ ਕਿ ਇਹ ਸਾਇਦ ਉਨ੍ਹਾਂ ਦੇ ਬੱਚਿਆਂ ਲਈ ਇਹ ਚੰਗੀ ਚੀਜ਼ ਹੀ ਹੋਵੇ। ਆਪਣੇ ਬੱਚਿਆਂ ਨੂੰ ਗੋਰਿਆਂ ਦੇ ਤੌਰ ਤਰੀਕੇ ਨਾਲ ਵਿਦਿਆ ਦੇਣ ਵਿਚ ਉਨ੍ਹਾਂ ਨੂੰ ਫਾਇਦਾ ਨਜ਼ਰ ਆਉਂਦਾ ਸੀ, ਪਰ ਉਨ੍ਹਾਂ ਨੂੰ ਇਸ ਗੱਲ ਦੀ ਆਸ ਨਹੀਂ ਸੀ ਕਿਉਨ੍ਹਾਂ ਦੇ ਬੱਚਿਆਂ ਨੂੰ ਹਰ ਕਿਸਮ ਦੇ ਜਿਸਮਾਨੀ ਤਸੀਹੇ ਸਹਿਣੇ ਪੈਣਗੇ ਅਤੇ ਨਾਲ ਹੀ ਉਨ੍ਹਾਂ ਤੋਂ ਉਨ੍ਹਾਂ ਦਾ ਸਭਿਆਚਾਰ ਵੀ ਖੋਹਿਆ ਜਾਵੇਗਾ। ਉਹਨਾਂ ਨੂੰ ਇਸ ਗੱਲ ਦੀ ਵੀ ਆਸ ਨਹੀਂ ਸੀ ਕਿ ਜਦੋਂ ਉਹ ਆਪਣੇ ਬੱਚਿਆਂ ਨੂੰ ਸਕੂਲੋਂ ਲੈਣ ਜਾਣਗੇ ਤਾਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਉਨ੍ਹਾਂ ਦਾ ਬੱਚਾ ਤਾਂ ਕਈ ਮਹੀਨੇ ਪਹਿਲਾਂ ਮਰ ਗਿਆ ਸੀ। ਪਿਛੋਂ ਜਦੋਂ ਮਾਪਿਆਂ ਨੇ ਆਪਣੇ ਬੱਚੇ ਉਨ੍ਹਾਂ ਸਕੂਲਾਂ ਵਿਚ ਭੇਜਣੋਂ ਇਨਕਾਰ ਕੀਤਾ ਤਾਂ ਉਨ੍ਹਾਂ ਨੂੰ ਜੇਲ੍ਹ ਦਾ ਡਰਾਵਾ ਦਿੱਤਾ ਗਿਆ।

ਇਕ ਹੋਰ ਸਕੂਲ ਜੋ ਲੋਕ ਅਕਸਰ ਪੁੱਛਦੇ ਹਨ ਕਿ ਇਨ੍ਹਾਂ ਕਹਾਣੀਆਂ ਨੂੰ ਬਾਹਰ ਆਉਣ ਲਈ ਏਨਾ ਚਿਰ ਕਿਉਂ ਲੱਗਾ ਹੈ? ਅਸੀਂ ਪਹਿਲਾਂ ਕਿਉਂ ਨਹੀਂ ਇਨ੍ਹਾਂ ਬਾਰੇ ਰੌਲੀ ਪਾਉਣੀ ਸ਼ੁਰੂ ਕੀਤੀ? ਅਸੀਂ ਰੌਲੀ ਪਾਈ, ਸਾਡੇ ਮਾਪਿਆਂ, ਦਾਦਿਆਂ ਨੇ ਰੌਲੀ ਪਾਈ। ਪਰ ਸਾਡੀਆਂ ਸਾਰੀਆਂ ਸ਼ਿਕਾਇਤਾਂ ਗੁੰਗੇ ਕੰਨਾਂ ’ਤੇ ਪੈਂਦੀਆਂ ਰਹੀਆਂ। ਜਿਹੜੇ ਲੋਕ ਤਬਦੀਲੀ ਕਰ ਸਕਦੇ ਸਨ ਉਹ ਹੀ ਲੋਕ ਸਨ ਜੋ ਸਭ ਕਾਸੇ ਲਈ ਜਿੰਮੇਵਾਰ ਸਨ। ਸਕੂਲਾਂ ਵਿਚ ਹੁੰਦੇ ਦੁਰਵਿਹਾਰ ਬਾਰੇ ਹੋਈਆਂ ਤਫਤੀਸ਼ਾਂ ਦੇ ਰਿਕਾਰਡ ਹਨ ਪਰ ਉਹ ਸਭ ਤਫਤੀਸ਼ਾਂ ਦਿਖਾਵੇ ਲਈ ਸਨ। ਲੱਗਦਾ ਹੈ ਕਿ ਇਨ੍ਹਾਂ ਗੱਲਾਂ ਵਿਚ ਕਦੀ ਸਕੂਲ ਦਾ ਕਸੂਰ ਨਹੀਂ ਸੀ ਹੁੰਦਾ, ਅਖੀਰ ਵਿਚ ਕਸੂਰ ਜ਼ੁਲਮ ਦਾ ਸ਼ਿਕਾਰ ਹੋਏ ਬੱਚੇ ਦੇ ਮੱਥੇ ਹੀ ਮੜ੍ਹਿਆ ਜਾਂਦਾ ਸੀ।

ਮੈਂ ਕੁਝ ਲੋਕਾਂ ਵਲੋਂ ਸਕੂਲਾਂ ਦੀ ਹਮਾਇਤ ਕਰਨ ਦੀ ਕੋਸ਼ਿਸ਼ ਸੁਣੀ। ਉਹ ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ ਸਕੂਲਾਂ ਨੇ ਬਹੁਤ ਚੰਗਾ ਕੰਮ ਕੀਤਾ ਹੈ। ਉਨ੍ਹਾਂ ਵਿਚੋਂ ਕੁਝ ਇਕ ਦਾ ਕਹਿਣਾ ਹੈ ਕਿ ਸਕੂਲ ਕਈ ਬੱਚਿਆਂ ਲਈ ਉਨ੍ਹਾਂ ਦੇ ਘਰਾਂ ਨਾਲੋਂ ਕਿਤੇ ਵਧੀਆ ਥਾਂ ਸਨ, ਕਿਉਂਕਿ ਉਨ੍ਹਾਂ ਦੇ ਮਾਪੇ ਸ਼ਰਾਬੀ ਕਬਾਬੀ ਸਨ ਤੇ ਸਕੂਲ ਉਨ੍ਹਾਂ ਬੱਚਿਆਂ ਨੂੰ ਸੁਰੱਖਿਅਤ ਥਾਂ ਦਿੰਦੇ ਸੀ ਤੇ ਵਧੀਆ ਖਾਣਾ। ਇਸਦੇ ਵਿਚ ਕੋਈ ਸ਼ੱਕ ਨਹੀਂ ਕਿ ਮੇਰੀ ਪੀੜ੍ਹੀ ਦੇ ਬਹੁਤ ਸਾਰੇ ਬੱਚਿਆਂ ਦੇ ਮਾਪੇ ਸ਼ਰਾਬੀ ਸਨ ਪਰ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਉਹ ਸ਼ਰਾਬੀ ਬਣੇ ਕਿਵੇਂ? ਉਨ੍ਹਾਂ ਦੇ ਸ਼ਰਾਬੀ ਹੋਣ ਦਾ ਕਾਰਨ ਸਿਰਫ਼ ਇਹ ਤਾਂ ਨਹੀਂ ਸੀ ਕਿ ਉਹ ਨੈਟਿਵ ਸਨ ਇਸ ਕਰਕੇ ਸ਼ਰਾਬੀ ਸਨ। ਉਨ੍ਹਾਂ ਦੇ ਸ਼ਰਾਬੀ ਹੋਣ ਵਿਚ ਵੀ ਕਾਫ਼ੀ ਹੱਦ ਤੱਕ ਸਲੂਕ ਦਾ ਹੀ ਹੱਥ ਸੀ ਤੇ ਜਿਥੇ ਤੱਕ ਸਕੂਲ ਵਿਚ ਬੱਚਿਆ ਦੀ ਸੁਰੱਖਿਆ ਅਤੇ ਖਾਣੇ ਦਾ ਸਬੰਧ ਹੈ, ‘ਮੇਰੇ ਖਿਆਲ ਵਿਚ ਜਿਹੜੀਆਂ ਹੁਣ ਕਹਾਣੀਆਂ ਬਾਹਰ ਆ ਰਹੀਆਂ ਹਨ ਉਨ੍ਹਾਂ ਦੇ ਆਧਾਰ ’ਤੇ ਕਿਹਾ ਜਾ ਸਕਦਾਹੈ ਕਿ ਬੱਚੇ ਕਿਸੇ ਤਰ੍ਹਾਂ ਵੀ ਉਥੇ ਸੁਰੱਖਿਅਤ ਮਹਿਸੂਸ ਨਹੀਂ ਸੀ ਕਰਦੇ ਅਤੇ ਖਾਣਾ ਤਾਂ ਸੂਰਾਂ ਦੇ ਖਾਣ ਯੋਗ ਵੀ ਨਹੀਂ ਸੀ। ਇਕ ਔਰਤ ਜੋ ਸੱਠਵਿਆਂ ਵਿਚ ਸੇਂਟ ਜੋਸਿਫ ਮਿਸ਼ਨ ਵਿਚ ਕੰਮ ਕਰਦੀ ਸੀ, ਨੂੰ ਯਾਦ ਹੈ ਕਿ ਇਕ ਵਾਰ ਉਸਨੂੰ ਕੰਮ ਤੋਂ ਇਸ ਕਰਕੇ ਹਟਾਇਆ ਜਾਣ ਲੱਗਾ ਸੀ ਕਿ ਉਸਨੇ ਅਤੇ ਹੋਰ ਕਾਮਿਆਂ ਨੇ ਬੱਚਿਆਂ ਨੂੰ ਸੜੀ ਹੋਈ ਮੈਕਾਰੋਨੀ ਖਾਣ ਨੂੰ ਦੇਣ ਤੋਂ ਨਾ ਕਰ ਦਿੰਤੀ ਸੀ। ਉਨ੍ਹਾਂ ਨੇ ਉਹ ਖਾਣਾ ਸੂਰਾਂ ਨੂੰ ਪਾ ਦਿੱਤਾ ਸੀ।

ਮੈਨੂੰ ਇਕ ਘਟਨਾ ਯਾਦ ਹੈ ਜਦੋਂ ਇਕ ਕੁੜੀ ਨੂੰ ਆਪਣਾ ਖਾਣਾ ਗਾਰਬੇਜ ਵਿਚ ਸੁੱਟਦਿਆਂ ਫੜ ਲਿਆ ਗਿਆ ਸੀ ਕਿਉਂਕਿ ਉਹ ਖਾਣਾ ਖਾਣ ਵਾਲਾ ਨਹੀਂ ਸੀ। ਉਹਨੂੰ ਗਾਰਬੇਜ ਵਿਚੋਂ ਆਪਣਾ ਖਾਣਾ ਕੱਢ ਕੇ ਖਾਣਾ ਪਿਆ। ਉਹ ਉਥੇ ਬੈਠੀ ਰੋ ਰਹੀ ਸੀ ਤੇ ਆਪਣਾ ਖਾਣਾ ਹਲਕ ਦੇ ਥੱਲੇ ਲੰਘਾਉਣ ਦੀ ਕੋਸ਼ਿਸ਼ ਕਰ ਰਹੀ ਸੀ ਤੇ ਨਾਲ ਹੀ ਆ ਰਹੀ ਉਲਟੀ ਰੋਕ ਰਹੀ ਸੀ। ਇਹੋ ਜਿਹੇ ਵਾਕਿਆ ਆਮ ਹੁੰਦੇ ਸਨ। ਇਥੇ ਇਹ ਵੀ ਗੱਲ ਨੋਟ ਕਰਨ ਵਾਲੀ ਹੈ ਕਿ ਸੱਠਵਿਆਂ ਦੇ ਅਖੀਰ ਤੱਕ ਸਕੂਲ ਵਿਚ ਸਕੂਲ ਦੇ ਅਧਿਕਾਰੀ ਤੇ ਸਕੂਲ ਦੇ ਕਰਮਚਾਰੀ ਬੱਚਿਆਂ ਨਾਲੋਂ ਵੱਖਰਾ ਖਾਣਾ ਖਾਂਦੇ ਸਨ। ਉਨ੍ਹਾਂ ਦੇ ਖਾਣੇ ਦੇ ਕਮਰੇ ਦੂਜੇ ਪਾਸੇ ਹੁੰਦੇ ਸਨ ਤੇ ਬੱਚੇ ਉਧਰ ਨੂੰ ਜਾਂਦੀਆਂ ਵਧੀਆ ਖਾਣਿਆਂ ਦੀਆਂ ਪਲੇਟਾਂ ਦੇਖ ਹੀ ਸਕਦੇ ਸਨ ਜਾਂ ਹਵਾ ਵਿਚੋਂ ਸੁੰਘ ਸਕਦੇ ਸਨ। ਅਧਿਕਾਰੀਆਂ ਲਈ ਖਾਣੇ ਨੂੰ ਚੰਗਾ ਕਹਿਣਾ ਸੁਖਾਲਾ ਹੈ ਕਿਉਂਕਿ ਉਨ੍ਹਾਂ ਨੂੰ ਬੱਚਿਆਂ ਵਾਲਾ ਖਾਣਾ ਨਹੀਂ ਸੀ ਖਾਣਾ ਪੈਂਦਾ। ਜਦੋਂ ਗਰਮੀਆਂ ਵਿਚ ਮੈਂ ਤੇ ਮੇਰਾ ਭਰਾ ਘਰ ਜਾਂਦੇ ਹੁੰਦੇ ਸਾਂ ਮਾਂ ਮੇਰੀ ਦਾਦੀ ਦਾ ਸਭ ਤੋਂ ਵੱਡਾ ਕੰਮ ਸਾਨੂੰ ਸਕੂਲ ਵਾਪਸ ਜਾਣ ਤੋਂ ਪਹਿਲਾਂ ਮੋਟੇ ਕਰਨਾ ਹੁੰਦਾ ਸੀ। ਦੂਜੇ ਮਾਪੇ ਵੀ ਆਪਣੇ ਬੱਚਿਆਂ ਨੂੰ ਗਰਮੀਆਂ ਵਿਚ ਇਸੇ ਤਰ੍ਹਾਂ ਕਰਦੇ ਸਨ।

ਉਨ੍ਹਾਂ ਦਾ ਇਹ ਬਹਾਨਾ ਕਿ ਚਰਚਾ ਲਈ ਇਹ ਜ਼ਰੂਰੀ ਸੀ ਕਿ ਉਹ ਬੱਚਿਆਂ ਨੂੰ ਕਰਿਸਚੀਅਨਾਂ ਤੇ ਤਰੀਕੇ ਨਾਲ ਸਭਿਆ ਬਣਾਉਂਦੇ ਅਤੇ ਉਨ੍ਹਾਂ ਨੂੰ ਰੱਬ ਦਾ ਪਿਆਰ ਸਿਖਾਉਂਦੇ ਇਕ ਮਖੌਲ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਸਾਡਾ ਨੈਟਿਵ ਸਭਿਆਚਾਰ ਪੈਂਦਾ ਕਰਨ ਵਾਲੇ ਨੂੰ ਮੰਨਣਾ ਹੈ ਪਰ ਪੈਦਾ ਕਰਨ ਵਾਲਾ ਸਾਡੇ ਸਪਿਆਚਾਰ ਵਿਚ ਇਕ ਪਿਆਰ ਕਰਨ ਵਾਲਾ, ਭੁੱਲ ਬਖਸ਼ਣ ਵਾਲਾ ਰੱਬ ਹੈ ਨਾ ਕਿ ਸਜ਼ਾ ਦੇਣ ਵਾਲਾ ਰੱਬ ਜਿਹਦੇ ਬਾਰੇ ਦੱਸ ਦੱਸ ਕੇ ਇਹ ਸਾਨੂੰ ਡਰਾਉਂਦੇ ਰਹੇ ਹਨ। ਇਸ ਕਰਕੇ ਨੈਟਿਵ ਲੋਕਾਂ ਨੂੰ ਧਰਮ ਬਾਰੇ ਸਿਖਾਉਣ ਦਾ ਇਨ੍ਹਾਂ ਦਾ ਬਹਾਨਾ ਤਾਂ ਕਿਸੇ ਤਰ੍ਹਾਂ ਵੀ ਸੱਚ ਨਹੀਂ ਹੈ। ਇਹ ਚਰਚਾਂ ਦੇ ਮਿਸ਼ਨਰੀ ਅਤੇ ਕੈਨੇਡਾ ਦੀ ਸਰਕਾਰ ਆਮ ਬੰਦੇ ਹੀ ਸਨ ਜਿਨ੍ਹਾਂ ਨੂੰ ਇਹ ਭੁਲੇਖਾ ਪੈ ਗਿਆ ਕਿ ਉਨ੍ਹਾਂ ਕੋਲ ਰੱਬ ਬਣ ਕੇ ਦੂਜੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਲਣ ਦੀ ਸ਼ਕਤੀ ਹੈ। ਉਹ ਇਹ ਕਰਦੇ ਰਹੇ ਹਨ ਉਨ੍ਹਾਂ ਜਥੇਬੰਦੀਆਂ ਦੇ ਪਿਛੇ ਲੁਕ ਕੇ ਜਿਨ੍ਹਾਂ ਤੇ ਲੋਕ ਪਹਿਲਾਂ ਸ਼ੱਕ ਨਹੀਂ ਸੀ ਕਰਦੇ।

....ਜਦੋਂ ਤੁਸੀਂ ਠੀਕ ਹੋਣ ਲੱਗਦੇ ਹੋ ਤਾਂ ਤੁਸੀਂ ਕਈ ਕਿਸਮ ਦੇ ਪੜਾਵਾਂ ਵਿਚੋਂ ਲੰਘਦੇ ਹੋ। ਸਾਡੀ ਜ਼ਬਾਨ ਵਿਚ ਸੈਮੀਸੈਵਨ ਦਾ ਮਤਲਬ ਹੈ ਗੋਰਾ ਆਦਮੀ ਤੇ ਇਕ ਸਮੇਂ ਤੱਕ ਇਹ ਸ਼ਬਦ ਮੇਰੇ ਲਈ ਨਿਹਾਇਤ ਗੰਦੇ ਸ਼ਬਦ ਸੀ। ਜਦੋਂ ਮੈਨੂੰ ਸਕੂਲ ਵਿਚ ਕੀਤੇ ਗਏ ਬਰੈਨਵਾਸ਼ ਦੀ ਸਮਝ ਆਉਣ ਲੱਗੀ ਤਾਂ ਮੇਰੇ ਮਨ ਵਿਚ ਗੋਰਿਆਂ ਲਈ ਹੱਦ ਦਰਜੇ ਦੀ ਨਫ਼ਰਤ ਵਸਦੀ ਸੀ। ਮੈਂ ਵੀ ਸੈਮੀਸੈਵਨ ਸ਼ਬਦ ਦਾ ਉਸੇ ਤਰ੍ਹਾਂ ਇਸਤੇਮਾਲ ਕਰਦੀ ਸਾਂ ਜਿਸ ਤਰ੍ਹਾਂ ਮੈਂ ਹੋਰ ਇੰਡੀਅਨਾਂ ਨੂੰ ਕਰਦਿਆਂ ਹਮੇਸ਼ਾ ਸੁਣਦੀ ਸਾਂ। ਹੱਦ ਦਰਜੇ ਦੀ ਘਿਰਣਾ ਨਾਲ। ਮੈਂ ਕਦੀ ਇਹ ਸੋਚਣ ਦੀ ਵੀ ਲੋੜ ਨਹੀਂ ਸੀ ਸਮਝੀ ਕਿ ਕੁਝ ਗੋਰੇ ਚੰਗੇ ਵੀ ਹੋ ਸਕਦੇ ਹਨ। ਮੇਰੇ ਲਈ ਉਹ ਸਾਰੇ ਹੀ ਮਾੜੇ ਸਨ ਤੇ ਖਾਸ ਤੌਰ ’ਤੇ ਉਹ ਜਿਨ੍ਹਾਂ ਤੇ ਮੈਨੂੰ ਮਾੜਾ ਜਿਹਾ ਵੀ ਸ਼ੱਕ ਹੋ ਜਾਵੇ ਕਿ ਉਹ ਆਪਣੇ ਆਪ ਨੂੰ ਮੇਰੇ ਨਾਲੋਂ ਵਧੀਆ ਸਮਝਦੇ ਸਨ ਕਿਉਂਕਿ ਮੈਂ ਸਕੂਲ ਦੀ ਸਿੱਖਿਆ ਦੇ ਭਾਰ ਥੱਲਿਓਂ ਨਿਕਲ ਚੁੱਕੀ ਸਾਂ। ਸ਼ੁਕਰ ਨਾਲ ਉਹ ਪੜਾ ਵੀ ਹੁਣ ਲੰਘ ਗਿਆ ਹੈ ਤੇ ਹੁਣ ਅਸੀਂ ਨਫ਼ਰਤ ਤੋਂ ਅੱਗੇ ਦੂਜਿਆਂ ਨੂੰ ਮਨੁੱਖਾਂ ਦੇ ਤੌਰ ’ਤੇ ਦੇਖਣਯੋਗ ਹੋ ਗਏ ਹਾਂ।

....ਅਸੀਂ ਆਪਣੇ ਲੋਕਾਂ ਦਾ ਸੁਧਾਰ ਕਰਨ ਦੇ ਨਵੇਂ ਨਵੇਂ ਤਰੀਕੇ ਅਜ਼ਮਾ ਰਹੇ ਹਾਂ। ਪਿਛਲੇ ਸਮੇਂ ਵਿਚ ਅਸੀਂ ਹਰ ਕਿਸਮ ਦੇ ਪ੍ਰੋਗਰਾਮਾਂ ਦੀ ਵਰਤੋਂ ਕੀਤੀ। ਅਸੀਂ ਸ਼ਰਾਬ ਤੇ ਨਸ਼ਿਆਂ ਦੀ ਦੁਰਵਰਤੋਂ ਹਟਾਉਣ ਲਈ ਕੇਂਦਰ ਸਥਾਪਤ ਕੀਤੇ। ਅਸੀਂ ਆਪਣੇ ਲੋਕਾਂ ਦਾ ਸਵੈ-ਮਾਣ ਉਚਾ ਚੁੱਕਣ ਲਈ ਕਈ ਕੋਰਸਾਂ ਦਾ ਪ੍ਰਬੰਧ ਕੀਤਾ ਪਰ ਕੋਈ ਵੀ ਤੀਕਾ ਕੰਮ ਨਹੀਂ ਸੀ ਕਰਦਾ ਲੱਗਦਾ ਕਿਉਂਕਿ ਅਸੀਂ ਸਿਰਫ਼ ਸਮੱਸਿਆ ਦਾ ਬਾਹਰੀ ਲੱਛਣਾਂ ਨੂੰ ਹੀ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਸੀ ਇਸਦੇ ਅਸਲੀ ਕਾਰਨਾਂ ਨੂੰ ਨਹੀਂ। ਅਸੀਂ ਹਰ ਇਕ ਚੀਜ਼ ਉਪਰ ਇਲਜ਼ਾਮ ਲਾਉਂਦੇ ਰਹੇ, ਪਰ ਸਕੂਲਾਂ ਉਪਰ ਉਂਗਲੀ ਨਾ ਰੱਖੀ ਕਿਉਂਕਿ ਸਕੂਲਾਂ ਬਾਰੇ ਗੱਲਬਾਤ ਕਰਨੀ ਬਹੁਤ ਦੁਖਦਾਈ ਸੀ। ਪਰ ਹੌਲੀ ਹੌਲੀ ਜਦੋਂ ਅਸੀਂ ਸਕੂਲ ਦੇ ਬਚਪਨ ਦੇ ਤਜ਼ਰਬੇ ਇਕ ਦੂਜੇ ਨਾਲ ਸਾਂਝੇ ਕਰਨੇ ਸ਼ੁਰੂ ਕੀਤੇ ਤਾਂ ਸਾਰੀ ਗੱਲ ਦਾ ਭੇਤ ਖੁੱਲ੍ਹਣ ਲੱਗਾ। ਸਾਨੂੰ ਅਸਲੀ ਕਾਰਨਾਂ ਦਾ ਗਿਆਨ ਹੋਣ ਲੱਗਾ ਅਤੇ ਉਸ ਮੁਤਾਬਕ ਕੁਝ ਹੱਲ ਲੱਭਣੇ ਸ਼ੁਰੂ ਹੋ ਗਏ। ਸਾਨੂੰ ਪਤਾ ਹੈ ਕਿ ਹੋਏ ਨੁਕਸਾਨ ਨੂੰ ਮੋੜ ਦੇਣ ਲਈ ਬੜਾ ਵਕਤ ਲੱਗੇਗਾ ਪਰ ਨਾਲ ਹੀ ਸਾਨੂੰ ਇਹ ਵੀ ਪਤਾ ਹੈ ਕਿ ਹੁਣ ਅਸੀਂ ਸਹੀ ਦਿਸ਼ਾ ਵੱਲ ਜਾ ਰਹੇ ਹਾਂ।



# ਨਾਗਰਿਕਾਂ ਦੀ ਨਿੱਜਤਾ ਅਤੇ ਜਾਸੂਸੀ ਸਿਕੰਜ਼ਾ

**-ਬੂਟਾ ਸਿੰਘ**




ਹਾਲ ਹੀ ਵਿਚ ਹੋਏ ਖ਼ੁਲਾਸੇ ਗੰਭੀਰ ਚੇਤਾਵਨੀ ਹਨ ਕਿ ਇਜ਼ਰਾਇਲੀ ਜਾਸੂਸੀ ਸਾਫ਼ਟਵੇਅਰ 'ਪੈਗਾਸਸ' ਜ਼ਰੀਏ ਸਟੇਟ ਅਤੇ ਹੋਰ ਏਜੰਸੀਆਂ ਨਾਪਸੰਦ ਵਿਅਕਤੀ ਦੀ ਨਿੱਜਤਾ ਨੂੰ ਜਦੋਂ ਚਾਹੁਣ ਨਿਸ਼ਾਨਾ ਬਣਾ ਸਕਦੀਆਂ ਹਨ। ਜਿਸ ਫ਼ੋਨ ਜਾਂ ਕੰਪਿਊਟਰ ਨੂੰ ਨਿਸ਼ਾਨਾ ਬਣਾਉਣਾ ਹੋਵੇ, ਉਸ ਵਿਚ ਸਾਫ਼ਟਵੇਅਰ ਭੇਜ ਦਿੱਤਾ ਜਾਂਦਾ ਹੈ। ਫ਼ੋਨ ਵਰਤੋਂਕਾਰ ਵੱਲੋਂ ਬਿਨਾਂ ਕਲਿੱਕ ਕੀਤੇ ਹੀ ਇਹ ਆਪਣੇ ਆਪ ਚਾਲੂ ਹੋ ਜਾਂਦਾ ਹੈ ਅਤੇ ਡਿਜੀਟਲ ਯੰਤਰ ਪੂਰੀ ਤਰ੍ਹਾਂ ਜਾਸੂਸੀ ਕਰਨ ਵਾਲੀ ਏਜੰਸੀ ਦੇ ਕੰਟਰੋਲ 'ਚ ਆ ਜਾਂਦਾ ਹੈ। ਇਹ ਫ਼ੋਨ ਦਾ ਸਮੁੱਚਾ ਡੇਟਾ ਚੁਰਾਉਣ ਦੇ ਨਾਲ-ਨਾਲ ਫ਼ੋਨ ਦੇ ਕੈਮਰੇ ਅਤੇ ਮਾਈਕ ਨੂੰ ਆਪਣੇ ਆਪ ਚਲਾ ਕੇ ਵਾਇਸ ਅਤੇ ਵੀਡੀਓ ਕਾਲ ਦੀ ਲਾਈਵ ਰਿਕਾਰਡਿੰਗ ਕਰਨ ਦੇ ਸਮਰੱਥ ਹੈ। ਇੰਞ, ਨਾਗਰਿਕਾਂ ਦੀ ਨਿੱਜਤਾ ਪੂਰੀ ਤਰ੍ਹਾਂ ਸਾਫ਼ਟਵੇਅਰ ਖ਼ਰੀਦਦਾਰ ਦੇ ਕੰਟਰੋਲ 'ਚ ਹੈ, ਖ਼ਰੀਦਦਾਰ ਚਾਹੇ ਸਟੇਟ ਹੋਵੇ ਜਾਂ ਕੋਈ ਹੋਰ ਤਾਕਤਵਰ ਏਜੰਸੀ।

ਪੈਗਾਸਸ ਬਣਾਉਣ ਵਾਲੀ ਇਜ਼ਰਾਇਲੀ ਕੰਪਨੀ ਵੱਲੋਂ ਇਜ਼ਰਾਇਲ ਹਕੂਮਤ ਦੀ ਮਨਜ਼ੂਰੀ ਨਾਲ ਇਹ ਸਾਫ਼ਟਵੇਅਰ ਸਿਰਫ਼ ਸਰਕਾਰਾਂ ਨੂੰ ਵੇਚਿਆ ਜਾਂਦਾ ਹੈ ਅਤੇ ਇਸ ਨੂੰ ਯੁੱਧ ਦਾ ਹਥਿਆਰ ਕਿਹਾ ਜਾਂਦਾ ਹੈ। ਵੈਸੇ ਵੀ ਇਹ ਐਨਾ ਜ਼ਿਆਦਾ ਮਹਿੰਗਾ ਹੈ ਕਿ ਇਸ ਨੂੰ ਸਰਕਾਰ ਅਤੇ ਬੜੇ ਕਾਰੋਬਾਰੀ ਹੀ ਖ਼ਰੀਦ ਸਕਦੇ ਹਨ। ਇਸ ਸਾਫ਼ਟਵੇਅਰ ਨੂੰ ਲਗਾਉਣ ਦੀ ਮੁੱਢਲੀ ਫ਼ੀਸ ਸਾਢੇ ਤਿੰਨ ਕਰੋੜ ਰੁਪਏ ਹਨ। 10 ਐਂਡਰੌਇਡ ਜਾਂ ਆਈਫ਼ੋਨਾਂ ਦੀ ਜਾਸੂਸੀ ਕਰਨ ਦਾ ਖ਼ਰਚਾ ਪੰਜ ਕਰੋੜ ਇਸ ਤੋਂ ਵੱਖਰਾ ਹੈ। ਇੰਞ 136 ਭਾਰਤੀ ਨਾਗਰਿਕਾਂ ਦੀ ਜਾਸੂਸੀ ਉੱਪਰ ਲੱਗਭੱਗ 100 ਕਰੋੜ ਖ਼ਰਚੇ ਜਾਣ ਦਾ ਅੰਦਾਜ਼ਾ ਹੈ। ਨਿਰਸੰਦੇਹ, ਸਰਕਾਰਾਂ ਜਾਂ ਖ਼ੁਫ਼ੀਆ ਏਜੰਸੀਆਂ ਹੀ ਇਸ ਦੀ ਵਰਤੋਂ ਕਰ ਸਕਦੀਆਂ ਹਨ। ਭਾਰਤ ਦੇ ਮੌਜੂਦਾ ਹੁਕਮਰਾਨ ਆਪਣੇ ਸੌੜੇ ਸਵਾਰਥਾਂ ਲਈ ਇਸ ਸਾਫ਼ਟਵੇਅਰ ਦੀ ਵਿਆਪਕ ਪੈਮਾਨੇ 'ਤੇ ਦੁਰਵਰਤੋਂ ਕਰਨ ਦੀ ਸਿਰਫ਼ ਤਾਕਤ ਹੀ ਨਹੀਂ ਰੱਖਦੇ, ਉਨ੍ਹਾਂ ਦੇ ਡਿਜੀਟਲ ਲਸ਼ਕਰ (ਟਰੌਲ ਆਰਮੀ) ਤਾਂ ਪਹਿਲਾਂ ਹੀ ਆਪਣੇ ਏਜੰਡੇ ਅਨੁਸਾਰ ਸਮਾਜ ਦੀ ਭੰਨਘੜ ਕਰਨ ਅਤੇ ਨਾਪਸੰਦ ਖ਼ਿਆਲਾਂ ਨੂੰ ਨਿਸ਼ਾਨਾ ਬਣਾਉਣ ਦਾ ਕੰਮ ਜ਼ੋਰ-ਸ਼ੋਰ ਨਾਲ ਕਰ ਰਹੇ ਹਨ। ਜੁਡੀਸ਼ਰੀ, ਚੋਣ ਕਮਿਸ਼ਨ, ਵਿਰੋਧੀ-ਧਿਰ, ਕੈਬਨਿਟ ਮੰਤਰੀ ਅਤੇ ਮੀਡੀਆ ਸਭ ਦੀ ਜਾਸੂਸੀ ਹੋ ਰਹੀ ਹੈ। ਉੱਘੇ ਪੱਤਰਕਾਰਾਂ ਤੋਂ ਲੈ ਕੇ ਸਰਕਾਰ ਦੇ ਚਹੇਤੇ ਕਾਰਪੋਰੇਟਾਂ, ਮੋਦੀ ਦੇ ਚਹੇਤੇ ਸੀਨੀਅਰ ਸੀ.ਬੀ.ਆਈ. ਅਫ਼ਸਰਾਂ ਅਤੇ ਹਿੰਦੂਤਵ ਆਗੂ ਪ੍ਰਵੀਨ ਤੋਗੜੀਆ ਤੱਕ ਦੀ ਜਾਸੂਸੀ ਤੋਂ ਸਪਸ਼ਟ ਹੈ ਕਿ ਜਿਸ ਦਾ ਵਤੀਰਾ ਸਰਕਾਰ ਵਿਰੋਧੀ ਹੈ ਜਾਂ ਜਿਸ ਦੀ ਸੱਤਾ ਪ੍ਰਤੀ ਵਫ਼ਾਦਾਰੀ ਉੱਪਰ ਸ਼ੱਕ ਹੈ ਜਾਂ ਜਿਸ ਕੋਲ ਸਰਕਾਰ ਬਣਾਉਣ ਉੱਪਰ ਅਸਰਅੰਦਾਜ਼ ਹੋਣ ਦੀ ਤਾਕਤ ਹੈ ਉਹ ਸਾਰੇ ਪੈਗਾਸਸ ਦੇ ਨਿਸ਼ਾਨੇ 'ਤੇ ਹਨ।

2019 'ਚ ਯੂਨੀਵਰਸਿਟੀ ਆਫ ਟੋਰਾਂਟੋ ਦੀ ਸਿਟੀਜ਼ਨ ਲੈਬ ਦੇ ਖ਼ੁਲਾਸੇ ਨੇ ਦੁਨੀਆ ਨੂੰ ਚੌਕਸ ਕੀਤਾ ਸੀ ਕਿ 2016-2018 ਦੇ ਦੋ ਸਾਲ ਦੇ ਅਰਸੇ ਵਿਚ ਕੈਨੇਡਾ, ਬਰਾਜ਼ੀਲ ਅਤੇ ਭਾਰਤ ਸਮੇਤ 45 ਮੁਲਕਾਂ ਵਿਚ ਪੈਗਾਸਸ ਰਾਹੀਂ ਨਾਗਰਿਕਾਂ ਦੀ ਨਿੱਜਤਾ ਨੂੰ ਨਿਸ਼ਾਨਾ ਬਣਾਇਆ ਗਿਆ। ਵੱਟਸਐਪ ਰਾਹੀਂ ਸੰਨ੍ਹ ਲਗਾ ਕੇ ਦੁਨੀਆ ਭਰ ਦੇ 1400 ਵਰਤੋਂਕਾਰਾਂ ਦੀ ਡਿਜੀਟਲ ਜਾਸੂਸੀ ਕੀਤੀ ਗਈ ਸੀ। ਭਾਰਤ ਦੇ ਅੱਠ ਮੋਬਾਈਲ ਨੈੱਟਵਰਕ ਨੂੰ ਇਸਤੇਮਾਲ ਕਰਕੇ 121 ਵਿਅਕਤੀਆਂ ਦੇ ਫ਼ੋਨਾਂ ਵਿਚ ਘੁਸਪੈਠ ਕੀਤੀ ਗਈ। ਇਨ੍ਹਾਂ ਵਿੱਚੋਂ 20 ਦੇ ਕਰੀਬ ਸ਼ਖਸੀਅਤਾਂ ਨੂੰ ਵੱਟਸਐਪ ਅਤੇ ਸਿਟੀਜ਼ਨ ਲੈਬ ਦੋਨਾਂ ਵੱਲੋਂ ਸੰਪਰਕ ਕਰਕੇ ਇਸ ਬਾਰੇ ਚੁਕੰਨੇ ਕੀਤਾ ਗਿਆ ਸੀ। ਹਾਲ ਹੀ ਵਿਚ 'ਪੈਗਾਸਸ ਪ੍ਰੋਜੈਕਟ' ਤਹਿਤ 10 ਮੁਲਕਾਂ ਦੀਆਂ 17 ਮੀਡੀਆ ਸੰਸਥਾਵਾਂ, ਜਿਨ੍ਹਾਂ ਵਿਚ ਭਾਰਤ ਦਾ ਸੁਤੰਤਰ ਨਿਊਜ਼ ਪੋਰਟਲ ਦੀ ਵਾਇਰ ਵੀ ਸ਼ਾਮਿਲ ਹੈ, ਦੇ 80 ਪੱਤਰਕਾਰਾਂ ਵੱਲੋਂ ਐਮਨੈਸਟੀ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਜੋ ਛਾਣਬੀਣ ਕੀਤੀ ਗਈ ਹੈ ਉਸ ਨੇ ਡਿਜੀਟਲ ਜਾਸੂਸੀ ਦੀਆਂ ਹੋਰ ਬਹੁਤ ਸਾਰੀਆਂ ਪਰਤਾਂ ਸਾਹਮਣੇ ਲਿਆਂਦੀਆਂ ਹਨ। ਇਸ ਪ੍ਰੋਜੈਕਟ ਦੀ ਤਾਲਮੇਲ ਕਰਤਾ ਫਰਾਂਸ ਦੀ ਸੁਤੰਤਰ ਮੀਡੀਆ ਸੰਸਥਾ ਫਾਰਬਿਡਨ ਸਟੋਰੀਜ਼ ਹੈ ਜੋ ਸੈਂਸਰਸ਼ਿਪ ਤੋਂ ਬੇਪ੍ਰਵਾਹ ਹੋ ਕੇ ਸੰਵੇਦਨਸ਼ੀਲ ਮੁੱਦਿਆਂ ਉੱਪਰ ਖੋਜੀ ਪੱਤਰਕਾਰਾਂ ਦੀਆਂ ਖੋਜ ਰਿਪੋਰਟਾਂ ਛਾਪਦੀ ਹੈ। ਇਸ ਪ੍ਰੋਜੈਕਟ ਨੇ 50 ਹਜ਼ਾਰ ਫ਼ੋਨ ਨੰਬਰਾਂ ਦੇ ਲੀਕ ਹੋਏ ਡੇਟਾ ਦੀ ਛਾਣਬੀਣ ਕੀਤੀ ਹੈ ਜੋ ਇਸ ਸਪਾਈਵੇਅਰ ਰਾਹੀਂ ਜਾਸੂਸੀ ਦਾ ਨਿਸ਼ਾਨਾ ਬਣੇ ਹੋ ਸਕਦੇ ਹਨ। ਇਸ ਸੂਚੀ ਵਿਚ ਸਭ ਤੋਂ ਵੱਧ 15000 ਫ਼ੋਨ ਨੰਬਰ ਮੈਕਸੀਕੋ ਦੇ ਨਾਗਰਿਕਾਂ ਦੇ ਹਨ। ਇਨ੍ਹਾਂ ਵਿੱਚੋਂ 10 ਮੁਲਕਾਂ ਦੇ 1500 ਤੋਂ ਵਧੇਰੇ ਨੰਬਰਾਂ ਦੇ ਮਾਲਕਾਂ ਦੀ ਸ਼ਨਾਖ਼ਤ ਕੀਤੀ ਜਾ ਚੁੱਕੀ ਹੈ। ਫ਼ੋਨ ਦੀ ਫਾਰੈਂਸਿਕ ਜਾਂਚ ਕਰਨ 'ਤੇ ਹੀ ਇਹ ਪਤਾ ਲੱਗਦਾ ਹੈ ਕਿ ਡੇਟਾਬੇਸ ਵਿਚ ਸ਼ਾਮਿਲ ਕਿਹੜੇ ਨੰਬਰ ਨੂੰ ਹੈਕ ਕਰਨ ਦੀ ਕੋਸ਼ਿਸ਼ ਕੀਤੀ ਗਈ ਜਾਂ ਇਹ ਕੋਸ਼ਿਸ਼ ਕਾਮਯਾਬ ਰਹੀ। ਜੋ ਨੰਬਰ ਡੇਟਾਬੇਸ ਸੂਚੀ ਵਿਚ ਹਨ ਪਰ ਜਿਨ੍ਹਾਂ ਦੇ ਫ਼ੋਨਾਂ ਦੀ ਫਾਰੈਂਸਿਕ ਜਾਂਚ ਨਹੀਂ ਕੀਤੀ ਗਈ, ਉਹ ਸੰਭਾਵੀ ਨਿਸ਼ਾਨਾ ਵੀ ਹੋ ਸਕਦੇ ਹਨ।

ਦੀ ਵਾਇਰ ਅਤੇ ਐਮਨੈਸਟੀ ਇੰਟਰਨੈਸ਼ਨਲ ਨੇ 136 ਵਿਅਕਤੀਆਂ ਦੀ ਸੂਚੀ ਨਸ਼ਰ ਕੀਤੀ ਹੈ ਜੋ ਨਿਸ਼ਾਨਾ ਬਣੇ ਜਾਂ ਨਿਸ਼ਾਨਾ ਬਣੇ ਹੋ ਸਕਦੇ ਹਨ। (ਇਸ ਸੂਚੀ ਵਿਚ ਨਵੇਂ ਨਾਂ ਜੁੜਦੇ ਜਾ ਰਹੇ ਹਨ) ਇਨ੍ਹਾਂ ਵਿਚ ਘੱਟੋ-ਘੱਟ 40 ਭਾਰਤੀ ਪੱਤਰਕਾਰ ਸ਼ਾਮਿਲ ਹਨ ਜਿਨ੍ਹਾਂ ਵਿੱਚੋਂ ਕਈਆਂ ਦੇ ਫ਼ੋਨਾਂ ਉੱਪਰ ਪੈਗਾਸਸ ਦੀ ਮੌਜੂਦਗੀ ਸਾਬਤ ਹੋ ਚੁੱਕੀ ਹੈ। ਸੀਨੀਅਰ ਪੱਤਰਕਾਰਾਂ ਐੱਮ.ਕੇ.ਵੇਨੂ, ਸਿਧਾਰਥ ਵਰਧਰਾਜਨ, ਸੁਸ਼ਾਂਤ ਸਿੰਘ, ਪਰੰਜੋ ਗੁਹਾ ਠਾਕੁਰਤਾ, ਐੱਸ.ਐੱਨ.ਐੱਮ.ਅਬਦੀ, ਵਿਜੇਤਾ ਸਿੰਘ, ਸਮਿਤਾ ਸ਼ਰਮਾ ਦੇ ਫ਼ੋਨਾਂ ਉੱਪਰ ਸਪਾਈਵੇਅਰ ਦੀ ਪੁਸ਼ਟੀ ਹੋਈ ਹੈ। ਸੂਚੀ ਵਿਚ ਜੋ ਹੋਰ ਸੀਨੀਅਰ ਪੱਤਰਕਾਰਾਂ ਦੇ ਨਾਂ ਸ਼ਾਮਿਲ ਹਨ ਜਿਵੇਂ ਰੋਹਿਨੀ ਸਿੰਘ, ਪ੍ਰਸ਼ਾਂਤ ਝਾਅ, ਪ੍ਰੇਮ ਸ਼ੰਕਰ ਝਾਅ, ਮੁਜ਼ਾਮਿਲ ਜਲੀਲ, ਜੇ. ਗੋਪੀਕ੍ਰਿਸ਼ਨ, ਸੈਕਤ ਦੱਤਾ, ਇਫ਼ਤਿਖ਼ਾਰ ਗਿਲਾਨੀ, ਜਸਪਾਲ ਸਿੰਘ ਹੇਰਾਂ (ਮੁੱਖ ਸੰਪਾਦਕ ਰੋਜ਼ਾਨਾ ਪਹਿਰੇਦਾਰ), ਰੂਪੇਸ਼ ਕੁਮਾਰ ਸਿੰਘ ਆਦਿ, ਉਹ ਵੀ ਨਿਸ਼ਾਨੇ 'ਤੇ ਸਨ। ਪੱਤਰਕਾਰਾਂ ਤੋਂ ਇਲਾਵਾ, ਉੱਘੇ ਮੁੱਖਧਾਰਾ ਸਿਆਸਤਦਾਨਾਂ ਅਤੇ ਸੀ.ਬੀ.ਆਈ ਦੇ ਸੀਨੀਅਰ ਅਧਿਕਾਰੀਆਂ, ਵਿਗਿਆਨੀਆਂ, ਨਾਗਾ ਤੇ ਕਸ਼ਮੀਰੀ ਆਗੂਆਂ ਅਤੇ ਉੱਤਰ-ਪੂਰਬ ਦੀਆਂ ਹੋਰ ਸ਼ਖਸੀਅਤਾਂ ਦੇ ਨਾਂ ਵੀ ਸੂਚੀ ਵਿਚ ਹਨ। ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ 'ਚ ਜੇਲ੍ਹਾਂ 'ਚ ਡੱਕੇ ਬੁੱਧੀਜੀਵੀਆਂ ਵਿੱਚੋਂ ਨੌਂ ਸ਼ਖਸੀਅਤਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਉਨ੍ਹਾਂ ਦੇ ਵਕੀਲਾਂ, ਹੋਰ ਉੱਘੇ ਕਾਰਕੁੰਨਾਂ ਅਤੇ ਜੇ.ਐੱਨ.ਯੂ. ਦੇ ਤਿੰਨ ਸਾਬਕਾ ਵਿਦਿਆਰਥੀ ਆਗੂਆਂ ਦੇ ਨਾਂ ਵੀ ਸ਼ਾਮਿਲ ਹਨ। ਇਸ ਦਾ ਭਾਵ ਇਹ ਹੈ ਕਿ ਇਨ੍ਹਾਂ ਸਾਰਿਆਂ ਉੱਪਰ ਸਰਕਾਰ ਦੇ ਆਲੋਚਕ ਹੋਣ ਕਾਰਨ ਨਜ਼ਰ ਰੱਖੀ ਜਾ ਰਹੀ ਸੀ। ਰੱਖਿਆ ਮਾਮਲਿਆਂ ਦੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਦੀ ਜਾਸੂਸੀ ਤੋਂ ਜ਼ਾਹਿਰ ਹੈ ਕਿ ਰਾਫ਼ੇਲ ਘੋਟਾਲੇ ਨਾਲ ਜੁੜੀਆਂ ਖ਼ਬਰਾਂ ਉੱਪਰ ਨਜ਼ਰ ਰੱਖੀ ਜਾ ਰਹੀ ਸੀ। ਮੋਦੀ ਦੇ ਚਹੇਤੇ ਸੀ.ਬੀ.ਆਈ. ਦੇ ਸੀਨੀਅਰ ਅਫ਼ਸਰਾਂ ਦੀ ਜਾਸੂਸੀ ਤੋਂ ਸਪਸ਼ਟ ਹੈ ਕਿ ਉਨ੍ਹਾਂ ਦੀ ਵਫ਼ਾਦਾਰੀ ਉੱਪਰ ਵੀ ਨਜ਼ਰ ਰੱਖੀ ਜਾ ਰਹੀ ਸੀ। ਸੀ.ਬੀ.ਆਈ. ਦੇ ਤੱਤਕਾਲੀ ਨਿਰਦੇਸ਼ਕ ਆਲੋਕ ਵਰਮਾ ਅਤੇ ਉਸ ਦੇ ਪਰਿਵਾਰ ਦੇ ਅੱਠ ਜੀਆਂ ਦੀ ਜਾਸੂਸੀ ਬਿਨਾਂ ਵਜ੍ਹਾ ਕਿਵੇਂ ਹੋ ਸਕਦੀ ਹੈ? 2019 'ਚ ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਵਿਰੁੱਧ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਕਰਨ ਵਾਲੀ ਔਰਤ ਕਰਮਚਾਰੀ ਅਤੇ ਉਸ ਦੇ ਰਿਸ਼ਤੇਦਾਰਾਂ ਦੇ ਗਿਆਰਾਂ ਨੰਬਰਾਂ ਦੀ ਵੀ ਜਾਸੂਸੀ ਕੀਤੀ ਜਾ ਰਹੀ ਸੀ। ਅਨਿਲ ਅੰਬਾਨੀ, ਰਾਫ਼ੇਲ ਜਹਾਜ਼ ਨਿਰਮਾਤਾ ਕੰਪਨੀ ਦੇ ਨੁਮਾਇੰਦੇ ਵੈਂਕਟ ਰਾਓ, ਸਾਬ ਇੰਡੀਆ ਦੇ ਮੁਖੀ ਇੰਦਰਜੀਤ ਸਿਆਲ ਅਤੇ ਬੋਇੰਗ ਇੰਡੀਆ ਦੇ ਮੁਖੀ ਪ੍ਰਤਿਊਸ਼ ਕੁਮਾਰ, ਫਰਾਂਸ ਦੀ ਕੰਪਨੀ ਐਨਰਜੀ ਈਡੀਐੱਫ ਦੇ ਮੁਖੀ ਹਰਮਨਜੀਤ ਨੇਗੀ ਆਦਿ ਵੱਡੇ ਕਾਰੋਬਾਰੀਆਂ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਦੇ ਫ਼ੋਨ ਨੰਬਰ ਵੀ ਲੀਕ ਹੋਏ ਡੇਟਾ ਵਿਚ ਮਿਲੇ। ਜ਼ਾਹਿਰ ਹੈ ਕਿ ਖ਼ਾਸ ਮਨੋਰਥ ਤਹਿਤ ਉਨ੍ਹਾਂ ਦੀ ਜਾਸੂਸੀ ਵੀ ਕਰਵਾਈ ਜਾ ਰਹੀ ਸੀ। ਅਨਿਲ ਅੰਬਾਨੀ ਅਤੇ ਉਸ ਦੇ ਅਧਿਕਾਰੀ ਇਸ ਲਈ ਨਿਗਰਾਨੀ ਹੇਠ ਸਨ ਕਿ ਉਹ ਰਾਫ਼ੇਲ ਘੁਟਾਲੇ ਵਿਚ ਕੋਈ ਬਿਆਨ ਦੇ ਕੇ ਮੋਦੀ ਵਜ਼ਾਰਤ ਲਈ ਕੋਈ ਮੁਸੀਬਤ ਖੜ੍ਹੀ ਨਾ ਕਰ ਦੇਣ।

ਆਰ.ਐੱਸ.ਐੱਸ.-ਬੀ.ਜੇ.ਪੀ. ਸਰਕਾਰ ਇਹ ਝੂਠ ਬੋਲ ਕੇ ਵਕਤ ਲੰਘਾਉਣ ਦੀ ਕੋਸ਼ਿਸ 'ਚ ਹੈ ਕਿ ਇਸ ਦਾ ਜਾਸੂਸੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਸਲ ਸਵਾਲ ਤੋਂ ਧਿਆਨ ਹਟਾਉਣ ਲਈ ਬਹੁਤ ਹੀ ਚਲਾਕੀ ਨਾਲ ਇਹ ਮੁੱਦਾ ਉਛਾਲਿਆ ਜਾ ਰਿਹਾ ਹੈ ਕਿ ਇਹ ਵਿਰੋਧੀ ਧਿਰ ਦੀ ਸਰਕਾਰ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਜਾਅਲੀ ਖ਼ਬਰਾਂ ਅਤੇ ਅਫ਼ਵਾਹਾਂ ਦਾ ਮਾਹਿਰ ਸੰਘ ਬਰਗੇਡ ਇਨ੍ਹਾਂ ਖ਼ੁਲਾਸਿਆਂ ਨੂੰ "ਪੀਲੀ ਪੱਤਰਕਾਰੀ" ਦੱਸ ਰਿਹਾ ਹੈ। ਪਰ ਉਹ ਇਸ ਸਵਾਲ ਦਾ ਜਵਾਬ ਨਹੀਂ ਦੇ ਰਹੇ ਕਿ ਇਹ ਸਾਫ਼ਟਵੇਅਰ ਜਣੇ-ਖਣੇ ਦੀ ਪਹੁੰਚ ਵਿਚ ਨਹੀਂ ਹੈ, ਇਹ ਸਿਰਫ਼ ਸਰਕਾਰਾਂ ਨੂੰ ਹੀ ਵੇਚਿਆ ਜਾਂਦਾ ਹੈ। ਇਜ਼ਰਾਇਲੀ ਕੰਪਨੀ ਅਨੁਸਾਰ ਤਾਂ ਕੇਂਦਰ ਸਰਕਾਰ ਤੋਂ ਬਿਨਾਂ ਇਸ ਨੂੰ ਕੋਈ ਖ਼ਰੀਦ ਹੀ ਨਹੀਂ ਸਕਦਾ। ਫਿਰ ਉਹ ਕਿਹੜੀ ਏਜੰਸੀ ਹੈ ਜਿਸ ਨੇ ਭਾਰਤ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਹੀ ਇਹ ਸਾਫ਼ਟਵੇਅਰ ਖ਼ਰੀਦ ਕੇ ਐਨੇ ਲੋਕਾਂ ਦੀ ਜਾਸੂਸੀ ਕੀਤੀ ਅਤੇ ਉਸ ਦਾ ਮਨੋਰਥ ਕੀ ਸੀ? ਜਾਂ ਤਾਂ ਸਾਈਬਰ ਜਾਸੂਸੀ ਸਰਕਾਰ ਨੇ ਕਰਵਾਈ ਹੈ ਜਾਂ ਕਿਸੇ ਤਾਕਤਵਰ ਬਦੇਸ਼ੀ ਏਜੰਸੀ ਨੇ। ਜੇ ਸਰਕਾਰ ਦੀ ਇਸ ਵਿਚ ਭੂਮਿਕਾ ਅਤੇ ਮਿਲੀਭੁਗਤ ਨਹੀਂ ਹੈ ਅਤੇ ਇਸ ਜਾਸੂਸੀ ਪਿੱਛੇ ਕਿਸੇ ਬਦੇਸ਼ੀ ਏਜੰਸੀ ਦਾ ਹੱਥ ਹੈ ਤਾਂ ਮੁਲਕ ਦੀ ਸੁਰੱਖਿਆ ਉੱਪਰ ਐਨੇ ਖ਼ਤਰਨਾਕ ਹਮਲੇ ਦੀ ਜਾਂਚ ਸਰਕਾਰ ਕਿਉਂ ਨਹੀਂ ਕਰਵਾ ਰਹੀ? ਦੋ ਸਾਲ ਪਹਿਲਾਂ 2019 'ਚ ਸਾਹਮਣੇ ਆਏ ਐਨੇ ਸੰਵੇਦਨਸ਼ੀਲ ਮਾਮਲੇ, ਜਿਸ ਦੀ ਸੂਚੀ ਤਾਜ਼ਾ ਖ਼ੁਲਾਸਿਆਂ ਨਾਲ ਦਿਨੋ-ਦਿਨ ਵਧਦੀ ਜਾ ਰਹੀ ਹੈ, ਦੀ ਜਾਂਚ ਕਿਉਂ ਨਹੀਂ ਕਰਵਾਈ ਜਾ ਰਹੀ? ਫਰਾਂਸ ਨੇ ਇਸ ਦੀ ਪਾਰਲੀਮੈਂਟਰੀ ਜਾਂਚ ਦਾ ਆਦੇਸ਼ ਦਿੱਤਾ ਹੈ; ਜਰਮਨੀ ਦੇ ਚਾਂਸਲਰ ਨੇ ਇਸ ਸਾਫ਼ਟਵੇਅਰ ਦੇ ਵਪਾਰ ਉੱਪਰ ਬੰਦਸ਼ਾਂ ਲਾਉਣ ਦਾ ਸੱਦਾ ਦਿੱਤਾ ਹੈ; ਹੰਗਰੀ ਨੇ ਵੀ ਜਾਂਚ ਕਰਾਉਣ ਦਾ ਐਲਾਨ ਕੀਤਾ ਹੈ, ਫਿਰ ਭਾਰਤ ਸਰਕਾਰ ਨਾਗਰਿਕਾਂ ਦੀ ਨਿੱਜਤਾ ਉੱਪਰ ਸਾਈਬਰ ਹਮਲੇ ਦੀ ਜਾਂਚ ਕਰਾਉਣ ਤੋਂ ਕਿਉਂ ਭੱਜ ਰਹੀ ਹੈ?

ਭਾਰਤ ਵਰਗੇ ਮੁਲਕਾਂ 'ਚ ਜਿੱਥੇ ਨਾਗਰਿਕਾਂ ਦੀ ਨਿੱਜਤਾ ਦੀ ਸੁਰੱਖਿਆ ਲਈ ਭਰੋਸੇਯੋਗ ਸੰਵਿਧਾਨਕ ਵਿਵਸਥਾ ਨਹੀਂ ਹੈ ਅਤੇ ਸੰਵਿਧਾਨ ਦੀਆਂ ਸਭ ਤੋਂ ਵੱਧ ਧੱਜੀਆਂ ਹਕੂਮਤ ਵੱਲੋਂ ਉਡਾਈਆਂ ਜਾਂਦੀਆਂ ਹਨ, ਉੱਥੇ ਕੇਂਦਰ ਸਰਕਾਰ ਵੱਲੋਂ ਆਪਣੀ ਕਿਸੇ ਖ਼ੁਫ਼ੀਆ ਏਜੰਸੀ ਰਾਹੀਂ ਨਾਗਰਿਕਾਂ ਦੀ ਨਿੱਜਤਾ 'ਚ ਸੰਨ੍ਹ ਲਾਉਣੀ ਬਹੁਤ ਸੌਖੀ ਹੈ ਅਤੇ ਸਰਕਾਰ ਦੀ ਕੋਈ ਜਵਾਬਦੇਹੀ ਵੀ ਨਹੀਂ ਹੈ। ਪੈਗਾਸਸ ਵਰਗੇ ਅਤਿ-ਆਧੁਨਿਕ ਖ਼ਰਚੀਲੇ ਸਾਫ਼ਟਵੇਅਰ ਦੀ ਵਰਤੋਂ ਕਰਕੇ ਨਾਗਰਿਕਾਂ ਦੀ ਨਿੱਜੀ ਜ਼ਿੰਦਗੀ ਉੱਪਰ ਐਡਾ ਵੱਡਾ ਸਾਈਬਰ ਹਮਲਾ ਭਾਰਤ ਸਰਕਾਰ ਹੀ ਕਰਵਾ ਸਕਦੀ ਹੈ। ਏਸ਼ੀਆ ਟਾਈਮਜ਼ ਦੀ 2019 ਦੀ ਰਿਪੋਰਟ ਅਨੁਸਾਰ, "ਘੱਟੋਘੱਟ ਇਕ ਕੇਂਦਰੀ ਖ਼ੁਫ਼ੀਆ ਏਜੰਸੀ ਪੈਗਾਸਸ ਜਾਸੂਸੀ ਸਾਫ਼ਟਵੇਅਰ ਦੇ ਖ਼ਰੀਦਦਾਰਾਂ ਚੋਂ ਇਕ ਸੀ ਜੋ ਹਰ ਸੂਬੇ ਤੋਂ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਦੀ ਹੈ।" ਕੇਂਦਰੀ ਏਜੰਸੀ ਆਈ.ਬੀ. (ਇੰਟੈਲੀਜੈਂਸ ਬਿਊਰੋ) ਬਰਤਾਨਵੀ ਹਕੂਮਤ ਦੇ 1887 ਦੇ ਇਕ ਹੁਕਮ ਤਹਿਤ ਬਣਾਈ ਗਈ ਸੀ ਅਤੇ ਰਾਅ ਵੀ 1968 'ਚ ਸਿਰਫ਼ ਇਕ ਸਰਕਾਰੀ ਹੁਕਮ ਰਾਹੀਂ ਬਣਾਈ ਗਈ ਸੀ। ਆਈ.ਬੀ. ਦਾ ਸਾਬਕਾ ਜੁਆਇੰਟ ਡਾਇਰੈਕਟਰ ਮਲੋਏ ਕ੍ਰਿਸ਼ਨਾ ਧਰ ਆਪਣੀ ਚਰਚਿਤ ਕਿਤਾਬ "ਖੁੱਲ੍ਹੇ ਭੇਤ" ਵਿਚ ਏਜੰਸੀ ਦੀਆਂ ਮਨਮਾਨੀਆਂ ਉੱਪਰ ਗੰਭੀਰ ਸਵਾਲ ਉਠਾ ਚੁੱਕਾ ਹੈ। ਇਹ ਏਜੰਸੀਆਂ ਸਿੱਧੀਆਂ ਕੇਂਦਰ ਸਰਕਾਰ ਦੇ ਹੁਕਮਾਂ ਅਨੁਸਾਰ ਕੇਂਦਰੀ ਵਜ਼ਾਰਤ, ਖ਼ਾਸ ਕਰਕੇ ਪ੍ਰਧਾਨ ਮੰਤਰੀ ਦੀਆਂ ਨਿੱਜੀ ਏਜੰਸੀਆਂ ਵਜੋਂ ਕੰਮ ਕਰਦੀਆਂ ਹਨ। ਕੇਂਦਰ ਸਰਕਾਰ ਦੀਆਂ ਖ਼ੁਫ਼ੀਆ ਜਾਣਕਾਰੀ ਹਾਸਲ ਕਰਨ ਦੀਆਂ ਸਮਰੱਥਾਵਾਂ ਉੱਪਰ ਸੰਸਦ ਦਾ ਕੋਈ ਕੁੰਡਾ ਨਹੀਂ ਹੈ ਅਤੇ ਕੋਈ ਸੰਸਦੀ ਕਮੇਟੀ ਇਨ੍ਹਾਂ ਦੀ ਨਿਗਰਾਨੀ ਨਹੀਂ ਕਰਦੀ।

ਪੈਗਾਸਸ ਦੀ ਨਿਰਮਾਤਾ ਕੰਪਨੀ ਐੱਨ.ਐੱਸ.ਓ. ਗਰੁੱਪ ਦਾ ਇਜ਼ਰਾਇਲੀ ਫਾਸ਼ੀਵਾਦੀ ਸਟੇਟ ਨਾਲ ਅਤੇ ਇਸ ਦਾ ਭਾਰਤੀ ਸਟੇਟ ਨਾਲ ਗੂੜ੍ਹਾ ਰਿਸ਼ਤਾ ਹੈ। ਇਹ ਸਾਫ਼ਟਵੇਅਰ ਇਜ਼ਰਾਇਲ ਦੇ ਰੱਖਿਆ ਮੰਤਰਾਲੇ ਦੀ ਮਨਜ਼ੂਰੀ ਨਾਲ ਵੇਚਿਆ ਜਾਂਦਾ ਹੈ। ਜਾਸੂਸੀ ਦਾ ਸਮਾਂ ਅਤੇ ਭਾਰਤ ਵਿਚਲਾ ਤੱਤਕਾਲੀ ਘਟਨਾਕ੍ਰਮ ਸਾਫ਼ ਸੰਕੇਤ ਹਨ ਕਿ ਸਾਈਬਰ ਜਾਸੂਸੀ ਕੇਂਦਰ ਸਰਕਾਰ ਦੀ ਮਿਲੀਭੁਗਤ ਤੋਂ ਬਗ਼ੈਰ ਸੰਭਵ ਨਹੀਂ। ਤੱਥਾਂ ਅਨੁਸਾਰ ਭਾਰਤ ਵਿਚ ਪੈਗਾਸਸ ਦਾ ਇਸਤੇਮਾਲ 2017 'ਚ ਨਰਿੰਦਰ ਮੋਦੀ ਦੀ ਇਜ਼ਰਾਇਲ ਫੇਰੀ ਅਤੇ ਇਜ਼ਰਾਇਲੀ ਦੇ ਤੱਤਕਾਲੀ ਰਾਸ਼ਟਰਪਤੀ ਬੈਂਜਾਮਿਨ ਨੇਤਨਯਾਹੂ ਨਾਲ ਲੰਮੀ ਮੁਲਾਕਾਤ ਤੋਂ ਬਾਦ ਸ਼ੁਰੂ ਹੋਇਆ। ਉੱਘੇ ਵਕੀਲ ਪ੍ਰਸ਼ਾਂਤ ਭੂਸ਼ਨ ਵੱਲੋਂ ਕੀਤੇ ਖ਼ੁਲਾਸੇ ਅਨੁਸਾਰ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਬਜਟ ਜੋ 2016-17 'ਚ 33 ਕਰੋੜ ਰੁਪਏ ਸੀ ਉਹ 2017-18 'ਚ ਦਸ ਗੁਣਾਂ ਵਧਾ ਕੇ 333 ਕਰੋੜ ਰੁਪਏ ਕੀਤਾ ਗਿਆ ਜਿਸ ਦਾ ਦੋ-ਤਿਹਾਈ ਹਿੱਸਾ ਸਾਈਬਰ ਸਕਿਊਰਿਟੀ ਰਿਸਰਚ ਲਈ ਸੀ। ਇਹ ਉਹੀ ਵਕਤ ਹੈ ਜਦੋਂ ਲੱਗਭੱਗ 100 ਕਰੋੜ ਰੁਪਏ ਪੈਗਾਸਸ ਖ਼ਰੀਦਣ ਉੱਪਰ ਖ਼ਰਚੇ ਗਏ। ਮਨੁੱਖਤਾ ਵਿਰੋਧੀ ਇਸ ਮਹਾਂ-ਜੁਰਮ ਲਈ ਸਿਰਫ਼ ਇਜ਼ਰਾਇਲੀ ਕੰਪਨੀ ਜ਼ਿੰਮੇਵਾਰ ਨਹੀਂ ਹੈ, ਅਸਲ ਜ਼ਿੰਮੇਵਾਰ ਇਜ਼ਰਾਇਲੀ ਸਟੇਟ ਅਤੇ ਇਸ ਦਾ ਸਰਪ੍ਰਸਤ ਅਮਰੀਕਾ ਹੈ ਜਿਸ ਦੀ ਮਨਜ਼ੂਰੀ ਤੋਂ ਬਿਨਾਂ ਸਾਫ਼ਟਵੇਅਰ ਵੇਚਣਾ ਸੰਭਵ ਹੀ ਨਹੀਂ। ਅਮਰੀਕਾ ਦੇ ਫ਼ੋਨ ਨੈੱਟਵਰਕ ਇਸ ਸਾਫ਼ਟਵੇਅਰ ਦੀ ਮਾਰ ਤੋਂ ਬਾਹਰ ਰੱਖੇ ਗਏ ਹਨ। ਇਸ ਕਰਕੇ ਇਸ ਦਾ ਅਸਲ ਯੋਜਨਾਘਾੜਾ ਅਮਰੀਕਨ-ਇਜ਼ਰਾਇਲੀ ਗੱਠਜੋੜ ਹੈ ਅਤੇ ਪੈਗਾਸਸ ਦੀ ਵਰਤੋਂ ਉਨ੍ਹਾਂ ਮੁਲਕਾਂ 'ਚ ਸਾਹਮਣੇ ਆਈ ਹੈ ਜਿੱਥੇ ਅਮਰੀਕਾ-ਇਜ਼ਰਾਇਲ ਦੇ ਹਿਤ ਹਨ। ਇਸ ਲਈ ਜਾਸੂਸੀ ਉੱਪਰ ਅਮਰੀਕਨ ਹੁਕਮਰਾਨਾਂ ਦੀ ਖੇਖਣਹਾਰ ਚਿੰਤਾ ਨਿਰਾ ਢੌਂਗ ਹੈ।

ਪੈਗਾਸਸ ਸਾਫ਼ਟਵੇਅਰ ਰਾਹੀਂ ਸਾਈਬਰ ਜਾਸੂਸੀ ਦੇ ਵਾਰ-ਵਾਰ ਖ਼ੁਲਾਸੇ ਦੁਨੀਆ ਲਈ ਗੰਭੀਰ ਚੇਤਾਵਨੀ ਹਨ ਕਿ ਨਾਗਰਿਕਾਂ ਦੀ ਨਿੱਜਤਾ ਅਤਿਅੰਤ ਖ਼ਤਰਨਾਕ ਹਮਲੇ ਦੀ ਮਾਰ ਹੇਠ ਆ ਚੁੱਕੀ ਹੈ। ਨਿੱਜਤਾ 'ਚ ਇਹ ਸੰਨ੍ਹ ਸਟੇਟ ਵੱਲੋਂ ਹੋਣ ਕਾਰਨ ਇਸ ਦਾ ਦਾਇਰਾ ਅਤਿਅੰਤ ਵਿਆਪਕ ਹੈ। ਵੱਟਸਐਪ, ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਐਪਸ ਦੇ ਵਰਤੋਂਕਾਰਾਂ ਦੀ ਨਿੱਜੀ ਜਾਣਕਾਰੀ ਨੂੰ ਬਿਨਾਂ ਦੱਸੇ ਕਿੱਥੇ ਅਤੇ ਕਿਵੇਂ ਇਸਤੇਮਾਲ ਕਰਨਾ ਹੈ, ਇਹ ਪੂਰੀ ਤਰ੍ਹਾਂ ਕਾਰਪੋਰੇਟ ਸਰਮਾਏਦਾਰੀ ਦੇ ਕੰਟਰੋਲ 'ਚ ਹੈ। ਭਾਰਤ ਵਿਚ ਫ਼ੋਨ ਅਤੇ ਹੋਰ ਜਾਣਕਾਰੀ ਨੂੰ ਆਧਾਰ ਨੰਬਰ ਨਾਲ ਜੋੜਣ ਦਾ ਮਨੋਰਥ ਵੀ ਕਥਿਤ ਸੁਰੱਖਿਆ ਅਤੇ ਸਹੂਲਤ ਦੀ ਬਜਾਏ ਨਾਗਰਿਕਾਂ ਦੀ ਨਿੱਜਤਾ ਉੱਪਰ ਕੰਟਰੋਲ ਹੀ ਹੈ। ਅਤਿ-ਆਧੁਨਿਕ ਸਾਫ਼ਟਵੇਅਰ ਜਾਂ ਸਪਾਈਵੇਅਰ ਨਾਲ ਲੈਸ ਏਜੰਸੀਆਂ ਨੇ ਕਦੋਂ, ਕਿਸ ਨੂੰ ਨਿਸ਼ਾਨਾ ਬਣਾਉਣਾ ਹੈ ਇਹ ਹਾਸਲ ਹਾਲਾਤ ਵਿਚ ਹੁਕਮਰਾਨ ਧਿਰ ਦੇ ਏਜੰਡਿਆਂ ਅਤੇ ਜ਼ਰੂਰਤਾਂ ਤੋਂ ਤੈਅ ਹੁੰਦਾ ਹੈ।

ਕੋਈ ਵੀ ਬਹਾਨਾ ਬਣਾ ਕੇ ਭਾਰਤੀ ਰਾਜ ਨਾਗਰਿਕਾਂ ਦੀ ਨਿੱਜਤਾ ਦੇ ਹੱਕ ਉੱਪਰ ਹਮਲੇ ਦੀ ਜਵਾਬਦੇਹੀ ਤੋਂ ਨਹੀਂ ਬਚ ਸਕਦਾ ਹੈ ਕਿਉਂਕਿ ਨਾਗਰਿਕਾਂ ਦੀ ਨਿੱਜਤਾ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਸੰਵਿਧਾਨਕ ਜ਼ਿੰਮਾ ਸਰਕਾਰਾਂ ਦਾ ਹੈ ਅਤੇ ਜਮਹੂਰੀ ਮੁੱਲਾਂ ਦੀ ਸਰਵਵਿਆਪਕ ਪ੍ਰਵਾਨਗੀ ਦੇ ਜ਼ਮਾਨੇ ਵਿਚ ਨਾਗਰਿਕਾਂ ਦੀ ਡਿਜੀਟਲ ਜਾਸੂਸੀ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਮੂਹ ਨਾਗਰਿਕਾਂ ਨੂੰ ਇਸ ਖ਼ਤਰਨਾਕ ਵਰਤਾਰੇ ਤੋਂ ਸੁਚੇਤ ਹੋਣਾ ਹੋਵੇਗਾ ਕਿਉਂਕਿ ਜੇ ਇਸ ਵਿਰੁੱਧ ਵਿਆਪਕ ਲੋਕ ਰਾਇ ਤਿਆਰ ਕਰਕੇ ਇਸ ਨੂੰ ਰੋਕਿਆ ਨਹੀਂ ਜਾਂਦਾ ਤਾਂ ਆਉਣ ਵਾਲੇ ਸਮੇਂ ਵਿਚ ਇਸ ਨੂੰ ਲੋਕ ਹਿੱਤਾਂ ਲਈ ਸੰਘਰਸ਼ਸ਼ੀਲ ਤਾਕਤਾਂ ਅਤੇ ਸੰਘਰਸ਼ਾਂ ਵਿਰੁੱਧ ਵਿਆਪਕ ਪੈਮਾਨੇ 'ਤੇ ਵਰਤਿਆ ਜਾਵੇਗਾ। ਇਹ ਸੱਤਾ ਦੇ ਆਪਹੁਦਰੇਪਣ ਅਤੇ ਸੰਵਿਧਾਨਕ ਜਵਾਬਦੇਹੀ ਨੂੰ ਟਿੱਚ ਸਮਝਣ ਦੇ ਸੱਤਾਵਾਦੀ ਰੁਝਾਨ ਦੇ ਹੱਥ ਇਸ ਕਦਰ ਮਜ਼ਬੂਤ ਕਰ ਦੇਵੇਗਾ ਕਿ ਜਮਹੂਰੀ ਹੱਕ ਮਜ਼ਾਕ ਬਣਕੇ ਰਹਿ ਜਾਣਗੇ ਅਤੇ ਫਾਸ਼ੀਵਾਦੀ ਮਨਮਾਨੀਆਂ ਦਾ ਰਾਹ ਪੂਰੀ ਤਰ੍ਹਾਂ ਖੁੱਲ੍ਹ ਜਾਵੇਗਾ।

# ਸਿੱਖ 'ਪੇਨ', ਸਿਰਦਾਰ ਕਪੂਰ ਸਿੰਘ ਤੇ ਉਨ੍ਹਾਂ ਦੇ ਅਜੋਕੇ ਪੈਰੋਕਾਰ

*(ਕੀ ਸਿੱਖਾਂ ਨੂੰ 1947 ਵਿੱਚ ਖਾਲਿਸਤਾਨ ਮਿਲਦਾ ਸੀ?)*




ਹਰਚਰਨ ਸਿੰਘ ਪਰਹਾਰ
403-681-8689
hp8689@gmail.com

"ਮਾਰਚ, 1946 ਦੇ ਸ਼ੁਰੂ ਵਿੱਚ ਸਰ ਜੋਗਿੰਦਰਾ ਸਿੰਘ ਦਿੱਲੀ ਮਿਲ਼ੇ, ਜੋ ਕਿ ਉਸ ਵਕਤ ਵਾਇਸਰਾਏ ਦੀ ਐਗਜੈਕਟਿਵ ਕੌਂਸਲ ਦੇ ਸਿੱਖ ਮੈਂਬਰ ਸਨ। ਉਹ ਬੜੇ ਉਚ ਬੁੱਧੀ, ਧੀਰਜ ਸੁਭਾਵ ਤੇ ਸ਼ਰਧਾਵਾਨ ਸਿੱਖ ਸਨ ਅਤੇ ਵਿਦਿਆ, ਗਿਆਨ ਦੇ ਪਾਰਖੂ ਕਦਰਦਾਨ ਸਨ। 'ਕੈਬੇਨਿਟ ਮਿਸ਼ਨ' ਬਾਰੇ ਗੱਲ ਚੱਲੀ ਤਾਂ ਕਹਿਣ ਲੱਗੇ ਕਿ ਬਰਤਾਨੀਆ ਦੀ ਇਹ ਵਜ਼ੀਰ ਮੰਡਲੀ ਤਨੋ-ਮਨੋ ਚਾਹਵਾਨ ਹੈ ਕਿ ਅੰਗਰੇਜ਼ਾਂ ਦੇ ਹਿੰਦੁਸਤਾਨ ਛੱਡ ਜਾਣ ਤੋਂ ਪਹਿਲਾਂ, ਕੋਈ ਅਜਿਹਾ ਪੱਕਾ ਬਾਨ੍ਹਣੂੰ ਬੰਨ੍ਹਿਆ ਜਾ ਸਕੇ, ਜਿਸ ਨਾਲ਼ ਸਿੱਖ ਸੁਤੰਤਰ ਹਿੰਦੁਸਤਾਨ ਵਿੱਚ ਆਪਣੇ ਪੈਰਾਂ ਤੇ ਪੱਕੇ ਤੌਰ ਤੇ ਖੜੋ ਸਕਣ? ਮੈਂ ਪੁੱਛਿਆ, 'ਤੁਸੀਂ ਸਿੱਖਾਂ ਲਈ ਕੀ ਕਰ ਸਕਦੇ ਹੋ?' ਸਰ ਜੋਗਿੰਦਰਾ ਸਿੰਘ ਕਹਿਣ ਲੱਗੇ ਕਿ ਪਾਕਿਸਤਾਨ ਦੀ ਤਰਜ਼ ਤੇ ਖਾਲਿਸਤਾਨ? ਕੇਵਲ ਇਹੋ ਰਾਹ ਸਿੱਖਾਂ ਲਈ ਸੁਰੱਖਿਅਤ ਨਹੀਂ ਤੇ ਨਾ ਹੀ ਇਹ ਗੁਰੂ ਦੀ ਇੱਛਾ ਭਾਸਦੀ ਹੈ? ਸਿੱਖ ਸਾਰੇ ਹਿੰਦੁਸਤਾਨ ਅਤੇ ਹਿੰਦੂਆਂ ਦੇ ਪੁੱਜ ਕੇ ਖੈਰ-ਖਾਹ (Well-wishers) ਹਨ ਕਿਉਂਕਿ ਹਿੰਦੂਆਂ ਨਾਲ਼ ਸਾਡੇ ਬੜੇ ਡੂੰਘੇ ਤੇ ਸੁਖਾਵੇਂ ਸਬੰਧ ਹਨ। ਪਰ ਮੌਜੂਦਾ ਹਾਲਾਤਾਂ ਵਿੱਚ ਸਤਿਗੁਰੂ ਨੇ ਸਿੱਖਾਂ ਦਾ ਜੀਵਨ-ਮਰਨ ਹਿੰਦੁਸਤਾਨ ਦੇ ਮੁਸਲਮਾਨਾਂ ਤੇ ਇਸਲਾਮ ਨਾਲ਼ ਨੱਥੀ ਕੀਤਾ ਹੋਇਆ ਹੈ? ਇਸ ਵਿੱਚ ਵੀ ਕੋਈ ਰੱਬੀ ਭੇਤ ਹੈ? ਮੁਸਲਮਾਨਾਂ ਦੀ ਨਿਰੀ ਮੁਖਾਲਫਤ ਕਰਕੇ ਨਾ ਅਸੀਂ ਹਿੰਦੂਆਂ ਦਾ ਕੁਝ ਸਵਾਰ ਸਕਦੇ ਹਾਂ ਤੇ ਨਾ ਹਿੰਦੁਸਤਾਨ ਦੀ ਸੇਵਾ ਕਰ ਸਕਦੇ ਹਾਂ, ਸਗੋਂ ਮੁਸਲਮਾਨਾਂ ਦਾ ਸਹਿਯੋਗ ਕਰਕੇ ਅਖੰਡ ਭਾਰਤ ਲਈ ਹਿੰਦੂਆਂ-ਮੁਸਲਮਾਨਾਂ ਵਿੱਚ ਭਰਾਤਰੀ ਭਾਵ ਲਈ ਵਿਚੋਲਗੀ ਕਰ ਸਕਦੇ ਹਾਂ। ਇਹੋ ਸਿੱਖਾਂ ਤੇ ਸਿੱਖੀ ਦਾ ਮਿਸ਼ਨ ਹੈ, ਜੋ ਗੁਰੂਆਂ ਨੇ ਸਾਨੂੰ ਸੌਂਪਿਆ ਹੈ?' ਮੈਂ (ਸਿਰਦਾਰ ਕਪੂਰ ਸਿੰਘ) ਉਨ੍ਹਾਂ ਨੂੰ ਕਿਹਾ: 'ਤੁਸੀਂ ਜੋ ਕਹਿ ਰਹੇ ਹੋ, ਇਸ ਬਾਰੇ ਮੇਰੇ ਅੰਦਰ ਧੁੰਦਲੇ ਜਿਹੇ ਰੂਪ ਵਿੱਚ ਵਿਚਾਰ ਬਣੇ ਹੋਏ ਹਨ, ਮੇਰਾ ਮਨ ਵੀ ਇਸੇ ਪਾਸੇ 1932 ਤੋਂ ਕਦੇ-ਕਦੇ ਜਾਂਦਾ ਰਿਹਾ ਹੈ। ਮੈਂ ਇਸ ਬਾਰੇ ਤੁਹਾਨੂੰ ਆਪਣੀਆਂ ਕੈਂਬਰਿਜ਼ ਦੀਆਂ ਯਾਦਾਂ ਵਿਸਥਾਰ ਵਿੱਚ ਦੱਸ ਚੁੱਕਾ ਹਾਂ।' ਅਗਲੇ ਦਿਨ ਸਰ ਜੋਗਿੰਦਰਾ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੀ ਇੱਕ ਤਾਰ ਮੈਨੂੰ ਦਿਖਾਈ, ਜਿਸ ਵਿੱਚ ਲਿਖਿਆ ਸੀ: 'ਤੁਹਾਨੂੰ 'ਕੈਬੇਨਿਟ ਮਿਸ਼ਨ' ਨਾਲ਼ ਸਿੱਖਾਂ ਬਾਰੇ 'ਕੋਈ' ਗੱਲਬਾਤ ਕਰਨ ਦਾ ਪੰਥ ਵਲੋਂ 'ਕੋਈ' ਅਧਿਕਾਰ ਨਹੀਂ ਹੈ। ਕਰੋਗੇ ਤਾਂ ਅਕਾਲੀ ਦਲ ਤੁਹਾਡੀ ਜਹੀ ਤਹੀ ਫੇਰੇਗਾ।' (ਵਲੋਂ-ਗਿਆਨੀ ਕਰਤਾਰ ਸਿੰਘ, ਸ਼੍ਰੋਮਣੀ ਅਕਾਲੀ ਦਲ)। ਉਹ ਕਹਿਣ ਲੱਗੇ ਕਿ ਮੇਰੇ ਹੱਥੋਂ ਐਸ ਵੇਲੇ ਪੰਥ ਦੀ ਕੁਝ ਸੇਵਾ ਹੋ ਸਕਦੀ ਤਾਂ ਮੈਂ ਗੁਰਪੁਰੀ ਵਿੱਚ ਸੁਰਖ਼ਰੂ ਹੋ ਕੇ ਜਾਂਦਾ। ਮੈਂ ਕੁਛ ਨਾ ਬੋਲਿਆ ਤੇ ਚੁੱਪ ਕਰਕੇ ਟੁਰ ਆਇਆ। (ਕਿਤਾਬ 'ਸਾਚੀ ਸਾਖੀ' ਵਿੱਚੋਂ ਸਿਰਦਾਰ ਕਪੂਰ ਸਿੰਘ ਤੇ ਸਰ ਜੋਗਿੰਦਰਾ ਸਿੰਘ ਦੀ ਗੱਲਬਾਤ ਦੇ ਪੰਨਾ 101-104 ਤੇ ਦਰਜ ਕੁਝ ਅੰਸ਼)।

ਅਕਤੂਬਰ-ਨਵੰਬਰ 1946 ਵਿੱਚ ਮਾਸਟਰ ਤਾਰਾ ਸਿੰਘ ਨੇ ਬਿਆਨ ਦਿੱਤਾ ਕਿ ਸਿੱਖ ਸੌ ਫੀਸਦੀ ਹਿੰਦੂਆਂ ਦੇ ਨਾਲ਼ ਹਨ। ਪਰ ਕਾਂਗਰਸ ਨਾਲ਼ ਸਿੱਖਾਂ ਦਾ ਮਤਭੇਦ ਹੈ। ਸਿੱਖਾਂ ਨੂੰ ਡਰ ਹੈ ਕਿ ਕਾਂਗਰਸ ਕਿਤੇ ਪਾਕਿਸਤਾਨ ਦੇਣਾ ਨਾ ਮੰਨ ਜਾਵੇ, ਪਾਕਿਸਤਾਨ ਸਿੱਖਾਂ ਦੀਆਂ ਲਾਸ਼ਾਂ ਤੇ ਬਣੇਗਾ? (ਸਾਚੀ ਸਾਖੀ: ਪੰਨਾ-125)

ਸਾਚੀ ਸਾਖੀ ਵਿੱਚ ਇਸ ਕਿਸਮ ਦੇ ਅਨੇਕਾਂ ਵੇਰਵੇ ਦਰਜ ਹਨ, ਜਿਨ੍ਹਾਂ ਤੋਂ ਉਸ ਦੌਰ ਵਿੱਚ ਸਿੱਖ ਪੇਨ ਜਾਂ ਦਬਿਧਾ ਦੀ ਦੱਸ ਤਾਂ ਪੈਂਦੀ ਹੈ, ਪਰ ਉਨ੍ਹਾਂ ਨੂੰ ਕਰਨਾ ਕੀ ਚਾਹੀਦਾ ਸੀ, ਇਸਦਾ ਸਪੱਸ਼ਟ ਰੂਪ ਵਿੱਚ ਕੁਝ ਵੀ ਪਤਾ ਨਹੀਂ ਲਗਦਾ? ਲਗਦਾ ਇੰਝ ਹੈ ਕਿ ਸਿੱਖ ਲੀਡਰਸ਼ਿਪ 1947 ਤੱਕ ਤਾਂ ਇਸ ਪੱਖ ਤੋਂ ਲੜ ਰਹੀ ਸੀ ਕਿ ਅਸੀਂ ਭਾਰਤ ਅਤੇ ਹਿੰਦੂਆਂ ਨਾਲ਼ ਹਾਂ, ਇਹ ਸਾਡੇ ਭਾਈ ਹਨ, ਸਾਡਾ ਨਹੁੰ-ਮਾਸ ਦਾ ਰਿਸ਼ਤਾ ਹੈ ਤੇ ਅਸੀਂ ਅਖੰਡ ਭਾਰਤ ਵਿੱਚ ਹੀ ਰਹਿਣਾ ਹੈ। ਉਹ ਮੁਸਲਮਾਨਾਂ ਨਾਲ਼ ਕਿਸੇ ਵੀ ਸਮਝੌਤੇ ਤੋਂ ਇਨਕਾਰੀ ਸਨ ਤੇ ਪਾਕਿਸਤਾਨ ਬਣਾਉਣ ਦੀ ਹਰ ਤਰ੍ਹਾਂ ਵਿਰੋਧਤਾ ਕਰਦੇ ਸਨ। ਫਿਰ ਭਾਰਤ ਅਜ਼ਾਦ ਹੋਣ ਤੋਂ ਜਲਦ ਬਾਅਦ ਹੀ ਅਜਾਦੀ ਦੀ ਲੜਾਈ ਵਿੱਚ ਮੂਹਰੇ ਹੋ ਕੇ ਲੜਨ ਵਾਲੇ ਬਾਬਾ ਖੜਕ ਸਿੰਘ, ਊਧਮ ਸਿੰਘ ਨਾਗੋਕੇ, ਮੋਹਣ ਸਿੰਘ ਨਾਗੋਕੇ, ਸਰਦੂਲ ਸਿੰਘ ਕਵੀਸ਼ਰ, ਈਸ਼ਰ ਸਿੰਘ ਮਝੈਲ, ਦਰਸ਼ਨ ਸਿੰਘ ਫੇਰੂਮਾਨ, ਗਿਆਨੀ ਕਰਤਾਰ ਸਿੰਘ, ਪ੍ਰਤਾਪ ਸਿੰਘ ਕੈਰੋਂ ਆਦਿ ਲਗਭਗ ਸਾਰੇ ਹੀ ਚੋਟੀ ਦੇ ਸਿੱਖ



ਸਿਆਸਤਦਾਨਾਂ ਤੋਂ ਪਾਸੇ ਹੋ ਕੇ ਮਾਸਟਰ ਤਾਰਾ ਸਿੰਘ ਨੇ 'ਪੰਥ ਨੂੰ ਖਤਰਾ' ਅਤੇ 'ਸਿੱਖਾਂ ਨਾਲ਼ ਵਿਤਕਰੇ' ਦਾ ਨਾਹਰਾ ਚੁੱਕ ਲਿਆ। ਬਾਅਦ ਵਿੱਚ ਡਾ. ਅੰਬੇਦਕਰ ਅਤੇ ਕੁਝ ਹੋਰ ਮੁਦੱਬਰ ਵਿਦਵਾਨਾਂ ਵਲੋਂ ਸਮਝਾਉਣ ਤੇ ਉਹ ਬੋਲੀ ਦੇ ਅਧਾਰ ਤੇ ਪੰਜਾਬੀ ਸੂਬੇ ਦੀ ਸਹੀ ਮੰਗ ਤੇ ਤਾਂ ਆ ਗਏ, ਨਾਲ਼ੋਂ ਵੀ ਆਪਣੀ ਰਾਜਸੀ ਸੂਝ-ਬੂਝ ਦੀਆਂ ਕਮਜ਼ੋਰੀਆਂ ਕਾਰਨ ਪੰਜਾਬੀ ਬੋਲਣ ਵਾਲ਼ੇ ਹਿੰਦੂ, ਦਲਿਤ ਤੇ ਅਨੇਕਾਂ ਹੋਰ ਭਾਈਚਾਰਿਆਂ ਦਾ ਵਿਸ਼ਵਾਸ਼ ਕਦੇ ਵੀ ਨਾ ਜਿੱਤ ਸਕੇ। ਪਹਿਲਾਂ ਭੀਮ ਸਿੰਘ ਸੱਚਰ ਅਤੇ ਫਿਰ ਪ੍ਰਤਾਪ ਸਿੰਘ ਕੈਰੋਂ ਵਰਗੇ ਲਾਇਕ ਪੰਜਾਬ ਹਿਤਾਇਸ਼ੀ ਮੁੱਖ ਮੰਤਰੀਆਂ ਨਾਲ਼ ਲੜਦਿਆਂ-ਭਿੜਦਿਆਂ, ਉਨ੍ਹਾਂ ਸਿੱਖ ਸਿਆਸਤ ਨੂੰ ਅਜਿਹੀ ਮੰਝਧਾਰ ਵਿੱਚ ਫਸਾਈ ਰੱਖਿਆ, ਜਿਸ ਵਿੱਚੋਂ ਸਿੱਖ ਲੀਡਰਸ਼ਿਪ ਤੇ ਵਿਦਵਾਨ ਮੰਡਲੀ ਅੱਜ ਤੱਕ ਵੀ ਨਿਕਲ਼ ਨਹੀਂ ਸਕੀ? ਇਸ ਦੌਰ ਵਿੱਚ ਪੰਜਾਬ ਦੇ ਭਾਈਚਾਰਕ ਮਾਹੌਲ ਦੀਆਂ ਜੜ੍ਹਾਂ ਵਿੱਚ ਤੇਲ ਦੇਣ ਲਈ ਹਿੰਦੀ ਨੂੰ ਖਤਰੇ ਦੀ ਬੇਬੁਨਿਆਦ ਤੇ ਫਿਰਕੂ ਦੁਹਾਈ ਚੁੱਕ ਕੇ ਪੰਜਾਬ ਦੀ ਮਹਾਸ਼ਾ ਪ੍ਰੈਸ ਨੇ ਫਿਰਕੂ ਤੰਗ ਨਜ਼ਰੀ ਦਾ ਮੁਜ਼ਾਹਰਾ ਕਰਦਿਆਂ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ। ਜਿਸ ਨਾਲ਼ ਪੰਜਾਬ ਦੀ ਹਿੰਦੂ ਜਨਤਾ ਦੀ ਵੱਡੀ ਗਿਣਤੀ ਨੂੰ ਪੰਜਾਬੀ ਨੂੰ ਮਾਤ ਭਾਸ਼ਾ ਮੰਨਣ ਤੋਂ ਇਨਕਾਰੀ ਕਰਾ ਦਿੱਤਾ। ਜਦੋਂ 1966 ਵਿੱਚ ਪੰਜਾਬੀ ਸੂਬਾ ਐਨ ਬਣਨ ਕਿਨਾਰੇ ਸੀ ਤਾਂ ਪੰਜਾਬ ਦਾ ਪੱਖ ਹੱਦਬੰਦੀ ਕਮਿਸ਼ਨ ਸਾਹਮਣੇ ਠੋਸ ਰੂਪ ਵਿੱਚ ਰੱਖਣ ਦੀ ਥਾਂ ਮਾਸਟਰ ਜੀ ਭਾਰਤ ਅੰਦਰ ਅਜਿਹੇ 'ਸਿੱਖ ਹੋਮਲੈਂਡ' ਦਾ ਮਤਾ ਪਾਸ ਕਰਨ ਦੇ ਰਾਹ ਤੁਰ ਪਏ, ਜਿਸ ਵਿੱਚ ਸਿੱਖਾਂ ਦੀ ਤਸੱਲੀ ਨਾ ਹੋਣ ਤੇ ਉਨ੍ਹਾਂ ਨੂੰ ਭਾਰਤੀ ਸੰਘ ਤੋਂ ਵੱਖ ਹੋਣ ਦਾ ਅਧਿਕਾਰ ਹੋਵੇ। ਇਸ ਪ੍ਰਥਾਏ ਸਿਰਦਾਰ ਕਪੂਰ ਸਿੰਘ, ਜੋ ਖੁਦ ਸਿੱਖ ਹੋਮਲੈਂਡ ਦੇ ਹਮਾਇਤੀ ਸਨ, ਸਾਚੀ ਸਾਖੀ ਵਿੱਚ ਮਾਸਟਰ ਤਾਰਾ ਸਿੰਘ ਬਾਰੇ ਇਉਂ ਲਿਖਦੇ ਹਨ: 'ਉਦੋਂ ਵੀ ਮਾਸਟਰ ਤਾਰਾ ਸਿੰਘ ਨੇ ਬੁੱਧ-ਹੀਣ, ਬਿਬੇਕ-ਹੀਣ, ਰਾਜ-ਹਠ ਦੀ ਪ੍ਰਦਰਸ਼ਨੀ ਕੀਤੀ ਸੀ ਕਿ ਮਤੇ ਵਿੱਚ ਇਹ ਲਿਖੋ ਕਿ 'ਸਿੱਖ ਹੋਮਲੈਂਡ' ਭਾਰਤ ਅੰਦਰ ਬਣੇ, ਪਰ ਇਸਨੂੰ ਜਦ ਚਾਹੇ ਭਾਰਤ ਤੋਂ ਵੱਖ ਹੋਣ ਦਾ ਅਧਿਕਾਰ ਦਿੱਤਾ ਜਾਵੇ?' ਮੈਂ ਉਸ ਸਮੇਂ ਅਕਾਲੀ ਦਲ ਵਲੋਂ ਐਮ ਪੀ ਸੀ ਅਤੇ ਇਸਦੇ ਵਿਰੁੱਧ ਡਟ ਗਿਆ ਕਿ ਹੁਣ ਭਾਰਤ ਦੇ ਸੰਵਿਧਾਨ ਅਨੁਸਾਰ ਭਾਰਤ ਤੋਂ ਵੱਖ ਹੋਣ ਦੀ ਮੰਗ ਕਰਨ ਤੇ 10 ਸਾਲ ਦੀ ਜ਼ੇਲ੍ਹ ਹੋ ਸਕਦੀ ਹੈ, ਇਸ ਲਈ ਜਿਸਨੂੰ 10 ਸਾਲ ਜ਼ੇਲ੍ਹ ਜਾਣ ਦਾ ਚਾਅ ਹੈ, ਉਹ ਹੀ ਇਸ ਮਤੇ ਤੇ ਸਾਈਨ ਕਰੇ। ਦੂਜਾ, ਕੀ ਅਕਾਲੀ ਲੀਡਰ, ਕਾਂਗਰਸੀ ਹਿੰਦੂਆਂ ਨੂੰ ਇਤਨੇ ਗਧੇ ਜਾਂ ਰਾਜਨੀਤੀ ਤੋਂ ਕੋਰੇ ਸਮਝਦੇ ਹਨ ਕਿ ਉਹ ਸਿੱਖਾਂ ਹੱਥ ਭਾਰਤ ਨੂੰ ਤੋੜਨ ਦਾ ਕੁਹਾੜਾ ਫੜਾ ਦੇਣ? (ਸਾਚੀ ਸਾਖੀ: ਪੰਨਾ-126-12)

ਸਮਕਾਲੀ ਖਾਲਿਸਤਾਨੀ ਲੀਡਰਸ਼ਿਪ, ਸਿਰਦਾਰ ਕਪੂਰ ਸਿੰਘ ਦੀ 'ਸਾਚੀ ਸਾਖੀ' ਨੂੰ ਧਰਮ ਅਧਾਰਿਤ ਵੱਖਰੇ ਸਿੱਖ ਰਾਜ 'ਖਾਲਿਸਤਾਨ' ਦਾ ਇੱਕ ਅਹਿਮ ਦਸਤਾਵੇਜ ਮੰਨਦੀ ਹੈ, 'ਸਾਚੀ ਸਾਖੀ' ਵਿਚਲੀ ਉਪਰਲੀ ਵਾਰਤਾਲਾਪ ਤੋਂ ਕੁਝ ਗੱਲਾਂ ਬਿਲਕੁਲ ਸਪੱਸ਼ਟ ਹਨ ਕਿ 1947 ਤੱਕ ਜਾਂ ਬਾਅਦ ਵਿੱਚ ਵੀ ਸਿੱਖਾਂ ਦੀ ਕਿਸੇ ਵੀ ਧਿਰ ਦੀ ਵੱਖਰਾ ਸਿੱਖ ਰਾਜ 'ਖਾਲਿਸਤਾਨ' ਕਦੇ ਵੀ ਮੰਗ ਨਹੀਂ ਸੀ, ਸਿੱਖਾਂ ਦੀਆਂ ਸਾਰੀਆਂ ਧਿਰਾਂ ਨਾ ਸਿਰਫ ਅਖੰਡ ਭਾਰਤ ਵਿੱਚ ਹੀ ਰਹਿਣਾ ਚਾਹੁੰਦੀਆਂ ਸਨ, ਸਗੋਂ ਸਾਰੇ ਮੁਸਲਿਮ ਲੀਗ ਦੀ ਧਰਮ ਅਧਾਰਿਤ ਮੁਸਲਿਮ ਸਟੇਟ 'ਪਾਕਿਸਤਾਨ' ਦੀ ਮੰਗ ਦੇ ਕੱਟੜ ਵਿਰੋਧੀ ਸਨ, ਸਿੱਖਾਂ ਦੀਆਂ ਸਾਰੀਆਂ ਧਿਰਾਂ ਕਿਸੇ ਵੀ ਹਾਲਤ ਵਿੱਚ ਭਾਰਤ ਦੀ ਵੰਡ ਦੀਆਂ ਵਿਰੋਧੀ ਸਨ, ਜੇ ਕਦੇ ਕੋਈ ਸਿੱਖ ਲੀਡਰ, ਸਿੱਖ ਸਟੇਟ ਜਾਂ ਵੱਖਰੇ ਸਿੱਖ ਰਾਜ ਦੀ ਗੱਲ ਕਰਦਾ ਵੀ ਸੀ ਤਾਂ ਉਹ ਪਾਕਿਸਤਾਨ ਦੀ ਵਿਰੋਧਤਾ ਲਈ ਕਰਦਾ ਸੀ ਨਾ ਕਿ ਸਿੱਖਾਂ ਦੀ ਮੰਗ ਦੇ ਤੌਰ ਤੇ। ਫਿਰ ਕਿਸ ਅਧਾਰ ਤੇ ਮੌਜੂਦਾ ਖਾਲਿਸਤਾਨੀ ਧਿਰਾਂ ਇਹ ਦਾਅਵਾ ਕਰਦੀਆਂ ਹਨ ਕਿ ਅੰਗਰੇਜ਼ ਸਿੱਖਾਂ ਨੂੰ 'ਖਾਲਿਸਤਾਨ' ਦਿੰਦੇ ਸਨ, ਪਰ 'ਮੂਰਖ' ਸਿੱਖ ਲੀਡਰਾਂ ਨੇ ਲਿਆ ਨਹੀਂ? ਕੀ ਕਦੇ ਉਹ ਇਸ ਸਵਾਲ ਦਾ ਕਿਸੇ ਇਤਿਹਾਸਕ ਹਵਾਲੇ ਨਾਲ਼ ਜਵਾਬ ਦੇਣਗੇ? ਜਦ ਸਿੱਖਾਂ ਦੀ 1947 ਤੱਕ ਅਜਿਹੀ ਕੋਈ ਮੰਗ ਹੀ ਨਹੀ ਸੀ ਤਾਂ ਦੇਣ ਦਾ ਸਵਾਲ ਕਿੱਥੋਂ ਪੈਦਾ ਹੋਣਾ ਸੀ? ਮਿ. ਜਿਨਾਹ ਦੀ ਜੀਵਨੀ ਪੜ੍ਹ ਕੇ ਦੇਖੋ ਕਿਵੇਂ ਉਸਨੇ ਹਰ ਪਾਸਿਉਂ ਭਾਰੀ ਵਿਰੋਧ ਦੇ ਬਾਵਜੂਦ ਧਰਮ ਅਧਾਰਿਤ ਮੁਸਲਿਮ ਬਹੁ-ਗਿਣਤੀ ਵਾਲ਼ੇ ਇਲਾਕਿਆਂ ਨੂੰ ਪਾਕਿਸਤਾਨ ਬਣਾਉਣ ਦੀ ਆਪਣੀ ਜਿੱਦ ਨਹੀਂ ਛੱਡੀ, ਬੇਸ਼ਕ ਇਸ ਕਰਕੇ ਲੱਖਾਂ ਬੇਗੁਨਾਹ ਲੋਕਾਂ ਨੂੰ ਜਾਨਾਂ ਦੇਣੀਆਂ ਪਈਆਂ ਅਤੇ ਲੱਖਾਂ ਲੋਕ ਜਮੀਨਾਂ, ਜਾਇਦਾਦਾਂ, ਘਰ ਛੱਡ ਕੇ ਸ਼ਰਨਾਰਥੀ ਕੈਂਪਾਂ ਵਿੱਚ ਰੁਲ਼ਦੇ ਰਹੇ।

ਇਸ ਸਬੰਧੀ ਖਾਲਿਸਤਾਨੀ ਸੰਕਲਪ ਦੇ ਮੌਜੂਦਾ ਸਿਧਾਂਤਕ ਵਿਆਖਿਆਕਾਰ ਤੇ ਸਿੱਖ ਚਿੰਤਕ ਸ. ਅਜਮੇਰ ਸਿੰਘ ਆਪਣੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ-ਇੱਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ' ਵਿੱਚ ਪੰਨਾ 79 ਤੇ ਲਿਖਦੇ ਹਨ: "ਸਿੱਖ ਆਗੂ ਖ਼ੁਦ ਇਸ ਮੰਗ (ਵੱਖਰੇ ਸਿੱਖ ਰਾਜ: ਖਾਲਿਸਤਾਨ) ਪ੍ਰਤੀ ਗੰਭੀਰ ਨਹੀਂ ਸਨ ਅਤੇ ਉਹ ਇਸਨੂੰ ਪਾਕਿਸਤਾਨ ਦੀ ਮੰਗ ਦਾ ਵਿਰੋਧ ਕਰਨ ਲਈ ਇੱਕ ਹਥਿਆਰ ਦੇ ਤੌਰ ਤੇ ਵਰਤ ਰਹੇ ਸਨ।" ਇਸ ਸਬੰਧੀ, ਉਹ ਇਸੇ ਕਿਤਾਬ ਦੇ ਪੰਨਾ-80 ਤੇ ਲਿਖਦੇ ਹਨ: "ਜਿਥੇ ਸਿੱਖ ਪੰਥ ਅੰਦਰ ਇੱਕ ਕੌਮ ਵਾਲ਼ੀਆਂ ਸਾਰੀਆਂ ਵਿਸ਼ੇਸ਼ਤਾਈਆਂ ਵਿਦਮਾਨ ਸਨ, ਉਥੇ ਇਸਦੀ ਆਜ਼ਾਦ ਸਟੇਟ

(ਬਾਕੀ ਸਫ਼ਾ 18 'ਤੇ)

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2021 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!



Apinder Aujla
BSc.Pharm



Satvachan Lal
B.Sc.Pharm
#1150, 4818 Westwindus Drive NE. Calgary
403-293-9360

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions

urban
Real Estate Services Ltd.
Harcharan Parhar
REALTOR®
For all your Real Estate needs
Please Call for Buy or Sell
Residential, Commercial, Condos & Rental Property.
Cell : 403.681.8689
Email : hp8689@gmail.com
www.harcharanparhar.com



# ਚਿੜੀਆਂ ਹੋਈਆਂ ਕੱਠੀਆਂ, ਅੰਬਰੋਂ ਰਿਸ਼ਮਾਂ ਲੱਥੀਆਂ

ਕੈਲਗਰੀ (ਗੁਰਚਰਨ ਕੌਰ ਥਿੰਦ) ਨਾਮੁਰਾਦ ਕੋਵਿਡ ਦੀਆਂ ਸਵਾ ਸਾਲ ਦੀਆਂ ਪਾਬੰਦੀਆਂ ਦੀ ਕੈਦ ਤੋਂ ਮੁਕਤ ਹੋ ਕੈਲਗਰੀ ਦੇ ਪਾਰਕਾਂ ਵਿੱਚ ਰੌਣਕਾਂ ਲਗ ਰਹੀਆਂ ਹਨ। ਕੈਲਗਰੀ ਵੁਮੇਨ ਕਲਚਰਲ ਐਸੋਸੀਏਸ਼ਨ ਨੇ ਆਪਣੀ ਮਹੀਨਾਵਾਰ ਮੀਟਿੰਗ ਲਈ ਪਰੇਰੀ ਵਿੰਡ ਪਾਰਕ ਦੇ ਰੁੱਖਾਂ ਦੀ ਠੰਢੀ ਛਾਂ ਹੇਠ ਹਰੀ ਹਰੀ ਘਾਹ ਚੁਣੀ। ਪੱਚੀ ਤੀਹ ਮੈਂਬਰ ਇਸ ਮੀਟਿੰਗ ਵਿੱਚ ਸ਼ਾਮਲ ਹੋਏ। ਕੁਝ ਕੁ ਨੇ ਆਪਣੇ ਨਾਲ ਲਿਆਂਦੀਆਂ ਕੁਰਸੀਆਂ ਅਤੇ ਬਾਕੀਆਂ ਨੇ ਘਾਹ ਤੇ ਬੈਠ ਮੀਟਿੰਗ ਦਾ ਆਨੰਦ ਮਾਣਿਆ। ਪ੍ਰਧਾਨ ਬਲਵਿੰਦਰ ਬਰਾੜ ਨੇ ਕਰੋਨਾ ਦੇ ਦੁਖਦਾਈ ਖ਼ੌਫ਼ ਭਰੇ ਲੰਮੇ ਅੰਤਰਾਲ ਬਾਦ ਖੁੱਲ੍ਹੇ ਅਸਮਾਨ ਹੇਠਾਂ ਇੱਕਠੇ ਹੋ ਮਿਲ ਬੈਠਣ ਤੇ ਸਭ ਨੂੰ ਜੀ ਅਇਆਂ ਕਿਹਾ ਅਤੇ ਕੁਦਰਤ ਦੇ ਸੁਹੱਪਣ ਨਾਲ ਸਰਸ਼ਾਰ ਸਾਉਣ ਮਹੀਨੇ ਦੇ ਸ਼ੁਭ ਆਗਮਨ ਦਾ ਸੁਆਗਤ ਕੀਤਾ। ਮੀਟਿੰਗ ਦਾ ਸੰਚਾਲਨ ਕਰ ਰਹੇ ਹਰਮਿੰਦਰ ਚੁੱਗ ਨੇ ਹਾਜ਼ਰ ਭੈਣਾਂ ਨੂੰ ਆਪਣੇ ਮਨ ਦੇ ਵਲਵਲੇ ਸਾਂਝੇ ਕਰਨ ਲਈ ਵਾਰੀ ਵਾਰੀ ਸੱਦਾ ਦਿੱਤਾ। ਸਰਬਜੀਤ ਉੱਪਲ ਨੇ ਬੋਲੀਆਂ ਪਾ ਕੇ ਸਾਉਣ ਮਹੀਨੇ ਦੀ ਇਸ ਮੀਟਿੰਗ ਦੀ ਸ਼ੁਰੂਆਤ ਕੀਤੀ। ਸੁਖਜੀਤ ਸੈਣੀ ਨੇ ਅੱਜ ਦੀ ਮੀਟਿੰਗ ਨੂੰ ਸਮਰਪਤ ਆਪਣੇ ਬੋਲ,'ਨੀ ਚਿੜੀਆਂ ਹੋਈਆਂ ਕੱਠੀਆਂ, ਜਿੰਵੇਂ ਕੋਈ ਅੰਬਰੋਂ ਰਿਸ਼ਮਾਂ ਲੱਥੀਆਂ' ਸੁਣਾ ਕੁੜੀਆਂ ਦੀ ਚਿੜੀਆਂ ਨਾਲ ਕੀਤੀ ਜਾਣ ਵਾਲੀ ਤੁਲਨਾ ਪੇਸ਼ ਕਰ ਰੰਗ ਬਿਰੰਗੇ ਸੂਟਾਂ ਵਿੱਚ ਸਜੀਆਂ ਬੁੱੜੀਆਂ ਆਖੀਆਂ ਜਾਣ ਵਾਲੀਆਂ ਔਰਤਾਂ ਅੰਦਰ ਲੱਡੂ ਫੁੱਟਣ ਲਾ ਦਿੱਤੇ।

ਗੁਰਚਰਨ ਥਿੰਦ ਨੇ ਕੋਵਿਡ-ਕਾਲ ਦੌਰਾਨ ਘਰਾਂ ਅੰਦਰ ਬੰਦ ਰਹਿਣ ਕਾਰਨ ਹੋਣ ਵਾਲੇ ਦਿਮਾਗੀ ਤਨਾਅ ਦੀ ਗੱਲ ਕਰਦੇ ਕਿਹਾ ਕਿ ਵੱਡੀ ਉਮਰ ਦੀਆਂ ਔਰਤਾਂ ਵੀ ਇਸ ਦਿਮਾਗੀ ਤਨਾਅ ਤੋਂ ਪ੍ਰਭਾਵਿਤ ਹੋਈਆਂ ਹਨ। ਇਸ ਤਨਾਅ ਦਾ ਪ੍ਰਬੰਧਨ ਕਰਨ ਸਬੰਧੀ ਨਾਰਥ ਆਫ਼ ਮੈਕਨਾਈਟ ਕਮਿਊਨੀਟੀਜ਼ ਸੋਸਾਇਟੀ ਵਲੋਂ ਸ਼ੁਰੂ ਕੀਤੇ ਜਾਣ ਵਾਲੇ ਪ੍ਰਾਜੈਕਟ ਸਬੰਧੀ ਜਾਣਕਾਰੀ ਦੇਣ ਲਈ ਲਲਿਤਾ ਜੀ ਨੂੰ ਸੱਦਾ ਦਿੱਤਾ। ਲਲਿਤਾ ਜੀ ਨੇ ਇਸ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਅਤੇ ਇਸ ਪ੍ਰਾਜੈਕਟ ਦਾ ਹਿੱਸਾ ਬਣਨ ਲਈ ਪ੍ਰੇਰਿਆ। ਅੱਜ ਦੀ ਮੀਟਿੰਗ ਵਿੱਚ ਸਾਦਾਤ ਰੁਬੀਨਾ ਨੇ ਆਪਣੀ ਰਚਨਾ, 'ਮੁਹੱਬਤੋਂ ਕੇ ਸਫ਼ੀਰ ਬਨਕਰ ਅਮਨ ਕੀ ਆਸ਼ਾ ਜਲਾ ਕਰ ਦੇਖੋ, ਜੋ ਸ਼ਾਮ ਕੋ ਬੁਝਾ ਦੀਏ ਥੇ ਵੋ ਦੀਏ ਸਾਰੇ ਜਲਾ ਕਰ ਦੇਖੋ।" ਪੇਸ਼ ਕਰ ਪੂਰਬੀ ਤੇ ਪੱਛਮੀ ਪੰਜਾਬ ਦੇ ਰੌਸ਼ਨ ਭਵਿੱਖ ਦੀ ਦੁਆ ਕੀਤੀ। ਸੁਰਿੰਦਰ ਸੰਧੂ ਜੀ ਨੇ, ਉਕੱਲਾ ਸ਼ੇਰ ਨਹੀਂ ਚਿਖਾ ਦੇ ਵਿੱਚ ਸੜਿਆ, ਸੜ ਗਈ ਵਿੱਚ ਤਕਦੀਰ ਪੰਜਾਬੀਆਂ ਦੀ।" ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਕਵੀਸ਼ਰੀ ਆਪਣੀ ਬੁਲੰਦ ਅਵਾਜ਼ ਵਿੱਚ ਸੁਣਾ ਕੇ ਵਾਹ ਵਾਹ ਖੱਟ ਲਈ।



ਸ਼ਵਿੰਦਰ ਕੌਰ ਨੇ ਖੰਘੂਰਾ ਮਾਰ ਕੇ ਅੰਦਰ ਵੜ੍ਹਨ ਵਾਲੇ ਬਾਪੂ ਦੇ ਖੰਘੂਰਾ ਮਾਰਨ ਕਾਰਨ ਕਰੋਨਾ ਦਾ ਮਰੀਜ਼ ਸਮਝੇ ਜਾਣ ਦਾ ਦੁਖਾਂਤ ਦਰਸਾਉਂਦੀ ਵਿਅੰਗ ਰਚਨਾ ਸੁਣਾ ਕੇ ਹਾਸਾ ਪਾ ਦਿੱਤਾ। ਸੁਰਜੀਤ ਢਿਲੋਂ ਨੇ ਅਜੋਕੀ ਦੁਨੀਆਂ ਵਿੱਚ ਸਾਰੇ ਗੋਰਖ ਧੰਦਿਆਂ ਲਈ ਬੰਦੇ ਨੂੰ ਹੀ ਜ਼ਿੰਮੇਵਾਰ ਠਹਿਰਾਉਂਦੀ 'ਗੋਰਖ ਧੰਦਾ' ਕਵਿਤਾ ਸੁਣਾਈ। ਹਰਚਰਨ ਬਾਸੀ ਨੇ ਲੋਕ ਗੀਤ, ਸੁਰਿੰਦਰ ਵਿਰਦੀ ਨੇ ਵਧਦੀ ਉਮਰ ਦੇ ਹਰ ਪਲ ਦਾ ਆਨੰਦ ਮਾਨਣ ਦਾ ਹੋਕਾ ਦਿੰਦੀ ਆਸ਼ਾਵਾਦੀ ਰਚਨਾ, ਅਮਰਜੀਤ ਵਿਰਦੀ ਨੇ ਫਿਲਮੀ ਗੀਤ ਅਤੇ ਹਰਮਿੰਦਰ ਚੁੱਗ ਨੇ ਖੂਬਸੂਰਤ ਅਵਾਜ਼ ਵਿੱਚ ਅਜ਼ਾਦੀ ਨੂੰ ਮੁਖਾਤਬ ਗੀਤ, ਉਸੁਣ ਨੀ ਅਜ਼ਾਦੀਏ ਸਾਥੋਂ ਦਰਦ ਨਾ ਜਾਏ ਸੁਣਾਇਆ, ਇੱਕ ਅਰਸੇ ਤੋਂ ਅੜੀਏ ਨੀ ਤੂੰ ਸਿਦਕ ਸਾਡਾ ਅਜ਼ਮਾਇਆ।" ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਹਰਦੇਵ ਮਾਟਾ ਅਤੇ ਗੁਰਜੀਤ ਬੈਦਵਾਨ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਅੰਤ ਵਿੱਚ ਗੁਰਚਰਨ ਥਿੰਦ ਵਲੋਂ ਸ਼ੁਰੂ ਕੀਤੇ 'ਵੇ ਲੈਦੇ ਮੈਨੂੰ ਮਖ਼ਮਲ ਦੀ ਪੱਖ ਘੁੰਗਰੂਆਂ ਵਾਲੀ ਪੱਖੀ' ਸੁਰਿੰਦਰ ਕੌਰ ਦੇ ਗਾਏ ਗੀਤ ਨੂੰ ਸਮੂਹ ਗਾਨ ਵਾਂਗ ਸਭ ਨੇ ਮਿਲ ਕੇ ਗਾਇਆ ਅਤੇ ਬੋਲੀਆਂ ਪਾ ਕੁਝ ਦੇਰ ਸਾਉਣ ਮਹੀਨੇ ਦੇ ਗਿੱਧੇ ਦਾ ਆਨੰਦ ਮਾਣਿਆ। ਇੰਜ ਠੰਡੇ ਪੀਂਦਿਆਂ, ਲੱਡੂ, ਵੇਸਣ ਤੇ ਨਮਕੀਨ ਦਾ ਸੁਆਦ ਮਾਣਦਿਆਂ, ਹੱਸਦਿਆਂ ਖੇਡਦਿਆਂ ਲੰਮਾ ਸਮਾਂ ਹੰਢਾਈ ਇਕੱਲਤਾ ਨੂੰ ਅਲਵਿਦਾ ਆਖ ਮੀਟਿੰਗ ਦੀ ਸਮਾਪਤੀ ਹੋਈ। ਬਲਵਿੰਦਰ ਬਰਾੜ ਵਲੋਂ ਅਗਲੇ ਮਹੀਨੇ ਇੱਕ ਰੋਜ਼ਾ ਪਿਕਨਿਕ ਤੇ ਜਾਣ ਦੀ ਅਨਾਊਂਸਮੈਂਟ ਦੀ ਖੁਸ਼ੀ ਪੱਲੇ ਬੰਨ੍ਹੀ ਸਾਰੇ ਜਣੇ ਖੁਸ਼ੀ ਖੁਸ਼ੀ ਰੁਖ਼ਸਤ ਹੋ ਗਏ।





















ਯਸ਼ ਪਾਲ
98145 35005

# 6ਵਾਂ ਤਨਖਾਹ ਕਮਿਸ਼ਨ ਅਤੇ ਮੁਲਾਜ਼ਮ ਵਿਰੋਧੀ ਸਿਫਾਰਸ਼ਾਂ

## ਹਵਾਲਾ ਸਰਤਾਂ ਦੇ ਝਰੋਖੇ 'ਚੋਂ ਦੇਖਦਿਆਂ...

ਚਾਰ ਸਾਲ ਪਛੜ ਕੇ (18 ਜੂਨ, 2021 ਨੂੰ) ਪੰਜਾਬ ਦੇ 6ਵੇਂ ਤਨਖਾਹ ਕਮਿਸਨ ਨੂੰ ਲਾਗੂ ਕਰਨ ਦੇ ਐਲਾਨ ਹੋਣ ਸਾਰ ਹੀ ਸਮੁੱਚੇ ਮੁਲਾਜਮ ਵਰਗ ਅੰਦਰ ਕਮਿਸਨ ਦੀਆਂ ਸਿਫਾਰਸਾਂ ਅਤੇ ਉਨ੍ਹਾਂ ਦੀ ਸਰਕਾਰੀ ਅਮਲਦਾਰੀ ਵਿਰੁੱਧ ਹਾਹਾਕਾਰ ਮੱਚਣੀ ਸੂਰੂ ਹੋ ਗਈ ਸੀ। ਜਿਉਂ ਜਿਉਂ ਕਮਿਸਨ ਦੇ ਦਸਤਾਵੇਜ ਤੇ ਸਰਕਾਰ ਦੇ ਅਮਲ- ਪੱਤਰ ਬਾਹਰ ਆਉਂਦੇ ਗਏ ਤਿਉਂ ਤਿਉਂ ਸਿਫਾਰਸਾਂ ਅਤੇ ਉਨ੍ਹਾਂ ਉੱਪਰ ਸਰਕਾਰ ਦੇ ਅਮਲ ਦਾ ਕੱਚ-ਸੱਚ ਸਾਹਮਣੇ ਆਉਂਦਾ ਗਿਆ। ਪਹਿਲਾ ਦਸਤਾਵੇਜ 58 ਪੰਨਿਆਂ ਦਾ, ਦੂਜਾ ਨਿਯਮਾਂ ਵਾਲਾ 37 ਦਾ ਤੇ ਤੀਜਾ ਤਨਖਾਹ ਕਮਿਸਨ ਵੱਲੋਂ ਜਾਰੀ ਕੀਤੀ ਗਈ ਪਹਿਲੇ ਭਾਗ ਦੀ 171 ਪੰਨਿਆਂ ਦੀ ਮੁਕੰਮਲ ਰਿਪੋਰਟ ਵਾਲਾ ਦਸਤਾਵੇਜ।

ਪਹਿਲੇ ਦੋ ਦਸਤਾਵੇਜਾਂ ਤੋਂ ਇਹ ਗੱਲ ਸਾਹਮਣੇ ਆ ਗਈ ਕਿ ਵੱਖ ਵੱਖ ਵਰਗਾਂ ਦੇ ਕਰਮਚਾਰੀਆਂ ਦਾ ਕਮਿਸਨ ਦੀ ਰਿਪੋਰਟ ਲਾਗੂ ਹੋਣ ਤੋਂ ਬਾਅਦ ਬੁਨਿਆਦੀ ਤਨਖਾਹ ਢਾਂਚਾ ਕੀ ਹੋਵੇਗਾ, ਕਿਹੜੇ ਭੱਤੇ ਵਧਾਏ ਗਏ ਹਨ ਤੇ ਕਿਹੜੇ ਘਟਾਏ ਗਏ ਹਨ। ਕਿਸ ਕੈਟਾਗਰੀ ਨੂੰ ਕਿੰਨਾ ਕੁ ਨਫਾ-ਨੁਕਸਾਨ ਹੋਵੇਗਾ। ਇਹ ਵੀ ਕਿ ਤਨਖਾਹ ਕਮਿਸਨ ਦੀ ਕਿਹੜੀ ਸਿਫਾਰਸ ਨੂੰ ਸਰਕਾਰ ਨੇ ਸਵੀਕਾਰ ਕੀਤਾ ਹੈ ਅਤੇ ਕਿਹੜੀ ਨੂੰ ਨਹੀਂ ਕੀਤਾ। ਮਸਲਨ ਕਮਿਸਨ ਵੱਲੋਂ 'ਕਨਵੇਅੰਸ' ਭੱਤਾ, ਸਹਿਰੀ ਪੂਰਤੀ ਭੱਤਾ, ਨਕਦੀ ਸੰਭਾਲ ਭੱਤਾ, ਸਿਖਲਾਈ ਭੱਤਾ, ਪਰਿਵਾਰ ਨਿਯੋਜਨ ਭੱਤਾ ਆਦਿ ਪਹਿਲਾ ਮਿਲ ਰਹੇ ਭੱਤਿਆਂ ਨੂੰ ਖਤਮ ਕਰਨ ਦੀ ਕੀਤੀ ਸਿਫਾਰਸ ਨੂੰ ਸਵੀਕਾਰ ਕਰ ਲਿਆ ਗਿਆ ਹੈ। ਇਸੇ ਤਰ੍ਹਾਂ ਡਾਕਟਰਾਂ ਨੂੰ ਮਿਲ ਰਹੇ, NPA ਸਿਵਲ ਸਕੱਤਰੇਤ ਦੇ ਕਰਮਚਾਰੀਆਂ ਨੂੰ ਤੇ ਡਰਾਈਵਰਾਂ ਨੂੰ ਮਿਲ ਰਹੇ ਵਿਸੇਸ ਭੱਤੇ ਨੂੰ ਬੇਸਿਕ ਪੇ ਦਾ ਹਿੱਸਾ ਨਾ ਮੰਨਣ ਦੀ ਸਿਫਾਰਸ ਨੂੰ ਵੀ ਸਵੀਕਾਰ ਕਰ ਲਿਆ ਗਿਆ ਹੈ ਪਰੰਤੂ ਤਨਖਾਹ ਕਮਿਸਨ ਵੱਲੋਂ ਡੀ.ਏ. ਦਾ ਸੂਚਕ ਅੰਕ 50% ਹੋਣ 'ਤੇ ਇਸਨੂੰ 'ਡੀਅਰਨੈਸ ਪੇ'ਬਣਾਉਣ ਦੀ ਅਤੇ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਜਾਂਦੀ ਡੀ.ਏ ਦੀ ਕਿਸਤ ਦੇ ਨਾਲ ਹੀ ਫੌਰੀ ਰਾਜ ਦੇ ਮੁਲਾਜਮਾਂ ਨੂੰ ਜਾਰੀ ਕਰਨ ਦੀ ਕੀਤੀ ਸਿਫਾਰਸ ਨੂੰ ਨਹੀਂ ਸਵੀਕਾਰ ਕੀਤਾ। ਇਸੇ ਤਰ੍ਹਾਂ ਬੱਝਵਾਂ ਮੈਡੀਕਲ ਭੱਤਾ 500 ਤੋਂ1000 ਰੁਪਏ ਕਰਨ, ਮੋਬਾਈਲ ਭੱਤਾ ਵਧਾਉਣ ਦੀ ਸਿਫਾਰਸ ਨੂੰ ਮੰਨਣ ਤੋਂ ਇਨਕਾਰ ਕੀਤਾ ਹੈ। ਇਸ ਤੋਂ ਬਿਨਾਂ ਪੇਂਡੂ ਭੱਤਾ, ਮਕਾਨ ਕਿਰਾਇਆ ਭੱਤਾ ਆਦਿ ਨੂੰ ਘਟਾਉਣ ਅਤੇ ਹੋਰ ਕਈ ਕੈਟਾਗਰੀਆਂ ਨੂੰ ਮਿਲ ਰਹੇ 35 ਕਿਸਮ ਦੇ ਭੱਤਿਆਂ ਨੂੰ ਖਤਮ ਕਰਨ ਜਾਂ ਉਨ੍ਹਾਂ ਦੀ ਛਾਂਗਾ-ਛਾਂਗੀ ਕਰਨ ਦੀ ਘੋਖ ਕਰਨ ਦੀਆਂ ਸਿਫਾਰਸਾਂ ਨੂੰ ਵੀ ਸਰਕਾਰ ਵੱਲੋਂ ਸਵੀਕਾਰ ਕਰ ਲਿਆ ਗਿਆ ਹੈ।

ਜਿੱਥੇ ਇਨ੍ਹਾਂ ਭੱਤਿਆਂ ਦੇ ਖਾਤਮੇ/ ਛਾਂਗਾ-ਛੰਗਾਈ ਕਾਰਨ ਸਮੁੱਚੇ ਮੁਲਾਜਮ ਵਰਗ ਅੰਦਰ ਰੋਸ ਦੀ ਲਹਿਰ ਖੜ੍ਹੀ ਹੋਈ ਹੈ ਉੱਥੇ ਤਨਖਾਹ-ਢਾਂਚੇ ਨਾਲ ਜੁੜੀ ਪੰਜਾਬ ਸਰਕਾਰ ਵੱਲੋਂ ਕਰਮਚਾਰੀਆਂ ਦੀਆਂ ਕੁੱਝ ਕੈਟਾਗਰੀਆਂ ਦੀ ਅਕਤੂਬਰ, 2011 ਅਤੇ ਕੁੱਝ ਦੀ ਦਸੰਬਰ, 2011 'ਚ ਕੀਤੀ ਮੁੜ ਸੋਧ ਸੋ ਸੰਬੰਧੀ ਕਮਿਸਨ ਵੱਲੋਂ ਕੀਤੀ ਗਈ ਸਿਫਾਰਸ ਤੇ ਸਰਕਾਰ ਵੱਲੋਂ ਉਸ ਨੂੰ ਲਾਗੂ ਕਰਨ ਲਈ ਕੀਤੇ ਗਏ ਫੈਸਲੇ ਨੇ ਵੀ ਵੱਡੇ ਰੋਹ ਦਾ ਫੁਟਾਰਾ ਪੈਦਾ ਕੀਤਾ ਹੈ। ਇੱਥੇ ਵੀ ਸਰਕਾਰ ਵੱਲੋਂ ਕਮਿਸਨ ਦੀਆਂ ਸਿਫਾਰਸਾਂ ਨੂੰ ਤੋੜ-ਮਰੋੜ ਕੇ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਨੇ ਅਕਤੂਬਰ,2011 ਤੇ ਦਸੰਬਰ, 2011 ਦੀਆਂ ਦੋਵੇਂ ਸੋਧਾਂ ਵਾਲੀਆਂ ਕੈਟਾਗਰੀਆਂ ਨੂੰ ਹੀ 2.25 ਵਾਲੇ ਗੁਣਾਂਕ 'ਚ ਰੱਖਣ ਦਾ ਫੈਸਲਾ ਕੀਤਾ ਹੈ ਜਦ ਕਿ ਤਨਖਾਹ ਕਮਿਸਨ ਨੇ ਕੇਵਲ ਦਸੰਬਰ,11 ਵਾਲੀ ਕੈਟਾਗਰੀ ਨੂੰ 2.25 ਗੁਣਾਂਕ 'ਚ ਰੱਖਿਆ ਹੈ। ਅਕਤੂਬਰ,11 ਵਾਲੀ ਕੈਟਾਗਰੀ ਨੂੰ 2.59 ਗੁਣਾਂਕ 'ਚ ਰੱਖਣ ਦੀ ਸਿਫਾਰਸ ਕੀਤੀ ਹੈ। ਉਂਵ ਮੁਲਾਜਮ ਵਰਗ ਨੂੰ ਸਮੁੱਚੇ ਤਨਖਾਹ-ਢਾਂਚੇ ਦੀ ਸੋਧ ਲਈ 2.59 ਦਾ ਗੁਣਾਂਕ ਵੀ ਮਨਜੂਰ ਨਹੀਂ ਹੈ, ਕੀਮਤ ਸੂਚਕ ਦੇ ਆਧਾਰ 'ਤੇ ਮੰਗ ਸਭਨਾਂ ਲਈ (3.7) ਗੁਣਾਂਕ ਦੀ ਹੈ।



ਪੇ-ਕਮਿਸਨ ਦੀਆਂ ਮਾਰੂ ਸਿਫਾਰਸਾਂ ਅਤੇ ਸਿਫਾਰਸਾਂ ਸੰਬੰਧੀ ਸਰਕਾਰੀ ਫੈਸਲੇ ਕਮਿਸਨ ਦੀਆਂ ਹਵਾਲਾ ਸਰਤਾਂ ਨਾਲ ਬੱਝੇ

ਕਮਿਸਨ ਦੇ ਪਹਿਲੇ ਦੋ ਦਸਤਾਵੇਜਾਂ ਦੇ ਆਧਾਰ 'ਤੇ ਆਪਣੀਆਂ ਤਨਖਾਹਾਂ-ਭੱਤਿਆਂ ਦਾ ਹਿਸਾਬ ਕਿਤਾਬ ਲਾਉਣ ਤੇ ਗੁਣਾਂਕਾਂ ਰਾਹੀਂ ਜੋੜ-ਜਮਾਂ ਕਰਨ 'ਚ ਰੁੱਝੇ ਆਮ ਕਰਮਚਾਰੀਆਂ ਨੇ ਪੇ ਕਮਿਸਨ ਵੱਲੋਂ ਜਾਰੀ ਕੀਤਾ 171 ਪੰਨਿਆਂ ਵਾਲਾ ਅਹਿਮ ਦਸਤਾਵੇਜ ਨਹੀਂ ਪੜ੍ਹਿਆ ਹੋਣ ਜਿਸ ਅੰਦਰ ਕਮਿਸਨ ਦੀਆਂ ਸਿਫਾਰਸਾਂ ਤੇ ਸਰਕਾਰੀ ਫੈਸਲਿਆਂ ਨੂੰ ਤਹਿ ਕਰਨ ਦੀ ਦਿਸਾ-ਸੇਧ ਵਾਲੇ ਪੱਤਰੇ ਦਰਜ ਹਨ। ਉਹ ਪੱਤਰੇ ਇਸ ਦਸਤਾਵੇਜ ਦੇ ਪਾਠ(1)ਭੂਮਿਕਾ ਦੀ ਧਾਰਾ (1.6)-(a) ਤੋਂ (i) ਪੰਨਾ ਨੰ.2 ਤੋਂ5 ਤੱਕ ਦਰਜ ਹਨ। ਇਨ੍ਹਾਂ ਪੱਤਰਿਆਂ'ਚ ਸਰਕਾਰ ਵੱਲੋਂ ਕਮਿਸਨ ਨੂੰਜਾਰੀ ਕੀਤੀਆਂ ਗਈਆਂ ਉਹ ਦਿਸਾ-ਨਿਰਦੇਸਨਾਵਾਂ ਤੇ ਬੰਦਿਸਾਂ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਅਤੇ ਜਿਨ੍ਹਾਂ ਦੇ ਦਾਇਰੇ 'ਚ ਰਹਿ ਕੇ ਹੀ ਸਿਫਾਰਸਾਂ ਕਰਨੀਆਂ ਸਨ। ਇਨ੍ਹਾਂ ਨੂੰ ਕਮਿਸਨ ਲਈ ਜਾਰੀ ਕੀਤੀਆਂ 'ਹਵਾਲਾ ਸਰਤਾਂ' (TOR) ਦਾ ਨਾਮਕਰਨ ਦਿੱਤਾ ਹੋਇਆ ਹੈ ਤੇ ਜਿਹੜੀਆਂ ਆਮ ਤੌਰ 'ਤੇ ਸਰਕਾਰ ਦੀ ਲਾਗੂ ਕੀਤੀ ਜਾ ਰਹੀ ਨੀਤੀ ਦੀ ਤਰਜਮਾਨੀ ਹੀ ਕਰਦੀਆਂ ਹਨ। ਇਹ ਹਵਾਲਾ ਸਰਤਾਂ ਸਰਕਾਰ ਵੱਲੋਂ 04-11-2016 ਨੂੰ ਜਾਰੀ ਕੀਤੀਆਂ ਗਈਆਂ ਸਨ, ਕਮਿਸ਼ਨ ਲਈ ਪਰ ਜਨਤਕ ਨਹੀਂ ਸੀ ਕੀਤੀਆਂ ਗਈਆਂ।

ਹਵਾਲਾ ਸਰਤਾਂ ਵਾਲੀ ਧਾਰਾ (1.6)-(a) ਤੋਂ (i) ਤੱਕ ਅੰਦਰ ਤਾਂ ਆਮ ਹਦਾਇਤਾਂ ਹਨ ਕਿ ਕਮਿਸਨ ਨੇ 01 ਜਨਵਰੀ, 2004 ਤੋਂ ਪਹਿਲਾਂ ਭਰਤੀ ਵਾਲੇ ਕਰਮਚਾਰੀਆਂ ਦੀ ਤਨਖਾਹ ਤੇ ਪੈਨਸਨ ਸੋਧ ਸੰਬੰਧੀ ਰਿਪੋਰਟ ਦੇਣੀ ਹੈ, ਸਿਹਤ ਬੀਮਾ ਯੋਜਨਾ ਬਾਰੇ ਅਤੇ ਚੱਲ ਰਹੀ ACP ਯੋਜਨਾਵਾਂ ਮੁਲਾਂਕਣ ਤੇ ਤਬਦੀਲੀ ਬਾਰੇ ਸੁਝਾਅ ਦੇਣੇ ਹਨ, ਵਗੈਰਾ-ਵਗੈਰਾ। ਧਾਰਾ 1.6 (g) ਅੰਦਰ ਮੁਲਾਜਮ ਮਾਰੂ ਇੱਕ ਖਤਰਨਾਕ ਧਾਰਨਾ ਤਹਿਤ ਮੁਲਾਜਮਾਂ ਨੂੰ ਦਿੱਤੀਆਂ ਜਾ ਰਹੀਆਂ ਤਨਖਾਹਾਂ, ਉਜਰਤਾਂ ਤੇ ਪੈਨਸਨਾਂ ਨੂੰ ਅਣਉਤਪਾਦਕ ਖਰਚਿਆਂ ਦੀ ਕੈਟਾਗਰੀ 'ਚ ਪਾ ਕੇ ਇਨ੍ਹਾਂ ਖਰਚਿਆਂ ਦੀ ਇੱਕ ਸੀਮਾ (ਰਾਜ ਦੀ ਆਮਦਨ ਦੀ ਫੀਸਦੀ ਦੇ ਹਿਸਾਬ ਨਾਲ)ਤਹਿ ਕਰਨ ਅਤੇ ਹੋਰ ਖਰਚੇ ਘਟਾਉਣ ਦੇ ਢੰਗ ਤਰੀਕੇ ਸੁਝਾਏ ਜਾਣ ਲਈ ਕਿਹਾ ਗਿਆ ਹੈ ਤੇ ਨਾਲ ਮਿਸਾਲ ਦੇ ਕੇ ਇਸਾਰਾ ਵੀ ਕੀਤਾ ਗਿਆ ਹੈ ਕਿ ਜਿਵੇਂ 'ਸਰਕਾਰ ਦੀ ਬਦਲੀ ਹੋਈ ਭੂਮਿਕਾ ਤੇ ਸੂਚਨਾ ਤਕਨਾਲੋਜੀ ਦੇ ਲਾਗੂ ਹੋਣ ਨਾਲ ਵਿਭਾਗਾਂ ਦੇ ਸਟਾਫ ਦਾ ਪੁਨਰ-ਗਠਨ ਕਰਨਾ ਮਤਲਬ ਪੋਸਟਾਂ ਦੀ ਕਟੌਤੀ ਕਰਨੀ। ਹਵਾਲਾ ਸਰਤਾਂ ਦੀ ਧਾਰਾ1.6 (h) 'ਚ ਇਹ ਨਿਰਦੇਸ ਦਿੱਤੇ ਗਏ ਹਨ ਕਿ ਉਕਤ (a) ਤੋਂ (g) ਸੰਬੰਧੀ ਸਿਫਾਰਸ ਕਰਨ ਸਮੇਂ ਇਨ੍ਹਾਂ ਪਹਿਲੂਆਂ ਨੂੰ ਧਿਆਨ 'ਚ ਰੱਖਣਾ ਹੋਵੇਗਾ।

(1) ਰਾਜ ਦੀ ਆਰਥਿਕ ਦਸਾ ਅਤੇ 'ਪੰਜਾਬ ਮਾਲੀ ਜੁੰਮੇਵਾਰੀ ਤੇ ਬਜਟ ਪ੍ਰਬੰਧਨ ਕਾਨੂੰਨ 2003' ਦੇ ਪ੍ਰਾਵਧਾਨਾਂ ਮੁਤਾਬਕ ਮਾਲੀ ਸੰਜਮ ਦੀ ਲੋੜ। (ਚੇਤੇ ਰਹੇ ਉਸ ਸਮੇਂ ਇਹ ਕਾਨੂੰਨ ਸੰਸਾਰ ਬੈਂਕ-ਮੁਦਰਾ ਕੋਸ ਦੀਆਂ ਹਦਾਇਤਾਂ 'ਤੇ ਨਿੱਜੀਕਰਨ- ਉਦਾਰੀਕਰਨ ਦੇ ਆਪਣੇ ਏਜੰਡੇ ਨੂੰ ਲਾਗੂ ਕਰਵਾਉਣ ਲਈ ਕੇਂਦਰ ਤੇ ਰਾਜ ਸਰਕਾਰਾਂ ਤੋਂ ਬਣਵਾਇਆ ਸੀ) ਉਸ ਸਮੇਂ ਕੇਂਦਰ 'ਚ ਵੀ ਕਾਂਗਰਸ ਦੀ ਅਗਵਾਈ ਵਾਲੀ ਡਾ. ਮਨਮੋਹਨ ਸਿੰਘ ਸਰਕਾਰ ਸੀ ਤੇ ਪੰਜਾਬ 'ਚ ਕੈਪਟਨ ਸਰਕਾਰ ਸੀ।

(2) ਇਹ ਯਕੀਨੀ ਬਣਾਉਣ ਦੀ ਲੋੜ ਹੋਵੇਗੀ ਕਿ ਤਨਖਾਹ, ਪੈਨਸਨ ਤੇ ਰਾਜ ਸਿਰ ਚੜ੍ਹੇ ਕਰਜੇ ਦੇ ਵਿਆਜ ਦੇ ਬੱਝਵੇਂ ਖਰਚਿਆਂ ਦੀ ਪੂਰਤੀ ਤੋਂ ਬਾਅਦ ਵਿਕਾਸ ਤੇ ਭਲਾਈ ਦੇ ਕਾਰਜਾਂ ਲਈ ਲੋੜੀਂਦੇ ਆਮਦਨ ਸਰੋਤ ਉਪਲਬਧ ਹੋਣ।

(3) ਕਮਿਸਨ ਆਪਣੇ ਵੱਲੋਂ ਕੀਤੀਆਂ ਸਿਫਾਰਸਾਂ ਨੂੰ ਲਾਗੂ ਕਰਨ ਨਾਲ ਰਾਜ ਸਰਕਾਰ ਦੇ ਖਜਾਨੇ ਉੱਪਰ ਪੈਣ ਵਾਲੇ ਬੋਝ ਦਾ ਵਾ ਵੀ ਹਿਸਾਬ ਲਾ ਕੇ ਦੱਸੇਗਾ।

(4) 5ਵੇਂ ਤਨਖਾਹ ਕਮਿਸਨ ਦੀਆਂ ਸਿਫਾਰਸਾਂ ਲਾਗੂ ਕਰਨ ਤੋਂ ਬਾਅਦ ਕਈ ਕੈਟਗਰੀਆਂ ਦੇ ਕਰਮਚਾਰੀਆਂ ਦੀ ਤਨਖਾਹ 'ਚ ਕੀਤੇ ਗਏ ਵਾਧੇ ਨੂੰ ਘੋਖੇਗਾ। (ਇਹ ਰਾਜ ਸਰਕਾਰ ਵੱਲੋਂ ਖੁਦ ਦਾ ਹੀ ਅਕਤੂਬਰ, 2011 ਅਤੇ ਦਸੰਬਰ, 2011 ਵਾਲਾ ਕੀਤਾ ਗਿਆ ਵਾਧਾ ਹੈ।

(5) ਸਭਨਾਂ ਸ਼ਿਫਾਰਿਸਾਂ ਨੂੰ ਲਾਗੂ ਕਰਨ ਦੀ ਤਾਰੀਖ ਦੀ ਸਿਫਾਰਸ ਵੀ ਕੀਤੀ ਜਾਵੇ।

ਉਕਤ ਹਵਾਲਾ ਸਰਤਾਂ ਦੀਆਂ ਦਿਸਾ ਨਿਰਦੇਸਨਾਵਾਂ ਤੇ ਬੰਦਿਸ਼ਾਂ ਦੇ ਵਲੇ ਦਾਇਰੇ ਨੂੰ ਉਲੰਘਣ ਦੀ ਮਨਾਹੀ ਨੇ ਹੀ ਉਕਤ ਜ਼ਿਕਰ ਅਧੀਨ ਆਏ ਭੱਤਿਆਂ ਦਾ ਖਾਤਮਾ ਤੇ ਛਾਂਗਾ-ਛੰਗਾਈ ਕਰਵਾਈ ਹੈ, ਇਨ੍ਹਾਂ ਨੂੰ ਲਾਗੂ ਕਰਨ ਦੀ ਮਿਤੀ 1-1-2016 (ਸੋਧੇ ਗਏ ਤਨਖਾਹ ਗਰੇਡਾਂ ਦੀ) ਦੀ ਬਜਾਇ 1-7-2021 ਕੀਤੀ ਗਈ ਹੈ।

ਸਰਕਾਰ ਨੂੰ ਸਾਢੇ ਪੰਜ ਸਾਲਾਂ ਦੇ ਬਕਾਏ ਦੀ ਕਰੋੜਾਂ ਰੁਪਏ ਦੀ ਬੱਚਤ।

ਤਨਖਾਹ ਸੋਧ ਲਈ ਵਾਜਬ ਬਣਦੇ (7.4) ਗੁਣਾਂਕ ਦੀ ਬਜਾਇ (2..59 ਤੇ2.25) ਲਾਗੂ ਕਰਨਾ ਵੀ ਇਨ੍ਹਾਂ ਹਵਾਲਾ ਸਰਤਾਂ ਦੀ ਪੂਰਤੀ ਦੀ ਦੇਣ ਹੀ ਹੈ।

2011 ਵਾਲੀ ਮੁੜ ਸੋਧ ਵਾਲੀਆਂ ਕੈਟਾਗਰੀਆਂ ਵੀ ਇਨ੍ਹਾਂ ਹਵਾਲਾ ਸਰਤਾਂ ਦੀ ਹੀ ਭੇਟ ਚੜ੍ਹੀਆਂ ਹਨ ਜਿਸ ਕਾਰਨ 2015 ਤੋਂ ਬਾਅਦ ਦੀ ਭਰਤੀ ਵਾਲੇ ਹਜਾਰਾਂ ਕਰਮਚਾਰੀ (ਮੁਢਲੀ ਤਨਖਾਹ 'ਤੇ ਪ੍ਰੋਬੇਸਨ ਵਾਲੇ) ਭਾਰੀ ਨੁਕਸਾਨ ਝੱਲਣਗੇ।

16-07-2020 ਤੋਂ ਭਰਤੀ ਹੋਣ ਵਾਲੇ ਕਰਮਚਾਰੀਆਂ ਨੂੰ ਸਰਕਾਰ ਨੇ ਪਹਿਲਾਂ ਹੀ ਕੇਂਦਰ ਸਰਕਾਰ ਦੇ ਗਰੇਡਾਂ ਨਾਲ ਟੋਚਣ ਕਰਕੇ ਇਸ ਛੇਵੇਂ ਤਨਖਾਹ ਕਮਿਸਨ ਦੇ ਦਾਇਰੇ 'ਚੋਂ ਬਾਹਰ ਕੱਢ ਦਿੱਤਾ ਹੈ।

### ਰਾਜ ਦੀ ਨਿੱਘਰੀ ਆਰਥਿਕ ਦਸਾ ਲਈ, ਕੀ ਰਾਜ ਦੇ ਮੁਲਾਜਮ ਜੁੰਮੇਵਾਰ ਹਨ ?

ਤਨਖਾਹ ਕਮਿਸਨ ਨੇ ਵੀ ਆਪਣੇ 171 ਪੰਨਿਆਂ ਵਾਲੇ ਦਸਤਾਵੇਜ 'ਚ ਵਾਰ ਵਾਰ ਪੰਜਾਬ ਦੀ 'ਨਿੱਘਰੀ' ਆਰਥਿਕ ਦਸਾ ਦਾ ਹਵਾਲਾ ਦਿੰਦਿਆਂ ਪੰਜਾਬ ਸਿਰ ਚੜ੍ਹੇ ਕਰਜੇ ਦੇ ਅੰਕੜਿਆਂ ਦਾ ਵੀ ਸਾਲ ਦਰ ਸਾਲ ਗ੍ਰਾਫ ਜਾਰੀ ਕੀਤਾ ਹੈ। ਇਸ ਮੁਤਾਬਕ ਇਹ ਕਰਜਾ 2020-21'ਚ 252880 ਕਰੋੜ ਰੁਪਏ ਸੀ ਜਿਹੜਾ ਕਿ ਰਾਜ ਦੀ ਕੁੱਲ ਘਰੇਲੂ ਪੈਦਾਵਾਰ ਦਾ 41.69% ਸੀ ਅਤੇ ਜਿਸ ਦੀ ਕਿਸ਼ਤ ਦਾ ਭੁਗਤਾਨ 32071 ਕਰੋੜ ਰੁਪਏ ਕੀਤਾ ਗਿਆ। ਇਨ੍ਹਾਂ ਅੰਕੜਿਆਂ ਦਾ ਹਵਾਲੇ ਨਾਲ ਹੀ ਇਹ ਦਰਜ ਹੈ ਕਿ ਇਸ ਕਰਕੇ "ਹਵਾਲਾ ਸਰਤਾਂ ਦੀ ਵਧੇਰੇ ਅਹਿਮੀਅਤ ਬਣ ਜਾਂਦੀ ਹੈ।"


ਪਰੰਤੂ ਸਵਾਲ ਇਹ ਹੈ ਕਿ ਇਸ ਕਰਜੇ ਲਈ ਤੇ 'ਨਿੱਘਰੀ' ਆਰਥਿਕ ਦਸਾ ਲਈ ਕੀ ਰਾਜ ਦੇ ਮੁਲਾਜ਼ਮ ਜੁੰਮੇਵਾਰ ਹਨ ਜਿਹੜੇ ਸਰਕਾਰ ਦਾ ਸਾਰਾ ਰਾਜ ਪ੍ਰਬੰਧ ਚਲਾਉਣ 'ਚ ਮੁੱਖ ਭੂਮਿਕਾ ਨਿਭਾਉਂਦੇ ਹਨ ਅਤੇ ਆਪਣੀਆਂ ਤਨਖਾਹਾਂ ਵਿੱਚੋਂ ਬਣਦਾ ਟੈਕਸ ਭਰਦੇ ਹਨ। ਜਦ ਕਿ ਸਰਕਾਰ ਦੇ ਮੰਤਰੀਆਂ/ਵਿਧਾਇਕਾਂ ਦਾ ਆਮਦਨ ਕਰ ਵੀ ਸਰਕਾਰ ਭਰਦੀ ਹੈ ਅਤੇ ਕਰੋੜਾਂ ਰੁਪਏ ਸਾਲਾਨਾ ਉਹ ਤਨਖਾਹਾਂ/ਭੱਤਿਆਂ ਵੱਜੋਂ ਲੈਂਦੇ ਹਨ। ਦਰਜਨਾਂ ਬੇਲੋੜੇ 'ਸਲਾਹਕਾਰ' ਮੰਤਰੀਂ ਦੇ ਦਰਜੇ ਵੱਜੋਂ ਕਰੋੜਾਂ ਰੁਪਏ ਮੁਫਤ ਦੇ ਹੀ ਬਟੋਰਦੇ ਹਨ।

ਇਸ ਤੋਂ ਬਿਨਾਂ ਵੱਖ ਵੱਖ ਵਿਭਾਗਾਂ ਅੰਦਰ ਡੇਢ ਲੱਖ ਦੇ ਲਗਭਗ ਕੱਚੇ/ਠੇਕੇ ਵਾਲੇ/ਆਊਟ ਸੋਰਸਿੰਗ ਭਰਤੀ ਵਾਲੇ ਨਿਗੂਣੀਆਂ ਤਨਖਾਹਾਂ ਉੱਪਰ ਸਾਲਾਂਬੱਧੀ ਤੋਂ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਰੈਗੂਲਰ ਕਰਨ ਦੀ ਬਜਾਇ ਨਿੱਤ ਆਏ ਦਿਨ ਡਾਂਗਾਂ ਨਾਲ ਨਿਵਾਜਿਆਂ ਜਾ ਰਿਹਾ ਹੈ। ਬੇਰੁਜਗਾਰ ਵੀ ਭਰਤੀ ਲਈ ਤਰਸਦੇ ਸਰਕਾਰੀ ਜਬਰ ਦਾ ਸ਼ਿਕਾਰ ਹੁੰਦੇ ਹਨ।

ਜਿਨ੍ਹਾਂ ਕਰਮਚਾਰੀਆਂ ਨੂੰ 'ਰੈਗੂਲਰ' ਕਹਿ ਕੇ ਨਿਗੂਣੀ ਭਰਤੀ ਕੀਤੀ ਜਾਂਦੀ ਹੈ ਉਨ੍ਹਾਂ ਨੂੰ 2-3 ਸਾਲਾਂ ਲਈ 'ਪ੍ਰੋਬੇਸਨ' ਦੇ ਨਾ ਹੇਠ ਕੁੱਲ ਤਨਖਾਹ ਦੇ ਤੀਜੇ ਹਿੱਸੇ ਜਿੰਨੀ ਮੁਢਲੀ ਤਨਖਾਹ ਦੇ ਕੇ ਲੁੱਟ ਕੀਤੀ ਜਾਂਦੀ ਹੈ। ਜਿਹੜੇ ਸਿੱਖਿਆ ਵਿਭਾਗ ਦੇ ਕੁੱਝ ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਨਾਟਕ ਕੀਤਾ ਗਿਆ ਸੀ ਉਨ੍ਹਾਂ ਨੂੰ ਮਿਲਦੀ 45-50 ਹਜਾਰ ਰੁਪਏ ਤਨਖਾਹ ਘਟਾ ਕੇ ਦੋ ਸਾਲਾਂ ਲਈ 15300 ਰੁਪਏ ਕਰ ਦਿੱਤੀ ਗਈ ਸੀ। 1 ਜਨਵਰੀ 2004 ਤੋਂ ਬਾਅਦ ਭਰਤੀ ਹੋਣ ਵਾਲੇ ਮੁਲਾਜ਼ਮਾਂ ਦੀ ਪੈਨਸ਼ਨ ਪਹਿਲਾਂ ਹੀ ਬੰਦ ਕੀਤੀ ਹੋਈ ਹੈ। ਇਸ ਤੋਂ ਬਿਨ੍ਹਾਂ ਸਿਤਮ-ਜਰੀਫੀ ਇਹ ਹੈ ਕਿ ਪੰਜਾਬ ਸਰਕਾਰ 6 ਲੱਖ ਮੁਲਾਜਮਾਂ ਤੇ ਪੈਨਸਨਰਾਂ ਦਾ ਡੀ.ਏ ਦਾ ਅਰਬਾਂ ਰੁਪਏ ਦਾ ਬਕਾਇਆ ਦੱਬੀ ਬੈਠੀ ਹੈ ਅਤੇ ਹੁਣ ਪੇ ਕਮਿਸਨ ਦੀਆਂ ਸੋਧਾਂ ਦਾ ਬਕਾਇਆ ਵੀ 9 ਕਿਸਤਾਂ 'ਚ ਮੋੜਣ ਦੀ ਗੱਲ ਕੀਤੀ ਗਈ ਹੈ ਮਤਲਬ ਇਹ ਭੁਗਤਾਨ 2026 'ਚ ਜਾ ਕੇ ਪੂਰਾ ਹੋਵੇ। ਮੁਲਾਜਮਾਂ ਨੂੰ ਲੱਖਾਂ-ਕਰੋੜਾਂ ਦੇ ਵਿਆਜ ਦਾ ਘਾਟਾ!

ਇੱਕ ਗੱਲ ਹੋਰ ਵੀ ਚੇਤੇ ਰਹੇ ਕਿ ਪਿਛਲੇ 5ਵੇਂ ਤਨਖਾਹ ਕਮਿਸਨ ਦੀਆਂ 'ਹਵਾਲਾ ਸਰਤਾਂ' ਦੀਆਂ ਇਨ੍ਹਾਂ ਬੰਦਿਸਾਂ ਰਾਹੀਂ ਹੀ ਸਰਕਾਰ ਨੇ ਤੇ ਕਰਮਚਾਰੀਆਂ ਦੀ ਰੈਗੂਲਰ ਦੀ ਥਾਂ ਠੇਕਾ ਭਰਤੀ ਦੀ ਸਿਫਾਰਸ ਕਰਵਾਈ ਸੀ ਜਿਹੜੀ ਲਾਗੂ ਹੈ।

SHAHEED BHAGAT SINGH BOOK CENTRE
Calgary Canada

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!

Book Exhibition & Sale!
Contact: Master Bhajan Singh at 403-455-4220


BLACK ICE Auto Detailing
Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com
GET YOUR CAR DETAILING DONE IN PROFESSIONAL WAY
- Exterior Hand Wash & Dry
- Engine Wash, Tires & Wheels
- Complete Interior Vaccum
- Wax & Polish
- Clean All Windows Including Trunk
- Remove Scratches & Shampoo


Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com

A CHOICE DRIVING SCHOOL
- Class 5
- basic Driving Courses
- Certification Courses
- Advance Training Course
- Brush Up
- DDC Course
PICK UP & DROP OFF AVAILABLE

Off. 587-352-0610 Cell 403-473-1682

# ਦਲ ਬਦਲੂ





ਦਲ ਬਦਲੂਆਂ ਨੂੰ ਲੈ ਕੇ ਬਹੁਤ ਰੌਲਾ ਪੈਂਦਾ ਰਹਿੰਦਾ ਹੈ, ਜਦੋਂ ਕੋਈ ਲੀਡਰ ਦਲ ਬਦਲ ਕੇ ਸਾਡੀ ਪਾਰਟੀ ਵਿੱਚ ਆਉਂਦਾ ਹੈ ਉਦੋਂ ਉਹ ਇਮਾਨਦਾਰ ਹੁੰਦਾ ਹੈ, ਜਦੋਂ ਉਹ ਫਿਰ ਸਾਡੀ ਪਾਰਟੀ ਛੱਡ ਕੇ ਵਾਪਸ ਆਪਣੀ ਪਹਿਲੀ ਪਾਰਟੀ ਜਾਂ ਕਿਸੇ ਹੋਰ ਪਾਰਟੀ ਵਿੱਚ ਚਲਾ ਜਾਂਦਾ ਹੈ ਫਿਰ ਅਸੀਂ ਉਸ ਨੂੰ ਗੱਦਾਰ ਹੋਣ ਦਾ ਸਰਟੀਫਿਕੇਟ ਦੇ ਦਿੰਦੇ ਹਾਂ। ਇਹ ਨਹੀਂ ਸੋਚਦੇ ਕਿ ਜਿਸ ਦਿਨ ਉਹ ਕਿਸੇ ਹੋਰ ਪਾਰਟੀ ਨੂੰ ਛੱਡ ਕੇ ਸਾਡੀ ਪਾਰਟੀ ਵਿੱਚ ਆਇਆ ਸੀ ਕੀ ਓਦੋਂ ਉਹ ਗੱਦਾਰ ਨਹੀਂ ਸੀ ? ਅਸਲ ਵਿੱਚ ਅਸੀਂ ਸਾਰੇ ਹੀ ਆਪਣੇ ਫਾਇਦੇ ਲਈ ਬਦਲਦੇ ਰਹਿੰਦੇ ਹਾਂ, ਵੋਟਰ ਵੀ ਬਦਲਦੇ ਹਨ, ਸਪੋਟਰ ਵੀ ਬਦਲਦੇ ਹਨ ਅਤੇ ਲੀਡਰ ਵੀ ਬਦਲਦੇ ਹਨ, ਸਭ ਆਪਣੇ ਵੱਲੋਂ ਠੀਕ ਕਰ ਰਹੇ ਹੁੰਦੇ ਹਨ, ਸਭ ਆਪਣੇ ਨਫੇ ਨੁਕਸਾਨ ਦੀਆਂ ਗਿਣਤੀਆਂ ਮਿਣਤੀਆਂ ਕਰਕੇ ਕਿਸੇ ਪਾਸਿਉਂ ਟੁੱਟ ਜਾਂਦੇ ਹਨ ਕਿਸੇ ਪਾਸੇ ਜੁੜ ਜਾਂਦੇ ਹਨ, ਧਾਰਮਿਕ ਖੇਤਰ ਵਿੱਚ ਵੀ ਲੋਕ ਬਦਲਦੇ ਰਹਿੰਦੇ ਹਨ, ਉੱਥੇ ਵੀ ਇਹੀ ਹਾਲ ਹੁੰਦਾ ਹੈ, ਜਦੋਂ ਕੋਈ ਹੋਰ ਧਰਮ ਦਾ ਬੰਦਾ ਸਾਡੇ ਧਰਮ ਵਿੱਚ ਆ ਜਾਵੇ ਤਾਂ ਬਹੁਤ ਚੰਗਾ, ਜੇ ਕੋਈ ਸਾਡੇ ਧਰਮ ਨੂੰ ਛੱਡ ਕੇ ਦੂਜੇ ਧਰਮ ਵਿੱਚ ਚਲਾ ਜਾਵੇ, ਫਿਰ ਗੱਦਾਰ ਜਾਂ ਵਿਕ ਗਿਆ। ਜੇ ਗੁਰੂ ਘਰ ਦੀ ਕਮੇਟੀ ਨੂੰ ਠੀਕ ਨਾ ਲੱਗੇ ਤਾਂ ਗੁਰੂ ਘਰ ਦੀਆਂ ਕਮੇਟੀਆਂ ਗ੍ਰੰਥੀਆਂ, ਰਾਗੀਆਂ ਨੂੰ ਬਦਲ ਦਿੰਦੀਆਂ ਹਨ, ਜੇ ਗ੍ਰੰਥੀਆਂ, ਰਾਗੀਆਂ ਨੂੰ ਠੀਕ ਨਾ ਲੱਗੇ ਤਾਂ ਉਹ ਵੀ ਗੁਰੂ ਘਰ ਬਦਲ ਦਿੰਦੇ ਹਨ, ਅਸੀਂ ਆਪਣੇ ਆਂਢ ਗੁਆਂਢ ਵਿੱਚ ਵੀ ਬਦਲਦੇ ਰਹਿੰਦੇ ਹਾਂ, ਅੱਜ ਕਿਸੇ ਗੁਆਂਢੀ ਨਾਲ ਨੇੜਤਾ ਹੈ ਕੱਲ੍ਹ ਨੂੰ ਕਿਸੇ ਹੋਰ ਨਾਲ ਹੋ ਜਾਂਦੀ ਹੈ। ਜਿੰਨੇ ਉਮੀਦਵਾਰ ਜਿੱਤਦੇ ਹਨ ਉਸ ਤੋਂ ਕਈ ਗੁਣਾ ਵੱਧ ਉਮੀਦਵਾਰ ਹਾਰਦੇ ਵੀ ਹਨ, ਕਈ ਵਾਰ ਚੰਗੇ ਉਮੀਦਵਾਰ ਵੀ ਹਾਰ ਜਾਂਦੇ ਹਨ, ਕੀ ਫਿਰ ਉਹ ਵੀ ਵੋਟਰਾਂ ਨੂੰ ਗੱਦਾਰ ਕਹਿਣਗੇ ? ਕਈ ਵਾਰ ਉਸ ਬੰਦੇ ਦੀ ਗੱਲ ਵੀ ਸਹੀ ਹੋ ਸਕਦੀ ਹੈ ਜਿਸ ਨਾਲ਼ ਕੋਈ ਵੀ ਨਹੀਂ ਹੁੰਦਾ, ਜਰੂਰੀ ਨਹੀਂ ਹੁੰਦਾ ਕਿ ਹਰ ਵਾਰ ਬਹੁ ਗਿਣਤੀ ਦਾ ਫੈਸਲਾ ਸਹੀ ਹੋਵੇ, ਮੋਦੀ ਦੀ ਸਰਕਾਰ ਬਣਾਉਣਾ ਸਾਡੇ ਭਾਰਤੀਆਂ ਦੀ ਬਹੁ ਗਿਣਤੀ ਦਾ ਕਿੰਨਾ ਮਾੜਾ ਫੈਸਲਾ ਸੀ, ਉਹ ਅੱਜ ਸਭ ਦੇ ਸਾਹਮਣੇ ਹੈ, ਮੇਰੀ ਸੋਚ ਮੁਤਾਬਿਕ ਮਾੜਾ ਹੋਣਾ ਮਾੜਾ ਹੈ ਬਦਲਣਾ ਮਾੜਾ ਨਹੀਂ ਹੁੰਦਾ। ਕਈ ਵਾਰ ਅਸੀਂ ਮਾੜੇ ਲੀਡਰ ਮਗਰ ਲੱਗ ਜਾਂਦੇ ਹਾਂ, ਕੀ ਫਿਰ ਸਾਨੂੰ ਬਦਲਣਾ ਨਹੀਂ ਚਾਹੀਦਾ ? ਕਈ ਵਾਰ ਲੀਡਰ ਵੀ ਗਲਤ ਪਾਰਟੀ ਵਿੱਚ ਚਲਾ ਜਾਂਦਾ ਹੈ ਕੀ ਫਿਰ ਉਸ ਨੂੰ ਉੱਥੇ ਹੀ ਰਹਿਣਾ ਚਾਹੀਦਾ ਹੈ ? ਜਿਹੜੇ ਲੀਡਰ ਸਾਰੀ ਉਮਰ ਪਾਰਟੀ ਨਹੀਂ ਬਦਲਦੇ ਜ਼ਰੂਰੀ ਨਹੀਂ ਹੈ ਕਿ ਉਹ ਇਮਾਨਦਾਰ ਜਾਂ ਲੋਕ ਪੱਖੀ ਹੋਣ, ਇਹ ਵੀ ਜਰੂਰੀ ਨਹੀਂ ਹੁੰਦਾ ਕਿ ਪਾਰਟੀ ਬਦਲਣ ਵਾਲੇ ਬੇਈਮਾਨ ਜਾਂ ਲੋਕ ਵਿਰੋਧੀ ਹੋਣ, ਸਾਨੂੰ ਪਾਰਟੀ ਜਾਂ ਧਰਮ ਆਦਿ ਬਦਲਣ ਤੇ ਰੌਲਾ ਪਾਉਣ ਵਾਲਿਆਂ ਨੂੰ ਚਾਹੀਦਾ ਹੈ ਕਿ ਅਸੀਂ ਸਾਡੇ ਚੁਣੇ ਹੋਏ ਲੀਡਰਾਂ ਦੀ ਕਾਰਗੁਜ਼ਾਰੀ ਨੂੰ ਵੇਖੀਏ ਕਿ ਉਸ ਨੇ ਲੋਕਾਂ ਲਈ ਕੀ ਕੀਤਾ ਹੈ, ਕਿਤੇ ਉਸ ਨੇ ਲੋਕਾਂ ਦੇ ਹੱਕ ਤਾਂ ਨਹੀਂ ਮਾਰੇ, ਉਸ ਤੋਂ ਹਿਸਾਬ ਮੰਗੋ ਕਿ ਤੈਂ ਪੰਜ ਸਾਲਾਂ ਵਿੱਚ ਕੀ ਕੀਤਾ ਹੈ, ਉਸ ਨੂੰ ਪੁੱਛੋ ਕਿ ਤੈਂ ਜੰਤਾ ਦੇ ਕਿੰਨੇ ਪੈਸੇ ਤਨਖਾਹਾਂ ਅਤੇ ਭੱਤਿਆਂ ਵਿੱਚ ਹੜੱਪ ਕੀਤੇ ਹਨ, ਆਪਣੇ ਲੀਡਰਾਂ ਨੂੰ ਪੁੱਛੋ ਕਿ ਤੁਹਾਡੀਆਂ ਤਨਖਾਹਾਂ ਇੰਨੀਆਂ ਕਿਉਂ ਹਨ, ਜੋ ਲੀਡਰ ਸਾਨੂੰ ਇੱਕੋ ਥਾਂ ਟਿਕ ਕੇ ਖਾ ਰਹੇ ਹਨ ਉਹਨਾਂ ਵਾਰੇ ਤਾਂ ਅਸੀਂ ਬੋਲਦੇ ਨਹੀਂ, ਜਦੋਂ ਕਿ ਇੱਥੇ ਬੋਲਣਾ ਸਾਡਾ ਹੱਕ ਹੈ, ਪਰ ਅਸੀਂ ਆਪਣੇ ਹੱਕਾਂ ਲਈ ਬੋਲਣ ਦੀ ਥਾਂ ਦੂਜੇ ਦੇ ਹੱਕਾਂ ਵਿਰੁੱਧ ਬੋਲਣ ਨੂੰ ਹੀ ਆਪਣੇ ਹੱਕ ਸਮਝਦੇ ਹਾਂ, ਅਸੀਂ ਸਭ ਆਪਣੇ ਫੈਸਲੇ ਲੈਣ ਲਈ ਅਜਾਦ ਹਾਂ, ਅਸੀਂ ਜੋ ਮਰਜੀ ਕਰੀਏ, ਇਸ ਲਈ ਕਿਸੇ ਨੂੰ ਪਾਰਟੀ ਜਾਂ ਧਰਮ ਆਦਿ ਬਦਲਣ ਤੇ ਮੰਦਾ ਨਹੀਂ ਬੋਲਣਾ ਚਾਹੀਂਦਾ, ਹਾਂ ਤੁਹਾਨੂੰ ਉਹ ਪਸੰਦ ਨਹੀਂ ਹੈ ਤੁਸੀਂ ਉਸ ਦਾ ਸਾਥ ਨਾ ਦਿਓ।

**ਹਰਲਾਜ ਸਿੰਘ ਬਹਾਦਰਪੁਰ**
94170-23911
harlajsingh7@gmail.com















# ਭਾਰਤੀ ਲੋਕਾਂ ਦੀ ਮੁਕਤੀ, ਨਕਸਲਬਾੜੀ ਦਾ ਰਾਹ

## *ਅੱਜ ਦੀ ਹਾਲਤ ਵਿੱਚ ਨਕਸਲਬਾੜੀ ਦੀ ਸੇਧ ਹੀ ਇਨਕਲਾਬ ਦੀ ਗਰੰਟੀ*






ਮੋਗਾ, (ਬਲਜਿੰਦਰ ਸਿੰਘ) : ਮੋਗਾ ਲੋਕ ਸੰਗਰਾਮ ਮੋਰਚਾ, ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਤੇ ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਸ਼ਹੀਦਾਂ ਦੀ ਯਾਦ ਵਿੱਚ ਕਨਵੈਨਸ਼ਨ ਦਾ ਆਯੋਜਨ ਕੀਤਾ ਗਿਆ। ਦਰਸ਼ਨ ਸਿੰਘ ਤੂਰ, ਲੋਕ ਰਾਜ ਮਹਿਰਾਜ, ਪਰਮਜੀਤ ਸਿੰਘ ਜ਼ੀਰਾ, ਗੁਰਦੀਪ ਸਿੰਘ ਵੈਰੋ ਕੇ, ਬਲਵੰਤ ਮੱਖੂ ਤੇ ਸ਼ਹੀਦਾਂ ਦੇ ਪਰਿਵਾਰਕ ਨੁਮਾਇੰਦਿਆਂ ਦੀ ਪ੍ਰਧਾਨਗੀ ਵਿੱਚ ਆਯੋਜਿਤ ਕੀਤੀ ਗਈ ਕਨਵੈਨਸ਼ਨ ਵਿੱਚ ਬੋਲਦਿਆਂ ਬੁਲਾਰਿਆਂ ਨੇ ਆਖਿਆ ਕਿ ਅੱਜ 54 ਸਾਲ ਹੋ ਗਏ ਪੱਛਮੀ ਬੰਗਾਲ ਦੇ ਨਕਸਲਬਾੜੀ ਇਲਾਕੇ 'ਚੋਂ ਨਕਸਲਬਾੜੀ ਲਹਿਰ ਨੂੰ ਉੱਠਿਆਂ। ਨਕਸਲਬਾੜੀ ਦੀ ਇਹ ਲਹਿਰ ਅੱਜ ਵੀ ਭਾਰਤ ਅੰਦਰ ਲੋਕ ਦੁਸ਼ਮਣ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਸਤਾਏ ਮਜਦੂਰਾਂ ਕਿਸਾਨਾਂ ਅਤੇ ਹੋਰ ਲੋਕਾਂ ਲਈ ਮੁਕਤੀ ਦਾ ਇੱਕੋ ਇੱਕ ਰਾਹ ਸਾਬਤ ਹੋ ਰਹੀ ਹੈ। ਦੇਸ਼ ਦੇ ਹਜਾਰਾਂ ਸਿਰੜੀ ਯੋਧਿਆਂ ਦੇ ਖ਼ੂਨ/ਨਾਲ ਸਿੰਜੀ ਇਹ ਲਹਿਰ ਉਦੋਂ ਤੋਂ ਅੰਦਰੂਨੀ ਕਮਜੋਰੀਆਂ ਕਦੇ ਮੱਠੀ ਕਦੇ ਤੇਜ ਅਤੇ ਵੱਖ-ਵੱਖ ਝੱਖੜ-ਝੋਲਿਆਂ ਵਿਚੋਂ ਲੰਘਦੀ ਲਗਾਤਾਰ ਭਾਰਤੀ ਹਾਕਮ ਜਮਾਤਾਂ ਅਤੇ ਇਨ੍ਹਾਂ ਦੇ ਲੁਟੇਰੇ ਰਾਜ ਪ੍ਰਬੰਧ 'ਤੇ ਕਰਾਰੀਆਂ ਸੱਟਾ ਮਾਰ ਰਹੀ ਹੈ। ਨਕਸਲਬਾੜੀ ਦੀ ਇਹ ਚਿੰਗਾੜੀ ਦੇਸ਼ ਅੰਦਰ ਇਸ ਤੋਂ ਪਹਿਲਾਂ ਉੱਠੀਆਂ ਵੱਖ-2 ਲਹਿਰਾਂ ਦੇ ਲਹੂ-ਸਿੰਜੇ ਇਤਿਹਾਸ ਅਤੇ ਉਨ੍ਹਾਂ ਦੀ ਵਿਰਾਸਤ ਨੂੰ ਉੱਚ ਪਾਏ ਦੀ ਸਿਆਸਤ ਭਾਵ ਦੇਸ਼ ਅੰਦਰ ਮੌਜੂਦਾ ਰਾਜ ਪ੍ਰਬੰਧ (ਸਿਰਫ ਪਾਰਲੀਮਾਨੀ ਢਾਂਚਾ ਨਹੀਂ) ਨੂੰ ਉਲਟਾ ਕੇ ਇੱਕ ਨਵਾਂ ਅਤੇ ਲੋਕਾਂ ਦੀ ਪ੍ਰੁੱਗਤ ਵਾਲਾ ਰਾਜ ਸਥਾਪਤ ਕਰਨ ਦੀ ਇੱਕ ਉੱਚੀ-ਸੁੱਚੀ ਮਿਸਾਲ ਬਣ ਚੁੱਕੀ ਹੈ।

ਬੁਲਾਰਿਆਂ ਨੇ ਕਾ ਚਾਰੂ ਮਜੂਮਦਾਰ, ਕਨ੍ਹਈ ਚੈਟਰਜੀ, ਬਾਬਾ ਬੂਝਾ ਸਿੰਘ, ਸ਼ਹੀਦ ਊਧਮ ਸਿੰਘ, ਪ੍ਰਿਥੀਪਾਲ ਰੰਧਾਵਾ, ਅਵਤਾਰ ਸਿੰਘ ਢੁੱਡੀਕੇ, ਲਾਲਇੰਦਰ ਕੁਮਾਰ ਲਾਲੀ ਸਮੇਤ ਜੁਲਾਈ ਮਹੀਨੇ ਦੇ ਸਮੂਹ ਸ਼ਹੀਦਾਂ ਅਤੇ ਮੌਜੂਦਾ ਕਿਸਾਨ (ਲੋਕ ਅੰਦੋਲਨ) ਦੌਰਾਨ ਸ਼ਹੀਦ ਹੋਏ ਤੇ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਆਖਿਆ ਕਿ ਕਿਸਾਨ-ਮਜਦੂਰ ਏਕਤਾ ਦੇ ਨਾਅਰੇ ਨੂੰ ਪਿੰਡ ਪੱਧਰ 'ਤੇ ਲਾਗੂ ਕਰਦੇ ਹੋਏ ਮੱਧਵਰਗ ਤੇ ਕੌਮੀ ਸਰਮਾਏਦਾਰੀ ਦੀ ਹਮਾਇਤ ਨੂੰ ਮਜ਼ਬੂਤ ਕਰਦਿਆਂ; ਫਾਸ਼ੀਵਾਦੀ ਮੋਦੀ ਹਕੂਮਤ ਤੇ ਕਾਰਪੋਰੇਟ ਘਰਾਣਿਆਂ ਖਾਸਕਰ ਅੰਬਾਨੀ ਅਡਾਨੀ ਵਿਰੁੱਧ ਜਾਰੀ ਅੰਦੋਲਨ ਨੂੰ ਜਿੱਤ ਤੱਕ ਲਿਜਾਇਆ ਜਾਵੇਗਾ, ਉਹਨਾਂ ਸਪੱਸ਼ਟ ਕੀਤਾ ਕਿ ਤਿੰਨੋਂ ਕਾਲੇ ਕਾਨੂੰਨ ਸਾਡੇ ਸਮਾਜ ਲਈ ਬੇਹੱਦ ਘਾਤਕ ਹਨ, ਇਸ ਲਈ ਇਨ੍ਹਾਂ ਨੂੰ ਰੱਦ ਕਰਾਉਣਾ ਹੀ ਦਿੱਲੀ ਅੰਦੋਲਨ ਦੀ ਮੰਗ ਅਤੇ ਸ਼ਰਤ ਹੈ। ਇਸ ਮੌਕੇ ਲੋਕਾਂ ਨੂੰ ਸੱਦਾ ਦਿੱਤਾ ਗਿਆ ਕਿ ਵੋਟ ਵਟੋਰੂ ਪਾਰਟੀਆਂ ਦੇ ਝਾਂਸੇ ਵਿੱਚ ਆਉਣ ਦੀ ਬਜਾਏ ਸ਼ਹੀਦਾਂ ਵੱਲੋਂ ਦਰਸਾਏ ਗਏ ਮਾਰਗ 'ਤੇ ਅੱਗੇ ਵਧਦਿਆਂ ਲੋਕ ਤਾਕਤ ਨੂੰ ਮਜ਼ਬੂਤ ਕਰਨ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਬਲਵੰਤ ਮੱਖੂ, ਸੂਬਾ ਆਗੂ ਸੰਦੀਪ ਪੰਡੋਰੀ, ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਦੇ ਜਨ ਸਕੱਤਰ ਬਲਦੇਵ ਸਿੰਘ ਜੀਰਾ, ਸੀਨ ਮੀਤ ਪ੍ਰਧਾਨ ਲਾਲ ਸਿੰਘ ਗੋਲੇਵਾਲਾ, ਲੋਕ ਸੰਗਰਾਮ ਮੋਰਚਾ ਪੰਜਾਬ ਦੇ ਪ੍ਰਧਾਨ ਤਾਰਾ ਸਿੰਘ ਮੋਗਾ, ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਮਲਹੋਤਰਾ, ਸਹਾਇਕ ਸਕੱਤਰ ਦਲਵਿੰਦਰ ਸਿੰਘ ਸ਼ੇਰ ਖਾਂ ਨੇ ਸੰਬੋਧਨ ਕੀਤਾ।

## ਸਾਡੇ ਵੱਡੇ ਵੀਰ ਕਾਮਰੇਡ ਅਵਤਾਰ ਸਿੰਘ ਢੁੱਡੀਕੇ

ਸਾਡੇ ਵੱਡੇ ਵੀਰ ਕਾਮਰੇਡ ਅਵਤਾਰ ਸਿੰਘ ਢੁਡੀਕੇ ਜਿੰਨਾਂ ਨੂੰ ਪੱਚੀ ਜੁਲਾਈ ਉਨੀ ਸੌ ਅਤਰਾਸੀ ਨੂੰ ਪਿੰਡ ਦੇ ਹੀ ਗੁੰਡਾ ਗਰੋਹ ਵੱਲੋਂ ਕਤਲ ਕਰਕੇ ਸਹੀਦ ਕਰ ਦਿੱਤਾ ਸੀ ਆਓ ਅੱਜ ਉਨ੍ਹਾਂ ਨੂੰ ਸਰਧਾਂਜਲੀ ਭੇਂਟ ਕਰਦੇ ਹੋਏ ਕਿਸਾਨਾਂ ਦੇ ਚੱਲ ਰਹੇ ਘੋਲ ਵਿੱਚ ਆਪਣਾ ਯੋਗਦਾਨ ਪਾਈਏ।



ਸਾਨੂੰ ਬਾਈ ਜੀ ਦੇ ਪਰਿਵਾਰ ਤੇ ਮਾਣ ਹੈ ਜਿਨਾਂ ਦਾ ਸਪੁੱਤਰ ਗੁਰਸਰਨ ਸਿੰਘ ਸੰਧੂ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪਿੰਡ ਢੁੱਡੀਕੇ ਦੀ ਅਗਵਾਈ ਕਰ ਰਹੇ ਹਨ। ਮਹਾਨ ਯੋਧੇ ਬਾਈ ਅਵਤਾਰ ਢੁੱਡੀਕੇ ਨੂੰ ਸਾਡਾ ਲਾਲ ਸਲਾਮ।

## ਸਰੋਕਾਰਾਂ ਦੀ ਆਵਾਜ' ਵਲੋਂ ਸ਼ੋਕ ਮਤਾ

ਅਦਾਰਾ "ਸਰੋਕਾਰਾਂ ਦੀ ਆਵਾਜ਼" ਖਬਰ ਸਾਂਝੀ ਕਰ ਰਿਹਾ ਹੈ ਕਿ ਸਾਥੀ ਪ੍ਰਿੰਸੀਪਲ ਸਤੀਸ਼ ਸ਼ਰਮਾ ਸਾਡੇ ਵਿਚਕਾਰ ਨਹੀਂ ਰਹੇ। ਅਲਵਿਦਾ!! ਲਾਲ ਸਲਾਮ ਲਾਲ ਸਲਾਮ!

ਜਗਰਾਂਓ ਦੇ ਜੰਮਪਲ, ਅਪਣੀ ਜਵਾਨੀ ਸਮੇਂ ਵਿਦਿਆਰਥੀ ਹੁੰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਨਾਲ ਜੁੜੇ ਰਹੇ, ਸੰਸਾਰ ਭਰ ਦੇ ਸਾਹਿਤ ਦੇ, ਵਿਸ਼ੇਸ਼ਕਰ ਅੰਗਰੇਜ਼ੀ ਸਾਹਿਤ ਦੇ ਰਸੀਏ, ਬਤੌਰ ਅੰਗਰੇਜ਼ੀ ਅਧਿਆਪਕ ਲੱਖਾ, ਸ਼ੇਰਪੁਰ ਕਲਾਂ, ਸਿਧਵਾਂ ਕਲਾਂ, ਮਹਿਤਾ ਚੌਂਕ ਸਰਕਾਰੀ ਸਕੂਲਾਂ 'ਚ ਉਨ੍ਹਾਂ ਤੋਂ ਪੜ੍ਹੇ ਬੱਚਿਆਂ ਦੇ ਦਿਲਾਂ 'ਚ ਉਹ ਅੱਜ ਵੀ ਵਸਦੇ ਹਨ। ਬਤੌਰ ਪ੍ਰਿੰਸੀਪਲ ਸਰਕਾਰੀ ਹਾਇਰ ਸੈਕੰਡਰੀ ਸਕੂਲ ਕਮਾਲਪੁਰਾ ਤੋਂ ਦਸੰਬਰ 2014 'ਚ ਉਹ ਸੇਵਾਮੁਕਤ ਹੋਏ ਸਨ। ਸੱਤਰਵਿਆਂ 'ਚ ਨੌਜਵਾਨ ਭਾਰਤ ਸਭਾ ਦੀ ਪ੍ਰੋਗਰੈਸਿਵ ਲਾਇਬ੍ਰੇਰੀ ਜਗਰਾਓਂ ਤੇ ਬਾਅਦ 'ਚ ਐਕਸਟੈਂਸ਼ਨ ਲਾਇਬ੍ਰੇਰੀ ਲੁਧਿਆਣਾ। ਉਨ੍ਹਾਂ ਦੇ ਸੰਸਾਰ ਸਾਹਿਤ ਅਧਿਐਨ ਦੇ ਤਪਸਿਆ ਸਥਲ ਸਨ। ਹਰ ਨਾਪਸੰਦਗੀ ਪ੍ਰਤੀ ਤਿੱਖੀ ਖਿੱਚ ਉਸਦੇ ਸੁਭਾਅ ਦਾ ਅੰਗ ਸੀ। ਇਸੇ ਕਾਰਨ ਉਹ ਲੰਮੇ ਸਮੇਂ ਤੋਂ ਜੀਵਨ ਦਾ ਸਮਤੋਲ ਭੁੱਲ ਆਪਣੇ ਆਪ ਨੂੰ ਮੌਜੂਦਾ ਆਲੇ-ਦੁਆਲੇ 'ਚ ਸਮਾਉਣ ਤੋਂ ਬਾਗੀ ਰਿਹਾ। ਬੀਮਾਰੀ ਦੇ ਚੱਲਦਿਆਂ ਜੀਵਨ ਸਾਥਣ ਅਤੇ ਕੁੱਝ ਮਿੱਤਰਾਂ ਨੇ ਸਾਂਭ ਸੰਭਾਲ ਕੀਤੀ ਪਰ ਕੱਲ੍ਹ ਬਾਅਦ ਦੁਪਹਿਰ ਇੱਕ ਜੀਨੀਅਸ ਸਦਾ ਸਦਾ ਲਈ ਵਿਛੋੜਾ ਦੇ ਗਿਆ। ਇਹ ਸੀ ਸਾਡਾ ਪਿਆਰਾ ਮਿੱਤਰ ਪ੍ਰਿੰਸੀਪਲ ਸਤੀਸ਼ ਸ਼ਰਮਾ। 16 ਜੁਲਾਈ ਨੂੰ ਸਵੇਰੇ 10 ਵਜੇ ਹੀਰਾ ਬਾਗ, ਨੇੜੇ ਕਿਰਪਾਲ ਆਸ਼ਰਮ, ਮਲਕ ਰੋਡ ਜਗਰਾਂਓ ਤੋਂ ਉਨ੍ਹਾਂ ਦੀ ਅੰਤਿਮ ਯਾਤਰਾ ਸ਼ੁਰੂ ਹੋਈ।











# ਕੈਲਗਰੀ ਦਾ ਸਟੈਂਪੀਡ ਮੇਲਾ



ਗੁਰਚਰਨ ਕੌਰ ਥਿੰਦ
ਕੈਲਗਰੀ
001-403-402-9635


'ਮੇਲੇ ਵਿੱਚ ਚੱਲ ਮੇਰੇ ਨਾਲ ਕੁੜੇ...ਹੋ ਹੋਅ ਹੋ ਹੋਅ...' ਮੇਲੇ ਦਾ ਨਾਂ ਜ਼ਿਹਨ ਵਿੱਚ ਆਉਂਦਿਆਂ ਹੀ ਪੰਜਾਬੀ ਗਾਇਕ ਆਸਾ ਸਿੰਘ ਮਸਤਾਨਾ ਦੇ ਬੋਲਾਂ ਦੀ ਵਿਲੱਖਣ ਹੇਕ ਬੁਲਾਉਂਦੀ ਪ੍ਰਤੀਤ ਹੁੰਦੀ ਹੈ।

ਜੀ ਹਾਂ, ਧਰਤੀ ਤੇ ਖੁੱਲ੍ਹੇ ਵਿੱਚ ਲਗਣ ਵਾਲਾ ਸਭ ਤੋਂ ਵੱਡਾ ਮੇਲਾ "ਕੈਲਗਰੀ ਦਾ ਸਟੈਂਪੀਡ" ਪੂਰੇ ਜ਼ੋਰ ਜਾਹੋ ਜਲਾਲ ਨਾਲ ਸੰਪਨ ਹੋਇਆ। ਦੇਸ਼ ਵਿਦੇਸ਼ ਦੇ ਬੱਚਿਆਂ, ਨੌਜੁਆਨਾਂ, ਬਜ਼ੁਰਗਾਂ, ਮਰਦਾਂ ਤੇ ਔਰਤਾਂ ਨੂੰ ਇਸ ਵਿੱਚ ਸ਼ਾਮਲ ਹੋਣ ਅਤੇ ਕਾਓ ਬੁਆਏਜ਼ ਤੇ ਮੂਲ-ਨਿਵਾਸੀਆਂ ਦੇ ਸਭਿਆਚਾਰਕ ਪ੍ਰਦਰਸ਼ਨ ਦਾ ਆਨੰਦ ਮਾਨਣ ਦਾ ਖੁੱਲ੍ਹਾ ਸੱਦਾ ਗਿਆ। ਸੌ ਸਾਲ ਤੋਂ ਵੀ ਵੱਧ ਸਮੇਂ ਤੋਂ ਇਹ ਮੇਲਾ ਹਰ ਸਾਲ ਜੁਲਾਈ ਮਹੀਨੇ ਦੇ ਪਹਿਲੇ ਸ਼ੁਕਰਵਾਰ ਤੋਂ ਸ਼ੁਰੂ ਹੋ ਕੇ ਪੂਰੇ ਦਸ ਦਿਨ ਤੱਕ ਲਗਦਾ ਆ ਰਿਹਾ ਹੈ। ਹਾਂ, ਜੇਕਰ ਪਹਿਲਾ ਸ਼ੁਕਰਵਾਰ 'ਕਨੇਡਾ ਡੇ' ਹੋਵੇ ਜਾਂ ਇਸ ਤੋਂ ਪਹਿਲਾ ਦਿਨ ਵੀਰਵਾਰ 'ਕਨੇਡਾ ਡੇ' ਭਾਵ ਇੱਕ ਜੁਲਾਈ ਦਾ ਦਿਨ ਹੋਵੇ ਤਾਂ ਇਹ ਮੇਲਾ ਜੁਲਾਈ ਦੇ ਦੂਸਰੇ ਸ਼ੁਕਰਵਾਰ ਸ਼ੁਰੂ ਹੋ ਕੇ ਅਗਲੇ ਦਸ ਦਿਨ ਤੱਕ ਹੁੰਦਾ ਹੈ। ਜਿਂਵੇਂ ਇਸ ਸਾਲ ਪਹਿਲੀ ਜੁਲਾਈ ਵੀਰਵਾਰ ਨੂੰ 'ਕਨੇਡਾ ਡੇ' ਸੀ ਅਤੇ ਅਗਲਾ ਦਿਨ ਪਹਿਲਾ ਸ਼ੁਕਰਵਾਰ ਸੀ ਸੋ ਇਸ ਸਾਲ ਮੇਲਾ ਦੂਜੇ ਸ਼ੁਕਰਵਾਰ 9 ਜੁਲਾਈ ਤੋਂ 18 ਜੁਲਾਈ ਤੱਕ ਚਲਿਆ।

ਇਸ ਮੇਲੇ ਦੀਆਂ ਜੜ੍ਹਾਂ 1886 ਵਿੱਚ ਕੈਲਗਰੀ ਵਿਖੇ ਜ਼ਿਲਾ ਐਗਰੀਕਲਚਰ ਸੋਸਾਇਟੀ ਵਲੋਂ ਲਗਾਏ ਗਏ ਪਹਿਲੇ ਖੇਤੀ ਬਾੜੀ ਦੇ ਪ੍ਰਦਰਸ਼ਨ ਨਾਲ ਜਾ ਜੁੜਦੀਆਂ ਹਨ। ਉਂਜ 1912 ਵਿੱਚ ਅਮਰੀਕਾ ਤੋਂ ਆਏ 'ਗੇ ਵੀਡਿਕ' ਨਾਂ ਦੇ ਕਾਓ ਬੁਆਏ ਨੇ ਇਸ ਖੇਤੀ ਬਾੜੀ ਪ੍ਰਦਰਸ਼ਨ ਦੇ ਨਾਲ ਪਹਿਲਾ 'ਰੋਡੀਓ ਸ਼ੋਅ' ਕਰਵਾਇਆ ਅਤੇ ਇਸ ਮੇਲੇ ਨੂੰ ਉਤਸਵ ਵਜੋਂ ਮਨਾਇਆ ਜਿਸ ਨੂੰ 'ਸਟੈਂਪੀਡ' ਦਾ ਨਾਂ ਦਿੱਤਾ। 1919 ਵਿੱਚ ਪਹਿਲੇ ਸੰਸਾਰ ਯੁੱਧ ਤੋਂ ਮੁੜੇ ਜੇਤੂ ਸਿਪਾਹੀਆਂ ਦੇ ਮਾਣ ਵਿੱਚ ਇਹ ਸਟੈਂਪੀਡ ਤਿਉਹਾਰ ਵਾਂਗ ਮਨਾਇਆ ਗਿਆ। ਆਖਰ ਇਹ ਉਤਸਵ 1923 ਵਿੱਚ ਸਲਾਨਾ ਤਿਉਹਾਰ ਬਣ ਗਿਆ ਜਦੋਂ ਇਸ ਵਿੱਚ 'ਕੈਲਗਰੀ ਇੰਡਸਟਰੀਅਲ ਐਗਜ਼ੀਬੀਸ਼ਨ' ਸ਼ਾਮਲ ਕਰ ਦਿੱਤਾ ਗਿਆ। ਹੁਣ ਇਹ ਦੁਨੀਆਂ ਦਾ ਸਭ ਤੋਂ ਵੱਧ ਪੈਸੇ ਜਿੱਤਣ ਵਾਲੇ 'ਰੋਡੀਓਜ਼' ਵਾਲਾ ਕਨੇਡਾ ਦਾ ਸਭ ਤੋਂ ਵੱਡਾ ਤਿਉਹਾਰ ਹੈ ਜਿਸਨੇ ਕੈਲਗਰੀ ਸ਼ਹਿਰ ਨੂੰ ਟੂਰਿਸਟਾਂ ਲਈ ਸਭ ਤੋਂ ਵੱਧ ਖਿੱਚ ਦਾ ਕੇਂਦਰ ਬਣਾ ਦਿੱਤਾ ਹੈ। ਕੈਲਗਰੀ ਨੂੰ 'ਸਟੈਪੀਡ ਸਿਟੀ' ਵੀ ਆਖਿਆ ਜਾਂਦਾ ਹੈ। ਕੈਲਗਰੀ ਦੀ ਸਥਾਨਕ ਫੁੱਟਬਾਲ ਟੀਮ ਨੂੰ ਪਿਆਰ ਨਾਲ 'ਸਟੈਂਪੀਡਰਜ਼' ਆਖਦੇ ਹਨ। ਅੱਜ ਵਾਲਾ ਮਹਾਂਨਗਰ ਦੀ ਦਿੱਖ ਵਾਲਾ ਕੈਲਗਰੀ ਸ਼ਹਿਰ ਕਦੇ 'ਕਾਓਟਾਊਨ' ਵਜੋਂ ਜਾਣਿਆ ਜਾਂਦਾ ਸੀ। ਇਸ ਦੇ ਚੁਫ਼ੇਰੇ ਪਸਰੇ ਵੱਡੇ ਵੱਡੇ ਫਾਰਮਾਂ ਅਤੇ ਰੈਂਚਾਂ ਦੇ ਮਾਲਕ ਤੇ ਕਾਮੇ ਵੱਡੇ ਵੱਡੇ ਹੈਟ ਪਾਈ ਇੱਥੇ ਘੁੰਮਦੇ ਇਸ ਨੂੰ ਗਾਵਾਂ ਤੇ ਮੱਝਾਂ ਸਾਂਭਣ ਵਾਲਿਆਂ ਵਾਲੀ ਦਿੱਖ ਦੇਂਦੇ ਸਨ।

ਸਟੈਂਪੀਡ ਦੌਰਾਨ ਸ਼ਹਿਰ ਵਿੱਚ ਪਾਰਟੀ ਵਾਲਾ ਮਾਹੌਲ ਹੁੰਦਾ ਹੈ। ਦਫ਼ਤਰਾਂ ਦੀਆਂ ਇਮਾਰਤਾਂ ਅਤੇ ਵੱਡੇ ਛੋਟੇ ਸਟੋਰਾਂ ਦੇ ਮੱਥੇ ਕਾਓ-ਬੁਆਏ ਥੀਮਜ਼ ਨਾਲ ਪੇਂਟ ਕੀਤੇ ਜਾਂਦੇ ਹਨ। ਮੇਲੇ ਦੀ ਸ਼ੁਰੂਆਤ ਪਰੇਡ ਨਾਲ ਹੁੰਦੀ ਹੈ। ਜਿਸ ਵਿੱਚ ਸ਼ਾਮਲ ਵੰਨ-ਸੁਵੰਨੀਆਂ ਝਾਕੀਆਂ, ਬੈਂਡ, ਵੱਖ ਵੱਖ ਦੇਸ਼ਾਂ ਤੇ ਕਮਿਊਨੀਟੀਜ਼ ਦੀਆਂ ਆਪੋ ਆਪਣੀਆਂ ਸਭਿਆਚਾਰਕ ਝਾਕੀਆਂ, ਕਾਰੋਬਾਰੀ ਝਾਕੀਆਂ ਤੇ ਸਰਕਾਰੀ ਝਾਕੀਆਂ ਦੀ ਕਈ ਕਿਲੋਮੀਟਰ ਲੰਮੀ ਪਰੇਡ ਵੱਡੀ ਗਿਣਤੀ ਵਿੱਚ ਲੋਕ ਸੜਕ ਦੇ ਦੋਵੇਂ ਪਾਸੇ ਬੈਠ ਘੰਟਿਆਂਬੱਧੀ ਮੰਤਰ-ਮੁਗਧ ਹੋ ਵੇਖਦੇ ਹਨ। ਰਾਤ ਨੂੰ ਨਿਯਤ ਸਮੇਂ ਤੇ ਵੀਹ ਮਿੰਟ ਲਈ ਫਾਇਰਵਰਕਸ ਦਾ ਸ਼ੋਅ ਹੁੰਦਾ ਹੈ। ਲੋਕ ਕਾਓ-ਬੁਆਏ ਹੈਟ ਪਾਉਂਦੇ ਹਨ। ਥਾਂ ਥਾਂ ਪੈਨਕੇਕ ਅਤੇ ਬਾਰਬਿਕਿਯੂ ਲਗਾਏ ਜਾਂਦੇ ਹਨ। ਮੇਲੇ ਵਾਲੀ ਲੰਮੀ ਚੌੜੀ ਥਾਂ ਤੇ ਵੰਨ-ਸੁਵੰਨੇ ਪੰਘੂੜੇ, ਚੰਡੋਲ ਬੱਚਿਆਂ ਤੇ ਨੌਜੁਆਨਾਂ ਦੀ ਖਿੱਚ ਦਾ ਕੇਂਦਰ ਬਣਦੇ ਹਨ। ਕਈ ਤਾਂ ਇਨੇ ਉੱਚੇ ਭਈ ਵੇਖਣ ਲਗਿਆਂ ਧੌਣ ਵਲ਼ ਖਾ ਜਾਂਦੀ ਹੈ। ਭਿੰਨ ਭਿੰਨ ਪ੍ਰਕਾਰ ਦੀਆਂ ਖੇਡਾਂ ਜਿੱਥੇ ਸ਼ੁਕੀਨ ਟਿਕਟ ਲੈ ਕੇ ਖੇਡਦੇ ਹਨ ਤੇ ਖੇਡ ਦੇ ਨਾਲ ਕੁੱਝ ਜਿੱਤ ਵੀ ਲੈਂਦੇ ਹਨ। ਠੰਢੇ-ਮਿੱਠੇ ਤੇ ਖਾਣ ਪੀਣ ਦੇ ਰੇੜੀਆਂ ਵਰਗੇ ਸਟਾਲਾਂ ਉਪਰ ਇਥੋਂ ਦਾ ਬੀਫ, ਪੋਰਕ ਤੇ ਹੋਰ ਡਾਢੀਆਂ ਤਲੀਆਂ ਖਾਣ ਵਾਲੀਆਂ ਚੀਜ਼ਾਂ ਨੱਕ ਵਿੱਚ ਜਲੂਣ ਛੇੜਦੀਆਂ ਹਨ। ਥਾਂ ਥਾਂ ਲਗੇ ਲੌਟਰੀ ਸਟਾਲ ਵੱਡੇ ਵੱਡੇ ਇਨਾਮਾਂ ਦਾ ਲਾਲਚ ਦੇ ਲੋਕਾਂ ਦੀਆਂ ਜੇਬਾਂ ਵਿਚੋਂ ਡਾਲਰ ਕਢਵਾਉਂਦੇ ਹਨ। ਇੱਕ ਬਹੁਤ ਵੱਡੇ ਹਾਲ ਵਿੱਚ ਖੇਤੀ ਬਾੜੀ ਦੇ ਢੰਗ ਤਰੀਕਿਆਂ ਦਾ, ਡੰਗਰਾਂ ਵੱਛਿਆਂ ਦਾ, ਮੁਰਗੀਆਂ ਤੇ ਅਜਿਹੇ ਹੋਰ ਕਈ ਪਾਲਤੂ ਜਾਨਵਰਾਂ ਦਾ, ਬੀਜਾਂ ਦਾ ਤੇ ਖਾਸ ਤੌਰ ਤੇ ਦਿਓ ਕੱਦ ਘੋੜਿਆਂ ਦਾ ਪ੍ਰਦਰਸ਼ਨ ਹੁੰਦਾ ਹੈ ਜੋ ਕਿ ਖੇਤੀ ਪ੍ਰੇਮੀਆਂ ਦੇ ਮਨਭਾਉਂਦਾ ਹੈ। ਗੀਤ ਸੰਗੀਤ ਦੇ ਭਾਂਤ-ਸੁਭਾਂਤੇ ਪ੍ਰੋਗਰਾਮਾਂ ਦੇ ਨਾਲ ਨਾਲ ਘੋੜਿਆਂ ਦੀਆਂ ਖੇਡਾਂ, ਜਿਹਨਾਂ ਨੂੰ ਰੋਡੀਓਜ਼ ਆਖਿਆ ਜਾਂਦਾ ਹੈ ਸਭ ਤੋਂ ਵੱਧ ਲੂੰਈਂ ਕੰਡੇ ਖੜੇ ਕਰਨ ਵਾਲੀਆਂ ਹੁੰਦੀਆਂ ਹਨ। ਇਹ ਵੱਡੀਆਂ ਇਨਾਮੀ ਖੇਡਾਂ ਹਜ਼ਾਰਾਂ ਤੋਂ ਲੈ ਕੇ ਲੱਖਾਂ ਡਾਲਰਾਂ ਦੇ ਇਨਾਮ ਜਿਤਣ ਵਾਲੀਆਂ ਖੇਡਾਂ ਹਨ ਪਰ ਇਹ ਵੇਖਣ ਲਈ ਤਗੜਾ ਜਿਗਰਾ ਚਾਹੀਦਾ ਹੈ। 'ਚੱਕ ਵੈਗਨ' (ਘੋੜ-ਗੱਡੀਆਂ) ਦੌੜਾਂ ਤਾਂ ਕਈ ਵਾਰ ਘੋੜਿਆਂ ਲਈ ਜਾਨ-ਲੇਵਾ ਬਣ ਜਾਂਦੀਆਂ ਹਨ। ਤਾਂ ਹੀ ਜਾਨਵਰਾਂ ਦੀ ਭਲਾਈ ਅਤੇ ਜਾਨਵਰਾਂ ਦੇ ਹੱਕਾਂ ਦੀ ਰਾਖੀ ਦੀਆਂ ਜਥੇਬੰਦੀਆਂ ਇਨ੍ਹਾਂ ਦਾ ਵਿਰੋਧ ਕਰਦੀਆਂ ਆ ਰਹੀਆਂ ਹਨ। ਇਸ ਸਾਲ ਦੀ ਸਟੈਂਪੀਡ ਵਿੱਚ ਇਸ ਖੇਡ ਨੂੰ ਨਾ ਸ਼ਾਮਲ ਕਰਨ ਦਾ ਕਾਰਨ ਸ਼ਾਇਦ ਇਹੋ ਹੀ ਹੋਵੇ। ਤੁਸੀਂ ਕਈ ਥਾਵਾਂ ਤੇ ਸੁੱਕੇ ਘਾਹ ਦੀਆਂ ਮਸ਼ੀਨਾਂ ਨਾਲ ਬਣਾਈਆਂ ਗਈਆਂ ਵੱਡੀਆਂ ਵੱਡੀਆਂ ਪੰਡਾਂ ਦੇ ਬੜੇ ਕਰੀਨੇ ਨਾਲ ਸਜਾਏ ਗਏ ਢੇਰ ਵੇਖੋਗੇ। ਇਹ ਘਾਹ ਲੰਮੀਆਂ ਬਰਫ਼ਾਨੀ ਸਰਦੀਆਂ ਵਿੱਚ ਗਾਵਾਂ ਮੱਝਾਂ ਦੀ ਖੁਰਾਕ ਹੁੰਦੀ ਹੈ। ਅਲਬਰਟਾ ਸੂਬੇ ਵਿੱਚ ਘਾਹ ਉਗਾਉਣ ਦੇ ਵੱਡੇ ਵੱਡੇ ਫਾਰਮ ਹਨ। ਇਸ ਤੋਂ ਇਲਾਵਾ ਹੋਰ ਇਤਨਾ ਕੁਝ ਹੈ ਕਿ ਟਿਕਟ ਲੈ ਕੇ ਮੇਲਾ ਵੇਖੋ ਤਾਂ ਹੀ ਪਤਾ ਲਗਦਾ ਹੈ।

ਕਨੇਡਾ ਦੇ ਮੂਲ-ਨਿਵਾਸੀਆਂ ਦੇ ਸਭਿਆਚਾਰ ਨੂੰ ਵੇਖਣ ਜਾਓ ਤਾਂ ਆਪਣੇ ਪਿੰਡਾਂ ਵਰਗਾ ਦ੍ਰਿਸ਼ ਜਾਪਦਾ ਹੈ। ਅੱਡੇ ਤੇ ਅੱਧ-ਬੁਣੀ ਦਰੀ ਵੇਖ ਕੇ ਤਾਂ ਮੈਂ ਠੱਗੀ ਜਿਹੀ ਰਹਿ ਗਈ ਸੀ। ਹੱਥ ਨਾਲ ਬਣਾਈਆਂ ਤੇ ਮੋਤੀਆਂ ਸਿਤਾਰਿਆਂ ਨਾਲ ਸਜਾਈਆਂ ਘਰੇਲੂ ਵਰਤੋਂ ਦੀਆਂ ਚੀਜ਼ਾਂ ਮਨ ਮੋਹ ਲੈਂਦੀਆਂ ਹਨ। ਉੱਥੇ ਪਈ ਸਿੰਗਰ ਦੀ ਸਲਾਈ ਮਸ਼ੀਨ ਵੇਖ ਕੇ ਮੈਨੂੰ ਤਾਂ ਆਪਣੀ ਸੱਸ ਵਾਲੀ ਮਸ਼ੀਨ ਚੇਤੇ ਆ ਗਈ ਸੀ। ਅਸਲ ਵਿੱਚ ਇਹ ਲੋਕ ਹਜ਼ਾਰਾਂ ਸਾਲ ਪਹਿਲਾਂ ਮੱਧ ਏਸ਼ੀਆ ਦੇ ਖਿੱਤੇ ਵਿਚੋਂ ਤੁਰਦੇ ਅਲਾਸਕਾ ਦੇ ਰਸਤੇ ਉੱਤਰੀ ਅਮਰੀਕਾ ਦੇ ਖਿੱਤੇ ਵਿੱਚ ਪਹੁੰਚੇ ਲੋਕ ਹਨ। ਜਦੋਂ ਅਲਾਸਕਾ ਨੂੰ ਜੋੜਨ ਵਾਲਾ ਬਰਫ਼ਾਨੀ ਪੁੱਲ ਕਿਸੇ ਕਾਰਨ ਤਹਿਸ ਨਹਿਸ ਹੋ ਗਿਆ ਤਾਂ ਇਹ ਲੋਕ ਬਾਕੀ ਦੁਨੀਆਂ ਨਾਲੋਂ ਅਲੱਗ ਥਲੱਗ ਹੋ ਗਏ ਜਿਸ ਕਾਰਨ ਸੋ-ਕਾਲਡ ਨਵੀਨ ਵਿਕਾਸ ਤੋਂ ਵਿਰਵੇ ਰਹਿ ਗਏ। ਪ੍ਰੰਤੂ ਇਹਨਾਂ ਆਪਣਾ ਸਭਿਆਚਾਰ, ਬੋਲੀਆਂ ਤੇ ਰੀਤੀ ਰਿਵਾਜ ਸੰਭਾਲੇ ਹੋਏ ਹਨ। ਜਦੋਂ ਪੰਜ ਕੁ ਸੌ ਸਾਲ ਪਹਿਲਾਂ ਯੂਰਪੀ ਦੇਸ਼ਾਂ ਤੋਂ ਅਣਲੱਭੀਆਂ ਧਰਤੀਆਂ ਦੇ ਢੂੰਡਾਊ ਉੱਤਰੀ ਅਮਰੀਕਾ ਦੀ ਇਸ ਧਰਤੀ ਤੇ ਪਹੁੰਚੇ ਤਾਂ ਉਹਨਾਂ ਲਈ ਇਹ ਲੋਕ ਅਸੱਭਿਅਕ ਸਨ। ਇਹਨਾਂ ਨੂੰ ਸਭਿਅਕ ਬਣਾਉਣ ਦੇ ਨਾਂ ਤੇ ਖੋਲ੍ਹੇ ਗਏ ਰੈਜ਼ੀਡੈਂਸ਼ਲ ਸਕੂਲਾਂ ਵਿੱਚ ਜਿਸ ਢੰਗ ਨਾਲ ਇਨ੍ਹਾਂ ਲੋਕਾਂ ਦੀ ਨਸਲਕੁਸ਼ੀ ਕੀਤੀ ਗਈ ਉਸ ਦੇ ਸਬੂਤ ਅੱਜ ਅਣਪਛਾਤੇ ਸਕੂਲੀ ਬੱਚਿਆਂ ਦੀਆਂ ਹਜ਼ਾਰਾਂ ਕਬਰਾਂ ਦੇ ਰੂਪ ਵਿੱਚ ਸਾਹਮਣੇ ਆ ਰਹੇ ਹਨ। 2021 ਦੇ ਇਸ ਸਟੈਂਪੀਡ ਮੇਲੇ ਵਿੱਚ ਸ਼ਾਮਲ ਹੋਈ ਐਨੀ ਵੈਸਲੀ ਨਾਂ ਦੀ ਔਰਤ ਦਾ ਕਹਿਣਾ ਹੈ ਕਿ, "ਮੈਂ ਲਗਾਤਾਰ 72 ਸਾਲ ਤੋਂ ਇਸ ਮੇਲੇ ਵਿੱਚ ਆ ਰਹੀ ਹਾਂ। ਮੈਂ ਨਿੱਕੀ ਜਿਹੀ ਬੱਚੀ ਸੀ ਜਦੋਂ ਪਹਿਲੀ ਵਾਰ ਆਈ।" ਉਸ ਦਾ ਚਚੇਰਾ ਭਰਾ ਡੈਲਮਰ ਹੌਲੌਵੇ ਵੀ 60 ਸਾਲ ਤੋਂ ਮੇਲੇ ਵਿੱਚ ਸ਼ਾਮਲ ਹੋ ਰਿਹਾ ਹੈ। ਉਹ ਦੱਸਦਾ ਹੈ ਕਿ, "ਮੈਂ ਰੈਜ਼ੀਡੈਂਸ਼ਲ ਸਕੂਲ ਗਿਆ ਸੀ। ਐਨੀ ਵੀ ਗਈ ਸੀ। ਸਾਨੂੰ ਪਤਾ ਇਸ ਵਾਰ ਬਹੁਤ ਸਾਰੇ ਲੋਕ ਇਸ ਬਾਰੇ ਸਾਡੇ ਨਾਲ ਗੱਲਾਂ ਕਰਨਾ ਚਾਹੁੰਦੇ ਹੋਣਗੇ। ਪਰ ਅਸੀਂ ਕੋਈ ਗੱਲ ਨਹੀਂ ਕਰਨਾ ਚਾਹੁੰਦੇ। ਇਸ ਨਾਲ ਸਾਡੇ ਪੁਰਾਣੇ ਜ਼ਖ਼ਮ ਟੀਸਾਂ ਮਾਰਨ ਲਗ ਜਾਂਦੇ ਹਨ।" ਐਨੀ ਨੇ ਆਪਣੀ ਲੱਤ ਉਪਰੇ ਡੂੰਘੇ ਜ਼ਖ਼ਮ ਦੇ ਨਿਸ਼ਾਨ ਵਿਖਾਏ ਜੋ ਰੈਜ਼ੀਡੈਂਸ਼ਲ ਸਕੂਲ ਦੇ ਇੱਕ ਸਟਾਫ਼ ਵਲੋਂ ਉਸ ਨੂੰ ਦਿੱਤੇ ਗਏ ਸਨ। ਬੇਸ਼ਕ ਅਤੀਤ ਨੂੰ ਭੁਲਾਇਆ ਨਹੀਂ ਜਾ ਸਕਦਾ ਪਰ ਅੱਖੋਂ


ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

Sandhu G Construction Ltd.
Preparation- Shower Base - Water Proof
We can install Ceramic Tiles & Marble, Back Splash Tiles, Tiles on Walls, Kitchen, Washroom or anywhere in Home.
You can upgrade your Kitchen or Washroom

ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com
Dalveer Purba
587-435-5600

ਪਰੋਖੇ ਕੀਤੇ ਬਗੈਰ ਜੀਵਿਆ ਵੀ ਨਹੀਂ ਜਾ ਸਕਦਾ। ਹੁਣ ਇਹ ਲੋਕ ਮੁੱਖ ਧਾਰਾ ਦਾ ਹਿੱਸਾ ਬਣ ਆਪਣੇ ਹੱਕਾਂ ਲਈ ਜਦੋਜਹਿਦ ਕਰ ਰਹੇ ਹਨ ਅਤੇ ਸਰਕਾਰ ਵਲੋਂ ਬੀਤੇ ਵਿੱਚ ਕੀਤੀਆਂ ਵਧੀਕੀਆਂ ਦੀ ਸਮੇਂ ਸਮੇਂ ਮੁਆਫ਼ੀ ਵੀ ਮੰਗੀ ਜਾਂਦੀ ਹੈ। ਸਟੈਂਪੀਡ ਮੇਲੇ ਵਿੱਚ ਇਨ੍ਹਾਂ ਦੇ ਟੱਪਰੀ-ਨੁਮਾ ਰਵਾਇਤੀ ਘਰ ਜਿਹਨਾਂ ਨੂੰ 'ਟਿਪੀਜ਼' ਆਖਿਆ ਜਾਂਦਾ ਹੈ, ਬਣਾਉਣ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਅਤੇ ਪ੍ਰਦਰਸ਼ਨ ਲਈ ਵੱਖ ਵੱਖ ਤਰ੍ਹਾਂ ਦੇ ਟਿਪੀਜ਼ ਬਣਾਏ ਹੁੰਦੇ ਹਨ ਜਿਨ੍ਹਾਂ ਦੇ ਕੋਲ ਜਾ ਕੇ ਅੰਦਰ ਝਾਤੀ ਮਾਰ ਕੇ ਅੰਦਰਲੀ ਬਣਤਰ ਤੇ ਸਜਾਵਟ ਵੇਖੀ ਜਾ ਸਕਦੀ ਹੈ। ਇਸ ਮੇਲੇ ਦੀ ਸਭ ਤੋਂ ਸਲਾਹੁਣਯੋਗ ਗੱਲ ਹੈ ਇਸ ਮੇਲੇ ਦੌਰਾਨ ਕੀਤਾ ਜਾਣ ਵਾਲਾ ਸਫ਼ਾਈ ਪ੍ਰਬੰਧ। ਇਤਨਾ ਵੱਡਾ ਇਕੱਠ ਹੋਣ ਦੇ ਬਾਵਜੂਦ ਵੀ ਸਫ਼ਾਈ ਵਿੱਚ ਕਿਸੇ ਕਿਸਮ ਦੀ ਕੁਤਾਹੀ ਨਹੀਂ ਹੁੰਦੀ। ਥਾਂ ਥਾਂ ਰੱਖੇ ਕੂੜੇਦਾਨ, ਗੰਦਗੀ ਦਾ ਕੋਈ ਪੁਰਜਾ ਜ਼ਮੀਨ ਉਪਰ ਸੁੱਟਣ ਦਾ ਮੌਕਾ ਹੀ ਨਹੀਂ ਦੇਂਦੇ। ਕਈ ਕਿਲੋਮੀਟਰ ਲੰਮੀ ਪਰੇਡ ਸਮੇਂ ਘੋੜਿਆਂ ਦੀ ਲਿੱਦ ਇੱਝ ਝੱਟਪੱਟ ਸਾਂਭ ਲੈਂਦੇ ਹਨ ਕਿ ਸੜਕ ਉਪਰ ਕਿਣਕਾ ਤੱਕ ਨਜ਼ਰ ਨਹੀਂ ਆਉਂਦਾ।

ਇਸ ਮੇਲੇ ਦਾ ਨਾਂ ਹੀ ਸਟੈਂਪੀਡ ਹੈ ਭਾਵ ਭੀੜ-ਭੜੱਕਾ ਜਾਂ ਭਗਦੜ। ਸੱਚਮੁੱਚ ਹੀ ਪੂਰੇ ਦਸ ਦਿਨ ਇੱਥੇ ਅੰਤਾਂ ਦੀ ਭੀੜ ਹੁੰਦੀ ਹੈ। ਹਜ਼ਾਰਾਂ ਨਹੀਂ ਲੱਖਾਂ ਲੋਕਾਂ ਦੀ ਭੀੜ। ਮੋਢੇ ਨਾਲ ਮੋਢਾ ਖਹਿੰਦਾ ਹੈ। ਕਈ ਥਾਈਂ ਇਨੀ ਭੀੜ ਕਿ ਤਿਲ ਮਾਰਿਆ ਭੁੰਜੇ ਨਹੀਂ ਡਿਗਦਾ। ਕਹਿੰਦੇ ਹਨ ਕਿ 2019 ਦੇ ਸਟੈਂਪੀਡ ਵਿੱਚ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਅਤੇ ਖਾਸ ਕਰਕੇ ਉੱਤਰੀ ਅਮਰੀਕਾ ਦੇ ਖਿੱਤੇ ਵਿਚੋਂ 40 ਲੱਖ ਦੇ ਕਰੀਬ ਲੋਕ ਮੇਲਾ ਵੇਖਣ ਆਏ ਸਨ ਅਤੇ ਅਲਬਰਟਾ ਨੂੰ 540 ਮਿਲੀਅਨ ਡਾਲਰ ਦੀ ਕਮਾਈ ਹੋਈ ਸੀ। ਇਸ ਈਵੈਂਟ ਨਾਲ ਜਿੱਥੇ ਵੱਡੀ ਗਿਣਤੀ ਵਿੱਚ ਟੂਰਿਸਟਾਂ ਦੇ ਆਉਣ ਨਾਲ ਹੋਟਲਾਂ ਤੇ ਰੈਸਟੋਰੈਂਟਾ ਵਰਗੇ ਅਦਾਰਿਆਂ ਨੂੰ ਲਾਭ ਪਹੁੰਚਦਾ ਹੈ ਉਥੇ ਹਜ਼ਾਰਾਂ ਦੀ ਗਿਣਤੀ ਵਿੱਚ ਨੌਕਰੀਆਂ ਪੈਦਾ ਹੁੰਦੀਆਂ ਹਨ। ਹਜ਼ਾਰਾਂ ਵਲੰਟੀਅਰ ਕੰਮ ਕਰਦੇ ਹਨ। ਇੱਕ ਸਦੀ ਤੋਂ ਵੀ ਵੱਧ ਸਾਲਾਂ ਤੋਂ ਇਹ ਮੇਲਾ ਹਰ ਸਾਲ ਲਗਦਾ ਆ ਰਿਹਾ ਹੈ। ਭਾਵੇਂ 2013 ਵਿੱਚ ਮੇਲੇ ਤੋਂ ਦੋ ਹਫ਼ਤੇ ਪਹਿਲਾਂ ਕੈਲਗਰੀ ਸ਼ਹਿਰ ਦੇ ਐਨ ਵਿਚਕਾਰੋਂ ਲੰਘਦੇ 'ਬੋ ਰਿਵਰ' ਵਿੱਚ ਹੜ੍ਹ ਆਉਣ ਕਾਰਨ ਦਰਿਆ ਦੇ ਆਸ-ਪਾਸ ਦੇ ਘਰਾਂ ਦੇ ਨਾਲ ਨਾਲ ਸਟੈਂਪੀਡ ਦੀਆਂ ਗਰਾਊਂਡਾਂ ਦਾ ਬੜਾ ਨੁਕਸਾਨ ਹੋ ਗਿਆ ਸੀ, ਪ੍ਰੰਤੂ ਜੰਗੀ ਪੱਧਰ ਤੇ ਸਫ਼ਾਈ ਕਰਕੇ ਇਹ ਮੇਲਾ ਸਮੇਂ ਸਿਰ ਸ਼ੁਰੂ ਕਰਕੇ ਕਾਮਯਾਬੀ ਨਾਲ ਸੰਪੰਨ ਕਰ ਦਿੱਤਾ ਗਿਆ ਸੀ। ਪਰ ਕੋਵਿਡ-19 ਦੀ ਮਹਾਂਮਾਰੀ ਕਾਰਨ 2020 ਦੇ ਸਟੈਂਪੀਡ ਨੂੰ ਭਾਰੀ ਮਨ ਨਾਲ ਕੈਂਸਲ ਕਰਨਾ ਪਿਆ ਸੀ। ਸਰੀਰਕ ਦੂਰੀ ਦੀਆਂ ਹਦਾਇਤਾਂ ਕਾਰਨ ਪੈਦਾ ਹੋਈ ਲੌਕ ਡਾਊਨ ਵਰਗੀ ਸਥਿਤੀ ਦੇ ਬਾਵਜੂਦ ਨਿਯਤ ਦਿਨ ਤੇ ਫਾਇਰਵਰਕਸ ਸ਼ੋਅ ਹੋਇਆ ਜਿਸਦਾ ਲੋਕਾਂ ਨੇ ਟੀ.ਵੀ. ਤੇ ਆਨੰਦ ਮਾਣਿਆ ਅਤੇ ਕਈ ਥਾਈਂ ਡਰਾਈਵੇਜ਼ ਤੇ ਲੋਕਾਂ ਨੂੰ ਪੈਨਕੇਕ ਅਤੇ ਹੋਰ ਖਾਣ ਵਾਲੇ ਲਜ਼ੀਜ਼ ਪਦਾਰਥ ਦਿੱਤੇ ਗਏ।

2021 ਦੇ ਇਸ ਸਾਲ ਦੇ ਸ਼ੁਰੂ ਵਿੱਚ ਵੀ ਬੇਸ਼ਕ ਕੋਵਿਡ ਕਾਰਨ ਸਥਿਤੀ ਸੰਜੀਦਾ ਪ੍ਰਤੀਤ ਹੁੰਦੀ ਸੀ ਪਰ ਇਸ ਬਿਮਾਰੀ ਤੋਂ ਬਚਾਓ ਦੇ ਵੈਕਸੀਨੇਸ਼ਨ ਲਗਣੇ ਸ਼ੁਰੂ ਹੋ ਜਾਣ ਕਰਕੇ ਅਤੇ ਜੂਨ ਤੱਕ ਵੱਡੀ ਗਿਣਤੀ ਵਿੱਚ ਲੋਕਾਂ ਵਲੋਂ ਘਟੋ ਘੱਟ ਪਹਿਲਾ ਟੀਕਾ ਲਗਵਾ ਲਏ ਜਾਣ ਤੇ ਸਰਕਾਰ ਵਲੋਂ ਇਸ ਸਟੈਂਪੀਡ ਮੇਲੇ ਨੂੰ ਕਰਵਾਏ ਜਾਣ ਦੀ ਘੋਸ਼ਣਾ ਕਰ ਦਿੱਤੀ ਗਈ ਸੀ। ਅਲਬਰਟਾ ਪਬਲਿਕ ਹੈਲਥ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰਖਦੇ ਹੋਏ ਮੇਲੇ ਵਿੱਚ ਨਿਯਤ ਗਿਣਤੀ ਵਿੱਚ ਹੀ ਦਰਸ਼ਕਾਂ ਨੂੰ ਟਿਕਟਾਂ ਦਿੱਤੀਆਂ ਜਾਂਦੀਆਂ ਸਨ ਤਾਂ ਜੋ ਸਰੀਰਕ ਦੂਰੀ ਬਣਾਈ ਜਾ ਸਕੇ। ਹਲਾਂਕਿ ਮੇਲੇ ਦੀ ਸਫਲਤਾ ਮੇਲੇ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚੇ ਲੋਕਾਂ ਕਰਕੇ ਹੀ ਮੰਨੀ ਜਾਂਦੀ ਹੈ ਪਰ ਇਸ ਵਾਰ ਇਸ ਮਾਪ-ਦੰਡ ਨੂੰ ਅੱਖੋਂ ਪਰੋਖੇ ਕਰ ਕੋਵਿਡ ਤੇ ਕਾਬੂ ਰੱਖਣ ਨੂੰ ਮਾਪ-ਦੰਡ ਮਿੱਥ ਲਿਆ ਗਿਆ ਜਾਪਦਾ ਸੀ। ਇਸ ਸਾਲ ਦੇ ਸਟੈਂਪੀਡ ਵਿੱਚ ਰਾਜਨੀਤਕ ਨੇਤਾਵਾਂ ਦੀ ਖਾਸੀ ਹਲਚਲ ਵੇਖਣ ਵਿੱਚ ਆਈ ਹੈ। ਕੇਂਦਰ ਤੇ ਪ੍ਰਾਂਤ ਦੇ ਨੇਤਾਵਾਂ ਲਈ ਫੰਡ ਇਕੱਠੇ ਕਰਨ ਦਾ ਸਮਾਂ ਸੀ ਅਤੇ ਅਕਤੂਬਰ ਵਿੱਚ ਹੋਣ ਵਾਲੀ ਸ਼ਹਿਰ ਦੀ ਕੌਂਸਲ ਦੀ ਚੋਣ ਵੀ ਐਨ ਸਿਰ ਤੇ ਹੈ। ਸੋ ਜੇ ਇਸ ਨੂੰ 'ਰਾਜਨੀਤਕ ਸਟੈਂਪੀਡ' ਕਹਿ ਲਈਏ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ। ਪ੍ਰਾਈਮ ਮਨਿਸਟਰ ਟਰੂਡੋ ਵੀ ਗੇੜਾ ਲਾ ਗਏ ਚਾਹੇ ਉਹ ਸਟੈਂਪੀਡ ਤੋਂ ਦੋ ਦਿਨ ਪਹਿਲਾਂ ਆਏ ਸਨ। ਕੰਨਜ਼ਰਵੇਟਿਵ ਪਾਰਟੀ ਦੇ ਪ੍ਰਧਾਨ ਐਰਿਨ ਓ ਟੂਲੇ ਨੇ ਤਾਂ ਘੰਟਾ ਭਰ ਆਪਣੇ ਹੱਥਾਂ ਨਾਲ ਪੈਨ ਕੇਕ ਬਣਾ ਕੇ ਲੋਕਾਂ ਨੂੰ ਖੁਆਏ।

# ਕੈਨੇਡਾ ਅਵਾਸ ਤੇ ਰਿਸ਼ਤਿਆਂ ਦੀ ਮਾਨਸਿਕਤਾ (ਸਫ਼ਾ 2 ਦੀ ਬਾਕੀ)

ਦੀ ਆਰਥਿਕਤਾ ਨੂੰ ਚਾਰ ਚੰਨ ਲਾ ਰਹੇ ਹਨ ਉੱਥੇ ਇੱਥੋਂ ਦੇ ਵਕੀਲਾਂ, ਇੰਮੀਗਰੇਸ਼ਨ ਕੰਨਸਲਟੈਂਟਾਂ ਦਾ ਨਾਲ ਦੀ ਨਾਲ ਬਿਜ਼ਨਿਸ ਵੀ ਚਲਾ ਰਹੇ ਹਨ। ਜਦ ਨੂੰ ਉਹਨਾਂ ਨੇ ਇੱਥੋਂ ਦੀ ਪੀ. ਆਰ. ਲੈਣੀ ਹੈ ਉਦੋਂ ਨੂੰ ਪੜ੍ਹਨ ਦੀ ਉਮਰ ਚਲੀ ਜਾਂਦੀ ਤੇ ਉਹ ਕੰਮਾਂ ਕਾਰਾਂ ਵਿੱਚ ਉਲਝ ਕੇ ਮਜ਼ਦੂਰੀ ਕਰਨ ਜੋਗੇ ਰਹਿ ਜਾਂਦੇ ਹਨ। ਇਹ ਤਾਂ ਹੈ ਇੱਥੋਂ ਦੀਆਂ ਸਰਕਾਰਾਂ ਦੀ ਗੱਲ। ਦੂਸਰੀ ਸਾਡੇ ਲੋਕਾਂ ਲਈ ਇਹ ਇੱਥੇ ਆਉਣ ਦਾ ਬਹੁਤ ਵਧੀਆ ਤੇ ਸੌਖਾ ਜ਼ਰੀਆ ਹੈ ਜਿਸ ਵਿੱਚ ਬਹੁਤ ਸਾਰੇ ਵਿਦਿਆਰਥੀ ਆ ਵੀ ਰਹੇ ਹਨ ਤੇ ਸੈਟਲ ਵੀ ਹੋ ਰਹੇ ਹਨ। ਸਭ ਮੁਸ਼ਕਲਾਂ ਦੇ ਬਾਵਜੂਦ ਵੀ ਭਾਰਤ ਦੀਆਂ ਭੁੱਖਮਰੀ ਦੀਆਂ ਹਾਲਤਾਂ ਨਾਲੋਂ ਇੱਥੇ ਉਹ ਕੰਮ ਕਰਕੇ ਵਧੀਆ ਇੱਜ਼ਤ ਨਾਲ ਗੁਜ਼ਾਰਾ ਕਰ ਸਕਦੇ ਹਨ। ਇਸ ਸਿਸਟਮ ਵਿੱਚ ਸਾਡੇ ਲੋਕਾਂ ਨੇ ਜੋ ਸੌਦੇਬਾਜ਼ੀ ਦਾ ਘੁਣ ਅੰਦਰ ਪਾਲ਼ ਲਿਆ ਹੈ, ਉਹ ਇਹਨੂੰ ਖਰਾਬ ਕਰ ਰਿਹਾ ਹੈ।

ਜਦੋਂ ਅਸੀਂ ਅਜਿਹੇ ਵਿਸ਼ੇ ਜੋ ਸਮਾਜ ਨੂੰ ਗਿਰਾਵਟ ਦੀ ਪੱਧਰ ਤੇ ਲਿਜਾ ਰਹੇ ਹਨ ਤਾਂ ਇਹਦੇ ਕਾਰਣਾਂ ਬਾਰੇ ਜਾਨਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਇਸਦੇ ਕਾਰਣ ਸਮਾਜਿਕ, ਸਭਿਆਚਾਰਕ, ਆਰਥਿਕ ਤੇ ਧਾਰਮਿਕ ਹਨ। ਅਗਰ ਕਿਸੇ ਦੇਸ਼ ਦੇ ਵਾਸੀ ਨੂੰ ਆਪਣੇ ਹੀ ਦੇਸ਼ ਵਿੱਚ ਰਹਿਣ ਜੋਗੀ ਸਾਫ਼ ਸੁਥਰੀ ਥਾਂ, ਸਾਦਾ ਤੇ ਸਾਫ਼ ਭੋਜਨ, ਚੰਗਾ ਵਾਤਾਵਰਣ, ਯੋਗ ਵਿਦਿਆ, ਡਾਕਟਰੀ ਸਹੂਲਤਾਂ ਤੇ ਰੁਜ਼ਗਾਰ ਹਾਸਲ ਹੋਵੇ ਤਾਂ ਕੋਈ ਵਿਅਕਤੀ ਆਪਣੀਆਂ ਜੜ੍ਹਾਂ ਤੋਂ ਅਲੱਗ ਨਹੀਂ ਹੋਣਾ ਚਾਹੁੰਦਾ ਪਰ ਸਾਡੇ ਭਾਰਤ ਦੇ ਲੋਕਾਂ ਦੀ ਤਰਾਸਦੀ ਹੈ ਕਿ ਉਨ੍ਹਾਂ ਦੀਆਂ ਜੋ ਪਹਿਲਾਂ ਥੋੜ੍ਹੀਆਂ ਬਹੁਤੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਸਨ ਉਹ ਦਿਨੋ ਦਿਨ ਘਟਦੀਆਂ ਜਾ ਰਹੀਆਂ ਹਨ ਤੇ ਲੋਕ ਕਰਜ਼ਾਈ ਹੋ ਰਹੇ ਹਨ। ਸਰਕਾਰੀ ਸਕੂਲ, ਕਾਲਜ ਬੰਦ ਹੋਣ ਦੀ ਕਗਾਰ 'ਤੇ ਹਨ। ਹਸਪਤਾਲਾਂ ਵਿੱਚ ਦਵਾਈਆਂ ਦਾ ਕੋਈ ਪ੍ਰਬੰਧ ਨਹੀਂ। ਜੋ ਅਦਾਰੇ ਪਹਿਲਾਂ ਸਰਕਾਰੀ ਸਨ ਉਹ ਜਿਵੇਂ ਕਿ ਰੇਲਵੇ ਤੇ ਜੰਗਲ ਆਦਿ ਕਾਰਪੋਰੇਸ਼ਨਾਂ ਨੂੰ ਵੇਚ ਦਿੱਤੇ ਹਨ। ਪੜ੍ਹੇ ਲਿਖੇ ਬੱਚੇ ਪੀ.ਐੱਚ. ਡੀਆਂ ਕਰਕੇ ਖੇਤਾਂ ਵਿੱਚ ਝੋਨਾ ਜਾਂ ਸੜਕਾਂ ਤੇ ਰੇੜ੍ਹੀਆਂ ਲਾ ਕੇ ਗੁਜ਼ਾਰਾ ਕਰ ਰਹੇ ਹਨ। ਇਸ ਕਰਕੇ ਹੀ ਬਹੁ ਗਿਣਤੀ ਮਾਨਸਿਕ ਬਿਮਾਰੀਆਂ ਦੀ ਸ਼ਿਕਾਰ ਹੋ ਰਹੀ ਹੈ। ਤਾਂ ਹੀ ਕਿਸਾਨ ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਬੁੱਧੀਜੀਵੀ ਸਭ ਸੜਕਾਂ ਤੇ ਨਿਕਲੇ ਹਨ ਪਰ ਭਾਰਤ ਦੀ ਫਾਸ਼ੀਵਾਦੀ ਭਾਜਪਾ ਸਰਕਾਰ ਕਿਸੇ ਦੀ ਪ੍ਰਵਾਹ ਕਰੇ ਬਿਨ੍ਹਾਂ ਲੋਕਾਂ ਦੀ ਹੋਰ ਸੰਘੀ ਨੱਪਣ ਵਿੱਚ ਢਿੱਲ ਨਹੀਂ ਕਰ ਰਹੀ ਹੈ। ਉਹਦੇ ਤੋਂ ਮਜ਼ਬੂਰ ਲੋਕ ਬਾਹਰਲੇ ਦੇਸ਼ਾਂ ਨੂੰ ਭੱਜ ਰਹੇ ਹਨ। ਉਹ ਆਪਣੇ ਚੰਗੇ ਭਵਿੱਖ ਦੇ ਬਾਨਣੂੰ ਹਰ ਹਾਲਤ ਵਿੱਚ ਬੰਨ੍ਹਣੇ ਚਾਹੁੰਦੇ ਹਨ। ਲੋਕ ਸਿਰਫ਼ ਇਸ ਸਮੇਂ ਆਰਥਿਕ ਪੱਖੋਂ ਹੀ ਨਹੀਂ ਟੁਟ ਰਹੇ ਸਗੋਂ ਸਮਾਜਿਕ, ਸਭਿਆਚਾਰਕ ਤੇ ਧਾਰਮਿਕ ਤੰਦਾਂ ਵੀ ਲੀਰੋ ਲੀਰ ਹੁੰਦੀਆਂ ਨਜ਼ਰ ਆ ਰਹੀਆਂ ਹਨ। ਲੋਕਾਂ ਵਿੱਚ ਭਾਰਤੀ ਸਭਿਆਚਾਰ ਜੋ ਇੱਕ ਸਾਂਝੇ ਭਾਈਚਾਰੇ ਦੇ ਤੌਰ ਤੇ ਇੱਕ ਦੂਜੇ ਦੇ ਦੁੱਖ ਸੁੱਖ ਵਿੱ ਵਿਚਰਦਾ ਸੀ, ਇਸ ਕਾਰਪੋਰੇਸ਼ਨਾਂ ਦੀ ਲੁੱਟ ਨੇ ਲੋਕਾਂ ਨੂੰ ਨਿੱਜ ਨਾਲ ਜੋੜ ਦਿੱਤਾ ਹੈ। ਲੋਕਾਂ ਨੂੰ ਆਰਥਿਕ ਹਾਲਤਾਂ ਨੇ ਪਾਣੀਓ ਪਤਲੇ ਕਰ ਦਿੱਤਾ ਹੈ। ਅਮੀਰ ਕਦਰਾਂ ਕੀਮਤਾਂ ਮਿੱਟੀ ਘੱਟੇ ਰੋਲ਼ ਦਿੱਤੀਆਂ ਹਨ। ਜੋ ਸਾਂਝੇ ਪਰਿਵਾਰਾਂ, ਪਿੰਡਾਂ-ਸ਼ਹਿਰਾਂ ਦਾ ਖੁਸ਼ਗਵਾਰ ਵਾਤਾਵਰਣ ਸੀ, ਉਹ ਹੁਣ ਭਾਲ਼ਿਆਂ ਵੀ ਨਹੀਂ ਲੱਭਦਾ। ਹਰ ਕੋਈ ਆਪਣੇ ਬਾਰੇ ਸੋਚਦਾ ਹੈ, ਪਹਿਲਾਂ ਭੈਣਾਂ, ਭਰਾਵਾਂ, ਰਿਸ਼ਤੇਦਾਰਾਂ, ਭਾਈਚਾਰੇ ਦੀਆਂ ਗੰਢਾਂ ਐਨੀਆਂ ਪੀਢੀਆਂ ਸਨ ਕਿ ਪਿੰਡ ਦੀ ਕੁੜੀ ਸਭਦੀ ਧੀ ਭੈਣ ਹੁੰਦੀ ਸੀ ਪਰ ਹੁਣ ਸਭ ਬਦਲ ਰਿਹਾ ਹੈ। ਪਿੰਡਾਂ , ਸ਼ਹਿਰਾਂ ਵਿੱਚ ਬਲਾਤਕਾਰ ਦੀਆਂ ਘਟਨਾਵਾਂ ਆਏ ਦਿਨ ਸੁਣਨ ਨੂੰ ਮਿਲਦੀਆਂ ਹਨ। ਡਰ ਦਾ ਮਾਹੌਲ ਹੈ ਇਸ ਕਰਕੇ ਮਾਪੇ ਸਾਰੇ ਹੀਲੇ ਵਸੀਲੇ ਕਰਕੇ ਬੱਚਿਆਂ ਨੂੰ ਉੱਥੋਂ ਬਾਹਰ ਕੱਢਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਵਿਆਹ ਜੋ ਇੱਕ ਪਿਆਰ ਦਾ ਅਜਿਹਾ ਪਵਿੱਤਰ ਬੰਧਨ ਹੈ ਜਿਸ ਵਿੱਚ ਦੋ ਰੂਹਾਂ, ਦੋ ਮਨੁੱਖਾਂ, ਦੋ ਪਰਿਵਾਰਾਂ ਤੇ ਸਾਰੇ ਭਾਈਚਾਰੇ ਦੀਆਂ ਸਾਂਝਾ ਦਾ ਮੇਲ ਹੁੰਦਾ ਹੈ ਜਿਸ ਵਿੱਚ ਸੱਚਾਈ ਤੇ ਇਮਾਨਦਾਰੀ ਦਾ ਹੋਣਾ ਲਾਜ਼ਮੀ ਹੁੰਦਾ ਹੈ। ਪਰ ਹਲਾਤਾਂ ਦੀ ਕਰੂਰਤਾ ਨੇ ਇਸ ਵਿੱਚ ਧੋਖਾ, ਸ਼ੱਕ, ਸੌਦੇਬਾਜ਼ੀ, ਕੌਂਟਰੈਕਟ, ਜ਼ਮੀਨਾਂ, ਕਤਲ, ਕਰਜ਼ੇ, ਮਾਨਸਿਕ ਤਣਾਓ, ਖੁਦਕਸ਼ੀ ਵਰਗੇ ਸ਼ਬਦਾਂ ਨੂੰ ਜਨਮ ਦੇ ਦਿੱਤਾ ਹੈ। ਹੁਣ ਇਹਨਾਂ ਪਿਆਰ ਸਬੰਧਾਂ ਨੂੰ ਜੋੜਨ ਲਈ ਸੌਦੇਬਾਜ਼ੀਆਂ ਦੀ ਬਿਨਾ ਤੇ ਮਸ਼ੀਨੀ ਕਲ-ਪੁਰਜ਼ਿਆਂ ਵਾਂਗ ਦੋ ਬੱਚਿਆਂ ਨੂੰ ਇੱਕ ਦੂਜੇ ਨਾਲ ਜੜ ਦਿੱਤਾ ਜਾਂਦਾ ਹੈ ਤੇ ਵਿਆਹ ਦਾ ਨਾਂ ਦੇ ਦਿੱਤਾ ਜਾਂਦਾ ਹੈ। ਇਸ ਸਬੰਧ ਵਿੱਚ ਜਾਂ ਇਸ ਸੌਦੇਬਾਜ਼ੀ ਵਿੱਚ ਦੋਹਾਂ ਧਿਰਾਂ ਵਲੋਂ ਹੋਏ ਇਕਰਾਰ ਨੂੰ ਜ਼ਰੂਰੀ ਹੈ ਕਿ ਉਹ ਸਿਰੇ ਜ਼ਰੂਰ ਲਾਉਣ। ਪਰ ਐਨੀ ਛੋਟੀ ਉਮਰ ਦੇ ਬੱਚੇ ਜੋ ਅਜੇ ਵਿਆਹ ਦੀਆਂ ਜ਼ਿੰਮੇਵਾਰੀਆਂ ਨਿਭਾਹੁਣ ਦੇ ਯੋਗ ਵੀ ਨਹੀਂ ਹੁੰਦੇ, ਉਹਨਾਂ ਤੇ ਦੋ ਪਰਿਵਾਰਾਂ ਦਾ ਵਜ਼ਨ ਲੱਦ ਦਿੱਤਾ ਜਾਂਦਾ ਹੈ। ਉਹ ਬੱਚੇ ਜਿਨਾਂ ਨੂੰ ਚਾਹ ਦਾ ਕੱਪ ਮਾਂ ਬਿਸਤਰੇ ਵਿੱਚ ਦਿੰਦੀ ਹੈ ਉਹ ਥੋੜ੍ਹੇ ਦਿਨਾਂ ਬਾਅਦ ਕੈਨੇਡਾ ਪਹੁੰਚ ਕੇ ਵੇਲ਼ੇ ਕੁਵੇਲ਼ੇ ਕੰਮ ਦੀਆਂ ਸ਼ਿਫਟਾਂ, ਸਕੂਲ ਦੀ ਪੜ੍ਹਾਈ, ਹੋਮਵਰਕ, ਆਪਣਾ ਖਾਣ ਪਕਾਉਣ, ਬੱਸਾਂ ਦੇ ਧੱਕੇ, ਘਰਾਂ ਦੇ ਮਾਲਕਾਂ ਦਾ ਦੁਰ ਵਿਵਹਾਰ, ਭੂ-ਹੇਰਵਾ, ਇਕੱਲਤਾ, ਮਾਨਸਿਕ ਤਣਾਓ ਅਦਿ ਵਰਗੀਆਂ ਮੁਸ਼ਕਲਾਂ ਵਿੱਚੋਂ ਲੰਘ ਕੇ ਆਪਣੇ ਆਪ ਨੂੰ ਬਿਗਾਨੀ ਧਰਤੀ ਦੇ ਕਾਬਲ ਬਣਾਉਣਾ ਇਹ ਇਹਨਾਂ ਬੱਚਿਆਂ ਦੀ ਸੰਘਰਸ਼ਮਈ ਜ਼ਿੰਦਗੀ ਦਾ ਹਿੱਸਾ ਹੈ। ਇਹ ਪੰਜਾਬ ਬੈਠੇ ਮਾਪਿਆਂ ਜਾਂ ਜੀਵਨ ਸਾਥੀਆਂ ਨਾਲ ਗੱਲ ਨਹੀਂ ਕਰਦੇ ਤਾਂ ਕਿ ਉਹ ਦੂਰ ਬੈਠੇ ਪ੍ਰੇਸ਼ਾਨ ਨਾ ਹੋਣ। ਸੋਚਣ ਵਾਲੀ ਗੱਲ ਹੈ ਕਿ ਦੁਨੀਆਂ ਭਰ ਦਾ ਕਾਨੂੰਨ 16 ਸਾਲ ਦੀ ਉਮਰ ਤੱਕ ਬੱਚਿਆਂ ਨੂੰ ਨਾਬਾਲਗ ਸਮਝਦਾ ਹੈ, ਉਸਨੂੰ ਕਤਲ ਦੀ ਸਜ਼ਾ ਵੀ ਨਹੀਂ ਦਿੱਤੀ ਜਾ ਸਕਦੀ ਪਰ ਦੋ ਸਾਲਾਂ ਵਿੱਚ ਅਸੀਂ ਸਮਝਦੇ ਹਾਂ ਕਿ ਉਸਨੇ ਜ਼ਿੰਦਗੀ ਨੂੰ ਬਹੁਤ ਸਮਝ ਲਿਆ ਹੋਵੇਗਾ ? ਜਿਹੜੇ ਪੰਜਾਬ ਵਿੱਚ ਬੈਠੇ ਮਾਪਿਆਂ ਦੇ ਸਿਰ 'ਤੇ ਜ਼ਿੰਮੇਵਾਰੀਆਂ ਤੋਂ ਬੇਖ਼ਬਰ ਬੱਚੇ ਆਈਲੈਟਸ ਪਾਸ ਨਹੀਂ ਕਰ ਸਕਦੇ, ਇਸ ਮਾਮਲੇ ਵਿੱਚ ਪਿੱਤਰਸੱਤਾ ਦੇ ਮੁੱਦਈ ਤੇ ਆਪੂੰ ਬਣੇ ਮੀਡੀਆ ਦੇ ਝੰਡਾਬਰਦਾਰ ਉਹਨਾਂ ਨੂੰ ਹੱਲਾ ਸ਼ੇਰੀ ਦੇ ਕੇ ਖੁਦਕਸ਼ੀ ਨੂੰ ਸ਼ਹੀਦੀ ਦਾ ਜਾਮਾ ਪਹਿਨਾ ਕੇ ਸਮਾਜ ਨੂੰ ਇੱਕ ਹੋਰ ਗਿਰਾਵਟ ਵਾਲਾ ਮੋੜ ਦੇ ਰਹੇ ਹਨ। ਜਿਹੜੀਆਂ ਖੁਦਕਸ਼ੀਆਂ ਕੈਨੇਡਾ ਪਹੁੰਚ ਕੇ ਬਹੁਤ ਸਾਰੇ ਬੱਚਿਆਂ ਨੇ ਕੀਤੀਆਂ ਹਨ, ਉਹਨਾਂ ਦਾ ਇਲਜ਼ਾਮ ਲਾਉਣ ਲਈ ਕਿਹੜੀਆਂ ਬੇਅੰਤਾਂ ਲੱਭੋਂਗੇ, ਇਹ ਸਵਾਲ ਹੈ ? ਜਿਹੜਾ ਬੱਚਾ ਚਾਹੇ ਕੁੜੀ ਹੋਵੇ ਜਾਂ ਮੁੰਡਾ ਉਹ ਵਿਹਲਾ ਰਹਿ ਕੇ ਸਿਰਫ਼ ਇੱਕ ਟੈਸਟ ਪਾਸ ਨਹੀਂ ਕਰ ਸਕਦਾ ਉਹ ਜ਼ਿੰਦਗੀ ਦਾ ਸੰਘਰਸ਼ਮਈ ਟੈਸਟ ਕਦੇ ਪਾਸ ਨਹੀਂ ਕਰੇਗਾ, ਇਹ ਮਾਪਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਰਿਸ਼ਤੇ ਖ਼੍ਰੀਦੇ ਨਹੀਂ ਜਾਂਦੇ, ਬਣਾਏ ਜਾਂਦੇ ਹਨ, ਜੀਵੇ ਜਾਂਦੇ ਹਨ। ਕੁੱਝ ਇਵੇਂ ਦੇ ਬਣਾਏ ਰਿਸ਼ਤੇ ਸਿਰੇ ਵੀ ਚੜ੍ਹਦੇ ਹਨ ਜੋ ਆਪਸ ਵਿੱਚ ਅਡਜਸਟਮੈਂਟ ਕਰ ਲੈਂਦੇ ਹਨ, ਕੁੱਝ ਸਾਰੀ ਉਮਰ ਅਣਚਾਹੇ ਢੋਈ ਵੀ ਜਾਂਦੇ ਹਨ। ਇਹ ਅਣਜੋੜ ਰਿਸ਼ਤਿਆਂ ਦੀ ਨੀਂਹ ਸੌਦਿਆਂ ਤੇ ਨਿਰਧਾਰਤ ਨਹੀਂ ਹੋਣੀ ਚਾਹੀਦੀ ਜਦਕਿ ਦੂਜੇ ਪਾਸੇ ਮਾਪੇ ਆਪਣੇ ਢਿੱਡੋਂ ਜੰਮੇ ਬੱਚਿਆਂ ਦੇ ਨਾਂ ਤੇ ਆਪਣੇ ਜਿਊਂਦੇ ਜੀਅ ਕਦੇ ਜ਼ਮੀਨ ਦਾ ਇੱਕ ਊਰਾ ਵੀ ਨਾਂ ਨਹੀਂ ਲਵਾਉਂਦੇ ਕਿਉਂਕਿ ਉਹਨਾਂ ਨੂੰ ਯਕੀਨ ਨਹੀਂ ਹੁੰਦਾ ਕਿ ਸਾਡੇ ਬੱਚੇ ਸਾਨੂੰ ਬੁਢਾਪੇ ਵਿੱਚ ਰੋਟੀ ਦੇ ਦੇਣਗੇ। ਪਰ ਉਹੀ ਬਿਗਾਨੇ ਧੀ ਜਾਂ ਪੁੱਤਰ ਤੇ ਯਕੀਨ ਜੇ ਕਰਦੇ ਹਨ ਤਾਂ ਦ੍ਰਿੜਤਾ ਨਾਲ ਬੱਚਿਆਂ ਵਿੱਚ ਪਿਆਰ ਦੀ ਭਾਵਨਾ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਜੇ ਮੰਨ ਲਿਆ ਜਾਵੇ ਕਿ ਮੁੰਡਿਆਂ ਨਾਲ ਧੋਖਾ ਜ਼ਿਆਦਾ ਹੋ ਰਿਹਾ ਹੈ ਇਸਦਾ ਕਾਰਣ ਉਹਨਾਂ ਨੂੰ ਜ਼ਿਆਦਾ ਲਾਡਲੇ ਰੱਖ ਕੇ ਇਹੀ ਜ਼ਮੀਨਾਂ ਦੀ ਮਾਲਕੀ ਨੇ ਖੋਖਲੇ ਰੱਖਣ ਵਿੱਚ ਹਾਅਦਾ ਨਾਹਰਾ ਮਾਰਿਆ ਹੈ। ਤਦੇ ਕੁੜੀਆਂ ਪੜ੍ਹਾਈ ਵਿੱਚ ਅੱਵਲ ਦਰਜ਼ੇ ਤੇ ਆ ਰਹੀਆਂ ਹਨ ਕਿਉਂਕਿ ਉਹਨਾਂ ਨੂੰ ਮਾਪਿਆਂ ਤੇ ਆਸ ਨਹੀਂ ਹੁੰਦੀ ਕਿ ਉਹ ਜ਼ਮੀਨ ਦਾ ਕੋਈ ਹਿੱਸਾ ਵੇਚ ਕੇ ਉਹਦੇ ਤੇ ਖਰਚ ਕਰ ਦੇਣਗੇ ਕਿਉਂਕਿ ਸਾਡੇ ਸਮਾਜ ਵਿੱਚ ਔਰਤ ਦੀ ਜਗ੍ਹਾ ਮਰਦ ਤੋਂ ਥੱਲੇ ਰੱਖੀ ਜਾਂਦੀ ਹੈ। ਪਿੱਤਰਸੱਤਾ ਦੀ ਹੈਂਕੜਬਾਜ਼ੀ ਨੂੰ ਤਾਂ ਮਸਾਂ ਮੁੱਦਾ ਮਿਲਿਆ ਹੈ ਕਿ ਔਰਤ ਜਾਤ ਦੀ ਕਿਵੇਂ ਬਦਖੋਹੀ ਕੀਤੀ ਜਾਵੇ। ਕੀ ਅੱਜ ਤੱਕ ਮਰਦਾਂ ਨੇ ਕੋਈ ਔਰਤਾਂ ਨਾਲ ਧੋਖਾ ਨਹੀਂ ਕੀਤਾ ? ਜਿਹੜੀਆਂ ਦੋ ਦੋ ਬੱਚਿਆਂ ਦੀਆਂ ਮਾਵਾਂ ਆਪਣੇ ਪੇਕਿਆਂ ਦੇ ਘਰ ਭਾਈਆਂ ਭਰਜਾਈਆਂ ਦੇ ਸਾਰੀ ਉਮਰ ਛਿੱਤਰਾਂ ਤੇ ਰੋਟੀਆਂ ਖਾਂਦੀਆਂ ਹਨ, ਕਿਸੇ ਨੇ ਕਦੇ ਉਹਨਾਂ ਦੀ ਸਾਰ ਲਈ ਹੈ ? ਜਿਹੜੇ ਕਈ ਕਈ ਵਿਆਹ ਕਰਾ ਕੇ ਕੁੜੀਆਂ ਉੱਥੇ ਛੱਡ ਕੇ ਆ ਜਾਂਦੇ ਨੇ ਤੇ ਇੱਥੇ ਘਰ ਪਤਨੀ ਤੇ ਬੱਚਿਆਂ ਦੇ ਬਾਪ ਹੁੰਦੇ ਹਨ, ਉਹਨਾਂ ਦੀ ਕਦੇ ਛਾਣਬੀਣ ਕੀਤੀ ? ਪਰ ਹਾਂ ਉੱਥੇ ਵੀ ਇਹੀ ਕਿਹਾ ਜਾਂਦਾ ਹੋਵੇਗਾ ਕਿ ਇਹਦੇ ਵਿੱਚ ਹੀ ਗਲਤੀ ਹੋਵੇਗੀ ਤਾਂ ਹੀ ਛੱਡ ਗਿਆ। ਹਾਂ ਉਹ ਲੋਕ ਜੋ ਅੱਜ ਤੱਕ ਔਰਤ ਨੂੰ ਆਪਣੀ ਨਿੱਜੀ ਜਾਇਦਾਦ ਹੀ ਸਮਝਦੇ ਆਏ ਹਨ। ਸਮਝਦੇ ਹਨ ਕਿ ਇਹ ਤਾਂ ਜੂਏ ਵਿੱਚ ਕਦੇ ਦਰੋਪਦੀ ਬਣ ਵਿਕ ਸਕਦੀ ਹੈ ਤੇ ਜਿਸਨੂੰ ਕਦੇ ਸੀਤਾ ਬਣ ਕੇ ਅਗਨੀ ਪ੍ਰਿਖਿਆ ਪਾਸ ਕਰਨੀ ਪੈਂਦੀ ਹੈ, ਉਹ ਉਫ਼ ਨਹੀਂ ਸੀ ਕਰਦੀ ਪਰ ਉਹ ਇਹ ਭੁੱਲ ਗਏ ਕਿ ਇਸ ਵਾਰ ਕੁੜੀਆਂ ਨੂੰ ਉਹ ਕਿੱਥੇ ਭੇਜ ਰਹੇ ਹਨ? ਜਿੱਥੇ ਔਰਤ ਤੇ ਮਰਦ ਵਿੱਚ ਬਹੁਤਾ ਅੰਤਰ ਨਹੀਂ ਹੈ, ਸਾਡਾ ਹੀ ਅਖਾਣ ਹੈ ਨਾ, ਜਿਹੋ ਜਿਹਾ ਦੇਸ਼ ਉਹੋ ਜਿਹਾ ਭੇਸ। ਫਿਰ ਇਹ ਔਰਤ ਤੇ ਲਾਗੂ ਕਿਉਂ ਨਹੀਂ ਹੋਵੇਗਾ ? ਸੋਚਣ ਵਾਲੀ ਗੱਲ ਹੈ। ਇਹ ਸਾਰੀਆਂ ਗੱਲਾਂ ਕਰਕੇ ਮੇਰਾ ਕੋਈ ਆਦਮੀ ਜਾਂ ਔਰਤ ਨੂੰ ਥੱਲੇ ਉੱਤੇ ਕਰਨ ਦੀ ਗੱਲ ਨਹੀਂ ਹੈ ਸਗੋਂ ਸਾਨੂੰ ਮਨੁੱਖਤਾ ਦਾ ਵਰਤਾਰਾ ਸਮਝਣ ਦੀ ਗੱਲ ਹੈ ਕਿ ਹਰ ਮਨੁੱਖ ਤੇ ਆਲਾ ਦੁਆਲਾ, ਪਿਆਰ ਸਬੰਧ, ਉਮਰ ਦਾ ਤਕਾਜ਼ਾ, ਆਰਥਿਕ, ਸਮਾਜਿਕ, ਸਭਿਆਚਾਰਕ ਕਦਰਾਂ ਕੀਮਤਾਂ ਦਾ ਅਸਰ ਪੈਂਦਾ ਹੈ ਇਸ ਕਰਕੇ ਇਸ ਵਿੱਚ ਉਹ ਮਰਦ ਜਾਂ ਔਰਤ ਇਕੱਲਾ ਜ਼ਿੰਮੇਵਾਰ ਨਹੀਂ ਹੁੰਦਾ। ਅਸੀਂ ਲੋਕ ਜਿਨ੍ਹਾਂ ਨੇ ਇਹ ਜੂਆ ਖੇਡਿਆ ਹੁੰਦਾ ਹੈ ਅਸੀਂ ਖਰਚੇ ਪੈਸੇ ਦਾ ਮੁਨਾਫ਼ਾ ਜਲਦੀ ਤੋਂ ਜਲਦੀ ਲੈਣਾ ਚਾਹੁੰਦੇ ਹਾਂ, ਸੋ ਰਿਸ਼ਤਿਆਂ ਵਿੱਚ ਸਬਰ ਸੰਤੋਖ ਤੋਂ ਕੰਮ ਲੈ ਕੇ ਹੀ ਕਿਸੇ ਚੰਗੇ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ।

ਆਪਾਂ ਗੱਲ ਸ਼ੁਰੂ ਕੀਤੀ ਸੀ, ਟੀ ਵੀ ਚੈਨਲਾਂ ਦੀ ਤੇ ਸ਼ੋਸ਼ਲ ਮੀਡੀਏ ਦੀ, ਉਹਨਾਂ ਨੇ ਯੂ ਟਿਊਬ ਚੈਨਲਾਂ ਤੇ ਸ਼ਨਸ਼ਨੀਖੇਜ਼ ਕੈਪਸ਼ਨ ਬਣਾ ਬਣਾ ਕੇ ਬੇਅੰਤ ਨੂੰ ਡੀਪੋਰਟ ਤੇ ਲਵਪ੍ਰੀਤ ਨੂੰ ਇਨਸਾਫ਼ ਦੀ ਬਹਿਸ ਨੂੰ ਖੰਭਾਂ ਤੋਂ ਡਾਰਾਂ ਬਣਾਉਣ ਦੀ ਕੋਈ ਕਸਰ ਨਹੀਂ ਛੱਡੀ। ਡੀਪੋਰਟ ਕਰਨ ਦਾ ਫੈਸਲਾ ਕੈਨੇਡੀਅਨ ਕੋਰਟਾਂ ਨੇ ਕਰਨਾ ਹੈ, ਮੇਰਾ ਖਿਆਲ ਹੈ ਕਿ ਕੁੜੀ ਨੂੰ ਛੱਜ ਵਿੱਚ ਛੱਟ ਕੇ ਲਵਪ੍ਰੀਤ ਨੂੰ ਇਨਸਾਫ਼ ਤਾਂ ਦਵਾ ਹੀ ਦਿੱਤਾ ਹੈ ਕਿਉਂਕਿ ਤੁਸੀਂ ਇੰਨਾ ਕੁ ਹੀ ਕਰਨਾ ਚਾਹੁੰਦੇ ਸੀ। ਮੈਨੂੰ ਵੀ ਅਫ਼ਸੋਸ ਹੈ ਕਿ ਬੱਚੇ ਦੀ ਜਾਨ ਇੰਦਾਂ ਨਹੀਂ ਸੀ ਜਾਣੀ ਚਾਹੀਦੀ। ਪਰ ਹੁਣ ਸਮਝ ਨਹੀਂ ਆ ਰਹੀ ਕਿ ਜੇ ਕੁੜੀ ਡੀਪੋਰਟ ਹੋ ਕੇ ਪੰਜਾਬ ਦੀਆਂ ਗਲ਼ੀਆਂ ਵਿੱਚ ਰੁਲ਼ਦੀ ਨਜ਼ਰ ਆਵੇਗੀ ਤਾਂ ਪੰਜਾਬੀਆਂ ਦਾ ਮਾਣ ਨਾਲ ਕਿਸ ਤਰਾਂ ਸਿਰ ਉੱਚਾ ਹੋਵੇਗਾ ? ਜੇ ਚਲੋ ਕੁੜੀ ਵੀ ਖੁਦਕਸ਼ੀ ਕਰ ਲੈਂਦੀ ਹੈ ਤਾਂ ਸਮਾਜ ਦਾ ਸੁਧਾਰ ਹੋ ਜਾਵੇਗਾ ? ਚੰਗਾ ਹੁੰਦਾ ਜੇ ਮੁੰਡੇ ਦੇ ਮਾਪੇ ਉਹਨੂੰ ਚੰਗੀ ਪ੍ਰਵਰਿਸ਼ ਦਿੰਦੇ ਕਿ ਮੁਸੀਬਤਾਂ ਨਾਲ ਟਾਕਰਾ ਕਿਵੇਂ ਕਰੀਦਾ ਹੈ, ਹਾਰ ਨਹੀਂ ਮੰਨਣੀ ਜਾਂ ਹੁਣ ਉਹ ਆਪਣੇ ਕਰਜ਼ਾ ਉਤਾਰਨ ਦੀ ਗੱਲ ਕਰਦੇ। ਕੀ ਇਹ ਧੋਖਾਧੜੀਆਂ ਵਾਲਾ ਪਹਿਲਾ ਮਾਮਲਾ ਹੈ? ਅਨੇਕਾਂ ਹੀ ਮੁੰਡਿਆਂ ਨੇ ਏਜੰਟਾਂ ਕੋਲ ਲੱਖਾਂ ਡਾਲਰ ਗੁਆਏ ਹਨ ਕਿਸੇ ਨੇ ਨੀ ਕਿਹਾ ਕਿ ਮੈਂ ਉਸ ਏਜੰਟ ਦੇ ਗੋਲ਼ੀ ਮਾਰ ਦੂੰ, ਸਭ ਚੁੱਪ ਕਰਕੇ ਆਪਣੇ ਕੰਮੀਂ ਲੱਗ ਕੇ ਬਹਿ ਗਏ। ਨਾ ਹੀ ਕੋਈ ਮੀਡੀਆ ਅੱਗੇ ਆਇਆ ਹੈ। ਬਹੁਤ ਸਾਰੀਆਂ ਕੁੜੀਆਂ ਜਾਂ ਮੁੰਡੇ ਜੋ ਅੱਜ ਕੁੜੀ ਦੇ ਖਿਲਾਫ਼ ਵੀਡਿਓ ਪਾ ਪਾ ਕੇ ਆਪਣੇ ਚੈਨਲਾਂ ਨੂੰ ਅਬਾਦ ਕਰਨਾ ਚਾਹੁੰਦੇ ਹਨ, ਉਹ ਜ਼ਰੂਰ ਆਪਣੇ ਅੰਦਰ ਝਾਤ ਮਾਰ ਕੇ ਦੇਖਣ ਕਿ ਲੋਕਾਂ ਦੀਆਂ ਇਹਨਾਂ ਹਾਲਤਾਂ, ਮੰਦਹਾਲੀ ਤੇ ਬਦਹਾਲੀ ਦਾ ਜ਼ਿੰਮੇਵਾਰ ਕੌਣ ਹੈ ? ਜੋ ਲੋਕ ਸਮਾਜ ਵਿੱਚ ਪੈਸੇ ਦੀ ਕਾਣੀ ਵੰਡ ਕਰ ਰਹੇ ਹਨ, ਜਿਸ ਕਾਰਣ ਗਰੀਬੀ ਤੇ ਅਮੀਰੀ ਦਾ ਪਾੜਾ ਦਿਨੋ ਦਿਨ ਵਧ ਰਿਹਾ ਹੈ। ਉਹ ਕਾਰਪੋਰੇਸ਼ਨਾਂ ਜੋ ਸਾਰੇ ਸੰਸਾਰ ਤੇ ਕਬਜ਼ਾ ਕਰਨ ਜਾ ਰਹੀਆਂ ਹਨ, ਜਿਨ੍ਹਾਂ ਨੇ ਸਾਡੀ ਖੁਸ਼ਹਾਲ ਕਿਸਾਨੀ ਨੂੰ ਮੂਧੇ ਮੂੰਹ ਸਿੱਟਿਆ ਹੈ। ਐਨੀਆਂ ਟਾਹਰਾਂ ਮਾਰਨ ਵਾਲਾ ਗੈਰ ਜ਼ਿੰਮੇਵਾਰ ਮੀਡੀਆ ਜੋ ਬਿਨਾਂ ਕਿਸੇ ਪੜਤਾਲ ਦੇ ਦੋਸ਼ ਮੜ੍ਹ ਮੜ੍ਹ ਕੇ ਕੁੜੀ ਨੂੰ ਭੰਡ ਰਿਹਾ ਹੈ ਤੇ ਆਪਣਾ ਫੈਸਲਾ ਸੁਣਾ ਰਿਹਾ ਹੈ। ਜੇ ਉਹ ਐਨੀ ਹੀ ਹਿੰਮਤ ਕਿਸਾਨੀ ਸੰਘਰਸ਼ ਵਿੱਚ ਦਿੱਲੀ ਦੀਆਂ ਬਰੂੰਹਾਂ ਤੇ ਮਰ ਰਹੇ ਕਿਸਾਨਾਂ, ਹੱਕਾਂ ਲਈ ਲੜਦੇ ਆਧਿਆਪਕਾਂ, ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਲਈ ਲੜਦੇ ਮਾਪਿਆਂ, ਯੂਨੀਵਰਸਿਟੀਆਂ ਦੇ ਖਾਲ਼ੀ ਹੋਣ ਦੇ ਖਦਸ਼ਿਆਂ, ਸਰਕਾਰੀ ਸਕੂਲਾਂ ਦੇ ਉਜਾੜੇ ਦੀਆਂ ਕਨਸੋਆਂ, ਜੇਲ੍ਹਾਂ ਵਿੱਚ ਡੱਕੇ ਬੁੱਧੀਜੀਵੀਆਂ, ਡਰੱਗਾਂ ਨਾਲ ਮਰ ਰਹੀ ਨੌਜਵਾਨੀ ਦੇ ਕਾਰਣਾਂ, ਫਾਸ਼ੀਵਾਦੀ ਸਰਕਾਰ ਦੀਆਂ ਧਰਮਾਂ, ਜਾਤਾਂ ਤੇ ਲੜਾਉਣ ਦੀਆਂ ਸਾਜਿਸ਼ਾਂ, ਕੋਵਿਡ ਮਹਾਂਮਾਰੀ ਵਿੱਚ ਕੁਪੋਸ਼ਣ ਦਾ ਸ਼ਿਕਾਰ ਲੋਕਾਈ, ਦੇਸ਼ ਨੂੰ ਕਾਰਪੋਰੇਸ਼ਨਾਂ ਹੱਥ ਵੇਚੇ ਜਾਣ ਦੀਆਂ ਨੀਤੀਆਂ ਤੇ ਐਨੀ ਸੁਹਿਰਦਤਾ (ਜਿੰਨੀ ਸੁਹਿਰਦਤਾ ਇਸ ਨਿੱਜੀ ਮਸਲੇ ਵਿੱਚ ਦਿਖਾਈ ਹੈ) ਨਾਲ ਕੰਮ ਕਰਦਾ ਤਾਂ ਹੁਣ ਨੂੰ ਪੰਜਾਬ ਦੀਆਂ ਸਰਕਾਰਾਂ ਜਾਂ ਮੋਦੀ ਸਰਕਾਰ ਦਬਾਅ ਨਾਲ ਹੀ ਲੋਕਾਂ ਦੀਆਂ ਮੰਗਾਂ ਮੰਨ ਲੈਂਦੀ ਪਰ ਇਹ ਵਿਕਾਊ ਮੀਡੀਆ (ਕੁੱਝ ਕੁ ਨੂੰ ਛੱਡ ਕੇ) ਉਹ ਗੱਲ ਹੀ ਨਹੀਂ ਕਰਦਾ ਜੋ ਸਾਰੀ ਲੋਕਾਈ ਨੂੰ ਜੀਣਯੋਗ ਹਾਲਤਾਂ ਦੇ ਸਮਰੱਥ ਕਰੇ, ਇਹ ਤਾਂ ਸਾਰੀ ਦਿਹਾੜੀ ਲੀਡਰਾਂ ਦੀ ਆਪਸੀ ਨੋਕ ਝੋਕ ਜਾਂ ਲੋਕਾਂ ਦੇ ਨਿੱਜੀ ਮਸਲਿਆਂ ਨੂੰ ਉਛਾਲ ਉਛਾਲ ਕੇ ਸਵਾਦ ਲੈ ਰਿਹਾ ਹੈ ਤੇ ਲੋਕ ਵੀ ਮਜ਼ਾ ਲੈ ਰਹੇ ਹਨ, ਇੱਕ ਬੱਚੀ ਦੀਆਂ ਮਸਾਲੇ ਲੱਗੀਆਂ ਖ਼ਬਰਾਂ ਸੁਣ ਸੁਣ ਕੇ। ਇਹ ਸਾਡੇ ਸਮਾਜ ਦੀ ਗਿਰਾਵਟ ਦਾ ਨਮੂਨਾ ਹੈ ਸਾਨੂੰ ਸੁਚੇਤ ਹੋਣਾ ਚਾਹੀਦਾ ਤੇ ਕਾਰਣਾਂ ਨੂੰ ਸਮਝ ਕੇ ਹਾਂ-ਪੱਖੀ ਸਮਝ ਬਣਾਉਣੀ ਚਾਹੀਦੀ ਹੈ।ਸਰਕਾਰਾਂ ਸਾਨੂੰ ਆਪਸ ਵਿੱਚ ਉਲਝੇ ਦੇਖ ਖੁਸ਼ ਹੁੰਦੀਆਂ ਹਨ ਕਿਉਂਕਿ ਉਹਨਾਂ ਨੂੰ ਸਾਨੂੰ ਮੁੱਦਿਆਂ ਤੋਂ ਪਰੇ ਕਰਨ ਦੀ ਲੋੜ ਹੀ ਨਹੀਂ ਰਹਿੰਦੀ ਕਿਉਂਕਿ ਅਸੀਂ ਤਾਂ ਆਪਣੇ ਆਪ ਹੀ ਆਪਸ ਵਿੱਚ ਲੜ ਰਹੇ ਹਾਂ।

# ਸਿੱਖ 'ਪੇਨ', ਸਿਰਦਾਰ ਕਪੂਰ ਸਿੰਘ ਤੇ ਉਨ੍ਹਾਂ ਦੇ ਅਜੋਕੇ ਪੈਰੋਕਾਰ (ਸਫ਼ਾ 11 ਦੀ ਬਾਕੀ)

ਦੀ ਸਥਾਪਨਾ ਦੇ ਰਾਹ ਵਿੱਚ ਇੱਕ ਬਹੁਤ ਵੱਡੀ ਅਮਲੀ ਮੁਸ਼ਕਿਲ ਆ ਖੜੀ ਸੀ। ਇਤਿਹਾਸ ਦਾ ਵਿਹਾਰ ਕੁਝ ਇਸ ਤਰ੍ਹਾਂ ਚੱਲਿਆ ਕਿ ਸਿੱਖ ਵਸੋਂ ਕਿਸੇ ਇੱਕ ਬੱਝਵੇਂ ਖਿੱਤੇ ਅੰਦਰ ਇਕੱਤਰ ਹੋਣ ਦੀ ਥਾਂ ਦੂਰ ਤੱਕ ਖਿਲਰ ਗਈ ਸੀ।ਸਿੱਟੇ ਵਜੋਂ ਉਹ ਕਿਸੇ ਬੱਝਵੇਂ ਖਿੱਤੇ ਅੰਦਰ ਬਹੁ-ਗਿਣਤੀ ਦਾ ਰੁਤਬਾ ਹਾਸਿਲ ਨਹੀਂ ਕਰ ਸਕੀ।" ਸ. ਅਜਮੇਰ ਸਿੰਘ ਸਿੱਖ ਪੰਥ ਬਾਰੇ ਮੰਨਦੇ ਹਨ ਕਿ 'ਸਿੱਖ ਇੱਕ ਵੱਖਰੀ ਕੌਮ ਹੈ', ਪਰ ਅਜਮੇਰ ਸਿੰਘ ਵਲੋਂ ਸਿੱਖੀ ਦੇ ਇੱਕ ਹੋਰ ਸਿਧਾਂਤਕਾਰ ਡਾ. ਗੁਰਭਗਤ ਸਿੰਘ ਦੇ ਲੇਖਾਂ ਨੂੰ ਸੰਪਾਦਿਤ ਕਰਕੇ ਲਿਖੀ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਵਿੱਚ ਪੰਨਾ 48 ਤੇ ਡਾ. ਗੁਰਭਗਤ ਸਿੰਘ ਜੀ ਆਪਣੇ ਲੇਖ 'ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ' ਵਿੱਚ ਲਿਖਦੇ ਹਨ: "ਸਟਾਲਿਨ ਦੇ 1913 ਵਿੱਚ 'ਕੌਮਵਾਦ' ਬਾਰੇ ਪ੍ਰਕਾਸ਼ਿਤ ਪੈਂਫਲਿਟ ਤੋਂ ਪਿੱਛੋਂ ਵਿਸ਼ਵ ਪੱਧਰ ਤੇ ਕੌਮ, ਕੌਮੀਅਤ ਅਤੇ ਕੌਮਵਾਦ ਬਾਰੇ ਚਰਚਾ ਕਾਫੀ ਗਰਮ ਰਹੀ ਹੈ। ਹੁਣ ਕਿਸੇ ਖੇਤਰ ਦੇ ਲੋਕਾਂ ਨੂੰ 'ਕੌਮ' ਦੇ ਤੌਰ ਤੇ ਸਵੀਕਾਰ ਹੋਣ ਲਈ ਸਿਧਾਂਤਕ ਅਤੇ ਵਿਵਹਾਰਕ ਪੱਧਰ ਉਤੇ ਪੰਜ ਅੰਸ਼ਾਂ ਦੀ ਪ੍ਰਾਪਤੀ ਜਰੂਰੀ ਹੈ ਉਹ ਪੰਜ ਅੰਸ਼ ਹਨ: ਸਾਂਝੀ ਭਾਸ਼ਾ, ਵਿਲੱਖਣ ਖੇਤਰ, ਆਰਥਿਕ ਇਕਸਾਰਤਾ, ਸਮੂਹਿਕ ਚਰਿਤਰ ਅਤੇ ਕੌਮੀ ਮਾਰਕੀਟ। ਜੇ ਵਿਲੱਖਣ ਖੇਤਰ ਜਾਂ ਪ੍ਰਭੂ ਸੰਪਨ ਇਲਾਕਾ ਨਾ ਹੋਵੇ ਤਾਂ ਉਹ ਲੋਕ ਕੌਮੀਅਤ ਹਨ, ਪਰ ਕੌਮ ਨਹੀਂ।" ਇਥੇ ਸਭ ਤੋਂ ਵੱਧ ਗੰਭੀਰਤਾ ਨਾਲ਼ ਨੋਟ ਕਰਨ ਵਾਲ਼ੀ ਗੱਲ ਇਹ ਹੈ ਕਿ ਡਾ ਗੁਰਭਗਤ ਸਿੰਘ ਵਲੋਂ ਕਿਸੇ ਲੋਕਾਂ ਦੇ ਸਮੂਹ ਨੂੰ ਕੌਮ ਬਣਨ ਲਈ ਜਿਹੜੇ ਪੰਜ ਅੰਸ਼ ਜਰੂਰੀ ਦੱਸੇ ਹਨ, ਉਨ੍ਹਾਂ ਵਿੱਚ ਧਰਮ ਨੂੰ ਕੋਈ ਮਾਨਤਾ ਨਹੀਂ, ਜਦਕਿ ਕਪੂਰ ਸਿੰਘ, ਅਜਮੇਰ ਸਿੰਘ, ਗੁਰਤੇਜ ਸਿੰਘ ਤੇ ਹੋਰ ਸਿੱਖ ਵਿਦਵਾਨਾਂ ਵਲੋਂ 'ਵੱਖਰੀ ਕੌਮ' ਦੇ ਅਧਾਰ ਤੇ ਆਪਣੀ ਵੱਖਰੀ ਸਿੱਖ ਸਟੇਟ ਦਾ ਅਧਾਰ ਹੀ ਮੁੱਖ ਰੂਪ ਵਿੱਚ ਧਰਮ ਹੈ? 'ਕੌਮਾਂ' ਦੀ ਵਿਸ਼ਵ ਪ੍ਰਮਾਣਿਤ ਪ੍ਰੀਭਾਸ਼ਾ ਅਨੁਸਾਰ 'ਪੰਜਾਬੀ ਕੌਮ' ਤਾਂ ਬਣਦੀ ਹੈ, ਜਿਸ ਵਿੱਚ ਡਾ. ਗੁਰਭਗਤ ਸਿੰਘ ਅਨੁਸਾਰ ਸਾਰੇ ਪੰਜ ਅੰਸ਼ ਮੌਜੂਦ ਹਨ, ਪਰ 'ਸਿੱਖ ਕੌਮ' ਨਹੀਂ ਬਣਦੀ, ਪਰ ਸਾਡੇ ਵਿਦਵਾਨ ਇਸ ਤੱਥ ਤੋਂ ਇਨਕਾਰੀ ਹੋ ਕੇ ਹਮੇਸ਼ਾਂ 'ਧਰਮ ਅਧਾਰਿਤ ਕੌਮ' ਦੇ ਸੰਕਲਪ ਦੀ ਦੁਬਿਧਾ ਦਾ ਸ਼ਿਕਾਰ ਹਨ।

ਸਾਡੇ ਉਚਕੋਟੀ ਦੇ ਵਿਦਵਾਨ, ਕਿਸ ਤਰ੍ਹਾਂ ਦੁਬਿਧਾ ਦਾ ਸ਼ਿਕਾਰ ਹੋ ਕੇ ਆਪਾ-ਵਿਰੋਧੀ ਗੱਲਾਂ ਕਰਦੇ ਹਨ, ਉਸਦਾ ਪ੍ਰਮਾਣ ਇਸੇ ਕਿਤਾਬ ਦੇ ਅਗਲੇ ਦੋ ਪਹਿਰਿਆਂ ਤੋਂ ਮਿਲਦਾ ਹੈ, ਜਦੋਂ ਡਾ. ਗੁਰਭਗਤ ਸਿੰਘ ਇਸੇ ਵਿਸ਼ੇ ਬਾਰੇ ਲਿਖਦੇ ਹਨ: 'ਪੰਜਾਬ ਨੇ ਇਹ ਪੰਜ ਅੰਸ਼ ਕੇਵਲ ਮਹਾਰਾਜਾ ਰਣਜੀਤ ਸਿੰਘ ਦੇ 'ਖਾਲਸਾ ਰਾਜ' ਵਿੱਚ ਪ੍ਰਾਪਤ ਕੀਤੇ।ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ, ਪ੍ਰਭੂ-ਸਤ੍ਹਾ ਸੰਪਨ ਰਾਜ ਸੀ। ਉਹ ਉਸ ਸਮੇਂ ਦੇ ਭਾਰਤੀ ਰਾਜ-ਪ੍ਰਬੰਧ ਤੋਂ ਸੁਤੰਤਰ ਸੀ। ਉਦੋਂ ਪੰਜਾਬ ਵਿੱਚ ਤਿੱਬਤ ਅਤੇ ਅਫਗਾਨਿਸਤਾਨ ਦੇ ਕੁਝ ਹਿੱਸੇ ਵੀ ਸ਼ਾਮਿਲ ਸਨ। ਕਵੀ ਸ਼ਾਹ ਮੁਹੰਮਦ ਨੇ ਆਪਣੇ 'ਜੰਗਨਾਮਾ' ਵਿਚ ਇਸ ਗੱਲ ਦੀ ਸਾਖੀ ਭਰੀ ਹੈ ਕਿ ਰਣਜੀਤ ਸਿੰਘ ਦੇ ਰਾਜ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੀ 'ਵੱਡੀ ਸਾਂਝ' ਸੀ। ਜਦੋਂ ਸ਼ਾਹ ਮੁਹੰਮਦ, ਰਣਜੀਤ ਸਿੰਘ ਨੂੰ 'ਸਰਕਾਰ' ਆਖਦਾ ਹੈ ਤਾਂ ਉਹ ਸਾਂਝੇ ਪੰਜਾਬ ਦਾ ਪ੍ਰਤੀਕ ਹੈ। 'ਖਾਲਸਾ' ਫੌਜ ਸ਼ਾਹ ਮੁਹੰਮਦ ਲਈ ਸਾਂਝੇ ਪੰਜਾਬ ਦੀ ਫੌਜ ਹੈ, ਪੰਜਾਬ ਦੀ ਸੁਤੰਤਰ ਹੋਂਦ ਲਈ ਲੜਨ ਵਾਲ਼ੀ ਫੌਜ ਹੈ।'ਖਾਲਸਾ' ਸ਼ਬਦ ਵੀ ਸ਼ਾਹ ਮੁਹੰਮਦ ਲਈ ਇੱਕ ਧਰਮ ਜਾਂ ਫਿਰਕੇ ਦਾ ਸੂਚਕ ਨਹੀਂ, ਸਗੋਂ ਇੱਕ ਸੰਕਲਪ, ਇੱਕ ਚੇਤੰਨਤਾ, ਇੱਕ ਕੌਮ ਦਾ ਸੂਚਕ ਚਿੰਨ੍ਹ ਹੈ।' ਇੱਕ ਪਾਸੇ ਸਾਡੇ ਵਿਦਵਾਨ ਮਹਾਰਾਜਾ ਰਣਜੀਤ ਸਿੰਘ ਦੇ 'ਖਾਲਸਾ ਰਾਜ' ਨੂੰ ਸਰਬ-ਸਾਂਝਾ ਰਾਜ ਦੱਸਦੇ ਹਨ, ਜਿਥੇ ਸਿੱਖਾਂ ਦੀ ਅਬਾਦੀ 12-13% ਸੀ, ਪਰ ਸਾਰੀ ਹਿੰਦੂ-ਮੁਸਲਮਾਨ ਵਸੋਂ ਬੜੇ ਮਾਣ ਨਾਲ਼ ਰਹਿੰਦੀ ਸੀ। ਦੂਜੇ ਪਾਸੇ ਇਨ੍ਹਾਂ ਹੀ ਵਿਦਵਾਨਾਂ ਵਲੋਂ ਸੰਕਲਪੇ ਜਾ ਰਹੇ ਸਿੱਖ ਰਾਜ 'ਖਾਲਿਸਤਾਨ' ਵਿੱਚ ਹਿੰਦੂਆਂ, ਦਲਿਤਾਂ, ਹੋਰ ਭਾਈਚਾਰਿਆਂ ਦੀ ਤਾਂ ਗੱਲ ਹੀ ਛੱਡੋ, ਸਿੱਖਾਂ ਦੀ ਮੇਨ ਸਟਰੀਮ ਵਿਚਾਰਧਾਰਾ ਤੋਂ ਵੱਖ ਹੋ ਕੇ ਚੱਲ ਰਹੇ ਫਿਰਕਿਆਂ ਰਾਧਾ ਸਵਾਮੀਆਂ, ਨਿਰੰਕਾਰੀਆਂ, ਨਾਮਧਾਰੀਆਂ ਆਦਿ ਲਈ ਵੀ ਕੋਈ ਥਾਂ ਨਹੀਂ ਅਤੇ ਨਾ ਹੀ ਵੱਖਰੀ ਰਾਜਨੀਤਕ ਵਿਚਾਧਾਰਾ ਰੱਖਣ ਵਾਲ਼ੇ ਕਾਮਰੇਡਾਂ ਲਈ ਕੋਈ ਥਾਂ ਹੈ? ਇੱਕ ਪਾਸੇ ਇਹ ਮਹਾਰਾਜਾ ਰਣਜੀਤ ਸਿੰਘ ਦੇ 'ਖਾਲਸਾ ਰਾਜ' ਨੂੰ 'ਪੰਜਾਬੀ ਕੌਮ' ਦੇ ਸਾਂਝੇ ਰਾਜ ਦੇ ਤੌਰ ਤੇ ਉਭਾਰਦੇ ਹਨ, ਦੂਜੇ ਪਾਸੇ ਹੁਣ ਸਿਰਫ 'ਸਿੱਖ ਕੌਮ' ਲਈ ਵੱਖਰੇ ਰਾਜ ਦੀ ਗੱਲ ਕਰਦੇ ਹਨ, ਜਿਥੇ 'ਹਿੰਦੂ' ਸਭ ਤੋਂ ਵੱਡੀ ਦੁਸ਼ਮਣ ਧਿਰ ਹੈ? ਸਮਝ ਨਹੀਂ ਆਉਂਦੀ ਕਿ ਸਾਡੇ ਵਿਦਵਾਨ ਅਸਲ ਵਿੱਚ ਕਰਨਾ ਕੀ ਚਾਹੁੰਦੇ ਹਨ? ਕੀ ਸਾਡੇ ਇਹ ਵਿਦਵਾਨ ਦੱਸ ਸਕਦੇ ਹਨ ਕਿ ਪੰਜਾਬ ਵਿੱਚ ਹਿੰਦੂਆਂ, ਦਲਿਤਾਂ ਤੇ ਹੋਰ ਫਿਰਕਿਆਂ ਦੇ ਸਹਿਯੋਗ ਤੋਂ ਬਿਨਾਂ ਅਤੇ ਹਰ ਇੱਕ ਨੂੰ ਦੁਸ਼ਮਣ ਗਰਦਾਨ ਕੇ ਕੋਈ ਸੰਘਰਸ਼ ਜਿੱਤ ਸਕਦੇ ਹਨ? ਪੰਜਾਬ ਦਾ ਜਾਂ ਸਿੱਖਾਂ ਦਾ ਕੋਈ ਭਲਾ ਕਰ ਸਕਦੇ ਹਨ?

ਸਾਡਾ ਸਵਾਲ ਇਹ ਹੈ ਕਿ ਸਿੱਖੀ ਜਾਂ ਖਾਲਿਸਤਾਨ ਦੇ ਸਿਧਾਂਤਕ ਵਿਆਖਿਆਕਾਰ ਇਹ ਮਹਾਨ ਵਿਦਵਾਨ 'ਸਿੱਖ ਸਟੇਟ' ਦੀ ਮੰਗ ਰੱਖਣ ਤੋਂ ਪਹਿਲਾਂ ਇਹ ਫੈਸਲਾ ਤਾਂ ਕਰ ਲੈਣ ਕਿ ਕੀ 'ਸਿੱਖ ਇੱਕ ਵੱਖਰੀ ਕੌਮ ਹੈ' ਜਾਂ 'ਇੱਕ ਵੱਖਰਾ ਧਾਰਮਿਕ ਫਿਰਕਾ'? ਕੀ 'ਧਰਮ' ਨੂੰ ਆਧਾਰ ਬਣਾ ਕੇ ਕਿਸੇ ਜਨ ਸਮੂਹ ਨੂੰ ਕੌਮ ਬਣਾਇਆ ਜਾ ਸਕਦਾ ਹੈ? ਇੱਕ ਗੱਲ ਹੋਰ ਸਮਝਣ ਵਾਲ਼ੀ ਹੈ ਕਿ ਜੇ ਕਿਸੇ ਕੌਮ ਦਾ ਅਧਾਰ ਧਰਮ ਹੀ ਮੁੱਖ ਹੋਵੇ ਤਾਂ ਧਰਮ ਅਧਾਰਿਤ ਬਣਿਆ ਪਾਕਿਸਤਾਨ ਦੋ ਦਹਾਕੇ ਵੀ ਕਿਉਂ ਨਾ ਚੱਲ ਸਕਿਆ ਕਿ ਅਖੀਰ ਵੱਖਰਾ 'ਬੰਗਲਾ ਦੇਸ਼' ਬਣਾਉਣਾ ਪਿਆ ਅਤੇ ਹੁਣ ਪਾਕਿਸਤਾਨ ਵਿੱਚ ਵੱਖਰੇ 'ਬਲੋਚਿਸਤਾਨ' ਦੀ ਲੜਾਈ ਲੰਬੇ ਸਮੇਂ ਤੋਂ ਚੱਲ ਰਹੀ ਹੈ। ਅਰਬ ਦੇ ਕੁਰਦ ਮੁਸਲਮਾਨ 4 ਪ੍ਰਮੁੱਖ ਮੁਸਲਿਮ ਦੇਸ਼ਾਂ ਇਰਾਕ, ਇਰਾਨ, ਸੀਰੀਆ ਤੇ ਟਰਕੀ ਵਿੱਚ ਵਸਦੇ ਹਨ, ਪਰ ਲੰਬੇ ਸਮੇਂ ਤੋਂ ਆਪਣੇ ਮੁਸਲਮਾਨ ਭਰਾਵਾਂ ਨਾਲ਼ ਹੀ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ। ਜੇ ਧਰਮ ਹੀ ਕਿਸੇ ਕੌਮ ਲਈ ਮੁੱਖ ਧੁਰਾ ਹੁੰਦਾ ਤਾਂ 'ਕੁਰਦਾਂ' ਨੂੰ ਮੁਸਲਮਾਨ ਹੋਣ ਦੇ ਬਾਵਜੂਦ ਮੁਸਲਿਮ ਦੇਸ਼ਾਂ ਵਿੱਚ ਹੀ ਬੇਅੰਤ ਦੁਸ਼ਵਾਰੀਆਂ ਦਾ ਸਾਹਮਣਾ ਨਾ ਕਰਨਾ ਪੈਂਦਾ। ਜੇ ਧਰਮ ਹੀ ਇੱਕੋ-ਇੱਕ ਲੋਕਾਂ ਨੂੰ ਬੰਨ੍ਹਣ ਵਾਲੀ ਤਾਕਤ (Binding Force) ਹੁੰਦੀ ਤਾਂ ਕਿਸੇ ਸਮੇਂ ਸਾਰਾ ਯੂਰਪ ਇਸਾਈਅਤ ਦੇ ਪ੍ਰਭਾਵ ਥੱਲੇ ਸੀ, ਪਰ ਇੰਗਲੈਂਡ, ਸਪੇਨ, ਜਰਮਨੀ ਆਦਿ ਵੱਡੇ ਦੇਸ਼ 1000 ਸਾਲ ਇਸਾਈ ਹੋਣ ਦੇ ਬਾਵਜੂਦ ਇੱਕ ਦੂਜੇ ਦੇ ਖਿਲਾਫ ਲੜਦੇ ਰਹੇ ਹਨ। ਉਪਰਲੀ ਚਰਚਾ ਤੋਂ ਇੱਕ ਅਹਿਮ ਸਵਾਲ ਇਹ ਵੀ ਖੜਾ ਹੁੰਦਾ ਹੈ ਕਿ ਜੇ ਮੰਨ ਲਉ 1947 ਦੇ ਦੌਰ ਵਿੱਚ ਖਾਲਿਸਤਾਨ ਮਿਲ਼ਦਾ ਸੀ, ਪਰ ਸਿੱਖਾਂ ਦੀ ਕਿਸੇ ਖਿੱਤੇ ਵਿੱਚ ਬਹੁ-ਗਿਣਤੀ ਨਾ ਹੋਣ ਕਾਰਨ, ਸਿੱਖਾਂ ਕੋਲ਼ੋਂ ਉਹ ਮੌਕਾ ਖੁਸ ਗਿਆ, ਕੀ ਸਾਡੇ ਖਾਲਿਸਤਾਨੀ ਵਿਦਵਾਨ ਤੇ ਲੀਡਰ, ਦੁਨੀਆਂ ਨੂੰ ਦੱਸ ਸਕਦੇ ਹਨ ਕਿ ਦੁਨੀਆਂ ਦਾ ਹੁਣ ਕਿਹੜਾ ਅਜਿਹਾ ਖਿੱਤਾ ਹੈ, ਜਿਥੇ ਸਿੱਖਾਂ ਦੀ ਬਹੁ-ਗਿਣਤੀ ਹੈ? ਮੌਜੂਦਾ ਪੰਜਾਬ ਵਿੱਚ ਵੀ ਹਿੰਦੂਆਂ ਤੇ ਦਲਿਤਾਂ ਨੂੰ ਬਾਹਰ ਕੱਢ ਕੇ ਸਿੱਖਾਂ ਦੀ ਵਸੋਂ 35% ਤੋਂ ਜ਼ਿਆਦਾ ਨਹੀਂ ਹੈ? ਸਿੱਖਾਂ ਵਿਚੋਂ ਰਾਧਾ ਸਵਾਮੀ, ਨਿਰੰਕਾਰੀ, ਨਾਮਧਾਰੀ ਆਦਿ ਕਿਤਨੇ ਛੋਟੇ ਫਿਰਕੇ ਹਨ, ਜਿਨ੍ਹਾਂ ਪ੍ਰਤੀ ਪੰਥਕ ਧਿਰਾਂ ਤ੍ਰਿਸਕਾਰ ਦੀ ਭਾਵਨਾ ਰੱਖਦੀਆਂ ਹਨ? ਕੀ ਕਦੇ ਪੰਥਕ ਧਿਰਾਂ ਨੇ ਦਲਿਤ ਤੇ ਹੋਰ ਹੋਰ ਜਾਤਾਂ ਦੇ ਲੋਕਾਂ ਬਾਰੇ ਸੋਚਿਆ ਹੈ ਕਿ ਉਨ੍ਹਾਂ ਵਿੱਚੋਂ ਵੀ ਕਿਤਨੇ ਕੁ ਸਿੱਖ ਖਾਲਿਸਤਾਨ ਦੇ ਹਾਮੀ ਹਨ? ਜੇ ਮੰਨ ਲਉ ਸਾਰੇ ਸਿੱਖ ਵੀ ਖਾਲਿਸਤਾਨ ਦੇ ਹਾਮੀ ਹੋਣ ਤਾਂ ਵੀ ਕੀ 65% ਦੀ ਮਰਜੀ ਤੋਂ ਬਿਨਾਂ ਮੌਜੂਦਾ ਪੰਜਾਬ ਤੇ ਮੌਜੂਦਾ ਹਾਲਾਤਾਂ ਵਿੱਚ 'ਖਾਲਿਸਤਾਨ' ਸੰਭਵ ਹੋ ਸਕਦਾ ਹੈ? ਜੇ ਇਹ ਧਿਰਾਂ ਆਪਣੀ 35% ਵਸੋਂ ਨਾਲ਼ ਹੀ ਵੱਖਰਾ ਰਾਜ ਬਣਾਉਣਾ ਚਾਹੁੰਦੀਆਂ ਹਨ ਤਾਂ ਕੀ ਕਦੇ ਉਨ੍ਹਾਂ ਸਰਵੇਖਣ ਕੀਤਾ ਹੈ ਕਿ ਮੌਜੂਦਾ ਪੰਜਾਬ ਦੇ ਕਿਹੜੇ ਜ਼ਿਲ੍ਹਿਆਂ ਵਿੱਚ ਸਿੱਖਾਂ ਦੀ ਵੱਧ ਗਿਣਤੀ ਹੈ, ਜਿਥੇ ਬਾਕੀ ਸਾਰਿਆਂ ਨੂੰ ਪ੍ਰਵਾਸ ਕਰਾ ਕੇ 'ਇਜਰਾਈਲ' ਵਾਂਗ ਸਿੱਖਾਂ ਨੂੰ ਵਸਾ ਕੇ ਸਿੱਖ ਹੋਮਲੈਂਡ ਬਣਾ ਦਿੱਤਾ ਜਾਵੇ?

ਜੇ ਸਿਰਦਾਰ ਕਪੂਰ ਸਿੰਘ ਦੀ 'ਸਾਚੀ ਸਾਖੀ' ਤੇ ਅਜਮੇਰ ਸਿੰਘ ਦੀ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਨੂੰ ਖਾਲਿਸਤਾਨ ਦੇ ਸੰਕਲਪਾਂ ਦੀ ਵਿਆਖਿਆ ਦੇ ਗ੍ਰੰਥ ਮੰਨੀਏ ਤਾਂ ਉਥੋਂ ਇਹ ਸਪੱਸ਼ਟ ਹੈ ਕਿ ਜਿਸ ਤਰ੍ਹਾਂ ਸਿੱਖ ਲੀਡਰਸ਼ਿਪ 47 ਤੋਂ ਪਹਿਲਾਂ 'ਸਿੱਖ ਇੱਕ ਵੱਖਰੀ ਕੌਮ' ਜਾਂ 'ਸਿੱਖ ਸਟੇਟ' ਪ੍ਰਤੀ ਅਨੇਕਾਂ ਦੁਬਿਦਾਵਾਂ ਤੇ ਭੰਬਲਭੂਸਿਆਂ ਦੀ ਸ਼ਿਕਾਰ ਸੀ, ਉਸੇ ਤਰ੍ਹਾਂ ਅੱਜ ਹੈ। ਇਥੋਂ ਤੱਕ ਕਿ ਸਿੱਖ ਵਿਦਵਾਨ ਵੀ ਇਸ ਦੁਬਿਧਾ ਦਾ ਸ਼ਿਕਾਰ ਹਨ? ਅਜਮੇਰ ਸਿੰਘ ਵਲੋਂ ਸੰਪਾਦਿਤ ਡਾ. ਗੁਰਭਗਤ ਸਿੰਘ ਦੇ ਲੇਖਾਂ ਦੀ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਦੇ ਪੰਨਾ 56 ਤੇ ਗੁਰਭਗਤ ਸਿੰਘ ਜੀ ਆਪਣੇ ਲੇਖ 'ਸਿਰਦਾਰ ਕਪੂਰ ਸਿੰਘ ਸਿੱਖ ਚਿੰਤਨ ਦੀ ਵਿਲੱਖਣਤਾ ਦਾ ਵਿਆਖਿਆਕਾਰ' ਵਿੱਚ ਸਿਰਦਾਰ ਕਪੂਰ ਸਿੰਘ ਨੂੰ ਭਾਈ ਗੁਰਦਾਸ ਜੀ ਬਰਾਬਰ ਸਿੱਖੀ ਦੇ ਸਿਧਾਂਤਕ ਵਿਆਖਿਆਕਾਰ ਕਹਿ ਕੇ, ਇਵੇਂ ਸਿਜਦਾ ਕਰਦੇ ਹਨ: "ਭਾਈ ਗੁਰਦਾਸ ਤੋਂ ਪਿਛੋਂ ਸਾਡੇ ਇਸ ਇੱਕੋ-ਇੱਕ ਪ੍ਰਮਾਣਿਕ ਵਿਆਖਿਆਕਾਰ ਨੂੰ ਪ੍ਰਣਾਮ ਕਰਕੇ, ਮੈਂ ਕੁਝ ਰਿਣ ਅਦਾ ਕਰ ਰਿਹਾ ਹਾਂ।" ਪਰ ਭਾਈ ਗੁਰਦਾਸ ਜੀ ਵਰਗੀ ਪ੍ਰਤਿਭਾ ਦੇ ਮਾਲਕ ਸਿਰਦਾਰ ਕਪੂਰ ਸਿੰਘ ਨੇ ਆਪਣੀ ਸ਼ਾਹਕਾਰ ਰਚਨਾ 'ਸਾਚੀ ਸਾਖੀ' ਵਿੱਚ ਕਿਤੇ ਵੀ ਸਪੱਸ਼ਟ ਤੌਰ 'ਤੇ ਨਹੀਂ ਕਿਹਾ ਕਿ ਉਹ ਕਦੇ ਭਾਰਤ ਤੋਂ ਵੱਖਰੇ ਦੇਸ਼ ਖਾਲਿਸਤਾਨ ਦੇ ਹਾਮੀ ਸਨ, ਸਗੋਂ ਉਨ੍ਹਾਂ 'ਸਿੱਖ ਹੋਮਲੈਂਡ' ਦਾ ਮਤਾ ਲਿਆਉਂਦਿਆਂ ਭਾਰਤੀ ਸੰਘ ਤੋਂ ਵੱਖ ਹੋਣ ਦੀ ਲਾਈਨ ਤੇ ਇਤਰਾਜ਼ ਉਠਾਉਂਦਿਆਂ, ਮਾਸਟਰ ਜੀ ਦੀ ਖੁੰਭ ਕਿਵੇਂ ਠੱਪੀ ਸੀ ਦਾ ਪਹਿਲਾਂ ਜ਼ਿਕਰ ਕਰ ਚੁੱਕੇ ਹਾਂ। ਪਰ ਅਫਸੋਸ ਇਸ ਗੱਲ ਦਾ ਹੈ ਕਿ ਕਪੂਰ ਸਿੰਘ ਜੀ ਭਾਰਤ ਅੰਦਰ ਸਿੱਖ ਹੋਮਲੈਂਡ ਦੀ ਗੱਲ ਵੀ ਕਰਦੇ ਸਨ, ਪਰ ਸਪੱਸ਼ਟ ਕਿਤੇ ਵੀ ਨਹੀਂ ਸਨ ਕਿ ਸਟੇਟ ਅੰਦਰ ਸਟੇਟ ਕਿਵੇਂ ਬਣੇ? ਉਹ ਭਾਰਤ ਦੇ ਹਿੰਦੂ ਸਤਾਨਤੀ ਵਿਰਸੇ ਦੇ ਵੀ ਬਹੁਤ ਕਾਇਲ ਸਨ, ਇਸੇ ਕਰਕੇ ਭਾਰਤ ਤੋਂ ਵੱਖ ਹੋ ਕੇ ਵੱਖਰੀ ਸਿੱਖ ਸਟੇਟ ਦੇ ਵੀ ਹੱਕ ਵਿੱਚ ਨਹੀਂ ਸਨ? ਜਿਸ ਤਰ੍ਹਾਂ ਸਿਰਦਾਰ ਸਾਹਿਬ ਸਪੱਸ਼ਟ ਨਹੀਂ ਸਨ, ਉਸੇ ਤਰ੍ਹਾਂ ਉਨ੍ਹਾਂ ਦੇ ਅਜੋਕੇ ਵਾਰਿਸ ਗੁਰਤੇਜ ਸਿੰਘ, ਅਜਮੇਰ ਸਿੰਘ ਵਰਗੇ ਵਿਦਵਾਨ ਨਹੀਂ ਹਨ?

ਸ. ਅਜਮੇਰ ਸਿੰਘ ਆਪਣੀ ਇਸੇ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦੇ ਪੰਨਾ 80 ਤੇ ਲਿਖਦੇ ਹਨ ਕਿ ਜਿਸ ਤਰ੍ਹਾਂ 1948 ਵਿੱਚ ਕੁਝ ਵੱਡੀਆਂ ਤਾਕਤਾਂ ਨੇ ਯਹੂਦੀਆਂ ਲਈ ਇੱਕ ਵੱਖਰੀ ਸਟੇਟ 'ਇਜ਼ਰਾਈਲ' ਬਣਾਈ ਸੀ, ਭਾਵੇਂ ਕਿ ਉਸ ਖਿੱਤੇ ਵਿੱਚ ਯਹੂਦੀਆਂ ਦੀ ਅਬਾਦੀ ਮਹਿਜ 6% ਸੀ। ਸਿੱਖ ਲੀਡਰਾਂ ਨੂੰ ਵੀ ਉਸੇ ਤਰਜ਼ ਤੇ ਪੰਜਾਬ ਵਿੱਚ ਸਿੱਖਾਂ ਦੀ ਘੱਟ-ਗਿਣਤੀ ਹੋਣ ਦੇ ਬਾਵਜੂਦ ਆਪਣੀ 'ਸਿੱਖ ਸਟੇਟ' ਦੀ ਮੰਗ ਰੱਖਣੀ ਚਾਹੀਦੀ ਸੀ? ਪਰ ਕੀ ਅਜਮੇਰ ਸਿੰਘ ਜੀ ਨੂੰ ਪਤਾ ਨਹੀਂ ਕਿ 'ਇਜ਼ਰਾਈਲ' ਦੇਸ਼ ਕਿਨ੍ਹਾਂ ਹਾਲਾਤਾਂ ਵਿੱਚ ਤੇ ਕਿਹੜੇ ਮੰਤਵਾਂ ਲਈ ਵੱਡੀਆਂ ਪੱਛਮੀ ਤਾਕਤਾਂ ਨੇ ਬਣਾਇਆ ਸੀ? ਅੱਜ ਸਾਰੀ ਦੁਨੀਆਂ ਜਾਣਦੀ ਹੈ ਕਿ ਪੱਛਮੀ ਤਾਕਤਾਂ ਨੇ ਅਰਬ ਦੇਸ਼ਾਂ ਵਿੱਚ ਯਹੂਦੀ ਦੇਸ਼ ਬਣਾ ਕੇ ਅਜਿਹਾ ਸੇਹ ਦਾ ਤੱਕਲ਼ਾ ਗੱਡਿਆ ਸੀ, ਜੋ ਸਦੀਆਂ ਤੱਕ ਸਾਰੀ ਦੁਨੀਆਂ ਦੇ ਚੁੱਭਦਾ ਰਹੇਗਾ? ਮੁਸਲਿਮ ਦੇਸ਼ਾਂ ਨੇ ਇਸਨੂੰ ਕਦੇ ਮਾਨਤਾ ਨਹੀਂ ਦੇਣੀ ਤੇ ਕਿਸੇ ਸਮੇਂ ਇਸ ਖਿੱਤੇ ਦਾ ਵਿਵਾਦ ਦੁਨੀਆਂ ਦੇ ਵਿਨਾਸ਼ ਦਾ ਕਾਰਨ ਬਣ ਸਕਦਾ ਹੈ? ਇਥੇ ਇਹ ਵੀ ਵਰਨਣਯੋਗ ਹੈ ਕਿ ਇਸਾਈ (ਸੇਂਟ ਪਾਲ ਮੌਕੇ) ਆਪਣੇ ਜਨਮ ਤੋਂ ਹੀ ਪਿਛਲੇ 2 ਹਜ਼ਾਰ ਸਾਲਾਂ ਤੋਂ ਲਗਾਤਾਰ ਯਹੂਦੀਆਂ ਤੇ ਜ਼ੁਲਮ ਕਰਦੇ ਰਹੇ ਸਨ, ਇਹ ਜ਼ੁਲਮ ਦੂਜੀ ਸੰਸਾਰ ਜੰਗ ਤੋਂ ਬਾਅਦ ਜਾ ਕੇ ਰੁਕੇ ਸਨ। 14-15 ਵੀਂ ਸਦੀ ਵਿੱਚ ਯੂਰਪ ਦੀ ਅੱਧੀ ਵਸੋਂ ਮਹਾਂਮਾਰੀ ਨਾਲ਼ ਮਾਰੀ ਗਈ ਸੀ, ਇਸਾਈਆਂ ਨੇ 'ਯਹੂਦੀ ਪਲੇਗ ਦੇ ਪਿਸੂ ਹਨ' ਕਹਿ ਕੇ ਪਲੇਗ ਦਾ ਸਾਰਾ ਭਾਂਡਾ ਯਹੂਦੀਆਂ ਸਿਰ ਭੰਨਿਆ ਕਿ ਇਨ੍ਹਾਂ ਕਰਕੇ ਮਹਾਂਮਾਰੀ ਫੈਲੀ ਹੈ, ਲੱਖਾਂ ਯਹੂਦੀ ਸਾਰੇ ਯੂਰਪ ਵਿੱਚੋਂ ਲੱਭ-ਲੱਭ ਕੇ ਮਾਰੇ ਗਏ ਸਨ। ਪਿਛਲੀ ਸਦੀ ਵਿੱਚ ਕਿਵੇਂ ਹਿਟਲਰਸ਼ਾਹੀ ਨੇ 60 ਲੱਖ ਯਹੂਦੀ ਬਿਨਾਂ ਕਿਸੇ ਭੜਕਾਹਟ ਮਾਰੇ ਸਨ, ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ? ਇਸਦੇ ਮੁਕਾਬਲੇ ਜਿਸ ਤਰ੍ਹਾਂ ਅੱਜ ਦੇ ਵਿਦਵਾਨ ਹਿੰਦੂਆਂ-ਸਿੱਖਾਂ ਦੀ ਦੁਸ਼ਮਣੀ ਪੇਸ਼ ਕਰਦੇ ਹਨ, ਕਦੇ ਇਤਿਹਾਸ ਵਿੱਚ ਹਿੰਦੂਆਂ ਨੇ ਸਿੱਖਾਂ ਨਾਲ਼ ਅਜਿਹੀ ਦੁਸ਼ਮਣੀ ਕੀਤੀ ਹੀ ਨਹੀਂ। ਸਗੋਂ ਇਤਿਹਾਸ ਅਨੁਸਾਰ 18ਵੀਂ ਸਦੀ ਵਿੱਚ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ ਤਾਂ ਹਿੰਦੂਆਂ ਦੇ ਮੁੰਡੇ ਸਿੰਘ ਸਜ ਕੇ ਸਿੱਖੀ ਲਹਿਰ ਦਾ ਹਿੱਸਾ ਬਣ ਜਾਂਦੇ ਸਨ। ਸਵਾਮੀ ਦਇਆ ਨੰਦ ਅਤੇ ਚੰਦ ਸਿਰ-ਫਿਰੇ ਵਿਦਵਾਨਾਂ ਦੀਆਂ ਸਿੱਖ ਧਰਮ ਬਾਰੇ ਕੁਝ ਟਿੱਪਣੀਆਂ ਤੋਂ ਬਿਨਾਂ ਤੋਂ ਕਿਸੇ ਵੀ ਵੱਡੇ ਹਿੰਦੂ ਵਿਦਵਾਨ ਨੇ ਸਿੱਖ ਧਰਮ ਬਾਰੇ ਸ਼ਾਇਦ ਹੀ ਕੁਝ ਗਲਤ ਲਿਖਿਆ ਹੋਵੇ। ਜੇ ਸਵਾਮੀ ਦਇਆ ਨੰਦ ਦੇ 'ਸਤਿਆਰਥ ਪ੍ਰਕਾਸ਼' ਗ੍ਰੰਥ ਨੂੰ ਪੜ੍ਹੋ ਤਾਂ ਉਸ ਵਿੱਚ ਅੱਧਾ ਗ੍ਰੰਥ ਤਾਂ ਇਸ ਤੋਂ ਵੀ ਵੱਧ ਤਿੱਖੀਆਂ ਟਿੱਪਣੀਆਂ ਸਨਾਤਨ ਹਿੰਦੂ ਧਰਮ, ਇਸਾਈਅਤ ਤੇ ਇਸਲਾਮ ਬਾਰੇ ਵੀ ਹਨ। ਇਸਦੇ ਉਲਟ ਇਸਾਈ ਧਰਮਾਂ ਵਿੱਚ ਸੇਂਟ ਪਾਲ, ਮਾਰਟਿਨ ਲੂਥਰ ਤੋਂ ਲੈ ਕੇ ਕੋਈ ਵੀ ਵੱਡਾ ਚਿੰਤਕ ਅਜਿਹਾ ਨਹੀਂ ਹੋਇਆ, ਜਿਸਨੇ ਯਹੂਦੀਆਂ ਬਾਰੇ ਬੇ-ਸਿਰ ਪੈਰ, ਊਟ ਪਟਾਂਗ ਨਾ ਲਿਖਿਆ ਹੋਵੇ। 'ਵੱਖਰੇ ਸਿੱਖ ਹੋਮਲੈਂਡ' ਦੇ ਵਾਰਿਸਾਂ ਨੂੰ ਸਾਡਾ ਸਵਾਲ ਹੈ ਕਿ ਜੇ ਖਾਲਿਸਤਾਨ ਇਜਰਾਈਲ ਦੀ ਤਰਜ ਤੇ ਵੱਡੀਆਂ ਤਾਕਤਾਂ ਰਾਹੀਂ ਬਣ ਵੀ ਜਾਵੇ ਤਾਂ ਇਸ ਨਾਲ਼ ਸਿੱਖਾਂ ਜਾਂ ਸਰਬੱਤ ਦਾ ਭਲਾ ਕਿੰਨਾ ਕੁ ਹੋ ਸਕਦਾ ਹੈ? ਇਨ੍ਹਾਂ ਵਿਦਵਾਨਾਂ ਦੀਆਂ ਆਪਣੀਆਂ ਲਿਖਤਾਂ ਅਨੁਸਾਰ ਹੀ ਹਿੰਦੂ ਤੇ ਮੁਸਲਿਮ ਲੀਡਰ ਆਪਣੇ-ਆਪਣੇ ਹਿੱਤਾਂ ਅਨੁਸਾਰ ਵੱਡੇ-ਵੱਡੇ ਵਾਅਦੇ ਕਰਕੇ ਸਿੱਖਾਂ ਨੂੰ ਆਪਣੇ ਨਾਲ਼ ਰੱਖਣਾ ਚਾਹੁੰਦੇ ਸਨ? ਜ਼ੁਲਮ ਕਰਨੇ ਤਾਂ ਬਹੁਤ ਦੂਰ ਦੀ ਗੱਲ ਹੈ? ਕੀ ਸਾਡੇ ਸਤਿਕਾਰਯੋਗ ਵਿਦਵਾਨ ਦੋ ਧਰਮ ਅਧਾਰਿਤ ਬਣੀਆਂ ਸਟੇਟਾਂ ਵਿੱਚ ਇੱਕ ਹੋਰ ਧਰਮ ਅਧਾਰਿਤ ਸਟੇਟ ਬਣਾ ਕੇ ਕੀ ਹਾਸਿਲ ਕਰਨਾ ਚਾਹੁੰਦੇ ਹਨ?

ਇੱਕ ਹੋਰ ਆਮ ਪ੍ਰਚਲਤ ਧਾਰਨਾ ਹੈ ਕਿ ਅੰਗਰੇਜ਼ ਸਿੱਖਾਂ ਨੂੰ 'ਵੱਖਰਾ ਰਾਜ' ਦੇਣਾ ਚਾਹੁੰਦੇ ਸਨ, ਪਰ ਸਿੱਖ ਨੁਮਾਇੰਦੇ ਸ. ਬਲਦੇਵ ਸਿੰਘ ਨੇ ਨਹਿਰੂ ਨੂੰ ਦੱਸ ਦਿੱਤਾ, ਜਿਸ ਕਾਰਨ ਇਹ ਸਕੀਮ ਸਿਰੇ ਨਾ ਚੜ੍ਹੀ। ਇਸ ਸਬੰਧੀ ਸਿਰਦਾਰ ਕਪੂਰ ਸਿੰਘ ਆਪਣੀ ਕਿਤਾਬ 'ਸਾਚੀ ਸਾਖੀ' ਦੇ ਪੰਨਾ 113-114 ਤੇ 1960 ਵਿੱਚ ਸ. ਬਲਦੇਵ ਸਿੰਘ ਹੋਰਾਂ ਨਾਲ਼ ਹੋਈ ਪ੍ਰਾਈਵੇਟ ਗੱਲਬਾਤ ਦੇ ਅਧਾਰ ਤੇ ਲਿਖਦੇ ਹਨ ਕਿ 2 ਦਸੰਬਰ, 1946 ਨੂੰ ਮੁਹੰਮਦ ਅਲੀ ਜਿਨਾਹ, ਲਿਆਕਤ ਅਲੀ ਖਾਨ, ਪੰਡਤ ਜਵਾਹਰ ਲਾਲ ਨਹਿਰੂ, ਸ. ਬਲਦੇਵ ਸਿੰਘ ਤੇ ਵਾਇਸਰਾਏ ਆਫ ਇੰਡੀਆ ਲੰਡਨ ਗਏ, ਜਿਥੇ ਚਾਰ ਦਿਨ ਗੱਲਬਾਤ ਚੱਲਦੀ ਰਹੀ, ਜਿਸਦਾ ਮੁੱਖ ਮੰਤਵ ਇਹ ਸੀ ਕਿ ਹਿੰਦੂ-ਮੁਸਲਮਾਨ ਲੀਡਰਸ਼ਿਪ ਦੇਸ਼ ਦਾ ਬਟਵਾਰਾ ਨਾ ਕਰਨ ਤੇ ਕਿਸੇ ਸਮਝੌਤੇ ਤੇ ਪਹੁੰਚ ਜਾਣ। ਹੁਣ ਤੱਕ ਦੇਸ਼ ਬਟਵਾਰੇ ਬਾਰੇ ਛਪੀਆਂ ਸੈਂਕੜੇ ਕਿਤਾਬਾਂ ਅਤੇ ਬ੍ਰਿਟਿਸ਼ ਸਰਕਾਰ ਵਲੋਂ ਜਾਰੀ ਸਰਕਾਰੀ ਦਸਤਾਵੇਜ਼ਾਂ ਅਨੁਸਾਰ ਅੰਗਰੇਜ਼ ਹਰ ਹਾਲਤ ਵਿੱਚ ਬਟਵਾਰਾ ਨਹੀਂ ਕਰਨਾ ਚਾਹੁੰਦੇ ਸਨ, ਪਰ ਕਾਂਗਰਸ ਅਤੇ ਮੁਸਲਿਮ ਲੀਗ ਵਿੱਚ ਇਤਨੇ ਮੱਤਭੇਦ ਹੋ ਚੁੱਕੇ ਸਨ ਕਿ ਬਟਵਾਰਾ ਨਹੀਂ ਰੁਕ ਸਕਦਾ ਸੀ, ਬੇਸ਼ਕ ਬਾਅਦ ਵਿੱਚ ਜੋ ਪੰਜਾਬ ਤੇ ਬੰਗਾਲ ਵਿੱਚ ਕਤਲੇਆਮ ਹੋਇਆ, ਉਸ ਬਾਰੇ ਕਿਸੇ ਨੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ? ਸਿਰਦਾਰ ਕਪੂਰ ਸਿੰਘ ਲਿਖਦੇ ਹਨ ਕਿ 6 ਦਸੰਬਰ, 1946 ਦੀ ਸ਼ਾਮ ਨੂੰ ਬ੍ਰਿਟਿਸ਼ ਸਰਕਾਰ ਦੇ ਇੱਕ ਬਹੁਤ ਵੱਡੇ ਤੇ ਬਾਰਸੂਖ ਮੁਦੱਬਰ ਲੀਡਰ ਵਿੰਸਟਨ ਚਰਚਿਲ ਵਲੋਂ ਬਲਦੇਵ ਸਿੰਘ ਨੂੰ ਸੁਨੇਹਾ ਆਇਆ ਸੀ ਕਿ ਨਹਿਰੂ ਨੂੰ ਵਾਪਿਸ ਹਿੰਦੁਸਤਾਨ ਚਲੇ ਜਾਣ ਦਿਉ ਤੇ ਸਿੱਖਾਂ ਦਾ ਨੁਮਾਇੰਦਾ ਦੋ ਦਿਨ ਹੋਰ ਲੰਡਨ ਅਟਕ ਜਾਵੇ ਤਾਂ ਮੁਸਲਿਮ ਲੀਗ ਤੇ ਅੰਗਰੇਜ਼ਾਂ ਦੇ ਮਸ਼ਵਰੇ ਨਾਲ਼ ਕੋਈ ਅਜਿਹਾ ਰਾਜਸੀ ਬਾਨ੍ਹਣੂੰ ਬੰਨ੍ਹਿਆ ਜਾ ਸਕੇ, ਜਿਸ ਨਾਲ਼ ਸਿੱਖ ਹਿੰਦੁਸਤਾਨ ਦੇ ਰਾਜਸੀ ਖੇਤਰ ਵਿੱਚ ਆਪਣੇ ਪੈਰਾਂ ਤੇ ਖੜੇ ਹੋ ਕੇ ਵਿਸ਼ਵ ਇਤਿਹਾਸ ਵਿੱਚ ਆਪਣਾ ਕਿਰਦਾਰ ਨਿਭਾਅ ਸਕਣ। ਸਰਦਾਰ ਸਾਹਿਬ ਨੇ ਇਹ ਖੁਫੀਆ ਤੇ ਜਾਤੀ ਸੁਨੇਹਾ, ਝੱਟ ਨਹਿਰੂ ਜੀ ਦੇ ਕੰਨੀਂ ਪਾ ਦਿੱਤਾ, ਜਿਸ ਕਰਕੇ ਉਨ੍ਹਾਂ ਇਹ ਅਖ਼ਬਾਰੀ ਬਿਆਨ ਤਿਆਰ ਕਰਵਾ ਕਿ ਸਰਦਾਰ ਸਾਹਿਬ ਵਲੋਂ ਦਿਵਾਇਆ: 'ਸਿੱਖਾਂ ਦੀ ਕੋਈ ਮੰਗ ਨਹੀਂ, ਜੋ ਉਹ ਅੰਗਰੇਜ਼ਾਂ ਤੋਂ ਲੈਣੀ ਚਾਹੁੰਦੇ ਹਨ। ਉਹ ਆਪਣਾ ਫੈਸਲਾ ਸਿੱਧਾ ਕਾਂਗਰਸ ਨਾਲ਼ ਆਪ ਕਰ ਲੈਣਗੇ।ਸਿੱਖਾਂ ਦੀ ਇੱਕੋ-ਇੱਕ ਮੰਗ ਹੈ ਕਿ ਅੰਗਰੇਜ਼ ਹਿੰਦੁਸਤਾਨ ਖਾਲੀ ਕਰ ਜਾਣ।' ਵੈਸੇ ਤਾਂ ਇਸ ਸਾਰੀ ਨਿੱਜੀ ਗੱਲਬਾਤ ਦਾ ਕਪੂਰ ਸਿੰਘ ਹੋਰਾਂ ਕੋਈ ਠੋਸ ਪ੍ਰਮਾਣ ਪੇਸ਼ ਨਹੀਂ ਕੀਤਾ ਅਤੇ ਬਲਦੇਵ ਸਿੰਘ ਵੀ 1961 ਤੱਕ ਜਿੰਦਾ ਰਹੇ ਨਾ ਹੀ ਉਨ੍ਹਾਂ ਕਿਤੇ ਇਸ ਬਾਰੇ ਕੋਈ ਜ਼ਿਕਰ ਕੀਤਾ ਹੈ। ਪਰ ਜੇ ਇਸਨੂੰ ਸੱਚ ਵੀ ਮੰਨ ਲਿਆ ਜਾਵੇ ਤਾਂ ਕੁਝ ਗੱਲਾਂ ਸਪੱਸ਼ਟ ਹਨ ਕਿ ਇਹ ਮੀਟਿੰਗ ਦੇਸ਼ ਦਾ ਬਟਵਾਰਾ ਕਰਕੇ ਭਾਰਤ ਤੇ ਪਾਕਿਸਤਾਨ ਬਣਾਉਣ ਲਈ ਨਹੀਂ ਸੀ, ਜਿਥੇ ਸਿੱਖਾਂ ਨੂੰ ਵੱਖਰੇ ਦੇਸ਼ ਦੀ ਆਫਰ ਹੋਣੀ ਸੀ? ਸਗੋਂ ਕੈਬੇਨਿਟ ਮਿਸ਼ਨ ਦੀਆਂ ਤਜਵੀਜਾਂ ਨੂੰ ਸਿਰੇ ਚਾੜ੍ਹਨ ਦੀ ਆਖਰੀ ਕੋਸ਼ਿਸ਼ ਸੀ ਤਾਂ ਕਿ ਕਿਸੇ ਢੰਗ ਨਾਲ਼ ਭਾਰਤ ਦਾ ਬਟਵਾਰਾ ਰੁਕ ਸਕੇ। ਇਸ ਕਰਕੇ ਇਥੇ ਕਿਸੇ ਵੱਖਰੇ ਖਾਲਿਸਤਾਨ ਦੀ ਗੱਲ ਬਾਰੇ ਸੋਚਣਾ ਹੀ ਮੂਰਖਤਾ ਤੋਂ ਵੱਧ ਕੁਝ ਨਹੀਂ? ਬਲਦੇਵ ਸਿੰਘ ਕਾਂਗਰਸ ਵਲੋਂ ਸਿੱਖ ਨੁਮਾਇੰਦੇ ਦੇ ਤੌਰ ਤੇ ਲਿਜਾਏ ਗਏ ਸਨ, ਨਾ ਕਿ ਸਿੱਖਾਂ ਨੂੰ ਇੱਕ ਵੱਖਰੀ ਕੌਮ ਮੰਨ ਕੇ ਨਹਿਰੂ ਨਾਲ਼ ਲੈ ਕੇ ਗਿਆ ਸੀ? ਇਥੇ ਇਹ ਵੀ ਵਰਨਣਯੋਗ ਹੈ ਕਿ ਕੰਜ਼ਰਵੇਟਿਵ ਲੀਡਰ ਮਿ. ਵਿੰਸਟਨ ਚਰਚਿਲ 1940 ਤੋਂ 1945 ਤੱਕ ਦੂਜੇ ਸੰਸਾਰ ਜੰਗ ਦੌਰਾਨ ਬਰਤਾਨੀਆ ਦਾ ਪ੍ਰਧਾਨ ਮੰਤਰੀ ਸੀ, ਪਰ 1945 ਦੀਆਂ ਚੋਣਾਂ ਵਿੱਚ ਉਸਦੀ ਪਾਰਟੀ ਬੁਰ੍ਹੀ ਤਰ੍ਹਾਂ ਹਾਰ ਗਈ ਸੀ ਤੇ ਜਿਸ ਵਕਤ ਦੀ ਗੱਲ ਸਿਰਦਾਰ ਕਪੂਰ ਸਿੰਘ ਕਰ ਰਹੇ ਸਨ, ਉਸ ਵਕਤ ਇੰਗਲੈਂਡ ਵਿੱਚ ਚਰਚਿਲ ਦੀ ਕੋਈ ਵੁੱਕਤ ਹੀ ਨਹੀਂ ਸੀ। ਇਹ ਕਹਿਣਾ ਕਿ ਉਸਨੇ ਬਲਦੇਵ ਸਿੰਘ ਨੂੰ 'ਖਾਲਿਸਤਾਨ' ਦੇ ਕਿਸੇ ਅਖੌਤੀ ਪ੍ਰਸਤਾਵ ਲਈ ਦੋ ਦਿਨ ਰੁਕਣ ਵਾਸਤੇ ਕਿਹਾ ਸੀ, ਦਾ ਕੋਈ ਮਤਲਬ ਨਹੀਂ ਬਣਦਾ। ਜੇ ਉਨ੍ਹਾਂ ਹਾਲਾਤਾਂ ਵਿੱਚ ਸਿੱਖਾਂ ਦਾ ਪੱਖ ਜਾਨਣਾ ਹੋਵੇ ਤਾਂ ਡਾ. ਸੰਗਤ ਸਿੰਘ ਦੀ ਕਿਤਾਬ 'ਇਤਿਹਾਸ 'ਚ ਸਿੱਖ' ਵਿੱਚੋਂ ਬਹੁਤ ਵਿਸਥਾਰ ਮਿਲਦਾ ਹੈ। ਜਿਸ ਵਿੱਚੋਂ ਕਿਤੇ ਵੀ ਅਜਿਹਾ ਕੋਈ ਵਾਕਿਆ ਨਹੀਂ ਮਿਲਦਾ, ਜਿਥੇ ਕਿਤੇ ਸਿੱਖਾਂ ਨੇ ਭਾਰਤ ਤੋਂ ਵੱਖ ਹੋਣ ਬਾਰੇ ਕੋਈ ਪੱਖ ਰੱਖਿਆ ਹੋਵੇ। ਇਸ ਸਬੰਧੀ ਇੱਕ ਹੋਰ ਮਹੱਤਵਪੂਰਨ ਜਾਣਕਾਰੀ ਡਾ. ਸੰਗਤ ਸਿੰਘ ਆਪਣੀ ਇਸੇ ਕਿਤਾਬ 'ਇਤਿਹਾਸ 'ਚ ਸਿੱਖ' ਦੇ ਪੰਨਾ 271 ਤੇ ਦਿੰਦੇ ਹਨ ਕਿ 20 ਦਸੰਬਰ, 1947 (ਦੇਸ਼ ਅਜ਼ਾਦ ਹੋਣ ਤੋਂ ਬਾਅਦ) ਨੂੰ ਪੰਜਾਬ ਉਸਾਰੀ ਕਮੇਟੀ ਦੇ ਡੈਲੀਗੇਸ਼ਨ ਨੇ ਨਹਿਰੂ ਨੂੰ ਸੁਝਾਅ ਦਿੱਤਾ ਕਿ ਸਿੱਖਾਂ ਨੂੰ ਸਪੱਸ਼ਟ ਪੁੱਛਿਆ ਜਾਵੇ ਕਿ ਜੇ ਉਹ ਕੋਈ ਸਿੱਖ ਬਹੁ-ਗਿਣਤੀ ਵਾਲ਼ਾ ਸੂਬਾ ਚਾਹੁੰਦੇ ਹਨ ਤਾਂ ਪਾਕਿਸਤਾਨ ਤੋਂ ਸ਼ਰਨਾਰਥੀ ਬਣ ਕੇ ਆ ਰਹੇ ਸਿੱਖਾਂ ਨੂੰ ਇਸ ਢੰਗ ਨਾਲ਼ ਵਸਾਇਆ ਜਾਵੇ ਕਿ ਸਿੱਖ ਇੱਕ ਜਗ੍ਹਾ ਬਹੁ-ਗਿਣਤੀ ਹੋ ਜਾਣ।ਇਸਦੇ ਜਵਾਬ ਵਿੱਚ ਨਹਿਰੂ ਨੇ ਦੱਸਿਆ ਕਿ ਇਸ ਸਬੰਧੀ ਉਸਨੇ ਮਾਸਟਰ ਤਾਰਾ ਸਿੰਘ ਨਾਲ਼ ਗੱਲ ਕੀਤੀ ਸੀ ਕਿ ਕੀ ਤੁਹਾਡੇ ਲੋਕ (ਸਿੱਖ) 'ਵੱਖਰਾ ਸਿੱਖ ਹੋਮਲੈਂਡ' (ਖਾਲਿਸਤਾਨ) ਚਾਹੁੰਦੇ ਹਨ? ਇਸਦੇ ਜਵਾਬ ਵਿੱਚ ਮਾਸਟਰ ਤਾਰਾ ਸਿੰਘ ਨੇ ਕਿਹਾ ਸੀ ਕਿ ਸਿੱਖ 'ਖਾਲਿਸਤਾਨ' ਦੇ ਕਿਸੇ ਵੀ ਵਿਚਾਰ ਦੇ ਖਿਲਾਫ ਹਨ। ਸਿੱਖ ਦੇਸ਼ ਦਾ ਛੋਟਾ ਜਿਹਾ ਭਾਈਚਾਰਾ ਹੋਣ ਕਰਕੇ ਉਨ੍ਹਾਂ (ਹਿੰਦੂਆਂ) ਨਾਲ਼ ਕੋਈ ਝਗੜਾ ਮੁੱਲ ਨਹੀਂ ਲੈਣਾ ਚਾਹੁੰਦੇ, ਉਹ ਭਾਰਤ ਦੇ ਸ਼ਹਿਰੀ ਬਣ ਕੇ ਰਹਿਣਾ ਚਾਹੁੰਦੇ ਹਨ ਅਤੇ ਪੂਰਨ ਬਰਾਬਰੀ ਦੇ ਤੌਰ ਤੇ ਹਿੰਦੂਆਂ ਨਾਲ਼ ਭਰਾਵਾਂ ਵਾਂਗ ਰਹਿਣਾ ਚਾਹੁੰਦੇ ਹਨ। ਅਸਲ ਵਿੱਚ ਨਹਿਰੂ ਸਮੇਤ ਭਾਰਤੀ ਨੇਤਾਵਾਂ ਨੇ ਅਨੇਕਾਂ ਗਲਤੀਆਂ ਕੀਤੀਆਂ ਹਨ, ਕੀ ਅਜਿਹੀਆਂ ਗਲਤੀਆਂ ਹੋਰ ਦੇਸ਼ਾਂ ਪਾਕਿਸਤਾਨ, ਸ੍ਰੀ ਲੰਕਾ, ਬਰਮਾ ਨੇ ਨਹੀਂ ਕੀਤੀਆਂ? ਬਰਮਾ (ਮਾਈਨਾਮਾਰ) ਤੇ ਸ੍ਰੀ ਲੰਕਾ ਵਿੱਚ ਕਤਲੇਆਮ ਕਿਉਂ ਹੋ ਰਹੇ ਹਨ? ਸਮਝਣ ਵਾਲੀ ਗੱਲ ਹੈ, 'ਸੰਦਰਭ ਦੀ', ਭਾਰਤੀ ਆਗੂਆਂ ਲਈ ਬਟਵਾਰੇ ਦਾ ਮੰਜ਼ਰ ਖੂਨਖਾਰ ਸੀ, ਉਨ੍ਹਾਂ ਨੂੰ ਕ੍ਰਿਪਸ ਮਿਸ਼ਨ ਦੀ 1942 ਵਿੱਚ ਆਮਦ ਤੋਂ ਲੈ ਕੇ 1946 ਵਿੱਚ ਕੈਬੇਨਿਟ ਮਿਸ਼ਨ ਦੇ ਆਉਣ ਤੱਕ ਪੰਜ ਸਾਲਾਂ ਵਿੱਚ ਮੁਸਲਿਮ ਲੀਗ ਤੇ ਮੁਹੰਮਦ ਅਲੀ ਜਿਨਾਹ ਦੀ ਧਰਮ ਅਧਾਰਿਤ ਸਿਆਸਤ ਨੇ ਇਤਨਾ ਅਕਾ ਤੇ ਥਕਾ ਥਕਾ ਦਿੱਤਾ ਸੀ ਕਿ ਉਹ ਬੋਲੀ ਜਾਂ ਖਿੱਤੇ ਜਾਂ ਧਰਮ ਦੇ ਅਧਾਰ ਤੇ ਕਿਸੇ ਵੀ ਮੰਗ ਤੋਂ ਇਨਕਾਰੀ ਹੋ ਗਏ ਸਨ ਅਤੇ ਆਪਣੇ ਪਹਿਲਾਂ ਕੀਤੇ ਵਾਅਦਿਆ ਤੋਂ ਭੱਜ ਰਹੇ ਸਨ। ਉਧਰ ਪੰਜਾਬ ਦੇ ਹਿੰਦੂਆਂ ਨੂੰ ਵੀ ਇੱਕ ਹੋਰ ਬਟਵਾਰੇ ਦਾ ਡਰ ਸਤਾ ਰਿਹਾ ਸੀ, ਭਾਸ਼ਾ ਅਧਾਰ ਤੇ ਪੰਜਾਬੀ ਸੂਬੇ ਵਿੱਚੋਂ ਵੀ ਉਨ੍ਹਾਂ ਨੂੰ 'ਸਿੱਖ ਸੂਬੇ' ਦੀ ਹੀ ਗੰਧ ਆ ਰਹੀ ਸੀ, ਸ਼ਾਇਦ ਇਸੇ ਕਰਕੇ ਉਨ੍ਹਾਂ ਪੰਜਾਬੀ ਮਾਂ ਭਾਸ਼ਾ ਤੋਂ ਇਨਕਾਰ ਕੀਤਾ ਹੋਵੇ? ਪਰ ਅਸੀਂ ਹਰ ਗੱਲ ਨੂੰ ਸਾਜ਼ਿਸ਼ ਬਣਾ ਕੇ ਮਿਥਾਂ ਸਿਰਜ ਦਿੰਦੇ ਹਾਂ ਤੇ ਫਿਰ ਕਿਸੇ ਨੂੰ ਕੁਝ ਕਹਿਣ ਦੀ ਇਜਾਜ਼ਤ ਨਹੀਂ ਦਿੰਦੇ ਤੇ ਗਦਾਰੀ ਦੀ ਸਟੈਂਪ ਜੇਬ ਵਿੱਚ ਹੀ ਰੱਖਦੇ ਹਾਂ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਹਾਸ਼ਾ ਪ੍ਰੈਸ ਨੇ ਵੀ ਉਨ੍ਹਾਂ ਸਮਿਆਂ ਵਿੱਚ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ ਸੀ। 1947 ਦੇ ਜ਼ਖਮ ਸਭ ਲਈ ਉਸ ਸਮੇਂ ਬੜੇ ਅੱਲੇ ਸਨ, ਕੋਈ ਵੀ ਹੋਰ ਖੂਨ ਖਰਾਬਾ ਜਾਂ ਬਟਵਾਰਾ ਨਹੀਂ ਚਾਹੁੰਦਾ ਸੀ, ਪਰ ਫਿਰ ਵੀ ਜੇ ਪੰਜਾਬੀ ਸੂਬਾ ਬਿਨਾਂ ਕਿਸੇ ਦੇਰੀ ਦੇ ਬਣਾ ਦਿੱਤਾ ਜਾਂਦਾ ਤਾਂ ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿੱਚ ਪੰਜਾਬ ਦੀ ਜੋ ਤਬਾਹੀ ਹੋਈ, ਸ਼ਾਇਦ ਬਚ ਜਾਂਦੀ।

ਇਥੇ ਇਹ ਵੀ ਵਰਨਣਯੋਗ ਹੈ ਕਿ ਜਦੋਂ

ਸਿੱਖਾਂ ਦੀ ਬਹੁਸੰਮਤੀ 1947 ਵਿੱਚ ਭਾਰਤ ਨਾਲ਼ ਰਹਿਣ ਲੱਗ ਪਈ ਸੀ ਤਾਂ ਕਾਂਗਰਸ ਦੀ ਲੀਡਰਸ਼ਿਪ ਵਲੋਂ 20ਵੀ ਸਦੀ ਦੇ ਪਹਿਲੇ ਦਹਾਕਿਆਂ ਵਿੱਚ ਐਲਾਨੇ ਪ੍ਰੋਗਰਾਮ ਅਨੁਸਾਰ ਸੂਬਿਆਂ ਦੀ ਭਾਸ਼ਾ ਦੇ ਅਧਾਰ ਤੇ ਵੰਡ ਕਰਨੀ ਸੀ ਤਾਂ ਸਿੱਖਾਂ ਦੀ ਮੰਗ ਅਨੁਸਾਰ ਪੰਜਾਬ ਨੂੰ ਵੀ ਭਾਸ਼ਾ ਦੇ ਅਧਾਰ ਤੇ ਸ਼ੁਰੂ ਵਿੱਚ ਹੀ ਵੰਡ ਦਿੱਤਾ ਜਾਣਾ ਚਾਹੀਦਾ ਸੀ, ਇਸ ਲਈ ਦੇਰੀ ਨੇ ਵੀ ਸਿੱਖਾਂ ਵਿੱਚ ਭਾਰਤੀ ਸਟੇਟ ਪ੍ਰਤੀ ਬੇਗਾਨਗੀ ਦਾ ਅਹਿਸਾਸ ਪੈਦਾ ਕੀਤਾ। ਪਰ ਇਸਨੂੰ ਜਿਸ ਤਰ੍ਹਾਂ ਉਸ ਵਕਤ ਜਾਂ ਅੱਜ ਵੀ ਅਜਿਹਾ ਪ੍ਰਚਾਰਿਆ ਜਾਂਦਾ ਹੈ ਕਿ ਸਾਰੇ ਭਾਰਤ ਵਿੱਚ ਸੂਬਿਆਂ ਦੀ ਵੰਡ ਭਾਸ਼ਾ ਦੇ ਅਧਾਰ ਤੇ ਕਰ ਦਿੱਤੀ ਗਈ, ਸਿਰਫ ਪੰਜਾਬ ਨਾਲ਼ ਹੀ 'ਸਿੱਖਾਂ' ਕਰਕੇ ਵਿਤਕਰਾ ਹੋਇਆ ? ਇਸ ਵਿਚਾਰ ਵਿੱਚ ਕੁਝ ਸਚਾਈ ਹੋ ਸਕਦੀ ਹੈ, ਪਰ ਜਦੋਂ ਅਸੀਂ ਬਾਕੀ ਸੂਬਿਆਂ ਵੱਲ ਵੀ ਦੇਖਦੇ ਹਾਂ ਤਾਂ ਇੱਕ-ਦੋ ਨੂੰ ਛੱਡ ਕੇ ਕਿਸੇ ਨੂੰ ਪਲੇਟ 'ਚ ਰੱਖ ਕੇ ਭਾਸ਼ਾਈ ਸੂਬੇ ਨਹੀਂ ਮਿਲ਼ੇ। ਜਿਸਦੀ ਪ੍ਰਮੁੱਖ ਉਦਾਹਰਣ ਮਹਾਂਰਾਸ਼ਟਰ ਤੇ ਗੁਜਰਾਤ ਦੀ ਹੈ, ਜਿਸਦੀ ਕਾਇਮੀ ਮਈ, 1960 ਵਿੱਚ ਲੰਬੇ ਸੰਘਰਸ਼ ਤੋਂ ਬਾਅਦ ਹੋਈ। ਉਥੇ ਵੀ ਕੇਂਦਰ ਸਰਕਾਰ ਰਾਜਧਾਨੀ ਦੇ ਝਗੜੇ ਨੂੰ ਮੁੱਖ ਰੱਖ ਕੇ ਬੰਬਈ (ਮੁੰਬਈ) ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣਾ ਚਾਹੁੰਦੀ ਸੀ ਅਤੇ ਬਹੁਤ ਲੋਕ ਸੰਯੁਕਤ ਮਹਾਂਰਾਸ਼ਟਰ ਦੇ ਹੱਕ ਵਿੱਚ ਸਨ। ਜਿਥੇ ਮਹਾਂਰਸ਼ਟਰਾ ਤੇ ਗੁਜਰਾਤ ਨੂੰ ਇਕੱਠਾ ਰੱਖਣ ਦੇ ਅੰਦੋਲਨ ਵਿੱਚ 106 ਲੋਕ ਪੁਲਿਸ ਦੀ ਗੋਲ਼ੀ ਨਾਲ਼ ਮਾਰੇ ਗਏ ਸਨ। ਕਰਨਾਟਕਾ 1956 ਵਿੱਚ ਭਾਸ਼ਾ ਅਧਾਰਿਤ ਸੂਬਾ ਬਣਿਆ। ਤੇਲ਼ੰਗਾਨਾ ਨੂੰ ਆਂਧਰਾ ਤੋਂ ਵੱਖ ਕਰਨ ਦੀ ਮੰਗ 1950 ਤੋਂ ਚੱਲ ਰਹੀ ਸੀ, ਜੋ ਕਿ 2014 ਵਿੱਚ ਪੂਰੀ ਕੀਤੀ ਗਈ। ਝਾਰਖੰਡ ਤੇ ਉਤਰਾਖੰਡ ਵਾਲ਼ੇ 1955 ਤੋਂ ਬਿਹਾਰ, ਮੱਧ ਪ੍ਰਦੇਸ਼, ਉੜੀਸਾ, ਯੂ. ਪੀ. ਤੋਂ ਵੱਖ ਹੋ ਕੇ ਵੱਖਰਾ ਝਾਰਖੰਡ ਤੇ ਉਤਰਾਖੰਡ ਬਣਾਉਣ ਲਈ ਲੜ ਰਹੇ ਸਨ, ਜਿਨ੍ਹਾਂ ਦੀ ਮੰਗ 2000 ਵਿੱਚ ਪੂਰੀ ਹੋਈ।ਇਸ ਤਰ੍ਹਾਂ ਦੀਆਂ ਹੋਰ ਕਈ ਉਦਾਹਰਨਾਂ ਹਨ, ਪਰ ਇਹ ਕਹਿਣਾ ਕਿ ਅਜਿਹਾ ਸਿਰਫ ਸਿੱਖਾਂ ਨਾਲ਼ ਹਿੰਦੂ ਸਟੇਟ ਨੇ ਕੀਤਾ, ਕੋਈ ਤੁਕ ਨਹੀਂ ਬਣਦੀ। ਪਰ ਜੇ 1966 ਵਿੱਚ ਭਾਸ਼ਾ ਅਧਾਰਿਤ ਸੂਬਾ ਬਣ ਗਿਆ ਤਾਂ ਕੀ ਸਿੱਖ ਖੁਸ਼ ਹੋ ਗਏ ? ਕੀ ਇਸ ਨਾਲ਼ ਉਨ੍ਹਾਂ ਦੀ ਤਸੱਲੀ ਹੋ ਗਈ ? ਅਸਲ ਵਿੱਚ ਸਿੱਖ ਲੀਡਰਸ਼ਿਪ ਹਮੇਸ਼ਾਂ ਦੁਬਿਧਾ ਦਾ ਸ਼ਿਕਾਰ ਰਹੀ ਹੈ, ਕਦੇ ਵੀ ਸਪੱਸ਼ਟਤਾ ਨਾਲ਼ ਆਪਣਾ ਨਿਸ਼ਾਨਾ ਨਹੀ ਦੱਸ ਸਕੀ ? ਉਹ ਪੰਜਾਬੀ ਸੂਬੇ ਦੇ ਪਰਦੇ ਹੇਠ 'ਸਿੱਖ ਸੂਬੇ' ਦਾ ਸੁਪਨਾ ਦੇਖ ਰਹੇ ਸਨ, ਜੋ ਕਿ ਪੂਰਾ ਨਹੀਂ ਹੋਇਆ, ਪਰ ਕਦੇ ਕਹਿ ਨਹੀਂ ਸਕੇ ਕਿ ਅਸੀਂ 'ਸਿੱਖ ਸੂਬਾ' ਚਾਹੁੰਦੇ ਹਾਂ ? 'ਧਰਮ ਯੁੱਧ' ਮੋਰਚੇ ਦੌਰਾਨ ਵੀ ਇਹੀ ਕੁਝ ਹੁੰਦਾ ਸੀ, ਜਦੋਂ ਸੰਤ ਭਿੰਡਰਾਂਵਾਲ਼ੇ ਖਾਲਿਸਤਾਨ ਸਬੰਧੀ ਸਵਾਲਾਂ ਦੇ ਜਵਾਬ ਵਿੱਚ ਕਹਿੰਦੇ ਸਨ ਕਿ ਅਸੀਂ ਮੰਗਦੇ ਨਹੀਂ, ਜੇ ਦੇ ਦੇਵੋਂਗੇ ਤਾਂ ਨਾ ਨਹੀਂ ਕਰਾਂਗੇ ? ਫਿਰ ਕਹਿਣ ਲੱਗ ਪਏ ਕਿ ਸੰਤਾਂ ਨੇ ਕਿਹਾ ਸੀ ਜਦੋਂ ਦਰਬਾਰ ਸਾਹਬਿ ਤੇ ਹਮਲਾ ਹੋਇਆ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ? ਪਰ 26 ਜਨਵਰੀ, 1986 ਦੇ ਸਰਬੱਤ ਖਾਲਸੇ ਵਿੱਚ ਖਾਲਿਸਤਾਨ ਦੇ ਐਲਾਨ ਕਰਨ ਲਈ ਖਾੜਕੂ ਆਪਸ ਵਿੱਚ ਲੜ ਰਹੇ ਸਨ ? ਇਸੇ ਅਧਾਰ ਤੇ ਦੋ ਪੰਥਕ ਕਮੇਟੀਆਂ ਬਣੀਆਂ, ਇੱਕ ਕਮੇਟੀ ਨੇ 29 ਅਪਰੈਲ, 1986 ਨੂੰ ਖਾਲਿਸਤਾਨ ਦਾ ਐਲਾਨ ਕੀਤਾ ਤੇ ਦੂਜੀ ਨੇ 7 ਅਕਤੂਬਰ, 1987 ਨੂੰ ਕੀਤਾ।ਹੁਣ ਪਿਛਲੇ ਕੁਝ ਸਾਲਾਂ ਤੋਂ 'ਸਿੱਖਸ ਫਾਰ ਜਸਟਿਸ' ਵਾਲ਼ੇ 2020 ਵਿੱਚ ਖਾਲਿਸਤਾਨ ਬਾਰੇ ਰੈਫਰੈਂਡਮ ਕਰਾਉਣ ਦਾ ਪ੍ਰਚਾਰ ਕਰ ਰਹੇ ਸਨ, ਕਿ ਕੀ ਸਿੱਖ ਖਾਲਿਸਤਾਨ ਚਾਹੁੰਦੇ ਹਨ ? ਜੇ ਸਿੱਖ ਖਾਲਿਸਤਾਨ ਨਹੀਂ ਚਾਹੁੰਦੇ ਸਨ ਤਾਂ 1984-1994 ਸੰਘਰਸ਼ ਕਿਸ ਵਾਸਤੇ ਸੀ ? ਇਹ ਸਵਾਲ ਤਾਂ ਪੰਥਕ ਕਮੇਟੀਆਂ ਵਲੋਂ ਐਲਾਨ ਕਰਨ ਤੋਂ ਪਹਿਲਾਂ ਪੁੱਛਣਾ ਬਣਦਾ ਸੀ ? ਕਹਿਣ ਤੋਂ ਭਾਵ ਪਿਛਲੇ 50 ਕੁ ਸਾਲਾਂ ਵਿੱਚ ਕਈ ਨਾਹਰੇ ਬਦਲ ਚੁੱਕੇ ਹਨ, ਜਿਵੇਂ 'ਪੰਜਾਬੀ ਸੂਬਾ', 'ਸਿੱਖ ਸੂਬਾ', 'ਸਿੱਖ ਹੋਮਲੈਂਡ', 'ਸਿੱਖ ਰਾਜ', 'ਆਨੰਦਪੁਰ ਦਾ ਮਤਾ', 'ਰਾਜਾਂ ਨੂੰ ਵੱਧ ਅਧਿਕਾਰ ਵਾਲ਼ਾ ਫੈਡਰਲ ਢਾਂਚਾ', 'ਪੂਰਨ ਅਜ਼ਾਦੀ', 'ਅੰਮ੍ਰਿਤਸਰ ਐਲਾਨਾਮਾ' ਆਦਿ ਆਦਿ। ਪਰ ਇਨ੍ਹਾਂ ਧਿਰਾਂ ਵਿੱਚੋਂ ਕੋਈ ਵੀ ਕਦੇ ਸਪੱਸ਼ਟ ਤੌਰ 'ਤੇ ਦੱਸ ਨਹੀਂ ਸਕਿਆ ਕਿ 'ਖਾਲਿਸਤਾਨ' ਜਾਂ 'ਸਿੱਖ ਹੋਮਲੈਂਡ' ਪੰਜਾਬ ਦੇ ਕਿਹੜੇ ਹਿੱਸਿਆਂ ਵਿੱਚ ਹੋਵੇਗਾ, ਕਿਹੋ ਜਿਹਾ ਹੋਵੇਗਾ, ਮੌਜੂਦਾ ਪੰਜਾਬ ਵਿੱਚ ਵਸਦੇ 65% ਹੋਰ ਲੋਕਾਂ ਦਾ ਕੀ ਬਣੇਗਾ ? ਕੀ ਉਨ੍ਹਾਂ ਦੀ ਰਾਇ ਨਹੀਂ ਲਈ ਜਾਣੀ ਚਾਹੀਦੀ ? ਫਿਰ 35% ਸਿੱਖਾਂ ਵਿੱਚੋਂ ਵੀ ਕਿੰਨੇ ਕੁ ਹਨ, ਜੋ ਖਾਲਿਸਤਾਨ ਦੀ ਹਮਾਇਤ ਕਰਦੇ ਹਨ ? ਦਰਿਆਈ ਪਾਣੀਆਂ ਦੇ ਮਾਹਰ ਵਿਦਵਾਨ ਪ੍ਰੋ ਪ੍ਰੀਤਮ ਸਿੰਘ ਕੁਮੇਦਾਨ ਆਪਣੀ ਇੱਕ ਇੰਟਰਵਿਊ ਵਿੱਚ ਇਨ੍ਹਾਂ ਧਿਰਾਂ ਨੂੰ ਸਵਾਲ ਕਰਦੇ ਹਨ ਕਿ ਜੇ ਪੰਜਾਬ ਦੇ ਹਿੰਦੂ ਬਹੁ-ਸੰਮਤੀ ਵਾਲ਼ੇ ਜ਼ਿਲ੍ਹਿਆਂ ਨੂੰ 'ਖਾਲਿਸਤਾਨ' ਵਿੱਚੋਂ ਕੱਢ ਦਿੱਤਾ ਜਾਵੇ ਤਾਂ ਮੌਜੂਦਾ ਪੰਜਾਬ ਦਾ ਦਰਿਆਈ ਪਾਣੀ ਵੀ ਸਾਡੇ ਤੋਂ ਖੁਸ ਜਾਵੇਗਾ ?

ਖਾਲਿਸਤਾਨ ਦਾ ਸੰਕਲਪ ਇੱਕ ਰਾਜਨੀਤਕ ਵਿਚਾਰਧਾਰਾ ਹੈ। ਜਿਹੜੇ ਲੋਕ ਖਾਲਿਸਤਾਨ ਲਈ ਲੜਨਾ ਚਾਹੁੰਦੇ ਹਨ, ਇਹ ਉਨ੍ਹਾਂ ਦਾ ਹੱਕ ਹੈ, ਇਸ ਤੋਂ ਕੋਈ ਇਨਕਾਰੀ ਨਹੀਂ। ਪਰ ਕੀ ਦੂਜੇ ਲੋਕਾਂ ਨੂੰ ਇਸ ਵਿਚਾਰਧਾਰਾ ਦਾ ਵਿਰੋਧ ਕਰਨ ਦਾ ਹੱਕ ਨਹੀਂ ? ਇਸ ਰਾਜਸੀ ਵਿਚਾਰਧਾਰਾ ਦਾ ਵਿਰੋਧ ਕਰਨ ਵਾਲ਼ੇ ਸਿੱਖ ਕੌਮ ਦੇ ਗਦਾਰ ਕਿਸ ਅਧਾਰ ਤੇ ਹੋ ਸਕਦੇ ਹਨ ? ਗੁਰਦੁਆਰੇ ਤੇ ਖਾਸਕਰ ਗੁਰੂਆਂ ਨਾਲ਼ ਸਬੰਧਤ ਇਤਿਹਾਸਕ ਸਥਾਨ ਸਭ ਦੇ ਸਾਂਝੇ ਹਨ।ਇਨ੍ਹਾਂ ਵਿੱਚ ਸਿੱਖਾਂ ਤੋਂ ਇਲਾਵਾ ਹੋਰ ਫਿਰਕਿਆਂ ਦੇ ਲੋਕ ਵੀ ਬੜੀ ਸ਼ਰਧਾ ਨਾਲ਼ ਜਾਂਦੇ ਹਨ। ਕੀ ਉਨ੍ਹਾਂ ਸਥਾਨਾਂ ਦੀ ਕਿਸੇ ਰਾਜਸੀ ਵਿਚਾਰਧਾਰਾ ਦੀ ਪ੍ਰੋਮੋਸ਼ਨ ਲਈ ਵਰਤੋਂ ਜਾਇਜ ਹੈ ? ਜਦੋਂ ਦਰਬਾਰ ਸਾਹਿਬ ਅੰਦਰ ਜੂਨ 84 ਵਿੱਚ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਬਾਰੇ ਗੱਲ ਚੱਲਦੀ ਹੈ ਤਾਂ ਖਾਲਿਸਤਾਨੀ ਧਿਰਾਂ ਦਰਬਾਰ ਸਾਹਿਬ ਨੂੰ ਜੰਗ ਦਾ ਮੈਦਾਨ ਬਣਾਉਣ ਨੂੰ ਜਾਇਜ ਠਹਿਰਾਉਣ ਲਈ ਕਈ ਦਲੀਲਾਂ ਘੜਦੀਆਂ ਹਨ। ਪਰ ਅਜਮੇਰ ਸਿੰਘ ਆਪਣੀ ਕਿਤਾਬ '1984: ਅਣਚਿਤਵਿਆ ਕਹਿਰ' ਦੇ ਚੈਪਟਰ 'ਸ੍ਰੀ ਦਰਬਾਰ ਸਾਹਿਬ ਦਾ ਨਿਆਰਾ ਮਹੱਤਵ' ਦੇ ਪੰਨਾ 32 ਤੇ ਪ੍ਰੋ ਪੂਰਨ ਸਿੰਘ ਦੇ ਹਵਾਲੇ ਨਾਲ਼ ਦਰਬਾਰ ਸਾਹਿਬ ਬਾਰੇ ਇਉਂ ਲਿਖਦੇ ਹਨ, "ਇਹ ਸੱਚਖੰਡ ਦਾ ਟੁਕੜਾ ਕਲਗੀਆਂ ਵਾਲ਼ੇ ਨੇ ਆਪਣੇ ਜਾਗਦੇ ਬੱਚਿਆਂ ਲਈ ਘੱਲਿਆ ਹੈ ੩ ਇਹ ਸਾਡਾ ਅਟੱਲ, ਅਮਰ ਸੱਚ ਘਰ ਹੈ, ਸੱਚ ਵਤਨ ਹੈ..., ਇਹ ਗੁਰੂ ਰਾਮਦਾਸ ਜੀ ਦੀ ਦੇਹ ਹੈ। ਇਹ ਹਰਿਮੰਦਰ ਸਾਡਾ ਜੀਵਨ, ਪ੍ਰਾਣ, ਧਰਤ, ਅਕਾਸ਼, ਹੱਡੀ, ਮਾਸ, ਰੁਧਰ ਹੈ। ਇਹ ਸਾਡਾ ਦਿਲ ਹੈ, ਇਹ ਸਾਡੇ ਲੋਕ ਪ੍ਰਲੋਕ ਦੀ ਫਤਹਿ ਹੈ..., ਇਹ ਸਾਡੇ ਰੱਬ ਦਾ ਘਰ ਹੈ੩, ਸਾਰੀ ਕੁਦਰਤ ਦੇ ਮੁੱਲ ਵਿੱਚ ਅਸੀਂ ਇਸਦੀ ਇੱਕ ਸ਼ਿਲਾ ਨਹੀਂ ਦੇ ਸਕਦੇ੩ਕਿਉਂਕਿ ਇੱਕ ਇੱਕ ਸ਼ਿਲਾ ਵਿੱਚ ਇਲਾਹੀ ਜਿੰਦ ਧੜਕ ਰਹੀ ਹੈ। ਇਹ ਸ਼ਿਲਾਵਾਂ ਨਹੀਂ, ਈਸ਼ਵਰੀ ਦਰਬਾਰ ਦੇ ਅੱਡ-ਅੱਡ ਸਿੰਘਾਸਨ ਹਨ ਆਦਿ ਆਦਿ।ਇਥੇ ਅਜਮੇਰ ਸਿੰਘ ਹੋਰੀ ਪ੍ਰੋ: ਪੂਰਨ ਸਿੰਘ ਦੀ ਪੂਰੀ ਲਿਖਤ ਦੀਆਂ ਇਹ ਸਤਰਾਂ ਲਿਖਣ ਵਿੱਚ ਕੰਜੂਸੀ ਕਰ ਗਏ, ਜਿਥੇ ਉਨ੍ਹਾਂ ਕਿਹਾ ਸੀ ਕਿ ਦਰਬਾਰ ਸਾਹਿਬ ਨੂੰ ਜੰਗ ਦਾ ਅਖਾੜਾ ਨਹੀਂ ਬਣਾਇਆ ਜਾ ਸਕਦਾ। ਪ੍ਰੋ ਪੂਰਨ ਸਿੰਘ ਆਪਣੇ ਲੇਖ 'ਸ੍ਰੀ ਦਰਬਾਰ ਸਾਹਿਬ' ਵਿੱਚ ਲਿਖਦੇ ਹਨ: 'ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦਾ ਸਿਧਾਂਤ ਬਖਸ਼ਿਆ, ਪਰ ਸ੍ਰੀ ਅੰਮ੍ਰਿਤਸਰ, ਦਰਬਾਰ ਸਾਹਿਬ, ਅਕਾਲ ਤਖਤ ਸਾਹਿਬ ਨੂੰ ਕਦੇ ਸਿਆਸਤ ਦਾ ਕੇਂਦਰ ਨਹੀਂ ਬਣਾਇਆ ? ਉਨ੍ਹਾਂ ਨੇ ਧਰਮ ਨੂੰ ਸਿਆਸਤ ਤੋਂ ਹਮੇਸ਼ਾਂ ਉਚਾ ਰੱਖਿਆ ? ਗੁਰੂ ਸਾਹਿਬ ਚਾਹੁੰਦੇ ਸਨ ਕਿ ਦਰਬਾਰ ਸਾਹਿਬ ਕਦੇ ਜੰਗ ਦਾ ਅਖਾੜਾ ਨਾ ਬਣੇ, ਪੁਲੀਟੀਕਲ ਕੰਮ ਇਥੋਂ ਦੂਰ ਹੋ ਕੇ ਕੀਤੇ ਜਾਣ ? ਜਦੋਂ ਦੁਬਾਰਾ ਅੰਮ੍ਰਿਤਸਰ ਵਿੱਚ ਜੰਗ ਦਾ ਮਾਹੌਲ ਬਣਨ ਲੱਗਾ ਤਾਂ ਗੁਰੂ ਸਾਹਿਬ ਮਾਝੇ ਨੂੰ ਛੱਡ ਦੂਰ ਪਹਾੜਾਂ ਵਿੱਚ ਕੀਰਤਪੁਰ ਆ ਵਸੇ ਤਾਂ ਕਿ ਇਹ ਸਰਬ ਸਾਂਝਾ ਥਾਂ ਕਦੇ ਜੰਗਾਂ-ਯੁੱਧਾਂ ਦਾ ਅਖਾੜਾ ਨਾ ਬਣੇ ? ਪ੍ਰੋ ਪੂਰਨ ਸਿੰਘ ਅੱਗੇ ਲਿਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੇ ਵੀ ਗੁਰੂਆਂ ਦੀ ਇਸੇ ਸੋਚ ਅਨੁਸਾਰ, 'ਖਾਲਸਾ ਰਾਜ' ਦੀ ਰਾਜਧਾਨੀ ਅੰਮ੍ਰਿਤਸਰ ਦੀ ਥਾਂ ਲਾਹੌਰ ਬਣਾਉਣਾ ਬਿਹਤਰ ਸਮਝਿਆ ਤਾਂ ਕਿ ਦਰਬਾਰ ਸਾਹਿਬ ਨੂੰ ਸਿਆਸਤ ਅਤੇ ਯੁੱਧਾਂ ਤੋਂ ਦੂਰ ਰੱਖਿਆ ਜਾਵੇ।' ਚਲੋ ਜੇ ਜੂਨ ਚੁਰਾਸੀ ਦੀਆਂ ਘਟਨਾਵਾਂ ਸਬੰਧੀ ਇਨ੍ਹਾਂ ਦੇ ਸਾਰੇ ਤਰਕ ਜਾਇਜ ਵੀ ਮੰਨ ਲਈਏ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਅਜਿਹੀ ਪਾਕ-ਪਵਿਤਰ ਥਾਂ ਤੇ 1987-1988 ਵਿੱਚ ਵੱਖ-ਵੱਖ ਖਾੜਕੂ ਗਰੁਪਾਂ ਵਲੋਂ ਜੋ 'ਮਹਾਨ ਕਾਰਨਾਮੇ' ਕੀਤੇ ਸਨ, ਉਨ੍ਹਾਂ ਬਾਰੇ ਦੋਸ਼ ਕਿਸਨੂੰ ਦਿਉਗੇ ? ਕੀ ਫੈਡਰੇਸ਼ਨਾਂ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਸਾਰੇ ਖਾੜਕੂ ਸਰਕਾਰੀ ਏਜੰਸੀਆਂ ਦੇ ਬੰਦੇ ਸਨ ? ਕੀ ਸੁਰਜੀਤ ਸਿੰਘ ਪੈਂਟਾ, ਕਾਰਜ ਸਿੰਘ ਥਾਂਦੇ, ਨਿਰਵੈਰ ਸਿੰਘ, ਜਗੀਰ ਸਿੰਘ, ਮਲਕੀਅਤ ਸਿੰਘ ਅਜਨਾਲ਼ਾ ਆਦਿ ਸਭ ਕੈਟ ਸਨ ? ਜਿਨ੍ਹਾਂ ਦੇ ਅਹਿਦ ਵਿੱਚ ਦਰਜਨਾਂ ਮਰਦ-ਔਰਤਾਂ ਮਾਰ ਕੇ ਦਰਬਾਰ ਸਾਹਿਬ ਅੰਦਰ ਹੀ ਅਕਾਲ ਤਖਤ ਦੇ ਮਲਬੇ ਵਿੱਚ ਦੱਬ ਦਿੱਤੇ ਸਨ, ਕਿੰਨੀਆਂ ਲਾਸ਼ਾਂ ਗਟਰਾਂ ਵਿੱਚ ਸੁੱਟ ਦਿੱਤੀਆਂ ਬਾਰੇ ਕੋਈ ਪਤਾ ਹੀ ਨਹੀਂ ? ਜਿਨ੍ਹਾਂ ਨੇ ਮਈ, 1988 ਵਿੱਚ ਭਾਰਤੀ ਫੋਰਸਾਂ ਵਲੋਂ ਕੀਤੇ 'ਉਪਰੇਸ਼ਨ ਬਲੈਕ ਥੰਡਰ' ਦੌਰਾਨ ਘਿਰ ਜਾਣ ਤੋਂ ਬਾਅਦ ਦਰਬਾਰ ਸਾਹਿਬ ਦੇ ਅੰਦਰ ਸ਼ਰਨ ਲੈ ਲਈ ਸੀ, ਜਿਥੇ ਸਾਰਾ ਦਿਨ ਕੀਰਤਨ ਹੁੰਦਾ ਹੈ ਤੇ ਉਥੇ ਸਰੋਵਰ ਵਿੱਚ ਹੀ ਨਹੀਂ, ਕੜਾਹ ਪ੍ਰਸ਼ਾਦ ਦੇ ਬਾਟਿਆਂ ਵਿੱਚ ਮੱਲ-ਮੂਤਰ ਕਰਦੇ ਰਹੇ। ਉਹ ਅਸਥਾਨ ਜਿਥੇ ਸਜਦਾ ਕਰਨ ਦੀ ਵਾਰੀ ਆਉਣ ਲਈ ਲਾਈਨਾਂ ਵਿੱਚ ਛੇ-ਛੇ ਘੰਟੇ ਦਾ ਸਮਾਂ ਲੱਗ ਜਾਂਦਾ ਸੀ, ਉਨ੍ਹਾਂ ਸਮਿਆਂ ਵਿੱਚ ਲੋਕ ਦਰਬਾਰ ਸਾਹਿਬ ਮੱਥਾ ਟੇਕਣ ਜਾਣ ਤੋਂ ਵੀ ਡਰਦੇ ਸਨ, ਉਥੇ ਸੁੰਨ-ਸਾਨ ਪਸਰ ਗਈ ਸੀ ਤੇ ਚਿੜੀਆਂ ਕਾਂ ਵੀ ਜਾਣ ਤੋਂ ਤ੍ਰਬਕਣ ਲੱਗ ਪਏ ਸਨ। ਪਰ ਕਦੇ ਕਿਸੇ ਸਿੱਖ ਬੁੱਧੀਜੀਵੀ ਜਾਂ ਆਗੂ ਨੇ ਇਸ ਬਾਰੇ ਆਵਾਜ ਕਿਉਂ ਨਾ ਉਠਾਈ ? ਉਨ੍ਹਾਂ ਸਮਿਆਂ ਦੇ ਇਸ ਖੌਫਨਾਕ ਵਰਤਾਰੇ ਨੂੰ ਖਾੜਕੂ ਧਿਰਾਂ ਦੇ ਵਾਰਿਸ ਲੋਕਾਂ ਦੇ ਚੇਤਿਆਂ ਵਿੱਚੋਂ ਵਿਸਾਰਨ ਦੀ ਚਤਰਾਈ ਕਰਦੇ ਹਨ ਤੇ ਕਿਤੇ ਜ਼ਿਕਰ ਤੱਕ ਨਹੀਂ ਕਰਦੇ ? ਇਹ ਵਿਦਵਾਨ ਉਨ੍ਹਾਂ ਖਾੜਕੂਆਂ ਵਲੋਂ ਦਰਬਾਰ ਸਾਹਿਬ ਦੀ ਕੀਤੀ ਬੇਹੁਰਮਤੀ ਦੀ ਜ਼ਿੰਮੇਵਾਰੀ ਕਿਉਂ ਨਹੀਂ ਲੈਂਦੇ ? ਇਥੇ ਉਨ੍ਹਾਂ ਦਿਨਾਂ ਦੀ ਇੱਕ ਘਟਨਾ ਦਾ ਜ਼ਿਕਰ ਕਰਨਾ ਮੁਨਾਸਿਬ ਰਹੇਗਾ। ਸੰਤ ਭਿੰਡਰਾਂਵਾਲ਼ਿਆਂ ਦੇ ਨਜਦੀਕੀ ਰਹੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਆਪਣੀ ਕਿਤਾਬ: ਸੰਤ ਭਿੰਡਰਾਂਵਾਲੇ ਦੇ ਰੂ-ਬ-ਰੂ, ਜੂਨ 84 ਦੀ ਪੱਤਰਕਾਰੀ' ਵਿੱਚ ਪੰਨਾ 399-401 ਤੇ ਲੇਖ 'ਬਾਬਾ ਸਿੰਧੀ ਦਾ ਸਿੱਖ ਖਾੜਕੂਆਂ ਹੱਥੋਂ ਹੀ ਕਤਲ' ਵਿੱਚ ਲਿਖਦੇ ਹਨ ਕਿ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਕਮਰਿਆਂ ਤੇ ਕਬਜਾ ਕਰੀ ਬੈਠੇ ਖਾੜਕੂਆਂ ਵਿੱਚੋਂ ਮੁੱਖੀ ਜਗੀਰ ਸਿੰਘ ਤੇ ਨਿਰਵੈਰ ਸਿੰਘ ਨੇ 75 ਸਾਲਾ ਬਾਬਾ ਗੁਰਦਿਆਲ ਸਿੰਘ ਸਿੰਧੀ ਨੂੰ ਪ੍ਰਕਰਮਾ ਦੇ ਕਮਰਾ ਨੰਬਰ 13 ਵਿੱਚ ਸ਼ੱਕ ਦੇ ਅਧਾਰ ਤੇ ਬੁਰ੍ਹੀ ਤਰ੍ਹਾਂ ਟਾਰਚਰ ਕਰਕੇ ਮਾਰ ਦਿੱਤਾ ਸੀ।ਯਾਦ ਰਹੇ ਬਾਬਾ ਸਿੰਧੀ ਇੱਕ ਬਹੁਤ ਹੀ ਦਰਵੇਸ਼ ਕਿਸਮ ਦਾ ਵਿਅਕਤੀ ਸੀ, ਪਰ ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਦੇ ਨੇੜੇ ਰਹਿੰਦਾ ਹੋਣ ਕਰਕੇ ਇੰਦਰਾ ਸਰਕਾਰ ਵਲੋਂ ਬਲੂ ਸਟਾਰ ਵਰਗੀ ਕਰੂਰ ਮੂਰਖਤਾ ਕਰਕੇ ਜਜ਼ਬਾਤੀ ਹੋ ਕੇ ਖਾੜੂਆਂ ਦੇ ਸੰਪਰਕ ਵਿੱਚ ਆ ਗਿਆ ਸੀ। ਸੰਤਾਂ ਦੇ ਬਹੁਤ ਨਜਦੀਕੀ ਰਹੇ ਸੀਨੀਅਰ ਪੱਤਰਕਾਰ ਦਲਬੀਰ ਸਿੰਘ ਦਾ ਤਾਂ ਉਸਦੇ ਘਰ ਹੈਡ ਕੁਆਟਰ ਸੀ। ਉਸਦੀ ਕੋਠੀ ਖਾੜਕੂਆਂ ਲਈ ਪੱਕੀ ਠਾਹਰ ਸੀ। ਇਥੇ ਇਹ ਵੀ ਵਰਨਣਯੋਗ ਹੈ ਕਿ ਦਰਬਾਰ ਸਾਹਿਬ ਅੰਦਰ ਸ਼ਰਣ ਲਈ ਬੈਠੇ ਖਾੜਕੂ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇੱਕ ਧੜੇ ਦੇ ਪ੍ਰਧਾਨ ਡਾ. ਜਗਦੀਸ਼ ਸਿੰਘ ਉਰਫ ਡਾ ਗੁਰਨਾਮ ਸਿੰਘ ਬੁੱਟਰ ਨੂੰ ਬਾਬਾ ਸਿੰਧੀ ਨੇ ਆਪਣਾ ਪੁੱਤਰ ਬਣਾਇਆ ਹੋਇਆ ਸੀ, ਕਿਉਂਕਿ ਉਸਦੇ ਦੋ ਲੜਕੀਆਂ ਹੀ ਸਨ। ਡਾ. ਬੁੱਟਰ ਵੀ ਉਸ ਸਮੇਂ ਅੰਦਰ ਹੀ ਸੀ, ਜਦੋਂ ਤੱਕ ਉਸਨੂੰ ਪਤਾ ਲੱਗਾ ਕਿ ਉਸਦੇ ਸਾਥੀ ਖਾੜਕੂਆਂ ਨੇ ਉਸਦੇ ਪਿਉ ਨੂੰ ਹੀ ਤਸੀਹੇ ਦੇ ਕੇ ਮਾਰ ਦਿੱਤਾ ਹੈ ਤਾਂ ਇਸ ਕਿਤਾਬ ਮੁਤਬਿਕ ਉਹ ਕੁਝ ਚਿਰ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਅਸਾਲਟ ਚੁੱਕੀ ਖਾੜਕੂਆਂ ਜਗੀਰ ਸਿੰਘ ਤੇ ਨਿਰਵੈਰ ਸਿੰਘ ਨੂੰ ਮਾਰਨ ਨੂੰ ਫਿਰਦਾ ਰਿਹਾ, ਪਰ ਕੁਝ ਖਾੜਕੂਆਂ ਨੇ ਵਿੱਚ ਪੈ ਕੇ ਗੱਲ ਠੰਡੀ ਕੀਤੀ ਕਿ ਜੇ ਸ਼ਰੇਆਮ ਗੋਲੀਆਂ ਚਲਾਉਗੇ ਤਾਂ ਪੁਲਿਸ ਅੰਦਰ ਆਵੇਗੀ। ਇਥੇ ਇਹ ਵੀ ਵਰਨਣਯੋਗ ਹੈ ਕਿ ਬਾਬਾ ਸਿੰਧੀ ਅਣਵੰਡੇ ਭਾਰਤ ਦੇ ਕਰਾਚੀ ਸ਼ਹਿਰ ਵਿੱਚ ਪਾਕਿਸਤਾਨ ਦੇ ਰਾਸ਼ਟਰਪਤੀ ਮੁਹੰਮਦ ਜੁਨੇਜੋ ਦਾ ਜਮਾਤੀ ਸੀ ਤੇ ਉਨ੍ਹਾਂ ਦੇ ਬਾਅਦ ਵਿੱਚ ਵੀ ਗੂੜ੍ਹੇ ਸਬੰਧ ਸਨ। ਜਦੋਂ ਇੱਕ ਵਕਤ ਪਾਕਿਸਤਾਨ ਨੇ ਖਾੜਕੂਆਂ ਨੂੰ ਅਸਾਲਟਾਂ ਦੀ ਸਪਲਾਈ ਬੰਦ ਕਰ ਦਿੱਤੀ ਸੀ ਤਾਂ ਬਾਬਾ ਸਿੰਧੀ ਨੇ ਹੀ ਰਾਸ਼ਟਰਪਤੀ ਜੁਨੇਜੋ ਰਾਹੀਂ ਹਥਿਆਰਾਂ ਦੀ ਸਪਲਾਈ ਦੁਬਾਰਾ ਸ਼ੁਰੂ ਕਰਾਈ ਸੀ। ਇਸੇ ਘਟਨਾ ਬਾਰੇ ਜਸਪਾਲ ਸਿੰਘ ਦੇ ਮਿੱਤਰ ਤੇ 'ਅਕਾਲੀ ਪੱਤਰਕਾ' ਅਖ਼ਬਾਰ ਦੇ ਸੀਨੀਅਰ ਪੱਤਰਕਾਰ ਮਹਿੰਦਰ ਸਿੰਘ ਨੇ ਆਪਣੀ ਕਿਤਾਬ 'ਨੀਂਹ ਰੱਖੀ ਗਈ' ਦੇ ਚੈਪਟਰ 'ਬਾਬਾ ਗੁਰਦਿਆਲ ਸਿੰਘ ਸਿੰਧੀ ਦੀ ਭੂਮਿਕਾ' ਵਿੱਚ ਪੰਨਾ 238-240 ਤੇ ਵਿਸਥਾਰ ਨਾਲ਼ ਵਰਨਣ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ ਖਾੜਕੂਆਂ ਦੇ ਅਜਿਹੇ ਮਿੱਤਰ ਨੂੰ ਅਗਰ ਦਰਬਾਰ ਸਾਹਿਬ ਦੇ ਪ੍ਰਕਰਮਾ ਦੇ ਕਮਰੇ ਵਿੱਚ ਅਣਮਨੁੱਖੀ ਤਸੀਹੇ ਦੇ ਕੇ ਮਾਰਿਆ ਜਾ ਸਕਦਾ ਹੈ ਤਾਂ ਜਿਨ੍ਹਾਂ ਨੂੰ ਕੈਟ, ਗਦਾਰ, ਏਜੰਸੀਆਂ ਦੇ ਬੰਦੇ ਕਹਿ ਕੇ ਚੁੱਕਿਆ ਹੋਵੇਗਾ, ਉਨ੍ਹਾਂ ਨਾਲ਼ ਕੀ ਬੀਤੀ ਹੋਵੇਗੀ ? ਉਨ੍ਹਾਂ ਸਾਲਾਂ ਵਿੱਚ ਦਰਬਾਰ ਸਾਹਿਬ ਫਿਰੌਤੀਆਂ ਲੈਣ ਤੇ ਤਸੀਹੇ ਦੇ ਕੇ ਮਾਰਨ ਦੀ ਕਤਲਗਾਹ ਬਣ ਚੁੱਕਾ ਸੀ। ਪਰ ਖਾੜਕੂਆਂ ਦੀਆਂ ਅਜਿਹੀਆਂ ਅਣਮਨੁੱਖੀ ਕਾਰਵਾਈਆਂ ਲਈ ਕਦੇ ਕਿਸੇ ਖਾੜਕੂ ਧਿਰ ਜਾਂ ਉਨ੍ਹਾਂ ਦੇ ਵਾਰਿਸਾਂ ਨੇ ਨਾ ਮੁਆਫੀ ਮੰਗੀ ਤੇ ਨਾ ਕਦੇ ਜ਼ਿੰਮੇਵਾਰੀ ਲਈ ?

ਖਾਲਿਸਤਾਨੀ ਧਿਰਾਂ ਵਲੋਂ ਇੱਕ ਤਰਕ ਇਹ ਦਿੱਤਾ ਜਾਂਦਾ ਹੈ ਕਿ ਸਿੱਖਾਂ ਦਾ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਆਪਣਾ ਵੱਖਰਾ ਅਜ਼ਾਦ ਖਾਲਸਾ ਰਾਜ ਸੀ। ਇਸ ਲਈ ਸਾਡਾ ਇਹ ਹੱਕ ਬਣਦਾ ਹੈ ਕਿ ਸਾਨੂੰ ਵੱਖਰਾ ਸਿੱਖ ਰਾਜ ਦਿੱਤਾ ਜਾਵੇ। ਪਰ ਉਹ ਨਹੀਂ ਸਮਝਦੇ ਕਿ 19ਵੀਂ ਸਦੀ ਤੱਕ ਜਿਹੜੇ ਰਾਜਿਆਂ ਦੇ ਭਾਰਤ ਵਿੱਚ ਰਾਜ ਸਨ, ਉਹ ਲੋਕਾਂ ਦੀ ਮਰਜੀ ਨਾਲ਼ ਨਹੀਂ, ਮੱਧ ਯੁਗ ਦੇ ਤਕਾਜਿਆਂ ਅਨੁਸਾਰ ਤਲਵਾਰ ਦੇ ਜ਼ੋਰ ਨਾਲ਼ ਬਣਾਏ ਹੋਏ ਸਨ। ਮੱਧ ਯੁਗ ਵਿੱਚ ਤਾਂ 10 ਲੱਖ ਦੀ ਅਬਾਦੀ ਵਾਲ਼ੇ ਮੰਗੋਲੀਆਂ ਨੇ ਚੰਗੇਜ ਖਾਨ ਦੀ ਅਗਵਾਈ ਹੇਠ ਸਿਕੰਦਰ ਤੋਂ ਵੀ ਵੱਡੀ ਸਲਤਨਤ ਕਾਇਮ ਕਰ ਲਈ ਸੀ। ਵੀਹਵੀਂ ਸਦੀ ਦੇ ਅੱਧ ਤੱਕ ਜਦੋਂ 1947 ਵਿੱਚ ਭਾਰਤ ਅਜ਼ਾਦ ਹੋਇਆ, ਉਦੋਂ ਤੱਕ ਦੁਨੀਆਂ ਭਰ ਵਿੱਚ ਲੋਕਤੰਤਰ ਦਾ ਜਮਾਨਾ ਆ ਚੁੱਕਾ ਸੀ, ਜਿਥੇ ਵੋਟਾਂ ਦੇ ਅਧਾਰ ਤੇ ਹੀ ਰਾਜ ਚੱਲਣੇ ਸਨ।ਅਜਿਹੇ ਵਿੱਚ ਜਦੋਂ ਸਿੱਖਾਂ ਸਮੇਤ ਸਾਰੀਆਂ ਧਿਰਾਂ ਸਾਰਾ ਭਾਰਤ ਇਕੱਠਾ ਰੱਖਣ ਦੇ ਹੱਕ ਵਿੱਚ ਸਨ, ਭਾਵੇਂ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋਈਆਂ ਤੇ ਦੇਸ਼ ਧਰਮ ਦੇ ਅਧਾਰ ਤੇ ਤਿੰਨ ਦੇਸ਼ਾਂ ਵਿੱਚ ਵੰਡਿਆ ਗਿਆ। ਪਰ ਉਸਦਾ ਅਧਾਰ ਵੀ ਜਿਥੇ ਮੁਸਲਮਾਨਾਂ ਦੀ ਬਹੁ-ਗਿਣਤੀ ਸੀ, ਉਥੇ ਇਸਲਾਮ ਦਾ ਰਾਜ ਹੋ ਗਿਆ ਤੇ ਜਿਥੇ ਹਿੰਦੂਆਂ ਦੀ ਬਹੁ-ਗਿਣਤੀ ਸੀ, ਸਾਂਝਾ ਲੋਕਤੰਤਰ ਬਣ ਗਿਆ।ਹੁਣ ਜੇ ਸਿੱਖਾਂ ਦੇ ਇਸ ਤਰਕ ਨੂੰ ਦੇਖੀਏ ਕਿ ਸਾਡਾ ਰਾਜ ਸੀ ਤਾਂ ਮਰਹੱਟਿਆਂ ਦਾ ਭਾਰਤ ਵਿੱਚ ਲੰਬਾ ਸਮਾਂ ਰਾਜ ਰਿਹਾ ਤੇ ਉਸਦਾ ਖੇਤਰ ਵੀ ਸਿੱਖ ਰਾਜ ਤੋਂ 5-6 ਗੁਣਾਂ ਵੱਡਾ ਸੀ। ਮਰਹੱਟਿਆਂ ਨੇ ਤਾਂ 18ਵੀਂ ਸਦੀ ਵਿੱਚ ਇੱਕ ਵਾਰ ਪੂਰੇ ਭਾਰਤ ਵਿੱਚ ਆਪਣੀ ਜਿੱਤ ਦਾ ਪਰਚਮ ਲਹਿਰਾ ਦਿੱਤਾ ਸੀ। 1947 ਤੋਂ ਬਾਅਦ ਵੀਰ ਸਾਵਰਕਾਰ ਵਰਗੇ ਚਿੱਟ ਪਵਨ ਬ੍ਰਾਹਮਣਾਂ ਦੇ ਹੁੰਦਿਆਂ ਵੀ 13 ਸਾਲ ਲੇਲੜੀਆਂ ਕਢਾ ਕੇ ਭਾਸ਼ਾ ਅਧਾਰਿਤ ਮਹਾਂਰਾਸ਼ਟਰ ਸੂਬਾ ਦਿੱਤਾ ਸੀ। ਫਿਰ ਬੰਬਈ ਨੂੰ ਤਾਂ ਪੰਡਤ ਨਹਿਰੂ ਕਿਸੇ ਹਾਲਤ ਵਿੱਚ ਵੀ ਮਹਾਂਰਾਸ਼ਟਰ ਦੇ ਹਵਾਲੇ ਕਰਨ ਤਿਆਰ ਨਹੀਂ ਸਨ। ਕੀ ਉਹ ਹਿੰਦੂਆਂ ਨਾਲ਼ ਵਿਤਕਰਾ ਕਰਨਾ ਚਾਹੁੰਦਾ ਸੀ ? ਕੀ ਮਰਹੱਟਿਆਂ ਨੂੰ ਮਹਾਂਰਾਸ਼ਟਰਾ, ਕਰਨਾਟਕਾ, ਗੁਜਰਾਤ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ ਨਹੀਂ ਦੇਣਾ ਚਾਹੀਦਾ ਸੀ, ਜਿਥੇ ਉਹ 100 ਤੋਂ ਵੱਧ ਸਮਾਂ ਰਾਜ ਕਰਦੇ ਰਹੇ ਸਨ।

ਜੋ ਹਾਲਾਤ 1947 ਵਿੱਚ ਸਨ, ਸਿੱਖਾਂ ਦੇ ਅੱਜ ਵੀ ਉਹੀ ਹਾਲਾਤ ਹਨ, ਸਿੱਖ ਕਿਸੇ ਜਗ੍ਹਾ ਵੀ ਬਹੁ-ਗਿਣਤੀ ਵਿੱਚ ਨਹੀਂ ਹਨ ? ਇਹ ਗੱਲ ਵੱਖਰੀ ਹੈ ਕਿ 47 ਦੇ ਕਤਲੇਆਮ ਕਰਕੇ ਲੋਕ ਪਾਕਿਸਤਾਨ ਤੋਂ ਭਾਰਤ ਵੱਲ ਆ ਗਏ, ਨਹੀਂ ਤਾਂ ਸੋਚੋ ਜੇ ਕਤਲੇਆਮ ਤੋਂ ਬਿਨਾਂ ਸ਼ਾਂਤੀ ਨਾਲ਼ ਦੇਸ਼ ਬਣਦੇ ਤਾਂ ਬਹੁਤੇ ਲੋਕਾਂ ਨੇ ਆਪਣੇ ਘਰ-ਬਾਰ ਤੇ ਜਮੀਨਾਂ ਛੱਡ ਕੇ ਭਾਰਤ ਨਹੀਂ ਆਉਣਾ ਸੀ ? ਜ਼ਰਾ ਸੋਚੋ, ਜੇ ਅੱਜ ਪੰਜਾਬ ਵਿੱਚ ਖਾਲਿਸਤਾਨ ਬਣ ਜਾਵੇ ਤਾਂ ਵਿਦੇਸ਼ਾਂ ਵਿੱਚ ਵਸਦੇ ਮਿਲੀਅਨਜ਼ ਸਿੱਖਾਂ ਵਿੱਚੋਂ ਕਿੰਨੇ ਕੁ ਵਾਪਿਸ ਜਾਣਗੇ ? ਕੀ ਵਿਦੇਸ਼ੀਂ ਬੈਠੇ ਖਾਲਿਸਤਾਨੀ ਲੀਡਰ, ਆਪਣੇ ਪਰਿਵਾਰਾਂ ਤੋਂ ਪੁੱਛ ਕੇ ਦੱਸ ਸਕਦੇ ਹਨ ਕਿ ਉਨ੍ਹਾਂ ਦੇ ਪਰਿਵਾਰ ਖਾਲਿਸਤਾਨ ਵਿੱਚ ਜਾਣ ਲਈ ਤਿਆਰ ਹਨ ? ਦੁਨੀਆਂ ਬਦਲ ਚੁੱਕੀ ਹੈ, ਦੁਨੀਆਂ ਦੀ ਹਕੀਕਤ ਬਦਲ ਚੁੱਕੀ ਹੈ। ਅੱਜ ਦੁਨੀਆਂ ਗਲੋਬਲ ਵਿਲੇਜ਼ ਬਣਦੀ ਜਾ ਰਹੀ ਹੈ। ਯੂਰਪੀਅਨ ਦੇਸ਼ਾਂ ਨੇ ਇਕੱਠੇ ਹੋ ਕੇ ਯੂਰਪੀਅਨ ਯੂਨੀਅਨ ਬਣਾ ਲਈ ਹੈ ਤੇ ਬਾਰਡਰ ਖੋਲ ਦਿੱਤੇ ਹਨ। ਹੋਰ ਕਈ ਦੇਸ਼ ਅਜਿਹਾ ਸੋਚ ਰਹੇ ਹਨ। ਨਾਰਥ ਅਮਰੀਕਾ ਵਿੱਚ ਇਹ ਗੱਲ ਚੱਲਦੀ ਰਹਿੰਦੀ ਹੈ ਕਿ ਸਾਰਾ ਨਾਰਥ ਅਮਰੀਕਾ ਉਪਨ ਕਰਕੇ ਮਹਾਂ-ਨਾਰਥ ਅਮਰੀਕਾ ਬਣਾ ਦੇਣਾ ਚਾਹੀਦਾ ਹੈ। ਅੱਜ ਸਾਡੀਆਂ ਸਮੱਸਿਆਵਾਂ ਇਲਾਕਿਆਂ ਜਾਂ ਦੇਸ਼ਾਂ ਦੀ ਥਾਂ ਅੰਤਰਰਾਸ਼ਟਰੀ ਪੱਧਰ ਦੀਆਂ ਬਣ ਚੁੱਕੀਆਂ ਹਨ। ਕੋਵਿਡ ਮਹਾਂਮਾਰੀ ਨੇ ਦੱਸ ਦਿੱਤਾ ਹੈ ਕਿ ਵੱਡੀਆਂ ਸਮੱਸਿਆਵਾਂ ਨੂੰ ਅਸੀਂ ਇਕੱਲੇ-ਇਕੱਲੇ ਨਹੀਂ, ਸਾਂਝੇ ਯਤਨਾਂ ਨਾਲ਼ ਹੀ ਹੱਲ ਸਕਦੇ ਹਾਂ। ਜਿਸ ਤਰ੍ਹਾਂ ਦੁਨੀਆਂ ਭਰ ਦੇ ਸਾਇੰਸਦਾਨਾਂ ਦੇ ਸਾਂਝੇ ਯਤਨਾਂ ਨਾਲ਼ ਕੋਵਿਡ ਵੈਕਸੀਨ ਸੰਭਵ ਹੋ ਸਕੀ ਹੈ।ਗਲੋਬਲ ਵਾਰਮਿੰਗ, ਨੁਕਲੀਅਰ ਹਥਿਆਰਾਂ ਦੀ ਦੌੜ, ਵਾਤਾਵਰਣ ਦਾ ਪ੍ਰਦੂਸ਼ਣ, ਪਾਣੀ ਦੀ ਘਾਟ, ਪੁਰਾਣੇ ਅਨਰਜੀ ਸਰੋਤਾਂ ਦੀ ਥਾਂ ਨਵੇਂ ਸਰੋਤਾਂ ਦੀ ਖੋਜ, ਨਵੀਂ ਰੋਬੋਟ ਟੈਕਨੋਲੋਜੀ ਤੇ ਆਰਟੀਫਿਸ਼ੀਅਲ਼ ਇੰਟੈਲੀਜੈਂਸ ਨੇ ਮਨੁੱਖਤਾ ਅੱਗੇ ਨਵੀਆਂ ਵੱਡੀਆਂ ਚੁਣੌਤੀਆਂ ਖੜੀਆਂ ਕਰ ਦਿੱਤੀਆਂ ਹਨ, ਇਹ ਸਭ ਕਾਰਜ ਸਾਡੇ ਸਾਂਝੇ ਯਤਨਾਂ ਨਾਲ਼ ਹੀ ਸੰਭਵ ਹੋ ਸਕਦੇ ਹਨ।

ਸਾਨੂੰ ਸਭ ਨੂੰ 47 ਦੇ ਸੰਤਾਪ, ਉਸਦੇ ਦਰਦ ਤੇ ਰਾਜਨੀਤੀ ਨੂੰ ਸਮਝਣ ਲਈ ਹੇਠ ਦਿੱਤੀਆਂ ਕੁਝ ਕਿਤਾਬਾਂ ਜਰੂਰ ਪੜ੍ਹਨੀਆਂ ਚਾਹੀਦੀਆਂ ਹਨ ਤਾਂ ਕਿ ਸਾਨੂੰ ਪਤਾ ਲੱਗ ਸਕੇ ਕਿ ਜੋ ਲੋਕ ਧਰਮ ਅਧਾਰਿਤ ਸਟੇਟ ਦਾ ਉਦੋਂ ਵਿਰੋਧ ਕਰਦੇ ਸਨ ਜਾਂ ਹੁਣ ਕਰਦੇ ਹਨ, ਉਸਦੇ ਕੀ ਕਾਰਨ ਹਨ ? ਹਰ ਇੱਕ ਤੇ ਗਦਾਰੀ ਦੇ ਠੱਪੇ ਲਗਾ ਦੇਣੇ ਕੋਈ ਸਿਆਣਪ ਨਹੀਂ।ਆਪਣੇ ਵਿਰੋਧੀ ਵਿਚਾਰ ਨੂੰ ਜਾਨਣਾ ਬੜਾ ਜਰੂਰੀ ਹੈ।ਜੇ ਅਸੀਂ ਗੁਰੂਆਂ ਦੀ ਵਿਚਾਰਧਾਰਾ ਅਨੁਸਾਰ 'ਸਭੇ ਸਾਂਝੀ ਵਾਲ ਸਦਾਇਨ' ਦੇ ਆਸ਼ੇ ਦੇ ਧਾਰਨੀ ਹਾਂ ਤਾਂ ਸਾਨੂੰ ਖੁੱਲ-ਦਿਲੀ ਨਾਲ਼ ਮਸਲੇ ਵਿਚਾਰਨ ਦੀ ਲੋੜ ਹੈ ? ਅੱਜ ਸਿੱਖ ਸਾਰੀ ਦੁਨੀਆਂ ਵਿੱਚ ਫੈਲ ਚੁੱਕੇ ਹਨ, ਸਾਡੇ ਮਸਲੇ ਵੀ ਹੁਣ ਪੰਜਾਬ ਤੋਂ ਜ਼ਿਆਦਾ ਗਲੋਬਲ ਬਣ ਚੁੱਕੇ ਹਨ।ਸਾਨੂੰ ਹੁਣ ਵਰਲਡ ਪੱਧਰ ਤੇ ਸੋਚਣ, ਵਿਚਾਰਨ ਤੇ ਕੰਮ ਕਰਨ ਦੀ ਲੋੜ ਹੈ। ਸਿੱਖ ਲੀਡਰਾਂ ਤੇ ਵਿਦਵਾਨਾਂ ਨੂੰ ਆਦਮ-ਬੋ-ਆਦਮ ਕਰਨ ਦੀ ਉਲਾਰ, ਜਜਬਾਤੀ ਤੇ ਭੜਕਾਊ ਰਾਜਨੀਤੀ ਛੱਡ ਕੇ ਸਿੱਖ ਨੌਜਵਾਨਾਂ ਨੂੰ ਸਹੀ ਦੇਣ ਦੀ ਲੋੜ ਹੈ ? ਇਹ ਕਿਤਾਬਾਂ ਪੰਜਾਬੀ ਵਿੱਚ ਵੀ ਅਨੁਵਾਦ ਹੋਣੀਆਂ ਚਾਹੀਦੀਆਂ ਹਨ, ਤਾਂ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਇਹ ਪਤਾ ਲੱਗ ਸਕੇ ਖਾਸਕਰ ਜੈਸਮਿਨ ਖਾਨ ਤੇ ਇਸ਼ਤਿਆਕ ਅਹਿਮਦ ਦੀਆਂ ਕਿਤਾਬਾਂ। ਕੁਝ ਪੜ੍ਹਨਯੋਗ ਕਿਤਾਬਾਂ ਇਸ ਤਰ੍ਹਾਂ ਹਨ: Larry Collins's book 'Freedom at Midnight', Prof Yasmin Khan's book 'The Great Partition: The Making of India and Pakistan', Jaswant Singh's book 'Jinnah: India, Partition, Independence', Gyanendra Pandey's book 'Remembering Partition: Violence, Nationalism and History' in India, Prof. Ishtiaq Ahmed's book 'Jinnah: His Successes, Failures and Role in History.'

## ਪ੍ਰਿੰਸੀਪਲ ਸਤੀਸ਼ ਸ਼ਰਮਾ ਦੀ ਯਾਦ 'ਚ ਸ਼ੋਕ ਸਮਾਗਮ ਦਾ ਆਯੋਜਿਤ

ਕੁੱਝ ਦਿਨ ਪਹਿਲਾਂ ਅਲਵਿਦਾ ਕਹਿ ਗਏ ਸੇਵਾ ਮੁਕਤ ਪ੍ਰਿੰਸੀਪਲ ਸਤੀਸ਼ ਸ਼ਰਮਾ ਦੀ ਯਾਦ 'ਚ ਆਯੋਜਿਤ ਸ਼ੋਕ ਸਮਾਗਮ ਨੂੰ ਸੰਬੋਧਨ ਕਰਦਿਆਂ ਮਾਸਟਰ ਜੋਗਿੰਦਰ ਆਜਾਦ, ਮਲਕੀਤ ਸਿੰਘ ਅਤੇ ਕਮਲਜੀਤ ਖੰਨਾ ਨੇ ਜਦੋਂ ਵਿਦਿਆ ਵਿਭਾਗ ਦੀ ਇਸ ਬਹੁਤ ਹੀ ਜਹੀਨ ਸ਼ਖਸੀਅਤ ਸਤੀਸ਼ ਬਾਰੇ ਉਸ ਦੀਆਂ ਵਿਦਿਆਰਥੀ ਜੀਵਨ 'ਚ ਕੀਤੀ ਸਰਗਰਮੀ, ਲਿਖੀਆਂ ਇਨਾਮ ਜੇਤੂ ਕਵਿਤਾਵਾਂ, ਅਧਿਆਪਕ ਵਜੋਂ ਵਿਦਿਆਰਥੀਆਂ ਨੂੰ ਗਿਆਨ ਨਾਲ ਭਰਪੂਰ ਕਰਨ ਦੀਆਂ ਘਟਨਾਵਾਂ ਦਾ ਜਿਕਰ ਕੀਤਾ ਤਾਂ ਹਾਜ਼ਰੀਨ ਦੀਆਂ ਅੱਖਾਂ ਵਾਰ ਵਾਰ ਨਮ ਹੋ ਜਾਂਦੀਆਂ ਰਹੀਆਂ। ਇਸ ਮੌਕੇ ਆਪਣੇ ਸਾਥੀ ਦੀਆਂ ਯਾਦਾਂ ਸਾਂਝੀਆਂ ਕਰਦੇ ਸਮੇਂ ਮਾਸਟਰ ਜੋਗਿੰਦਰ ਆਜਾਦ ਨੇ ਦੱਸਿਆ ਕਿ ਉੱਚ ਪੁਲਸ ਅਧਿਕਾਰੀ ਅਤੇ ਲੇਖਕ ਗੁਰਪ੍ਰੀਤ ਸਿੰਘ ਤੂਰ ਨੇ ਵੀ ਅਪਣੀ ਇਕ ਕਿਤਾਬ 'ਚ ਸਤੀਸ਼ ਸ਼ਰਮਾ ਬਾਰੇ ਲਿਖਿਆ ਹੈ। ਆਜਾਦ ਨੇ ਕਿਹਾ ਸਤੀਸ਼ ਕਿਤਾਬਾਂ ਦਾ ਸ਼ੈਦਾਈ ਸੀ ਅੰਤ ਖੁਦ ਕਿਤਾਬ ਬਣ ਗਿਆ ਜਿਸ ਦੇ ਵਰਕੇ ਅਜੇ ਪੜ੍ਹੇ ਨਹੀਂ ਗਏ। ਕਮਲਜੀਤ ਨੇ ਕਿਹਾ ਕਿ ਉਸ ਨੇ ਦੋ ਵਾਰ ਪੀ ਸੀ ਐਸ ਦੀ ਇਮਤਿਹਾਨ ਸਫਲਤਾ ਨਾਲ ਪਾਸ ਕੀਤੇ ਪਰ ਇਕ ਗੰਭੀਰ ਬੀਮਾਰੀ ਕਾਰਨ ਸੁਣਨ ਸ਼ਕਤੀ ਸਾਥ ਛੱਡ ਜਾਣ ਕਾਰਨ ਉਹ ਸਿਲੈਕਸ਼ਨ ਤੋਂ ਵਾਂਝੇ ਰਹਿ ਜਾਂਦੇ ਰਹੇ ਜਿਸ ਕਾਰਨ ਅਪਸਾਦ (ਡਿਪਰੈਸ਼ਨ) ਦਾ ਵੀ ਸ਼ਿਕਾਰ ਰਹੇ। ਉਹਨਾਂ ਦੀ ਪਤਨੀ ਮੈਡਮ ਸਰੋਜ ਵੀ ਬਤੌਰ ਸਕੂਲ ਮੁਖੀ ਸੇਵਾ ਮੁਕਤ ਹੋਏ ਹਨ।

*ਭਾਰਤੀ ਨਿਆਂ ਪ੍ਰਣਾਲੀ ਦਾ ਨਿਘਾਰ*

# ਪੱਖਪਾਤੀ, ਵਿਤਕਰੇਪੂਰਨ ਤੇ ਅਨਿਆਂਪੂਰਨ

**ਹਰਚਰਨ ਸਿੰਘ ਚਹਿਲ**


ਬੁਰਜ਼ੁਆ ਜਮਹੂਰੀਅਤ ਦੇ ਅਲੰਬਰਦਾਰ ਦਾਅਵਾ ਕਰਦੇ ਹਨ ਕਿ ਇਸ ਰਾਜ ਪ੍ਰਬੰਧ ਵਿਚ ਕਾਨੂੰਨ ਸਭ ਨੂੰ ਇਕ ਨਜ਼ਰ ਨਾਲ ਦੇਖਦਾ ਹੈ, ਸਾਰਿਆਂ ਨੂੰ ਬਗ਼ੈਰ ਕਿਸੇ ਪੱਖਪਾਤ, ਵਿਤਕਰੇ ਤੇ ਦੇਰੀ ਤੋਂ ਇਕੋ ਜਿਹਾ ਇਨਸਾਫ ਮਿਲਦਾ ਹੈ। 'ਕੁਦਰਤੀ ਇਨਸਾਫ ਦੇ ਨਿਯਮ' (Law of Natural Justice)ਦਾ ਵੀ ਇਹੀ ਤਕਾਜ਼ਾ ਹੈ ਕਿ ਸਾਰੇ ਨਾਗਰਿਕਾਂ ਦੀ ਨਿਆਂਯੁਕਤ, ਨਿਰਪੱਖ ਤੇ ਤੁਰੰਤ ਸੁਣਵਾਈ ਹੋਏ। ਪਰ ਜਮਾਤੀ ਸਮਾਜ 'ਚ ਅਜਿਹੇ ਦਮਗਜੇ ਰਾਜ ਦੇ ਜਮਾਤੀ ਖਾਸੇ ਦੀ ਪਰਦਾਪੋਸ਼ੀ ਕਰਨ ਲਈ ਮਾਰੇ ਜਾਂਦੇ ਹਨ। ਜਿਵੇਂ ਜਿਵੇਂ ਜਮਾਤੀ ਸਮਾਜਾਂ ਦਾ ਸੰਕਟ ਵਧਦਾ ਜਾਂਦਾ ਹੈ, ਇਹ ਪਰਦਾ ਦੇ ਲੰਗਾਰ ਵੀ ਸਾਹਮਣੇ ਆਉਂਦੇ ਰਹਿੰਦੇ ਹਨ। ਕਿਹਾ ਤਾਂ ਇਹ ਜਾਂਦਾ ਹੈ ਕਿ 'ਦੋਸ਼ ਸਿਧ ਹੋਣ ਤੱਕ ਹਰ ਵਿਅਕਤੀ ਨਿਰਦੋਸ਼ ਸਮਝਿਆ ਜਾਂਦਾ ਹੈ ਪਰ ਕਾਨੂੰਨਾਂ ਵਿਚ ਅਜਿਹੀਆਂ ਧਾਰਾਵਾਂ ਪਾਈਆਂ ਜਾਂਦੀਆਂ ਹਨ ਕਿ ਮੁਲਜ਼ਮ ਨੂੰ ਜ਼ਮਾਨਤ ਹੀ ਨਾ ਮਿਲੇ, ਕੇਸ ਨੂੰ ਦਹਾਕਿਆਂਬੱਧੀ ਲਟਕਾਇਆ ਜਾ ਸਕੇ ਅਤੇ ਫੈਸਲਾ ਹੋਣ ਤੋਂ ਪਹਿਲਾਂ ਦੀ ਪ੍ਰਕਿਰਿਆ ਹੀ ਸਜ਼ਾ ਬਣ ਜਾਵੇ। ਇੰਜ ਬੇਦੋਸ਼ਾ ਹੁੰਦਾ ਹੋਇਆ ਮੁਲਜ਼ਮ ਵੀ ਦੋਸ਼ੀਆਂ ਵਾਲੀ ਸਜ਼ਾ ਭੁਗਤੇ। ਯੂ.ਏ.ਪੀ.ਏ (ਗ਼ੈਰਕਾਨੂੰਨੀ ਗਤੀਵਿਧੀਆਂ (ਰੋਕੂ) ਕਾਨੂੰਨ) ਦੀ ਧਾਰਾ 43(ਡੀ)(5) ਅਨੁਸਾਰ ਇਹ ਲਾਜ਼ਮੀ ਬਣਾ ਦਿੱਤਾ ਗਿਆ ਹੈ ਕਿ ਜ਼ਮਾਨਤ ਦੇਣ ਸਮੇਂ ਜੱਜ ਸਿਰਫ ਸਰਕਾਰੀ ਧਿਰ ਵੱਲੋਂ ਪੇਸ਼ ਕੀਤੇ ਸਬੂਤ ਹੀ ਦੇਖੇਗਾ, ਮੁਲਜ਼ਮ ਧਿਰ ਦੇ ਨਹੀਂ। ਭਾਵ ਜਮਾਨਤ ਮਿਲਣੀ ਲਗਭਗ ਅਸੰਭਵ ਬਣਾ ਦਿੱਤੀ ਗਈ ਹੈ।

ਨਿਆਂਤੰਤਰ ਪ੍ਰਣਾਲੀ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਇਹ ਕਾਨੂੰਨਾਂ ਦੀ ਸੰਵਿਧਾਨਕ ਵੈਧਤਾ ਨੂੰ ਪਰਖੇ ਅਤੇ ਇਨ੍ਹਾਂ ਨੂੰ ਨਿਰਪੱਖ ਤੇ ਨਿਆਂਪੂਰਨ ਢੰਗ ਨਾਲ ਬਗ਼ੈਰ ਕਿਸੇ ਦੇਰੀ ਦੇ ਲਾਗੂ ਕਰੇ। ਇਸ ਪ੍ਰਣਾਲੀ ਦੇ ਸਾਰੇ ਪ੍ਰਮੁੱਖ ਅੰਗ ਅਰਥਾਤ ਤਫਤੀਸ਼ੀ ਏਜੰਸੀਆਂ (ਪੁਲਿਸ, ਸੀਬੀਆਈ. ਆਈਐਨਏ, ਈ.ਡੀ ਆਦਿ), ਪ੍ਰੋਸ਼ੀਕਿਊਸ਼ਨ (ਸਰਕਾਰੀ ਵਕੀਲ),ਅਦਾਲਤਾਂ ਤੇ ਜੇਲ੍ਹਾਂ ਸਾਰੇ ਨਾਗਰਿਕਾਂ ਨਾਲ ਇਕੋ ਜਿਹਾ ਤੇ ਨਿਆਂਪੂਰਨ ਵਿਵਹਾਰ ਕਰਨ। ਪਰ ਸਾਡੇ ਮੁਲਕ ਦੇ ਨਿਆਂਤੰਤਰ ਨੇ ਸਿਆਸੀ, ਧਾਰਮਿਕ,ਜਮਾਤੀ, ਜਾਤੀ ਆਧਾਰ 'ਤੇ ਬਹੁਤ ਪੱਖਪਾਤੀ, ਵਿਤਕਰੇਪੂਰਨ ਅਤੇ ਅਨਿਆਂਪੂਰਨ ਵਤੀਰਾ ਧਾਰਨ ਕੀਤਾ ਹੋਇਆ ਹੈ। ਤਫਤੀਸ਼ੀ ਏਜੰਸੀਆਂ, ਪ੍ਰੋਸ਼ੀਕਿਊਸ਼ਨ, ਅਦਾਲਤਾਂ ਤੇ ਜੇਲ੍ਹਾਂ ਇਕੋ ਹੀ ਕਾਨੂੰਨ ਨੂੰ ਲਾਗੂ ਕਰਦੇ ਵਕਤ ਅਮੀਰਾਂ ਤੇ ਗਰੀਬਾਂ ਲਈ; ਕਥਿਤ ਉਚੀਆਂ ਤੇ ਨੀਵੀਆਂ ਜਾਤਾਂ ਲਈ; ਧਾਰਮਿਕ ਬਹੁਗਿਣਤੀ ਤੇ ਧਾਰਮਿਕ ਘੱਟ ਗਿਣਤੀਆਂ ਲਈ; ਅਤੇ ਸਰਕਾਰ ਦੀਆਂ ਨੀਤੀਆਂ ਨਾਲ ਅਸਹਿਮਤੀ ਰੱਖਣ ਵਾਲਿਆਂ ਤੇ ਰਾਜਸੀ ਵਿਰੋਧੀਆਂ ਲਈ ਅਲੱਗ ਅਲੱਗ ਮਾਪਦੰਡ ਅਪਣਾਉਂਦੀਆਂ ਹਨ। ਇਸ ਵਿਤਕਰੇਪੂਰਨ, ਪੱਖਪਾਤੀ ਤੇ ਅਨਿਆਂਯੁਕਤ ਵਤੀਰੇ ਦੀਆਂ ਹਜ਼ਾਰਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਪਰ ਇਥੇ ਅਸੀਂ ਚੰਦ ਕੁ ਮਿਸਾਲਾਂ ਦੇ ਕੇ ਕਥਿਤ ਨਿਆਂਤੰਤਰ ਦੀ ਗੱਲ ਕਰਾਂਗੇ।

ਤੱਥਾਂ ਤੇ ਸਬੂਤਾਂ ਦੇ ਉਲਟ ਜਾ ਕੇ ਸਰਕਾਰ ਦੇ ਪੱਖ 'ਚ ਫੈਸਲੇ ਕੀਤੇ : ਜਦ ਕਦੇ ਵੀ ਕੇਂਦਰ ਵਿਚ ਮਜ਼ਬੂਤ ਸਰਕਾਰ ਬਣੀ ਭਾਰਤੀ ਅਦਾਲਤਾਂ, ਖਾਸਕਰ ਹਾਈਕੋਰਟਾਂ ਤੇ ਸੁਪਰੀਮ ਕੋਰਟ ਸਰਕਾਰਾਂ ਦੀ ਮਰਜ਼ੀ ਅਨੁਸਾਰ ਫੈਸਲੇ ਸੁਣਾਉਣ ਲੱਗੀਆਂ। ਐਮਰਜੈਂਸੀ ਦੌਰਾਨ ਸੁਪਰੀਮ ਕੋਰਟ ਨੇ ਇੰਦਰਾ ਗਾਂਧੀ ਦੀ ਤਾਨਾਸ਼ਾਹ ਹਕੂਮਤ ਅੱਗੇ ਗੋਡੇ ਟੇਕੇ ਅਤੇ ਬਹੁ-ਚਰਚਿਤ ਤੇ ਬਦਨਾਮ 'ਏਡੀਐਮ ਜੱਬਲਪੁਰ ਬਨਾਮ ਸਿਵ ਕਾਂਤ ਸ਼ੁਕਲਾ' ਵਰਗੇ ਬੇਹੂਦਾ ਫੈਸਲੇ ਸੁਣਾਏ ਜਿਸ ਨੂੰ ਹੁਣ ਤੱਕ ਭਾਰਤੀ ਨਿਆਂਤੰਤਰ ਪ੍ਰਣਾਲੀ ਦਾ ਵੱਡਾ ਬਦਨੁਮਾ ਦਾਗ ਕਿਹਾ ਜਾਂਦਾ ਹੈ। ਜਸਟਿਸ ਪੀ.ਐਨ. ਭਗਵਤੀ ਦੀ ਸਦਾਰਤ ਹੇਠ 4-1 ਦੀ ਬਹੁਗਿਣਤੀ ਨਾਲ ਦਿੱਤੇ ਇਸ ਵਿਵਾਦਿਤ ਫੈਸਲੇ ਅਨੁਸਾਰ ਸਰਕਾਰ ਲੋਕਾਂ ਦੇ ਮਨੁੱਖੀ ਅਧਿਕਾਰਾਂ ਨੂੰ ਮੁਅੱਤਲ ਕਰ ਸਕਦੀ ਹੈ ਅਤੇ ਉਨ੍ਹਾਂ ਦਾ ਹੈਬੀਅਸ ਕਾਰਪਸ ਦਾ ਅਧਿਕਾਰ (ਗ਼ੈਰ-ਕਾਨੂੰਨੀ ਤੌਰ 'ਤੇ ਨਜ਼ਰਬੰਦ ਨਾ ਕਰਨ ਦਾ ਅਧਿਕਾਰ) ਮੁਅੱਤਲ ਕਰ ਸਕਦੀ ਹੈ। ਸੰਨ 2014 ਵਿਚ ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਸੁਪਰੀਮ ਕੋਰਟ ਫਿਰ ਤੋਂ ਅਪਣੇ ਐਮਰਜੈਂਸੀ ਦੌਰ ਵਾਲੇ ਰੌਂਅ ਵਿਚ ਆ ਗਈ ਹੈ ਅਤੇ ਇਸ ਨੇ ਸਿਆਸੀ ਤੇ ਸੰਵਿਧਾਨਕ ਤੌਰ 'ਤੇ ਅਹਿਮ ਇਕ ਵੀ ਫੈਸਲਾ ਸਰਕਾਰ ਦੇ ਉਲਟ ਨਹੀਂ ਦਿੱਤਾ ਜਦੋਂ ਕਿ ਤੱਥ ਤੇ ਸਬੂਤ ਸਪੱਸ਼ਟ ਤੌਰ 'ਤੇ ਸਰਕਾਰ ਦੇ ਉਲਟ ਭੁਗਤਦੇ ਸਨ। ਕੁੱਝ ਕੁ ਫੈਸਲਿਆਂ ਦੀ ਗੱਲ ਕਰਦੇ ਹਾਂ।

**ਸਹਾਰਾ-ਬਿਰਲਾ ਕੇਸ:** ਸਾਹਾਰਾ ਤੇ ਬਿਰਲਾ ਕਾਰਪੋਰੇਟ ਘਰਾਣਿਆਂ ਵਿਰੁੱਧ ਇਨਕਮ ਟੈਕਸ ਛਾਪਿਆਂ ਦੌਰਾਨ ਮਿਲੇ ਕਾਗਜ਼ਾਤਾਂ ਤੋਂ ਮੋਦੀ ਸਮੇਤ ਬੀਜੇਪੀ ਦੇ ਕਈ ਹੋਰ ਵੱਡੇ ਨੇਤਾਵਾਂ ਨੂੰ ਨਗਦੀ ਭੁਗਤਾਨ ਕੀਤੇ ਜਾਣ ਦੇ ਸਪੱਸ਼ਟ ਸੰਕੇਤ ਮਿਲੇ ਸਨ। ਕੌਮਨ ਕਾਜ਼ ਨਾਂਅ ਦੀ ਐਨਜੀਓ ਨੇ ਪੀਆਈਐਲ ਰਾਹੀਂ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਇਸ ਬਾਰੇ ਤਫਤੀਸ਼ ਕੀਤੇ ਜਾਣ ਦੀ ਮੰਗ ਕੀਤੀ। ਸੁਪਰੀਮ ਕੋਰਟ ਨੇ ਨਾ ਸਿਰਫ ਇਹ ਪਟੀਸ਼ਨ ਖਾਰਜ ਕੀਤੀ ਸਗੋਂ ਫੈਸਲੇ ਵਿਚ ਸਪੱਸ਼ਟ ਲਿਖਿਆ ਕਿ ਇਨ੍ਹਾਂ ਸਬੂਤਾਂ ਦੇ ਆਧਾਰ 'ਤੇ ਕੋਈ ਵੀ ਹੋਰ ਐਫਆਈਆਰ ਦਰਜ ਨਹੀਂ ਕੀਤੀ ਜਾ ਸਕੇਗੀ। ਜਸਟਿਸ ਲੋਯਾ ਕੇਸ: ਅਮਿਤ ਸ਼ਾਹ ਵਿਰੁੱਧ ਸੋਹਰਾਬੁਦੀਨ ਪੁਲਿਸ ਮੁਕਾਬਲੇ ਦੀ ਸੁਣਵਾਈ ਕਰ ਰਹੇ ਜੱਜ ਬੀ.ਐਚ.ਲੋਯਾ ਦੀ ਬਹੁਤ ਸ਼ੱਕੀ ਹਾਲਤਾਂ ਵਿਚ ਹੋਈ ਮੌਤ ਦੀ ਨਿਰਪੱਖ ਜਾਂਚ ਦੀ ਮੰਗ ਕਰਨ ਵਾਲੀ ਪਟੀਸ਼ਨ ਸੁਪਰੀਮ ਕੋਰਟ ਨੇ ਨਾ ਸਿਰਫ ਖਾਰਜ ਕੀਤੀ ਸਗੋਂ ਪਟੀਸ਼ਨ ਦੀ ਮੰਗ ਤੋਂ ਅੱਗੇ ਜਾ ਕੇ ਇਹ ਵੀ ਫੈਸਲਾਕੁੰਨ ਨਿਰਣਾ ਦਿਤਾ ਕਿ ਜਸਟਿਸ ਲੋਯਾ ਆਪਣੀ ਕੁਦਰਤੀ ਮੌਤ ਮਰਿਆ। ਰੋਮੀਲਾ ਥਾਪਰ ਤੇ ਚਾਰ ਹੋਰ ਕਾਰਕੁਨਾਂ ਦੁਆਰਾ ਭੀਮਾ-ਕੋਰੇਗਾਉਂ ਕੇਸ 'ਚ ਨਜ਼ਰਬੰਦ ਪੰਜ ਬੁੱਧੀਜੀਵੀਆਂ ਵਿਰੁੱਧ ਮਹਾਂਰਾਸ਼ਟਰਾ ਪੁਲਿਸ ਵੱਲੋਂ ਕੀਤੀ ਪੱਖਪਾਤੀ ਜਾਂਚ ਵਿਰੁੱਧ ਸਿਟ (ਵਿਸ਼ੇਸ਼ ਤਫਤੀਸ਼ੀ ਟੀਮ) ਬਣਾਉਣ ਦੀ ਮੰਗ ਕਰਨ ਵਾਲੀ ਖਾਰਜ ਪਟੀਸ਼ਨ ਵਿਚ ਜਸਟਿਸ ਚੰਦਰਾਚੁੱਡ ਨੇ ਅਸਹਿਮਤੀ ਨੋਟ ਦਿਤਾ ਸੀ। ਰਵਾਇਤਾਂ ਤੋਂ ਉਲਟ ਜਾ ਕੇ ਇਸ ਅਸਹਿਮਤੀ ਨੋਟ ਨੂੰ ਆਖਰੀ ਫੈਸਲੇ ਵਿਚ ਸ਼ਾਮਲ ਨਾ ਕੀਤਾ ਗਿਆ। ਰਾਫੇਲ ਕੇਸ : ਗੜਬੜੀਆਂ ਦੇ ਬਹੁਤ ਸਪੱਸ਼ਟ ਸਬੂਤ ਹੋਣ ਦੇ ਬਾਵਜੂਦ ਨਿਰਪੱਖ ਜਾਂਚ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ। ਅਯੋਧਿਆ ਕੇਸ: ਜੁਡੀਸ਼ੀਅਰੀ ਵੱਲੋਂ ਕਿਸੇ ਸੱਤਾਧਾਰੀ ਪਾਰਟੀ ਨੂੰ ਸਿਆਸੀ ਫਾਇਦਾ ਪਹੁੰਚਾਉਣ ਦੀ ਮਨਸ਼ਾ ਨਾਲ, ਤੱਥਾਂ ਨੂੰ ਅੱਖੋਂ ਪਰੋਖੇ ਕਰਕੇ ਕੀਤੇ ਇਕਪਾਸੜ ਫੈਸਲੇ ਦੀ ਇਹ ਇਕ ਟਕਸਾਲੀ ਮਿਸਾਲ ਹੈ। 1948 ਵਿਚ ਮੂਰਤੀਆਂ ਰੱਖਣਾ ਗਲਤ ਸੀ; ਬਾਬਰੀ ਮਸਜਿਦ ਢਾਹੇ ਜਾਣਾ ਗਲਤ ਸੀ; ਮੁਸਲਿਮ ਵੀ ਇਸ ਥਾਂ 'ਤੇ ਇਬਾਦਤ ਕਰਦੇ ਆਏ ਹਨ; ਮੰਦਿਰ ਢਾਹ ਕੇ ਮਸਜਿਦ ਬਣਾਏ ਜਾਣ ਦਾ ਕੋਈ ਪੁਰਾਲੇਖੀ ਜਾਂ ਹੋਰ ਸਬੂਤ ਨਹੀਂ ਮਿਲਦਾ ਆਦਿ ਤੱਥ ਮੰਨ ਲੈਣ ਦੇ ਬਾਵਜੂਦ ਵੀ ਜ਼ਮੀਨ ਉਨ੍ਹਾਂ ਨੂੰ ਦੇ ਦਿਤੀ ਜਿਨ੍ਹਾਂ ਨੇ ਇਹ ਗਲਤ ਕੰਮ ਕੀਤੇ ਸਨ।

ਇਸੇ ਤਰ੍ਹਾਂ ਦੇ ਹੋਰ ਕਿੰਨੇ ਹੀ ਫੈਸਲੇ ਦਰਜ ਕੀਤੇ ਜਾ ਸਕਦੇ ਹਨ ਜੋ ਸੱਤਾਧਾਰੀਆਂ ਨੂੰ ਸਿਆਸੀ ਫਾਇਦਾ ਪਹੁੰਚਾਉਣ ਲਈ ਕੀਤੇ ਗਏ। ਪਰ ਸਿਆਸੀ ਫਾਇਦਾ ਸਿਰਫ ਫੈਸਲਿਆਂ ਰਾਹੀਂ ਹੀ ਨਹੀਂ ਸਗੋਂ ਕੇਸਾਂ ਦੀ ਸੁਣਵਾਈ ਨਾ ਕਰਕੇ ਜਾਂ ਦੇਰੀ ਨਾਲ ਕਰਕੇ ਵੀ ਕੀਤਾ ਜਾ ਸਕਦੈ।



**ਕੇਸਾਂ ਦੀ ਸੁਣਵਾਈ 'ਚ ਫੁਰਤੀ ਬਨਾਮ ਦੇਰੀ ਦਾ ਪੱਖਪਾਤੀ ਰੁਝਾਨ:** ਖੁਦਕੁਸ਼ੀ ਲਈ ਉਕਸਾਉਣ ਦੇ ਇਕ ਦੋਸ਼ ਵਿਚ ਗ੍ਰਿਫਤਾਰ ਕੀਤੇ ਸਰਕਾਰ ਪੱਖੀ ਟੀਵੀ ਪੱਤਰਕਾਰ ਤੇ ਰੀਪਬਲਿਕ ਟੀਵੀ ਦੇ ਮੁੱਖ ਸੰਪਾਦਕ ਅਰਨਬ ਗੋਸਵਾਮੀ ਦੀ ਜਮਾਨਤ ਅਰਜ਼ੀ ਮੁੰਬਈ ਹਾਈਕੋਰਟ ਨੇ ਰਵਾਇਤਾਂ ਦੇ ਉਲਟ ਜਾ ਕੇ ਛੁੱਟੀ ਵਾਲੇ ਦਿਨ ਸੁਣੀ। ਹਾਈ ਕੋਰਟ ਵੱਲੋਂ ਜਮਾਨਤ ਅਰਜ਼ੀ ਰੱਦ ਕੀਤੇ ਜਾਣ ਤੋਂ ਅਗਲੇ ਹੀ ਦਿਨ ਸੁਪਰੀਮ ਕੋਰਟ ਨੇ ਉਸ ਨੂੰ ਜਮਾਨਤ ਦੇ ਦਿਤੀ। ਇਸ ਮਿਹਰਬਾਨੀ ਲਈ ਸੁਪਰੀਮ ਕੋਰਟ ਵੱਲੋਂ 'ਸੰਵਿਧਾਨਕ ਉਪਚਾਰਾਂ ਦਾ ਅਧਿਕਾਰ' ਦੇਣ ਵਾਲੇ ਆਰਟੀਕਲ 32 ਦੀ ਵਰਤੋਂ ਕੀਤੀ ਗਈ। ਆਰਟੀਕਲ 32 ਨਾਗਰਿਕਾਂ ਦੀ ਵਿਅਕਤੀਗੱਤ ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਵਰਗੇ ਮੂਲ਼ ਅਧਿਕਾਰਾਂ ਦੀ ਰਾਖੀ ਲਈ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦਾ ਅਧਿਕਾਰ ਦਿੰਦਾ ਹੈ। ਜਦ ਇਹੀ ਆਰਟੀਕਲ ਹਾਥਰਸ ਸਮੂਹਿਕ ਬਲਾਤਕਾਰ ਕੇਸ ਦੀ ਰਿਪੋਰਟਿੰਗ ਲਈ ਜਾ ਰਹੇ ਅਤੇ 5 ਅਕਤੂਬਰ 2020 ਤੋਂ ਨਜ਼ਰਬੰਦ ਕੀਤੇ ਮਲਿਆਲੀ ਪੱਤਰਕਾਰ ਕੱਪਨ ਸਿਦੀਕੀ ਨੂੰ ਰਿਹਾ ਕਰਨ ਲਈ ਵਰਤੇ ਜਾਣ ਦੀ ਗੱਲ ਆਈ ਤਾਂ ਤਦਕਾਲੀਨ ਚੀਫ ਜਸਟਿਸ ਐਸ.ਏ.ਬੋਬੜੇ ਦਾ ਕਹਿਣਾ ਸੀ ਕਿ ਸੁਪਰੀਮ ਕੋਰਟ ਆਰਟੀਕਲ 32 ਦੀ ਵਰਤੋਂ ਨੂੰ ਘਟਾਉਣਾ ਚਾਹੁੰਦੀ ਹੈ ਅਤੇ ਕੱਪਨ ਦਾ ਕੇਸ ਹਾਈਕੋਰਟ ਨੂੰ ਭੇਜ ਦਿੱਤਾ। ਅਰਨਬ ਗੋਸਵਾਮੀ ਦਾ ਕੇਸ ਤਾਂ ਦੋ ਦਿਨਾਂ 'ਚ ਹੀ ਹਾਈ ਕੋਰਟ ਹੁੰਦਾ ਹੋਇਆ ਸੁਪਰੀਮ ਕੋਰਟ ਤੱਕ ਵੀ ਪਹੁੰਚ ਗਿਆ ਪਰ ਭੀਮਾ-ਕੋਰੇਗਾਉਂ ਕੇਸ 'ਚ ਬੰਦ ਕਬੀਰ ਕਲਾ ਮੰਚ ਦੇ ਕਲਾਕਾਰਾਂ ਸਾਗਰ ਗੋਰਖੇ, ਰਮੇਸ਼ ਗੌਚਰ ਤੇ ਜਿਯੋਤੀ ਜਗਤਾਪ ਦੀ ਜਮਾਨਤ ਅਰਜੀ ਮੁੰਬਈ ਹਾਈ ਕੋਰਟ ਨੇ ਦੋ ਸਾਲਾਂ ਦੌਰਾਨ ਸੁਣੀ ਤੱਕ ਨਹੀਂ। ਪਾਰਕਿੰਨਸਨ ਬਿਮਾਰੀ ਤੋਂ ਪੀੜਤ ਤੇ ਭੀਮਾ-ਕੋਰੇਗਾਉਂ ਕੇਸ 'ਚ ਨਜ਼ਰਬੰਦ 80 ਸਾਲਾ ਸਟੈਨ ਸਵਾਮੀ ਨੂੰ ਪਾਣੀ ਪੀਣ ਲਈ ਲੋੜ੍ਹੀਦੀਂ ਪਲਾਸਟਿਕ ਪਾਈਪ ਬਾਰੇ ਫੈਸਲਾ ਕਰਨ ਲਈ ਐਨਆਈਏ ਕੋਰਟ ਨੂੰ 20 ਦਿਨ ਲੱਗੇ। ਭੀਮਾ ਕੋਰੇਗਾਉਂ ਕੇਸ, 'ਚ ਨਜ਼ਰਬੰਦ ਬੁੱਧੀਜੀਵੀਆਂ, ਜਾਮੀਆ ਮਿਲੀਆ, ਜੇਐਨਯੂ ਤੇ ਦਿਲੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਕਾਰਕੁਨਾਂ ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ ਅਤੇ ਉਨ੍ਹਾਂ ਦੀਆਂ ਜ਼ਮਾਨਤ ਅਰਜ਼ੀਆਂ 'ਤੇ ਮਹੀਨਿਆਂ/ਸਾਲਾਂ ਬੱਧੀ ਸੁਣਵਾਈ ਨਹੀਂ ਹੁੰਦੀ।

ਅਦਾਲਤਾਂ ਨੇ ਸਰਕਾਰਾਂ ਨੂੰ ਕਸੂਤੇ ਸਵਾਲਾਂ ਦੇ ਜਵਾਬ ਦੇਣ ਤੋਂ ਬਚਾਉਣ ਲਈ ਸੁਣਵਾਈ 'ਚ ਦੇਰੀ ਨੂੰ ਇਕ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿਤਾ ਹੈ। ਕੇਂਦਰ ਸਰਕਾਰ ਨੇ 5 ਅਗੱਸਤ 2019 ਨੂੰ ਧਾਰਾ 370 ਅਧੀਨ ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰ ਦਿਤਾ। ਅਤੇ ਸੂਬੇ ਦੇ ਦੋ ਟੁਕੜੇ ਕਰ ਕੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿਤੇ। ਰਾਤੋ ਰਾਤ ਹਜ਼ਾਰਾਂ ਕਾਰਕੁੰਨਾਂ ਨੂੰ ਜੇਲ੍ਹੀਂ ਡੱਕ ਦਿੱਤਾ; ਬਾਕੀਆਂ ਨੂੰ ਘਰਾਂ 'ਚ ਬੰਦ ਕਰ ਦਿੱਤਾ; ਤਾਲਾਬੰਦੀ ਕਰਕੇ ਕਸ਼ਮੀਰ ਨੂੰ ਖੁੱਲੀ ਜੇਲ੍ਹ ਬਣਾ ਦਿਤਾ ਅਤੇ ਇੰਟਰਨੈਟ ਸੇਵਾਵਾਂ ਬੰਦ ਕਰਕੇ ਕਸ਼ਮੀਰੀ ਲੋਕਾਂ ਨੂੰ ਬਾਕੀ ਦੀ ਦੁਨੀਆ ਨਾਲੋਂ ਅਲੱਗ ਥਲੱਗ ਕਰ ਦਿਤਾ। ਪਰ ਸੁਪਰੀਮ ਕੋਰਟ ਨੇ ਮਹੀਨਿਆਂ ਬੱਧੀ ਕੋਈ ਵੀ ਹੈਬੀਅਸ ਕਾਰਪਸ (ਮੈਜਿਸਟ੍ਰੇਟ ਮੂਹਰੇ ਪੇਸ਼ ਕੀਤੇ ਜਾਣ ਦਾ ਅਧਿਕਾਰ) ਪਟੀਸ਼ਨ ਨਹੀਂ ਸੁਣੀ। ਜਦ ਇਕ ਅਕਤੂਬਰ ਨੂੰ ਸੁਣੀ ਵੀ ਤਾਂ 70 ਦਿਨ ਬਾਅਦ ਦੀ ਤਰੀਕ ਪਾਈ ਜੋ ਪੀੜਤਾਂ ਨੂੰ ਆਪਣੇ ਜਖਮਾਂ 'ਤੇ ਨਮਕ ਛਿੜਕਣ ਜਿਹੀ ਮਹਿਸੂਸ ਹੋਈ। ਧਾਰਾ 370 ਰੱਦ ਕੀਤੇ ਜਾਣ ਵਾਲੇ ਕਾਨੂੰਨ ਦੀ ਸੰਵਿਧਾਨਕ ਵਾਜਬੀਅਤ ਬਾਰੇ ਪਟੀਸ਼ਨਾਂ ਦੀ ਸੁਣਵਾਈ, ਤਕਰੀਬਨ ਦੋ ਸਾਲ ਬੀਤ ਜਾਣ ਬਾਅਦ, ਅਜੇ ਤੱਕ ਵੀ ਸ਼ੁਰੂ ਨਹੀਂ ਹੋਈ।

ਇਹੀ ਹਾਲ ਚੁਣਾਵੀ ਬਾਂਡ ਸਕੀਮ ਦਾ ਹੋਇਆ। ਸਰਕਾਰ ਨੇ ਇਹ ਸਕੀਮ ਆਪਣੀ ਪਾਰਟੀ ਲਈ ਕਾਰਪੋਰੇਟ ਘਰਾਣਿਆਂ ਤੋਂ ਚੰਦਾ ਵਸੂਲਣ ਲਈ ਘੜੀ ਹੈ ਅਤੇ ਮੁਲਕ ਦਾ ਮੁੱਖ ਚੋਣ ਕਮਿਸ਼ਨਰ ਤੱਕ ਇਸ ਸਕੀਮ ਨੂੰ 'ਲੋਕਤੰਤਰ ਲਈ ਘਾਤਕ' ਦਾ ਲਕਬ ਦੇ ਚੁੱਕਾ ਹੈ। ਸੁਪਰੀਮ ਕੋਰਟ ਨੇ ਇਸ ਸਕੀਮ ਵਿਰੁੱਧ ਪਾਈ ਪਟੀਸ਼ਨ ਦੀ ਸੁਣਵਾਈ ਜਦ ਸਾਲਾਂ ਬਾਅਦ ਕੀਤੀ ਤਦ ਤੱਕ ਵੱਡੀ ਮਾਤਰਾ ਵਿਚ ਚੁਣਾਵੀ ਬਾਂਡ ਪਹਿਲਾਂ ਹੀ ਵਿਕ ਚੁੱਕੇ ਸਨ। ਨਾਗਰਿਕਤਾ ਸੋਧ ਕਾਨੂੰਨ ਬਾਰੇ ਸੁਪਰੀਮ ਕੋਰਟ ਦੇ ਇਕ ਸਾਬਕਾ ਜੱਜ ਸਮੇਤ ਬਹੁਤ ਸਾਰੇ ਕਾਨੂੰਨੀ ਮਾਹਿਰਾਂ ਦੀ ਰਾਏ ਹੈ ਕਿ ਧਰਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਵਾਲਾ ਇਹ ਕਾਨੂੰਨ ਸੰਵਿਧਾਨ ਦੇ ਧਰਮ ਨਿਰਪੱਖ ਖਾਸੇ ਦੇ ਉਲਟ ਹੈ; ਇਸ ਲਈ ਪੂਰੀ ਤਰ੍ਹਾਂ ਅਸੰਵਿਧਾਨਕ ਹੈ। ਪਰ ਸਰਕਾਰ ਦੇ ਪੱਖ 'ਚ ਖੜੀ ਸੁਪਰੀਮ ਕੋਰਟ ਨੇ ਇਸ ਕਾਨੂੰਨ ਦੀ ਵੈਧਤਾ ਵਿਰੁਧ ਪਾਈਆਂ ਪਟੀਸ਼ਨਾਂ ਦੀ ਸੁਣਵਾਈ ਨੂੰ ਠੰਢੇ ਬਸਤੇ ਵਿਚ ਪਾ ਰੱਖਿਆ ਹੈ। ਪ੍ਰਵਾਸੀ ਮਜ਼ਦੂਰਾਂ ਵਾਲੇ ਕੇਸ ਦੀ ਸੁਣਵਾਈ 'ਚ ਵੀ ਬਹੁਤ ਦੇਰੀ ਕੀਤੀ ਗਈ। ਸੰਨ 2020 ਦੀ ਕਰੋਨਾ ਲਹਿਰ ਸਮੇਂ ਪ੍ਰਵਾਸੀ ਮਜ਼ਦੂਰਾਂ ਦੇ ਭੁੱਖਮਰੀ ਵਾਲੇ ਹਾਲਾਤ, ਹਜ਼ਾਰਾਂ ਕਿਲੋਮੀਟਰ ਪੈਦਲ ਚੱਲਣ, ਪੁਲਿਸ ਜਬਰ ਤੋਂ ਡਰ ਕੇ ਰੇਲਾਂ ਦੀਆਂ ਪਟੜੀਆਂ 'ਤੇ ਤੁਰਨ ਅਤੇ ਮਾਰੇ ਜਾਣ, ਸੜਕਾਂ ਕਿਨਾਰੇ ਬੱਚਿਆਂ ਨੂੰ ਜਨਮ ਦੇਣ ਦੀਆਂ ਮਜ਼ਬੂਰੀਆਂ ਆਦਿ ਦੇ ਦਿਲ-ਕੰਬਾਊ ਮੰਜ਼ਰ ਜਦ ਮਨੁੱਖਤਾ ਨੂੰ ਸ਼ਰਮਸਾਰ ਕਰ ਰਹੇ ਸਨ ਤਦ ਸਾਡੀ ਸੁਪਰੀਮ ਕੋਰਟ ਕੁੰਭਕਰਨੀ ਨੀਂਦ ਸੁੱਤੀ ਹੋਈ ਸੀ ਤਾਂ ਜੁ ਸਰਕਾਰ ਨੂੰ ਕਸੂਤੇ ਸਵਾਲਾਂ ਦੇ ਜਵਾਬ ਦੇਣ ਤੋਂ ਬਚਾਇਆ ਜਾ ਸਕੇ। ਜਦ ਗੁਨਾ (ਮੱਧ ਪ੍ਰਦੇਸ਼) ਵਿਚ ਪੈਦਲ ਚੱਲ ਰਹੇ 8 ਪ੍ਰਵਾਸੀ ਮਜ਼ਦੂਰ ਸੜਕ ਹਾਦਸੇ 'ਚ ਮਾਰੇ ਗਏ ਤਾਂ ਇਨ੍ਹਾਂ ਮਜ਼ਦੂਰਾਂ ਨੂੰ ਆਸਰਾ, ਭੋਜਨ ਤੇ ਟਰਾਂਸਪੋਰਟ ਜਿਹੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੀ ਮੰਗ ਕਰਦੀ ਇਕ ਪਟੀਸ਼ਨ ਸੁਪਰੀਮ ਕੋਰਟ ਵਿਚ ਪਾਈ ਗਈ ਜਿਸ 'ਤੇ ਬਹੁਤ ਦੇਰ ਬਾਅਦ ਸੁਣਵਾਈ ਕੀਤੀ ਗਈ। ਸੂਬਿਆਂ 'ਤੇ ਜ਼ਿੰਮੇਵਾਰੀ ਸੁਟਦਿਆਂ ਜੱਜ ਸਾਹਿਬਾਨ ਨੇ ਬਹੁਤ ਗ਼ੈਰ-ਸੰਵੇਦਨਸ਼ੀਲ ਤੇ ਬੇਹੂਦਾ ਟਿਪਣੀ ਕੀਤੀ ਕਿ 'ਅਸੀਂ ਲੋਕਾਂ ਨੂੰ ਰੇਲਵੇ ਲਾਈਨਾਂ ਤੇ ਸੜਕਾਂ ਤੇ ਤੁਰਨੋਂ ਨਹੀਂ ਰੋਕ ਸਕਦੇ"। ਜਿਵੇਂ ਪ੍ਰਵਾਸੀ ਮਜ਼ਦੂਰ ਸ਼ੌਕ ਨਾਲ ਇਨ੍ਹਾਂ 'ਤੇ ਤੁਰਦੇ ਹੋਣ। ਇਸੇ ਸਮੇਂ ਅਦਾਲਤੀ ਫੈਸਲਿਆਂ ਵਿਚ ਜਮਾਤੀ ਵਿਤਕਰੇ ਦੀ ਇਕ ਹੋਰ ਮਿਸਾਲ ਸਾਹਮਣੇ ਆਈ। ਸਾਧਨ-ਵਿਹੂਣੇ ਗਰੀਬ ਪ੍ਰਵਾਸੀ ਮਜ਼ਦੂਰਾਂ ਦੀ ਤ੍ਰਾਸਦੀ ਨੂੰ ਅਣਗੌਲਿਆਂ ਕਰਨ ਵਾਲੀ ਸੁਪਰੀਮ ਕੋਰਟ ਮੂਹਰੇ ਜਦ ਕਰੋਨਾ ਲੌਕਡਾਊਨ ਕਾਰਨ ਵਿਦੇਸ਼ਾਂ 'ਚ ਫਸੇ ਸਾਧਨ-ਸੰਪੰਨ ਅਮੀਰਾਂ ਦੇ ਵਿਦੇਸ਼ ਪੜ੍ਹਦੇ ਬੱਚਿਆਂ, ਵਪਾਰੀਆਂ ਤੇ ਟੂਰਿਸਟਾਂ ਨੂੰ ਮੁਲਕ ਵਾਪਸ ਲਿਆਉਣ ਦਾ ਮਸਲਾ ਆਇਆ ਤਾਂ ਸੁਪਰੀਮ ਕੋਰਟ ਨੇ ਏਅਰ ਇੰਡੀਆ ਨੂੰ ਨਾ ਸਿਰਫ ਵਿਸ਼ੇਸ਼ ਫਲਾਈਟਾਂ ਚਲਾਉਣ ਲਈ ਕਿਹਾ ਸਗੋਂ ਕਰੋਨਾ ਪ੍ਰੋਟੋਕੋਲ ਦੇ ਉਲਟ ਜਾ ਕੇ ਏਅਰਲਾਈਨ ਨੂੰ ਜਹਾਜ ਦੀਆਂ ਵਿਚਕਾਰਲੀਆਂ ਸੀਟਾਂ ਖਾਲੀ ਰੱਖਣ ਦੇ ਨਿਯਮਾਂ ਤੋਂ ਵੀ ਛੋਟ ਦੇ ਦਿੱਤੀ।

**ਕਾਰਜਪਾਲਿਕਾ ਤੇ ਨਿਆਂਪਾਲਿਕਾ ਆਪਸ ਵਿਚ ਘਿਉ-ਖਿਚੜੀ:** ਸਾਡੀ ਨਿਆਂਤੰਤਰ ਪ੍ਰਣਾਲੀ ਇੰਨੀ ਨਿਘਰ ਗਈ ਹੈ ਕਿ ਹੁਣ ਨਿਆਂ-ਪਾਲਿਕਾ ਦੀ ਕਥਿਤ ਆਜ਼ਾਦੀ ਦਾ ਭਰਮ ਬਣਾਈ ਰੱਖਣ ਦੀ ਵੀ ਜਰੂਰਤ ਨਹੀਂ ਸਮਝੀ ਜਾਂਦੀ। ਅਗੱਸਤ 2019 'ਚ ਇਕ ਸਮਾਗਮ ਦੌਰਾਨ ਪਟਨਾ ਹਾਈ ਕੋਰਟ ਦਾ ਸਾਬਕਾ ਚੀਫ ਜਸਟਿਸ ਅਤੇ ਸੁਪਰੀਮ ਕੋਰਟ ਦਾ ਸਿਟਿੰਗ ਜੱਜ ਐਮ.ਆਰ.ਸ਼ਾਹ ਮੋਦੀ ਨੂੰ ਆਪਣਾ 'ਹੀਰੋ ਤੇ ਮਾਡਲ' ਦੱਸਦਾ ਹੈ; ਫਰਵਰੀ 2020 ਵਿਚ ਪ੍ਰਧਾਨ ਮੰਤਰੀ ਮੋਦੀ, ਕਾਨੂੰਨ ਮੰਤਰੀ ਰਵੀ ਪ੍ਰਸ਼ਾਦ ਤੇ 20 ਮੁਲਕਾਂ ਦੇ ਸੀਨੀਅਰ ਜੱਜਾਂ ਦੀ ਹਾਜ਼ਰੀ ਵਿਚ ਸੁਪਰੀਮ ਕੋਰਟ ਦਾ ਜੱਜ ਅਰੁਣ ਮਿਸ਼ਰਾ ਮੋਦੀ ਨੂੰ ਬਹੁਪੱਖੀ ਪ੍ਰਤਿਭਾਸ਼ੀਲ ਪੁਰਸ਼ ਤੇ ਹੋਰ ਕਿੰਨੇ ਹੀ ਵੱਡੇ ਵੱਡੇ ਲਕਬਾਂ ਨਾਲ ਨਿਵਾਜ਼ਦਾ ਹੈ। ਜੂਨ 2021 ਵਿਚ ਇਸੇ ਅਰੁਣ ਮਿਸ਼ਰਾ ਨੂੰ ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਚੇਅਰਮੈਨ ਲਾ ਦਿੱਤਾ ਜਾਂਦਾ ਹੈ। ਅਯੋਧਿਆ, ਰਾਫੇਲ, ਜਸਟਿਸ ਲੋਯਾ ਆਦਿ ਕਈ ਅਹਿਮ ਕੇਸਾਂ ਵਿਚ ਸਰਕਾਰ ਦੇ ਹੱਕ ਵਿਚ ਭੁਗਤਨ ਵਾਲੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਨੂੰ, ਸਾਰੀਆਂ ਨੈਤਿਕ ਤੇ ਲੋਕਤੰਤਰਿਕ ਕਦਰਾਂ ਕੀਮਤਾਂ ਤੇ ਰਿਵਾਇਤਾਂ ਨੂੰ ਟਿਚ ਸਮਝਦੇ ਹੋਏ,ਰਿਟਾਇਰ ਹੋਣ ਦੇ ਚਾਰ ਮਹੀਨੇ ਬਾਅਦ ਹੀ ਰਾਜ ਸਭਾ ਦਾ ਮੈਂਬਰ ਨਾਮਜਦ ਕਰ ਦਿਤਾ ਜਾਂਦਾ ਹੈ।

**ਮੁਸਲਿਮ,ਦਲਿਤ,ਆਦਿਵਾਸੀ, ਖੱਬੇ-ਪੱਖੀ ਬੁੱਧੀਜੀਵੀ ਤੇ ਵਿਦਿਆਰਥੀ ਖਾਸ ਨਿਸ਼ਾਨੇ 'ਤੇ** : ਇਨ੍ਹਾਂ ਵਰਗਾਂ ਪ੍ਰਤੀ ਭਾਰਤੀ ਤਫਤੀਸ਼ ਏਜੰਸੀਆਂ ਤੇ ਅਦਾਲਤਾਂ ਦਾ ਵਤੀਰਾ ਪੱਖਪਾਤੀ ਤੇ ਅਨਿਆਂਪੂਰਨ ਹੋਣ ਤੋਂ ਇਲਾਵਾ ਵੈਰ-ਭਾਵੀ ਵੀ ਹੈ। ਯੂਏਪੀਏ ਤੇ ਐਨਐਸਏ ਜਿਹੇ ਪ੍ਰਤੀਬੰਧਕ ਨਜ਼ਰਬੰਦੀ (Preventive Detention) ਕਾਨੂੰਨਾਂ ਅਧੀਨ ਨਜ਼ਰਬੰਦ ਮੁਲਜਿਮਾਂ ਵਿਚ ਤਕਰੀਬਨ 50 ਫੀ ਸਦੀ ਗਿਣਤੀ ਮੁਸਲਮਾਨਾਂ ਦੀ ਹੈ ਜਦ ਕਿ ਕੁੱਲ ਆਬਾਦੀ ਵਿਚ ਮੁਸਲਮਾਨਾਂ ਦਾ ਹਿਸਾ ਮਹਿਜ਼ 14% ਹੈ। ਵੱਡੀ ਗਿਣਤੀ ਵਿਚ ਮੁਸਲਿਮ ਨੌਜਵਾਨ ਯੂਏਪੀਏ ਤੇ ਐਨਐਏ ਵਰਗੇ ਕਾਲੇ ਕਾਨੂੰਨਾਂ ਅਧੀਨ, ਬਗ਼ੈਰ ਕੋਈ ਮੁਕੱਦਮਾ ਚਲਾਏ ਨਜ਼ਰਬੰਦ ਰੱਖੇ ਹੋਏ ਹਨ। ਪਿਛਲੇ ਹਫਤੇ ਨੰਦੇੜ (ਮਹਾਂਰਾਸ਼ਟਰਾ) ਦੇ ਮੁਹੰਮਦ ਇਲਿਆਸ ਤੇ ਮੁਹੰਮਦ ਇਰਫਾਨ,

ਆਪਣੀ ਜਵਾਨੀ ਦੇ 9 ਸਾਲ ਯੂਏਪੀਏ ਅਧੀਨ ਜੇਲ੍ਹ ਵਿਚ ਗੁਜ਼ਾਰਨ ਬਾਅਦ ਰਿਹਾ ਹੋ ਕੇ ਆਪਣੇ ਘਰ ਪਹੁੰਚੇ। ਯੂ.ਪੀ ਦਾ ਹਬੀਬ ਮੁਹੰਮਦ ਬਗ਼ੈਰ ਕਿਸੇ ਕਸੂਰ ਤੋਂ ਪੰਜ ਸਾਲ ਬੰਗਲੌਰ ਦੀ ਜੇਲ੍ਹ ਵਿਚ ਬੰਦ ਰਹਿਣ ਬਾਅਦ ਇਸੇ ਮਹੀਨੇ ਰਿਹਾ ਹੋਇਆ। ਆਸਾਮੀ ਕਾਰਕੁੰਨ ਅਖਿਲ ਗੋਗੋਈ ਵਿਰੁੱਧ ਯੂਏਪੀਏ ਕੁੱਝ ਸਾਬਤ ਨਹੀਂ ਕਰ ਪਾਇਆ। ਮਹਿਜ਼ 2 ਫੀਸਦੀ ਦੀ ਸਜ਼ਾ-ਦਰ ਵਾਲੇ ਇਸ ਕਾਨੂੰਨ ਨੂੰ ਧੜਾਧੜ ਵਰਤਿਆ ਜਾ ਰਿਹਾ ਹੈ ਤਾਂ ਜੁ ਸਿਆਸੀ ਵਿਰੋਧੀਆਂ ਨੂੰ ਅਦਾਲਤੀ ਫੈਸਲੇ ਤੋਂ ਬਗ਼ੈਰ ਹੀ 'ਸਜ਼ਾ' ਦਿੱਤੀ ਜਾ ਸਕੇ। ਭੀਮਾ ਕੋਰੇਗਾਉਂ ਕੇਸ 'ਚ ਨਜ਼ਰਬੰਦ ਬੁੱਧੀਜੀਵੀਆਂ ਦੇ ਕੇਸ ਤੋਂ ਤਾਂ ਸਭ ਜਾਣੂ ਹੀ ਹਨ।

ਨੈਸ਼ਨਲ ਕਰਾਈਮ ਰਿਕਾਰਡਸ ਬਿਊਰੋ ਦੇ ਅੰਕੜਿਆਂ ਅਨੁਸਾਰ ਭਾਰਤ ਦੇ ਕੁੱਲ ਕੈਦੀਆਂ ਦਾ 53% ਹਿੱਸਾ ਮੁਸਲਿਮ, ਦਲਿਤ ਤੇ ਆਦਿਵਾਸੀ ਵਰਗਾਂ ਨਾਲ ਸਬੰਧਤ ਹੈ ਜਦ ਕਿ ਕੁੱਲ ਆਬਾਦੀ 'ਚ ਇਨ੍ਹਾਂ ਵਰਗਾਂ ਦਾ ਹਿੱਸਾ ਸਿਰਫ 39% ਹੈ। ਕੁੱਲ ਆਬਾਦੀ 'ਚ 14% ਹਿੱਸਾ ਰੱਖਣ ਵਾਲੇ ਮੁਸਲਿਮਾਂ ਦੇ ਕੈਦੀਆਂ ਦਾ ਹਿੱਸਾ 20% ਹੈ ਅਤੇ 17% ਆਬਾਦੀ ਵਾਲਾ ਦਲਿਤ ਵਰਗ ਦਾ ਕੁੱਲ ਕੈਦੀਆਂ ਵਿਚ 22% ਹਿੱਸਾ ਹੈ। ਇਹ ਗੱਲ ਨਹੀਂ ਕਿ ਇਹ ਵਰਗ ਵਧੇਰੇ ਕਰਾਈਮ ਕਰਦੇ ਹਨ। ਕਾਰਨ ਇਹ ਹਨ ਕਿ ਇਹ ਗਰੀਬ ਹਨ, ਕੇਸ ਲੜਨ ਦੀ ਹਾਲਤ 'ਚ ਨਹੀਂ ਹਨ ਅਤੇ ਸਭ ਤੋਂ ਅਹਿਮ ਤਫਤੀਸ਼ੀ ਏਜੰਸੀਆਂ ਤੇ ਅਦਾਲਤਾਂ ਦਾ ਇਨ੍ਹਾਂ ਵਰਗਾਂ ਪ੍ਰਤੀ ਰਵੱਈਆ ਪੱਖਪਾਤੀ ਤੇ ਵਿਤਕਰੇਪੂਰਨ ਹੈ। ਪਾਰਲੀਮੈਂਟ 'ਚ ਪੇਸ਼ ਕੀਤੀ ਇਕ ਰਿਪੋਰਟ ਅਨੁਸਾਰ 31 ਦਸੰਬਰ 2019 ਨੂੰ ਭਾਰਤੀ ਜੇਲ੍ਹਾਂ ਵਿਚ ਬੰਦ 4.79 ਲੱਖ ਕੈਦੀਆਂ ਚੋਂ 3.15 ਲੱਖ ਯਾਨੀ ਤਕਰੀਬਨ ਦੋ ਤਿਹਾਈ ਕੈਦੀ ਅਨੁਸੂਚਿਤ ਜਾਤੀਆਂ ਤੇ ਦੂਸਰੀਆਂ ਪੱਛੜੀਆਂ ਜਾਤਾਂ ਨਾਲ ਸਬੰਧਿਤ ਸਨ।

**ਹਿੰਦੂਤਵੀ ਤੇ ਸਰਕਾਰ-ਪੱਖੀ ਤੱਤਾਂ ਉਪਰ ਖਾਸ ਮਿਹਰਬਾਨੀ :** ਭਾਰਤੀ ਨਿਆਂਤੰਤਰ ਪ੍ਰਣਾਲੀ ਨੂੰ ਹਿੰਦੂਤਵੀ ਤੇ ਸਰਕਾਰ ਪੱਖੀ ਲੋਕਾਂ ਦਾ ਕੋਈ ਵੀ ਜੁਰਮ ਨਜ਼ਰ ਨਹੀਂ ਆਉਂਦਾ। 5 ਜਨਵਰੀ 2020 ਨੂੰ ਏ.ਬੀਵੀਪੀ ਦੇ 50 ਦੇ ਕਰੀਬ ਨਕਾਬਪੋਸ਼ ਗੁੰਡੇ ਸੀਸੀਟੀਵੀ ਕੈਮਰਿਆਂ ਦੀ ਅੱਖ ਹੇਠ ਸ਼ਰੇਆਮ ਜੇਐਨਯੂ ਕੈਂਪਸ ਵਿਚ ਦਾਖਲ ਹੁੰਦੇ ਹਨ, 25 ਦੇ ਕਰੀਬ ਵਿਦਿਆਰਥੀਆਂ ਤੇ 5 ਅਧਿਆਪਕਾਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰਦੇ ਹਨ, ਜੇਐਨਯੂ ਸਟੂਡੈਂਟ ਯੂਨੀਅਨ ਦੀ ਪ੍ਰਧਾਨ ਆਇਸ਼ਾ ਘੋਸ਼ ਦਾ ਸਿਰ ਪਾੜ ਦਿੰਦੇ ਹਨ ਪਰ ਸਦਕੇ ਜਾਈਏ ਸਾਡੀਆਂ ਏਜੰਸੀਆਂ ਤੇ ਅਦਾਲਤਾਂ ਦੇ; ਕਿਸੇ ਨੂੰ ਕੁਸ਼ ਨਹੀਂ ਦਿਸਦਾ ਤੇ ਕੋਈ ਕਾਰਵਾਈ ਨਹੀਂ ਹੁੰਦੀ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਸ਼ਰੇਆਮ 'ਗੋਲੀ ਮਾਰੋ' ਦੇ ਨਾਹਰੇ ਲਾਉਂਦਾ ਹੈ; ਬੀਜੇਪੀ ਨੇਤਾ ਪਰਵੇਸ਼ ਵਰਮਾ ਸ਼ਾਹੀਨ ਬਾਗ ਦੀਆਂ ਬੀਬੀਆਂ ਵਿਰੁੱਧ ਜ਼ਹਿਰ ਉਗਲਦਾ ਹੈ; ਕਪਿਲ ਮਿਸ਼ਰਾ ਡੀਜੀਪੀ ਦੀ ਹਾਜ਼ਰੀ 'ਚ ਵਿਕ ਵਰਗ ਵਿਸ਼ੇਸ਼ ਨੂੰ ਧਮਕੀਆਂ ਦਿੰਦਾ ਹੈ; ਕਿਸੇ ਨੂੰ ਕੁੱਝ ਨਹੀਂ ਦਿਸਦਾ। ਇਨ੍ਹਾਂ ਵਿਰੁੱਧ ਕੇਸ ਦਰਜ ਕਰਨ ਦੀ ਹਿਦਾਇਤ ਦੇਣ ਵਾਲੇ ਜੱਜ ਐਸ. ਮੁਰਲੀਧਰਨ ਨੂੰ ਹੀ ਰਾਤੋ-ਰਾਤ ਬਦਲ ਦਿਤਾ ਜਾਂਦਾ ਹੈ। ਦਿੱਲੀ ਕਤਲੇਆਮ ਦੇ ਅਸਲੀ ਦੋਸ਼ੀਆਂ ਦੀ ਥਾਂ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲੇ ਵਿਦਿਆਂਰਥੀਆਂ ਤੇ ਕਾਰਕੁਨਾਂ ਨੂੰ ਹੀ ਜੇਲ੍ਹੀਂ ਡੱਕ ਦਿਤਾ ਜਾਂਦਾ ਹੈ। ਅੱਤਵਾਦ ਦੇ ਠੋਸ ਦੋਸ਼ਾਂ ਹੇਠ ਨਜ਼ਰਬੰਦ ਪ੍ਰਤਿਗਿਆ ਠਾਕੁਰ ਕੇਂਦਰ 'ਚ ਸਰਕਾਰ ਬਦਲਣ ਸਾਰ ਬਾਹਰ ਆ ਕੇ ਐਮ.ਪੀ ਬਣ ਜਾਂਦੀ ਹੈ ।

ਕੋਈ ਵੀ ਨਿਆਂਤੰਤਰ ਪ੍ਰਣਾਲੀ ਮਹਿਜ਼ ਰਾਜ ਦੇ ਜਬਰ 'ਤੇ ਪਰਦਾਪੋਸ਼ੀ ਪਾਉਣ ਅਤੇ ਨਿਆਂ ਦਾ ਭਰਮ ਸਿਰਜਣ ਦਾ ਕੰਮ ਕਰਦੀ ਹੈ। ਪਰ ਭਾਰਤੀ ਨਿਆਂਤੰਤਰ ਹੁਣ ਇਸ ਭਰਮ ਨੂੰ ਬਣਾਈ ਰੱਖਣ ਦੀ ਵੀ ਜਰੂਰਤ ਨਹੀਂ ਸਮਝਦਾ ਅਤੇ ਲੋਕ-ਮਾਰੂ ਨਤੀਆਂ ਲਾਗੂ ਕਰਨ ਵਿਚ ਨੰਗੇ ਚਿਟੇ ਰੂਪ ਵਿਚ ਸਰਕਾਰ ਦੀ ਪਿੱਠ 'ਤੇ ਆਣ ਖਲੋਤਾ ਹੈ। ਲੋਕਾਂ ਦਾ ਵਿਸ਼ਾਲ ਏਕਾ ਤੇ ਲਾਮਬੰਦੀ ਹੀ ਇਸ ਰੁਝਾਨ ਨੂੰ ਠੱਲ੍ਹ ਪਾ ਸਕਦੇ ਹਨ।

# ਪੰਜਾਬ ਦੀਆਂ ਸਰਕਾਰੀ ਚੋਣਾਂ ਤੇ ਕਿਸਾਨ ਸੰਘਰਸ਼



ਪਾਵੇਲ ਕੁੱਸਾ
62807-22965

ਪੰਜਾਬ ਅਸੈਂਬਲੀ ਚੋਣਾਂ ਤੇ ਕਿਸਾਨ ਸੰਘਰਸ਼ ਦੇ ਆਪਸੀ ਰਿਸ਼ਤੇ ਦੀ ਚਰਚਾ ਭਖੀ ਹੋਈ ਹੈ। ਇਸ ਵਾਰ ਦੀਆਂ ਚੋਣਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਬੇਹੱਦ ਭਖਵੇਂ ਸਿਆਸੀ ਮਾਹੌਲ ਦਰਮਿਆਨ ਹੋਣ ਜਾ ਰਹੀਆਂ ਹਨ ਜਿਸ ਮਾਹੌਲ ਨੂੰ ਬਣਾਉਣ ਵਿਚ ਕਿਸਾਨ ਸੰਘਰਸ਼ ਦਾ ਵਿਸ਼ੇਸ਼ ਰੋਲ ਹੈ। ਪਾਰਟੀਆਂ ਦੀਆਂ ਚੋਣ ਮੁਹਿੰਮਾਂ ਚੱਲ ਰਹੇ ਕਿਸਾਨ ਸੰਘਰਸ਼ ਦੇ ਦਰਮਿਆਨ ਸ਼ੁਰੂ ਹੋ ਰਹੀਆਂ ਹਨ। ਪੰਜਾਬ ਅੰਦਰ ਸਾਰਥਿਕ ਲੋਕਪੱਖੀ ਤਬਦੀਲੀ ਦੀ ਉਮੀਦ ਰੱਖਦੇ ਹਿੱਸਿਆਂ ਵੱਲੋਂ ਅਜਿਹੀ ਤਬਦੀਲੀ ਲਈ ਕਿਸਾਨ ਸੰਘਰਸ਼ ਤੇ ਇਸ ਦੀ ਲੀਡਰਸ਼ਿਪ ਵੱਲ ਆਸ ਭਰੀਆਂ ਨਜ਼ਰਾਂ ਨਾਲ ਤੱਕਿਆ ਜਾ ਰਿਹਾ ਹੈ।

ਇਹ ਉਮੀਦਾਂ ਆਪਣੇ ਆਪ 'ਚ ਇਸ ਹਕੀਕਤ ਦਾ ਜ਼ੋਰਦਾਰ ਪ੍ਰਗਟਾਵਾ ਹਨ ਕਿ ਪੰਜਾਬ ਅੰਦਰ ਅਜਿਹੀ ਲੋਕ ਪੱਖੀ ਤਬਦੀਲੀ ਦੀ ਤਾਂਘ ਕਿੰਨੀ ਜ਼ੋਰਦਾਰ ਹੈ। ਸਾਰੀਆਂ ਰਵਾਇਤੀ ਹਾਕਮ ਪਾਰਟੀਆਂ ਤੇ ਸਿਆਸਤਦਾਨ ਲੋਕਾਂ 'ਚ ਆਪਣੀ ਪੜ੍ਹਤ ਗੁਆ ਚੁੱਕੇ ਹਨ। ਇਨ੍ਹਾਂ ਪਾਰਟੀਆਂ ਤੇ ਸਿਆਸਤਦਾਨਾਂ ਕੋਲ ਅਜਿਹਾ ਕੋਈ ਬਦਲਵਾਂ ਪ੍ਰੋਗਰਾਮ ਤੇ ਨਾਅਰਾ ਨਹੀਂ ਹੈ ਜੋ ਲੋਕਾਂ ਦੇ ਮਨਾਂ ਨੂੰ ਭਾਉਂਦਾ ਹੋਵੇ ਤੇ ਇਹ ਆਸ ਬਣਾਉਂਦਾ ਹੋਵੇ ਕਿ ਇਨ੍ਹਾਂ ਰਾਹੀਂ ਉਨ੍ਹਾਂ ਦੀ ਜ਼ਿੰਦਗੀ 'ਚ ਕੋਈ ਚੰਗੀ ਤਬਦੀਲੀ ਵਾਪਰ ਸਕਦੀ ਹੈ। ਪੰਜਾਬ ਦੇ ਲੋਕਾਂ ਸਾਹਮਣੇ ਬਹੁਤ ਵੱਡੇ ਮਸਲੇ ਮੂੰਹ ਅੱਡੀ ਖੜ੍ਹੇ ਹਨ ਪਰ ਉਨ੍ਹਾਂ ਦੇ ਹੱਲ ਲਈ ਲੋੜੀਂਦੀ ਤਬਦੀਲੀ ਪੱਖੋਂ ਖਲਾਅ ਦੀ ਹਾਲਤ ਹੈ। ਅਜੇ ਕੋਈ ਲੋਕ ਪੱਖੀ ਸਿਆਸੀ ਸ਼ਕਤੀ ਇਸ ਖਲਾਅ ਨੂੰ ਭਰਨ ਦੀ ਹਾਲਤ 'ਚ ਨਹੀਂ ਦਿਖਾਈ ਦੇ ਰਹੀ। ਲੋਕਾਂ ਕੋਲ ਨਾ ਕੋਈ ਬਦਲਵਾਂ ਸਿਆਸੀ ਪ੍ਰੋਗਰਾਮ ਹੈ ਨਾ ਬਦਲਵੀਂ ਸਿਆਸੀ ਲੀਡਰਸ਼ਿਪ ਉੱਭਰੀ ਹੋਈ ਹੈ। ਹਾਲਾਂਕਿ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਦਾ ਨਾ ਕੋਈ ਸਿਆਸੀ ਪ੍ਰੋਗਰਾਮ ਹੈ ਨਾ ਅਜਿਹਾ ਕੋਈ ਏਜੰਡਾ ਹੈ ਪਰ ਕਿਸਾਨ ਸੰਘਰਸ਼ ਰਾਹੀਂ ਉੱਭਰੀ ਕਿਸਾਨ ਜਥੇਬੰਦੀਆਂ ਦੀ ਲੀਡਰਸ਼ਿਪ ਤੋਂ ਅਜਿਹੀਆਂ ਉਮੀਦਾਂ ਲਗਾਈਆਂ ਜਾ ਰਹੀਆਂ ਹਨ। ਇਸ ਖਲਾਅ ਦਾ ਲਾਹਾ ਲੈਣ ਲਈ ਵੀ ਤਰ੍ਹਾਂ ਤਰ੍ਹਾਂ ਦੀਆਂ ਸ਼ਕਤੀਆਂ ਸਰਗਰਮ ਹਨ। ਕਿਸਾਨ ਸੰਘਰਸ਼ ਦੇ ਦੌਰਾਨ ਹੀ ਪੰਜਾਬ ਦੀ ਹੋਂਦ ਦੇ ਸੰਕਟ ਦੇ ਬਿਰਤਾਂਤ ਨੂੰ ਵਿਸ਼ੇਸ਼ ਕਰਕੇ ਉਭਾਰਿਆ ਗਿਆ ਹੈ। ਅਜਿਹਾ ਨਾਅਰਾ ਲਾਉਣ ਵਾਲਿਆਂ ਦੇ ਆਪਣੇ ਮੰਤਵ ਚਾਹੇ ਜੋ ਵੀ ਹੋਣ ਪਰ ਇਸ ਨਾਅਰੇ ਦੀ ਚੋਣ ਵੀ ਇਹ ਦੱਸਦੀ ਹੈ ਕਿ ਲੋਕਾਂ ਅੰਦਰ ਹਾਕਮ ਪਾਰਟੀਆਂ ਦੇ ਰਵਾਇਤੀ ਨਾਅਰਿਆ ਜਾਂ ਰਿਆਇਤਾਂ ਦੀ ਥਾਂ ਵੱਡੀ ਤਬਦੀਲੀ ਦੀ ਤਾਂਘ ਘਰ ਕਰ ਰਹੀ ਹੈ। ਇਹ ਤਾਂਘ ਪਿਛਲੇ ਕਈ ਵਰ੍ਹਿਆਂ ਤੋਂ ਪੰਜਾਬ ਅੰਦਰ ਪਨਪਦੀ ਦੇਖੀ ਜਾ ਸਕਦੀ ਹੈ ਤੇ ਖਰੇ ਲੋਕ ਪੱਖੀ ਬਦਲ ਦੀ ਤੇਜ਼ ਹੋਈ ਤਲਾਸ਼ ਦੇ ਝਲਕਾਰੇ ਸੂਬੇ ਦੇ ਸਿਆਸੀ ਦ੍ਰਿਸ਼ ਅੰਦਰ ਦਿਖਦੇ ਆ ਰਹੇ ਹਨ। ਕੁਝ ਵਰ੍ਹੇ ਪਹਿਲਾਂ ਆਮ ਆਦਮੀ ਪਾਰਟੀ ਨੂੰ ਮਿਲਿਆ ਹੁੰਗਾਰਾ ਵੀ ਇਸੇ ਤਾਂਘ ਦਾ ਸੂਚਕ ਸੀ। ਖੇਤੀ ਕਨੂੰਨਾਂ ਖਿਲਾਫ ਸੂਬੇ 'ਚੋਂ ਉੱਠਿਆ ਅੰਦੋਲਨ ਵੀ ਇਸੇ ਵਧ ਰਹੀ ਚੇਤਨਾ ਦਾ ਹੀ ਇਕ ਪ੍ਰਗਟਾਵਾ ਹੈ ਜਿਸ ਨੇ ਇਕ ਵਰਤਾਰੇ ਵਜੋਂ ਮੋੜਵੇਂ ਰੂਪ 'ਚ ਇਸੇ ਚੇਤਨਾ ਨੂੰ ਹੋਰ ਡੂੰਘੀ ਕਰਨ ਤੇ ਪਸਾਰ ਦੇਣ ਦਾ ਰੋਲ ਨਿਭਾਇਆ ਹੈ। ਆਪਣੇ ਬਹੁਤ ਸਾਰੇ ਅਜਿਹੇ ਅਹਿਮ ਹਾਂਦਰੂ ਲੱਛਣਾਂ ਕਾਰਨ ਕਿਸਾਨ



ਸੰਘਰਸ਼ ਨੇ ਅਜਿਹੀਆਂ ਵੱਡੀਆਂ ਆਸਾਂ ਵੀ ਜਗਾਈਆਂ ਹਨ।

ਜਿੱਥੋਂ ਤਕ ਪੰਜਾਬ ਅੰਦਰ ਲੋਕ ਪੱਖੀ ਸਿਆਸੀ ਤਬਦੀਲੀ ਦੇ ਅਰਥਾਂ ਦਾ ਸਵਾਲ ਹੈ ਤਾਂ ਅਹਿਮ ਨੁਕਤਾ ਇਹ ਹੈ ਕਿ ਸੂਬੇ ਦੇ ਆਰਥਿਕ ਤੇ ਸਿਆਸੀ ਢਾਂਚੇ ਅੰਦਰ ਵੱਡੀਆਂ ਇਨਕਲਾਬੀ ਤਬਦੀਲੀਆਂ ਤੋਂ ਬਿਨਾਂ ਲੋਕਾਂ ਦਾ ਕੁਝ ਸੰਵਰਨਾ ਸੰਭਵ ਨਹੀਂ। ਇਸ ਦਾ ਭਾਵ ਇਹ ਹੈ ਕਿ ਕਾਰਪੋਰੇਟਾਂ, ਜਗੀਰਦਾਰਾਂ ਤੇ ਵੱਡੇ ਧਨਾਢਾਂ ਦੀ ਸੇਵਾ ਵਾਲੇ ਇਸ ਅਖੌਤੀ ਵਿਕਾਸ ਮਾਡਲ ਨੂੰ ਰੱਦ ਕਰਦਿਆਂ ਹਕੀਕੀ ਲੋਕ ਪੱਖੀ ਵਿਕਾਸ ਮਾਡਲ ਨੂੰ ਲਾਗੂ ਕਰਨ ਦੀ ਜ਼ਰੂਰਤ ਹੈ। ਇਹ ਵਿਕਾਸ ਮਾਡਲ ਸਥਾਨਕ ਕੁਦਰਤੀ ਵਸੀਲਿਆਂ ਦੇ ਅਨੁਸਾਰੀ ਤੇ ਕਿਰਤੀ ਲੋਕਾਂ ਦੀਆਂ ਲੋੜਾਂ ਅਨਸਾਰੀ ਹੋਣਾ ਚਾਹੀਦਾ ਹੈ। ਇਸ ਲਈ ਸਾਮਰਾਜੀ ਲੁੱਟ ਖਸੁੱਟ ਦਾ ਖ਼ਾਤਮਾ ਇਸ ਦੀ ਪਹਿਲੀ ਸ਼ਰਤ ਬਣਦੀ ਹੈ ਭਾਵ ਸਾਮਰਾਜੀ ਸੰਸਾਰੀਕਰਨ ਦੀਆਂ ਨਵ ਉਦਾਰਵਾਦੀ ਨੀਤੀਆਂ ਨੂੰ ਰੱਦ ਕਰਨ ਦੀ ਜਰੂਰਤ ਹੈ ਜਿਸ ਦੇ ਅੰਗ ਵਜੋਂ ਹੀ ਖੇਤੀ ਸੰਕਟ ਹੱਲ ਹੋ ਸਕਦਾ ਹੈ। ਕਿਰਤੀ ਲੋਕਾਂ ਦੀ ਕਈ ਪਾਸਿਆਂ ਤੋਂ ਹੋ ਰਹੀ ਲੁੱਟ ਨੂੰ ਰੋਕਾਂ ਲਾਉਣ ਦੇ ਲਈ ਫੌਰੀ ਤੌਰ 'ਤੇ ਇਨਕਲਾਬੀ ਜ਼ਮੀਨੀ ਸੁਧਾਰ ਕਰਨ, ਸਵੈ ਨਿਰਭਰ ਸਨਅਤੀ ਵਿਕਾਸ ਦਾ ਮਾਡਲ ਅਪਨਾਉਣ ਤੇ ਹਰ ਖੇਤਰ ਅੰਦਰ ਸਰਕਾਰ ਦੀ ਭੂਮਿਕਾ ਨੂੰ ਲੋਕਾਂ ਦੇ ਹਿੱਤਾਂ 'ਚ ਤੈਅ ਕਰਨ ਵਰਗੇ ਵੱਡੇ ਕਦਮ ਚੁੱਕਣ ਦੀ ਜ਼ਰੂਰਤ ਹੈ।

ਪਰ ਸਵਾਲ ਇਹ ਹੈ ਕਿ ਕੀ ਅੱਜ ਖੇਤੀ ਕਨੂੰਨਾਂ ਖਿਲਾਫ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਤੋਂ ਅਜਿਹੀ ਸਿਆਸੀ ਲੀਡਰਸ਼ਿਪ ਦੀ ਭੂਮਿਕਾ ਦੀ ਤਵੱਕੋ ਕੀਤੀ ਜਾਣੀ ਚਾਹੀਦੀ ਹੈ। ਅਜਿਹੀ ਤਵੱਕੋਂ ਦੀ ਭਾਵਨਾ ਜਿੰਨੀ ਵੀ ਸੱਚੀ ਸੁੱਚੀ ਹੋਵੇ ਤੇ ਵੇਲੇ ਦੀ ਸਿਰ ਖੜ੍ਹੀ ਲੋੜ ਦੇ ਅਨਸਾਰੀ ਵੀ ਹੋਵੇ ਪਰ ਅਜਿਹਾ ਸੋਚਣਾ ਜਮੀਨੀ ਹਕੀਕਤ ਦੇ ਅਨੁਸਾਰੀ ਨਹੀਂ ਹੋਵੇਗਾ। ਇਹ ਸੀਮਤ ਆਰਥਿਕ ਮੰਗਾਂ 'ਤੇ ਉੱਭਰੇ ਸੰਘਰਸ਼ ਦੀ ਲੀਡਰਸ਼ਿਪ ਤੋਂ ਇਕ ਬੇਮੇਚੀ ਭੂਮਿਕਾ ਅਦਾ ਕਰਨ ਦੀ ਅਜਿਹੀ ਆਸ ਫੌਰੀ ਸੰਘਰਸ਼ ਦੇ ਹਿੱਤ ਵਿੱਚ ਨਹੀਂ ਹੋਵੇਗੀ। ਦੂਜਾ ਅਹਿਮ ਸਵਾਲ ਇਹ ਹੈ ਕਿ ਕੀ ਅਜਿਹੀ ਤਬਦੀਲੀ ਲਈ ਵੋਟ ਸਿਆਸਤ ਜਰੀਆ ਹੋ ਸਕਦੀ ਹੈ। ਉਂਝ ਵੀ ਸਾਡੇ ਮੁਲਕ ਅੰਦਰ ਵੋਟ ਸਿਆਸਤ ਤਾਂ ਇੱਕ ਬਹੁਤ ਵੱਡੀ ਖੇਡ ਵਿੱਚ ਤਬਦੀਲ ਹੋ ਚੁੱਕੀ ਹੈ ਜੀਹਦੇ ਅੰਦਰ ਸਥਾਨਕ ਜਗੀਰਦਾਰਾਂ ਤੋਂ ਲੈ ਕੇ ਸੰਸਾਰ ਦੀਆਂ ਧੜਵੈਲ ਕਾਰਪੋਰੇਟ ਕੰਪਨੀਆਂ ਦੇ ਮਾਲਕ ਤੱਕ ਸਿੱਧੇ ਤੌਰ 'ਤੇ ਜੁੜੇ ਹੁੰਦੇ ਹਨ। ਜੀਹਦੇ ਵਿੱਚੋਂ ਲੋਕ ਮੁੱਦਿਆਂ ਦਾ ਸਥਾਨ ਮਨਫੀ ਕੀਤਾ ਜਾ ਚੁੱਕਿਆ ਹੈ। ਇਸ ਵੋਟ ਸਿਆਸਤੀ ਅਮਲ ਦੀ ਸਾਰਥਿਕਤਾ 'ਤੇ ਲੋਕਾਂ ਅੰਦਰ ਪਹਿਲਾਂ ਹੀ ਸਵਾਲੀਆ ਨਿਸ਼ਾਨ ਲੱਗ ਚੁੱਕਿਆ ਹੈ। ਲੋਕਾਂ ਦੇ ਚੁਣੇ ਨੁਮਾਇੰਦਿਆਂ ਦੀ ਵੁੱਕਤ ਪਹਿਲਾਂ ਹੀ ਨਿਗੂਣੀ ਸਾਬਤ ਹੁੰਦੀ ਆ ਰਹੀ ਹੈ। ਇਹ ਹਕੀਕਤ ਏਨੀ ਮੂੰਹ ਜ਼ੋਰ ਹੈ ਕਿ ਜਿੰਨ੍ਹਾਂ ਸੰਸਾਰ ਸਾਮਰਾਜੀ ਸੰਸਥਾਵਾਂ (ਡਬਲਯੂ ਟੀ ਓ, ਆਈ ਐੱਮ ਐੱਫ ਤੇ ਸੰਸਾਰ ਬੈਂਕ) ਦੇ ਜ਼ੋਰ 'ਤੇ ਇਹ ਨਵੇਂ ਖੇਤੀ ਕਾਨੂੰਨ ਲਿਆਂਦੇ ਗਏ ਹਨ, ਉਨ੍ਹਾਂ ਸੰਸਥਾਵਾਂ ਨਾਲ ਸਮਝੌਤੇ ਸਹੀਬੰਦ ਕਰਨ ਵੇਲੇ ਪਾਰਲੀਮੈਂਟ ਮੈਂਬਰਾਂ ਨੂੰ ਪੁੱਛਿਆ ਤਕ ਵੀ ਨਹੀਂ ਸੀ ਗਿਆ। ਦੇਸ਼ ਦਾ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਆਪ ਹੀ ਕਰ ਆਏ ਸਨ। ਅਜਿਹੇ ਹਾਲਾਤਾਂ ਅੰਦਰ ਵੋਟਾਂ ਰਾਹੀਂ ਕਿਸੇ ਸਾਰਥਿਕ ਤਬਦੀਲੀ ਦੀ ਉਮੀਦ ਕਿਵੇਂ ਰੱਖੀ ਜਾ ਸਕਦੀ ਹੈ।

ਕਿਸਾਨ ਸੰਘਰਸ਼ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਨੂੰ ਸੂਬੇ ਦੀ ਵੋਟ ਸਿਆਸਤ ਦੇ ਉਲਝਾ ਤੋਂ ਬਚਣਾ ਚਾਹੀਦਾ ਹੈ। ਇਸ ਸੰਘਰਸ਼ ਦੀ ਇੱਕ ਅਹਿਮ ਤਕੜਾਈ ਇਸ ਦੇ ਮੰਚਾਂ ਤੋਂ ਸਿਆਸੀ ਪਾਰਟੀਆਂ ਨੂੰ ਦੂਰ ਰੱਖਣਾ ਵੀ ਹੈ। ਇਸ ਸੰਘਰਸ਼ ਵਿੱਚ ਵੱਖ ਵੱਖ ਸਿਆਸੀ ਵਿਚਾਰਾਂ ਵਾਲੇ ਲੋਕ ਹਨ। ਉਹ ਕਿਸਾਨੀ ਜੋ ਪਿੰਡ ਦੇ ਅੰਦਰ ਧੜਿਆਂ ਦੀਆਂ ਡੂੰਘੀਆਂ ਲਕੀਰਾਂ ਚ ਵੰਡੀ ਪਈ ਹੈ ਅੱਜ ਇਸੇ ਕਰਕੇ ਇਕਜੁੱਟ ਦਿਖਾਈ ਦੇ ਰਹੀ ਹੈ ਕਿਉਂਕਿ ਸਿਆਸੀ ਪਾਰਟੀਆਂ ਨੂੰ ਇਸ ਸੰਘਰਸ਼ ਵਿਚ ਘੁਸਪੈਠ ਕਰਨ ਦਾ ਮੌਕਾ ਨਹੀਂ ਦਿੱਤਾ ਗਿਆ। ਸੰਘਰਸ਼ ਦੇ ਕਿਰਦਾਰ ਦਾ ਇਹ ਲੱਛਣ ਲੋਕਾਂ ਲਈ ਵਿਸ਼ੇਸ਼ ਕਰਕੇ ਖਿੱਚ ਪਾਊ ਬਣਿਆ ਹੈ। ਮੌਜੂਦਾ ਕਿਸਾਨ ਸੰਘਰਸ਼ ਦੇ ਅੰਗ ਸੰਗ ਵਿਚਰਦਿਆਂ ਇਹ ਦੇਖਿਆ ਜਾ ਸਕਦਾ ਹੈ ਕਿ ਇਹ ਪਹੁੰਚ ਕਿੰਨੀ ਅਸਰਦਾਰ ਹੈ। ਇਸ ਤੋਂ ਵੀ ਅੱਗੇ ਪਿਛਲੇ ਦੋ ਦਹਾਕਿਆਂ ਦੌਰਾਨ ਪੰਜਾਬ ਅੰਦਰ ਲੜੇ ਗਏ ਵੱਡੇ ਲੋਕ ਸੰਘਰਸ਼ਾਂ ਦੀ ਕਾਮਯਾਬੀ 'ਚ ਇਸ ਨੀਤੀ ਦਾ ਮਹੱਤਵਪੂਰਨ ਰੋਲ ਹੈ। ਆਪਸ ਵਿੱਚ ਗੰਭੀਰ ਵਖਰੇਵਿਆਂ ਵਾਲੀਆਂ ਕਿਸਾਨ ਜਥੇਬੰਦੀਆਂ ਦੀ ਸੰਘਰਸ਼ ਅੰਦਰ ਸਾਂਝ ਦਾ ਆਧਾਰ ਸਿਰਫ ਫੌਰੀ ਮੰਗਾਂ ਹਨ, ਇੱਥੋਂ ਤੱਕ ਕੇ ਕਿਸਾਨ ਤਬਕੇ ਦੀਆਂ ਸਮੁੱਚੀਆਂ ਮੰਗਾਂ ਬਾਰੇ ਤੇ ਖੇਤੀ ਸੰਕਟ ਦੇ ਸਮੁੱਚੇ ਹੱਲ ਦੇ ਮੁੱਦਿਆਂ ਬਾਰੇ ਵੀ ਗੰਭੀਰ ਵਖਰੇਵੇਂ ਮੌਜੂਦ ਹਨ ਜਦਕਿ ਸਮੁੱਚੇ ਸਿਆਸੀ ਪ੍ਰੋਗਰਾਮ 'ਤੇ ਸਹਿਮਤੀ ਤਾਂ ਅਜੇ ਦੂਰ ਦੀ ਕੌਡੀ ਹੈ। ਇਸ ਮੌਕੇ ਅਜਿਹੀ ਸਾਂਝ ਦੀ ਚਰਚਾ ਗੰਭੀਰ ਵਖਰੇਵਿਆਂ ਨੂੰ ਉਘਾੜਨ ਤੇ ਸੰਘਰਸ਼ ਦਾ ਹਰਜਾ ਦਾ ਕਾਰਨ ਹੀ ਬਣੇਗੀ। ਮੌਜੂਦਾ ਵੋਟ ਸਿਆਸਤ ਆਪਣੇ ਆਪ ਵਿੱਚ ਹੀ ਲੋਕਾਂ ਦੀ ਭਾਈਚਾਰਕ ਸਾਂਝ ਤੇ ਜਮਾਤੀ ਏਕਤਾ ਨੂੰ ਚੀਰਾ ਦੇਣ ਦਾ ਰੋਲ ਅਦਾ ਕਰ ਰਹੀ ਹੈ। ਇਸ ਲਈ ਇਸ ਸਿਆਸਤ ਤੋਂ ਲੋਕਾਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਤੇ ਸੰਘਰਸ਼ਾਂ ਦੀ ਰਾਖੀ ਕਰਨੀ ਜਰੂਰੀ ਹੈ। ਇਹ ਰਾਖੀ ਕਿਸਾਨ ਸੰਘਰਸ਼ ਤੇ ਇਸ ਦੀ ਲੀਡਰਸ਼ਿਪ ਦਾ ਪਹਿਲਾ ਸਰੋਕਾਰ ਹੋਣਾ ਚਾਹੀਦਾ ਹੈ।

ਵੋਟ ਸਿਆਸਤ ਵਿੱਚ ਸ਼ਮੂਲੀਅਤ ਤੋਂ ਬਿਨਾਂ ਹੀ ਕਿਸਾਨ ਸੰਘਰਸ਼ ਵੱਲੋਂ ਲੋਕਾਂ 'ਚ ਸਿਆਸੀ ਜਾਗ੍ਰਿਤੀ ਲਿਆਉਣ ਦੇ ਨਿਭਾਏ ਜਾ ਰਹੇ ਰੋਲ ਨੂੰ ਵੀ ਦੇਖਿਆ ਜਾਣਾ ਚਾਹੀਦਾ ਹੈ। ਇਸ ਸੰਘਰਸ਼ ਨੇ ਮੋਦੀ ਸਰਕਾਰ ਦੇ ਫਿਰਕੂ ਫਾਸ਼ੀ ਏਜੰਡੇ ਮੂਹਰੇ ਅੜਿੱਕਾ ਡਾਹਿਆ ਹੈ, ਸਮਾਜ ਅੰਦਰ ਸੌੜੇ ਸਿਆਸੀ ਮੰਤਵਾਂ ਲਈ ਪਾਈਆਂ ਫਿਰਕੂ ਵੰਡੀਆਂ ਦੀ ਕਾਟ ਲਈ ਲੋਕਾਂ ਦੀ ਭਾਈਚਾਰਕ ਤੇ ਜਮਾਤੀ ਸਾਂਝ ਨੂੰ ਮਜਬੂਤ ਕੀਤਾ ਹੈ। ਇਸ ਸੰਘਰਸ਼ ਨੇ ਕਾਰਪੋਰੇਟ ਤੇ ਹਕੂਮਤੀ ਗੱਠਜੋੜ ਨੂੰ ਲੋਕ ਸੰਘਰਸ਼ਾਂ ਦੇ ਨਿਸ਼ਾਨੇ 'ਤੇ ਲਿਆ ਖੜ੍ਹਾ ਕੀਤਾ ਹੈ, ਇਸ ਨੇ ਖੇਤੀ ਸੰਕਟ ਨੂੰ ਉਭਾਰਿਆ ਹੈ, ਇਸ ਦੇ ਹੱਲ ਦੀ ਜਰੂਰਤ ਨੂੰ ਉਭਾਰਿਆ ਹੈ। ਇਸ ਦੇ ਮੰਚਾਂ ਤੋਂ ਜਮਹੂਰੀ ਹੱਕਾਂ ਦੀ ਆਵਾਜ ਉੱਠੀ ਹੈ। ਇਸ ਨੇ ਸਾਮਰਾਜੀ ਕੰਪਨੀਆਂ ਤੇ ਸੰਸਥਾਵਾਂ ਦੀਆਂ ਲੁਟੇਰੀਆਂ ਨੀਤੀਆਂ ਅਤੇ ਭਾਰਤੀ ਹਾਕਮਾਂ ਵੱਲੋਂ ਇਨ੍ਹਾਂ ਨਾਲ ਕੀਤੇ ਸਮਝੌਤਿਆਂ 'ਤੇ ਸਵਾਲ ਉਠਾਏ ਹਨ। ਇਹਨਾਂ ਅਰਥਾਂ 'ਚ ਇਸ ਸੰਘਰਸ਼ ਨੇ ਲੋਕਾਂ ਅੰਦਰ ਜਮਹੂਰੀ ਤੇ ਸਿਆਸੀ ਚੇਤਨਾ ਦੇ ਪਸਾਰੇ ਦਾ ਵੱਡਾ ਕਾਰਜ ਕੀਤਾ ਹੈ। ਅਜਿਹਾ ਇਸ ਦੀ ਆਪਣੀ ਨਿਆਰੀ ਜਨਤਕ ਪਹੁੰਚ ਤੇ ਇਸ ਦੇ ਗ਼ੈਰ ਪਾਰਟੀ ਪਲੇਟਫਾਰਮ ਰਾਹੀਂ ਹੋਇਆ ਹੈ। ਚੇਤਨਾ ਦੇ ਪਸਾਰੇ ਅੰਦਰ ਹੋਰ ਵਧੇਰੇ ਭੂਮਿਕਾ ਨਿਭਾਉਣ ਦਾ ਯਤਨ ਹੋਣਾ ਚਾਹੀਦਾ ਹੈ। ਹਰ ਇੱਕ ਲੋਕ ਅੰਦੋਲਨ ਦਾ ਆਪਣਾ ਖਾਸ ਦਾਇਰਾ ਤੇ ਖਾਸ ਕਿਰਦਾਰ ਹੁੰਦਾ ਹੈ ਜਿਸ ਨੂੰ ਉਸ ਅੰਦਰ ਸ਼ਾਮਲ ਲੋਕਾਂ ਦੀਆਂ ਪਰਤਾਂ ਦੀ ਚੇਤਨਾ ਤੇ ਲੀਡਰਸ਼ਿਪ ਦੀ ਸਮਝ ਤੈਅ ਕਰਦੀ ਹੈ। ਉਸ ਦਾਇਰੇ ਦੀ ਉਲੰਘਣਾ ਸੰਘਰਸ਼ ਦੀ ਦਿਸ਼ਾ ਤੇ ਮੰਤਵ ਤੋਂ ਭਟਕਣਾ ਬਣ ਜਾਂਦੀ ਹੈ।

ਇਸ ਸੰਘਰਸ਼ ਨੂੰ ਸਿੱਧੇ ਤੌਰ 'ਤੇ ਕਿਸੇ ਸਿਆਸੀ ਤਬਦੀਲੀ ਦਾ ਜ਼ਰੀਆ ਬਣਾਉਣ ਦੀ ਕਿਸੇ ਵੀ ਸੋਚਣੀ ਨੂੰ ਇਹ ਖ਼ਿਆਲ 'ਚ ਰਹਿਣਾ ਚਾਹੀਦਾ ਹੈ ਕਿ ਇਸ ਸੰਘਰਸ਼ ਨੇ ਚਾਹੇ ਚੇਤਨਾ ਦਾ ਪਸਾਰਾ ਕੀਤਾ ਹੈ ਪਰ ਤਾਂ ਵੀ ਲੋਕਾਂ ਦੀ ਚੇਤਨਾ 'ਚ ਅਜੇ ਵੀ ਵੱਡੇ ਖੱਪੇ ਮੌਜੂਦ ਹਨ। ਲੋਕਾਂ ਸਾਹਮਣੇ ਬੁਨਿਆਦੀ ਤਬਦੀਲੀ ਦਾ ਕੋਈ ਸਪਸ਼ਟ ਨਕਸ਼ਾ ਨਹੀਂ ਹੈ, ਕੋਈ ਸਪਸ਼ਟ ਪ੍ਰੋਗਰਾਮ ਨਹੀਂ ਹੈ। ਤਬਦੀਲੀ ਲਈ ਲੋੜੀਂਦੇ ਬੁਨਿਆਦੀ ਮੁੱਦਿਆਂ ਦੀ ਸੋਝੀ ਨਹੀਂ ਹੈ। ਲੋਕ ਅਜੇ ਵੀ ਨਿਗੂਣੀਆਂ ਰਿਆਇਤਾਂ 'ਤੇ ਭਰਮਾਏ ਜਾ ਸਕਦੇ ਹਨ। ਚੇਤਨਾ ਦੇ ਇਸ ਖੱਪੇ ਨੂੰ ਅਜਿਹੇ ਅੰਦੋਲਨਾਂ ਦੀ ਲੜੀ ਨੇ ਹੀ ਭਰਨਾ ਹੈ, ਅੰਦੋਲਨ ਦੌਰਾਨ ਬੁਨਿਆਦੀ ਮੁੱਦਿਆਂ ਦੀ ਵਿਕਸਤ ਹੋਈ ਚੇਤਨਾ ਨੇ ਭਰਨਾ ਹੈ। ਅਜਿਹੀ ਚੇਤਨਾ ਦੀ ਗੈਰ ਮੌਜੂਦਗੀ 'ਚ ਲੋਕਾਂ ਤੋਂ ਕਿਸੇ ਵੱਡੀ ਹਕੀਕੀ ਸਿਆਸੀ ਪਹਿਲਕਦਮੀ ਦੀ ਤਵੱਕੋਂ ਵਧਵੀਂ ਹੈ। ਅਜਿਹੀ ਪਹੁੰਚ ਲੋਕਾਂ ਦੀਆਂ ਜਨਤਕ ਜਥੇਬੰਦੀਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਵੀ ਹਰਜਾ ਪਹੁੰਚਾਉਣ ਦਾ ਸਾਧਨ ਬਣੇਗੀ। ਪੰਜਾਬ ਦੀਆਂ ਜਨਤਕ ਜਥੇਬੰਦੀਆਂ ਵੱਲੋਂ ਸੂਬੇ ਅੰਦਰ ਅਦਾ ਕੀਤੀ ਜਾ ਰਹੀ ਮਹੱਤਵਪੂਰਨ ਭੂਮਿਕਾ ਪਿੱਛੇ ਉਨ੍ਹਾਂ ਵੱਲੋਂ ਵੋਟ ਸਿਆਸਤ ਤੋਂ ਸੁਚੇਤ ਤੌਰ 'ਤੇ ਰੱਖੀ ਜਾਂਦੀ ਵਿੱਥ ਹੈ ਜਿਹੜੀ ਇਸ ਵਿੱਚ ਸ਼ਾਮਲ ਲੋਕਾਂ ਦਾ ਏਕਾ ਬਰਕਰਾਰ ਰੱਖਦੀ ਆ ਰਹੀ ਹੈ।

ਬਿਨਾਂ ਸ਼ੱਕ ਸੂਬੇ ਅੰਦਰ ਸਿਆਸੀ ਅੰਦੋਲਨ ਛੇੜਨ ਤੇ ਉਨ੍ਹਾਂ ਨੂੰ ਤੇਜ਼ ਕਰਨ ਦੀ ਜ਼ਰੂਰਤ ਹੈ, ਪਰ ਇਹ ਕਾਰਜ ਵੱਖਰੇ ਤੌਰ 'ਤੇ ਲੋਕ ਪੱਖੀ ਸਿਆਸੀ ਸ਼ਕਤੀਆਂ ਦਾ ਕਾਰਜ ਬਣਦਾ ਹੈ। ਇਹ ਵੱਖਰੇ ਮੰਚਾਂ ਤੋਂ ਹੋਣਾ ਚਾਹੀਦਾ ਹੈ। ਕਿਸਾਨ ਜਥੇਬੰਦੀਆਂ ਨੂੰ ਆਪਣੇ ਧਿਆਨ ਦਾ ਕੇਂਦਰ ਕਿਸਾਨ ਮੰਗਾਂ ਤੇ ਸੰਘਰਸ਼ ਨੂੰ ਬਣਾ ਕੇ ਰੱਖਣਾ ਚਾਹੀਦਾ ਹੈ। ਚੋਣਾਂ ਦੌਰਾਨ ਕਿਸਾਨਾਂ ਤੇ ਕਿਰਤੀ ਲੋਕਾਂ ਦੇ ਬੁਨਿਆਦੀ ਤੇ ਅਹਿਮ ਮਸਲੇ ਉਭਾਰਨੇ ਚਾਹੀਦੇ ਹਨ ਤੇ ਹਰ ਵੰਨਗੀ ਦੀ ਪਾਟਕ-ਪਾਊ ਸਿਆਸਤ ਦੇ ਹਮਲੇ ਤੋਂ ਆਪਣੀ ਏਕਤਾ ਦੀ ਰਾਖੀ ਕਰਨੀ ਚਾਹੀਦੀ ਹੈ।

# ਸਟੇਨ ਸਵਾਮੀ ਜ਼ਿੰਦਾ ਰਹੇਗਾ ਜ਼ਿੰਦਾ ਦਿਲਾਂ ਦੀ ਧੜਕਣ ਵਿੱਚ



ਜਸਵੀਰ ਕੌਰ ਮੰਗੂਵਾਲ
ਵਿਨੀਪੈਗ
204-881-4955





ਫਾਦਰ ਸਟੇਨ ਸਵਾਮੀ 5 ਜੁਲਾਈ 2021 ਨੂੰ 84 ਸਾਲਾਂ ਦੀ ਉਮਰ ਵਿੱਚ ਸਾਡੇ ਤੋਂ ਵਿਛੜ ਚੁੱਕੇ ਹਨ। ਦੇਸ਼ ਦੇ ਹਰ ਕੋਨੇ, ਯੂ. ਐਨ. ਓ ਤੇ ਦੁਨੀਆਂ ਭਰ ਵਿੱਚ ਸਟੇਨ ਸਵਾਮੀ ਜੀ ਨੂੰ ਸ਼ਰਧਾਂਜ਼ਲੀਆਂ ਭੇਂਟ ਕੀਤੀਆਂ ਜਾ ਰਹੀਆਂ ਹਨ। ਦਸ ਵਿਰੋਧੀ ਧਿਰ ਦੇ ਨੇਤਾਵਾਂ ਨੇ ਵੀ ਰਾਸ਼ਟਰਪਤੀ ਨੂੰ ਚਿੱਠੀ ਲਿਖ ਕੇ ਸਟੇਨ ਸਵਾਮੀ ਜੀ ਦੇ ਸੰਸਥਾਗਤ ਕਤਲ ਦਾ ਵਿਰੋਧ ਕੀਤਾ ਹੈ। ਮਨੁੱਖੀ ਹੱਕਾਂ ਹਕੂਕਾਂ ਦੀ ਗੱਲ ਕਰਨ ਵਾਲਾ ਹਰ ਵਿਅਕਤੀ ਸਟੇਨ ਸਵਾਮੀ ਜੀ ਦੇ ਕਤਲ ’ਤੇ ਦੁੱਖ ਪ੍ਰਗਟ ਕਰ ਰਿਹਾ ਹੈ। ਦੂਜੇ ਪਾਸੇ ਮੋਦੀ ਤੇ ਗੋਦੀ ਮੀਡੀਆ ਸਵਾਮੀ ਦੀ ਮੌਤ ਤੇ ਖੁਸ਼ ਹੋ ਰਿਹਾ ਹੈ ਕਿ ਉਸਦੀ ਮੌਤ ਨਾਲ ਦੇਸ਼ ’ਤੇ ਮੰਡਰਾ ਰਿਹਾ ਖ਼ਤਰਾ ਕੁੱਝ ਘੱਟ ਹੋ ਗਿਆ ਹੈ। 84 ਸਾਲਾਂ ਦਾ ਬਜ਼ੁਰਗ ਜੋ ਪਾਰਕਿੰਨਸਨ ਤੇ ਡੇਮੈਂਸ਼ੀਆ ਦੀ ਬਿਮਾਰੀ ਤੋਂ ਪੀੜਤ ਸੀ, ਜੋ ਬਿਨਾਂ ਕੰਨਾਂ ਦੀ ਮਸ਼ੀਨ ਲਾਏ ਸੁਣ ਨਹੀਂ ਸੀ ਸਕਦਾ, ਉਹ ਕਿਵੇਂ ਦੇਸ਼ ਲਈ ਇੰਨਾ ਵੱਡਾ ਖ਼ਤਰਾ ਹੋ ਸਕਦਾ ਹੈ। ਆਓ ਜਾਣੀਏ ਕੌਣ ਸੀ ਇਹ ਫਾਦਰ ਸਟੇਨ ਸਵਾਮੀ।

ਉਸਦਾ ਜਨਮ 26 ਅਪਰੈਲ, 1937 ਨੂੰ ਤਾਮਿਲਨਾਡੂ ਵਿਖੇ ਹੋਇਆ। ਉਸਨੇ ਸਮਾਜ ਵਿਗਿਆਨ ਦੀ ਪੜ੍ਹਾਈ ਫਿਲਪਾਈਨ ਤੇ ਬੈਲਜ਼ੀਅਮ ਤੋਂ ਕੀਤੀ। 1970-80ਵਿਆਂ ਵਿੱਚ ਇੰਡੀਅਨ ਸ਼ੋਸ਼ਲ ਇੰਸਟੀਚਿਊਟ ਬੰਗਲੌਰ ਵਿੱਚ ਦਸ ਸਾਲ ਡਾਇਰੈਕਟਰ ਦੇ ਅਹੁਦੇ ਤੇ ਕੰਮ ਕਰਕੇ ਲੋਕਾਂ ਦੀ ਖ਼ੂਬ ਸੇਵਾ ਕੀਤੀ, ਉਹ ਇਸਾਈ ਧਰਮ ਦੇ ਪੈਰੋਕਾਰ ਸਨ। 1990 ਵਿੱਚ ਰਿਟਾਇਰ ਹੋਣ ਤੋਂ ਬਾਅਦ ਉਹ ਝਾਰਖੰਡ ਆ ਕੇ ਆਦਿਵਾਸੀਆਂ ਤੇ ਦਲਿਤਾਂ ਦੇ ਸੰਵਿਧਾਨਕ ਹੱਕਾਂ ਲਈ ਜੂਝਣ ਲੱਗੇ। ਉਹ ਬਰਾਬਰਤਾ, ਭਾਈਚਾਰਾ ਤੇ ਸਰਬਸੰਮਤੀ ਨਾਲ ਫੈਸਲਾ ਕਰਨ ਦੀ ਆਦਿਵਾਸੀਆਂ ਦੀ ਪ੍ਰੰਪਰਾ ਦੇ ਕਾਇਲ ਸਨ। ਉਹ 1996 ਦੇ ਪੇਸਾ ਕਾਨੂੰਨ ਦੇ ਹਾਮੀ ਸਨ ਜਿਸ ਵਿੱਚ ਬਾਹਰੀ ਵਿਅਕਤੀਆਂ ਨੂੰ ਜ਼ਮੀਨ ਖ਼੍ਰੀਦਣ ਸਮੇਂ ਆਦਿਵਾਸੀਆਂ ਤੇ ਗਰਾਮ ਸਭਾਵਾਂ ਦੀ ਸਹਿਮਤੀ ਜ਼ਰੂਰੀ ਹੈ। ਭਾਰਤ ਦੀਆਂ ਸਰਕਾਰਾਂ ਜੋ ਕਾਰਪੋਰੇਟ ਘਰਾਣਿਆਂ ਦੀਆਂ ਸੇਵਾਦਾਰ ਬਣ ਆਦਿਵਾਸੀਆਂ ਦੇ ਜਲ, ਜੰਗਲ ਤੇ ਜ਼ਮੀਨ ਦੇ ਸੰਵਿਧਾਨਕ ਹੱਕ ਤੋਂ ਵਾਂਝਾ ਕਰਨਾ ਚਾਹੁੰਦੀਆਂ ਸਨ। ਪੁਲਸ ਨੇ ਉਹਨਾਂ ਦੇ ਖਿਲਾਫ਼ ਪਹਿਲਾ ਮੁਕੱਦਮਾ ਪੱਥਰਗਿਰੀ ਅੰਦੋਲਨ ਦਾ ਪਾਇਆ ਸੀ। ਪੱਥਰਗਿਰੀ ਇਲਾਕੇ ਦੇ ਲੋਕ ਸੰਵਿਧਾਨ ਦੀਆਂ ਧਾਰਾਵਾਂ ਪੱਥਰ ’ਤੇ ਲਿਖ ਕੇ ਦੱਸਦੇ ਸਨ ਕਿ ਇੱਥੇ ਕੀ ਹੋਣਾ ਚਾਹੀਦਾ ਹੈ ਤੇ ਕੀ ਨਹੀਂ ਹੋਣਾ ਚਾਹੀਦਾ। ਬਾਹਰ ਦੇ ਲੋਕਾਂ ਨੂੰ ਸਾਡੇ ਇਲਾਕੇ ਵਿੱਚ ਆ ਕੇ ਮਨਮਰਜ਼ੀ ਕਰਨ ਦੀ ਖੁਲ੍ਹ ਨਹੀਂ ਹੋਣੀ ਚਾਹੀਦੀ। ਇਹ ਗੱਲਾਂ ਉਹ ਆਪਣੇ ਕੋਲੋਂ ਨਹੀਂ ਸਗੋਂ ਸੰਵਿਧਾਨ ਦੀਆਂ ਧਾਰਾਵਾਂ ਲਿਖ ਕੇ ਕਹਿੰਦੇ ਸਨ। ਸਟੇਨ ਸਵਾਮੀ ਉਹਨਾਂ ਦਾ ਸਮਰਥਨ ਕਰਦੇ ਸਨ। ਵਿਰੋਧ ਕਰਦੇ ਆਦਿਵਾਸੀਆਂ ’ਤੇ ਪੁਲਸ ਜ਼ੁਲਮ ਢਾਹੁੰਦੀ ਤੇ ਜੇਲ੍ਹਾਂ ਵਿੱਚ ਬੰਦ ਕਰ ਦਿੰਦੀ। ਉਹ 3000 ਔਰਤਾਂ ਤੇ ਮਰਦਾਂ ਦੀ ਰਿਹਾਈ ਲਈ ਹਾਈਕੋਰਟ ਵੀ ਗਏ। ਕੌਮੀ ਜੁਰਮ ਰਿਕਾਰਡ ਬਿਊਰੋ ਦੀ ਅਗਸਤ, 2020 ਦੀ ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ ਜੇਲ੍ਹਾਂ ਵਿੱਚ ਜ਼ਿਆਦਾਤਰ ਆਦਿਵਾਸੀ, ਦਲਿਤ ਤੇ ਘੱਟ ਗਿਣਤੀਆਂ ਮੁਸਲਿਮ ਬੰਦ ਹਨ। ਯਾਦ ਰਹੇ ਕਿ ਪੰਜਾਬ ਵਿੱਚ ਵੀ ਸਜ਼ਾ ਭੁਗਤ ਚੁੱਕੇ ਬਹੁਤ ਸਾਰੇ ਕੈਦੀ ਜੇਲ੍ਹਾਂ ਵਿੱਚ ਹੀ ਸੜ ਮਰ ਰਹੇ ਹਨ, ਕੋਈ ਸੁਣਵਾਈ ਨਹੀਂ। ਸਰਕਾਰ ਤੇ ਕਾਰਪੋਰੇਟ ਘਰਾਣਿਆਂ ਦਾ ਵਿਰੋਧ ਕਰਦੇ 97% ਆਦਿਵਾਸੀ ਜੇਲ੍ਹਾਂ ਵਿੱਚ ਬੰਦ ਹਨ। 98% ਆਦਿਵਾਸੀਆਂ ’ਤੇ ਝੂਠੇ ਕੇਸ ਪਾਏ ਗਏ ਹਨ। 97% ਦੀ ਆਮਦਨ 5000 ਤੋਂ ਘੱਟ ਤੇ 59% ਦੀ 3000 ਤੋਂ ਵੀ ਘੱਟ ਹੋਣ ਕਰਕੇ ਉਹ ਵਕੀਲਾਂ ਦਾ ਖਰਚਾ ਨਹੀਂ ਦੇ ਸਕਦੇ ਸਨ, ਜੋ ਬਿਨਾਂ ਮੁਕੱਮਦਾ ਚਲਾਏ ਜੇਲ੍ਹਾਂ ਵਿੱਚ ਬੰਦ ਹਨ ਉਹਨਾਂ ਲਈ ਸਟੇਨ ਸਵਾਮੀ ਲੜਦੇ ਸਨ। ਉਹਨਾਂ ਨੇ 2010 ਵਿੱਚ “ਜੇਲ੍ਹ ਵਿੱਚ ਬੰਦ ਕੈਦੀਆਂ ਦਾ ਸੱਚ” ਸਮੇਤ ਹੋਰ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ।

ਉਹਨਾਂ ਨੂੰ 15 ਅਕਤੂਬਰ, 2020 ਨੂੰ ਭੀਮਾ ਕੋਰੇ ਗਾਓਂ ਦੇ ਕੇਸ ਤੇ ਪ੍ਰਧਾਨ ਮੰਤਰੀ ਦੀ ਹੱਤਿਆ ਸਾਜ਼ਸ਼ ਦੇ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ। ਪੁਲੀਸ ਵਲੋਂ ਪੁਛਗਿੱਛ ਕਰਨ ਲਈ 15 ਘੰਟੇ ਤਸ਼ੱਦਦ ਕੀਤਾ ਗਿਆ। ਪਾਰਕਿੰਨਸਨ ਦੀ ਬਿਮਾਰੀ ਕਰਕੇ ਉਹ ਆਪਣੇ ਹੱਥਾਂ ਨਾਲ ਖਾ ਪੀ ਨਹੀਂ ਸੀ ਸਕਦੇ ਜਿਸ ਕਰਕੇ ਉਹਨਾਂ ਨੂੰ ਸਿੱਪਰ ਦੀ ਮੰਗ ਲਈ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪਿਆ। ਜਦੋਂ ਉਹ ਤਲੂਜ਼ਾ ਜੇਲ੍ਹ ਵਿੱਚ ਬੰਦ ਸਨ ਤਾਂ ਕੋਵਿਡ ਦੀ ਮਹਾਂਮਾਰੀ ਸਮੇਂ ਅਧਾਰ ਕਾਰਡ ਉਹਨਾਂ ਕੋਲ ਨਾ ਹੋਣ ਕਰਕੇ ਵੈਕਸੀਨ ਵੀ ਨਹੀਂ ਲਗਾਈ ਗਈ ਅਤੇ ਕਰੋਨਾ ਹੋਣ ’ਤੇ ਟੈਸਟ ਵੀ ਨਹੀਂ ਕਰਵਾਇਆ ਗਿਆ। ਉਸਤੋਂ ਬਾਅਦ ਸਿਹਤ ਦੀਆਂ ਗੰਭੀਰ ਹਾਲਤਾਂ ਹੋਣ ਤੇ ਬੰਬੇ ਹਾਈਕੋਰਟ ਦੇ ਆਦੇਸ਼ ਤੇ ਹੋਲੀ ਸਿਟੀ ਹਸਪਤਾਲ ਲਿਆਂਦਾ ਗਿਆ ਸੀ ਜਿੱਥੇ ਉਹਨਾਂ ਦੀ ਦਿਲ ਦੀ ਗਤੀ ਰੁਕਣ ਕਰਕੇ 5 ਜੁਲਾਈ, 2021 ਨੂੰ ਮਨੁੱਖੀ ਹੱਕਾਂ ਲਈ ਜੂਝਦੀ ਅਵਾਜ਼ ਸਦਾ ਲਈ ਖਾਮੋਸ਼ ਹੋ ਗਈ। ਭੀਮਾ ਕੋਰੇ ਗਾਓਂ ਕੇਸ ਵਿੱਚ ਲੱਗਭੱਗ 20 ਬੁੱਧੀਜੀਵੀਆਂ (ਡਾਕਟਰ, ਪ੍ਰੋਫੈਸਰ, ਵਿਦਿਆਰਥੀ, ਕਵੀ, ਵਕੀਲ, ਲੇਖਕ) ਸਣੇ ਸਟੇਨ ਸਵਾਮੀ ਨੂੰ ਫਸਾਇਆ ਗਿਆ ਸੀ ਜੋ ਦਲਿਤਾਂ ’ਤੇ ਹਮਲਿਆਂ ਦਾ ਵਿਰੋਧ ਕਰਦੇ ਸਨ। ਇਹ ਪ੍ਰੋਗਰਾਮ ਦੋ ਦਲਿਤ ਰਿਟਾਇਰ ਜੱਜਾਂ ਨੇ ਕਰਵਾਇਆ ਸੀ। ਉਹਨਾਂ ਨੇ ਅਖ਼ਬਾਰ ਵਿੱਚ ਲਿਖ ਕੇ ਵੀ ਦੱਸਿਆ ਸੀ ਕਿ ਇਸ ਕੇਸ ਵਿੱਚ ਫਸਾਏ ਗਏ ਬੁੱਧੀਜੀਵੀਆਂ ਦਾ ਇਹ ਪ੍ਰੋਗਰਾਮ ਕਰਨ ਵਿੱਚ ਕੋਈ ਹੱਥ ਨਹੀਂ ਸੀ ਉਹ ਅਸੀਂ ਕਰਵਾਇਆ ਹੈ। ਸਟੇਨ ਸਵਾਮੀ ਨੇ ਵੀ ਕਿਹਾ ਕਿ ਇਸ ਕੇਸ ਨਾਲ ਮੇਰਾ ਕੋਈ ਸਬੰਧ ਨਹੀਂ ਹੈ। ਕੋਰਟ ਦੇ ਸਾਹਮਣੇ ਵੀਡਿਓ ਕਾਨਫ਼ਰੰਸ ਵਿੱਚ ਉਹਨਾਂ ਕਿਹਾ ਸੀ ਕਿ ਜੇਕਰ ਮੈਨੂੰ ਰਿਹਾਈ ਨਾ ਮਿਲੀ ਤਾਂ ਮੇਰੀ ਸਿਹਤ ਖ਼ਰਾਬ ਹੋਣ ਕਰਕੇ ਮੈਂ ਮਰ ਜਾਵਾਂਗਾ। ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੂੰ ਉਹਨਾਂ ਨੇ ਚਿੱਠੀ ਵੀ ਲਿਖੀ ਕਿ ਮੇਰਾ ਕਿਸੇ ਮਾਓਵਾਦੀ ਸੰਗਠਨ ਨਾਲ ਕੋਈ ਸਬੰਧ ਨਹੀਂ ਹੈ ਜੋ ਮੇਰੇ ਉਪਰ ਅਰੋਪ ਹੈ ਉਹ ਝੂਠਾ ਹੈ। ਪੁਲੀਸ ਜਾਂ ਏਜੰਸੀਆਂ ਨੇ ਮੇਰੇ ਕੰਪਿਊਟਰ ਵਿੱਚ ਗਲ਼ਤ ਡਾਕੂਮੈਂਟ ਪਲਾਂਟ ਕੀਤੇ ਹਨ ਜਿਸਦੀ ਪੁਸ਼ਟੀ ਅਮਰੀਕਾ ਦੀ ਇੱਕ ਕੰਪਨੀ ਵਲੋਂ ਕੀਤੀ ਗਈ ਹੈ। ਜਿਵੇਂ ਰੋਨਾ ਵਿਲਸਨ ਦੇ ਕੰਪਿਊਟਰ ਵਿੱਚ ਸੋਫਟਵੇਅਰ ਰਾਹੀਂ ਚਿੱਠੀਆਂ ਪਲਾਂਟ ਕੀਤੀਆਂ ਗਈਆਂ ਸਨ, ਜਿਹੜੇ ਫੌਂਟ ਵਿੱਚ ਉਹ ਚਿੱਠੀਆਂ ਸਨ ਉਹ ਫੌਂਟ ਉਸਦੇ ਕੰਪਿਊਟਰ ਵਿੱਚ ਹੈ ਹੀ ਨਹੀਂ ਸੀ, ਫਰੈਂਸਿਕ ਜਾਂਚ ਤੋਂ ਇਹ ਸਿੱਧ ਹੋਇਆ ਕਿ ਜਿਹੜੇ ਫੋਲਡਰ ਤੇ ਫਾਇਲਾਂ ਉਸ ਦੇ ਕੰਪਿਊਟਰ ਵਿਚ ਸਨ, ਉਹ ਫਾਇਲਾਂ ਕਦੇ ਖੋਲ੍ਹੀਆਂ ਹੀ ਨਹੀਂ ਗਈਆਂ ਜੋ ਫਾਇਲਾਂ ਪਲਾਂਟ ਹੋਈਆਂ ਸੀ। ਇਵੇਂ ਹੀ ਇਸ ਨਾਲ ਕੀਤਾ ਗਿਆ। ਬਾਕੀ ਬੁੱਧੀਜੀਵੀਆਂ ਵਾਂਗ ਸਟੇਨ ਸਵਾਮੀ ਵੀ ਭੀਮਾ ਕੋਰੇ ਗਾਓਂ ਕਦੇ ਗਏ ਹੀ ਨਹੀਂ ਸਨ। ਪਰ ਫਿਰ ਵੀ ਉਹਨਾਂ ਤੇ ਯੂ. ਏ, ਪੀ.ਏ. ਦਾ ਕਾਨੂੰਨ ਥੋਪ ਕੇ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਸੀ।

ਭਾਰਤ ਦੀਆਂ ਸਰਕਾਰਾਂ ਕਾਂਗਰਸ ਹੋਵੇ ਜਾਂ ਭਾਜਪਾ ਕੋਈ ਵੀ ਅੰਦੋਲਨ ਚਲਦਾ ਹੋਵੇ, ਕਿਸਾਨ ਮਜ਼ਦੂਰ ਖੇਤੀ ਵਿਰੋਧੀ ਬਿੱਲਾਂ ਦਾ ਵਿਰੋਧ ਹੋਵੇ ਤਾਂ ਖਾਲਿਸਤਾਨੀ, ਸੀ.ਏ.ਏ. ਦੇ ਖਿਲਾਫ਼ ਅੰਦੋਲਨਾਂ ਵਿੱਚ ਮੁਸਲਮਾਨ ਦਿਸਣ ਤਾਂ ਅੱਤਵਾਦੀ, ਜੇ ਕਰ ਆਦਿਵਾਸੀਆਂ ਦਾ ਅੰਦੋਲਨ ਚੱਲ ਰਿਹਾ ਹੋਵੇ ਤਾਂ ਬੁੱਧੀਜੀਵੀ ਜੋ ਉਹਨਾਂ ਦੇ ਕੁਦਰਤੀ ਖਜ਼ਾਨਿਆਂ ਦੀ ਲੁੱਟ ਖਿਲਾਫ਼ ਲੜਾਈ ਦਾ ਸਮਰਥਨ ਕਰਨ ਤਾਂ ਉਹਨਾਂ ਨੂੰ ਅਰਬਨ ਨਕਸਲ ਜਾਂ ਮਾਓਵਾਦੀ ਕਹਿ ਕੇ ਦੇਸ਼ ਵਿਰੋਧੀ ਹੋਣ ਦਾ ਖ਼ਿਤਾਬ ਦਿੱਤਾ ਜਾਂਦਾ ਹੈ। ਸਿਸਟਮ ਨੂੰ ਸਵਾਲ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਝੂਠੇ ਕੇਸ ਵਿੱਚ ਫਸਾ ਦੇਣਾ ਸਰਕਾਰ ਦਾ ਕੰਮ ਬਣ ਚੁੱਕਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 66 ਏ ਰੱਦ ਹੋਣ ਦੇ ਬਾਵਜੂਦ ਵੀ ਮੁਕੱਦਮੇ ਦਰਜ਼ ਹੋ ਰਹੇ ਹਨ ਜੋ ਬੜਾ ਹੈਰਾਨ ਤੇ ਪ੍ਰੇਸ਼ਾਨ ਕਰਨ ਵਾਲਾ ਕੰਮ ਹੈ। ਸਰਕਾਰ ਨੂੰ ਬਜ਼ੁਰਗਾਂ, ਬੱਚਿਆਂ ਤੇ ਵਿਦਿਆਰਥੀਆਂ ਤੇ ਉਹਨਾਂ ਸਾਰੇ ਲੋਕਾਂ ਤੋਂ ਡਰ ਲੱਗਦਾ ਹੈ ਜੋ ਮਨੁੱਖੀ ਅਧਿਕਾਰਾਂ ਦੀ ਮੰਗ ਕਰਦੇ ਹਨ। ਪੁਲੀਸ ਦਾ ਬੁਨਿਆਦੀ ਕਰੈਕਟਰ ਅਜੇ ਵੀ ਅੰਗਰੇਜ਼ਾਂ ਵਾਲਾ ਹੀ ਹੈ, ਜਿਹੜੇ ਸਾਡੇ ਨਵੇਂ ਸਾਸ਼ਕ ਆਏ ਉਹਨਾਂ ਨੂੰ ਵੀ ਉਹੀ ਪੁਲੀਸ ਚਾਹੀਦੀ ਸੀ ਜਿਹੜੀ ਉਹਨਾਂ ਦੇ ਵਿਰੋਧੀਆਂ ਦੀ ਲੱਤ ਭੰਨੇ। ਦੇਸ਼ ਧਰੋਹ ਦੇ ਮਾਮਲੇ ਤੇ ਯੂ. ਏ., ਪੀ. ਏ. ਲੱਗਣ ਤੇ ਵਿਅਕਤੀ ਦਾ ਸਮਾਜਿਕ ਤੇ ਆਰਥਿਕ ਜੀਵਨ ਤਬਾਹ ਹੋ ਜਾਂਦਾ ਹੈ। ਮਿਹਨਤਕਸ਼ ਤੇ ਪੂੰਜੀਪਤੀਆਂ ਦੀ ਲੜਾਈ ਸਦੀਆਂ ਤੋਂ ਚਲੀ ਆ ਰਹੀ ਹੈ, ਅਮੀਰਾਂ ਨੂੰ ਜ਼ੁਲਮ ਕਰਕੇ ਵੀ ਕੇਸਾਂ ਤੋਂ ਜ਼ਮਾਨਤ ਮਿਲ ਜਾਂਦੀ ਹੈ ਪਰ ਗ਼ਰੀਬ ਵਿਅਕਤੀ ਬਿਨਾ ਗੁਨਾਹ ਕੀਤੇ ਜੇਲ੍ਹਾਂ ਵਿੱਚ ਸੜ ਮਰ ਰਹੇ ਹਨ। ਉਦਾਹਰਣ ਵਜੋਂ ਪ੍ਰਿੱਗਿਆ ਠਾਕੁਰ ਵਰਗੇ ਲੋਕ ਸ਼ਰੇਆਮ ਬੰਬ ਧਮਾਕਿਆਂ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਵਰੀ ਹੋ ਕੇ ਮੰਤਰੀ ਬਣ ਜਾਂਦੇ ਹਨ। ਪਰ ਦੂਜੇ ਪਾਸੇ ਬਹੁਤ ਸਾਰੇ ਲੋਕ ਜੇਲ੍ਹਾਂ ਵਿੱਚ ਜ਼ਿੰਦਾ ਲਾਸ਼ ਬਣ ਕੇ ਰਹਿ ਜਾਂਦੇ ਹਨ, ਜੇ ਕਿਸੇ ਨੂੰ 22-22, 23-23 ਸਾਲ ਬਾਅਦ ਬੇਕਸੂਰ ਹੋਣ ਤੇ ਜ਼ਮਾਨਤ ਮਿਲ ਵੀ ਜਾਵੇ ਤਾਂ ਉਹਦੀ ਜ਼ਿੰਦਗੀ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਗੌਤਮ ਨਵਲੱਖਾ, ਸੁਧਾ ਭਾਰਦਵਾਜ਼ ਤੇ ਹੋਰ ਬਹੁਤ ਸਾਰੇ ਸਾਥੀ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਦੀ ਸਜ਼ਾ ਭੁਗਤ ਰਹੇ ਹਨ। ਨੇਹਾ ਨਰਵਾਲ ਦੀ ਉਦਾਹਰਣ ਸਾਹਮਣੇ ਹੈ ਕਿ ਜਦੋਂ ਉਸਦੇ ਪਿਤਾ ਦੀ ਹਾਲਤ ਗੰਭੀਰ ਸੀ ਤਾਂ ਉਸਨੂੰ ਜ਼ਮਾਨਤ ਨਹੀਂ ਮਿਲੀ ਪਰ ਉਹਨਾਂ ਦੀ ਮੌਤ ਤੋਂ ਬਾਅਦ ਜ਼ਮਾਨਤ ਮਿਲੀ।

ਭਾਰਤ ਦੀ ਨਿਆਂਪਾਲਿਕਾ ਵੀ ਸਮਾਜ ਨੂੰ ਅਸੱਭਿਅਕ ਬਣਾਉਣ ਵਿੱਚ ਪੂਰਾ ਰੋਲ ਅਦਾ ਕਰ ਰਹੀ ਹੈ। ਸਟੇਟ ਦੀ ਮਸ਼ੀਨਰੀ ਇਸ ਤਰ੍ਹਾਂ ਦੀ ਉਦਾਹਰਣ ਨਾਲ ਜਵਾਨ ਲੋਕਾਂ ਦੇ ਮਨਾਂ ਵਿੱਚ ਅਜਿਹਾ ਡਰ ਬਿਠਾਉਣਾ ਚਾਹੁੰਦੀ ਹੈ ਕਿ ਜੇਕਰ 84 ਸਾਲਾਂ ਦੇ ਬਜ਼ੁਰਗ ਨਾਲ ਇਸ ਤਰ੍ਹਾਂ ਦਾ ਵਿਵਹਾਰ ਕੀਤਾ ਜਾ ਸਕਦਾ ਹੈ, ਤਾਂ ਜੇ ਮੈਨੂੰ ਪਕੜ ਲਿਆ ਤਾਂ ਮੇਰੇ ਨਾਲ ਕੀ ਹੋਵੇਗਾ? ਇਸ ਕਰਕੇ ਸਵਾਲ ਕਰਨੇ ਨਾਲੋਂ ਚੰਗਾ ਹੈ ਕਿ ਸਿਰ ਨੀਵਾਂ ਕਰਕੇ ਆਪਣਾ ਕੰਮ ਕਰੋ, ਗ਼ਲਤ ਨੂੰ ਗ਼ਲਤ ਨਾ ਕਹੋ, ਸਰਕਾਰ ਵੱਲ ਉਂਗਲੀ ਨਾ ਉਠਾਓ। ਅੱਜ ਭਾਵੇਂ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਜਾਂ ਪੀ ਚਿਦੰਬਰਮ ਵਰਗੇ ਲੋਕ ਸਟੇਨ ਸਵਾਨੀ ਦੀ ਮੌਤ ਤੇ ਸਰਕਾਰ ਨੂੰ ਵੋਟ ਬੈਂਕ ਲਈ ਘੇਰਨ ਦੀ ਕੋਸ਼ਿਸ਼ ਕਰਦੇ ਹਨ ਇਹ ਸਭ ਤਾਂ ਕਾਂਗਰਸ ਦੀ ਸਰਕਾਰ ਦੇ ਵੇਲੇ ਤੋਂ ਹੀ ਹੋ ਰਿਹਾ ਹੈ ਜਿਸ ਸਮੇਂ ਪੀ ਚਿਦੰਬਰਮ ਦੇਸ਼ ਦਾ ਕੇਂਦਰੀ ਮੰਤਰੀ ਸੀ, ਉਸਨੇ ਨਕਸਲਵਾਦ ਦੇ ਖ਼ਤਰੇ ਦਾ ਬਹੁਤ ਰੌਲ਼ਾ ਪਾਇਆ ਸੀ। ਆਦਿਵਾਸੀਆਂ ਦੇ ਨਾਂ ਤੇ ਕਦੇ ਗਰੀਨ ਹੰਟ, ਕਦੇ ਕੋਬਰਾ ਗਰੀਨ ਹੰਟ, ਕਦੇ ਸਲਵਾ ਜੁਡਮ ਤੇ ਕਦੇ ਦਲਿਤਾਂ ਲਈ ਰਣਬੀਰ ਸੈਨਾ ਰਾਹੀਂ ਆਦਿਵਾਸੀਆਂ ਤੇ ਜ਼ੁਲਮ ਢਾਹੇ। ਸੋਨੀ ਸ਼ੋਰੀ ਦੇ ਮਾਮਲੇ ਨੂੰ ਕੌਣ ਨਹੀਂ ਜਾਣਦਾ? ਜੇ ਆਦਿਵਾਸੀਆਂ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਨ ਤੇ ਉਸਨੂੰ ਇੰਨਾ ਅਣਮਨੁੱਖੀ ਤਸ਼ੱਦਦ ਸਹਿਣਾ ਪਿਆ ਸੀ। ਹੱਦ ਤਾਂ ਉਦੋਂ ਹੋਈ ਜਦੋਂ ਜ਼ੁਲਮ ਕਰਨ ਵਾਲੇ ਪੁਲੀਸ ਅਫਸਰ ਅੰਕਿਤ ਗਰਗ ਨੂੰ ਰਾਸ਼ਟਰਪਤੀ ਵਲੋਂ 26 ਜਨਵਰੀ ਨੂੰ ਸਨਮਾਨ ਦਿੱਤਾ ਗਿਆ। ਹੁਣ ਦਿੱਲੀ ਦੰਗਿਆਂ ਵੇਲੇ ਜਿਸ ਪੁਲੀਸ ਅਫ਼ਸਰ ਦੇ ਕੋਲ ਖੜ੍ਹੇ ਹੋ ਕੇ ਕਪਿਲ ਮਿਸ਼ਰਾ ਨੇ ਭੜਕਾਓ ਭਾਸ਼ਨ ਦਿੱਤਾ ਸੀ। ਸੁਣਿਆ ਹੈ ਕਿ ਰਾਸ਼ਟਰਪਤੀ ਨੂੰ ਉਸ ਦੇ ਸਨਮਾਨ ਲਈ ਵੀ ਸਿਫ਼ਾਰਸ਼ ਹੋਈ ਹੈ।

ਸਟੇਨ ਸਵਾਮੀ ਦੀ ਮੌਤ ਲਈ ਜਿੱਥੇ ਮੋਦੀ ਸਰਕਾਰ ਜ਼ਿੰਮੇਵਾਰ ਹੈ ਉੱਥੇ ਦੇਸ਼ ਦੀਆਂ ਅਦਾਲਤਾਂ ਗ੍ਰਹਿ ਮੰਤਰੀ ਤੇ ਐਨ.ਆਈ.ਏ ਵੀ ਜ਼ਿੰਮੇਵਾਰ ਹੈ। ਇਸ ਗੱਲ ਦਾ ਸਵਾਲ ਬਣਿਆ ਰਹਿਣਾ ਚਾਹੀਦਾ ਹੈ ਕਿ ਸਟੇਨ ਸਵਾਮੀ 84 ਸਾਲਾ ਸਰੀਰਕ ਤੌਰ ’ਤੇ ਨਿਕਾਰਾ ਜਿਹਾ ਬਜ਼ੁਰਗ, ਕੋਈ ਸੀਰੀਅਲ ਕਿੱਲਰ ਤਾਂ ਨਹੀਂ ਸੀ ਜੋ ਬਾਹਰ ਆ ਕੇ ਕਿਸੇ ਨੂੰ ਡਰਾਉਂਦਾ ਧਮਕਾਉਂਦਾ। ਫਿਰ ਉਸਦੀ ਜ਼ਮਾਨਤ ਕਿਉਂ ਨਹੀਂ ਹੋਈ? ਦੇਸ਼ ਦੇ ਹਾਕਮਾਂ ਵਲੋਂ ਚਾਹੇ 82 ਸਾਲਾਂ ਬਾਬਾ ਬੂਝਾ ਸਿੰਘ ਹੋਵੇ ਜਾਂ ਸਟੇਨ ਸਵਾਮੀ ਜਾਂ ਦਰਸ਼ਨ ਦੁਸਾਂਝ ਜਾਂ ਹੋਰ ਨੌਜਵਾਨ ਇਨਕਲਾਬੀ ਉਹ ਹਰ ਹੀਲਾ ਵਰਤ ਕੇ ਸਥਾਪਤੀ ਵਿਰੁੱਧ ਉਠਦੀਆਂ ਅਵਾਜ਼ਾਂ ਨੂੰ ਬੰਦ ਕਰਨ ਲਈ ਹਰ ਕੋਸ਼ਿਸ਼ ਕਰਦੇ ਰਹਿੰਦੇ ਹਨ। ਪਰ ਇਹ ਵੀ ਸੱਚ ਹੈ ਕਿ ਲੋਕ ਸਮੇਂ ਸਮੇਂ ਤੇ ਹੱਕ, ਸੱਚ, ਇਨਸਾਫ਼ ਲਈ ਲੜਦੇ ਆਏ ਹਨ ਤੇ ਹਮੇਸ਼ਾਂ ਲੜਦੇ ਰਹਿਣਗੇ। ਸਟੇਨ ਸਵਾਮੀ ਦਾ ਡੁੱਲਿਆਂ ਖ਼ੂਨ ਅਜਾਂਈ ਨਹੀਂ ਜਾਵੇਗਾ, ਉਹਨਾਂ ਨੂੰ ਸਾਡੀ ਇਹੀ ਸੱਚੀ ਸ਼ਰਧਾਂਜ਼ਲੀ ਹੈ।





NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

‘ਕੇਅਰ ਇੰਕ’
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

# ਯੰਗਸਿਤਾਨ ਸਮਰ ਕੈਂਪ ’ਚ ਬੱਚਿਆਂ ਨੇ ਲਾਈਆਂ ਰੌਣਕਾਂ




ਕੈਲਗਰੀ:ਕੋਵਿਡ ਦੀਆਂ ਪਾਬੰਦੀਆਂ ਹੱਟਣ ਤੋਂ ਬਾਅਦ ਯੰਗਸਿਤਾਨ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਸੱਤ ਰੋਜ਼ਾ ਸਮਰ ਕੈਂਪ ਕੈਲਗਰੀ ਦੇ ਜੈਨਸਿਸ ਸੈਂਟਰ ਵਿੱਚ ਲਗਾਇਆ ਗਿਆ। ਕੈਂਪ ਵਿੱਚ ਮੈਡੀਟੇਸ਼ਨ, ਆਰਟ-ਕਰਾਫਟ, ਭੰਗੜਾ, ਸਪੋਰਟਸ, ਜਾਦੂਗਰ ਸ਼ੋਅ ਤੇ ਜਾਗਰੂਕਤਾ ਭਾਸ਼ਣਾਂ ਤੋਂ ਇਲਾਵਾ ਹੋਰ ਕਈ ਗਤੀਵਿਧੀਆਂ ਕਰਵਾਈਆਂ ਗਈਆਂ।

ਹਰ ਰੋਜ਼ ਦਿਨ ਦੀ ਸ਼ੁਰੂਆਤ ਮੈਡੀਟੇਸ਼ਨ ਦੀ ਕਲਾਸ ਨਾਲ਼ ਕੀਤੀ ਗਈ। ਇਸ ਤੋਂ ਬਾਅਦ ਅਮਨ ਰੰਧਾਵਾ ਤੇ ਸਤਿੰਦਰਪਾਲ ਧਾਲੀਵਾਲ ਦੀ ਨਿਗਰਾਨੀ ਹੇਠ ਪੇਸ਼ ਲਗਾਈ ਗਈ ਭੰਗੜੇ ਦੀ ਕਲਾਸ ਵਿੱਚ ਬੱਚਿਆਂ ਨੇ ਸਭ ਤੋਂ ਵੱਧ ਦਿਲਚਸਪੀ ਦਿਖਾਈ। ਬੱਚਿਆਂ ਦੀ ਰੰਗਾਂ ਨਾਲ਼ ਸਾਂਝ ਨੂੰ ਪੱਕਾ ਕਰਨ ਲਈ ਰੋਜ਼ਾਨਾ ਆਰਟ-ਕਰਾਫਟ ਕਲਾਸ ਵੀ ਲਗਾਈ ਗਈ ਜਿਸ ਵਿੱਚ ਬੱਚਿਆਂ ਨੇ ਆਪਣੇ ਮਨਾਂ ਦੀਆਂ ਤਰੰਗਾਂ ਨੂੰ ਕਾਗਜ਼ਾਂ ਉਪਰ ਉਤਾਰਿਆ।

ਕੈਂਪ ਵਿੱਚ ਸ਼ਾਮਲ ਬੱਚਿਆਂ ਚੰਗੇ ਵਿਸ਼ਿਆਂ ਬਾਰੇ ਸੰਵਾਦ ਰਚਾਉਣ ਲਈ ਮਾਹਿਰਾਂ ਨੇ ਉਹਨਾਂ ਨਾਲ਼ ਸੰਵਾਦ ਰਚਾਇਆ। ਵਲੰਟੀਅਰਾਂ ਬੱਚਿਆਂ ਨੂੰ ਵੱਖ ਵੱਖ ਖੇਡ ਗਤੀਵਿਧੀਆਂ ਰਾਹੀਂ ਸਿਖਾਇਆ।

ਮਾਪਿਆਂ ਨੇ ਯੰਗਸਿਤਾਨ ਦੀ ਸਮੁੱਚੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਕੋਵਿਡ ਦੌਰਾਨ ਬੱਚੇ ਘਰਾਂ ਵਿੱਚ ਬੈਠ ਕੇ ਅੱਕ ਗਏ ਸਨ ਪਰ ਸਮਰ ਕੈਂਪ ਵਿੱਚ ਆ ਕੇ ਬਹੁਤ ਖੁਸ਼ੀ ਮਹਿਸੂਸ ਕਰਦੇ ਹਨ।

Skyview
BLINDS & SHADES
Quality Never Lies



For all your window and wall covering needs contact
(587) 496-9783 | (403) 714-0416
info@skyviewshades.ca | www.skyviewshades.ca
Unit# 129, 10985 38 St NE Calgary, AB, T3N1E7



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-701-4947

# ਬੇਰੁਜ਼ਗਾਰ ਭਾਰਤ ਇਕ ਪੜਤਾਲ: 60 ਲੱਖ ਤੋਂ ਵੱਧ ਅਸਾਮੀਆਂ ਖਾਲੀ

**[ਵਿਸ਼ਵ ਗੁਰੂ ਬਣਨ ਦੇ ਦਾਅਵੇ ਕਰਨ ਵਾਲੀ ਆਰ.ਐੱਸ.ਐੱਸ.-ਭਾਜਪਾ ਦੇ ਰਾਜ ਦੀ ਜ਼ਮੀਨੀਂ ਹਕੀਕਤ ਕੀ ਹੈ, ਉਸ ਬਾਰੇ ਪਿਯੂਸ਼ ਸ਼ਰਮਾ ਦਾ ਇਹ ਅਧਿਐਨ ਅੱਖਾਂ ਖੋਹਲਣ ਵਾਲਾ ਹੈ। ਅਧਿਐਨ ਦੱਸਦਾ ਹੈ ਕਿ ਇਸ ਵਕਤ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਮਨਜ਼ੂਰਸ਼ੁਦਾ 60 ਲੱਖ ਤੋਂ ਵੱਧ ਅਸਾਮੀਆਂ ਖਾਲੀ ਹਨ। ਵਿਸ਼ੇ ਦੇ ਮਹੱਤਵ ਨੂੰ ਮੁੱਖ ਰੱਖਦਿਆਂ ਇਸ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। - ਸੰਪਾਦਕ]**

**-ਪਿਯੂਸ਼ ਸ਼ਰਮਾ**
**ਅਨੁਵਾਦ: ਬੂਟਾ ਸਿੰਘ**

ਏਨੀ ਵੱਡੀ ਗਿਣਤੀ ਵਿਚ ਖਾਲੀ ਅਸਾਮੀਆਂ ਮੋਦੀ ਸਰਕਾਰ ਦੀਆਂ ਕੰਜੂਸ ਅਤੇ ਲੋਕ ਵਿਰੋਧੀ ਨੀਤੀਆਂ ਦਾ ਨਤੀਜਾ ਹਨ।

ਜੇ ਮੁਲਕ ਵਿਚ ਸੱਚਮੁੱਚ ਕਿਸੇ ਰਾਹਤ ਪੈਕੇਜ ਦੀ ਜ਼ਰੂਰਤ ਹੈ, ਤਾਂ ਇਹ ਹੈ ਕਿ ਖਾਲੀ ਅਸਾਮੀਆਂ ਭਰੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਜ਼ਰੂਰਤ ਅਨੁਸਾਰ ਨਵੀਆਂ ਅਸਾਮੀਆਂ ਪੈਦਾ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਮੋਦੀ ਸਰਕਾਰ ਦੇ ਕਾਰਜਕਾਲ ਵਿਚ, ਜਿੱਥੇ ਬੇਰੁਜ਼ਗਾਰੀ ਇੰਨੀ ਜ਼ਿਆਦਾ ਹੈ, ਉੱਥੇ ਨਵੀਂਆਂ ਨੌਕਰੀਆਂ ਨਹੀਂ ਹਨ। ਦੂਜੇ ਪਾਸੇ, ਉਹ ਸਰਕਾਰੀ ਅਹੁਦੇ ਜੋ ਪਹਿਲਾਂ ਹੀ ਮਨਜ਼ੂਰ ਹਨ ਉਨ੍ਹਾਂ ਉੱਪਰ ਨਿਯੁਕਤੀਆਂ ਨਹੀਂ ਕੀਤੀਆਂ ਜਾ ਰਹੀਆਂ ਹਨ। ਕੇਂਦਰ ਅਤੇ ਰਾਜ ਸਰਕਾਰਾਂ ਦੇ ਵੱਖ-ਵੱਖ ਵਿਭਾਗਾਂ ਦੇ ਅੰਕੜਿਆਂ ’ਤੇ ਕੀਤੇ ਗਏ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਖਾਲੀ ਅਸਾਮੀਆਂ ਦੀ ਗਿਣਤੀ 60 ਲੱਖ ਤੋਂ ਵੱਧ ਹੈ।

ਭਾਰਤੀ ਜਨਤਾ ਪਾਰਟੀ (ਬੀਜੇਪੀ) ਦੀ ਅਗਵਾਈ ਵਾਲੀ ਨਰਿੰਦਰ ਮੋਦੀ ਸਰਕਾਰ ਅਤੇ ਰਾਜ ਸਰਕਾਰਾਂ ਦਾ ਰਵੱਈਆ ਬਹੁਤ ਉਦਾਸੀਨ ਹੈ, ਨੌਕਰੀਆਂ ਦੇਣ ਦੀ ਬਜਾਏ, ਇਸ ਗੱਲ ’ਤੇ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ ਕਿ ਅੰਕੜੇ ਕਿਵੇਂ ਲੁਕੋਏ ਜਾਣ। ਕੇਂਦਰ ਸਰਕਾਰ ਅਤੇ ਰਾਜਾਂ ਦੇ ਵੱਖ-ਵੱਖ ਵਿਭਾਗਾਂ ਵਿਚ ਖਾਲੀ ਅਸਾਮੀਆਂ ਦੀ ਸਥਿਤੀ ਬਾਰੇ ਜਾਣਨ ਲਈ ਅੰਕੜਿਆਂ ਦਾ ਅਧਿਐਨ ਕੀਤੇ ਜਾਣ ’ਤੇ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ।

ਅੰਕੜਿਆਂ ਅਨੁਸਾਰ ਕੇਂਦਰ ਅਤੇ ਰਾਜਾਂ ਵਿੱਚ 60 ਲੱਖ ਤੋਂ ਵੱਧ ਅਸਾਮੀਆਂ ਹਨ ਜੋ ਪਹਿਲਾਂ ਹੀ ਮਨਜ਼ੂਰਸ਼ੁਦਾ ਹਨ ਪਰ ਉਨ੍ਹਾਂ ਉੱਤੇ ਨਿਯੁਕਤੀ ਨਹੀਂ ਕੀਤੀ ਜਾ ਰਹੀ ਹੈ। ਇਨ੍ਹਾਂ ਵਿੱਚੋਂ 9.10 ਲੱਖ ਅਸਾਮੀਆਂ ਕੇਂਦਰ ਸਰਕਾਰ ਦੇ ਮੰਤਰਾਲਿਆਂ ਅਤੇ ਵਿਭਾਗਾਂ ਵਿੱਚ ਹਨ।

ਉੱਚ ਸਿੱਖਿਆ ਅਧੀਨ ਕੇਂਦਰੀ ਯੂਨੀਵਰਸਿਟੀ, IIT/IIIT/IIM/NIT ਅਤੇ ਕੇਂਦਰ ਸਰਕਾਰ ਦੇ ਹੋਰ ਵਿਦਿਅਕ ਅਦਾਰਿਆਂ ਵਿਚ ਲਗਭਗ 37 ਹਜ਼ਾਰ ਅਸਾਮੀਆਂ, ਕੇਂਦਰੀ ਵਿਦਿਆਲਿਆ (ਕੇਵੀ), ਜਵਾਹਰ ਨਵੋਦਿਆ ਵਿਦਿਆਲਿਆ ਅਤੇ ਰਾਜਾਂ ਵਿਚ ਪ੍ਰਾਇਮਰੀ ਸਿੱਖਿਆ ਦੇ ਸਕੂਲਾਂ ਵਿਚ 8.53 ਲੱਖ ਅਸਾਮੀਆਂ ਖਾਲੀ ਹਨ।

ਰੂਰਲ ਹੈਲਥ ਸਟੈਟਿਸਟਿਕਸ ਦੇ ਤਾਜ਼ਾ ਅੰਕੜਿਆਂ ਅਨੁਸਾਰ ਪੂਰੇ ਮੁਲਕ ’ਚ ਸਿਹਤ ਖੇਤਰ ਵਿਚ 1.68 ਲੱਖ ਅਤੇ ਆਂਗਣਵਾੜੀ ਵਿਚ 1.76 ਲੱਖ ਅਸਾਮੀਆਂ ਖਾਲੀ ਹਨ।

ਮੁਲਕ ਦੇ ਜਨਤਕ ਖੇਤਰ ਦੇ ਬੈਂਕਾਂ ਵਿਚ 2 ਲੱਖ ਅਸਾਮੀਆਂ, ਰੱਖਿਆ ਖੇਤਰ ਵਿਚ ਭਾਰਤੀ ਫ਼ੌਜ ਵਿਚ 1.07 ਲੱਖ ਅਸਾਮੀਆਂ, ਕੇਂਦਰੀ ਆਰਮਡ ਪੁਲਿਸ ਫੋਰਸ ਵਿਚ ਲਗਭਗ 92 ਹਜ਼ਾਰ ਅਸਾਮੀਆਂ ਅਤੇ ਇਸ ਦੇ ਨਾਲ ਹੀ ਰਾਜਾਂ ਦੇ ਪੁਲਿਸ ਵਿਭਾਗ ਵਿਚ 5.31 ਲੱਖ ਅਸਾਮੀਆਂ, ਪੂਰੇ ਮੁਲਕ ਦੀਆਂ ਅਦਾਲਤਾਂ ਸੁਪਰੀਮ ਕੋਰਟ, ਹਾਈ ਕੋਰਟ ਅਤੇ ਹੇਠਲੀਆਂ ਅਦਾਲਤਾਂ ਸ਼ਾਮਲ ਹਨ, ਵਿਚ ਪੰਜ ਹਜ਼ਾਰ ਤੋਂ ਵੱਧ ਅਸਾਮੀਆਂ ਖਾਲੀ ਹਨ।

ਆਲ ਇੰਡੀਆ ਸਟੇਟ ਗੌਰਮਿੰਟ ਐਂਪਲਾਈਜ਼ ਫੈਡਰੇਸ਼ਨ (ਏ ਆਈ ਐਸ ਜੀ ਈ ਐੱਫ) ਦੇ ਅਨੁਸਾਰ ਜੇ ਵੱਖ ਵੱਖ ਰਾਜ ਸਰਕਾਰਾਂ ਵਿਚ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਨੂੰ ਜੋੜ ਦਿੱਤਾ ਜਾਵੇ ਤਾਂ ਇਹ ਗਿਣਤੀ ਰਾਜਾਂ ਵਿਚ 30 ਲੱਖ ਤੋਂ ਵੱਧ ਹੋ ਜਾਵੇਗੀ।

ਖਾਲੀ ਪਈਆਂ ਅਸਾਮੀਆਂ ਦੇ ਅੰਕੜੇ, ਕੇਂਦਰੀ ਸਰਕਾਰ ਵਿਭਾਗਾਂ ਅਤੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੇ ਅੰਕੜੇ, ਵਿੱਤ ਮੰਤਰਾਲੇ ਦੇ ਖ਼ਰਚ ਵਿਭਾਗ ਦੇ ਤਨਖਾਹ ਅਦਾਇਗੀ ਯੂਨਿਟ (ਪੀ.ਏ.ਈ. ਰਿਸਰਚ ਯੂਨਿਟ) ਦੀ ਤਨਖ਼ਾਹ ਅਤੇ ਭੱਤਿਆਂ ਬਾਰੇ ਸਾਲਾਨਾ ਰਿਪੋਰਟ ਤੋਂ, ਸਿਹਤ ਨਾਲ ਸੰਬੰਧਤ ਅੰਕੜੇ, ਪੇਂਡੂ ਸਿਹਤ ਅੰਕੜੇ (ਆਰ.ਐੱਚ.ਐੱਸ.) 2019-20 ਤੋਂ, ਆਂਗਣਵਾੜੀ ਦੇ ਅੰਕੜੇ ਲੋਕ ਸਭਾ ਦੇ ਸਵਾਲ ਨੰਬਰ 3980, ਉੱਚ ਵਿਦਿਆ ’ਚ ਕੇਂਦਰੀ ਵਿਦਿਅਕ ਸੰਸਥਾਵਾਂ ਦਾ ਵੇਰਵਾ ਸਵਾਲ ਨੰਬਰ 1172, ਭਾਰਤੀ ਫ਼ੌਜ ਦੇ ਅੰਕੜੇ ਰਾਜ ਸਭਾ ਸਵਾਲ ਨੰਬਰ 2903, ਨਿਆਂ ਵਿਭਾਗ ਵਿਭਾਗ ਲੋਕ ਸਭਾ ਦੇ ਸਵਾਲ ਨੰਬਰ 29, ਰਾਜਾਂ ਵਿਚ ਖਾਲੀ ਪਈਆਂ ਪੁਲਿਸ ਅਸਾਮੀਆਂ ਦੇ ਅੰਕੜੇ ਪੁਲਿਸ ਖੋਜ ਅਤੇ ਵਿਕਾਸ ਬਿਊਰੋ ਦੀ ਰਿਪੋਰਟ, ਪ੍ਰਾਇਮਰੀ ਸਕੂਲਾਂ ਵਿਚ ਅਧਿਆਪਕਾਂ ਦੇ ਅੰਕੜੇ ਰਾਜ ਸਭਾ ਦੇ ਸਵਾਲ ਨੰਬਰ 1166, ਕੇਂਦਰੀ ਵਿਦਿਆਲਿਆ ਦੇ ਅੰਕੜੇ ਸੂਚਨਾ ਦੇ ਅਧਿਕਾਰ (ਆਰਟੀਆਈ) ਅਤੇ ਜਵਾਹਰ ਨਵੋਦਿਆ ਵਿਦਿਆਲਿਆ ਦੇ ਅੰਕੜੇ ਰਾਜ ਸਭਾ ਦੇ ਸਵਾਲ ਨੰਬਰ 2579 ਤੋਂ ਲਏ ਗਏ ਹਨ।

ਮੁਲਕ ਦੇ ਕਰੋੜਾਂ ਨੌਜਵਾਨ ਕੰਮ ਦੀ ਘਾਟ ਕਾਰਨ ਰੋਜ਼ਗਾਰ ਲਈ ਬੇਚੈਨ ਹਨ। ਇਸ ਦੇ ਨਾਲ ਹੀ, ਜਦੋਂ ਮੁਲਕ ਵਿਚ ਬੇਰੁਜ਼ਗਾਰੀ ਆਪਣੇ ਸਿਖਰ ’ਤੇ ਹੈ, ਤਾਂ ਇੰਨੀ ਵੱਡੀ ਗਿਣਤੀ ਵਿਚ ਅਸਾਮੀਆਂ ਖਾਲੀ ਦੇਖ ਕੇ ਨਿਰਾਸ਼ਾ ਹੁੰਦੀ ਹੈ। ਬੇਜੀਪੀ ਦੀ ਅਗਵਾਈ ਵਾਲੀ ਨਰਿੰਦਰ ਮੋਦੀ ਸਰਕਾਰ ਅਤੇ ਰਾਜ ਸਰਕਾਰਾਂ ਰੋਜ਼ਗਾਰ ਨੂੰ ਲੈ ਕੇ ਕਿੰਨੀਆਂ ਕੁ ਚਿੰਤਤ ਹਨ, ਇਸ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅਸਾਮੀਆਂ ਦੀ ਗਿਣਤੀ ਲਗਾਤਾਰ ਸਾਲ-ਦਰ-ਸਾਲ ਵਧ ਰਹੀ ਹੈ, ਪਰ ਇਸ ਦੇ ਬਾਵਜੂਦ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ। ਸਿਰਫ਼ ਕੇਂਦਰ ਸਰਕਾਰ ਦੇ ਵੱਖ ਵੱਖ ਮੰਤਰਾਲਿਆਂ ਅਤੇ ਵਿਭਾਗਾਂ ਵਿਚ ਹੀ ਸਾਲ 2014-15 ਵਿਚ 4.21 ਲੱਖ ਅਸਾਮੀਆਂ ਖਾਲੀ ਸਨ, ਜੋ ਕਿ ਇਨ੍ਹਾਂ ਵਿਭਾਗਾਂ ਵਿਚ ਮਨਜ਼ੂਰਸ਼ੁਦਾ ਅਸਾਮੀਆਂ ਦਾ 11.5 ਪ੍ਰਤੀਸ਼ਤ ਸੀ। ਸਾਲ 2018-19 ਵਿਚ ਇਨ੍ਹਾਂ ਖਾਲੀ ਅਸਾਮੀਆਂ ਦੀ ਗਿਣਤੀ ਵਧ ਕੇ 9.10 ਲੱਖ ਹੋ ਗਈ ਹੈ, ਜੋ ਕਿ ਮਨਜ਼ੂਰਸ਼ੁਦਾ ਕੁਲ ਅਸਾਮੀਆਂ ਦਾ 22.76 ਪ੍ਰਤੀਸ਼ਤ ਹੈ, ਯਾਨੀ ਕਿ ਖਾਲੀ ਅਸਾਮੀਆਂ ਦੀ ਗਿਣਤੀ 2014-15 ਤੋਂ 2018-19 ਦੇ ਵਿਚਕਾਰ ਦੁੱਗਣੀ ਹੋ ਗਈ ਹੈ।

ਪਿਛਲੇ ਕੁਝ ਸਾਲਾਂ ਵਿਚ, ਮਹਿਸੂਸ ਕੀਤਾ ਗਿਆ ਹੈ ਕਿ ਹਰ ਸਾਲ ਵੱਖ ਵੱਖ ਵਿਭਾਗਾਂ ਵਿਚ, ਜਨਤਕ ਖੇਤਰ ਦੀਆਂ ਇਕਾਈਆਂ, ਵੱਖ ਵੱਖ ਕੇਂਦਰੀ ਅਦਾਰਿਆਂ, ਜਨਤਕ ਖੇਤਰ ਦੇ ਬੈਂਕਾਂ ਵਿਚ ਹੋਣ ਵਾਲੀਆਂ ਨਿਯੁਕਤੀਆਂ ਵਿਚ ਕਾਫ਼ੀ ਕਮੀ ਆਈ ਹੈ।

ਆਲ ਇੰਡੀਆ ਬੈਂਕ ਇੰਪਲਾਈਜ਼ ਐਸੋਸੀਏਸ਼ਨ (ਏ.ਆਈ.ਬੀ.ਈ.ਏ.) ਦੇ ਜਨਰਲ ਸਕੱਤਰ ਸੀ.ਐੱਚ. ਵੈਂਕਟਾਚਲਮ ਦਾ ਕਹਿਣਾ ਹੈ ਕਿ ਬੈਂਕਾਂ ਵਿਚ ਦੋ ਲੱਖ ਤੋਂ ਵੱਧ ਕਲਾਸ-4, ਕਲਾਸ-3 ਅਤੇ ਅਧਿਕਾਰੀ ਕਾਡਰ ਦੀਆਂ ਅਸਾਮੀਆਂ ਖਾਲੀ ਹਨ, ਜਿਨ੍ਹਾਂ ਨੂੰ ਬੈਂਕ ਭਰਨਾ ਨਹੀਂ ਚਾਹੁੰਦੇ ਹਨ। ਇਸਦੇ ਨਾਲ ਹੀ, ਬੈਂਕ ਕਰਮਚਾਰੀਆਂ ਨੂੰ ਠੇਕੇ ’ਤੇ ਘੱਟ ਤਨਖਾਹ ’ਤੇ ਰੱਖਦੇ ਹਨ ਅਤੇ ਆਉਟਸੋਰਸ ਕੀਤੇ ਕਰਮਚਾਰੀਆਂ ਤੋਂ ਸਥਾਈ ਕਰਮਚਾਰੀਆਂ ਵਾਂਗ ਕੰਮ ਲੈ ਰਹੇ ਹਨ। ਦੂਜੇ ਪਾਸੇ, ਸਰਕਾਰ ਸਰਕਾਰੀ ਅਦਾਰਿਆਂ ਵਿਚ ਨਿਪੁੰਨਤਾ ਅਤੇ ਕਾਰਜ-ਕੁਸ਼ਲਤਾ ਦੀ ਗੱਲ ਕਰਦੀ ਹੈ, ਪਰ ਉਸੇ ਸਮੇਂ ਜਦੋਂ ਨਿਯਮਤ ਕਰਮਚਾਰੀਆਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ. ਤਾਂ ਕੁਸ਼ਲਤਾ ਬਿਹਤਰ ਕਿਵੇਂ ਹੋ ਸਕਦੀ ਹੈ?

ਕਰਮਚਾਰੀਆਂ ’ਤੇ ਕੰਮ ਦਾ ਵਧੇਰੇ ਬੋਝ ਹੋਣ ਕਾਰਨ ਉਹ ਨਿਰਾਸ਼ਾ, ਤਣਾਅ ਅਤੇ ਮਾਨਸਿਕ ਦਬਾਅ ਕਾਰਨ ਆਪਣਾ ਕੰਮ ਸਮੇਂ’ ਤੇ ਪੂਰਾ ਨਹੀਂ ਕਰ ਪਾਉਂਦੇ। ਇਸ ਸਮੇਂ ਬੈਂਕਾਂ ਵਿਚ ਕਾਰੋਬਾਰ ਪਹਿਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਵਧਿਆ ਹੈ, ਜਿਸ ਕਾਰਨ ਕਰਮਚਾਰੀਆਂ ਦੇ ਕੰਮ ਵਿਚ ਚੋਖਾ ਵਾਧਾ ਹੋਇਆ ਹੈ। ਬਹੁਤ ਸਾਰੀਆਂ ਸਰਕਾਰੀ ਯੋਜਨਾਵਾਂ ਸਿਰਫ ਬੈਂਕਾਂ ਜ਼ਰੀਏ ਹੀ ਲਾਗੂ ਕੀਤੀਆਂ ਜਾਂਦੀਆਂ ਹਨ। ਅਜਿਹੀ ਸਥਿਤੀ ’ਚ, ਨਿਯਮਤ ਅਤੇ ਸਥਾਈ ਕਰਮਚਾਰੀ ਰੱਖਣਾ ਬਿਹਤਰ ਹੈ। ਕਰਮਚਾਰੀ ਕੁਸ਼ਲਤਾ ਨਾਲ ਕੰਮ ਕਰ ਸਕਣ, ਇਸ ਲਈ ਇਹ ਜ਼ਰੂਰੀ ਹੈ ਕਿ ਜਲਦੀ ਹੀ ਬੈਂਕਾਂ ਵਿਚ 2 ਲੱਖ ਤੋਂ ਵੱਧ ਖਾਲੀ ਅਸਾਮੀਆਂ ਭਰੀਆਂ ਜਾਣ।

ਕੇਂਦਰ ਸਰਕਾਰ ਦੇ ਕਰਮਚਾਰੀ ਅਤੇ ਮਜ਼ਦੂਰ ਸੰਘ ਦੇ ਜਨਰਲ ਸਕੱਤਰ ਆਰ.ਐਨ. ਪਰਾਸ਼ਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੇ ਸਾਰੇ ਵਿਭਾਗਾਂ ਵਿਚ, ਵੱਖ ਵੱਖ ਪੀਐਸਯੂ, ਖੁਦਮੁਖਤਿਆਰੀ ਸੰਸਥਾਵਾਂ ਜਿਵੇਂ ਆਈਆਈਟੀ,













ਆਈਆਈਐਮ, ਇਸਰੋ, ਬਹੁਤ ਸਾਰੇ ਵਿਗਿਆਨਕ ਖੋਜ ਅਦਾਰਿਆਂ, ਬੈਂਕਾਂ ਵਿਚ ਕੁਲ ਮਿਲਾ ਕੇ 24 ਲੱਖ ਅਸਾਮੀਆਂ ਖਾਲੀ ਪਈਆਂ ਹਨ, ਹਰੇਕ ਵਿਭਾਗ ਵਿਚ 30 ਤੋਂ 35 ਪ੍ਰਤੀਸ਼ਤ ਅਸਾਮੀਆਂ ਖਾਲੀ ਹਨ. ਕੁਝ ਵਿਭਾਗਾਂ ਵਿਚ ਤਾਂ ਵੀ 40 ਤੋਂ 50 ਪ੍ਰਤੀਸ਼ਤ ਅਸਾਮੀਆਂ ਖਾਲੀ ਪਈਆਂ ਹਨ। ਸਰਕਾਰ ਜਨਤਕ ਖੇਤਰ ਨੂੰ ਨਿਰੰਤਰ ਵੇਚਣ ਲਈ ਤਾਹੂ ਹੈ।

ਪਹਿਲਾਂ ਜਨਤਕ ਖੇਤਰ ਵਿਚ ਸਰਕਾਰ ਦੀ ਹਿੱਸੇਦਾਰੀ 51 ਪ੍ਰਤੀਸ਼ਤ ਤੋਂ 76 ਪ੍ਰਤੀਸ਼ਤ ਤੱਕ ਹੁੰਦੀ ਸੀ ਅਤੇ ਇਸ ਤੋਂ ਇਲਾਵਾ ਮੁਨਾਫਿਆਂ ਵਿਚ ਵੀ ਹਿੱਸਾ ਮਿਲਦਾ ਸੀ, ਪਰ ਜਦੋਂ ਸਰਕਾਰ ਆਪਣੇ ਸ਼ੇਅਰ ਵੇਚ ਦਿੰਦੀ ਹੈ ਤਾਂ ਇਸ ਨੂੰ ਇਕਮੁਸ਼ਤ ਰਕਮ ਤਾਂ ਮਿਲ ਜਾਂਦੀ ਹੈ, ਪਰ ਇਸ ਤੋਂ ਹੋਣ ਵਾਲੀ ਨਿਯਮਤ ਆਮਦਨੀ ਖ਼ਤਮ ਹੋ ਗਈ। ਕੇਂਦਰ ਦੀ ਮੋਦੀ ਸਰਕਾਰ ਨੇ ਕਿਹਾ ਸੀ ਕਿ 'ਘੱਟੋ ਘੱਟ ਸਰਕਾਰ, ਵੱਧ ਤੋਂ ਵੱਧ ਸ਼ਾਸਨ', ਜਿਸ ਕਾਰਨ ਲੋਕਾਂ ਨੇ ਸੋਚਿਆ ਕਿ ਸ਼ਾਇਦ ਮੰਤਰੀ-ਮੰਡਲ ਛੋਟਾ ਹੋਵੇਗਾ ਜੋ ਵਧੇਰੇ ਕੰਮ ਕਰੇਗਾ, ਪਰ ਹੁਣ ਇਹ ਪਰਿਭਾਸ਼ਾ ਨਹੀਂ ਹੈ। ਸਗੋਂ ਮੋਦੀ ਦੀ ਪਰਿਭਾਸ਼ਾ ਇਹ ਹੈ ਕਿ ਇੱਥੇ ਘੱਟ ਸਰਕਾਰੀ ਵਿਭਾਗ ਅਤੇ ਸਰਕਾਰੀ ਅਦਾਰੇ ਹੋਣੇ ਚਾਹੀਦੇ ਹਨ, ਘੱਟ ਕਰਮਚਾਰੀ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਤੋਂ ਵੱਧ ਤੋਂ ਵੱਧ ਕੰਮ ਲਿਆ ਜਾਣਾ ਚਾਹੀਦਾ ਹੈ ਅਤੇ ਬਾਕੀ ਆਉਟਸੋਰਸ 'ਚ ਬੰਧੂਆ ਮਜ਼ਦੂਰੀ ਕਰਵਾ ਕੇ ਕੰਮ ਲਿਆ ਜਾਵੇ, ਜਿਸਦੀ ਨੌਕਰੀ ਦੀ ਕੋਈ ਸੁਰੱਖਿਆ ਨਹੀਂ ਹੈ ਅਤੇ ਕਿਸੇ ਸਮਾਜਿਕ ਸੁਰੱਖਿਆ ਅਦਾ ਕਰਨ ਦੀ ਜ਼ਰੂਰਤ ਨਹੀਂ ਹੈ। ਅਟਲ ਬਿਹਾਰੀ ਵਾਜਪਾਈ ਸਰਕਾਰ ਨੇ ਪੈਨਸ਼ਨ ਖ਼ਤਮ ਕੀਤੀ ਅਤੇ ਹੁਣ ਮੋਦੀ ਨੌਕਰੀ ਖ਼ਤਮ ਕਰਨ 'ਤੇ ਤੁਲੇ ਹੋਏ ਹਨ।

**ਰਾਜਾਂ ਵਿਚ ਖਾਲੀ ਪਈਆਂ ਅਸਾਮੀਆਂ** : ਮੋਦੀ ਸਰਕਾਰ ਰਾਜਾਂ ਵਿਚ ਖਾਲੀ ਅਸਾਮੀਆਂ ਬਾਰੇ ਪੂਰੀ ਤਰ੍ਹਾਂ ਚੁੱਪ ਹੈ ਅਤੇ ਰਾਜ ਵਿਚ ਖਾਲੀ ਅਸਾਮੀਆਂ ਦਾ ਐਲਾਨ ਕਰਨ ਤੋਂ ਇਨਕਾਰੀ ਹੈ, ਕਿਉਂਕਿ ਉਸ ਦਾ ਮੰਨਣਾ ਹੈ ਕਿ ਇਹ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੈ। ਰਾਜ ਦੇ ਬਜਟ ਦਸਤਾਵੇਜ਼ਾਂ ਅਨੁਸਾਰ ਇਕੱਲੇ ਉੱਤਰ ਪ੍ਰਦੇਸ਼ ਵਿਚ 13 ਲੱਖ ਅਸਾਮੀਆਂ ਮਨਜ਼ੂਰ ਹਨ ਜਿਨ੍ਹਾਂ ਵਿਚੋਂ 4 ਲੱਖ ਤੋਂ ਵੱਧ ਖਾਲੀ ਹਨ।

ਰਾਜਾਂ ਵਿਚ ਸਰਕਾਰੀ ਅਸਾਮੀਆਂ ਬਾਰੇ ਚਰਚਾ ਕਰਦਿਆਂ ਆਲ ਇੰਡੀਆ ਰਾਜ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ (ਏ ਆਈ ਐਸ ਜੀ ਈ ਐੱਫ) ਦੇ ਜਨਰਲ ਸੈਕਟਰੀ ਸੁਭਾਸ਼ ਲਾਂਬਾ ਦਾ ਕਹਿਣਾ ਹੈ ਕਿ ਆਬਾਦੀ ਅਤੇ ਕੰਮ ਦੇ ਮਾਮਲੇ ਵਿਚ ਸਾਰੇ ਰਾਜਾਂ ਵਿਚ 30 ਲੱਖ ਤੋਂ ਵੱਧ ਅਸਾਮੀਆਂ ਖਾਲੀ ਹਨ। ਐਨੀ ਵੱਡੀ ਗਿਣਤੀ 'ਚ ਅਸਾਮੀਆਂ ਖਾਲੀ ਹੋਣ ਕਾਰਨ, ਮੌਜੂਦਾ ਨਿਯੁਕਤ ਕਰਮਚਾਰੀ ਵਾਧੂ ਬੋਝ ਕਾਰਨ ਤਸੱਲੀਬਖ਼ਸ਼ ਸੇਵਾਵਾਂ ਮੁਹੱਈਆ ਨਹੀਂ ਕਰ ਸਕਦੇ। ਰਾਜ ਸਰਕਾਰ ਖਾਲੀ ਅਸਾਮੀਆਂ ਦੀ ਨਿਯੁਕਤੀ ਨਾ ਕਰਕੇ ਪੈਸੇ ਬਚਾਉਂਦੀ ਹੈ, ਕਿਉਂਕਿ ਅਸਾਮੀਆਂ ਨੂੰ ਭਰਨ ਲਈ ਰਾਜਾਂ ਨੂੰ ਬਜਟ ਵਿਚ ਵੱਡੀ ਰਕਮ ਦੀ ਜ਼ਰੂਰਤ ਹੋਏਗੀ, ਜਿਸ ਨੂੰ ਬਚਾਉਣ ਲਈ ਰਾਜ ਸਥਾਈ ਨਿਯੁਕਤੀਆਂ ਦੀ ਬਜਾਏ ਠੇਕੇ 'ਤੇ ਨਿਯੁਕਤੀਆਂ ਕਰਦੇ ਹਨ, ਅਤੇ ਜਦੋਂ ਠੇਕੇ 'ਤੇ ਰੱਖੇ ਕਰਮਚਾਰੀਆਂ ਦੀ ਕੋਈ ਨੌਕਰੀ ਦੀ ਸੁਰੱਖਿਆ ਨਹੀਂ ਹੈ, ਤਾਂ ਉਹ ਸਥਾਈ ਕਰਮਚਾਰੀਆਂ ਦੀ ਤਰ੍ਹਾਂ ਕੰਮ ਵੀ ਨਹੀਂ ਕਰਨਗੇ ਅਤੇ ਉਨ੍ਹਾਂ ਦੀ ਉਸ ਤਰ੍ਹਾਂ ਨਾਲ ਕੋਈ ਜ਼ਿੰਮੇਵਾਰੀ ਨਹੀਂ ਹੈ। ਸਥਾਈ ਨਿਯੁਕਤੀਆਂ ਨਾ ਕਰਨ ਦਾ ਹਰਜ਼ਾਨਾ ਸਭ ਤੋਂ ਜ਼ਿਆਦਾ ਇਸ ਸਮੇਂ ਵਾਧੂ ਬੋਝ ਹੇਠ ਕੰਮ ਕਰ ਰਹੇ ਕਰਮਚਾਰੀਆਂ ਅਤੇ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ, ਇਸ ਸਭ ਦੇ ਬਾਵਜੂਦ ਰਾਜ ਇਸ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ। ਪਿਛਲੇ ਕੁਝ ਸਾਲਾਂ 'ਚ ਵੱਡੀ ਗਿਣਤੀ ਵਿਚ ਕਰਮਚਾਰੀ ਸੇਵਾ ਮੁਕਤ ਹੋ ਗਏ ਹਨ, ਜਿਸ ਕਾਰਨ ਖਾਲੀ ਅਸਾਮੀਆਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ ਹੈ ਕਿਉਂਕਿ ਇਨ੍ਹਾਂ ਖਾਲੀ ਅਸਾਮੀਆਂ 'ਤੇ ਸਥਾਈ ਭਰਤੀ ਨਹੀਂ ਕੀਤੀ ਗਈ ਹੈ। ਇਹ ਖਾਲੀ ਅਸਾਮੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਜਿਨ੍ਹਾਂ ਨੂੰ ਬਹੁਤ ਪਹਿਲਾਂ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਮਨਜ਼ੂਰ ਕੀਤਾ ਗਿਆ ਸੀ, ਅੱਜ ਜਦੋਂ ਆਬਾਦੀ ਵਿਚ ਬਹੁਤ ਵਾਧਾ ਹੋ ਰਿਹਾ ਹੈ ਤਾਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ ਵਧਾਉਣ ਦੀ ਲੋੜ ਹੈ। ਮੌਜੂਦਾ ਅਬਾਦੀ ਅਤੇ ਕੰਮ ਦੇ ਮੱਦੇਨਜ਼ਰ ਰਾਜਾਂ ਵਿਚ ਲਗਭਗ 15 ਤੋਂ 20 ਲੱਖ ਨਵੀਆਂ ਅਸਾਮੀਆਂ ਪੈਦਾ ਕੀਤੀਆਂ ਜਾਣੀਆਂ ਚਾਹੀਦੀਆਂ ਹਨ।



ਸਥਾਈ ਨਿਯੁਕਤੀਆਂ ਸਰਕਾਰੀ ਪ੍ਰਣਾਲੀ ਵਿਚ ਇੰਨੀਆਂ ਮਹੱਤਵਪੂਰਣ ਕਿਉਂ ?

ਕੋਰੋਨਾ ਮਹਾਂਮਾਰੀ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਤ੍ਰਾਸਦੀ ਦੌਰਾਨ ਸਿਰਫ਼ ਸਰਕਾਰੀ ਤੰਤਰ ਹੀ ਮਜ਼ਬੂਤੀ ਨਾਲ ਲੜ ਰਿਹਾ ਸੀ ਅਤੇ ਉਨ੍ਹਾਂ ਵਿੱਚੋਂ ਵੀ ਜ਼ਰੂਰੀ ਸੇਵਾਵਾਂ ਦਾ ਖੇਤਰ, ਜਿਸ ਵਿਚ ਸਿਹਤ, ਪੁਲਿਸ, ਬੈਂਕ ਲਗਾਤਾਰ ਲੋਕਾਂ ਨੂੰ ਸਹੂਲਤਾਂ ਮੁਹੱਈਆ ਕਰ ਰਹੇ ਸਨ, ਪਰ ਨਿੱਜੀ ਖੇਤਰ ਕਿਧਰੇ ਵੀ ਨਜ਼ਰ ਨਹੀਂ ਆ ਰਿਹਾ ਸੀ, ਜਾਂ ਜੋ ਵੀ ਸੀ, ਉਹ ਸਿਰਫ਼ ਮੁਨਾਫਾ ਕਮਾਉਣ ਵਿਚ ਰੁੱਝਿਆ ਹੋਇਆ ਸੀ, ਜਿਸ ਕਾਰਨ ਪ੍ਰਾਈਵੇਟ ਸੈਕਟਰ ਆਮ ਲੋਕਾਂ ਦੀ ਬਹੁਗਿਣਤੀ ਤੋਂ ਦੂਰ ਸੀ। ਦੂਜੇ ਪਾਸੇ ਸਰਕਾਰੀ ਤੰਤਰ ਵਿਚ ਸਟਾਫ ਅਤੇ ਸਹੂਲਤਾਂ ਦੀ ਘਾਟ ਕਾਰਨ ਆਮ ਲੋਕ ਦਰ ਦਰ ਭਟਕਦੇ ਵੇਖੇ ਗਏ।

ਮੁੱਖ ਖੇਤਰਾਂ ਜਿਵੇਂ ਕਿ ਸਿੱਖਿਆ ਅਤੇ ਸਿਹਤ ਦੀਆਂ ਖਾਲੀ ਅਸਾਮੀਆਂ ਦੇ ਜੋ ਸਭ ਤੋਂ ਹੈਰਤਅੰਗੇਜ਼ ਅੰਕੜੇ ਹਨ ਉਸ ਦਾ ਸਭ ਤੋਂ ਵੱਡਾ ਕਾਰਨ ਬਹੁਤ ਹੀ ਘੱਟ ਫੰਡ ਅਤੇ ਫੰਡਾਂ ਵਿਚ ਕਟੌਤੀ ਹੈ, ਜਿਸ ਕਾਰਨ ਸਕੂਲਾਂ ਅਤੇ ਕਾਲਜਾਂ 'ਚੋਂ ਲੱਖਾਂ ਅਧਿਆਪਕ ਗ਼ਾਇਬ ਹਨ, ਅਤੇ ਇੱਥੋਂ ਤੱਕ ਕਿ ਨਾਮਵਰ ਸੰਸਥਾਵਾਂ, ਆਈਆਈਐਮ ਅਤੇ ਆਈਆਈਟੀ 'ਚ ਵੀ। ਨਾਲ ਹੀ, ਮੋਦੀ ਸ਼ਾਸਨ ਦੌਰਾਨ ਸਿੱਖਿਆ ਅਤੇ ਸਿਖਲਾਈ ਦੇ ਪੱਧਰ ਵਿਚ ਗਿਰਾਵਟ ਆਈ ਹੈ, ਜਿਸ ਨੂੰ 'ਏਐਸਆਰ' (ਸਿੱਖਿਆ ਦੀ ਸਾਲਾਨਾ ਸਥਿਤੀ ਦੀ ਰਿਪੋਰਟ) ਵਿਚ ਵਿਸਥਾਰ ਨਾਲ ਵੇਖਿਆ ਜਾ ਸਕਦਾ ਹੈ। ਸਿੱਖਿਆ ਪ੍ਰਣਾਲੀ ਦੀ ਇਹ ਘਾਟ ਭਾਰਤ ਦੇ ਭਵਿੱਖ ਨੂੰ ਹਨੇਰੇ ਵਿਚ ਸੁੱਟ ਰਹੀ ਹੈ।

ਨੈਸ਼ਨਲ ਹੈਲਥ ਮਿਸ਼ਨ ਪ੍ਰੋਗਰਾਮ ਵਿਚ ਇਸੇ ਤਰ੍ਹਾਂ ਦੀ ਲਾਪਰਵਾਹੀ ਵਾਲੀ ਪਹੁੰਚ ਨਜ਼ਰ ਆਉਂਦੀ ਹੈ ਜੋ ਕਿ ਭਾਰਤੀ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਵਾਲਾ ਮੁੱਖ ਪ੍ਰੋਗਰਾਮ ਹੈ। ਦਿਹਾਤੀ ਸਿਹਤ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਮਾਹਰ, ਜਨਰਲ ਪ੍ਰੈਕਟੀਸ਼ਨਰ, ਨਰਸਾਂ, ਟੈਕਨੀਸ਼ੀਅਨ ਅਤੇ ਹੋਰ ਪੈਰਾਮੈਡੀਕਲ ਸਟਾਫ਼ ਸਮੇਤ ਮੁੱਖ ਸਿਹਤ ਕਰਮਚਾਰੀਆਂ ਦੀਆਂ 1.68 ਲੱਖ ਅਸਾਮੀਆਂ ਖਾਲੀ ਹਨ। ਇਸ ਤੋਂ ਇਲਾਵਾ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ 1.76 ਲੱਖ ਅਸਾਮੀਆਂ ਖਾਲੀ ਹਨ ਜੋ ਪੋਸ਼ਣ ਅਤੇ ਬੱਚਿਆਂ ਦੀ ਦੇਖਭਾਲ ਦੀਆਂ ਸੇਵਾਵਾਂ ਦਿੰਦੇ ਹਨ, ਜਿਨ੍ਹਾਂ ਦੀ ਭਰਤੀ ਨਹੀਂ ਕੀਤੀ ਗਈ। ਐਨਐਫਐਚਐਸ-5 ਦੇ ਅੰਕੜੇ ਦਰਸਾਉਂਦੇ ਹਨ ਕਿ ਪਿਛਲੇ ਪੰਜ ਸਾਲਾਂ ਵਿਚ ਮਧਰੇ (ਉਮਰ ਦੇ ਹਿਸਾਬ ਨਾਲ ਘੱਟ ਕੱਦ), ਕਮਜ਼ੋਰ (ਕੱਦ ਦੇ ਹਿਸਾਬ ਨਾਲ ਘੱਟ ਭਾਰ) ਅਤੇ ਕੁਪੋਸ਼ਿਤ (ਉਮਰ ਦੇ ਹਿਸਾਬ ਨਾਲ ਘੱਟ ਭਾਰ) ਬੱਚਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਬੱਚਿਆਂ ਦੀ ਸਿਹਤ ਵਿਚ ਸੁਧਾਰ ਦੇ ਇਕ ਦਹਾਕੇ ਦੇ ਉਲਟ ਇਹ ਸਥਿਤੀ ਬਣੀ ਹੋਈ ਹੈ। ਇਸਦੇ ਨਾਲ ਹੀ, ਅਦਾਲਤਾਂ ਵਿਚ ਵੱਡੀ ਗਿਣਤੀ ਵਿਚ ਖਾਲੀ ਅਸਾਮੀਆਂ ਕਾਰਨ 4.28 ਕਰੋੜ ਅਦਾਲਤੀ ਕੇਸ ਲਟਕੇ ਹੋਏ ਹਨ।

**ਅਰਥਸ਼ਾਸਤਰੀ ਕੀ ਕਹਿੰਦੇ ਹਨ** : ਸਰਕਾਰੀ ਅਹੁਦੇ 'ਤੇ ਬਿਰਾਜਮਾਨ ਵਿਕਾਸ ਅਰਥਸ਼ਾਸਤਰੀ ਦੀਪਾ ਸਿਨਹਾ ਕਹਿੰਦੀ ਹੈ ਕਿ ਮੁਲਕ ਦੇ ਜੋ ਹਾਲਾਤ ਹਨ ਉਸ ਵਿਚ ਖਾਲੀ ਪਈਆਂ ਅਸਾਮੀਆਂ ਨੂੰ ਫਿਲਹਾਲ ਭਰਨਾ ਇਕ ਵਧੀਆ ਕਦਮ ਹੋਵੇਗਾ ਕਿਉਂਕਿ ਇਸ ਸਮੇਂ ਮੰਡੀ 'ਚ ਮੰਗ ਦੀ ਘਾਟ ਹੈ। ਲੋਕਾਂ ਕੋਲ ਨੌਕਰੀਆਂ ਨਹੀਂ ਹਨ, ਇਹ ਜੋ ਖਾਲੀ ਅਸਾਮੀਆਂ ਹਨ, ਉੱਥੇ ਹਰ ਪੱਧਰ ਦੇ ਕਰਮਚਾਰੀ ਹੋਣਗੇ ਅਤੇ ਇਹ ਅਜਿਹੇ ਲੋਕ ਹਨ, ਜੋ ਪੈਸਾ ਹੱਥ 'ਚ ਹੋਣ 'ਤੇ ਖ਼ਰਚ ਵੀ ਕਰਦੇ ਹਨ ਅਤੇ ਜੋ ਵਸਤਾਂ ਇਹ ਲੋਕ ਖ਼ਰੀਦਦੇ ਹਨ ਉਹ ਬਹੁਤ ਮਹਿੰਗੀਆਂ ਜਾਂ ਆਯਾਤ ਵਸਤਾਂ ਨਹੀਂ ਹੁੰਦੀਆਂ ਸਗੋਂ ਸਥਾਨਕ ਵਸਤਾਂ ਹੁੰਦੀਆਂ ਹਨ, ਜੋ ਵਧੇਰੇ ਰੁਜ਼ਗਾਰ ਵਧਾਉਣਗੀਆਂ ਅਤੇ ਆਰਥਿਕਤਾ ਨੂੰ ਹੁਲਾਰਾ ਦੇਣਗੀਆਂ। ਫ਼ਿਲਹਾਲ ਸਰਕਾਰ ਕੋਰੋਨਾ ਦੌਰ ਦੌਰਾਨ ਰਾਹਤ ਪੈਕੇਜ ਦੇਣ ਦੀ ਗੱਲ ਕਰ ਰਹੀ ਹੈ, ਪਰ ਸਿਰਫ ਕਾਰਪੋਰੇਟ ਹੀ ਇਸ ਦਾ ਸਭ ਤੋਂ ਜ਼ਿਆਦਾ ਫ਼ਾਇਦਾ ਉਠਾਏਗਾ, ਪਰ ਜੇ ਅਰਥ ਵਿਵਸਥਾ ਨੂੰ ਮੁੜ ਲੀਹ 'ਤੇ ਲਿਆਉਣਾ ਹੈ ਤਾਂ ਤੁਰੰਤ ਬਿਨਾਂ ਦੇਰੀ ਖਾਲੀ ਅਸਾਮੀਆਂ ਨੂੰ ਭਰਨਾ ਸਹੀ ਅਰਥਾਂ ਵਿਚ ਵਧੀਆ ਰਾਹਤ ਪੈਕੇਜ ਹੋਵੇਗਾ। ਜੋ ਆਰਥਿਕਤਾ ਦੇ ਵਾਧੇ ਵਿਚ ਬਹੁਤ ਮਦਦਗਾਰ ਹੋਵੇਗਾ ਅਤੇ ਇਸ ਨੂੰ ਅਰਥ ਸ਼ਾਸਤਰ ਦੀ ਭਾਸ਼ਾ ਵਿਚ ਕਿਹਾ ਜਾਵੇ ਤਾਂ ਇਹ ਅਰਥ ਵਿਵਸਥਾ ਵਿਚ ਇਕ ਮਲਟੀਪਲਾਇਅਰ ਦਾ ਕੰਮ ਕਰੇਗਾ ਅਤੇ ਸੇਵਾਵਾਂ ਦੀ ਗੁਣਵੱਤਾ ਵਿਚ ਵੀ ਵਾਧਾ ਹੋਵੇਗਾ ਅਤੇ ਲੋਕਾਂ ਨੂੰ ਰੋਜ਼ਗਾਰ ਮਿਲਣ ਨਾਲ ਨਾ ਸਿਰਫ ਆਰਥਿਕਤਾ ਵਿਚ ਵਾਧਾ ਹੋਵੇਗਾ ਬਲਕਿ ਇਸ ਨਾਲ ਸਿਹਤ, ਸਿੱਖਿਆ, ਪੋਸ਼ਣ ਆਦਿ ਖੇਤਰਾਂ ਵਿਚ ਵੀ ਸੁਧਾਰ ਹੋਵੇਗਾ।

ਜਦੋਂ ਏਨੀ ਵੱਡੀ ਗਿਣਤੀ ਵਿਚ ਲੋਕ ਬੇਰੁਜ਼ਗਾਰ ਹਨ, ਤਾਂ ਇਹ ਬਹੁਤ ਮੰਦਭਾਗਾ ਹੈ ਕਿ ਏਨੀਆਂ ਅਸਾਮੀਆਂ ਖਾਲੀ ਹਨ। ਇਹ ਬੇਰੁਜ਼ਗਾਰੀ ਨਹੀਂ ਮਹਾਮਾਰੀ ਹੈ। ਸਮਾਜ ਦਾ ਕੋਈ ਵਰਗ ਇਸ ਤੋਂ ਬਚਿਆ ਨਹੀਂ। ਇੰਞ ਖਾਲੀ ਅਸਾਮੀਆਂ ਹੋਣਾ ਕੋਈ ਨਵੀਂ ਗੱਲ ਵੀ ਨਹੀਂ ਹੈ, ਦਰਅਸਲ 1990-91 ਤੋਂ ਜਦੋਂ ਤੋਂ ਮੁਲਕ ਵਿਚ ਨਵੀਂ ਆਰਥਿਕ ਨੀਤੀ ਆਈ ਹੈ, ਉਦੋਂ ਤੋਂ ਸਰਕਾਰਾਂ ਨੇ ਮੰਨਣਾ ਸ਼ੁਰੂ ਕਰ ਦਿੱਤਾ ਹੈ ਕਿ ਜ਼ਿਆਦਾ ਲੋਕਾਂ ਨੂੰ ਬਾਕਾਇਦਾ ਨੌਕਰੀ 'ਤੇ ਰੱਖਣ ਦੀ ਜ਼ਰੂਰਤ ਨਹੀਂ ਹੈ ਅਤੇ ਸਾਰੀਆਂ ਹੀ ਸਰਕਾਰਾਂ ਨੇ ਨੌਕਰੀਆਂ ਘਟਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਇਹ ਖਾਲੀ ਅਸਾਮੀਆਂ ਉਨ੍ਹਾਂ ਹੀ ਨਵਉਦਾਰਵਾਦੀ ਨੀਤੀਆਂ ਦਾ ਹਿੱਸਾ ਹਨ।

ਅਸਾਮੀਆਂ ਖਾਲੀ ਹੋਣਾ ਮਹਿਜ਼ ਪ੍ਰਬੰਧਕੀ ਗੜਬੜ ਜਾਂ ਨੁਕਸ ਨਹੀਂ ਹੈ, ਸਗੋਂ ਇਹ ਸਰਕਾਰ ਦੀ ਨੀਤੀਗਤ ਸਮਝ ਹੈ ਕਿ ਅਸਾਮੀਆਂ ਨਹੀਂ ਭਰੀਆਂ ਜਾਣੀਆਂ ਚਾਹੀਦੀਆਂ। ਮੁਲਕ ਵਿਚ ਨੌਜਵਾਨਾਂ ਦੀ ਏਨੀ ਵੱਡੀ ਆਬਾਦੀ ਹੈ ਅਤੇ ਏਨੀ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇ ਕੋਈ ਸੰਵੇਦਨਸ਼ੀਲ ਸਰਕਾਰ ਹੁੰਦੀ ਤਾਂ ਆਪਣੇ ਨੌਜਵਾਨਾਂ ਦੀ ਸਮੱਸਿਆ ਨੂੰ ਬੁਨਿਆਦੀ ਪੱਧਰ 'ਤੇ ਸਮਝਦੀ ਹੋਈ ਨਾ ਸਿਰਫ ਜੰਗੀ ਪੱਧਰ' ਤੇ ਮਨਜ਼ੂਰਸ਼ੁਦਾ ਅਸਾਮੀਆਂ ਨੂੰ ਭਰਦੀ ਸਗੋਂ ਜ਼ਰੂਰਤ ਅਨੁਸਾਰ ਨਵੀਂਆਂ ਵੀ ਪੈਦਾ ਕਰਦੀ।

ਮੁਲਕ ਵਿਚ ਮਨਜ਼ੂਰ ਅਸਾਮੀਆਂ ਪਹਿਲਾਂ ਹੀ ਘੱਟ ਹਨ। ਪੂਰੀ ਤਰ੍ਹਾਂ ਭਰ ਦਿੱਤੇ ਜਾਣ 'ਤੇ ਵੀ ਉਹ ਅੰਤਰਰਾਸ਼ਟਰੀ ਮਾਪਦੰਡਾਂ ਨਾਲੋਂ ਬਹੁਤ ਘੱਟ ਹੋਣਗੀਆਂ। ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰਾਂ ਨੂੰ ਕੁਝ ਨਵਾਂ ਕਰਨ ਦੀ ਜ਼ਰੂਰਤ ਨਹੀਂ ਹੈ। ਨਾ ਹੀ ਸੰਸਦ ਨੂੰ ਕਾਨੂੰਨ ਪਾਸ ਕਰਨੇ ਪੈਣੇ ਹਨ। ਸਰਕਾਰ ਨੂੰ ਜੋ ਕਰਨਾ ਚਾਹੀਦਾ ਸੀ/ਹੈ, ਉਹ ਸਿਰਫ਼ ਇਹ ਹੈ ਕਿ ਇਸ ਨੇ ਲੋਕਾਂ ਪ੍ਰਤੀ ਆਪਣਾ ਮੁੱਢਲਾ ਫਰਜ਼ ਨਿਭਾਉਣਾ ਹੈ।




*31 ਜੁਲਾਈ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼*

# ਸਮਾਜਕ ਬਦਲਾਅ ਦਾ ਚਿੰਨ੍ਹ: ਸ਼ਹੀਦ ਊਧਮ ਸਿੰਘ

**ਅਮੋਲਕ ਸਿੰਘ**
**98778-68710**





ਸਾਡੇ ਮੁਲਕ ਅੰਦਰ ਚੜ੍ਹਦੇ ਸੂਰਜ ਵਗਦੀਆਂ ਫਿਰਕੂ ਹਨੇਰੀਆਂ ਦੇ ਦੌਰ ਅੰਦਰ ਸ਼ਹੀਦ ਊਧਮ ਸਿੰਘ ਨੂੰ ਦੂਰ-ਦ੍ਰਿਸ਼ਟੀ ਨਾਲ ਉਹਦੇ ਆਪਣੇ ਮਨ-ਪਸੰਦ ਨਾਮ, 'ਮੁਹੰਮਦ ਸਿੰਘ ਆਜ਼ਾਦ' ਸਮਝਕੇ ਮਿਲਣਾ, ਇਤਿਹਾਸਕ ਮੁੱਲਵਾਨ ਵਿਰਾਸਤ ਹੈ।

ਮੁਹੰਮਦ ਸਿੰਘ ਆਜ਼ਾਦ ਦੀ ਸੰਗਰਾਮੀ ਜੀਵਨ-ਗਾਥਾ ਨੂੰ ਟੁਕੜਿਆਂ 'ਚ ਵੇਖਣਾ, ਸੁਣੀਆਂ ਸੁਣਾਈਆਂ ਗੈਰ-ਪ੍ਰਮਾਣਿਕ ਕਹਾਣੀਆਂ ਤੱਕ ਸਮੇਟ ਦੇਣਾ, ਉਸਦੀ ਸਖ਼ਤ ਘਾਲਣਾ ਅਤੇ ਅਮੁੱਲੀ ਇਤਿਹਾਸਕ ਦੇਣ ਤੋਂ ਪਲਕਾਂ ਬੰਦ ਕਰਨਾ ਹੈ। ਊਧਮ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਜਲ੍ਹਿਆਂ ਵਾਲਾ ਬਾਗ਼ ਤੋਂ ਸ਼ੁਰੂ ਕਰਕੇ, ਮਾਈਕਲ ਉਡਵਾਇਰ ਨੂੰ ਗੋਲੀ ਮਾਰਨ ਅਤੇ 31 ਜੁਲਾਈ 1940 ਨੂੰ ਫਾਂਸੀ ਦਾ ਰੱਸਾ ਚੁੰਮਣ ਤੱਕ ਦੀ ਕਹਾਣੀ ਤੱਕ ਸੀਮਤ ਕਰਨਾ ਇਤਿਹਾਸਕਾਰੀ ਨਹੀਂ। ਸਿਰਫ਼ ਕੁਰਬਾਨੀਆਂ, ਬਦਲਾ ਲੈਣ ਅਤੇ ਸੂਰਮਗਤੀ ਦੀਆਂ ਹੀ ਵਾਰਾਂ ਗਾ ਕੇ ਮਨ ਨੂੰ ਤਸੱਲੀ ਦੇ ਲੈਣਾ, ਸਾਡਾ ਸੁਭਾਅ ਬਣਾ ਦਿੱਤਾ ਗਿਆ ਹੈ। ਊਧਮ ਸਿੰਘ ਇਤਿਹਾਸਕ ਨਾਇਕ ਬਣਕੇ ਕਿਵੇਂ ਸਾਡੇ ਰੂਬਰੂ ਹੋਇਆ। ਉਹ ਨਿੱਕੀਆਂ-ਵੱਡੀਆਂ, ਵਿੰਗੀਆਂ-ਟੇਢੀਆਂ ਪਗਡੰਡੀਆਂ ਵਿੱਚੀਂ ਗੁਜ਼ਾਰਦਾ ਇਸ ਵਿਲੱਖਣ ਮੁਕਾਮ ਤੇ ਕਿਵੇਂ ਪੁੱਜਾ ਇਹ ਬਿਖੜੇ ਪੈਂਡਿਆਂ ਭਰੇ ਸ਼ਫ਼ਰ ਨੂੰ ਘੋਖਣ ਵੱਲ ਅਸੀਂ ਘੱਟ ਹੀ ਨਜ਼ਰ ਮਾਰਦੇ ਹਾਂ। ਸ਼ਹੀਦ ਊਧਮ ਸਿੰਘ, ਸ਼ਹੀਦ ਭਗਤ ਸਿੰਘ, ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਚੰਦਰ ਸੇਖ਼ਰ ਆਜ਼ਾਦ, ਸ਼ਹੀਦ ਪ੍ਰੋ. ਬਰਕਤ ਉੱਲਾ ਅਤੇ ਸ਼ਹੀਦ ਰਹਿਮਤ ਅਲੀ ਵਜੀਦਕੇ ਵਰਗੇ ਅਨੇਕਾਂ ਸੰਗਰਮੀਆਂ ਦਾ ਜੀਵਨ ਸੰਗਰਾਮ, ਉਦੇਸ਼ ਅਤੇ ਉਹਨਾਂ ਦੇ ਸੁਪਨੇ ਸਾਡੀਆਂ ਸੋਚਾਂ, ਵਿਚਾਰ-ਚਰਚਾਵਾਂ 'ਚ ਅਹਿਮ ਸਥਾਨ ਲੈਣ ਲੱਗਣ, ਇਹ ਸਮੇਂ ਦੀ ਲੋੜ ਹੈ। ਅਜੇਹਾ ਨਜ਼ਰੀਆਂ, ਲੰਮੇ ਇਤਿਹਾਸਕ ਪਿਛੋਕੜ ਤੋਂ ਸਾਡੇ ਨਾਲ-ਨਾਲ ਤੁਰਿਆ ਆ ਰਿਹਾ ਹੈ। ਬਾਬਾ ਨਾਨਕ ਜੀ ਦਾ ਸਾਂਝੀਵਾਲਤਾ ਭਰਿਆ ਸੰਕਲਪ, ਪੰਜ ਪਿਆਰਿਆਂ ਦੀ ਸਿਰਜਣਾ, ਬੰਦਾ ਸਿੰਘ ਬਹਾਦਰ ਦੀ ਸ਼ਹਾਦਤ, ਨਨਕਾਣਾ ਸਾਹਿਬ ਦਾ ਸਾਕਾ, ਗ਼ਦਰ, ਬੱਬਰ ਅਕਾਲੀ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ, ਆਜ਼ਾਦ ਹਿੰਦ ਫੌਜ, ਬਾਗੀ ਫ਼ੌਜੀਆਂ ਦੀ ਬਗਾਵਤ, 1857 ਦੇ ਗ਼ਦਰ ਵਾਂਗ ਸਾਡੇ ਚੇਤਿਆਂ ਦੀ ਸਲੇਟ ਉਪਰ ਕੁਰਬਾਨੀਆਂ ਪ੍ਰਤੀ ਸ਼ਰਧਾਵਾਨ ਹੋ ਜਾਣ ਦਾ ਹੀ ਉਘੜਵਾਂ ਰੰਗ ਰਹਿ ਜਾਂਦਾ ਹੈ। ਇਹਨਾਂ ਲਹਿਰਾਂ, ਇਤਿਹਾਸ ਅਤੇ ਵਿਰਸੇ ਨੂੰ ਜਾਨਣਾ ਪ੍ਰਸੰਗਕਤਾ ਨੂੰ ਉਭਾਰਨਾ, ਅੱਗੇ ਤੋਰਨਾ, ਸਾਡੇ ਸਰੋਕਾਰਾਂ 'ਚ ਵਿਸਰ ਜਾਂ ਮੱਧਮ ਪੈਂਦਾ ਜਾ ਰਿਹਾ ਹੈ।

ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਉਹਨਾਂ ਨਾਲ ਸਬੰਧਤ ਇਤਿਹਾਸ, ਦਰਸ਼ਨ, ਰਾਜਨੀਤੀ, ਸਮਾਜਿਕ ਸਰੋਕਾਰਾਂ ਸਾਹਿਤ ਅਤੇ ਸਭਿਆਚਾਰ ਨੂੰ ਸਮਝਣਾ ਲਾਜ਼ਿਮ ਹੈ।

ਡਾਇਰੈਕਟਰ ਇੰਟੈਲੀਜੈਂਸੀ ਬਿਊਰੋ (ਹੋਮ ਵਿਭਾਗ, ਭਾਰਤ ਸਰਕਾਰ) ਵੱਲੋਂ 1934 ਵਿੱਚ ਜਾਰੀ ਕੀਤੀ ਗ਼ਦਰ ਡਾਇਰੈਕਟਰੀ ਦਰਸਾਉਂਦੀ ਹੈ ਕਿ ਊਧਮ ਸਿੰਘ ਨੇ ਸ਼ੇਰ ਸਿੰਘ, ਉਦੈ ਸਿੰਘ, ਫਰੈਂਕ ਬਰਾਜ਼ੀਲ, ਬਾਵਾ, ਐਮ.ਐਸ. ਆਜ਼ਾਦ (ਮੁਹੰਮਦ ਸਿੰਘ ਆਜ਼ਾਦ) ਆਦਿ ਨਾਵਾਂ ਤੇ ਕੰਮ ਕੀਤਾ। ਸ਼ਹੀਦ ਊਧਮ ਸਿੰਘ ਦੇ ਸਾਹਾਂ ਅਤੇ ਰਾਹਾਂ ਦੀ ਸੰਗੀ-ਸਾਥੀ ਸੀ ਗ਼ਦਰ ਪਾਰਟੀ। ਉਹਦੇ ਚੇਤਿਆਂ ਅੰਦਰ ਗਹਿਰੀ ਉੱਕਰੀ ਸੀ ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਦੀ ਸ਼ਹਾਦਤ। ਉਸਦੇ ਲਿਖਤੀ ਬਿਆਨ, ਤਕਰੀਰਾਂ, ਅਦਾਲਤੀ ਹਲਫ਼ਨਾਮੇ ਢੇਰਾਂ ਇਤਿਹਾਸਕ ਪ੍ਰਮਾਣ ਗਵਾਹੀ ਭਰਦੇ ਹਨ ਕਿ ਉਹ ਜਲ੍ਹਿਆਂ ਵਾਲਾ ਬਾਗ਼ ਦੀ ਖ਼ੂਨੀ ਹੋਲੀ ਖੇਡਣ ਵਾਲੇ ਇੱਕਾ-ਦੁੱਕਾ ਵਿਅਕਤੀਆਂ ਨੂੰ ਹੀ ਜ਼ਿੰਮੇਵਾਰ ਨਹੀਂ ਸਮਝਦਾ। ਉਹ ਸਾਮਰਾਜੀ ਪ੍ਰਬੰਧ ਉਪਰ ਚੋਟ ਨਿਸ਼ਾਨਾ ਮਾਰਦਾ ਹੈ। ਉਹ ਖ਼ੂਨ ਦਾ ਬਦਲਾ ਖ਼ੂਨ ਵਰਗੇ ਦਾਇਰਿਆਂ ਅੰਦਰ ਸਿਮਟਣ ਦੀ ਬਜਾਏ, 'ਸਾਮਰਾਜਵਾਦ ਦੀ ਸ਼ੈਅ' ਅਤੇ 'ਇਨਕਲਾਬ ਦੀ ਜੈ' ਦਾ ਸੂਝਵਾਨ, ਦੂਰ-ਅੰਦੇਸ਼ ਇਨਕਲਾਬੀ ਨਾਇਕ ਹੈ।

ਊਧਮ ਸਿੰਘ ਨੌਜਵਾਨ ਭਾਰਤ ਸਭਾ ਦੀ 1925 ਵਿੱਚ ਹੋਈ ਕਾਨਫਰੰਸ ਵਿੱਚ ਆਪਣਾ ਸੁਨੇਹਾ ਇਹਨਾਂ ਸ਼ਬਦਾਂ ਨਾਲ ਦਿੰਦਾ ਹੈ :

"ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗ਼ੁਲਾਮੀ ਦੇ ਵਿਰੁੱਧ ਇਨਕਲਾਬ, ਮਨੁੱਖ ਦਾ ਧਰਮ ਹੈ। ਇਹ ਮਨੁੱਖ ਦੀ ਮਨੁੱਖਤਾ ਦਾ ਆਦਰਸ਼ ਹੈ। ਜਿਹੜੀ ਕੌਮ ਅਧੀਨਗੀ ਕਬੂਲ ਕਰਕੇ, ਸਿਰ ਨਿਵਾ ਦਿੰਦੀ ਹੈ, ਉਹ ਮੌਤ ਨੂੰ ਪ੍ਰਵਾਨ ਕਰਦੀ ਹੈ। ਆਜ਼ਾਦੀ, ਜੀਵਨ ਹੈ ਅਤੇ ਗ਼ੁਲਾਮੀ, ਮੌਤ ਹੈ। ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ। ਅਸੀਂ ਇਸਨੂੰ ਪ੍ਰਾਪਤ ਕਰਕੇ ਹੀ ਰਹਾਂਗੇ। ਅਸੀਂ ਇਨਕਲਾਬ ਦੇ ਦਰ ਆਪਣੀਆਂ ਜਵਾਨੀਆਂ ਦੀਆਂ ਬਹਾਰਾਂ ਵਾਰਨ ਲਈ ਤਤਪਰ ਹੋ ਗਏ ਹਾਂ। ਇਸ ਮਹਾਨ ਆਦਰਸ਼ ਦੀ ਭੇਟ, ਆਪਣੀ ਜਵਾਨੀ ਤੋਂ ਘੱਟ ਹੋਰ ਹੋ ਵੀ ਕੀ ਸਕਦਾ ਹੈ।"

ਸੁਨਾਮ ਦੇ ਗਰੀਬ ਪਰਿਵਾਰ ਵਿੱਚ 26 ਦਸੰਬਰ 1899 ਨੂੰ ਜਨਮੇ ਊਧਮ ਸਿੰਘ ਦੇ ਮਾਪਿਆਂ ਨੇ ਆਰਥਿਕ ਤੰਗੀਆਂ ਕਾਰਨ ਤਪਦੇ ਤੰਦੂਰ 'ਚ ਲੱਗੀ ਜ਼ਿੰਦਗੀ ਗੁਜ਼ਾਰੀ। ਬਾਲ-ਉਮਰੇ ਹੀ ਉਸਦੀ ਮਾਂ ਵਿਛੋੜਾ ਦੇ ਗਈ। ਰੇਲਵੇ ਫਾਟਕ 'ਤੇ ਡਿਊਟੀ ਕਰਦਾ ਪਿਤਾ ਅਤੇ ਭਰਾ ਵੀ ਮੌਤ ਦੀ ਗੋਦ 'ਚ ਚਲੇ ਗਏ।

ਚਾਵਾਂ, ਲਾਡਾਂ, ਖੁਸ਼ੀਆਂ, ਹੱਸਣ-ਖੇਡਣ ਦੀ ਉਮਰੇ ਹੀ ਊਧਮ ਸਿੰਘ ਯਤੀਮਖ਼ਾਨਾ ਅੰਮ੍ਰਿਤਸਰ ਅੰਦਰ ਵੱਸਦੀ ਆਪਣੀ ਕਿਸਮ ਦੀ ਦੁਨੀਆਂ ਦਾ ਨਾਗਰਿਕ ਹੋ ਗਿਆ। ਸਾਡੇ ਸਮਾਜ 'ਚ ਆਮ ਹੀ ਕਿਹਾ ਜਾਂਦਾ ਹੈ ਕਿ ਜੀਹਦੇ ਮਾਪੇ, ਨਿੱਕੜੀ ਉਮਰੇ ਛੱਡ ਜਾਣ। ਜੀਹਦੇ ਭਰਾ ਵੀ ਤੁਰ ਜਾਣ। ਜਿਹੜਾ ਇੱਕਲਾ ਰਹਿ ਜਾਵੇ ਉਹਦੇ 'ਵਿਗੜ ਜਾਣ' ਦੇ ਮੌਕੇ ਵਧ ਜਾਂਦੇ ਨੇ। ਊਧਮ ਸਿੰਘ ਨੇ ਇਹ ਧਾਰਨਾ ਬਦਲਕੇ ਰੱਖ ਦਿੱਤੀ। ਉਹਨੇ ਆਪਣਾ ਪਰਿਵਾਰ, ਆਪਣਾ ਗ਼ੁਲਾਮ, ਲੁੱਟਿਆ-ਪੁੱਟਿਆ ਅਤੇ ਕੋਹਿਆਂ ਜਾਂਦਾ ਸਮਾਜ ਸਮਝਿਆ। ਉਸ ਲਈ ਜੀਵਿਆ। ਉਸ ਲਈ ਮਰਿਆ। ਊਧਮ ਸਿੰਘ ਨੇ ਦੁਨੀਆਂ ਦੇ ਮਹਾਨ ਦਾਰਸ਼ਨਿਕਾਂ, ਇਨਕਲਾਬੀ ਸੰਗਰਾਮੀਆਂ ਦੇ ਬੋਲਾਂ ਨੂੰ ਅਮਲੀ ਜਾਮਾ ਪਹਿਨਾਇਆ ਕਿ :

**"ਇਸ ਦੁਨੀਆਂ 'ਤੇ ਬੰਦੇ ਖ਼ਾਤਰ**
**ਕੋਈ ਨਾ ਕੰਮ ਔਖੇਰਾ**
**ਬੱਸ ਚਾਹੀਦੈ ਪਰਬਤ ਉੱਤੇ**
**ਪੈੜਾਂ ਕਰਨ ਦਾ ਜੇਰਾ"**

ਬਚਪਨ ਦੀ ਕੱਚੀ ਕਲੀ ਵਰਗੀ ਚੌਰਾਹੇ ਖੜ੍ਹੀ ਜ਼ਿੰਦਗੀ ਨੇ ਕੁਰਾਹੇ ਪੈਣ ਦੀ ਬਜਾਏ ਜਦ ਸਹੀ ਮਾਰਗ ਦੀ ਨਿਰਖ਼ ਕਰ ਲਈ ਤਾਂ ਉਹ ਦੁਨੀਆਂ ਭਰ ਦੇ ਲੋਕਾਂ ਨੂੰ ਸੁੱਲਖਣੇ ਰਾਹ ਦਾ ਨਵਾਂ ਸੁਨੇਹਾ ਦੇਣ ਤੁਰ ਪਿਆ। ਜੇ ਜ਼ਿੰਦਗੀ ਨਵੇਂ ਉੱਚੇ ਆਦਰਸ਼ਾਂ ਵਿੱਚ ਰੰਗ ਦਿੱਤੀ ਜਾਵੇ ਤਾਂ ਯਤੀਮ ਆਪਣੇ ਵਡੇਰੇ ਪਰਿਵਾਰ ਦੀ ਫੁਲਵਾੜੀ ਦੇ ਮਹਿਕਦੇ ਫੁੱਲ ਹੋ ਨਿਬੜਦੇ ਹਨ। ਊਧਮ ਸਿੰਘ ਉਸ ਜੁਆਨੀ ਲਈ ਵੀ ਵੰਗਾਰ ਹੈ ਜਿਸਨੂੰ ਭਰੇ ਪਰਿਵਾਰਾਂ ਵਿੱਚ ਵਸਦਿਆਂ ਨੂੰ ਹੀ 'ਬੌਧਿਕ ਯਤੀਮ' ਬਣਾ ਧਰਿਆ ਹੈ।

ਆਫ਼ਤਾਂ 'ਚ ਘਿਰੀ ਊਧਮ ਸਿੰਘ ਦੀ ਜ਼ਿੰਦਗੀ ਨਿਰਾਸ਼, ਉਦਾਸ ਹੋਣ ਦੀ ਬਜਾਏ ਉਚੇਰੀ ਪਰਵਾਜ਼ ਭਰਦੀ ਹੈ। ਇਸਦਾ ਪ੍ਰਮਾਣ ਹੈ 1857 ਦੇ ਗ਼ਦਰ ਦੀ ਬਰਸੀ ਮੌਕੇ 1923 ਵਿੱਚ ਦਿੱਤਾ ਊਧਮ ਸਿੰਘ ਦਾ ਸੁਨੇਹਾ ਜੋ 'ਕੰਬੋਜ ਸੰਦੇਸ਼' ਪੱਤ੍ਰਿਕਾ ਦੇ ਜੂਨ 1955 ਅੰਕ ਵਿੱਚ ਪ੍ਰਕਾਸ਼ਿਤ ਹੈ :

"ਹਿੰਦੋਸਤਾਨ ਦੀ ਆਜ਼ਾਦੀ ਦੀ ਜੰਗ ਦੇ ਉਹਨਾਂ ਬਹਾਦਰ ਸ਼ਹੀਦਾਂ ਨੂੰ ਮੈਂ ਸ਼ਰਧਾਂਜਲੀ ਭੇਂਟ ਕਰਦਾ ਹਾਂ ਜਿਹਨਾਂ ਨੇ ਆਪਣਾ ਖ਼ੂਨ ਦੇ ਕੇ ਆਜ਼ਾਦੀ ਦੇ ਝੰਡੇ ਨੂੰ ਉੱਚਿਆ ਚੁੱਕਿਆ। ਉਹਨਾਂ ਦੇ ਆਜ਼ਾਦ ਆਦਰਸ਼ ਨੂੰ ਅਪਣਾਉਂਦੇ ਹੋਏ ਅਸੀਂ ਹਕੂਮਤ ਦੇ ਹਰ ਵਾਰ ਅਤੇ ਕਹਿਰ ਨੂੰ ਛਾਤੀਆਂ 'ਤੇ ਝੱਲਾਂਗੇ। ਅੰਗਰੇਜ਼ ਸਾਮਰਾਜ ਨਾਲ ਸਾਡਾ ਸਮਝੌਤਾ ਅਸੰਭਵ ਹੈ। ਇਸ ਵਿਰੁੱਧ ਸਾਡੀ ਜੰਗ ਦਾ ਉਸ ਵੇਲੇ ਅੰਤ ਹੋਵੇਗਾ
















ਜਦ ਸਾਡੀ ਜਿੱਤ ਦਾ ਕੌਮੀ ਝੰਡਾ ਭਾਰਤ ਵਿੱਚ ਬ੍ਰਿਟਿਸ਼ ਸਾਮਰਾਜ ਦੀ ਕਬਰ ਤੇ ਝੁੱਲੇਗਾ।"

ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਸ਼ਹੀਦ ਊਧਮ ਸਿੰਘ ਇਹ ਨਹੀਂ ਕਹਿੰਦਾ ਕਿ ਮੇਰਾ ਅੰਤਿਮ ਨਿਸ਼ਾਨਾ ਜਲ੍ਹਿਆਂ ਵਾਲਾ ਬਾਗ਼ ਦਾ ਬਦਲਾ ਲੈਣਾ ਹੈ। ਡਾਇਰ ਜਾਂ ਮਾਈਕਲ ਓਡਵਾਇਰ ਤੋਂ ਬਦਲਾ ਲੈਣਾ ਉਸਦਾ ਅੰਤਿਮ ਨਿਸ਼ਾਨਾ ਨਹੀਂ। ਉਹ ਸਾਮਰਾਜੀ ਪ੍ਰਬੰਧ ਦੀ ਕਬਰ ਖੋਦਣ ਦਾ ਸੰਕਲਪ ਦ੍ਰਿੜਾਉਂਦਾ ਹੈ। ਅੱਜ ਜਦੋਂ ਸਾਮਰਾਜੀ ਗਿਰਝਾਂ ਨੂੰ ਭਾਰਤੀ ਹਾਕਮਾਂ ਵੱਲੋਂ ਮੁਲਕ ਦਾ ਸਭ ਕੁੱਝ ਪਰੋਸਕੇ, ਨਿਉਂਦਾ ਦਿੱਤਾ ਜਾ ਰਿਹਾ ਹੈ ਤਾਂ ਅਜੇਹੇ ਮੌਕੇ ਸ਼ਹੀਦ ਊਧਮ ਸਿੰਘ ਦੇ ਉਪਰੋਕਤ ਬੋਲਾਂ ਦੀ ਪ੍ਰਸੰਗਕਤਾ ਅਤੇ ਸਾਰਥਕਤਾ ਹੋਰ ਵੀ ਵਿਆਪਕ ਅਤੇ ਅਰਥ ਭਰਪੂਰ ਹੋ ਨਿਬੜਦੀ ਹੈ। ਜਦੋਂ ਬਾਰੂਦ ਦੇ ਢੇਰ, ਜੰਗੀ ਅੱਡਿਆਂ ਸਾਜੋ-ਸਾਮਾਨ ਦੇ ਸਾਮਰਾਜੀਆਂ ਨਾਲ ਸੌਦੇ ਹੋ ਰਹੇ ਹਨ ਤਾਂ ਉਹ ਦੌਰ ਹੈ ਜਿਸ ਵੇਲੇ ਲੋਕਾਂ ਲਈ ਹਸਪਤਾਲ, ਦਵਾਈ, ਮਾਸਕ, ਕਿੱਟਾਂ ਤੱਕ ਨਸੀਬ ਨਹੀਂ। ਉਸ ਵੇਲੇ ਬੰਬਾਂ, ਆਧੁਨਿਕ ਉਪਕਰਣਾਂ ਦੀ ਸੌਦੇਬਾਜ਼ੀ ਹੋ ਰਹੀ ਹੈ। ਅਜੇਹੇ ਖ਼ਤਰਿਆਂ ਨੂੰ ਅਗਾਊਂ ਭਾਂਪਦਿਆਂ ਊਧਮ ਸਿੰਘ ਲਿਖਦਾ ਹੈ :

"ਆਧੁਨਿਕ ਬੰਦੂਕਾਂ ਅਤੇ ਬੰਬਾਂ ਦੀ ਭੋਲੇ ਭਾਲੇ ਭਾਰਤੀਆਂ ਖ਼ਿਲਾਫ਼ ਵਰਤੋਂ ਕੀਤੀ ਜਾਵੇਗੀ। ਅਸੀਂ ਜਾਣਦੇ ਹਾਂ ਕਿ ਹਜ਼ਾਰਾਂ ਲੋਕਾਂ ਨੂੰ ਵਹਿਸ਼ੀ ਸਾਮਰਾਜੀ ਬਘਿਆੜਾਂ ਵੱਲੋਂ ਮਾਰਿਆ ਜਾਏਗਾ। ਭਾਰਤ ਇੱਕ ਬੁੱਚੜਖ਼ਾਨਾ ਬਣ ਜਾਏਗਾ।" ਅੱਜ ਕਸ਼ਮੀਰ, ਜੰਗਲ ਦੇ ਆਦਿਵਾਸੀ, ਦਲਿਤ, ਮੁਸਲਿਮ, ਸਿੱਖ ਭਾਈਚਾਰਾ, ਤਰਕਸ਼ੀਲ, ਵਿਗਿਆਨੀ, ਬੁੱਧੀਜੀਵੀ, ਜਮਹੂਰੀ, ਇਨਕਲਾਬੀ ਅਤੇ ਕਮਿਊਨਿਸਟ ਇਨਕਲਾਬੀ ਊਧਮ ਸਿੰਘ ਦੇ ਬੋਲ, ਸੱਚ ਸਾਬਤ ਹੁੰਦੇ ਹੰਢਾ ਰਹੇ ਹਨ।

ਬਦੇਸ਼ੀ ਅਤੇ ਦੇਸੀ ਹਰ ਵੰਨਗੀ ਦੀ ਗ਼ੁਲਾਮੀ, ਦਾਬੇ, ਜਬਰ, ਵਿਤਕਰੇ, ਜਾਤ-ਪਾਤ, ਫਿਰਕੂਪੁਣੇ ਅਤੇ ਜਬਰ-ਸਿਤਮ ਦੀ ਮੂਲੋਂ ਜੜ੍ਹ ਵੱਢਣ ਲਈ ਊਧਮ ਸਿੰਘ ਇਨਕਲਾਬੀ ਤਬਦੀਲੀ ਉਪਰ ਦ੍ਰਿੜ ਨਿਹਚਾ ਰੱਖਦਾ ਹੈ। ਅੱਜ ਕਰੋਨਾ ਦੇ ਓਹਲੇ ਓਹਲੇ ਜਿਵੇਂ ਖੇਤੀ ਕਿਰਤ ਕਾਨੂੰਨ, ਸਿੱਖਿਆ, ਸਿਹਤ, ਰੇਲਵੇ, ਬਿਜਲੀ, ਸਨਅਤ, ਸੜਕਾਂ, ਰੇਲਾਂ, ਰੁਜ਼ਗਾਰ ਆਦਿ ਸਭ ਕੁੱਝ ਸਾਡੇ ਸਮਿਆਂ ਦੇ ਮਲਕ ਭਾਗੋਆਂ ਦੀ ਝੋਲੀ ਪਾਇਆ ਜਾ ਰਿਹਾ ਹੈ, ਇਸ ਬਾਰੇ ਖ਼ਬਰਦਾਰ ਕਰਨ ਦੀ ਸੋਚ, ਸੇਧ, ਸ਼ਹੀਦ ਊਧਮ ਸਿੰਘ ਦੇ ਇਨਕਲਾਬੀ ਬਦਲਵੇਂ ਮਾਡਲ ਵਿੱਚ ਸਾਫ ਅਤੇ ਸਪੱਸ਼ਟ ਦਿਖਾਈ ਦਿੰਦੀ ਹੈ। ਨੌਜਵਾਨ ਭਾਰਤ ਸਭਾ ਦੀ 1925 'ਚ ਹੋਈ ਕਾਨਫਰੰਸ 'ਚ ਊਧਮ ਸਿੰਘ ਨੇ ਕਿਹਾ ਸੀ:

"ਇਨਕਲਾਬ ਦੇ ਅਰਥ ਹਨ ਬਦੇਸ਼ੀ ਖ਼ੂਨੀ ਜਬਾੜ੍ਹਿਆਂ ਤੋਂ ਛੁਟਕਾਰਾ। ਲੁੱਟ-ਖਸੁੱਟ ਅਤੇ ਉਸ ਨਿਜ਼ਾਮ ਦਾ ਅੰਤ ਜੋ ਅਮੀਰ ਨੂੰ ਹੋਰ ਅਮੀਰ ਬਣਾਉਣ ਅਤੇ ਗਰੀਬ ਨੂੰ ਕੰਗਾਲੀ ਦੇ ਪੁੜਾਂ ਵਿੱਚ ਪੀਸੇ ਜਾਣ ਲਈ ਮਜ਼ਬੂਰ ਕਰਦਾ ਹੈ। ਸਾਮਰਾਜੀ ਦਾਬੇ ਭਰੇ ਨਿਜ਼ਾਮ ਕਾਰਨ ਲੱਖਾਂ ਕਰੋੜਾਂ ਕਿਰਤੀ, ਕੁੱਲੀ, ਗੁੱਲੀ, ਜੁੱਲੀ, ਵਿੱਦਿਆ ਅਤੇ ਇਲਾਜ ਤੱਕ ਦੀਆਂ ਬੁਨਿਆਦੀ ਲੋੜਾਂ ਤੋਂ ਵੀ ਸੱਖਣੇ ਹਨ। ਕਿਹੜਾ ਐਸਾ ਪੱਥਰ ਦਿਲ ਮਨੁੱਖ ਹੈ ਕਿਰਤੀਆਂ ਕਿਸਾਨਾਂ ਦੀ ਹਾਲਤ ਨੂੰ ਵੇਖਕੇ ਜਿਸਦਾ ਖ਼ੂਨ ਉਬਾਲੇ ਨਹੀਂ ਖਾਂਦਾ।

ਕਹਿਰ ਹੈ ਯਾਰੋ! ਜਿਹੜਾ ਆਪਣੀ ਜ਼ਿੰਦਗੀ ਦੇ ਖ਼ੂਨ ਨਾਲ ਸਰਮਾਏਦਾਰੀ ਦੇ ਮਹੱਲ ਉਸਾਰਦਾ ਹੈ ਉਹ ਆਪ ਰਾਤ ਨੂੰ ਢਿੱਡੋਂ ਖਾਲੀ ਤੇ ਕੇਵਲ ਆਕਾਸ਼ ਦੀ ਛੱਤ ਥੱਲੇ ਸੌਂਵੇਂ। ਅਜੇਹੇ ਨਿਜ਼ਾਮ ਨੂੰ ਸਾੜਕੇ ਸੁਆਹ ਕਿਉਂ ਨਹੀਂ ਕਰ ਦਿੱਤਾ ਜਾਂਦਾ? ਹੁਣ ਇਨਕਲਾਬ ਹੀ ਇਕੋ ਇੱਕ ਮੁਕਤੀ ਦਾ ਮਾਰਗ ਹੈ। ਅਸੀਂ ਕਰੋੜਾਂ ਲੋਕੀ ਜਿਹੜੇ ਬਦੇਸ਼ੀ ਅਤੇ ਦੇਸੀ ਅੱਗ ਵਿੱਚ ਧੁਖ ਰਹੇ ਹਾਂ ਜੇਕਰ ਅਸੀਂ ਆਪਣੀ ਕਿਸਮਤ ਦੇ ਆਪ ਕਰਿੰਦੇ ਬਣ ਜਾਈਏ ਤਾਂ ਇਸਦਾ ਸਿੱਟਾ ਇਨਕਲਾਬ ਹੋਵੇਗਾ। ਇਹੋ ਇਨਕਲਾਬ ਸਾਡੀ ਆਜ਼ਾਦੀ ਦੀ ਜਾਮਨੀ ਹੈ।"

5 ਜੂਨ 1940 ਦੀ ਗੱਲ ਹੈ, ਊਧਮ ਸਿੰਘ ਦਾ ਅਦਾਲਤ ਵਿੱਚ ਬਿਆਨ ਲਿਆ ਜਾਣਾ ਸੀ। ਉਹ ਬਿਆਨ ਲਿਖਕੇ ਲੈ ਕੇ ਗਿਆ। ਨਾਟਕੀ ਅੰਦਾਜ਼ 'ਚ ਕੰਮ ਕਰ ਰਹੀ ਵਿਸ਼ੇਸ਼ ਅਦਾਲਤ ਦੇ ਜੱਜ ਨੇ ਊਧਮ ਸਿੰਘ ਦੇ ਬਿਆਨ ਨੂੰ ਭਾਸ਼ਣ ਕਹਿਕੇ ਰੋਕਿਆ। ਊਧਮ ਸਿੰਘ ਨੇ ਇਸ ਬਿਆਨ ਦੇ ਟੁਕੜੇ-ਟੁਕੜੇ ਕਰਕੇ ਅਦਾਲਤ ਵਿੱਚ ਹੀ ਸੁੱਟ ਦਿੱਤੇ। ਬਰਤਾਨਵੀ ਹਾਕਮਾਂ ਨੇ ਟੁਕੜਾ-ਟੁਕੜਾ ਕਾਗਜ਼ ਚੁੱਕ ਕੇ ਜੋੜ ਲਏ। ਇਸ ਬਿਆਨ 'ਚ ਊਧਮ ਸਿੰਘ ਕਹਿੰਦਾ ਹੈ :

"ਮੈਂ ਇੱਕ ਭਾਰਤੀ ਪੁੱਤਰ ਦੇ ਤੌਰ 'ਤੇ ਅਤੇ ਇੱਕ ਆਪਣੇ ਪਿੰਡ ਦੇ ਜ਼ਮੀਨ ਵਾਹਕ ਦੇ ਤੌਰ 'ਤੇ ਬ੍ਰਿਟਿਸ਼ ਰਾਜ ਨੂੰ ਇਉਂ ਦੇਖਦਾ ਹਾਂ ਜਿਹੜਾ ਜ਼ਾਲਮਾਨਾ ਹੈ। ਭਾਰਤੀ ਲੋਕਾਂ ਦੀ ਜ਼ਿੰਦਗੀ ਲਈ ਹਾਨੀਕਾਰਕ ਹੈ। ਵੱਡੇ ਜ਼ਿਮੀਦਾਰਾਂ ਅਤੇ ਪੂੰਜੀਪਤੀਆਂ ਦਾ ਮੇਰੇ ਦੇਸ਼ ਦੀ ਜ਼ਮੀਨ ਅਤੇ ਸਨਅਤ ਉਪਰ ਕਬਜ਼ਾ ਹੈ। ਉਹ ਕਾਮਿਆਂ ਨੂੰ ਜਿਉਣ ਦੇ ਹੱਕ ਤੋਂ ਵਾਂਝਿਆ ਕਰਕੇ, ਜ਼ਮੀਨ ਜਾਇਦਾਦ ਦੇ ਸਿਰ ਤੇ ਆਨੰਦ ਮਾਣਦੇ ਹਨ। ਇਹ ਮੇਰੇ ਅਤੇ ਮੇਰੇ ਦੇਸ਼ ਲਈ ਨਫ਼ਰਤ ਯੋਗ ਹੈ। ਠਾਠ ਭਰੀ ਜ਼ਿੰਦਗੀ ਜਿਉਂ ਰਹੇ ਇਸ ਅਮੀਰ ਤਬਕੇ ਨੂੰ ਮੇਰੇ ਲੋਕਾਂ ਦੀ ਕੋਈ ਪਰਵਾਹ ਨਹੀਂ। ਨਾ ਉਹਨਾਂ ਲਈ ਸਿਹਤ, ਸਕੂਲ, ਵਿਦਿਆ ਦੇ ਪ੍ਰਸਾਰ ਦਾ ਫਿਕਰ ਫਾਕਾ ਹੈ।"

ਊਧਮ ਸਿੰਘ ਜ਼ਿੰਦਗੀ ਦਾ ਸੱਚਾ ਸੁੱਚਾ ਆਸ਼ਕ ਸੀ। ਉਹ ਜ਼ਿੰਦਗੀ ਨੂੰ ਰੱਜਕੇ ਮੁੱਹਬਤ ਕਰਦਾ ਸੀ। ਉਹ ਇਕੱਲਿਆਂ ਵਧੀਆ ਜ਼ਿੰਦਗੀ ਜੀਣ ਬਾਰੇ ਸੋਚ ਵੀ ਨਹੀਂ ਸੀ ਸਕਦਾ। ਉਹ ਸਮਾਜ ਦੇ ਦੱਬੇ ਕੁਚਲੇ, ਗ਼ੁਲਾਮ, ਸਾਧਨ-ਵਿਹੂਣੇ ਲੋਕਾਂ ਦੀ ਜ਼ਿੰਦ ਜਾਨ ਸੀ। ਉਹ ਜੀਵਿਆ ਲੋਕਾਂ ਲਈ। ਫਾਂਸੀ ਚੜ੍ਹਿਆ ਲੋਕਾਂ ਲਈ। ਉਹ ਮਾਣ ਨਾਲ ਕਹਿੰਦਾ ਰਿਹਾ :

**"ਕਿਆ ਹੂਆ ਅਗਰ ਮਿਟ ਜਾਏਂ**
**ਆਪਨੇ ਵਤਨ ਕੇ ਵਾਸਤੇ**
**ਬੁਲਬਲੇਂ ਕੁਰਬਾਨ ਹੋਤੀ ਹੈਂ**
**ਚਮਨ ਕੇ ਵਾਸਤੇ"**

ਊਧਮ ਸਿੰਘ ਆਪਣਾ ਫ਼ਰਜ ਅਦਾ ਕਰ ਗਏ। ਉਹਨਾਂ ਨੂੰ ਸਿਰਫ਼ ਯਾਦ ਕਰਨਾ। ਫੁੱਲਾਂ ਦੀ ਵਰਖਾ ਕਰਨਾ ਜਾਂ ਫੋਟੋ ਤੇ ਸਿਰਫ਼ ਹਾਰ ਪਾਉਣਾ, ਉਹਦੇ ਬੁੱਤ ਨੂੰ ਬੁੱਤ ਬਣਕੇ ਵੇਖਦੇ ਰਹਿਣਾ, ਉਹਦੇ ਵਰਗਾ ਹੋਣਾ ਨਹੀਂ ਹੈ। ਵਕਤ ਦੀ ਆਵਾਜ਼ ਹੈ ਕਿ ਉਹਨਾਂ ਦੀ ਸੋਚ ਦੇ ਦੀਪ ਜਗਾ ਕੇ ਕਹੀਏ ਕਿ ਬਦਲਾ ਨਹੀਂ ਸਮਾਜਕ ਬਦਲਾਅ ਦਾ ਸੂਹਾ ਚਿੰਨ੍ਹ ਹੈ, ਸਾਡਾ ਊਧਮ ਸਿੰਘ।

---

# 'ਸਿਮਰ ਚਕਰ' ਤੋਂ ਓਲੰਪਿਕ ਖੇਡਾਂ ਦੇ ਮੈਡਲ ਦੀ ਆਸ

ਪ੍ਰਿੰ. ਸਰਵਣ ਸਿੰਘ ਚਕਰ

ਬੌਕਸਾਡੇ ਪਿੰਡ ਚਕਰ ਦੀ ਧੀ ਸਿਮਰਨਜੀਤ ਕੌਰ ਬਾਠ ਜਿਸ ਦਾ ਨਿੱਕਾ ਨਾਂ 'ਸਿਮਰ ਚਕਰ' ਹੈ, 60 ਕਿੱਲੋ ਵਜਨ ਵਰਗ ਵਿਚ ਟੋਕੀਓ ਓਲੰਪਿਕਸ ਦੇ 32 ਮੁੱਕੇਬਾਜਾਂ ਵਿਚੋਂ ਪਹਿਲੇ ਮੁਕਾਬਲੇ ਵਿਚ ਬਾਈ ਮਿਲਣ ਨਾਲ 16 ਮੁੱਕੇਬਾਜਾਂ ਵਿਚ ਆ ਗਈ ਹੈ। ਕੁਝ ਮਹੀਨੇ ਪਹਿਲਾਂ ਜਿੰਨਾ ਘਾਟਾ ਉਸ ਨੂੰ ਕਰੋਨਾ ਪਾਜੇਟਿਵ ਹੋਣ ਨਾਲ ਪਿਆ ਸੀ ਓਨਾ ਲਾਭ ਬਾਈ ਮਿਲਣ ਨਾਲ ਹੋ ਗਿਆ। ਹੁਣ ਉਸ ਦਾ ਮੁਕਾਬਲਾ 30 ਜੁਲਾਈ ਨੂੰ ਉਸ ਮੁੱਕੇਬਾਜ ਨਾਲ ਹੋਵੇਗਾ ਜੋ ਪਹਿਲਾ ਮੁਕਾਬਲਾ ਜਿੱਤ ਕੇ ਆਵੇਗੀ। ਜੇਕਰ ਉਹ ਦੋ ਰਾਊਂਡ ਜਿੱਤ ਜਾਵੇ ਤਾਂ ਓਲੰਪਿਕ ਖੇਡਾਂ ਦਾ ਮੈਡਲ ਪੱਕਾ ਹੋ ਸਕਦਾ ਹੈ। ਆਓ ਸੁਭ ਇਛਾਵਾਂ ਦੇਈਏ ਕਿ ਬਾਪ ਵਿਹੂਣੀ ਇਕ ਗਰੀਬ ਕਿਸਾਨ ਦੀ ਧੀ ਜਿੱਤ ਮੰਚ 'ਤੇ ਚੜ੍ਹੇ ਅਤੇ ਆਪਣਾ, ਪਿੰਡ ਦਾ, ਪੰਜਾਬ ਦਾ ਤੇ ਦੇਸ ਦਾ ਨਾਂ ਰੋਸਨ ਕਰੇ।

ਸਿੰਗ ਦੇ ਏਸੀਆ/ਓਸਨੀਆ ਓਲੰਪਿਕ ਕੁਆਲੀਫਾਈਡ ਮੁਕਾਬਲਿਆਂ ਵਿਚ ਪੰਜਾਬ ਦੀ ਸੇਰਨੀ ਸਿਮਰਨਜੀਤ ਕੌਰ ਬਾਠ ਨੇ ਕਜਾਕਸਤਾਨ ਦੀ ਬੌਕਸਰ ਨੂੰ 5-0 ਤੇ ਵਿਸਵ ਦੀ ਨੰਬਰ ਦੋ ਬੌਕਸਰ ਮੰਗੋਲੀਆ ਦੀ ਐੱਨ. ਮੋਨਖੋਰ ਨੂੰ ਵੀ 5-0 ਨਾਲ ਹਰਾ ਕੇ ਟੋਕੀਓ ਦੀਆਂ ਓਲੰਪਿਕ ਖੇਡਾਂ ਲਈ ਟਿਕਟ ਪੱਕੀ ਕਰ ਲਈ ਹੈ। ਸੈਮੀ ਫਾਈਨਲ ਵਿਚ ਉਹ ਤੈਪਈ ਦੀ ਬੌਕਸਰ ਸੀ-ਯੂ-ਵੂ ਨੂੰ 4-1 ਨਾਲ ਹਰਾ ਕੇ ਫਾਈਨਲ ਵਿਚ ਪ੍ਰਵੇਸ ਕਰ ਚੁੱਕੀ ਹੈ। ਇਹ ਪੰਜਾਬ ਦੀ ਸਾਧਾਰਨ ਪੇਂਡੂ ਲੜਕੀ ਦਾ ਐਸਾ ਕਮਾਲ ਹੈ ਜਿਸ ਉਤੇ ਦੇਸ ਵਿਦੇਸ ਵਿਚ ਵਸਦੇ ਭਾਰਤੀ ਮਾਣ ਕਰ ਸਕਦੇ ਹਨ। ਹੁਣ ਉਹਤੋਂ ਓਲੰਪਿਕ ਮੈਡਲ ਜਿੱਤਣ ਦੀਆਂ ਆਸਾਂ ਹੋਰ ਵੀ ਪੱਕੀਆਂ ਹੋ ਗਈਆਂ ਹਨ। ਪੰਜਾਬ ਦੇ ਮੁੱਖ ਮੰਤਰੀ, ਭਾਰਤ ਦੇ ਖੇਡ ਮੰਤਰੀ, ਪੰਜਾਬ ਓਲੰਪਿਕ ਐਸੋਸੀਏਸਨ ਦੇ ਪ੍ਰਧਾਨ, ਪੰਜਾਬ ਦੇ ਖੇਡ ਮੰਤਰੀ, ਡਾਇਰੈਕਟਰ ਖੇਡਾਂ ਪੰਜਾਬ, ਸ੍ਰੋਮਣੀ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਅਤੇ ਦੇਸ ਵਿਦੇਸ ਵਿਚ ਵਸਦੇ ਭਾਰਤੀਆਂ ਵੱਲੋਂ ਸਿਮਰਨਜੀਤ ਕੌਰ ਨੂੰ ਮੁਬਾਰਕਾਂ ਦਿੱਤੀਆਂ ਜਾ ਰਹੀਆਂ ਹਨ।

ਸਿਮਰਨਜੀਤ ਸਾਡੇ ਪਿੰਡ ਚਕਰ ਦੀ ਧੀ ਹੈ। ਚਕਰ ਦੇ ਸਰਕਾਰੀ ਸਕੂਲ ਵਿਚ ਪੜ੍ਹਦਿਆਂ ਛੋਟੀ ਉਮਰ ਤੋਂ ਹੀ ਉਸ ਨੇ ਕੱਚੇ ਬੌਕਸਿੰਗ ਰਿੰਗ 'ਚੋਂ ਮੁੱਕੇਬਾਜੀ ਸਿੱਖਣੀ ਸੁਰੂ ਕੀਤੀ ਸੀ। ਪੰਜਾਹ ਪਚਵੰਜਾ ਵਰ੍ਹਿਆਂ ਤੋਂ ਖੇਡ ਲੇਖਕ ਹੋਣ ਕਰਕੇ ਮੇਰੀ ਚਿਰੋਕਣੀ ਰੀਝ ਸੀ ਕਿ ਸਾਡੇ ਪਿੰਡ ਦਾ ਕੋਈ ਲੜਕਾ/ਲੜਕੀ ਓਲੰਪੀਅਨ ਬਣੇ ਤੇ ਮੈਂ ਉਹਦੇ ਬਾਰੇ ਚਾਅ ਨਾਲ ਲਿਖਾਂ। ਨੈਸਨਲ ਚੈਂਪੀਅਨ ਤਾਂ ਮੇਰੇ ਪੁੱਤਰਾਂ ਸਮੇਤ ਕਈ ਹੋਰ ਚਕਰੀਏ ਵੀ ਬਣੇ ਪਰ ਓਲੰਪੀਅਨ ਬਣਨ ਦੀ ਪਹਿਲ 'ਸਿਮਰ ਚਕਰ' ਨੇ ਕੀਤੀ ਹੈ। ਚਕਰ 'ਚ ਮੁੱਕੇਬਾਜੀ ਦੀ ਸੁਰੂਆਤ ਮੇਰੇ ਭਤੀਜੇ ਪ੍ਰਿੰ. ਬਲਵੰਤ ਸਿੰਘ ਸੰਧੂ ਨੇ 14 ਨਵੰਬਰ 2005 ਨੂੰ ਬਾਲ ਦਿਵਸ ਉਤੇ ਪੈੜਾਂ ਦੀ ਸੱਥ ਤੋਂ ਸੁਰੂ ਕੀਤੀ ਸੀ। ਉਸ ਨੂੰ ਸਾਰੇ ਨਗਰ ਨਿਵਾਸੀਆਂ ਨੇ ਭਰਵਾਂ ਸਹਿਯੋਗ ਦਿੱਤਾ। ਡਸਿਪਲਿਨ ਦਾ ਐਸਾ ਖੇਡ ਮਾਹੌਲ ਸਿਰਜਿਆ ਗਿਆ ਕਿ ਪਿੰਡ ਦੀਆਂ ਕੁੜੀਆਂ ਵੀ ਬੇਝਿਜਕ ਬੌਕਸਿੰਗ ਰਿੰਗ ਵਿਚ ਆਉਣ ਲੱਗ ਪਈਆਂ। ਮਾਰਚ 2006 ਤੋਂ ਕੈਨੇਡਾ ਵਸਦੇ ਸਿੱਧੂ ਭਰਾਵਾਂ ਅਜਮੇਰ ਸਿੰਘ/ਬਲਦੇਵ ਸਿੰਘ ਪਰਿਵਾਰ ਨੇ ਚਕਰ ਦੀ ਖੇਡ ਅਕੈਡਮੀ ਨੂੰ ਅਪਨਾ ਲਿਆ। ਹੁਣ ਚਕਰ ਨੂੰ ਮੁੱਕੇਬਾਜੀ ਦਾ ਕਿਊਬਾ ਕਿਹਾ ਜਾ ਸਕਦੈ।

ਸਿਮਰ ਚਕਰ, ਮੇਰੇ ਮੋਏ ਮਿੱਤਰ ਮਹਿੰਦਰ ਸਿੰਘ ਚਕਰ ਦੀ ਪੋਤਰੀ ਹੈ। ਉਹ ਲੇਖਕ ਸੀ ਤੇ ਪਿੰਡ ਦੀ ਸਹਿਕਾਰੀ ਸਭਾ ਦਾ ਸੈਕਟਰੀ। ਉਹਦੇ ਪਹਿਲੇ ਨਾਵਲ ਦਾ ਨਾਂ 'ਕੱਲਰ ਦੇ ਕੰਵਲ' ਸੀ ਤੇ ਦੂਜੇ ਦਾ 'ਸੂਰਾ ਸੋ ਪਹਿਚਾਨੀਏ'। ਉਸ ਦੀ ਪੋਤੀ ਸੱਚਮੁੱਚ ਕੱਲਰ ਦਾ ਕੰਵਲ ਬਣ ਕੇ ਨਿਤਰੀ ਹੈ। ਕਾਮਰੇਡ ਮਹਿੰਦਰ ਸਿੰਘ ਨੂੰ ਦਹਿਸਤੀ ਦੌਰ ਵਿਚ ਦੋ ਅਣਜਾਣੇ ਬੰਦਿਆਂ ਨੇ ਏ. ਕੇ. 47 ਦਾ ਬ੍ਰੱਸਟ ਮਾਰ ਕੇ 'ਸਹੀਦ' ਕਰ ਦਿੱਤਾ ਸੀ। ਉਸ ਦਿਨ ਮੈਂ ਉਹਦੇ ਨਾਲ ਨਹੀਂ ਸਾਂ ਜਿਸ ਕਰਕੇ ਬਚ ਗਿਆ। ਨਾਲ ਹੁੰਦਾ ਤਾਂ ਸਾਇਦ ਉਹ ਵੀ ਬਚ ਜਾਂਦਾ ਜਾਂ ਮੈਂ ਹੀ ਉਹਦੇ ਨਾਲ ਤੁਰ ਜਾਂਦਾ। ਪੂਰਾ ਵੇਰਵਾ ਮੇਰੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਦੇ ਕਾਂਡ 'ਮੌਤ ਦਾ ਪਹਿਰਾ' ਵਿਚ ਦਰਜ ਹੈ।

ਅੱਜ ਮੈਂ ਸੋਚਦਾਂ, ਮਹਿੰਦਰ ਜਿਊਂਦਾ ਹੁੰਦਾ ਤਾਂ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਹੁੰਦੇ ਵੇਖਦਾ। ਹੁਣ ਤਾਂ ਸਿਮਰ ਦਾ ਪਿਤਾ ਕਮਲਜੀਤ ਵੀ ਜੱਗ 'ਤੇ ਨਹੀਂ ਰਿਹਾ। ਹਾਂ, ਉਹਦੀ ਮਾਂ ਜੱਗ 'ਤੇ ਜਰੂਰ ਹੈ ਜੋ ਔਖੇ ਸੌਖੇ ਦੋ ਧੀਆਂ ਤੇ ਦੋ ਪੁੱਤਰਾਂ ਨੂੰ ਪਾਲਦੀ ਹੈ। ਸਿਮਰ ਨੇ ਆਪਣੀ ਜਿੱਤ ਦਾ ਸਿਹਰਾ ਆਪਣੀ ਮਾਂ ਦੇ ਸਿਰ ਬੰਨ੍ਹਿਆ ਹੈ। ਪਰਿਵਾਰ ਦੀ ਆਰਥਿਕ ਹਾਲਤ ਅਜਿਹੀ ਹੈ ਕਿ ਮਹਿੰਦਰ ਸਿੰਘ ਦੀ ਅੱਠ ਕਿੱਲਿਆਂ ਦੀ ਜਾਇਦਾਦ ਚਾਰ ਪੁੱਤਰਾਂ ਵਿਚ ਵੰਡੀਦੀ ਸਾਰੀ ਦੀ ਸਾਰੀ ਖੁਰ ਚੁੱਕੀ ਹੈ। ਹੁਣ ਜਮੀਨ ਦਾ ਇਕ ਓਰਾ ਵੀ ਨਹੀਂ ਹੈ ਸਿਮਰ ਦੀ ਮਾਂ ਕੋਲ। ਮਾਂ ਕੋਲ ਕੇਵਲ ਮਜਦੂਰੀ ਤੇ ਮਜਬੂਰੀ ਹੈ। ਪਰ ਲਾਲ ਰੂੜੀਆਂ 'ਚੋਂ ਵੀ ਦਗ ਉਠਦੇ ਹਨ! ਗੱਲਾਂ ਬਹੁਤ ਹਨ ਜੋ ਕਦੇ ਫੇਰ ਕਰਾਂਗਾ।

ਪੰਜਾਬ ਦੀ ਮੈਰੀਕਾਮ ਕਹੀ ਜਾਂਦੀ ਸਿਮਰ ਚਕਰ ਨੇ 2018 ਵਿਚ ਵਿਸਵ ਬੌਕਸਿੰਗ ਚੈਂਪੀਅਨਸਿਪ ਦਿੱਲੀ 'ਚੋਂ ਕਾਸੀ ਦਾ ਮੈਡਲ ਜਿੱਤ ਕੇ ਆਪਣਾ ਪਿੰਡ ਚਕਰ ਚਰਚਾ ਵਿਚ ਲੈ ਆਂਦਾ ਸੀ। ਪਹਿਲਾਂ ਇਸੇ ਪਿੰਡ ਦੀ ਮਨਦੀਪ ਕੌਰ ਸੰਧੂ ਨੇ ਜੂਨੀਅਰ ਵਰਲਡ ਚੈਂਪੀਅਨ ਬਣ ਕੇ ਚਕਰ ਚਰਚਾ ਵਿਚ ਲਿਆਂਦਾ ਸੀ। ਇਹ ਪਹਿਲੀ ਵਾਰ ਹੋਇਆ ਸੀ ਕਿ ਪੰਜਾਬ ਦੀ ਕੋਈ ਲੜਕੀ ਔਰਤਾਂ ਦੀ ਵਿਸਵ ਬੌਕਸਿੰਗ ਚੈਂਪੀਅਨਸਿਪ ਦੇ ਜਿੱਤਮੰਚ 'ਤੇ ਚੜ੍ਹਨ ਵਿਚ ਕਾਮਯਾਬ ਹੋਈ ਸੀ। ਚਕਰ ਦੇ ਸਰਕਾਰੀ ਸਕੂਲ ਵਿਚ ਪੜ੍ਹੀ, ਚਕਰ ਅਕੈਡਮੀ ਦੀ ਤਰਾਸੀ ਮੁੱਕੇਬਾਜ ਕੁੜੀ ਦਾ ਵਿਸਵ ਦੀਆਂ ਉਪਰਲੀਆਂ ਚਾਰ ਮੁੱਕੇਬਾਜਾਂ ਵਿਚ ਆ ਖੜ੍ਹਨਾ ਬੜੀ ਵੱਡੀ ਪ੍ਰਾਪਤੀ ਸੀ।



ਬੌਕਸਿੰਗ ਅਕੈਡਮੀ ਦੀ ਜਿੰਦ ਜਾਨ, ਚਕਰ ਦਾ ਮਸੀਹਾ, ਸਵਰਗੀ ਅਜਮੇਰ ਸਿੰਘ ਸਿੱਧੂ ਅੱਜ ਜਿੰਦਾ ਹੁੰਦਾ ਤਾਂ ਬੇਹੱਦ ਖੁਸ ਹੁੰਦਾ! ਉਹ ਪਤਾ ਨਹੀਂ ਸਿਮਰ ਚਕਰ ਤੋਂ ਕੀ ਕੁਝ ਵਾਰਦਾ? ਵੇਖਦੇ ਹਾਂ, ਪੰਜਾਬ ਸਰਕਾਰ ਜਾਂ ਕੇਂਦਰ ਸਰਕਾਰ ਸਿਮਰਨਜੀਤ ਦੀ ਕਿਹੋ ਜਿਹੀ ਸਰਪ੍ਰਸਤੀ ਕਰਦੀ ਹੈ?

ਸਾਡੇ ਦੇਸ ਦੀਆਂ ਕੁੜੀਆਂ ਨੂੰ ਸਹੀ ਸੇਧ ਮਿਲੇ ਤਾਂ ਉਹ ਕੁਝ ਦਾ ਕੁਝ ਕਰ ਕੇ ਵਿਖਾ ਸਕਦੀਆਂ ਹਨ। ਚਕਰ ਦੀਆਂ ਧੀਆਂ ਦੀ ਮਿਸਾਲ ਸਾਡੇ ਸਾਹਮਣੇ ਹੈ। ਮੁੱਕੇਬਾਜੀ ਵਰਗੀ ਜੁਝਾਰੂ ਖੇਡ ਵਿਚ ਚਕਰ ਦੀਆਂ ਕੁੜੀਆਂ ਨੇ ਪੰਜਾਬ, ਭਾਰਤ ਤੇ ਅੰਤਰਰਾਸਟਰੀ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ ਹਨ। 2006 ਵਿਚ ਪਹਿਲੀ ਮੁੱਕੇਬਾਜ ਸਵਿੰਦਰ ਕੌਰ 2012 ਦੀ ਜੂਨੀਅਰ ਨੈਸਨਲ ਬਾਕਸਿੰਗ ਚੈਂਪੀਅਨ ਬਣੀ ਸੀ ਜੋ ਭਾਰਤ ਦੀ ਸਰਬੋਤਮ ਮੁੱਕੇਬਾਜ ਐਲਾਨੀ ਗਈ। ਉਹ ਭਾਰਤੀ ਟੀਮ ਦੀ ਮੈਂਬਰ ਬਣ ਕੇ ਸ੍ਰੀ ਲੰਕਾ ਦਾ ਬਾਕਸਿੰਗ ਕੱਪ ਵੀ ਖੇਡੀ। ਮਨਦੀਪ ਕੌਰ ਸੰਧੂ ਏਸੀਆ ਦੀ ਬੈੱਸਟ ਜੂਨੀਅਰ ਬੌਕਸਰ ਐਲਾਨੀ ਗਈ। ਇਹ ਲੜਕੀ 24 ਮਈ 2015 ਨੂੰ ਤੈਪਈ ਵਿਚ ਮੁੱਕੇਬਾਜੀ ਦੀ ਜੂਨੀਅਰ ਵਿਸਵ ਚੈਂਪੀਅਨ ਬਣੀ। ਅਕਾਲ ਤਖਤ ਵੱਲੋਂ ਪਿੰਡ ਵਿਚ ਇਕੋ ਗੁਰਦਵਾਰਾ ਰੱਖਣ ਦੀ ਮੁਹਿੰਮ ਵੀ ਪਿੰਡ ਚਕਰ ਤੋਂ ਹੀ ਸੁਰੂ ਕੀਤੀ ਗਈ ਸੀ। ਚਕਰ ਦਸ ਹਜਾਰ ਤੋਂ ਵੱਧ ਆਬਾਦੀ ਵਾਲਾ ਪਿੰਡ ਹੈ ਪਰ ਗੁਰਦਵਾਰਾ ਇਕੋ ਹੈ।

ਪੁਰਸਾਂ ਵਿਚ ਸੁਖਦੀਪ ਚਕਰੀਆ ਭਾਰਤ ਦਾ ਨੈਸਨਲ ਚੈਂਪੀਅਨ ਬਣਿਆ ਜੋ ਦੇਸ ਦਾ ਸਰਬੋਤਮ ਮੁੱਕੇਬਾਜ ਐਲਾਨਿਆ ਗਿਆ। ਉਹ ਭਾਰਤ ਵੱਲੋਂ ਅੰਤਰਰਾਸਟਰੀ ਮੁਕਾਬਲੇ ਲੜਦਾ ਰਿਹਾ ਅਤੇ ਹੁਣ ਪ੍ਰੋਫੈਸਨਲ ਮੁੱਕੇਬਾਜੀ ਕਰ ਰਿਹੈ। ਉਸ ਦੀ ਭੈਣ ਪਰਮਿੰਦਰ ਕੌਰ ਕੌਮੀ ਪੱਧਰ 'ਤੇ ਮੈਡਲ ਜਿੱਤ ਰਹੀ ਹੈ। ਅਮਨਦੀਪ ਕੌਰ ਪੰਜਾਬ ਦੀ ਚੈਂਪੀਅਨ ਬਣੀ ਤੇ ਸੀਨੀਅਰ ਨੈਸਨਲ ਵਿਚ ਜਿੱਤ ਮੰਚ 'ਤੇ ਚੜ੍ਹੀ। ਅਮਨਦੀਪ ਦੀ ਛੋਟੀ ਭੈਣ ਸਿਮਰ ਚਕਰ ਨੈਸਨਲ ਚੈਂਪੀਅਨ ਬਣਨ ਉਪਰੰਤ 2013 ਵਿਚ 'ਦੂਜੀ ਗੋਲਡਨ ਗਲੱਵਜ ਇੰਟਰਨੈਸਨਲ ਯੂਥ ਬਾਕਸਿੰਗ ਚੈਂਪੀਅਨਸਿਪ' ਖੇਡਣ ਸਰਬੀਆ ਗਈ। ਫਿਰ ਸਤੰਬਰ 2013 ਵਿਚ ਉਸ ਨੇ ਬੁਲਗਾਰੀਆ ਵਿਖੇ ਹੋਈ 'ਯੂਥ ਵਿਸਵ ਬਾਕਸਿੰਗ ਚੈਂਪੀਅਨਸਿਪ' ਵਿਚੋਂ ਬਰਾਂਜ ਮੈਡਲ ਜਿੱਤਿਆ। ਭਾਰਤ ਦੇ ਦੋ ਮੈਡਲਾਂ ਵਿਚੋਂ ਇਕ ਮੈਡਲ ਚਕਰ ਦਾ ਸੀ। 2016 ਦੀ ਸੀਨੀਅਰ ਨੈਸਨਲ ਚੈਂਪੀਅਨਸਿਪ ਹਰਦੁਆਰ 'ਚੋਂ ਉਸ ਨੇ ਕਾਸੀ ਦਾ ਤਗਮਾ ਜਿੱਤਿਆ। 2017 ਵਿਚ ਆਇਰਲੈਂਡ ਤੋਂ ਚਾਂਦੀ ਦਾ ਤਗਮਾ, ਕਜਾਖਸਤਾਨ ਤੋਂ ਬਰਾਂਜ ਮੈਡਲ, ਜੂਨ 2017 ਵਿਚ ਓਪਨ ਨੈਸਨਲ ਨਵੀਂ ਦਿੱਲੀ ਵਿਚੋਂ ਤਾਂਬੇ ਦਾ ਤਗਮਾ ਤੇ ਸਤੰਬਰ ਨੈਸਨਲ ਰੋਹਤਕ ਤੋਂ ਚਾਂਦੀ ਦਾ ਅਤੇ ਸਤੰਬਰ 18 ਵਿਚ ਤੁਰਕੀ ਤੋਂ ਗੋਲਡ ਮੈਡਲ ਜਿੱਤਿਆ। ਨਵੰਬਰ 2018 ਦੀ ਵਰਲਡ ਬੌਕਸਿੰਗ ਚੈਂਪੀਅਨਸਿਪ ਦਿੱਲੀ ਲਈ ਪੰਜਾਬ ਤੋਂ ਉਹ ਕੇਵਲ ਇਕੋ-ਇਕ ਬੌਕਸਰ ਭਾਰਤੀ ਟੀਮ ਵਿਚ ਚੁਣੀ ਗਈ ਸੀ। ਉਹ ਤਿੰਨ ਮੁਕਾਬਲੇ ਜਿੱਤ ਕੇ ਸੈਮੀ ਫਾਈਨਲ ਵਿਚ ਪੁੱਜੀ ਸੀ ਜਿਸ ਨਾਲ ਬਰਾਂਜ ਮੈਡਲ ਜਿੱਤੀ।

ਸਿਮਰ ਚਕਰ ਦਾ ਪਿਤਾ ਕਮਲਜੀਤ ਸਿੰਘ ਆਰਥਿਕ ਤੰਗੀ ਕਾਰਨ ਕੰਮ ਕਾਰ ਬਦਲਦਾ ਠੇਕੇ ਦਾ ਕਾਰਿੰਦਾ ਜਾ ਬਣਿਆ ਸੀ ਜੋ ਅਧਖੜ ਉਮਰ ਵਿਚ ਹੀ ਜੁਲਾਈ 2018 'ਚ ਚਲਾਣਾ ਕਰ ਗਿਆ। ਵਿਧਵਾ ਰਾਜਪਾਲ ਕੌਰ ਦੋ ਕਮਰਿਆਂ ਦੇ ਨਿੱਕੇ ਜਿਹੇ ਘਰ ਵਿਚ ਘਰੇਲੂ ਤੇ ਬਾਹਰਲੇ ਨਿੱਕੇ ਮੋਟੇ ਕੰਮ ਕਰਦੀ ਆਪਣੇ ਚਾਰਾਂ ਬੱਚਿਆਂ ਨੂੰ ਪਾਲਦੀ ਰਹੀ। ਉਸ ਦੀਆਂ ਦੋਵੇਂ ਲੜਕੀਆਂ ਅਮਨਦੀਪ ਤੇ ਸਿਮਰਨਜੀਤ ਅਤੇ ਦੋਵੇਂ ਲੜਕੇ ਅਰਸਦੀਪ ਤੇ ਕੰਵਲਪ੍ਰੀਤ ਬੌਕਸਿੰਗ ਕਰ ਰਹੇ ਹਨ। ਪੰਜਾਬ ਸਰਕਾਰ ਨੂੰ ਚਾਹੀਦੈ ਕਿ ਵਿਸਵ ਚੈਂਪੀਅਨਸਿਪ 'ਚੋਂ ਮੈਡਲ ਜਿੱਤਣ ਵਾਲੀ ਅਤੇ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦੀ ਪੂਰੀ ਸੰਭਾਵਨਾ ਰੱਖਣ ਵਾਲੀ ਗਰੀਬ ਘਰ ਦੀ ਇਸ ਬੀ. ਏ. ਪਾਸ ਹੁਸਿਆਰ ਲੜਕੀ ਨੂੰ ਚੱਜ ਦੀ ਨੌਕਰੀ ਦੇ ਕੇ ਪੰਜਾਬ ਵਿਚ ਰੱਖ ਲਵੇ, ਨਹੀਂ ਤਾਂ ਹਰਿਆਣੇ ਵਾਲੇ ਜਾਂ ਕਿਸੇ ਹੋਰ ਸੂਬੇ/ਮਹਿਕਮੇ ਵਾਲੇ ਲੈ ਜਾਣਗੇ। ਚਕਰੀਏ ਚਾਹੁੰਦੇ ਹਨ ਕਿ ਉਹ ਆਪਣੇ ਪਿੰਡ, ਪੰਜਾਬ, ਤੇ ਦੇਸ ਲਈ ਹੋਰ ਮੈਡਲ ਜਿੱਤੇ। ਇਸ ਮੌਕੇ ਪੰਜਾਬ ਸਰਕਾਰ ਨੂੰ ਸਿਮਰ ਚਕਰ ਦਾ ਉਚੇਚਾ ਮਾਨ ਸਨਮਾਨ ਕਰਨਾ ਚਾਹੀਦੈ।

ਚਕਰ ਅਕੈਡਮੀ ਸਰਕਾਰੀ ਸਹਿਯੋਗ ਤੋਂ ਵਿਰਵੀ ਹੀ ਖਿਡਾਰੀਆਂ ਦੀ ਪਨੀਰੀ ਤਿਆਰ ਕਰਦੀ ਆ ਰਹੀ ਹੈ। ਮੁੱਕੇਬਾਜੀ ਤੇ ਫੁੱਟਬਾਲ ਇਸ ਦੀਆਂ ਮੁੱਖ ਖੇਡਾਂ ਹਨ। ਇਸ ਨੂੰ ਕੈਨੇਡਾ ਰਹਿੰਦਾ ਸਵਰਗੀ ਅਜਮੇਰ ਸਿੰਘ ਸਿੱਧੂ ਦਾ ਸਮੁੱਚਾ ਪਰਿਵਾਰ, ਪਿੰਡ ਵਿਚ ਮੁੱਕੇਬਾਜੀ ਦੀ ਖੇਡ ਦਾ ਮੁੱਢ ਬੰਨ੍ਹਣ ਵਾਲਾ ਪ੍ਰਿੰ. ਬਲਵੰਤ ਸਿੰਘ ਸੰਧੂ, ਸਾਬਕਾ ਪੁਲਿਸ ਅਫਸਰ ਦੇਵਿੰਦਰ ਸਿੰਘ, ਚੀਫ ਕੋਚ ਗੁਰਬਖਸ ਸਿੰਘ ਸੰਧੂ ਤੇ ਹੋਰ ਖੇਡ ਪ੍ਰਮੋਟਰ ਆਪਣੀ ਨਿਗਰਾਨੀ ਹੇਠ ਚਲਾ ਰਹੇ ਹਨ। ਅਕੈਡਮੀ ਦੇ ਬਾਨੀ ਅਜਮੇਰ ਸਿੰਘ ਸਿੱਧੂ ਦਾ ਦਸੰਬਰ 2014 ਵਿਚ ਦਿਹਾਂਤ ਹੋ ਗਿਆ ਸੀ ਜਿਸ ਦਾ ਅਕੈਡਮੀ ਤੇ ਪਿੰਡ ਚਕਰ ਨੂੰ ਵੱਡਾ ਸਦਮਾ ਲੱਗਾ ਸੀ। ਇਸ ਅਕੈਡਮੀ ਦੀ ਪ੍ਰਾਪਤੀ ਸਾਰਾ ਸਾਲ 300 ਬੱਚੇ ਬੱਚੀਆਂ ਨੂੰ ਖੇਡਾਂ ਦੀ ਟ੍ਰੇਨਿੰਗ ਦੇਣਾ ਹੈ। ਖੇਡਾਂ ਦਾ ਸਮਾਨ, ਟ੍ਰੈਕ ਸੂਟ, ਰਨਿੰਗ ਸੂਅ, ਰੈਫਰੈਸਮੈਂਟ, ਕੋਚਿੰਗ ਤੇ ਖੇਡ ਮੁਕਾਬਲਿਆਂ ਲਈ ਲਿਜਾਣ ਲਿਆਉਣ ਦੇ ਪ੍ਰਬੰਧ ਅਕੈਡਮੀ ਵੱਲੋਂ ਕੀਤੇ ਜਾਂਦੇ ਹਨ। ਵਿਸੇਸ ਗੱਲ ਇਹ ਕਿ ਲੜਕੀਆਂ, ਲੜਕਿਆਂ ਨਾਲੋਂ ਵੀ ਵੱਧ ਖੇਡਾਂ ਵਿਚ ਭਾਗ ਲੈਂਦੀਆਂ ਹਨ।

ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ ਇਕ ਵਾਰ ਚਕਰ ਆਇਆ ਤਾਂ ਉਸ ਨੇ ਖੇਡ ਅਕੈਡਮੀ ਵੇਖਣ ਪਿੱਛੋਂ ਕਿਹਾ, "ਚਕਰ ਨੂੰ ਦੇਖ ਕੇ ਯਕੀਨ ਹੋ ਗਿਆ ਕਿ ਪੰਜਾਬ ਮਰਨ ਵਾਲਾ ਨਹੀਂ। ਚਕਰ 'ਚ ਜੋ ਮਾਹੌਲ ਦੇਖਿਆ ਇਹ ਮੈਨੂੰ ਕਦੇ ਨਹੀਂ ਭੁੱਲ ਸਕਦਾ। ਚਕਰ ਦੀ ਸਪੋਰਟਸ ਅਕੈਡਮੀ, ਚਕਰ ਦੇ ਖਿਡਾਰੀ, ਚਕਰ ਦੀਆਂ ਝੀਲਾਂ ਦੇ ਕੁਦਰਤੀ ਨਜਾਰੇ ਤੇ ਮੇਰੀ ਉਮਰ ਦੇ ਨੇੜ ਪਹੁੰਚੇ ਸਾਥੀਆਂ ਦਾ ਗਰਮਜੋਸੀ ਨਾਲ ਮਿਲਣਾ ਮੇਰੇ ਜੀਵਨ ਦੀਆਂ ਅਭੁੱਲ ਯਾਦਾਂ ਬਣ ਗਈਆਂ ਹਨ।"

ਚਕਰੀਆਂ ਨੇ ਪਿੰਡ ਦਾ ਵਿਕਾਸ ਕਰਨ ਅਤੇ ਖੇਡ ਅਕੈਡਮੀ ਚਲਾਉਣ ਦਾ, ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰਿਆ ਹੈ। ਜੇਕਰ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਚਕਰ ਦੇ ਸਟੇਡੀਅਮ ਵਿਚ 'ਸਾਈ ਸੈਂਟਰ' ਅਤੇ ਸਰਕਾਰੀ ਸੀਨੀਅਰ ਸਕੂਲ ਚਕਰ ਵਿਚ 'ਸਪੋਰਟਸ ਵਿੰਗ' ਦੇ ਦੇਵੇ ਤਾਂ ਚਕਰਵਾਸੀ ਧੰਨਵਾਦੀ ਹੋਣਗੇ। ਹਾਲ ਦੀ ਘੜੀ 'ਸਿਮਰ ਚਕਰ' ਨੂੰ ਹਾਰਦਿਕ ਵਧਾਈਆਂ! ਉਹ ਉਚੇਰੀਆਂ ਮੰਜਲਾਂ ਮਾਰਨ ਵੱਲ ਵਧ ਰਹੀ ਹੈ। ਉਹਦਾ ਨਿਸਾਨਾ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਜਿੱਤਣਾ ਹੈ। ਜਿੱਦਣ ਉਹ ਜੌਰਡਨ ਤੋਂ ਵਾਪਸ ਦਿੱਲੀ, ਚੰਡੀਗੜ੍ਹ ਤੇ ਲੁਧਿਆਣੇ ਹੁੰਦੀ ਹੋਈ ਆਪਣੇ ਪਿੰਡ ਚਕਰ ਪਰਤੇਗੀ ਉੱਦਣ ਉਹਦਾ ਪਿੰਡ ਦੇ ਗੁਰਦਵਾਰੇ ਅਤੇ ਭਾਈ ਮੱਘਰ ਸਿੰਘ ਸਟੇਡੀਅਮ ਵਿਚ ਭਰਵਾਂ ਮਾਣ ਸਨਮਾਨ ਹੋਵੇਗਾ।

# ਵੇਲੇ ਦਾ ਰਾਗ



- ਕੇਹਰ ਸਰੀਫ
+491733546050

ਸਮੇਂ ਨਾਲ ਇਕਸੁਰ ਹੋ ਕੇ ਤੁਰਨਾ ਬਹੁਤ ਹੀ ਔਖਾ ਕਾਰਜ ਸਮਝਿਆ ਜਾਂਦਾ ਹੈ, ਕਈ ਲੋਕ ਤਾਂ ਇਸ ਨੂੰ ਔਝੜਿਆ ਰਾਹ ਵੀ ਆਖਦੇ ਹਨ। ਗੱਲ ਸੱਚੀ ਹੀ ਹੈ ਕਿਹੜਾ ਕਾਰਜ ਹੈ ਜਿਹੜਾ ਕਰਨ ਤੋਂ ਪਹਿਲਾਂ ਸੌਖਾ ਲਗਦਾ ਹੋਵੇ। ਪਰ, ਸਮੇਂ ਵਲੋਂ ਪਾਈ ਵੰਗਾਰ ਵਾਲੇ ਰਾਹੇ ਤੁਰਨ ਤੋਂ ਬਿਨਾਂ ਸਰਨਾ ਵੀ ਤਾਂ ਨਹੀਂ ਹੁੰਦਾ ਅਜਿਹੇ ਔਖੇ ਸਮੇਂ ਹੀ ਤਾਂ ਸਹਿਜ, ਗਿਆਨ ਤੇ ਬੌਧਿਕਤਾ ਭਰਪੂਰ ਸੂਰਬੀਰਤਾ ਦੀ ਪਛਾਣ ਹੁੰਦੀ ਹੈ। ਇਕ ਸਬੀਲ ਜਾਂ ਦਲੀਲ ਬਣਦੀ ਹੈ ਦੂਜੀ ਢੱਠਦੀ ਹੈ। ਇਹ ਬਣਨ, ਢੱਠਣ ਦੀ ਖਿੱਚੋਤਾਣ ਹੀ ਆਖਰ ਸਿਰਜਣਾ ਨੂੰ ਜਨਮ ਦਿੰਦੀ ਹੈ। ਇਸ ਕ੍ਰਿਆ ਨੇ ਅੱਗੇ ਵਧਦਿਆਂ ਕੀਤੀ ਜਾ ਰਹੀ ਸਿਰਜਣਾ ਅੰਦਰ ਨਿਖਾਰ ਪੈਦਾ ਕਰਨਾ ਹੁੰਦਾ ਹੈ। ਸਿਰਜਾਣਤਮਿਕਤਾ ਦਾ ਪਹਿਲਾ ਕਦਮ ਕਿਸੇ ਵਿਸੇ ਬਾਰੇ ਸਾਧਾਰਨ ਜਹੀ ਚਿੰਤਾ ਹੀ ਹੁੰਦੀ ਹੈ, ਫੇਰ ਇਸ ਚਿੰਤਾ ਪਿਛੇ ਕਾਰਜਸੀਲ ਸਥਿਤੀਆਂ ਦੇ ਕਾਰਨਾਂ ਨੂੰ ਲੱਭਣ ਦੇ ਅਧਿਅਨ ਭਰੇ ਜਤਨ ਆਰੰਭ ਹੁੰਦੇ ਹਨ ਤੇ ਇੱਥੋਂ ਹੀ ਚਿੰਤਾ ਤੋਂ ਚਿੰਤਨ ਵਲ ਵਧਦਾ ਰਾਹ/ਜਾਂ ਪ੍ਰਵਾਹ ਕਿਸੇ ਵੀ ਅਗਲੇ ਕਾਰਜ ਦੀ ਅਗਵਾਈ ਕਰਨ ਦਾ ਸਬੱਬ ਬਣ ਜਾਂਦਾ ਹੈ। ਅਜਿਹੇ ਕਾਰਜ ਹੀ ਨਵੀਂ ਸੋਚ ਨੂੰ ਅਮਲ ਵਿਚ ਢਾਲਦੇ ਹਨ। ਇਹ ਸੋਚ ਹੀ ਸਾਂਝ ਪੈਦਾ ਕਰਨ ਵਾਲੀ ਮਨੁੱਖਵਾਦੀ/ਸਰਬੱਤ ਦੇ ਭਲੇ ਵਾਲੀ ਹੋਵੇ ਤਾਂ ਹੀ ਔਝੜੇ ਰਾਹਾਂ ਅਤੇ ਮੁਸਕਿਲ ਸਥਿਤੀਆਂ ਦਾ ਟਾਕਰਾ ਕਰਨ ਦੇ ਯੋਗ ਹੋ ਸਕਦੀ ਹੈ। ਇਸ ਤਰ੍ਹਾਂ ਦੂਜਿਆਂ ਨੂੰ ਵੀ ਕਿਸੇ ਕਾਰਜ ਵਿਚ ਸਾਮਲ ਹੋਣ ਵਾਸਤੇ ਪ੍ਰੇਰਿਆ ਜਾ ਸਕਦਾ ਹੈ। ਇਸ ਵਿਚ ਅਮਲ ਰਾਹੀਂ ਜੁੜਨ ਨਾਲ ਹੀ ਇਕੱਲਿਆਂ ਤੋਂ ਕਾਫਲੇ ਬਣਦੇ ਹਨ। ਅਜਿਹੇ ਕਾਫਲਿਆਂ ਨੇ ਸਦਾ ਹੀ ਸਮੇਂ ਦੀ ਅੱਖ 'ਚ ਅੱਖ ਪਾ ਕੇ ਗੱਲ ਕੀਤੀ, ਤਾਂ ਹੀ ਔਖੇ ਵਕਤਾਂ ਨੂੰ ਪਾਰ ਕਰਦਿਆਂ ਉਨ੍ਹਾਂ ਸੰਘਰਸੀ ਲੋਕਾਂ ਨੇ ਲੱਖ ਮੁਸੀਬਤਾਂ ਝੱਲੀਆਂ, ਸਿਦਕ ਨਾ ਹਾਰਿਆ ਤੇ ਬਾਅਦ ਅਖੀਰ 'ਚ ਅਜਿਹੇ ਕਾਫਲਿਆਂ ਦੇ ਗਲ ਹੀ ਸਦਾ ਜਿੱਤ ਦਾ ਹਾਰ ਪਾਇਆ ਗਿਆ ਹੈ।

ਸਮੇਂ ਸਿਰ ਢੁੱਕਦੀ ਗੱਲ ਕਰਨ ਵਾਲੇ ਨੂੰ ਹੀ ਆਮ ਤੌਰ 'ਤੇ ਸਿਆਣਾ ਜਾਂ ਸੂਝਵਾਨ ਕਿਹਾ ਜਾਂਦਾ ਹੈ। ਦਾਨੇ-ਬੀਬੇ ਤੇ ਦਾਨਿਸਵਰ ਬੰਦਿਆਂ ਦੀ ਸਿਫਤ ਇਸੇ ਕਰਕੇ ਹੀ ਕੀਤੀ ਜਾਂਦੀ ਹੈ ਕਿ ਉਹ ਆਪਣੀ ਖਰੀ ਸੋਚ, ਦੇ ਆਸਰੇ ਆਪਣੇ ਨਿਸਾਨੇ ਭਾਵ ਮੰਜਿਲ ਵੱਲ ਪ੍ਰਤੀਬੱਧਤਾ, ਨਿੱਖਰੀ ਚੇਤੰਨਤਾ ਦੇ ਆਸਰੇ ਸਮੇਂ ਨੂੰ ਉਂਗਲ ਲਾ ਕੇ ਤੋਰਨ ਦੇ ਸਮਰੱਥ ਹੁੰਦੇ ਹਨ। ਆਪਣੇ ਇਰਾਦੇ ਦੀ ਪਕਿਆਈ ਅਤੇ ਸੁਭਾਅ ਪੱਖੋਂ ਸੰਜਮ ਅਤੇ ਸਹਿਜਤਾ ਕਰਕੇ ਆਪਣੇ ਹੀ ਕੀਤੇ ਅਹਿਦ ਅਨੁਸਾਰ ਉਹ ਸਮੇਂ ਦੀ ਧਾਰਾ ਨੂੰ ਆਪਣੇ ਪੱਖ ਵਿਚ ਮੋੜਨ ਦੇ ਜਤਨ ਹੀ ਨਹੀਂ ਕਰਦੇ ਸਗੋਂ ਆਪਣੇ ਸਿਦਕ, ਸਿਰੜ, ਦ੍ਰਿੜਤਾ ਅਤੇ ਸਹਿਜ ਭਰੇ ਕਦਮਾਂ ਵਾਲੇ ਸਾਹਸ ਦੇ ਆਸਰੇ ਆਪਣੀ ਹਿੰਮਤ ਨਾਲ ਜਿੱਦ (ਜਾਂ ਆਪਣੇ ਨਾਲ ਕੀਤਾ ਵਾਅਦਾ/ਆਪਣੇ ਵਚਨ) ਪੁਗਾਉਂਦੇ ਵੀ ਹਨ। ਇਹ ਕਰਮ ਕਈ ਵਾਰ ਅਜੀਬ ਜਾਪਣ ਲੱਗ ਪੈਂਦਾ ਹੈ ਪਰ ਵਗਦੀ ਧਾਰਾ ਦੀ ਲਗਾਤਾਰਤਾ ਜਦੋਂ ਗਵਾਹੀ ਬਣਨ ਲਗਦੀ ਹੈ ਤਾਂ ਹੈਰਾਨੀ ਵੀ ਹੁੰਦੀ ਹੈ, ਅਤੇ ਖੁਸੀ ਭਰਿਆ ਧਰਵਾਸ ਵੀ, ਜੋ ਸਮੇਂ ਦਾ ਸੱਚ ਬਣ ਜਾਂਦਾ ਹੈ। ਇਹ ਤੋਰ ਇਸ ਰਾਹ ਦੇ ਪਾਂਧੀਆਂ ਦੀ ਤਾਕਤ ਬਣ ਜਾਂਦੀ ਹੈ। ਆਖਰ, ਇਹ ਤਾਕਤ ਹੀ ਜਿੱਤ ਦੀ ਜਾਮਨ ਹੋ ਨਿੱਬੜਦੀ ਹੈ। ਇਹ ਰਾਹ ਲੰਬਾ ਵੀ ਹੋ ਸਕਦਾ ਹੈ, ਅਕਾਊ ਵੀ ਪਰ ਮੰਜ਼ਿਲ 'ਤੇ ਪਹੁੰਚਣ ਅਤੇ ਉਦੇਸ ਦੀ ਪ੍ਰਾਪਤੀ ਵਾਸਤੇ ਆਪਣਾ ਪੂਰਾ ਤਾਣ ਲਾ ਕੇ ਹਰ ਹੀਲੇ ਵਾਟ ਮੁਕਾਉਣੀ ਪੈਂਦੀ ਹੈ। ਹੁਣ ਤੱਕ ਸੰਸਾਰ ਦਾ ਹੋਇਆ ਸਮਾਜਕ ਵਿਕਾਸ ਇਸ ਗੱਲ ਦੀ ਗਵਾਹੀ ਬਣਕੇ ਸਾਡੇ ਸਾਹਮਣੇ ਰੂਪਮਾਨ ਹੈ। ਜਿਸ ਸੱਚ ਨੂੰ ਇਸਦੇ ਦੋਖੀ ਵੀ ਝੁਠਲਾ ਨਹੀਂ ਸਕਦੇ, ਗਲਤ ਵੀ ਸਾਬਤ ਨਹੀਂ ਕਰ ਸਕਦੇ।

ਵਕਤ ਦੇ ਕੁੱਝ ਪਲ ਸਾਡੇ ਵਾਸਤੇ ਬਹੁਤ ਕੁੱਝ ਅਜਿਹਾ ਪਰੋਸਦੇ ਹਨ ਜੋ ਸੱਚਮੁੱਚ ਅਜੀਬ ਹੋ ਜਾਂਦੇ ਹਨ ਇਹੋ ਪਲ ਢਲ ਕੇ ਜਦੋਂ ਅੱਖਾਂ ਸਾਹਮਣੇ ਸੱਚ ਜਿਹਾ ਹੋ ਕੇ ਵਿਚਰਦੇ ਹਨ ਤਾਂ ਹੈਰਾਨੀ ਵੀ ਹੁੰਦੀ ਹੈ ਅਤੇ ਫਰਕ ਦਾ ਵੀ ਪਤਾ ਲਗਦਾ ਹੈ। ਮਿਸਾਲ ਵਜੋਂ ਸਹਿਨਾਈ ਨੂੰ ਪੇਸ਼ ਕੀਤਾ ਜਾ ਸਕਦਾ ਹੈ। ਸਹਿਨਾਈ ਖੁਸੀ ਤੇ ਗਮੀ ਦੋਵੇਂ ਮੌਕਿਆਂ 'ਤੇ ਵਜਾਈ ਜਾਂਦੀ ਹੈ। ਪਰ ਵਕਤ ਦੀ ਭਾਵਨਾ ਅਤੇ ਮੌਕਾ-ਮੇਲ਼ ਵਿਚ ਜਮੀਨ-ਅਸਮਾਨ ਦਾ ਫਰਕ ਹੁੰਦਾ ਹੈ। ਸਗਨਾਂ ਵਾਲੇ ਖੁਸੀ ਭਰੇ ਪਲਾਂ ਨੂੰ ਸੋਗ ਦੇ ਉਦਾਸੀ ਭਰੇ ਵਿਰਲਾਪ ਵਾਲੇ ਸੁਰਾਂ ਨਾਲ ਨਹੀਂ ਮੇਲਿਆ ਜਾ ਸਕਦਾ। ਵੈਣਾਂ ਦੇ ਉੱਚੇ ਨੀਵੇਂ ਸੁਰਾਂ ਨੇ ਵਿਸਰਦਿਆਂ ਹੀ ਉਦਾਸ ਅਤੀਤ ਭਾਵ ਬੀਤਿਆ ਹੋਇਆ ਵਕਤ ਬਣ ਕੇ ਰਹਿ ਜਾਣਾ ਹੁੰਦਾ ਹੈ, ਪਰ ਸਗਨਾਂ ਦੇ ਹੁਲਾਸ ਭਰੇ ਸੁਰਾਂ ਨੇ ਨਿੱਤ ਦਿਨ ਮੌਲਣਾ ਤੇ ਨਿੱਖਰਨਾ ਹੁੰਦਾ ਹੈ। ਇਹੀ ਜਗਤ ਦੇ ਲਗਾਤਾਰ ਹੋ ਰਹੇ ਵਿਕਾਸ ਦਾ ਅੰਗ ਬਣਦਾ ਹੈ ਅਤੇ ਇਹ ਹੀ ਜਗਤ ਦਾ ਪਸਾਰਾ ਹੈ, ਜਿਸ ਤੋਂ ਕਦੇ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ। ਇਨ੍ਹਾਂ ਹਾਲਤਾਂ ਤੋਂ ਮੂੰਹ ਮੋੜਿਆ ਹੀ ਨਹੀਂ ਜਾ ਸਕਦਾ। ਜੇ ਕੋਈ ਇੰਜ ਕਰੇ ਤਾਂ ਉਹ ਸੰਸਾਰ ਨੂੰ ਨਖਿੱਧ ਜਹੀ, ਅਰਥਹੀਣ ਸੋਚ ਦੇਣ ਦੇ ਜਤਨ ਵਿਚ ਹੁੰਦਾ ਹੈ। ਅਜਿਹੀ ਅਰਥਹੀਣ ਸੋਚ ਮਨੁੱਖੀ ਜੀਵਨ ਵਿਚ ਬੇਲੋੜੀ ਉਦਾਸੀ ਤਾਂ ਭਰ ਸਕਦੀ ਹੈ, ਕੁਰਾਹੇ ਵੀ ਪਾ ਸਕਦੀ ਹੈ ਪਰ ਅੱਗੇ ਵੱਲ ਕਦਮ ਨਹੀਂ ਪੁੱਟ ਸਕਦੀ ਅਤੇ ਕਦੇ ਵੀ ਸੱਚ ਸਾਬਤ ਨਹੀਂ ਹੋ ਸਕਦੀ। ਅੱਗੇ ਵਧਣ ਵਾਸਤੇ ਆਸਵੰਦ ਅਤੇ ਹੋਸਮੰਦ ਹੋਣਾ ਜਰੂਰੀ ਹੁੰਦਾ ਹੈ, (ਯਾਦ ਰਹੇ ਜਜਬਾਤੀ ਜਾਂ ਭਾਵੁਕ ਮਨੁੱਖ ਜਦੋਂ ਜੋਸ ਨੂੰ ਹੋਸ ਨਾਲੋਂ ਤੋੜਕੇ ਕੋਈ ਕਾਰਜ ਕਰਦਾ ਹੈ ਤਾਂ ਉਸਦਾ ਘਾਟੇ ਵਿਚ ਰਹਿਣਾ ਲਾਜ਼ਮੀ ਹੁੰਦਾ ਹੈ) ਤਾਂ ਹੀ ਦਲੀਲ ਭਰੀ ਸੂਝ ਵਾਲਾ ਮਨੁੱਖ "ਜਾਨ ਨਾਲ ਜਹਾਨ ਵਾਲੀ" ਧਾਰਨਾ ਬਾਰੇ ਸੋਚਦਾ ਹੈ ਕਿਉਂਕਿ ਇਹ ਸਰਬ ਪ੍ਰਵਾਨਤ ਹੈ ਕਿ ਆਸ ਨਾਲ ਹੀ ਜੱਗ ਜੀਉਂਦਾ ਹੈ, ਇਹ ਆਸ ਹੀ ਅੱਗੇ ਤੁਰਨ ਵਾਲੇ ਕਦਮਾਂ ਦਾ ਜੋਸ ਤੇ ਤੋਰ ਦੀ ਰਵਾਨੀ ਬਣਦੀ ਹੈ। ਕਿਸੇ ਮੰਜਿਲ 'ਤੇ ਪਹੁੰਚਣ ਵਾਸਤੇ ਕਦਮਾਂ ਦੀ ਹਰਕਤ ਦੂਜਿਆਂ ਨਾਲ ਵੀ ਮੱਥੇ ਦੀ ਲੋਅ ਬਣ ਕੇ ਭਾਈਚਾਰਾ ਕਾਇਮ ਕਰਨ ਵਾਲੇ ਸਾਂਝਾਂ ਭਰੇ ਜੀਊਣ ਦਾ ਮਕਸਦ ਬਣ ਜਾਂਦੀ ਹੈ। ਕਿਸੇ ਮੰਜ਼ਿਲ 'ਤੇ ਪਹੁੰਚਣ ਵਾਸਤੇ ਕਦਮਾਂ ਦੀ ਹਰਕਤ ਦੂਜਿਆਂ ਨਾਲ ਅਜਿਹਾ ਸਾਂਝ ਭਰੇ ਜੀਊਣ ਦਾ ਮਕਸਦ ਅਤੇ ਨਾਲ ਹੀ ਜੀਵਨ ਅੰਦਰ ਸਫਲਤਾ ਦੀ ਕੁੰਜੀ ਬਣ ਜਾਂਦੀ ਹੈ। ਸੰਸਾਰ ਅੰਦਰ ਸੂਝਵਾਨ ਦਾਰਸਨਿਕਾਂ ਵਲੋਂ ਬੌਧਿਕ ਪੱਖੋਂ ਕੀਤੇ ਪ੍ਰਚਾਰ ਨੇ ਆਪਣੇ ਹੱਕਾਂ ਖਾਤਰ ਸਰਗਰਮ ਲੋਕ ਲਹਿਰਾਂ ਦੇ ਆਗੂਆਂ ਨੂੰ ਹੱਲਾਸੇਰੀ, ਸੇਧ ਅਤੇ ਹੌਸਲਾ ਦਿੱਤਾ ਜਿਸ ਦੇ ਸਿੱਟੇ ਵਜੋਂ ਇਨ੍ਹਾਂ ਲੋਕ ਲਹਿਰਾਂ ਨੇ ਦੁਨੀਆਂ ਦੇ ਵੱਖੋ-ਵੱਖ ਦੇਸਾਂ ਅਤੇ ਲੋਕ ਸਮੂਹਾ, ਭਾਈਚਾਰਿਆਂ ਦਾ ਮੂਹ-ਮੱਥਾ ਸਵਾਰਨ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ।

ਮਨੁੱਖ ਸਿਰਫ ਆਪਣੇ ਕਰਕੇ ਹੀ ਨਹੀਂ ਜੀਊਂਦਾ, ਪਰਵਾਰ/ਸਮਾਜ ਨਾਲ ਵੀ ਉਸਦਾ ਕੋਈ ਰਿਸਤਾ/ਵਾਸਤਾ ਹੁੰਦਾ ਹੈ। ਸਮਾਜ ਅੰਦਰਲੇ ਉਤਰਾਅ-ਝੜਾਅ ਹਰ ਇਨਸਾਨ ਨੂੰ ਪ੍ਰਭਾਵਿਤ ਕਰਦੇ ਹਨ। ਚੰਗੇ ਪ੍ਰਭਾਵਾਂ ਨੂੰ ਪ੍ਰਚਾਰਨਾ, ਪ੍ਰਸਾਰਨਾ ਹਰ ਨਾਗਰਿਕ ਦਾ ਫਰਜ ਹੁੰਦਾ ਹੈ ਪਰ ਭੈੜੇ ਪ੍ਰਭਾਵਾਂ ਦਾ ਜਹਿਰ ਸਮਾਜ ਅੰਦਰ ਫੈਲ ਕੇ ਸਮਾਜ ਅੰਦਰ ਪ੍ਰੇਮ ਭਾਵ ਨਾਲ ਵਸਦੇ ਲੋਕਾਂ ਦੀ ਸਾਂਝ ਨੂੰ ਗਲਤ ਦਿਸਾ ਵੱਲ ਨਾ ਤੋਰ ਦੇਵੇ ਇਸ ਕਰਕੇ ਅਜਿਹੇ ਗਲਤ ਰੁਝਾਨਾਂ ਦੀ ਕਾਟ ਕਰਿਦਆਂ ਉਨ੍ਹਾਂ ਦੇ ਖਿਲਾਫ ਖੜ੍ਹੇ ਹੋਣਾ ਸਮਾਜ ਵਿਚ ਵਸਦੇ ਹਰ ਚੇਤੰਨ ਪ੍ਰਾਣੀ ਦਾ ਪਹਿਲਾ ਫਰਜ ਹੁੰਦਾ ਹੈ। ਜੇ ਕੋਈ ਅਜਿਹਾ ਫਰਜ ਅਦਾ ਨਹੀਂ ਕਰਦਾ ਤਾਂ ਉਹ 'ਸਮਾਜੀ ਜੀਵ' ਕਹਾਉਣ ਦਾ ਹੱਕਦਾਰ ਨਹੀਂ ਹੁੰਦਾ, ਬਸ! ਜੂਨ ਪੂਰੀ ਕਰ ਰਿਹਾ ਜੀਊੜਾ ਹੁੰਦਾ ਹੈ। ਇਹ ਆਮ ਹੀ ਕਿਹਾ ਜਾਂਦਾ ਹੈ ਕਿ ਕਿਸੇ ਵੀ ਭੈੜ, ਕੁਚੱਜ ਜਾਂ ਜੁਲਮ ਦੇ ਖਿਲਾਫ ਨਾ ਬੋਲਣਾ ਜਾਂ ਚੁੱਪ ਰਹਿਣਾ ਉਹਦੇ ਨਾਲ ਸਹਿਮਤੀ ਦੇਣ ਵਰਗਾ ਹੀ ਹੁੰਦਾ ਹੈ। ਅਜਿਹੇ ਲੋਕਾਂ ਦਾ ਵਰਤਮਾਨ ਨੂੰ ਦੂਸ਼ਿਤ ਕਰਨ ਵਾਲਾ ਨਾਂਹਪੱਖੀ ਰੋਲ ਹੁੰਦਾ ਹੈ- ਇਹ ਇਤਿਹਾਸ ਦੇ ਵੀ ਦੋਸੀ ਹੁੰਦੇ ਹਨ ਤੇ ਆਪਣੇ ਆਪ ਦੇ ਵੀ। ਆਜਾਦੀ ਦੇ ਸੰਘਰਸ ਸਮੇਤ ਹੋਰ ਬਹੁਤ ਸਾਰੇ ਮੌਕਿਆਂ ਦਾ ਇਤਿਹਾਸ ਇਸ ਦੀ ਗਵਾਹੀ ਦਿੰਦਾ ਹੈ। ਸੰਸਾਰ ਦਾ ਇਤਿਹਾਸ ਹੋਰ ਵੀ ਘਿਨਾਉਣੇ ਰੂਪ ਵਿਚ ਸਾਡੇ ਸਾਹਮਣੇ ਅਣਮਨੁੱਖੀ ਤੱਥ ਪੇਸ ਕਰਦਾ ਹੈ। ਇਤਿਹਾਸ ਬਾਰੇ ਗੱਲ ਕਰਦਿਆਂ ਉਸ ਸਮੇਂ ਜੇ ਅਜਿਹਾ ਨਾ ਹੋਇਆ ਹੁੰਦਾ ਕਹਿਣਾ ਵੀ ਨਾਂਹ-ਵਾਚਕ ਹੀ ਹੁੰਦਾ ਹੈ। ਪਰ, ਯਾਦ ਰੱਖਣ ਵਾਲੀ ਗੱਲ ਇਹ ਹੀ ਹੈ ਕਿ ਬੀਤ ਗਏ ਸਮੇਂ ਬਾਰੇ ਅਸੀਂ ਖੁਸ ਹੋ ਸਕਦੇ ਹਾਂ ਜਾਂ ਉਦਾਸ ਹੋ ਕੇ ਐਵੇਂ ਹੀ ਝੋਰਿਆਂ ਦੇ ਵਸ ਪੈ ਸਕਦੇ ਹਾਂ ਪਰ ਚਾਹੁੰਦੇ ਹੋਏ ਵੀ ਲੰਘ ਗਏ ਸਮੇਂ ਨੂੰ ਅਸੀਂ ਬਦਲ ਨਹੀਂ ਸਕਦੇ। ਅਤੀਤ ਵਿਚ ਹੋਈਆਂ ਗਲਤੀਆਂ ਅਤੇ ਉਸ ਸਮੇਂ ਰਹਿ ਗਈਆਂ ਘਾਟਾਂ ਤੋਂ ਸਿੱਖਦਿਆਂ ਹੋਇਆਂ ਉਨ੍ਹਾਂ ਦੀ ਪੂਰਤੀ ਕਰਨ ਵਾਸਤੇ ਤਾਂ ਵਰਤਮਾਨ ਵਿਚ ਹੀ ਜਾਗਣਾ ਪਵੇਗਾ।

ਆਧੁਨਿਕ ਦੌਰ ਦੇ ਬਹੁਗਿਣਤੀ ਸੱਤਾਧਾਰੀ ਸਿਆਸਤ ਅੰਦਰ ਵਿਚਰ ਰਹੇ ਆਪਣੇ ਆਪ ਨੂੰ ਧਨੰਤਰ ਸਮਝਣ ਵਾਲੇ ਵੀ ਅਮਲ ਵਲੋਂ ਗਏ-ਗੁਜਰੇ ਜਾਂ ਅ-ਪੂਰਨ ਮਨੁੱਖ ਲਗਦੇ ਹਨ, ਜਿਨ੍ਹਾਂ ਕੋਲ ਸਮਾਜ ਨੂੰ ਅੱਗੇ ਤੋਰਨ ਵਾਲੀ ਨਾ ਸੂਝ ਹੈ, ਨਾ ਸਮਝ, ਜੇ ਉਨ੍ਹਾਂ ਕੋਲ ਹੈ ਤਾਂ ਬੇਗਾਨੀਆਂ ਵੈਸਾਖੀਆਂ ਦਾ ਆਸਰਾ ਅਤੇ ਜਮੀਰ ਦਾ ਜੀਉਂਦੇ ਨਾ ਹੋਣਾ। ਇਸ ਕਰਕੇ ਉਹ ਲੋਕਤਾ ਦੇ ਦਰਦ ਨੂੰ ਮਹਿਸੂਸ ਕਰਨ ਦਾ ਕਸਟ ਨਹੀਂ ਸਹਿੰਦੇ। ਆਮ ਕਰਕੇ ਅਜਿਹੇ ਚਲਣ ਨੂੰ ਇਨਸਾਨੀ ਅਵਗੁਣ ਆਖਿਆ ਜਾ ਸਕਦਾ ਹੈ। ਬੇਗਾਨੀਆਂ ਵੈਸਾਖੀਆਂ ਉਨ੍ਹਾਂ ਲੋਕਾਂ ਦੀ ਚਾਲ ਹੀ ਨਹੀਂ ਸਗੋਂ ਚਾਲ-ਚਲਣ ਵੀ ਵਿਗਾੜ ਦਿੰਦੀਆਂ ਹਨ। ਕੁੱਲ ਆਲਮ ਉਨ੍ਹਾਂ ਦੀ ਪੱਤ ਚੌਰਾਹੇ ਰੁਲਦੀ ਵੇਖਦਾ ਹੈ। ਬੇਗਾਨੇ ਵਿਹੜੇ ਨੱਚਣ ਦਾ ਇਹੋ ਸਿੱਟਾ ਹੁੰਦਾ ਹੈ। ਅਜਿਹੇ ਉੱਚੇ ਰੁਤਬਿਆਂ ਵਾਲੇ ਲੋਕਾਂ ਕੋਲ ਆਪਣੇ ਪਿੱਛੇ ਛੱਡਣ ਵਾਸਤੇ ਪਛਤਾਵੇ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਹੁੰਦਾ। ਬਹੁਤ ਵਾਰ ਉਨ੍ਹਾਂ ਦੀ ਔਲਾਦ ਬੇ-ਕਸੂਰ ਹੁੰਦੇ ਹੋਏ ਵੀ ਆਪਣੇ ਵਡੇਰਿਆਂ ਦੀਆਂ ਕਿਸੇ ਵੀ ਤਰ੍ਹਾਂ ਦੇ ਲੋਭ/ਲਾਲਚ ਅਧੀਨ ਕੀਤੀਆਂ ਗਲਤੀਆਂ ਜਾਂ ਮੂਰਖਤਾਵਾਂ ਦੀ ਸਜਾ ਭੁਗਤਦੇ ਹਨ। ਇਹ ਅੱਜ ਹੀ ਨਹੀਂ ਹੋ ਰਿਹਾ ਬੀਤੇ ਸਮੇਂ ਦਾ ਇਤਿਹਾਸ ਵੀ ਅਜਿਹੇ ਲੋਕਾਂ ਦੀ ਗਵਾਹੀ ਭਰਦਾ ਹੈ। ਅਜਿਹੇ ਲੋਕਾਂ ਨੂੰ ਉਸ ਸਮੇਂ ਦੇ ਜਾਲਮ ਪਰ ਨਖਿੱਧ ਹਾਕਮ ਜਾਂ ਇਤਿਹਾਸ ਦੇ ਕਾਲੇ ਧੱਬੇ ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਪਰ ਇਹੋ ਜਿਹੇ ਲੋਕ ਹਮੇਸ਼ਾ ਹੀ ਸਮਾਜ ਅੰਦਰ ਰਹੇ ਹਨ ਅਤੇ ਆਧੁਨਿਕ ਯੁੱਗ ਵੀ ਇਸ ਦੀ ਭੈੜੀ ਮਿਸਾਲ ਬਣਕੇ ਹੀ ਵਿਚਰ ਰਿਹਾ ਹੈ। ਜਿਸ ਯੁੱਗ ਨੂੰ ਅੱਜ ਅਸੀਂ ਡਿਜੀਟਲ ਯੁੱਗ ਆਖ ਰਹੇ ਹਾਂ ਇਹ ਸਿਰਫ ਲੁੱਟ ਅਧਾਰਤ ਸਮਾਂ ਹੀ ਨਹੀਂ ਸਗੋਂ ਮਨੁੱਖ ਨੂੰ ਸਾਹ-ਸਤ ਹੀਣ ਅਤੇ ਉਸ ਦੀ ਕਦਰ ਘਟਾਈ ਕਰਦਿਆ ਉਸ ਵਿਚੋਂ ਮਨੁੱਖ ਹੋਣ ਦਾ ਮਾਣ-ਸਨਮਾਨ ਵੀ ਮਨਫੀ ਕਰ ਰਿਹਾ ਹੈ। ਇਸ ਬਾਰੇ ਸਭ ਨੂੰ ਰਲਕੇ ਸਾਂਝੇ ਤੌਰ 'ਤੇ ਸੋਚਣਾ ਅਤੇ ਇਸਦਾ ਚਿੰਤਨ-ਮੰਥਨ ਕਰਨਾ ਪਵੇਗਾ-ਨਹੀਂ ਤਾਂ ਇਹ ਦੁਨੀਆਂ ਅੰਦਰ ਬਹੁਤ ਸਾਰੇ ਵਿਗਾੜ (ਇਨਸਾਨੀਅਤ ਦੇ ਦੁਸਮਣਾਂ ਵਰਗੇ ਵਾਇਰਸ) ਪੈਦਾ ਕਰ ਦੇਵੇਗਾ। ਜਿਸ ਦੇ ਸਿੱਟੇ ਵਜੋਂ ਸਾਡੇ ਕੋਲ ਪਛਤਾਵੇ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਬਚਣਾ। ਇਸ ਬਾਰੇ ਸਾਡੇ ਦਾਨਿਸਵਰਾਂ/ਬੁੱਧੀਜੀਵੀਆਂ ਨੂੰ ਫੌਰੀ ਤੌਰ 'ਤੇ ਬਹੁਤ ਸੁਚੇਤ ਹੋਣ ਦੀ ਤੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਜਿਸ ਨਾਲ ਮਨੁੱਖਤਾ ਵਿਰੋਧੀ ਅਜਿਹੇ ਵਾਇਰਸ ਦੇ ਡੰਗ ਵਿਚਲੀ ਜਹਿਰ ਤੋਂ ਲੋਕਾਂ ਨੂੰ ਬਚਾਉਣ ਦੇ ਸਾਰਥਕ ਢੰਗ-ਤਰੀਕੇ ਲੱਭੇ ਜਾ ਸਕਣ - ਅੱਜ ਇਸ ਤੋਂ ਵੱਡੀ ਮਨੁੱਖਤਾ ਦੀ ਹੋਰ ਕੋਈ ਸੇਵਾ ਨਹੀਂ ਹੋ ਸਕਦੀ। ਪੰਜ ਜੀ (5) ਵਾਲੀ ਬਹਿਸ ਨੂੰ ਨੇੜਿਉਂ ਦੇਖਣ ਵਾਲੇ ਇਸ ਬਾਰੇ ਵੱਧ ਦੱਸ ਸਕਦੇ ਹਨ। ਇਹ ਮਨੁੱਖੀ ਹੋਂਦ ਲਈ ਹੀ ਖਤਰਾ ਨਾ ਬਣ ਜਾਵੇ ਇਸ ਕਰਕੇ ਇਸ ਬਾਰੇ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਜੀਵਨ ਦੀ ਰੱਖਿਆ ਕਰਨਾ ਹੀ ਸਭ ਦਾ ਫਰਜ ਹੋਣਾ ਚਾਹੀਦਾ ਹੈ।

ਵਰਤਮਾਨ ਅੰਦਰ ਵਿਚਰਦਾ ਮਨੁੱਖ ਹਮੇਸਾ ਹੀ ਅਤੀਤ ਦੇ ਅਕਸ ਤੋਂ ਸਿੱਖਣ ਅਤੇ ਰਹਿ ਗਈਆਂ ਘਾਟਾਂ ਨੂੰ ਸੁਧਾਰਨ ਦਾ ਜਜਬਾ/ਅਹਿਦ ਲੈ ਕੇ ਚੱਲਦਾ ਹੈ। ਇਸ ਵਾਸਤੇ ਜਰੂਰੀ ਹੁੰਦਾ ਹੈ ਕਿ ਸਮਾਜ ਦੀ ਅਗਵਾਈ ਕਰਨ ਵਾਲੇ ਆਗੂ ਸਹਿਣਸੀਲ ਵੀ ਹੋਣ, ਦੂਰਅੰਦੇਸ ਵੀ ਹੋਣ ਅਤੇ ਲੋਕ ਪੀੜਾ ਦੇ ਅਰਥ ਵੀ ਸਮਝਦੇ ਹੋਣ। ਪਰ ਜਿਹੜੇ ਆਗੂ ਲੋਕ ਰਾਜੀ ਵਿਵਸਥਾ ਦੇ ਹੁੰਦਿਆਂ ਲੋਕਾਂ ਨੂੰ ਨਿਗੂਣੇ ਬਣਾਉਣ ਦਾ ਜਤਨ ਕਰਨ ਵਾਲੇ ਸੁਭਾਅ ਦੇ ਮਾਲਕ ਹੋਣ (ਮੈਂ, ਮੈਂ, ਮੈਂ) ਜਾਂ ਕਹਿ-ਕੁਹਾ ਕੇ ਆਪਣੇ ਬਾਰੇ ਬਣਾਈਆਂ ਗਲਤ ਧਾਰਨਾਵਾਂ (ਜਿਨਾਂ ਨੂੰ ਪੜ੍ਹੇ/ਲਿਖੇ ਲੋਕ ਪਰਸੈਪਸਨਜ ਕਹਿੰਦੇ ਹਨ) ਵਾਲੇ ਭਰਮ ਦੇ ਸ਼ਿਕਾਰ ਹੋ ਜਾਣ ਉਹ ਸਮਾਜ ਲਈ ਹਰ ਵੇਲੇ ਖਤਰਾ ਬਣੇ ਰਹਿੰਦੇ ਹਨ। ਅਜਿਹੇ ਸਾਸਕਾਂ ਨੇ ਭੂਤਕਾਲ ਅੰਦਰ ਵੀ ਵੱਖੋ ਵੱਖ ਦੇਸਾਂ ਅੰਦਰ ਤਾਨਾਸਾਹੀਆਂ ਨੂੰ ਜਨਮ ਦਿੱਤਾ ਅਤੇ ਇਨਸਾਨੀਅਤ ਦਾ ਘਾਣ ਕੀਤਾ। ਅੱਜ ਦੇ ਯੁੱਗ ਅੰਦਰ ਕਿਸੇ ਵੀ ਇਤਿਹਾਸਕ ਦੁਖਾਂਤ ਨੂੰ ਮੁੜ ਦੁਹਰਾਏ ਜਾਣ ਦੀ ਖਾਹਿਸ ਰੱਖਣ ਵਾਲੇ ਵੀ ਹਨ ਜੋ ਸਾਇਦ ਕਦੇ ਵੀ ਕਾਮਯਾਬ ਨਾ ਹੋਣ। ਆਪਣੇ ਆਪ ਦੀ ਆਪ ਹੀ ਪਿੱਠ ਥਾਪੜ ਕੇ ਆਪ ਨੂੰ "ਮਹਾਨਤਮ" ਸਾਬਿਤ ਕਰਨ ਵਾਲੇ ਭੁਲੇਖਾਵਾਦੀ ਜਾਂ ਜ਼ਿਹਨੀ ਮਰੀਜ ਤਾਂ ਹੋ ਸਕਦੇ ਹਨ, ਪਰ ਉਨ੍ਹਾਂ ਨੂੰ ਚੰਗੇ ਸਾਸਕ ਜਾਂ "ਲੋਕ ਆਗੂ" ਨਹੀਂ ਕਿਹਾ ਜਾ ਸਕਦਾ। ਇਹੋ ਜਹੇ ਮਾਨਸਿਕ ਰੋਗ ਅੰਦਰ ਗ੍ਰਸਤ ਆਗੂਆਂ ਦੇ ਗੜਵਈ ਜਾਂ ਅੰਧ-ਭਗਤ ਅਜਿਹੇ ਨਖਿੱਧ ਖਾਸ ਕਰਕੇ ਸਿਆਸਤਦਾਨਾਂ ਨੂੰ ਸੰਸਾਰ ਪ੍ਰਸਿੱਧ ਆਗੂ ਵੀ ਐਲਾਨ ਦਿੰਦੇ ਹਨ। ਯਾਦ ਰੱਖਣ ਯੋਗ ਸਬਕ ਇਹ ਹੀ ਹੈ ਕਿ ਅਜਿਹੇ ਲੋਕ ਪਹਿਲਾਂ ਵੀ ਇਤਿਹਾਸ ਦੇ ਕਾਲੇ ਧੱਬੇ ਬਣੇ ਹਨ। ਇਨ੍ਹਾਂ ਮਨਹੂਸ ਕਾਲੇ ਧੱਬਿਆਂ ਨੂੰ ਧੋਣਾ ਵੀ ਏਨਾ ਸੌਖਾ ਨਹੀਂ ਹੁੰਦਾ। ਅਜੇ ਤੱਕ ਕੋਈ ਕਾਸਟਕ ਸੋਢਾ ਅਜਿਹਾ ਨਹੀਂ ਬਣਿਆ ਜੋ ਇਨ੍ਹਾਂ ਦੇ ਲਾਏ ਦਾਗਾਂ ਨੂੰ ਮਿਟਾ ਸਕੇ। ਇਨ੍ਹਾਂ ਵਲੋਂ ਮਨੁੱਖਤਾ ਵਿਰੋਧੀ ਕੀਤੇ ਕਾਰਜਾਂ ਬਾਰੇ ਪੜ੍ਹਦਿਆਂ ਸੁਣਦਿਆਂ ਤਾਂ ਬੰਦੇ ਦੇ ਮਨ ਵਿਚ ਅਜਿਹੇ ਨਾਮੁਰਾਦਾਂ ਪ੍ਰਤੀ ਨਫਰਤ ਹੀ ਪੈਦਾ ਹੁੰਦੀ ਹੈ। ਸੁਚੇਤ ਮਨੁੱਖ ਤਾਂ ਇਥੋਂ ਸਿਖਿਆ ਲੈ ਕੇ ਚੰਗੇ ਕਾਰਜ ਕਰਨ ਵੱਲ ਸਰਗਰਮ ਹੁੰਦਾ ਹੈ ਤਾ ਜੋ ਸਮਾਜ ਦਾ ਮੂੰਹ/ਮੱਥਾ ਸੰਵਾਰਿਆ ਜਾ ਸਕੇ।

ਇਤਿਹਾਸ ਅੰਦਰਲੇ ਮੁਹੰਮਦ ਤੁਗਲਕ (ਜੀਹਨੂੰ ਮੂਰਖ ਰਾਜਾ ਗਿਣਿਆਂ ਜਾਂਦਾ ਹੈ) ਨੂੰ ਇਕੀਵੀਂ ਸਦੀ ਦੇ ਜਾਗ੍ਰਤਿ ਲੋਕ ਕਿਸੇ ਵੀ ਨਾਮ ਨਾਲ ਕਬੂਲ ਨਹੀਂ ਕਰਨ ਲੱਗੇ। ਅੱਜ ਦੀ ਆਧੁਨਿਕਤਾ ਨੂੰ ਪਿਛਲਖੁਰੀ ਨਹੀਂ ਤੋਰਿਆ ਜਾ ਸਕਦਾ। ਵਿਗਿਆਨ ਦੇ ਯੁੱਗ ਅੰਦਰ ਪੱਥਰਯੁੱਗ ਦਾ "ਤੰਤਰਿਕੀ" ਵਿਧਾਨ ਨਹੀਂ ਚੱਲ ਸਕਦਾ। ਅੱਜ ਦੇ ਸਮੇਂ ਵਿਕਸਤ ਹੋਈ ਤਕਨੀਕ ਦੇ ਆਸਰੇ ਰੇਗਿਸਤਾਨ ਅੰਦਰ ਹਰਿਆਲੀ ਪੈਦਾ ਕੀਤੀ ਜਾ ਸਕਦੀ ਹੈ, ਪਰ ਜਿਹੜੇ ਲੋਕ ਤੁਗਲਕੀ ਫਾਰਮੂਲਾ ਵਰਤ ਕੇ ਹਰਿਆਲੀ ਨੂੰ ਰੇਗਿਸਤਾਨ ਬਣਾਉਣਾ ਲੋਚਦੇ ਹੋਣ, ਉਨ੍ਹਾਂ ਦੀ ਖਾਹਿਸ ਪੂਰੀ ਨਹੀਂ ਹੋ ਸਕਦੀ। ਇਹ ਲੋਕ ਮੱਤ ਦੇ ਉਲਟ ਹੈ, ਅੱਖੀਂ ਦੇਖਕੇ ਖੂਹ ਵਿਚ ਛਾਲ ਕੌਣ ਮਾਰਨਾ ਚਾਹੇਗਾ ? ਘੜੀ ਦੀਆਂ ਸੂਈਆਂ ਹਮੇਸਾ ਅੱਗੇ ਵੱਲ ਤੁਰਦੀਆਂ ਹਨ, ਸਮਾਂ ਕਦੇ ਵੀ ਪਿੱਛੇ ਵੱਲ ਨਹੀਂ ਮੁੜਦਾ/ਝਾਕਦਾ। ਲੱਖ ਮੁਸਕਿਲਾਂ ਦੇ ਬਾਵਜੂਦ ਇਨਸਾਨ ਹਮੇਸਾਂ ਅਗਲੀਆਂ ਮੰਜ਼ਿਲਾਂ ਸਰ ਕਰਦਾ ਆਇਆ ਹੈ। ਕਮਜੋਰ ਲੋਕ ਹਮੇਸਾ ਪਿਛਾਂਹ ਦੇਖਣ ਦੇ ਆਦੀ ਹੁੰਦੇ ਹਨ, ਇਸ ਦੇ ਮਨੋਵਿਗਿਆਨਕ ਕਾਰਨ ਹੁੰਦੇ ਹਨ ਕਿ ਉਹ ਸਾਹਸ ਵਿਹੂਣੇ, ਹਿੰਮਤ ਤੋਂ ਸੱਖਣੇ ਅਤੀਤ ਵਿਚ ਹਾਰਾਂ ਹੰਢਾਉਣ ਦੇ ਆਦੀ ਹੋਏ ਸਮਾਜ ਦੇ ਲੋਕ ਹੁੰਦੇ ਹਨ। ਸ਼ਾਇਦ ਉਨ੍ਹਾਂ ਦੇ ਖੂਨ ਵਿਚ ਹੀ ਅਜਿਹਾ ਕੁੱਝ ਹੁੰਦਾ ਹੈ ਜਾਂ ਉਨ੍ਹਾਂ ਦੇ ਖੂਨ ਅੰਦਰ ਅਜਿਹੇ ਜੀਨਜ (ਕਣ) ਮੌਜੂਦ ਹੁੰਦੇ ਹਨ ਕਿ ਉਹ ਚੰਗਾ ਸੋਚਣ ਦੇ ਯੋਗ ਹੀ ਨਹੀਂ ਰਹਿੰਦੇ। ਉਹ ਤਬਾਹੀ ਨੂੰ ਵੀ ਉਸਾਰੀ ਦੱਸ ਕੇ ਪ੍ਰਚਾਰ ਕਰਦੇ ਹਨ। ਅਜਿਹੀ ਸੋਚ ਦੇ ਮਾਲਕ ਵਿਨਾਸ ਨੂੰ ਵਿਕਾਸ ਦੱਸਦੇ ਹੋਏ ਵੀ ਸਰਮਿੰਦੇ ਬਿਲਕੁੱਲ ਨਹੀਂ ਹੁੰਦੇ। ਆਮ ਲੋਕ ਹੀ ਅਜਿਹਾ ਸੁਣ ਕੇ ਸਰਮਿੰਦੇ ਅਤੇ ਹੈਰਾਨ ਹੁੰਦੇ ਹਨ।

ਕਿਸੇ ਵੀ ਮਸਲੇ ਤੇ ਮੁਸਕਿਲ ਦਾ ਹੱਲ ਦੂਰਅੰਦੇਸੀ ਸੋਚ ਦੇ ਆਸਰੇ ਹੀ ਹੋ ਸਕਦਾ ਹੈ। ਸਰਤ ਇਹ ਹੈ ਕਿ ਉਹ ਲੋਕਰਾਜੀ ਪ੍ਰਥਾ ਅਤੇ ਇਨਸਾਫਪਸੰਦੀ 'ਤੇ ਅਧਾਰਤ ਹੋਵੇ। ਲੋਕਾਂ ਨੂੰ ਰਾਹਤ ਦੇਣਾ, ਲੋਕਾਂ ਅੰਦਰ ਭਾਈਚਾਰਕ ਸਾਂਝ ਨੂੰ ਉਤਸਾਹਿਤ ਕਰਨਾ ਉਸਦਾ ਮਕਸਦ ਹੋਵੇ। ਸਮਾਜ ਅੰਦਰ ਵਿਗਿਆਨਕਤਾ ਦਾ ਪ੍ਰਚਾਰ ਆਉਣ ਵਾਲੀਆਂ ਪੀੜ੍ਹੀਆਂ/ਨਸਲਾਂ ਵਾਸਤੇ ਭਵਿੱਖੀ ਵਿਕਾਸ ਦਾ ਨਕਸਾ (ਰੋਡਮੈਪ) ਬਣਦਾ ਹੋਵੇ, ਇਸ ਨਾਲ ਹੀ ਭਵਿੱਖ ਦੇ ਉਜਲਾ ਹੋਣ ਦੀ ਆਸ ਕੀਤੀ ਜਾ ਸਕਦੀ ਹੈ। ਅਜੋਕੇ ਸਮਿਆਂ ਵਿਚ ਵੀ "ਨਿੰਬੂ-ਮਿਰਚੀ ਕਲਚਰ" ਦੇ ਨਵ-ਨਿਰਮਾਣ ਆਸਰੇ ਸਮਾਜ ਨੂੰ ਪਿੱਛੇ ਧੱਕਣ ਦੇ ਨਖਿੱਧ ਜਤਨ ਕਰਨ ਵਾਲੇ, ਅੰਧਵਿਸਵਾਸ ਫੈਲਾਉਣ ਵਾਲੇ ਆਗੂ ਸਮੇਂ ਦੇ ਹਾਣੀ ਨਹੀਂ ਹੋ ਸਕਦੇ। ਕਈ ਅਜਿਹੇ ਤਾਂ ਪਸੂਆਂ ਦੇ ਮੂਤਰ ਤੇ ਗੋਹੇ ਵਿਚੋਂ ਹੀ ਵਧੀਆ ਪਰਫਿਊਮ/ਜੀਹਨੂੰ ਆਪਾਂ ਪੰਜਾਬੀ ਵਾਲੇ ਅਤਰ ਫੁਲੇਲ ਕਹਿੰਦੇ ਹਾਂ ਉਹਦੇ ਵਰਗੀ ਸੁਗੰਧੀ ਆਉਂਦੀ ਦੱਸਦੇ ਹਨ ਅਸੀਂ ਤਾਂ ਪਸੂਆਂ ਦੇ ਗੋਹੇ ਦਾ ਫਸਲਾਂ ਵਿਚ ਪਾਉਣ ਵਾਸਤੇ ਢੇਰ/ਰੇਹ ਜਾਂ ਦੇਸੀ ਔਰਗੈਨਿਕ ਖਾਦ ਹੀ ਸੁਣਦੇ ਆਏ ਹਾਂ। ਅਜਿਹੇ ਨਖਿੱਧ ਕਾਰਜ ਕਰਨ ਵਾਲਿਆਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਉਹ ਇਕੀਵੀਂ ਸਦੀ ਵਿਚ ਰਹਿ ਰਹੇ ਹਨ ਪਰ ਦੇਖ ਹਜਾਰਾਂ ਸਾਲ ਪਿੱਛੇ ਰਹੇ ਹਨ। ਉਸ ਸਮੇਂ ਵੱਲ ਜਿਸ ਅੰਦਰ ਹਰ ਤਰ੍ਹਾਂ ਦੀਆਂ ਬੇ-ਨਿਯਮੀਆਂ, ਵਿਤਕਰਿਆਂ, ਬੇ-ਇਨਸਾਫੀਆਂ ਅਤੇ ਮਨੁੱਖਾਂ ਅੰਦਰ ਜਨਮ-ਜਾਤ ਤੋਂ ਛੋਟੇ-ਵੱਡੇ ਕਹਿ ਕੇ ਪਾੜੇ ਪਾਉਣ ਦੇ ਅਤਿ ਨਿੰਦਣਯੋਗ ਕਾਰੇ ਹੁੰਦੇ ਰਹੇ। ਉਨ੍ਹਾਂ ਸਮਿਆਂ ਵਿਚ ਤਾਂ ਇਸੇ ਨੂੰ ਪੈਮਾਨਾ ਸਮਝ ਕੇ ਮਹਾਂਰਿਸੀ ਸੰਭੂਕ ਵਰਗਿਆਂ ਦੇ ਅਣਗਿਣਤ ਕਤਲ ਹੁੰਦੇ ਰਹੇ ਹਨ। ਇਨਸਾਨ ਨੂੰ ਇਨਸਾਨ ਸਮਝਣ ਤੋਂ ਇਨਕਾਰ ਕੀਤਾ ਜਾਂਦਾ ਰਿਹਾ, ਤਰਸ ਹੀ ਕੀਤਾ ਜਾ ਸਕਦਾ ਜਾਂ ਲਾਅਣਤ ਪਾਈ ਜਾ ਸਕਦੀ ਹੈ, ਐਹੋ ਜਹੇ ਸਮੇਂ ਉੱਤੇ ਅਤੇ ਉਸ ਸਮੇਂ ਨੂੰ ਸੁਨਿਹਰਾ ਯੁੱਗ ਕਹਿਣ ਵਾਲਿਆਂ ਉੱਤੇ। ਇਹੋ ਜਹੇ ਮੂਰਖਮੱਤੇ ਵਰਤਾਰਿਆਂ ਨਾਲ ਜੁੜਨ ਵਾਲੇ ਕਿਹੋ ਜਹੀ ਮਾਨਸਿਕਤਾ ਦੇ "ਲੋਕ" ਹੋ ਸਕਦੇ ਹਨ? ਜਾਂ ਫੇਰ ਇਨ੍ਹਾਂ ਨੂੰ "ਸਮੇਂ ਦੇ ਸਰਾਪੇ ਹੋਏ ਜੀਊੜੇ" ਕਿਹਾ ਜਾ ਸਕਦਾ ਹੈ। ਕੀ ਅਜਿਹੇ "ਮਨੁੱਖਾਂ" ਦੀ ਖੋਪਰੀ ਅੰਦਰ ਦਿਮਾਗ ਵੀ ਹੁੰਦਾ ਹੋਵੇਗਾ ? ਇਹ ਸੋਚਣਾ ਤਾਂ ਬਣਦਾ ਹੀ ਹੈ। ਸੱਚਮੁੱਚ ਜਰੂਰ ਸੋਚਣਾ ਪਵੇਗਾ।

ਮਨੁੱਖੀ ਭਾਈਚਾਰੇ ਨੂੰ ਜੋੜਨ ਵਾਲੀ ਤੰਦ ਭਾਵ ਖਿਲਰੇ ਮਣਕਿਆਂ ਨੂੰ ਮਾਲ਼ਾ ਬਨਾਉਣ ਵਾਲੀ ਡੋਰ ਤਾਂ ਪ੍ਰੇਮ ਅਤੇ ਸਾਂਝ ਹੈ। ਗੁਰਬਾਣੀ ਵਿਚ ਇਨਸਾਨ ਨੂੰ ਦਿੱਤੀ ਗਈ ਮੱਤ ਦਰਜ ਹੈ "ਜਿਨ੍ਹ ਪ੍ਰੇਮ ਕੀਆ ਤਿਨੁ ਹੀ ਪ੍ਰਭੁ ਪਾਇਆ" ਅਤੇ ਸੰਸਾਰ ਨੂੰ ਜਿਤਣ ਵਾਸਤੇ ਇਨਸਾਨ ਨੇ ਇਸ ਵਾਸਤੇ ਹੀਲਾ ਕਿੱਥੋਂ ਸੁਰੂ ਕਰਨਾ ਹੈ ਇਹਦੇ ਬਾਰੇ "ਮਨੁ ਜੀਤੈ ਜਗੁ ਜੀਤ" ਦਾ ਆਦੇਸ ਦਿੱਤਾ ਗਿਆ ਹੈ। ਜੇ ਸਮਾਜ ਅੰਦਰੋਂ ਭਾਈਚਾਰਕ ਸਾਂਝ ਹੀ ਖਤਮ ਹੋ ਗਈ, ਜੇ ਇਕ ਦੂਜੇ ਦੇ ਔਖੇ ਵੇਲੇ ਕਿਸੇ ਦੂਜੇ ਦਾ ਦਰਦ ਮਹਿਸੂਸ ਕਰਨਾ ਹੀ ਛੱਡ ਦਿੱਤਾ ਤਾਂ ਮਨੁੱਖੀ ਹੋਂਦ ਕਿਸ ਕੰਮ? ਅਜਿਹੇ ਸਮੇਂ ਸੰਵੇਦਨਸੀਲ ਮਨੁੱਖ ਦੂਜੇ ਦੇ ਦੁੱਖ-ਦਰਦ ਦਾ ਦਾਰੂ ਬਣਨਾ ਲੋਚਦਾ ਹੈ। ਇਸ ਤਰ੍ਹਾਂ ਸਮਾਂ ਹੀ ਸੁਖਾਲਾ ਹੋ ਕੇ ਅੱਗੇ ਨਹੀਂ ਤੁਰਦਾ ਸਗੋਂ ਮਨੁੱਖ ਇਕ ਦੂਜੇ ਦੇ ਆਸਰੇ ਬਹੁਤ ਕੁੱਝ ਸਿੱਖਦਾ ਤੇ ਸਿਆਣਾ ਹੋਣ ਦੇ ਰਾਹੇ ਪੈਂਦਾ ਹੈ। ਇੱਥੋਂ ਹੀ ਸੱਭਿਆਤਾਵਾਂ ਦਾ ਸੁਮੇਲ ਤੇ ਵਿਕਾਸ ਹੁੰਦਾ ਹੈ। ਇੱਥੋਂ ਹੀ ਸੈਮੂਅਲ ਹਟਿੰਗਟਨ ਦਾ "ਸੱਭਿਆਤਾਵਾਂ ਦੇ ਭੇੜ" ਵਾਲਾ ਨਖਿੱਧ ਵਿਚਾਰ ਝੂਠਾ ਸਾਬਤ ਹੁੰਦਾ ਹੈ, ਕਿਉਂਕਿ ਸੱਭਿਆਤਾਵਾਂ ਦਾ ਵਿਕਾਸ ਸਾਂਝ ਦੇ ਅਧਾਰ 'ਤੇ ਲਗਾਤਾਰ ਪਣਪਿਆ ਜੋ ਅਜੇ ਵੀ ਜਾਰੀ ਹੈ। ਇੱਥੇ ਹੋਰ ਵੀ ਮੂਰਖਮੱਤੇ ਵਿਚਾਰ ਜੰਮਦੇ ਰਹੇ ਜਦੋਂ ਫੂਕੋਜਾਮਾ ਵਰਗਾ "ਇਤਹਾਸ ਦੇ ਅੰਤ" ਦੀ ਟਿੰਡ ਖੜਕਾਣੀ ਸੁਰੂ ਕਰਦਾ ਹੈ। ਆਧੁਨਿਕ ਹੋਣ ਦਾ ਅਰਥ ਬੇ-ਸਿਰ ਪੈਰ ਕਮਲ ਕੁੱਟਣਾ ਨਹੀਂ ਹੁੰਦਾ ਸਗੋਂ

ਜ਼ਿੰਦਗੀ ਦੇ ਯਥਾਰਥ ਨੂੰ ਪਹਿਚਾਣ ਕੇ ਮਨੁੱਖਤਾ ਦੀ ਹਰ ਪੱਖੋਂ ਤਕੜੇ ਹੋ ਕੇ ਪਹਿਰੇਦਾਰੀ ਕਰਨਾ ਵੀ ਹੁੰਦਾ ਹੈ। ਸਮਾਜਿਕ ਵਿਕਾਸ ਵਿਚੋਂ ਹੀ ਬੌਧਿਕ ਵਿਕਾਸ ਦੀਆਂ ਪੈੜਾਂ ਉੱਘੜਦੀਆਂ ਹਨ, ਇਸੇ ਬੌਧਿਕਤਾ ਦੇ ਆਸਰੇ ਸੰਸਾਰ ਦੇ ਹਰ ਪੱਖੋਂ ਨੈਣ-ਨਕਸ ਬਦਲਣ ਦੀ ਨਿਸਾਨਦੇਹੀ ਕਰਦਿਆਂ ਉਸ ਉੱਤੇ ਅਮਲ ਕਰਨ ਬਾਰੇ ਹੌਸਲੇ ਨਾਲ ਅੱਗੇ ਵਧਿਆ ਜਾਂਦਾ ਹੈ। ਸੰਸਾਰ ਦੇ ਸਮਾਜਿਕ ਵਿਕਾਸ ਦਾ ਇਹੋ ਰਾਹ ਵੀ ਹੈ ਤੇ ਸੱਚ ਵੀ । ਇਹ ਕੁੱਝ ਦੇਖਣ, ਪਰਖਣ ਵਾਲੀਆਂ ਅੱਖਾਂ ਤੇ ਸੋਚ ਪਤਾ ਨਹੀਂ ਇਹ ਅਖੌਤੀ ਵਿਦਵਾਨ ਕਿੱਥੇ ਗੁਆ ਆਏ ਹਨ ? ਇਹੋ ਜਿਹਾਂ ਦਾ ਝੂਠਾ ਢੋਲ ਪਿੱਟਣ ਵਾਲੇ ਸਰਮ ਵੀ ਮਹਿਸੂਸ ਨਹੀਂ ਕਰਦੇ।

ਇਹ ਬਹੁਤ ਔਖਾ ਸਮਾਂ ਹੈ ਕਿਉਂਕਿ ਵੱਡੀਆਂ ਹਕੂਮਤਾਂ ਅਤੇ ਫੈਸਲਾਕੁਨ ਅਹੁਦਿਆਂ 'ਤੇ "ਸਰਬਰਾਹ" ਬਣ ਕੇ ਬੈਠੇ ਬੌਣੀ ਸੋਚ ਵਾਲੇ ਆਪਣੇ ਕੱਦ ਢਲਦੀ ਦੁਪੈਹਰ ਵਾਲੇ ਪ੍ਰਛਾਂਵਿਆਂ ਨਾਲ ਮਿਣਦੇ ਹਨ ਅਤੇ ਆਪਣੇ "ਹੋਣ" ਤੇ "ਹੋਣੀ" ਦਾ ਗੈਰ-ਜਰੂਰੀ ਦਾਅਵਾ ਕਰਦੇ ਹਨ। ਇਸ ਪੱਖੋਂ ਉਹ ਕਦੇ ਵੀ ਸਹੀ ਨਹੀਂ ਹੋ ਸਕਦੇ, ਹਾਂ! ਉਹ ਇਹਦੇ ਨਾਲ ਕੁੱਝ ਸਮੇਂ ਵਾਸਤੇ ਦਿਲ ਪਰਚਾ ਸਕਦੇ ਹਨ, ਪਰ ਸੂਰਜ ਡੁੱਬਣ ਬਾਅਦ ਪ੍ਰਛਾਵਾਂ ਨਜਰ ਨਹੀਂ ਆਉਂਦਾ ਉਦੋਂ ਕੀ ਕਰਨਗੇ ? ਅਜਿਹੇ ਲੋਕ ਝੂਠ ਦੇ ਘੋੜੇ 'ਤੇ ਅਸਵਾਰ ਹੋ ਕੇ ਗੱਤੇ ਦੀਆਂ ਨਕਲੀ ਤਲਵਾਰਾਂ ਨਾਲ ਲੜਨ ਦਾ ਨਾਟਕ ਕਰਨ ਵਾਲੇ ਬਦਨਾਮੀ ਤੋਂ ਬਿਨਾਂ ਹੋਰ ਕੁੱਝ ਪ੍ਰਾਪਤ ਹੀ ਨਹੀਂ ਕਰ ਸਕਦੇ। ਇਸ ਰਾਹੇ ਤੁਰਨ ਵਾਲੇ ਤਾਬੜਤੋੜ ਜਤਨਾਂ ਦੇ ਬਾਵਜੂਦ ਵੀ ਸੱਚ ਦੇ ਵਿਹੜੇ ਨਹੀਂ ਪਹੁੰਚ ਸਕਦੇ। ਜਿਨ੍ਹਾਂ ਨੂੰ ਸਬੂਤਾਂ ਦੀ ਲੋੜ ਹੋਵੇ ਉਹ ਇਤਿਹਾਸ ਦੇ ਪੰਨੇ ਪਲਟ ਕੇ ਦੇਖ ਲੈਣ। ਉੱਥੇ ਅਜਿਹੇ ਨਖਿੱਧ ਲੋਕਾਂ ਦੇ ਨਾਮ ਦਰਜ ਹਨ ਜਿਨ੍ਹਾਂ ਨੇ ਦੂਜਿਆਂ ਦੀ ਸੋਚ ਅੰਦਰ ਹਨੇਰ ਦੇ ਪਸਾਰੇ ਵਰਗੇ ਕੁਕਰਮ ਹੀ ਕੀਤੇ ਹੀ ਲੱਭਣਗੇ।

ਠੀਕ ਦਿਸਾ ਵੱਲ ਜਾਣ ਦਾ ਇਰਾਦਾ ਰੱਖਣ ਵਾਲਿਆਂ ਨੂੰ ਆਪਣੀ ਦਸਾ, ਦਿਸਾ, ਸੀਮਾਂ ਤੇ ਸਮਰੱਥਾ ਦਾ ਗਿਆਨ ਹੋਣਾ ਚਾਹੀਦਾ ਹੈ, ਸਮੇਂ ਨੂੰ ਉਂਗਲ ਲਾਉਣ ਦੀ ਹਿੰਮਤ ਅਤੇ ਹੌਸਲਾ ਹਰ ਔਕੜ ਦਾ ਰੁਖ ਬਦਲ ਸਕਦਾ ਹੈ। ਅਜੋਕੇ ਸਮੇਂ ਅੰਦਰ ਪੰਜਾਬੀ ਕੌਮ ਦੇ ਨਵ-ਨਿਰਮਾਣ ਦਾ ਸਵਾਲ ਉੱਚਾ ਕਰਨਾ ਜਰੂਰੀ ਵੀ ਹੈ ਤੇ ਹੋ ਵੀ ਰਿਹਾ ਹੈ। ਸਦੀਆਂ ਤੋਂ ਅਸੀਂ "ਸਭੈ ਸਾਂਝੀਵਾਲ ਸਦਾਇਣ.." ਦੇ ਝੰਡਾ ਬਰਦਾਰ ਬਣਕੇ ਆਪਣੀ ਹੋਂਦ ਤੇ ਹੋਣੀ ਦਾ ਪ੍ਰਗਟਾ ਕਰ ਰਹੇ ਹਾਂ। ਸਦੀਆਂ ਤੋਂ ਹੀ ਨਿੱਤ ਦਿਹਾੜੇ ਅਸੀਂ ਸਰਬੱਤ ਦੇ ਭਲੇ ਦਾ ਹੋਕਾ ਦਿੰਦਿਆਂ ਜਾਪ ਕਰਦੇ ਹਾਂ। ਪਰ ਅਫਸੋਸ ਕਿ ਜਾਤਾਂ-ਪਾਤਾਂ ਵਾਲਾ ਰੋਗ ਵੀ ਨਾਲ ਹੀ ਚੁੱਕੀ ਫਿਰਦੇ ਹਾਂ। ਇਸ ਨੂੰ ਆਪਣੇ ਨਾਲੋਂ ਤੋੜ ਕੇ ਸੁੱਟਣਾ ਪਵੇਗਾ। ਇਨਸਾਨ ਨੂੰ ਇਨਸਾਨ ਹੀ ਸਮਝਣਾ ਪਵੇਗਾ। ਧਰਮਾਂ ਵਾਲੇ ਅਤੇ ਸਿਆਸਤਾਂ ਵਾਲੇ ਆਪਣੇ ਵਲੋਂ ਆਮ ਕਰਕੇ ਝੂਠ ਬੋਲਦੇ ਹੋਏ ਵੀ "ਸਦੀਵੀ ਸੱਚ" ਦੇ ਬੋਲ ਬੋਲਣ ਦਾ ਦਾਅਵਾ ਕਰਦੇ ਹਨ, ਬਰਾਬਰੀ ਵਾਲੇ ਸਮਾਜ ਦੀਆਂ ਗੱਲਾਂ ਕਰਦੇ ਹਨ। ਫੇਰ ਇਹ ਬਰਾਬਰੀ ਵਾਲੇ ਸਮਾਜ ਦਾ ਸੁਪਨਾ ਬੁਝਾਰਤ ਕਿਉਂ ਬਣਿਆ ਹੋਇਆ ਹੈ ? ਕੀ ਅਜੇ ਤੱਕ ਬਰਾਬਰੀ ਵਾਲੇ ਸਮਾਜ ਦੀ ਅਗਵਾਈ ਦਾ ਦਮ ਭਰਨ ਵਾਲੇ ਸੰਕਲਪ ਨੂੰ ਅਮਲ ਵਿਚ ਤਬਦੀਲ ਕਰਨ ਦਾ "ਗੁਰਮੰਤਰ" ਨਹੀਂ ਘੜ ਸਕੇ ? ਜਾਂ ਇਤਹਿਾਸ ਤੋਂ ਸਬਕ ਸਿੱਖ ਕੇ ਸਿਰਜੇ ਹੋਏ 'ਗੁਰਮੰਤਰ' ਉੱਤੇ ਅਮਲ ਕਰਨੋਂ ਉੱਕ ਗਏ ? ਨਵੀਂ ਪੀੜ੍ਹੀ ਨੂੰ ਖਾਸ ਤੌਰ 'ਤੇ ਇਸ ਬਾਰੇ ਸੋਚਣਾ ਪਵੇਗਾ। "ਬੇਗਮਪੁਰੇ" ਦਾ ਸਿਰਜਿਆ ਰਾਹ ਦੇਖਣ ਅਤੇ ਉਸ ਉੱਤੇ ਅਮਲ ਕਰਨ ਵੇਲੇ ਉਨ੍ਹਾਂ ਨੂੰ ਅੰਧਰਾਤਾ ਕਿਉਂ ਹੋ ਜਾਂਦਾ ਹੈ ? ਇਹ ਰਾਹ ਤਾਂ ਸੱਚ ਦਾ ਰਾਹ ਹੈ।

ਜਿਨ੍ਹਾਂ ਦਾ ਇਤਿਹਾਸ, ਬੋਲੀ/ਭਾਸਾ, ਖਿੱਤੇ ਦੀਆਂ ਸਾਂਝਾਂ ਵਾਲਾ ਸੱਭਿਆਚਾਰਕ ਭਾਈਚਾਰਾ ਹੋਵੇ, ਉੱਥੇ ਸਾਂਝਾਂ ਨੂੰ ਛੱਡ ਵਖਰੇਵਿਆਂ ਦੀ ਭਾਲ ਕਿਉਂ ਕੀਤੀ ਜਾਵੇ ? ਅਮਨ-ਸਾਂਤੀ ਨਾਲ ਵਸਣ ਵਾਲੇ ਕਿਸੇ ਵੀ ਭਾਈਚਾਰੇ ਨੂੰ ਕਿਉਂ ਭੜਕਾਇਆ ਜਾਵੇ ? ਕਿਰਤੀਆਂ, ਕਿਸਾਨਾਂ ਭਾਵ ਹਰ ਵਰਗ ਦੇ ਮਿਹਨਤਕਸਾਂ ਵਲੋਂ ਆਪਣੀ ਕਿਰਤ ਦੀ ਰਾਖੀ ਵਾਸਤੇ ਕੀਤੇ ਜਾਂਦੇ ਸੰਘਰਸ ਦਾ ਸਾਥ ਦੇਣਾ ਇਨਸਾਫ ਪਸੰਦ ਅਤੇ ਸਿਵਲ ਸੋਸਾਇਟੀ ਦੇ ਲੋਕਾਂ ਦਾ ਲਾਜਮੀ ਫਰਜ ਹੁੰਦਾ ਹੈ, ਤਾਂ ਕਿ ਸਮਾਜ ਅੰਦਰ ਅਮਨ-ਚੈਨ ਬਣਿਆਂ ਰਵ੍ਹੇ । ਇੱਥੋਂ ਹੀ ਫਸਲਾਂ ਤੇ ਨਸਲਾਂ ਦੀ ਰਾਖੀ ਕਰਨ ਦਾ ਅਹਿਦ ਵੀ ਲਿਆ ਜਾਂਦਾ ਹੈ। ਸਾਂਝੇ ਸੰਘਰਸਾ ਵਿਚ ਕਈ ਵਾਰ ਇਹ ਸਵਾਲ ਸਿਰ ਚੁੱਕ ਲੈਂਦੇ ਹਨ ਕਿ ਕੀ ਲੋਕ ਸਿਆਸੀ-ਸਮਾਜੀ ਨਫਰਤੀ ਵਰਤਾਰਿਆਂ ਨੂੰ ਨਾ ਸਮਝ ਸਕੇ, ਕਿਸੇ ਨਾ ਕਿਸੇ ਧੜੇ ਦੇ ਪਿਛਲੱਗ ਹੋਣ ਦੇ ਆਦੀ ਹੋ ਗਏ। ਅਣਜਾਣੇ ਵਿਚ ਕਈ ਵਾਰ ਲੋਕ ਦੋਖੀਆਂ ਵਲੋਂ ਕੀਤੇ ਜਾਂਦੇ ਝੂਠੇ ਤੇ ਸਰਾਰਤੀ ਪ੍ਰਚਾਰ ਨਾਲ ਗੁਮਰਾਹ ਹੋ ਕੇ ਧਰਮਾਂ ਦੇ ਅਨੁਯਾਈ ਵੀ ਅਜਿਹੇ ਵਰਤਾਰੇ ਦੇ ਸ਼ਿਕਾਰ ਹੋ ਕੇ ਧੜਿਆਂ ਵਿਚ ਵੰਡੇ ਆਮ ਕਰਕੇ ਪਿਆਰ ਤੇ ਸਾਂਝ ਦਾ ਰਾਹ ਤਿਆਗ ਬੈਠਦੇ ਹਨ। ਇਹ ਵੀ ਸੱਚ ਹੈ ਕਿ ਲੋਕਾਂ ਦਾ ਦਰਦ ਮਨ ਵਿਚ ਰੱਖਣ ਵਾਲੇ ਲੋਕ ਪੱਖੀ ਬੁੱਧੀਮਾਨਾਂ/ਬੁੱਧੀਜੀਵੀਆਂ ਨੇ ਆਮ ਲੋਕਾਂ ਵਾਸਤੇ ਹਾਅ ਦਾ ਨਾਅਰਾ ਹੀ ਨਹੀਂ ਮਾਰਿਆ ਸਗੋਂ ਔਖਿਆਂ ਸਮਿਆਂ ਅੰਦਰ ਉਹ ਲੋਕਾਂ ਦੇ ਰਾਹ ਦਸੇਰਾ ਵੀ ਸਾਬਿਤ ਹੁੰਦੇ ਰਹੇ ਹਨ। ਇਨਸਾਨੀਅਤ ਦੀ ਸੇਵਾ ਦਾ ਦਮ ਭਰਨ ਵਾਲਿਆਂ ਨੂੰ ਇਸ ਪਾਸੇ ਪਰਤਣਾ ਪਵੇਗਾ। ਬੁੱਧੀਜੀਵੀਆਂ ਨੂੰ ਸਮਾਜ ਦੇ ਸਾਂਝ ਭਰੇ ਸੁਚੱਜੇ ਮਨੁੱਖੀ ਵਿਹਾਰ ਵਾਲੇ ਪਾਸੇ ਸਮਾਜ ਨੂੰ ਮੋੜਨ ਵਾਸਤੇ ਆਪਣੀ ਬੌਧਿਕ ਸੂਝ, ਗਿਆਨ ਨੂੰ ਨਿਰਸਵਾਰਥ ਅਤੇ ਬੇਖੌਫ ਹੋ ਕੇ ਵਰਤਣਾ ਪਵੇਗਾ। ਮਨੁੱਖੀ ਮਨਾਂ ਨੂੰ ਹਲੂਣਾ ਦੇਣ ਵਾਸਤੇ ਆਪਣੀ ਸਰਗਰਮ ਭੂਮਿਕਾ ਨਿਭਾਉਣੀ ਪਵੇਗੀ। ਧੜਿਆਂ ਵਿਚ ਵੰਡੇ ਸਮਾਜ ਨੂੰ ਪਾਟੋਧਾੜ ਵਾਲੇ ਇਸ ਚਿੱਕੜ ਵਿਚੋਂ ਕੱਢਣਾਂ ਪਵੇਗਾ। ਉਹ ਹਮੇਸਾ ਸਾਂਝੇ ਵਿਰਸੇ/ਵਿਰਾਸਤ ਦੇ ਵਾਰਿਸ ਰਹੇ ਹਨ। ਸਾਡੇ ਕੋਲ ਭਗਤੀ ਤੇ ਸਕਤੀ ਦੇ ਸੁਮੇਲ ਵਾਲਾ ਸਾਂਝਾ ਵਿਰਸਾ ਹੈ, ਇਸ ਦੇ ਸੰਦੇਸ ਤੋਂ ਸੇਧ ਲੈਣੀ ਚਾਹੀਦੀ ਹੈ। ਅਨਿਆਂ ਦੇ ਖਿਲਾਫ ਬਾਦਸਾਹੀਆਂ ਨੂੰ ਵੰਗਾਰਨ ਦਾ ਜਜਬਾ ਤੇ ਆਪਣੇ ਲੋਕਾਂ ਵਾਸਤੇ ਲੜਦਿਆਂ ਜੁਆਨੀਆਂ ਦੀ ਪ੍ਰਵਾਹ ਨਾ ਕਰਦਿਆਂ ਜਾਨਾਂ ਵਾਰ ਦੇਣ ਦੀ ਸੂਰਬੀਰਤਾ ਵਾਲਾ ਸਾਂਝਾ ਵਿਰਸਾ ਹੈ। ਇਸ ਸਾਂਝੀ ਵਿਰਾਸਤ 'ਤੇ ਪਹਿਰਾ ਦੇਣਾ ਸਾਂਝਾ ਫਰਜ ਹੋਣਾ ਚਾਹੀਦਾ ਹੈ। ਅੱਜ ਵਾਲੀ ਇਨਸਾਨਾਂ ਅੰਦਰ ਫੁੱਟਪਾਊ ਤੇ ਨਫਰਤੀ ਸਿਆਸਤ ਦਾ ਜਵਾਬ ਲੋਕਾਂ ਦੀ ਮੁੱਹਬਤਾਂ ਵਾਲੀ ਸਾਂਝ ਭਰੀ ਸਰਗਰਮੀ ਹੋਵੇਗੀ, ਤਾਂ ਜੋ ਹੱਥੋਂ ਨਿਕਲਦੇ ਜਾਂਦੇ ਸਮੇਂ ਦੀਆਂ ਅੱਖਾਂ ਵਿਚ ਅੱਖਾ ਪਾ ਕੇ ਆਪਣੇ ਹੋਣ (ਹੋਂਦ) ਦੀ ਰਾਖੀ ਕੀਤੀ ਜਾ ਸਕੇ। ਅੱਜ ਜੇ ਕਹਿਣਾ ਹੋਵੇ ਤਾਂ ਪਿਛਲੇ ਸੱਤ ਮਹੀਨਿਆਂ ਤੋਂ ਭਾਰਤ ਦੀ ਧਰਤੀ 'ਤੇ ਆਪਣੀਆਂ ਮੰਗਾ ਖਾਤਰ ਅਤੇ ਆਪਣੀ ਹੋਂਦ ਬਚਾਉਣ ਲਈ ਕਿਸਾਨਾਂ ਵਲੋਂ ਲੜਿਆ ਜਾ ਰਿਹਾ ਅਣਖੀ ਸੰਘਰਸ ਹੀ ਵੇਲੇ ਦਾ ਰਾਗ ਕਿਹਾ ਜਾ ਸਕਦਾ ਹੈ । ਇਹ ਭੁੱਲਣਾ ਨਹੀਂ ਚਾਹੀਦਾ ਕਿ ਸਮਿਆਂ ਨੇ ਕਦੇ ਵੀ ਆਪਣੇ ਆਪ ਕਰਵਟ ਨਹੀਂ ਬਦਲੀ ਇਸ ਤਬਦੀਲੀ ਦੀ ਚਾਲਕ ਸਕਤੀ ਹਮੇਸਾ ਸਮਿਆਂ ਤੋਂ ਅੱਗੇ ਹੋ ਕੇ ਤੁਰਨ ਵਾਲਾ ਜਾਗਰੂਕ, ਸੰਘਰਸਸੀਲ ਮਨੁੱਖ ਹੀ ਰਿਹਾ ਹੈ।

---

# ਕਸ਼ਮੀਰ 'ਚ ਅੰਤਰ-ਧਰਮ ਵਿਆਹ ਜਾਂ 'ਲਵ-ਜਿਹਾਦ'



ਬੂਟਾ ਸਿੰਘ ਨਵਾਂਸ਼ਹਿਰ
94634-74342



ਗੁਜਰਾਤ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਦਿੱਲੀ ਤੋਂ ਬਾਦ ਹੁਣ 'ਲਵ ਜਿਹਾਦ' ਦੀ ਨਵੀਂ ਪ੍ਰਯੋਗਸ਼ਾਲਾ ਜੰਮੂ-ਕਸ਼ਮੀਰ ਨੂੰ ਬਣਾਇਆ ਗਿਆ ਹੈ। ਪਿਛਲੇ ਦਿਨਾਂ 'ਚ ਯੂ.ਪੀ. ਪੁਲਿਸ ਨੇ ਦਿੱਲੀ ਵਿਚ ਵੀ 'ਧਰਮ-ਬਦਲੀ ਘੁਟਾਲਾ' ਨੰਗਾ ਕਰਨ ਦਾ ਦਾਅਵਾ ਕੀਤਾ ਹੈ ਅਤੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਉੱਪਰ ਨੈਸ਼ਨਲ ਸਕਿਊਰਿਟੀ ਐਕਟ ਅਤੇ ਭਾਰਤੀ ਦੰਡ-ਵਿਧਾਨ ਦੀਆਂ ਸਖ਼ਤ ਧਾਰਾਵਾਂ ਲਗਾਈਆਂ ਗਈਆਂ ਹਨ। ਇਹ ਮੁਸਲਿਮ ਫਿਰਕੇ ਵਿਰੁੱਧ ਕੀਤੀ ਜਾ ਰਹੀ ਫ਼ਿਰਕੂ ਪਾਲਾਬੰਦੀ ਦਾ ਹੀ ਨਵਾਂ ਵਿਸਤਾਰ ਹੈ ਜਿੱਥੇ ਬਹੁਤ ਸਾਰੇ ਮੁਸਲਮਾਨਾਂ ਉੱਪਰ 'ਲਵ ਜਿਹਾਦ' ਦਾ ਇਲਜ਼ਾਮ ਲਗਾ ਕੇ ਧਰਮ-ਬਦਲੀ ਵਿਰੋਧੀ ਕਾਨੂੰਨ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ। ਇਸੇ ਹਿੰਦੂਤਵੀ ਨਾਅਰੇ ਦਾ ਇਸਤੇਮਾਲ ਕਸ਼ਮੀਰ ਵਿਚ ਮੁਸਲਿਮ ਭਾਈਚਾਰੇ ਨੂੰ ਭੰਡਣ ਲਈ ਕੀਤਾ ਗਿਆ ਅਤੇ ਇਸ ਦਾ ਸੰਦ ਸਿੱਖੀ ਭੇਖ 'ਚ ਛੁਪੇ ਹਿੰਦੂਤਵੀ ਸੋਚ ਵਾਲੇ ਅਨਸਰ ਬਣੇ ਜਿਨ੍ਹਾਂ ਵੱਲੋਂ ਸਿੱਖ ਭਾਈਚਾਰੇ ਦੇ ਜਜ਼ਬਾਤ ਭੜਕਾ ਕੇ ਸਿੱਖਾਂ ਨੂੰ ਕਸ਼ਮੀਰੀਆਂ ਵਿਰੁੱਧ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਮਨਜਿੰਦਰ ਸਿੰਘ ਸਿਰਸੇ ਅਤੇ ਕੁਝ ਹੋਰ ਕਥਿਤ ਸਿੱਖ ਆਗੂਆਂ ਵੱਲੋਂ ਕਸ਼ਮੀਰੀ ਸਿੱਖ ਕੁੜੀਆਂ ਦੇ ਆਪਣੀ ਪਸੰਦ ਅਨੁਸਾਰ ਵਿਆਹਾਂ ਨੂੰ 'ਲਵ ਜਹਾਦ' ਕਰਾਰ ਦੇ ਕੇ ਇਨ੍ਹਾਂ ਮਾਮਲਿਆਂ ਨੂੰ ਆਪਣੀ ਫਿਰਕੂ ਸਿਆਸਤ ਦਾ ਸਾਧਨ ਬਣਾਇਆ ਗਿਆ।

ਕਸ਼ਮੀਰੀ ਸਿੱਖ ਲੜਕੀਆਂ ਵੱਲੋਂ ਆਪਣੀ ਪਸੰਦ ਦੇ ਮੁਸਲਿਮ ਜਾਂ ਹੋਰ ਲੜਕਿਆਂ ਨਾਲ ਧਰਮ, ਜਾਤ ਤੋਂ ਉੱਪਰ ਉੱਠ ਕੇ ਵਿਆਹ ਕਰਾਉਣਾ ਜਾਂ ਧਰਮ ਬਦਲਣਾ ਹਰ ਔਰਤ-ਮਰਦ ਦਾ ਜਨਮ-ਸਿੱਧ ਹੱਕ ਹੈ। ਇਹ ਮਨੁੱਖ ਦੀ ਆਜ਼ਾਦੀ ਨਾਲ ਆਪਣੇ ਭਵਿੱਖ ਬਾਰੇ ਫ਼ੈਸਲੇ ਲੈਣ ਅਤੇ ਆਜ਼ਾਦੀ ਨਾਲ ਜ਼ਿੰਦਗੀ ਜਿਊਣ ਦੀ ਕੁਦਰਤੀ ਰੀਝ ਦਾ ਅਨਿੱਖੜ ਹਿੱਸਾ ਹੈ। ਇਕ ਪਾਸੇ, ਔਰਤਾਂ ਦੀ ਇਸ ਹੱਕ-ਜਤਾਈ ਨੂੰ ਉਨ੍ਹਾਂ ਦੇ ਆਪਣੇ ਪਰਿਵਾਰ ਅਤੇ ਭਾਈਚਾਰੇ ਦੀ ਮਰਦਾਵੀਂ ਸੋਚ ਦਾ ਸਾਹਮਣਾ ਕਰਨਾ ਪੈਂਦਾ ਹੈ ਦੂਜੇ ਪਾਸੇ, ਧਰਮ ਦੇ ਅਖਾਉਤੀ ਠੇਕੇਦਾਰਾਂ ਵੱਲੋਂ ਇਸ ਹੱਕ ਉੱਪਰ ਜਥੇਬੰਦ ਹਮਲੇ ਕੀਤੇ ਜਾ ਰਹੇ ਹਨ। ਰਾਜ ਢਾਂਚੇ 'ਚ ਮਰਦਾਵੀਂ ਸੱਤਾ ਦੀਆਂ ਡੂੰਘੀਆਂ ਜੜ੍ਹਾਂ ਹੋਣ ਕਾਰਨ ਅਕਸਰ ਹੀ ਔਰਤਾਂ ਦੇ ਇਸ ਹੱਕ ਨੂੰ ਖੋਹਣ 'ਚ ਪੁਲਿਸ, ਨਿਆਂ ਪ੍ਰਣਾਲੀ ਅਤੇ ਹਾਕਮ ਜਮਾਤੀ ਸਿਆਸਤ ਦੀ ਮਿਲੀ-ਭੁਗਤ ਸਾਫ਼ ਦੇਖੀ ਜਾ ਸਕਦੀ ਹੈ।

ਸਿਰਸਾ ਅਤੇ ਉਸ ਦੇ ਜੋਟੀਦਾਰਾਂ ਨੇ ਦਾਅਵਾ ਕੀਤਾ ਕਿ ਕਸ਼ਮੀਰ ਵਿਚ ਸਿੱਖ ਲੜਕੀਆਂ ਦੇ ਧਰਮ ਬੰਦੂਕ ਦੇ ਨੋਕ 'ਤੇ ਧਰਮ ਬਦਲੇ ਜਾ ਰਹੇ ਹਨ ਅਤੇ ਉਨ੍ਹਾਂ ਦੇ ਨਿਕਾਹ 60 ਸਾਲ ਦੇ ਮੁਸਲਮਾਨ ਬੁੱਢਿਆਂ ਨਾਲ ਕਰਵਾ ਜਾ ਰਹੇ ਹਨ। ਗੱਲ ਸਿਰਫ਼ ਇੱਥੋਂ ਤੱਕ ਸੀਮਤ ਨਹੀਂ ਰਹੀ, ਇਸ ਨੂੰ 'ਲਵ-ਜਿਹਾਦ' ਦਾ ਨਾਂ ਦਿੱਤਾ ਗਿਆ ਅਤੇ ਪਹਿਲਾਂ ਲੈਫਟੀਨੈਂਟ ਗਵਰਨਰ ਤੇ ਫਿਰ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਜੰਮੂ-ਕਸ਼ਮੀਰ ਵਿਚ ਧਰਮ-ਬਦਲੀ ਵਿਰੁੱਧ ਐਸਾ ਕਾਨੂੰਨ ਬਣਾਉਣ ਦੀ ਮੰਗ ਕੀਤੀ ਗਈ ਜਿਸ ਤਹਿਤ ਦੂਜੇ ਧਰਮ ਵਿਚ ਵਿਆਹ ਸਿਰਫ਼ ਮਾਪਿਆਂ ਦੀ ਰਜ਼ਾਮੰਦੀ ਨਾਲ ਹੀ ਹੋਵੇ। ਇਹ ਪੂਰੀ ਤਰ੍ਹਾਂ ਝੂਠਾ ਬਿਰਤਾਂਤ ਸੀ ਜੋ ਸੋਚੀ-ਸਮਝੀ ਯੋਜਨਾ ਤਹਿਤ ਘੜਿਆ ਗਿਆ। ਸੱਚ ਇਹ ਹੈ ਕਿ 19 ਸਾਲ ਦੀ ਲੜਕੀ 29 ਸਾਲ ਦੇ ਮਰਦ ਨਾਲ ਆਪਣੀ ਮਰਜ਼ੀ ਨਾਲ ਘਰੋਂ ਗਈ ਸੀ। ਪਰਿਵਾਰ ਨੇ ਪੁਲਿਸ ਤੱਕ ਪਹੁੰਚ ਕੀਤੀ ਅਤੇ ਪੁਲਿਸ ਨੇ ਇਸ ਜੋੜੇ ਨੂੰ ਹਿਰਾਸਤ 'ਚ ਲੈ ਲਿਆ। ਦੋਵਾਂ ਨੇ ਪਹਿਲਾਂ ਪੁਲਿਸ ਕੋਲ ਬਿਆਨ ਦਰਜ ਕਰਾਏ ਅਤੇ ਫਿਰ ਅਦਾਲਤ 'ਚ ਲੜਕੀ ਦਾ ਬਿਆਨ ਲਿਆ ਗਿਆ। ਲੜਕੀ ਨੇ ਸਾਫ਼ ਕਿਹਾ ਕਿ ਉਸ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਾਇਆ ਹੈ ਅਤੇ ਉਸ ਨਾਲ ਧੱਕਾ ਨਹੀਂ ਕੀਤਾ ਗਿਆ। ਅਦਾਲਤ ਨੇ ਲੜਕੀ ਨੂੰ ਉਸ ਦੇ ਪਤੀ ਦੇ ਮਾਪਿਆਂ ਨਾਲ ਭੇਜ ਦਿੱਤਾ। ਲੱਗਭੱਗ ਇਸੇ ਤਰ੍ਹਾਂ ਦਾ ਮਾਮਲਾ ਦੂਜੀ ਲੜਕੀ ਦਾ ਹੈ।

ਮਨਜਿੰਦਰ ਸਿਰਸੇ ਨੇ ਦਾਅਵਾ ਕੀਤਾ ਕਿ ਲੜਕੀ ਦੇ ਬਿਆਨ ਲਏ ਜਾਣ ਸਮੇਂ ਉਸ ਦੇ ਪਰਿਵਾਰ ਨੂੰ ਅਦਾਲਤ 'ਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਜਦਕਿ ਕਾਨੂੰਨ ਇਹ ਹੈ ਕਿ ਐਸਾ ਬਿਆਨ ਹਮੇਸ਼ਾ ਇਕੱਲਤਾ 'ਚ ਲਿਆ ਜਾਂਦਾ ਹੈ ਅਤੇ ਬਿਆਨ ਦੇਣ ਵਾਲੇ ਤੋਂ ਬਿਨਾਂ ਹੋਰ ਕਿਸੇ ਨੂੰ ਉਸ ਸਮੇਂ ਅੰਦਰ ਨਹੀਂ ਜਾਣ ਦਿੱਤਾ ਜਾਂਦਾ। ਫਿਰ ਲੜਕੀ ਨੂੰ 26 ਜੂਨ ਨੂੰ ਸ੍ਰੀਨਗਰ ਜ਼ਿਲ੍ਹਾ ਅਦਾਲਤ ਵਿਚ ਬਿਆਨ ਦੇਣ ਲਈ ਲਿਆਂਦਾ ਗਿਆ। ਉਸ ਸਮੇਂ ਬਡਗਾਮ ਅਤੇ ਸ੍ਰੀਨਗਰ ਗੁਰਦੁਆਰਾ ਕਮੇਟੀਆਂ ਦੇ ਪ੍ਰਧਾਨਾਂ ਨੇ ਅਦਾਲਤ ਦੇ ਬਾਹਰ ਹਜੂਮ ਇਕੱਠਾ ਕਰ ਲਿਆ ਅਤੇ ਹੋ-ਹੱਲਾ ਮਚਾਇਆ ਕਿ ਲੜਕੀ ਦੀ ਮਾਨਸਿਕ ਹਾਲਤ ਠੀਕ ਨਹੀਂ ਹੈ। ਲੜਕੀ ਦੇ ਸਪਸ਼ਟ ਬਿਆਨ ਦੇ ਬਾਵਜੂਦ ਪੁਲਿਸ ਨੇ ਉਸ ਨੂੰ ਮਾਪਿਆਂ ਦੇ ਸਪੁਰਦ ਕਰ ਦਿੱਤਾ। ਇਹ ਲੈਫਟੀਨੈਂਟ ਗਵਰਨਰ ਦੀ ਦਖ਼ਲਅੰਦਾਜ਼ੀ ਨਾਲ ਹੋਇਆ। ਬਾਦ 'ਚ ਸਿਰਸੇ ਨੇ ਵੀ ਦਿੱਲੀ ਦੇ ਗੁਰਦੁਆਰਾ ਸਾਹਿਬ 'ਚ ਪਹੁੰਚ ਕੇ ਹੁੱਬ ਕੇ ਬਿਆਨ ਦਿੱਤਾ ਕਿ ਅਸੀਂ ਸ੍ਰੀਨਗਰ ਜਾਮ ਕਰਕੇ ਪ੍ਰਸ਼ਾਸਨ ਨੂੰ ਝੁਕਣ ਲਈ ਮਜਬੂਰ ਕੀਤਾ। ਸਿਰਸਾ ਦੇ ਆਪਣੇ ਸ਼ਬਦ ਸਨ, "ਮਾਣਯੋਗ ਐੱਲ.ਜੀ., ਜੰਮੂ-ਕਸ਼ਮੀਰ ਮਨੋਜ ਸਿਨਹਾ ਜੀ ਦਾ ਤੁਰੰਤ ਆਦੇਸ਼ ਦੇਣ ਲਈ ਧੰਨਵਾਦ.... ਉਸ ਨੇ ਸਾਨੂੰ ਭਰੋਸਾ ਦਿਵਾਇਆ ਕਿ ਜਬਰੀ ਧਰਮ-ਬਦਲੀ ਕੀਤੀ ਗਈ ਸਿੱਖ ਲੜਕੀ ਦੁਬਾਰਾ ਉਸ ਦੇ ਪਰਿਵਾਰ ਨੂੰ ਸੌਂਪੀ ਜਾਵੇਗੀ...ਉਹ ਘਾਟੀ ਵਿਚ ਸਿੱਖ ਲੜਕੀਆਂ ਦੀ ਸੁਰੱਖਿਆ ਅਤੇ ਧਰਮ-ਬਦਲੀ ਦੇ ਇਸ ਨੁਕਸਾਨਦੇਹ ਰੁਝਾਨ ਨਾਲ ਸੰਬੰਧਤ ਸਾਡੇ ਸਰੋਕਾਰਾਂ ਨੂੰ ਵੀ ਸੰਬੋਧਨ ਹੋਏ। ਅਸੀਂ ਅੰਤਰ-ਧਰਮ ਕਾਨੂੰਨ ਬਣਾਏ ਜਾਣ ਦੀ ਮੰਗ ਵੀ ਕੀਤੀ।" ਉਸ ਨੇ ਡੀ.ਜੀ.ਪੀ. ਨੂੰ ਮਿਲ ਕੇ ਵੀ ਇਸੇ ਤਰ੍ਹਾਂ ਦੀ ਯਕੀਨਦਹਾਨੀ ਵਾਲਾ ਬਿਆਨ ਜਾਰੀ ਕੀਤਾ। 29 ਜੂਨ ਨੂੰ ਪੁਲਵਾਮਾ ਦੇ ਗੁਰਦੁਆਰੇ 'ਚ ਇਕ ਸਿੱਖ ਨਾਲ ਇਸ ਲੜਕੀ ਦਾ ਵਿਆਹ ਕਰ ਦਿੱਤਾ ਗਿਆ ਅਤੇ ਸਿਰਸਾ ਆਪਣੇ ਮਿਸ਼ਨ ਤਹਿਤ ਇਸ ਲੜਕੀ ਅਤੇ ਲੜਕੇ ਨੂੰ ਹਵਾਈ ਜਹਾਜ਼ ਰਾਹੀਂ ਆਪਣੇ ਨਾਲ ਦਿੱਲੀ ਲੈ ਲਿਆ ਜਿੱਥੇ ਹਵਾਈ ਅੱਡੇ ਦੇ ਬਾਹਰ ਉਸ ਦੇ ਹਮਾਇਤੀਆਂ ਦਾ ਹਜੂਮ ਪਹਿਲਾਂ ਹੀ ਜਮ੍ਹਾਂ ਸੀ। ਇੱਥੋਂ ਦੋਵਾਂ ਨੂੰ ਗੁਰੂਦੁਆਰਾ ਬੰਗਲਾ ਸਾਹਿਬ ਲਿਜਾਇਆ ਗਿਆ। ਇਸ ਸਮੁੱਚੇ ਘਟਨਾਕ੍ਰਮ 'ਚ ਸਿਰਸੇ ਨੇ ਅੰਤਰ-ਧਰਮ ਵਿਆਹ ਦੀ ਖ਼ਾਸ ਤਰੀਕੇ ਨਾਲ ਪੇਸ਼ਕਾਰੀ ਕੀਤੀ ਅਤੇ ਤੈਅਸ਼ੁਦਾ ਕਹਾਣੀ ਅਨੁਸਾਰ ਸਮੁੱਚੇ ਕਸ਼ਮੀਰੀ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ। ਇਹ ਪੂਰਾ ਨਾਟਕ ਪੂਰੀ ਤਰ੍ਹਾਂ ਆਰ.ਐੱਸ.ਐੱਸ. ਦੀ ਸ਼ੈਲੀ 'ਚ ਖੇਡਿਆ ਗਿਆ। ਇਸ ਰਾਜਨੀਤਕ ਗੇਮ 'ਚ ਸਿਰਸੇ ਨਾਲ ਕਸ਼ਮੀਰ ਤੋਂ ਜੁੜੇ ਕੁਝ ਸਿੱਖ ਚਿਹਰੇ ਵੀ ਸ਼ਾਮਲ ਸਨ ਜਿਨ੍ਹਾਂ ਵਿਚ ਇਕ ਜਾਣਿਆ-ਪਛਾਣਿਆ ਵਾਹਨ ਡੀਲਰ ਅਤੇ ਇਕ ਹੋਰ ਸਿੱਖ ਕਾਰੋਬਾਰੀ ਵੀ ਸੀ ਜੋ ਗੁਰਦੁਆਰੇ ਦਾ ਚੜ੍ਹਾਵਾ ਛਕ ਜਾਣ ਲਈ ਵਾਹਵਾ ਮਸ਼ਹੂਰ ਹੈ। ਇਹ ਸਾਰੇ ਸੰਘ ਨਾਲ ਜੁੜੇ ਹੋਏ ਹਨ ਅਤੇ ਇਨ੍ਹਾਂ ਦਾ ਇੱਕੋਇਕ ਮਿਸ਼ਨ ਸਮੁੱਚੇ ਕਸ਼ਮੀਰੀ ਮੁਸਲਿਮ ਭਾਈਚਾਰੇ ਨੂੰ ਭੰਡਣਾ ਅਤੇ ਭਾਰਤੀ ਮੁਸਲਮਾਨਾਂ ਵਿਰੁੱਧ ਆਰ.ਐੱਸ.ਐੱਸ.-ਬੀ.ਜੇ.ਪੀ. ਦੀ ਭੜਕਾਊ ਮੁਹਿੰਮ ਨਾਲ ਸੁਰ ਮਿਲਾ ਕੇ ਰਾਜਨੀਤਕ ਲਾਹਾ ਲੈਣਾ ਹੈ। ਇਸ ਦੀ ਰਾਜਨੀਤਕ ਫ਼ਸਲ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਅਤੇ ਪੰਜਾਬ ਤੇ ਉੱਤਰ ਪ੍ਰਦੇਸ਼ ਦੀਆਂ ਚੋਣਾਂ 'ਚ ਵੱਢੀ ਜਾਵੇਗੀ।


ਮੁਕਾਮੀ ਸਿੱਖ ਭਾਈਚਾਰੇ ਦੀਆਂ ਕਸ਼ਮੀਰ ਦੇ ਪ੍ਰਸ਼ਾਸਨ ਨਾਲ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਸੰਬੰਧੀ ਸ਼ਿਕਾਇਤਾਂ ਹੋ ਸਕਦੀਆਂ ਹਨ, ਪਰ ਸਿਰਸੇ ਵੱਲੋਂ ਜਿਵੇਂ ਇਸ ਕਥਿਤ ਧਰਮ-ਬਦਲੀ ਵਾਲੀ ਸਿੱਖ ਲੜਕੀ ਦਾ ਵਿਆਹ ਉਸ ਦੀ ਮਰਜ਼ੀ ਦੇ ਖ਼ਿਲਾਫ਼ ਕਰਕੇ ਔਰਤ ਦੇ ਕੁਦਰਤੀ ਹੱਕ ਨੂੰ ਕੁਚਲਿਆ ਗਿਆ, ਲੜਕੀ ਦੀ 'ਘਰ ਵਾਪਸੀ' ਦੇ ਜਸ਼ਨ ਮਨਾਏ ਗਏ ਅਤੇ ਸਮੁੱਚੇ ਕਸ਼ਮੀਰੀ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਉਹ ਇਕ ਤੈਅਸ਼ੁਦਾ ਫਿਰਕੂ ਮਿਸ਼ਨ ਤਹਿਤ ਹੈ। ਇਨ੍ਹਾਂ ਆਗੂਆਂ ਦੇ ਸਿੱਖ ਲੜਕਿਆਂ ਵੱਲੋਂ ਮੁਸਲਿਮ ਲੜਕੀਆਂ ਨਾਲ ਵਿਆਹ ਕਰਾਉਣ ਦੇ ਮਾਮਲਿਆਂ ਬਾਰੇ ਮਾਪਦੰਡ ਪੂਰੀ ਤਰ੍ਹਾਂ ਵੱਖਰੇ ਹਨ, ਉਨ੍ਹਾਂ ਮਾਮਲਿਆਂ 'ਚ ਵਿਆਹਾਂ ਅਤੇ ਧਰਮ-ਬਦਲੀਆਂ ਨੂੰ ਇਹ ਆਪਣੇ ਧਰਮ ਦਾ ਗੌਰਵ ਬਣਾ ਕੇ ਪੇਸ਼ ਕਰਦੇ ਹਨ। ਇਸੇ ਹਫ਼ਤੇ ਮੁਰਾਫ਼ਤ ਜਾਨ ਨਾਂ ਮੁਸਲਿਮ ਲੜਕੀ ਨੂੰ ਜਲੰਧਰ ਦਾ ਅੰਕੁਸ਼ ਸਿੰਘ ਨਾਂ ਜੇ.ਸੀ.ਬੀ. ਡਰਾਈਵਰ ਉਧਾਲ ਕੇ ਲੈ ਗਿਆ (ਸੀ.ਐੱਚ.ਐੱਫ. ਥਾਣੇ 'ਚ ਦਰਜ ਐੱਫ.ਆਈ.ਆਰ. ਨੰ.79/2021)। ਇਸੇ ਤਰ੍ਹਾਂ ਜੁਨੈਫ਼ਰ ਫ਼ਿਯਾਜ਼ ਨਾਂ ਦੀ ਨਾਬਾਲਗ ਮੁਸਲਿਮ ਲੜਕੀ ਨੂੰ ਦਿੱਲੀ ਵਾਸੀ ਪੰਕਜ ਦੂੱਗਲ ਉਧਾਲ ਕੇ ਲੈ ਗਿਆ (ਪਤਣ ਥਾਣੇ 'ਚ ਦਰਜ ਐੱਫ.ਆਈ.ਆਰ. ਨੰ.196/2021)। ਇਨ੍ਹਾਂ ਅੰਤਰ-ਧਰਮ ਵਿਆਹਾਂ ਬਾਰੇ ਧਰਮਾਂ ਦੇ ਠੇਕੇਦਾਰ ਖ਼ਾਮੋਸ਼ ਹਨ ਜਦੋਂਕਿ ਵੱਖੋ-ਵੱਖਰੇ ਧਰਮ ਦੇ ਲੜਕੇ-ਲੜਕੀਆਂ ਦਾ ਇਕ ਦੂਜੇ ਨੂੰ ਪਸੰਦ ਕਰਕੇ ਵਿਆਹ/ਨਿਕਾਹ ਕਰਾਉਣਾ ਇਕ ਸੁਭਾਵਿਕ ਵਰਤਾਰਾ ਹੈ ਅਤੇ ਇਸ ਨੂੰ 'ਸਾਜ਼ਿਸ਼' ਬਣਾ ਕੇ ਪੇਸ਼ ਕਰਨ ਵਾਲੇ ਧਰਮ ਦੇ ਠੇਕੇਦਾਰ ਐਸਾ ਰਾਜਨੀਤਕ ਏਜੰਡੇ ਤਹਿਤ ਕਰਦੇ ਹਨ। ਕਸ਼ਮੀਰ ਵਿਚ ਸਿੱਖ ਘੱਟਗਿਣਤੀ ਦੇ ਬਹੁਤ ਸਾਰੇ ਧਾਰਮਿਕ, ਸਮਾਜੀ-ਸੱਭਿਆਚਾਰਕ ਅਤੇ ਆਰਥਕ ਸਰੋਕਾਰ ਹਨ, ਜਿਸ ਦੇ ਮੁੱਖ ਦੋਸ਼ੀ ਦਿੱਲੀ ਦੇ ਹੁਕਮਰਾਨ ਅਤੇ ਕਸ਼ਮੀਰ ਦੇ ਹੁਕਮਰਾਨ। ਇਸ ਵਿਚ ਕੱਟੜਪੰਥੀ ਮੁਲਾਣਿਆਂ ਦੀ ਵੀ ਭੂਮਿਕਾ ਹੋ ਸਕਦੀ ਹੈ ਪਰ ਇਸ ਲਈ ਆਮ ਕਸ਼ਮੀਰੀ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ। ਲੇਕਿਨ ਸਿਰਸੇ ਵਰਗੇ ਅਨਸਰ ਇਨ੍ਹਾਂ ਸਰੋਕਾਰਾਂ ਅਤੇ ਮਸਲਿਆਂ ਨੂੰ ਕਦੇ ਨਹੀਂ ਉਠਾਉਣਗੇ।

ਧਰਮ-ਬਦਲੀ ਜਾਂ ਐਸੇ ਕਿਸੇ ਵੀ ਹੋਰ ਹਊਏ ਨੂੰ ਬਹਾਨਾ ਬਣਾ ਕੇ ਔਰਤਾਂ ਨੂੰ ਇਸ ਹੱਕ ਤੋਂ ਵਾਂਝਾ ਕਰਨ ਲਈ ਧਰਮ-ਬਦਲੀ ਵਿਰੋਧੀ ਕਾਨੂੰਨਾਂ ਦੀ ਮੰਗ ਕਰਨ ਵਾਲੀਆਂ ਤਾਕਤਾਂ ਸਮਾਜਿਕ ਤਰੱਕੀ ਦੀਆਂ ਘੋਰ ਵਿਰੋਧੀ ਹਨ, ਉਨ੍ਹਾਂ ਦਾ ਧਰਮ ਚਾਹੇ ਕੋਈ ਵੀ ਹੋਵੇ। ਕਸ਼ਮੀਰੀ ਲੜਕੀਆਂ ਦੇ ਪਸੰਦੀਦਾ ਵਿਆਹਾਂ ਦੇ ਨਿੱਜੀ ਫ਼ੈਸਲੇ ਵਿਚ ਦਖ਼ਲਅੰਦਾਜ਼ੀ ਕਰਨ ਵਾਲੇ ਉਪਰੋਕਤ ਕਥਿਤ ਸਿੱਖ ਆਗੂਆਂ ਦਾ ਨਾ ਸਿੱਖੀ ਦੀਆਂ ਕਦਰਾਂ-ਕੀਮਤਾਂ ਨਾਲ ਕੋਈ ਲੈਣਾ-ਦੇਣਾ ਹੈ ਅਤੇ ਨਾ ਉਨ੍ਹਾਂ ਦਾ ਕਸ਼ਮੀਰ ਵਿਚ ਘੱਟਗਿਣਤੀ ਸਿੱਖ ਫਿਰਕੇ ਦੇ ਹਿਤਾਂ ਅਤੇ ਮਸਲਿਆਂ ਨਾਲ ਕੋਈ ਸਰੋਕਾਰ ਹੈ। ਲੜਕੀਆਂ ਦੇ ਪ੍ਰੇਮ-ਵਿਆਹਾਂ ਦੇ ਮਾਮਲਿਆਂ ਨੂੰ ਜਿਸ ਤਰ੍ਹਾਂ ਸਿੱਖ ਫਿਰਕੇ ਦੇ ਕੁਝ ਲੋਕਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਭੜਕਾਉਣ, ਇਸਲਾਮ ਉੱਪਰ ਹਮਲੇ ਕਰਨ ਅਤੇ ਮੁਸਲਿਮ ਫਿਰਕੇ ਦਾ ਅਕਸ ਵਿਗਾੜਣ ਲਈ ਵਰਤਿਆ ਗਿਆ ਉਹ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ।

ਇਸ ਵਕਤ ਜਦੋਂ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਫਾਸ਼ੀਵਾਦੀ ਰਾਜ ਵਿਰੁੱਧ ਲੜ ਰਹੇ ਕਸ਼ਮੀਰੀ ਲੋਕਾਂ ਨਾਲ ਡੱਟ ਕੇ ਖੜ੍ਹਨ ਦੀ ਲੋੜ ਹੈ, ਉਦੋਂ ਬੀਜੇਪੀ ਨੂੰ ਛੱਡ ਕੇ ਅਕਾਲੀ ਦਲ 'ਚ ਸ਼ਾਮਲ ਹੋਏ ਮਨਜਿੰਦਰ ਸਿੰਘ ਸਿਰਸੇ ਵਰਗੇ ਆਗੂ ਲੜਕੀਆਂ ਦੇ ਆਪਣੀ ਪਸੰਦ ਦੇ ਜੀਵਨ-ਸਾਥੀ ਚੁਣਨ ਦੇ ਹੱਕ ਨੂੰ ਕਸ਼ਮੀਰੀ ਅਤੇ ਸਿੱਖ ਭਾਈਚਾਰਿਆਂ ਦਰਮਿਆਨ ਨਫ਼ਰਤ ਪੈਦਾ ਕਰਨ ਅਤੇ ਪਾੜਾ ਪਾਉਣ ਲਈ ਵਰਤ ਰਹੇ ਹਨ। ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਵਿਸ਼ੇਸ਼ ਦਖ਼ਲ ਦੇਣ ਦੀ ਮੰਗ ਅਤੇ ਕੇਂਦਰ ਸਰਕਾਰ ਤੋਂ ਕਸ਼ਮੀਰ ਵਿਚ ਧਰਮ-ਬਦਲੀ ਵਿਰੁੱਧ ਕਾਨੂੰਨ ਬਣਾਉਣ ਦੀ ਮੰਗ ਕਰਨ ਤੋਂ ਜ਼ਾਹਿਰ ਹੈ ਕਿ ਔਰਤਾਂ ਦਾ ਬਰਾਬਰੀ ਦਾ ਦਰਜਾ ਸਵੀਕਾਰ ਕਰਨ ਅਤੇ ਉਨ੍ਹਾਂ ਦੀ ਆਜ਼ਾਦ ਹਸਤੀ ਨੂੰ ਮਾਨਤਾ ਦੇਣ ਦੀ ਬਜਾਏ ਇਹ ਆਗੂ ਸਿੱਖ ਔਰਤਾਂ ਨੂੰ ਸਿੱਖ ਭਾਈਚਾਰੇ ਦੀ ਜਾਇਦਾਦ ਸਮਝਦੇ ਹਨ ਅਤੇ ਧਰਮ-ਬਦਲੀ ਕਾਨੂੰਨ ਰਾਹੀਂ ਉਨ੍ਹਾਂ ਦਾ ਆਜ਼ਾਦ ਜ਼ਿੰਦਗੀ ਦਾ ਹੱਕ ਖੋਹਣਾ ਚਾਹੁੰਦੇ ਹਨ। ਇਨ੍ਹਾਂ ਦੀ ਸੋਚ ਆਰ.ਐੱਸ.ਐੱਸ.-ਬੀ.ਜੇ.ਪੀ. ਦੇ 'ਲਵ ਜਹਾਦ' ਦੇ ਏਜੰਡੇ ਦਾ ਹੀ ਨਵਾਂ ਰੂਪ ਹੈ ਜਿਸ ਵਿਚ ਸਮੋਏ ਖ਼ਤਰਿਆਂ ਬਾਰੇ ਸਿੱਖ ਭਾਈਚਾਰੇ ਅਤੇ ਸਮੂਹ ਦੇਸ਼ਵਾਸੀਆਂ ਨੂੰ ਸਾਵਧਾਨ ਹੋਣ ਦੀ ਲੋੜ ਹੈ। ਇਹ ਸ਼ੁਭ ਸੰਕੇਤ ਹੈ ਕਿ ਸਥਾਨਕ ਸਿੱਖ ਭਾਈਚਾਰੇ ਦੇ ਇਕ ਹਿੱਸੇ ਨੇ ਇਸ ਖ਼ਤਰੇ ਨੂੰ ਪਛਾਣਿਆ ਹੈ ਅਤੇ ਕਸ਼ਮੀਰੀ ਲੋਕਾਂ ਦੀ ਭਾਈਚਾਰਕ ਸਾਂਝ ਅਤੇ ਏਕਤਾ ਦੇ ਹੱਕ 'ਚ ਖੁੱਲ੍ਹ ਕੇ ਸਟੈਂਡ ਲਿਆ ਹੈ।

*ਜਸਪਾਲ ਜੱਸੀ ਦੀ ਕਲਮ ਤੋਂ: ਇਤਿਹਾਸ ਦੇ ਝਰੋਖੇ 'ਚੋਂ*

# ਸ਼ਹੀਦ ਰੰਧਾਵਾ ਦੀ ਬੀਰਗਾਥਾ ਦਾ ਸਿਖਰਲਾ ਕਾਂਡ ਸ਼ਰਧਾਂਜਲੀ ਕਿਵੇਂ ਦਿੱਤੀ ਗਈ





"ਕੀ ਹੋਇਆ ਜੇ ਭਾਵੇਂ ਦੁਸ਼ਮਣਾਂ ਸੰਗ ਲੜਦਿਆਂ ਸਾਡਾ ਸੀਸ ਕੱਟਿਆ ਗਿਆ। ਅਸੀਂ ਲੜਾਂਗੇ, ਕੱਟੇ ਹੋਏ ਸੀਸ ਨੂੰ ਤਲੀ 'ਤੇ ਧਰਕੇ ਲੜਾਂਗੇ। ਲੜਦੇ-ਲੜਦੇ ਕਟ ਮਰਨਾ ਸਾਨੂੰ ਮਨਜ਼ੂਰ ਹੈ। ਪਰ ਦੁਸ਼ਮਣਾਂ ਅੱਗੇ ਗੋਡੇ ਟੇਕ ਦੇਣਾ ਸਾਡੀ ਵਿਰਾਸਤ ਨਹੀਂ।"

ਸਾਲ 1979 ਦੇ ਦੂਸਰੇ ਅੱਧ 'ਚ ਪੰਜਾਬ ਦੀ ਫਿਜ਼ਾ 'ਚ ਇਹ ਅਹਿਦ ਗੂੰਜ ਰਿਹਾ ਸੀ। ਕਾਲਜਾਂ ਦੇ ਵਿਹੜਿਆਂ 'ਚ, ਪਿੰਡ ਦੀਆਂ ਸੱਥਾਂ 'ਚ, ਸ਼ਹਿਰਾਂ ਦੇ ਚੁਰਸਤਿਆਂ ਅਤੇ ਬਜ਼ਾਰਾਂ 'ਚ ਥਾਂ-ਥਾਂ ਤਣੇ ਹੋਏ ਮੁੱਕੇ ਅਤੇ ਬਲਦੀਆਂ ਅੱਖਾਂ ਇਹ ਅਹਿਦ ਦੁਹਰਾ ਰਹੀਆਂ ਸਨ। ਹਥਿਆਰਬੰਦ ਪੁਲਸ ਲਸ਼ਕਰ ਵਾਹੋ-ਦਾਹ ਥਾਂ-ਥਾਂ ਛਾਪੇ ਮਾਰ ਰਹੇ ਸਨ, ਗ੍ਰਿਫਤਾਰੀਆਂ ਕਰ ਰਹੇ ਸਨ, ਤਸੀਹੇ ਦੇ ਰਹੇ ਸਨ, ਡਾਂਗਾਂ ਵਾਹ ਰਹੇ ਸਨ, ਫਸਲਾਂ ਉਜਾੜ ਰਹੇ ਸਨ, ਘਰਾਂ ਦੇ ਕੰਧਾਂ ਕੌਲੇ ਢਾਅ ਰਹੇ ਸਨ, ਬਜ਼ੁਰਗਾਂ ਅਤੇ ਔਰਤਾਂ ਨੂੰ ਜ਼ਲੀਲ ਕਰ ਰਹੇ ਸਨ। ਪਰ ਆਏ ਦਿਨ ਰੋਹ ਭਰੇ ਕਾਫਲਿਆਂ ਦੀਆਂ ਹੋਰ ਲੰਮੀਆਂ ਕਤਾਰਾਂ ਸੜਕਾਂ 'ਤੇ ਨਿੱਤਰ ਰਹੀਆਂ ਸਨ। ਪੰਜਾਬ ਅਤੇ ਮੁਲਕ ਦੀਆਂ ਅਖਬਾਰਾਂ ਅਤੇ ਮੈਗਜ਼ੀਨ ਸਵਾਲੀਆ ਟਿੱਪਣੀਆਂ ਕਰ ਰਹੇ ਸਨ, "ਕੀ ਵਾਪਰ ਗਿਆ ਹੈ ਪੰਜਾਬ 'ਚ, ਕੀ ਵਾਪਰ ਰਿਹਾ ਹੈ ਪੰਜਾਬ'ਚ?"

ਜੋ 'ਵਾਪਰ ਗਿਆ' ਸੀ, ਉਹ ਪੰਜਾਬ ਦੇ ਸਮੁੱਚੇ ਵਿਦਿਆਰਥੀ ਜਗਤ ਲਈ ਅਸਮਾਨੋਂ ਡਿੱਗੀ ਬਿਜਲੀ ਵਰਗਾ ਸੀ। ਜੋ 'ਵਾਪਰ ਰਿਹਾ' ਸੀ, ਉਹ ਪੰਜਾਬ ਦੇ ਹਾਕਮਾਂ ਨੂੰ ਤਰੇਲੀਓ-ਤਰੇਲੀ ਕਰ ਰਿਹਾ ਸੀ, ਕੰਬਣੀਆਂ ਛੇੜ ਰਿਹਾ ਸੀ, ਦਿਲਾਂ 'ਚ ਹੌਲ ਪਾ ਰਿਹਾ ਸੀ।

18 ਜੁਲਾਈ 1979 ਦੀ ਰਾਤ ਨੂੰ ਪੰਜਾਬ ਦੀ ਵਿਦਿਆਰਥੀ ਲਹਿਰ ਦਾ ਨਾਇਕ "ਪਿਰਥੀ" ਸ਼ਹੀਦ ਕਰ ਦਿੱਤਾ ਸੀ। 20 ਜੁਲਾਈ ਦੀ ਸਵੇਰ ਨੂੰ ਪੰਜਾਬ ਭਰ 'ਚ ਵਿਦਿਆਰਥੀਆਂ ਦੀਆਂ ਟੋਲੀਆਂ ਕਾਲੇ ਮਾਤਮੀ ਇਸ਼ਤਿਹਾਰ ਲਾ ਰਹੀਆਂ ਸਨ। "ਵਿਦਿਆਰਥੀ ਜਗਤ ਦੇ ਦਿਲਾਂ ਦੀ ਧੜਕਣ ਪੰਜਾਬ ਸਟੂਡੈਂਟਸ ਯੂਨੀਅਨ ਦੀ ਰੂਹ ਪਿਰਥੀਪਾਲ ਸਿੰਘ ਰੰਧਾਵਾ ਸ਼ਹੀਦ ਕਰ ਦਿੱਤੇ ਗਏ।" ਇਸ਼ਤਿਹਾਰ ਦੇ ਇੱਕ ਕੋਨੇ 'ਤੇ ਜਾਣੀ ਪਛਾਣੀ ਫੋਟੋ ਰਾਹੀਂ ਪਿਰਥੀ ਆਪਣੇ ਸੁਭਾਵਕ ਗੰਭੀਰ ਅੰਦਾਜ਼ 'ਚ ਬੋਲ ਰਿਹਾ ਸੀ, "ਇਹ ਸੁਪਨਾ ਨਹੀਂ ਹੈ ਸਾਥੀਓ, ਚੁਣੌਤੀ ਕਬੂਲ ਕਰੋ।" ਹਾਂ, ਪਿਰਥੀ ਨੇ ਸ਼ਹਾਦਤ ਦਾ ਜਾਮ ਡੀਕ ਲਿਆ ਸੀ। ਜ਼ਿੰਦਗੀ ਦੀ ਖੂਬਸੂਰਤੀ ਲਈ ਜੂਝਦਿਆਂ ਮੌਤ ਨੂੰ ਗਲਵਕੜੀ ਪਾ ਲਈ ਸੀ। ਆਪਣੀ ਬੀਰ ਗਾਥਾ ਦਾ ਸਿਖਰਲਾ ਕਾਂਡ ਲਿਖਣ ਦੀ ਜ਼ੁੰਮੇਵਾਰੀ ਆਪਣੇ ਹਮਸਫਰਾਂ ਅਤੇ ਵਾਰਸਾਂ ਦੇ ਮੋਢਿਆਂ 'ਤੇ ਪਾ ਕੇ ਪਿਰਥੀ ਤੁਰ ਗਿਆ ਸੀ।

ਪਰ ਪਿਰਥੀ ਦੇ ਵਾਰਸਾਂ ਦੀ ਸੁਰਤ ਅੰਦਰ ਪਿਰਥੀ ਦੀ ਬੀਰ ਗਾਥਾ ਸੱਜਰੀ ਹੋ ਉੱਠੀ ਸੀ। ਵਿਦਿਆਰਥੀਆਂ ਦੀ ਜੁਝਾਰ ਇਨਕਲਾਬੀ ਜੱਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਸ਼ਾਨਾਂਮੱਤੇ ਇਤਿਹਾਸ ਦੇ ਵਰਕੇ ਚਮਕ ਉੱਠੇ ਸਨ। ਸੱਤਰ੍ਹਵਿਆਂ ਦੇ ਸ਼ੁਰੂ 'ਚ ਜਦੋਂ ਪਿਰਥੀ ਦੀ ਅਗਵਾਈ 'ਚ ਪੀ. ਐਸ. ਯੂ. ਨੇ ਨਿੱਕੇ-ਨਿੱਕੇ ਕਦਮ ਪੁੱਟਣੇ ਸ਼ੁਰੂ ਕੀਤੇ, ਵਿੱਦਿਅਕ ਸੰਸਥਾਵਾਂ 'ਚ ਅਤੇ ਪੰਜਾਬ ਦੀ ਫਿਜ਼ਾ 'ਚ ਸੰਨਾਟਾ ਛਾਇਆ ਹੋਇਆ ਸੀ। ਪੁਲਸ ਦਹਿਸ਼ਤ ਦਾ ਬੋਲਬਾਲਾ ਸੀ। ਕਮਿਊਨਿਸਟ ਇਨਕਲਾਬੀਆਂ ਤੇ ਉਨ੍ਹਾਂ ਦੇ ਸਬੰਧੀਆਂ ਨੂੰ ਚਿੱਟੇ ਦਿਨ ਗੋਲੀਆਂ ਨਾਲ ਉਡਾਕੇ ਝੂਠੇ ਪੁਲਸ ਮੁਕਾਬਲੇ ਬਣਾਏ ਜਾਂਦੇ ਸਨ। ਨਿਰਦੋਸ਼ ਲੋਕਾਂ ਨੂੰ ਸੱਥਾਂ ਅਤੇ ਥਾਣਿਆਂ 'ਚ ਕੋਹਿਆ ਜਾ ਰਿਹਾ ਸੀ। ਗੈਰ-ਜੱਥੇਬੰਦ ਲੋਕ ਬੇਵਸੀ 'ਚ ਸਬਰ ਦਾ ਘੁੱਟ ਭਰ ਕੇ ਰਹਿ ਜਾਂਦੇ। ਵਿੱਦਿਅਕ ਸੰਸਥਾਵਾਂ 'ਚ ਅਧਿਕਾਰੀ ਚੰਮ ਦੀਆਂ ਚਲਾਉਂਦੇ ਸਨ। ਜਬਰ ਦੇ ਅਖਾੜੇ ਬਣੀਆਂ ਵਿੱਦਿਅਕ ਸੰਸਥਾਵਾਂ 'ਚ ਵਿਦਿਆਰਥੀ ਹੱਕਾਂ ਦੀ ਗੱਲ ਕਰਨ ਦਾ ਨਤੀਜਾ ਕਾਲਜੋਂ ਕੱਢੇ ਜਾਣ ਤੋਂ ਲੈ ਕੇ, ਵਰੰਟਾਂ, ਗ੍ਰਿਫਤਾਰੀਆਂ ਅਤੇ ਪੁਲਸ ਹੱਥੋਂ ਮੌਤ ਤੱਕ ਹੋ ਸਕਦਾ ਸੀ।

ਵਿਦਿਆਰਥੀਆਂ ਦੀ ਜੁਝਾਰ ਇਨਕਲਾਬੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਖਿੰਡ ਚੁੱਕੀ ਸੀ। ਦੁਸ਼ਮਣ ਦੇ ਵਾਰਾਂ ਕਰਕੇ ਨਹੀਂ, ਇਨਕਲਾਬੀਆਂ 'ਚ ਜਨਤਾ ਦੀ ਸ਼ਕਤੀ ਅਤੇ ਜਨਤਕ ਜਥੇਬੰਦੀਆਂ 'ਚ ਭਰੋਸੇ ਦੀ ਘਾਟ ਕਰਕੇ। ਇਨਕਲਾਬੀ ਨੌਜਵਾਨਾਂ ਨੇ ਸੀਸ ਤਲੀ 'ਤੇ ਧਰ ਲਏ ਸਨ। ਹੇਠਲੀ ਉੱਤੇ ਕਰ ਦੇਣ ਦਾ ਤਹੱਈਆ ਕੀਤਾ ਸੀ। ਪਰ ਹੇਠਲੀ ਉੱਤੇ ਕਰਨ ਲਈ ਲੋਕਾਂ ਨੂੰ ਲਾਮਬੰਦ ਅਤੇ ਜਥੇਬੰਦ ਕਰਨ ਦੀ ਸੇਧ ਤਿਆਗ ਦਿੱਤੀ ਸੀ। ਪੀ. ਐਸ. ਯੂ. ਠੁਕਰਾ ਦਿੱਤੀ ਗਈ ਸੀ। ਇਸਦਾ ਹੱਥੀਂ ਭੋਗ ਪਾ ਦਿੱਤਾ ਗਿਆ ਸੀ। ਹਜ਼ਾਰਾਂ ਵਿਦਿਆਰਥੀਆਂ ਨੂੰ ਇਨਕਲਾਬੀ ਜਜ਼ਬਿਆਂ ਅਤੇ ਸੂਝ ਦੀ ਜਾਗ ਲਾਉਣ ਵਾਲੀ ਇਸ ਜਥੇਬੰਦੀ ਨੂੰ ਇਨਕਲਾਬ ਦੇ ਰਾਹ ਦਾ ਰੋੜਾ ਗਰਦਾਨ ਦਿੱਤਾ ਗਿਆ ਸੀ। ਆਪਣੀ ਜਥੇਬੰਦੀ ਬਿਨਾਂ ਵਿਦਿਆਰਥੀ ਜਨਤਾ ਨਿਆਸਰੀ ਸੀ। ਅਜਿਹੇ ਪੰਛੀ ਵਾਂਗ, ਜਿਹੜਾ ਉੱਚੀਆਂ ਉਡਾਰੀਆਂ ਭਰਨਾ ਲੋਚਦਾ ਹੋਵੇ, ਪਰ ਜਿਸਦੇ ਖੰਭ ਕਤਰ ਦਿੱਤੇ ਗਏ ਹੋਣ।

ਇਨ੍ਹਾਂ ਹਾਲਤਾਂ 'ਚ ਕੁੱਝ ਚੇਤੰਨ ਵਿਦਿਆਰਥੀਆਂ ਦੀ ਇੱਕ ਟੁੱਕੜੀ ਨੇ ਪਿਰਥੀ ਦੀ ਅਗਵਾਈ 'ਚ ਵਿਦਿਆਰਥੀਆਂ ਦੀ ਇੱਕ ਟੁਕੜੀ ਨੇ ਵਿਦਿਆਰਥੀ ਜਨਤਾ ਨੂੰ ਇਸਦੇ ਖੰਭ ਵਾਪਸ ਕਰਨ ਦਾ ਤਹੱਈਆ ਕੀਤਾ ਸੀ। ਪੀ. ਐਸ. ਯੂ. ਨੂੰ ਮੁੜ ਜਥੇਬੰਦ ਕਰਨ ਦਾ ਬੀੜਾ ਚੁੱਕਿਆ ਸੀ। ਦੁਸ਼ਮਣ ਸ਼ੁਕਰਿਆ ਹੋਇਆ ਸੀ। ਵਿਦਿਆਰਥੀ ਸਹਿਮੇ ਹੋਏ ਸਨ। ਮਾਅਰਕੇਬਾਜ਼ ਲੀਹ ਦੇ ਝੰਡਾਬਰਦਾਰਾਂ ਨੇ ਵਿਦਿਆਰਥੀ ਜਨਤਾ 'ਤੇ ਡਰਪੋਕ ਹੋਣ ਦਾ ਲੇਬਲ ਲਾ ਦਿੱਤਾ ਸੀ। ਉਨ੍ਹਾਂ ਦਾ ਮਤ ਸੀ ਕਿ ਲੋਕ ਜਥੇਬੰਦ ਨਹੀਂ ਹੋ ਸਕਦੇ। ਜੇ ਹੋ ਵੀ ਜਾਣ ਤਾਂ ਕੁਝ ਕਰ ਨਹੀਂ ਸਕਦੇ। ਸਿਰਫ ਸਿਰ ਤਲੀ 'ਤੇ ਧਰਨ ਵਾਲੇ ਮੁੱਠੀ ਭਰ ਸਿਰਲੱਥ ਸੂਰਮੇ ਹੀ ਆਪਣੇ ਜੁਝਾਰ ਕਾਰਨਾਮਿਆਂ ਨਾਲ ਰਾਜ ਸੱਤਾ ਨੂੰ ਉਲਟਾ ਸਕਦੇ ਹਨ ਅਤੇ ਇਨਕਲਾਬੀ ਰਾਜ ਕਾਇਮ ਕਰ ਸਕਦੇ ਹਨ।

ਇਸ ਹਾਲਤ 'ਚ ਵਿਦਿਆਰਥੀ ਜਥੇਬੰਦੀ ਖੜ੍ਹੀ ਕਰਨ ਲਈ ਤਕੜਾ ਸਿਦਕ ਲੋੜੀਂਦਾ ਸੀ। ਦ੍ਰਿੜ ਇਰਾਦਾ ਲੋੜੀਂਦਾ ਸੀ। ਜਨਤਾ 'ਚ ਅਥਾਹ ਭਰੋਸਾ ਲੋੜੀਂਦਾ ਸੀ। ਲਟ-ਲਟ ਬਲਦੀ ਸੂਝ ਲੋੜੀਂਦੀ ਸੀ। ਸਹੀ ਸੇਧ ਲੋੜੀਂਦੀ ਸੀ। ਪਿਰਥੀ ਦੇ ਰੂਪ 'ਚ ਪੰਜਾਬ ਦੀ ਵਿਦਿਆਰਥੀ ਲਹਿਰ ਦੇ ਵਿਹੜੇ 'ਚ ਇਨ੍ਹਾਂ ਗੁਣਾਂ ਦੀ ਕਰੂੰਬਲ ਫੁੱਟ ਪਈ ਸੀ। ਪਿਰਥੀ ਦੀ ਬੀਰ ਗਾਥਾ, ਮਾਰੂ ਮੌਸਮਾਂ ਦੇ ਕਹਿਰ ਦਰਮਿਆਨ, ਇਸ ਕਰੂੰਬਲ ਦੇ ਕੱਦ ਕੱਢਣ ਦੀ ਗਾਥਾ ਸੀ। ਜੁਆਨ ਹੋ ਕੇ ਝੂਲਦਾ ਅਡੋਲ ਰੁੱਖ ਬਣ ਜਾਣ ਦੀ ਗਾਥਾ ਸੀ।

ਤੀਲਾ-ਤੀਲਾ ਜੋੜ ਕੇ, ਮਘਾਈਆਂ ਵਿਦਿਆਰਥੀ ਸੰਘਰਸ਼ਾਂ ਦੀਆਂ ਨਿੱਕੀਆਂ-ਨਿੱਕੀਆਂ ਚਿਣਗਾਂ ਰਾਹੀਂ ਇਨਕਲਾਬੀ ਸੂਝ ਦੀਆਂ ਕਿਰਨਾਂ ਬਖੇਰੀਆਂ ਸਨ। ਖੌਫ ਦੀ ਧੁੰਦ ਹੌਲੀ-ਹੌਲੀ ਛਟ ਰਹੀ ਸੀ। ਵਿਦਿਆਰਥੀ ਜਨਤਾ ਦੇ ਦਿਲ ਬਦਲ ਰਹੇ ਸਨ, ਦਿਨ ਬਦਲ ਰਹੇ ਸਨ।

ਅਕਤੂਬਰ 1972 'ਚ ਪੰਜਾਬ ਦੀ ਵਿਦਿਆਰਥੀ ਲਹਿਰ ਨੇ ਵੱਡੀ ਕਰਵਟ ਲਈ। ਕਾਂਗਰਸ ਹਕੂਮਤ ਦੇ ਪੁਲਸ ਲਸ਼ਕਰਾਂ ਨੇ ਮੋਗੇ ਦੇ ਰੀਗਲ ਸਿਨਮੇ ਦੇ ਮਾਲਕਾਂ ਦੀ ਬਲੈਕ ਅਤੇ ਗੁੰਡਾਗਰਦੀ ਖਿਲਾਫ ਮੁਜ਼ਾਹਰਾ ਕਰਦੇ ਵਿਦਿਆਰਥੀਆਂ 'ਤੇ ਗੋਲੀਆਂ ਦੀ ਬੇਦਰੇਗ ਵਾਛੜ ਕਰਕੇ ਕਈ ਜਣੇ ਸ਼ਹੀਦ ਕਰ ਦਿੱਤੇ। ਰੋਹ ਦੀ ਜੁਆਲਾ ਭੜਕ ਉੱਠੀ। ਹੁਣ ਵਿਦਿਆਰਥੀ ਨਿਆਸਰੇ ਨਹੀਂ ਸਨ। ਵਿਦਿਆਰਥੀ ਰੋਹ ਦੀ ਇਸ ਕਾਂਗ ਨੂੰ ਰਾਹ ਵਿਖਾਉਣ ਲਈ ਵਿਦਿਆਰਥੀ ਜਥੇਬੰਦੀ ਮੌਜੂਦ ਸੀ। ਬਾਲ ਉਮਰ 'ਚ ਹੀ ਵਿਦਿਆਰਥੀ ਜਥੇਬੰਦੀ ਦਾ ਵਿਤੋਂ ਵੱਡੀ ਚੁਣੌਤੀ ਨਾਲ ਮੱਥਾ ਲੱਗ ਗਿਆ ਸੀ। "ਜੇ ਤੁਸੀਂ ਸਹੀ ਸੇਧ ਮਿਥਕੇ, ਲੋਕਾਂ 'ਤੇ ਭਰੋਸਾ ਰੱਖ ਕੇ ਚੱਲ ਪਓ, ਤਾਂ ਲੋਕ ਕਦੇ ਵੀ ਧੋਖਾ ਨਹੀਂ ਦਿੰਦੇ।" ਇਹ ਧਾਰਨਾ ਪਿਰਥੀ ਤੇ ਉਹਦੇ ਹਮਸਫਰਾਂ ਦੇ ਮਨੀਂ ਵਸੀ ਹੋਈ ਸੀ।

ਮੋਗਾ ਘੋਲ ਨੇ ਇਸ ਧਾਰਨਾ ਦੀ ਪੁਸ਼ਟੀ ਕਰ ਦਿੱਤੀ ਸੀ। ਮਹੀਨਿਆਂ ਬੱਧੀ ਵਿਦਿਆਰਥੀਆਂ ਅਤੇ ਲੋਕਾਂ ਦੇ ਭੇੜੂ ਕਾਫਲੇ ਪੁਲਸ ਲਸ਼ਕਰਾਂ ਨਾਲ ਲੋਹਾ ਲੈਂਦੇ ਰਹੇ ਸਨ। ਬੀ. ਐਸ. ਐਫ. ਦੀਆਂ ਪਲਟਨਾਂ ਅਤੇ ਫੌਜ ਦੇ ਫਲੈਗ ਮਾਰਚ ਬੇਅਸਰ ਹੋ ਕੇ ਰਹਿ ਗਏ ਸਨ। ਸਹਿਮ ਅਤੇ ਦਹਿਸ਼ਤ ਦਾ ਸਨਾਟਾ ਚਕਨਾ ਚੂਰ ਹੋ ਗਿਆ ਸੀ। 1971 'ਚ ਮੌਜੂਦਾ ਬੰਗਲਾ ਦੇਸ਼ 'ਤੇ ਫੌਜੀ ਚੜ੍ਹਾਈ ਮਗਰੋਂ ਮੁਲਕ 'ਚ ਅੰਨ੍ਹੇ ਕੌਮੀ ਜਨੂੰਨ ਦੀ ਹਨੇਰੀ ਝੁਲਾਈ ਗਈ ਸੀ। ਕਾਂਗਰਸ ਪਾਰਟੀ ਨੇ ਇਸ ਹਨੇਰੀ 'ਤੇ ਸਵਾਰ ਹੋ ਕੇ ਚੋਣਾਂ 'ਚ ਭਾਰੀ ਬਹੁਗਿਣਤੀ ਨਾਲ ਜਿੱਤ ਹਾਸਲ ਕੀਤੀ ਸੀ। ਇਸ ਨੂੰ "ਇੰਦਰਾ ਲਹਿਰ" ਦਾ ਨਾਂ ਦਿੱਤਾ ਗਿਆ ਸੀ। ਪਰ ਮੋਗਾ ਘੋਲ ਨੇ ਪੰਜਾਬ ਅੰਦਰ "ਇੰਦਰਾ ਲਹਿਰ" ਦਾ ਰੁਖ ਬਦਲ ਦਿੱਤਾ ਸੀ। ਕਾਂਗਰਸੀ ਹਾਕਮ, ਘੋਲ ਨਾਲ ਗਦਾਰੀ ਕਰਨ ਵਾਲੀ ਵਿਦਿਆਰਥੀ ਫੈਡਰੇਸ਼ਨ ਤੇ ਇਸਦੀ ਸਰਪ੍ਰਸਤ ਸੀ. ਪੀ. ਆਈ. ਲੋਕਾਂ 'ਚੋਂ ਬੁਰੀ ਤਰ੍ਹਾਂ ਛੇਕੇ ਗਏ ਸਨ। ਵੱਡੇ ਲੋਕ ਘੋਲ 'ਚ ਵਟੇ ਮੋਗਾ ਸੰਗਰਾਮ ਨੇ ਪੀ. ਐਸ. ਯੂ. ਨੂੰ ਇੱਕ ਵਿਸ਼ਾਲ ਅਤੇ ਤਾਕਤਵਰ ਜਥੇਬੰਦੀ ਵਜੋਂ ਉਭਾਰ ਦਿੱਤਾ ਸੀ। ਇਹ ਗੈਰ-ਜੱਥੇਬੰਦ ਲੋਕਾਂ ਲਈ ਜਥੇਬੰਦ ਹੋਣ ਤੇ ਜੂਝਣ ਦਾ ਪ੍ਰੇਰਨਾ ਸਰੋਤ ਬਣ ਗਈ ਸੀ। ਪਿਰਥੀ ਪੁਲਾਂਘਾਂ ਭਰ ਰਹੀ ਵਿਦਿਆਰਥੀ ਲਹਿਰ ਦੇ ਮਕਬੂਲ ਆਗੂ ਵਜੋਂ ਸਥਾਪਤ ਹੋ ਗਿਆ ਸੀ। ਪੰਜਾਬ ਦੀ ਫਿਜ਼ਾ 'ਚ ਵੱਡੀ ਤਬਦੀਲੀ ਆ ਗਈ ਸੀ। ਮੋਗਾ ਘੋਲ ਤੋਂ ਬਾਅਦ ਦੇ ਵਰ੍ਹੇ, ਇਨਕਲਾਬੀ ਵਿਦਿਆਰਥੀ ਲਹਿਰ ਦੇ ਤੇਜ਼ੀ ਨਾਲ ਪੁਲਾਂਘਾਂ ਪੁੱਟਣ ਦੇ ਵਰ੍ਹੇ ਸਨ। ਇਸਦੇ ਝੰਜੋੜਵੇਂ ਅਸਰ ਹੇਠ ਲੋਕਾਂ ਦੇ ਵੱਖ-ਵੱਖ ਹਿੱਸਿਆਂ ਦੀ ਇਨਕਲਾਬੀ ਜਨਤਕ ਲਹਿਰ ਦੇ ਅੰਗੜਾਈ ਭਰਨ ਦੇ ਵਰ੍ਹੇ ਸਨ।

ਕਾਲਜਾਂ ਦੇ ਵਿਹੜਿਆਂ ਤੋਂ ਇਨਕਲਾਬੀ ਚੇਤਨਾ ਦੀਆਂ ਕਿਰਨਾਂ ਪਿੰਡਾਂ ਦੀ ਜੁਆਨੀ ਤੱਕ ਪੁੱਜੀਆਂ। ਪੀ. ਐਸ. ਯੂ. ਦੀ ਜੁਝਾਰ ਸਾਥਣ ਬਣਕੇ ਉੱਭਰੀ ਨੌਜਵਾਨ ਭਾਰਤ ਸਭਾ ਪੇਂਡੂ ਧਨਾਡ ਚੌਧਰੀਆਂ ਦੀ ਜਗੀਰੂ ਦਬਸ਼ ਨਾਲ ਲੋਹਾ ਲੈਣ ਲੱਗੀ। ਕਿਸਾਨਾਂ, ਬੇਰੁਜ਼ਗਾਰ ਅਧਿਆਪਕਾਂ ਅਤੇ ਮਜ਼ਦੂਰਾਂ ਨੇ ਜਥੇਬੰਦ ਸੰਘਰਸ਼ਾਂ ਦੇ ਮੋਰਚੇ ਮੱਲ ਲਏ। ਵੱਡੇ ਘਮਸਾਨੀ ਸੰਘਰਸ਼ਾਂ ਦੀ ਭੱਠੀ 'ਚ ਢਲਕੇ ਫੌਲਾਦ ਹੋਈ ਪੀ. ਐਸ. ਯੂ. ਦੇ ਲੋਕਾਂ ਤੇ ਹਰ ਸੰਘਰਸ਼ ਦੇ ਅੰਗ ਸੰਗ ਰਹਿਣ ਅਤੇ ਲੋੜ ਪੈਣ 'ਤੇ ਸੰਘਰਸ਼ ਦੀ ਹਮਾਇਤ 'ਚ ਆਪਣੀ ਸਾਰੀ ਤਾਕਤ ਝੋਂਕ ਦੇਣ ਦੀ ਰਿਵਾਇਤ ਸਥਾਪਤ ਕੀਤੀ। ਆਪੋ ਆਪਣੇ ਤਬਕਿਆਂ ਦੇ ਹਿੱਤਾਂ ਦੀ ਤੰਗ ਵਲਗਣ ਚੀਰ ਸੁੱਟੀ ਗਈ। ਲੋਕਾਂ ਦੇ ਜੁਝਾਰ ਹਿੱਸੇ ਜਮਾਤੀ ਦੁਸ਼ਮਣਾਂ ਖਿਲਾਫ ਇੱਕਮੁੱਠ ਹੋ ਕੇ ਜੂਝਣ ਅਤੇ ਭਰਾਤਰੀ ਸਾਂਝ ਪਾਲਣ ਦੀ ਭਾਵਨਾ 'ਚ ਰੰਗੇ ਗਏ। ਅਧਿਕਾਰੀਆਂ ਦੇ ਬਦਲਾ ਲਊ ਹਮਲੇ, ਪੁਲਸ ਜਬਰ ਦੀਆਂ ਹਨੇਰੀਆਂ, ਗੁੰਡਾਗਰਦੀ ਦਾ ਹਥਿਆਰ, ਸਰਕਾਰੀ ਕੂੜ ਪ੍ਰਚਾਰ ਦੀਆਂ ਵਾਛੜਾਂ, ਵਿਦਿਆਰਥੀ ਲਹਿਰ ਅੰਦਰ ਮੌਕਾਪ੍ਰਸਤ ਅਨਸਰਾਂ ਦੀ ਘੁਸਪੈਠ, ਕੋਈ ਵੀ ਹਥਿਆਰ ਪੀ. ਐਸ. ਯੂ. ਦੇ ਅਮਰਵੇਲ ਵਾਂਗ ਵਾਧੇ ਨੂੰ ਠੱਲ੍ਹ ਨਾ ਪਾ ਸਕਿਆ।

ਪੀ. ਐਸ. ਯੂ. ਅਤੇ ਇਸ ਦੇ ਪ੍ਰਭਾਵ ਹੇਠ ਪੰਜਾਬ ਦੀ ਧਰਤੀ 'ਤੇ ਉਸਰ ਰਹੀ ਇਨਕਲਾਬੀ ਜਨਤਕ ਲਹਿਰ, ਨਿਰੀਆਂ ਜਨਤਕ ਭੀੜਾਂ ਦਾ ਮੇਲਾ ਨਹੀਂ ਸੀ। ਇਨਕਲਾਬੀ ਸਿਆਸੀ ਚੇਤਨਾ ਅਤੇ ਸਾਬਤ ਕਦਮੀ ਦੀ ਸਾਕਾਰ ਮੂਰਤ ਸੀ। ਮੌਕਾਪ੍ਰਸਤ ਸਿਆਸੀ ਪਾਰਟੀਆਂ ਨੇ ਲਲਚਾਈਆਂ ਨਜ਼ਰਾਂ ਨਾਲ ਜਥੇਬੰਦ ਹੋਈ ਵਿਦਿਆਰਥੀ ਤਾਕਤ ਨੂੰ ਵਰਗਲਾਉਣ ਅਤੇ ਲੀਹੋਂ ਲਾਹੁਣ ਲਈ ਬੜੇ ਹੱਥ ਪੈਰ ਮਾਰੇ ਸਨ ਪਰ ਹਰ ਵਾਰੀ ਉਨ੍ਹਾਂ ਪੱਲੇ ਨਿਰਾਸ਼ਾ ਹੀ ਪਈ ਸੀ। 1974 'ਚ ਕਾਂਗਰਸੀ ਹਾਕਮਾਂ ਖਿਲਾਫ ਲੋਕਾਂ ਦੀ ਬੇਚੈਨੀ ਨੂੰ ਗੁਮਰਾਹ ਕਰਨ ਅਤੇ ਕੁਰਸੀ ਭੇੜ ਦਾ ਸੰਦ ਬਨਾਉਣ ਲਈ ਮੌਕਾਪ੍ਰਸਤ ਵਿਰੋਧੀ ਸਿਆਸੀ ਪਾਰਟੀਆਂ ਨੇ ਜੈ ਪ੍ਰਕਾਸ਼ ਨਰਾਇਣ (ਜੇ. ਪੀ.) ਦੀ ਅਗਵਾਈ 'ਚ ਮੌਕਾਪ੍ਰਸਤ ਗੱਠਜੋੜ ਕੀਤਾ ਸੀ। ਇਸ ਗੱਠਜੋੜ ਨੇ ਬਿਹਾਰ ਅਤੇ ਗੁਜਰਾਤ 'ਚ ਵਿਦਿਆਰਥੀਆਂ ਨੇ ਨੌਜੁਆਨਾਂ ਨੂੰ ਆਪਣੇ ਮਨਸੂਬਿਆਂ ਦਾ ਸੰਦ ਬਣਾਉਣ 'ਚ ਸਫਲਤਾ ਹਾਸਲ ਕਰ ਲਈ ਸੀ ਪਰ ਪੰਜਾਬ ਦੇ ਵਿਦਿਆਰਥੀਆਂ ਤੇ ਨੌਜੁਆਨਾਂ ਨੇ ਜੋਕਾਂ ਦੀ ਸਿਆਸਤ ਦੇ ਮੁਕਾਬਲੇ ਲੋਕਾਂ ਦੀ ਸਿਆਸਤ ਦਾ ਝੰਡਾ ਉੱਚਾ ਚੁੱਕਿਆ ਸੀ। "ਲੋਕ ਹਿੱਤਾਂ ਦੇ ਪਾ ਕੇ ਪੜਦੇ, ਸੱਜਣ ਠੱਗ ਗੱਦੀਆਂ ਲਈ ਲੜਦੇ", "ਰਾਜ ਭਾਗ ਦਾ ਆਵਾ ਊਤ-ਇਨਕਲਾਬ ਨੇ ਕਰਨਾ ਸੂਤ" ਪਿਰਥੀ ਦੀ ਅਗਵਾਈ 'ਚ ਘੜੇ ਪੀ. ਐਸ. ਯੂ. ਦੇ ਇਹ ਨਾਅਰੇ ਵਿਦਿਆਰਥੀਆਂ ਅਤੇ ਲੋਕਾਂ ਦੇ ਜੁਝਾਰੂ ਹਿੱਸਿਆਂ ਦੇ ਬੋਲਾਂ 'ਚ ਗਰਜ ਉਠੇ ਸਨ। ਮੋਗੇ ਦੀ ਧਰਤੀ 'ਤੇ ਹੋਈ ਸੰਗਰਾਮ ਰੈਲੀ 'ਚ ਲੋਕਾਂ ਦੀ ਮੁਕਤੀ ਦਾ ਇਨਕਲਾਬੀ ਪ੍ਰੋਗਰਾਮ ਪੇਸ਼ ਕੀਤਾ ਗਿਆ ਸੀ।

ਜਦੋਂ 1975 'ਚ ਕਾਂਗਰਸੀ ਹਾਕਮਾਂ ਨੇ ਐਮਰਜੈਂਸੀ ਲਾਗੂ ਕਰਕੇ, ਸੰਘਰਸ਼ ਕਰਨ ਅਤੇ ਬੋਲਣ ਦੇ ਸਭੇ ਅਧਿਕਾਰ ਝਟਕ ਦਿੱਤੇ ਸਨ ਤਾਂ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਇਸ ਫਾਸ਼ੀ ਹੱਲੇ ਖਿਲਾਫ ਜਨਤਕ ਵੰਗਾਰ ਦਾ ਅਖਾੜਾ ਬਣ ਗਈਆਂ ਸਨ। ਪਿਰਥੀ ਅਤੇ ਹੋਰਨਾਂ ਜੁਝਾਰਾਂ ਨੇ ਕਾਲੇ ਕਾਨੂੰਨਾਂ ਤਹਿਤ ਨਜ਼ਰਬੰਦੀਆਂ ਅਤੇ ਇੰਟੈਰੋਗੇਸ਼ਨ ਸੈਂਟਰਾਂ ਦੇ ਜਬਰ ਦਾ ਸਾਹਮਣਾ ਕੀਤਾ। ਪਰ ਵਿਦਿਆਰਥੀ ਜਨਤਾ ਨੇ ਬੋਲਣ ਅਤੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਹਾਕਮਾਂ ਦੇ ਹਵਾਲੇ ਨਾ ਕੀਤਾ।

1977 'ਚ ਐਮਰਜੈਂਸੀ ਤੋਂ ਬਾਅਦ ਹੋਈਆਂ ਚੋਣਾਂ 'ਚ ਕਾਂਗਰਸ ਹਕੂਮਤ ਲੁੜਕ ਗਈ। ਕੇਂਦਰ ਅਤੇ ਪੰਜਾਬ 'ਚ ਜਨਤਾ ਪਾਰਟੀ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਗੱਦੀ 'ਤੇ ਬੈਠੀਆਂ "ਜਮਹੂਰੀਅਤ ਦੀ ਬਹਾਲੀ" ਦੇ ਨਾਂ ਹੇਠ ਗੱਦੀ 'ਤੇ ਆਈਆਂ ਇਨ੍ਹਾਂ ਸਰਕਾਰਾਂ ਦੇ ਲੋਕ ਦੁਸ਼ਮਣ ਕਿਰਦਾਰ ਬਾਰੇ ਦਰੁਸਤ ਨਿਰਣਾ ਕਰ ਕੇ ਪੰਜਾਬ ਸਟੂਡੈਂਟਸ ਯੂਨੀਅਨ ਨੇ ਪਿਰਥੀ ਦੀ ਅਗਵਾਈ 'ਚ ਇਸ ਨੂੰ ਬੇਨਕਾਬ ਕਰਨ ਦੀ ਬੀੜਾ ਚੁੱਕਿਆ "ਲੁੱਟ ਤੇ ਜਬਰ 'ਤੇ ਟਿਕੀ ਹਰ ਹਕੂਮਤ, ਅੰਗਰੇਜ਼ਸ਼ਾਹੀ ਹੋਵੇ ਜਾਂ ਇੰਦਰਾਸ਼ਾਹੀ, ਹੱਕ ਸੱਚ ਦੀ ਆਵਾਜ਼ ਨੂੰ ਜਬਰ ਦੇ ਦੈਂਤ ਸੰਗ ਭਿੜਨਾ ਪੈਣਾ ਹੈ, ਇਸ ਭੇੜ 'ਚ ਜੱਥੇਬੰਦੀ ਬਿਨਾਂ ਕੋਈ ਸਹਾਰਾ ਨਹੀਂ, ਸੰਘਰਸ਼ ਬਿਨਾਂ ਕੋਈ ਰਾਹ ਨਹੀਂ।" ਇਸ ਸੂਝ ਨੂੰ ਲੋਕਾਂ ਦੇ ਮਨੀਂ ਵਸਾਉਣ ਲਈ ਪੰਜਾਬ ਸਟੂਡੈਂਟਸ ਯੂਨੀਅਨ ਨੇ ਤੋਤਾ ਪ੍ਰਚਾਰ 'ਤੇ ਟੇਕ ਨਾ ਰੱਖੀ। ਨਵੇਂ ਹਾਕਮਾਂ ਦੇ ਵਾਅਦਿਆਂ ਅਤੇ ਲਾਰਿਆਂ ਨੂੰ ਅਮਲ ਦੀ ਕਸਵੱਟੀ 'ਤੇ ਲਾਉਣ ਲਈ ਲੋਕ ਹਿੱਤਾਂ ਅਤੇ ਜਮਹੂਰੀ ਹੱਕਾਂ ਨਾਲ ਸਬੰਧਤ ਠੋਸ ਮੁੱਦੇ ਉਭਾਰੇ ਗਏ। ਇਨ੍ਹਾਂ 'ਤੇ ਸੰਘਰਸ਼ ਛੇੜਨ ਤੇ ਛਿੜੇ ਸੰਘਰਸ਼ਾਂ ਨੂੰ ਮਘਾਉਣ-ਭਖਾਉਣ ਤੇ ਹੱਕਾਂ ਦੇ ਮਸਲੇ 'ਤੇ ਚਲਦੀ ਮਹੀਨਾ ਭਰ ਲੰਮੀ ਪ੍ਰਚਾਰ ਮੁਹਿੰਮ ਅਤੇ ਇਸਦੇ ਸਿਖਰ 'ਤੇ ਹੋਏ ਵਿਦਿਆਰਥੀ ਮਾਰਚ ਦੌਰਾਨ ਠੋਸ ਮੰਗਾਂ ਦੇ ਪ੍ਰਚਾਰ ਰਾਹੀਂ "ਜਮਹੂਰੀਅਤ" ਦਾ ਅਸਲੀ ਚਿਹਰਾ ਵਿਖਾਇਆ ਗਿਆ। ਨਰਸਾਂ 'ਤੇ ਹੋਇਆ ਲਾਠੀਚਾਰਜ ਹੋਵੇ ਜਾਂ ਬੇਰੁਜ਼ਗਾਰ ਅਧਿਆਪਕਾਂ 'ਤੇ ਜੇਲ੍ਹ 'ਚ ਹੋਈ ਫਾਇਰਿੰਗ, ਪੁਲਸ ਥਾਣਿਆਂ 'ਚ ਗੁੰਡਾ ਟੋਲੀਆਂ, ਫੈਕਟਰੀ ਮਾਲਕਾਂ ਤੇ ਸਿਆਸਤਦਾਨਾਂ ਦੀ ਮਿਲੀ ਭੁਗਤ ਨਾਲ ਹੋਏ ਕਤਲਾਂ ਦੇ ਮਾਮਲੇ ਹੋਣ, ਦਫਾ 144 ਦਾ ਮਸਲਾ ਹੋਵੇ, ਹੜਤਾਲਾਂ 'ਤੇ ਪਾਬੰਦੀ ਦਾ ਮਾਮਲਾ ਹੋਵੇ ਜਾਂ ਜਾਬਰ ਕਾਲੇ ਕਾਨੂੰਨ ਮੜ੍ਹਨ ਦਾ ਸਵਾਲ - ਕਿਸੇ ਵੀ ਤਬਕੇ ਦੇ ਜਮਹੂਰੀ ਹੱਕਾਂ 'ਤੇ ਹੋਇਆ ਕੋਈ ਵੀ ਵਾਰ ਵਿਦਿਆਰਥੀਆਂ ਦੇ ਤਿੱਖੇ ਜਨਤਕ ਵਿਰੋਧ ਤੋਂ ਸੁੱਕਾ ਨਹੀਂ ਸੀ ਬਚਦਾ। 1977-78 ਦੇ ਸੈਸ਼ਨ 'ਚ ਥਾਣਿਆਂ 'ਚ ਹੋਏ ਪੁਲਸ ਕਤਲਾਂ ਦੇ ਦਰਜਨ ਤੋਂ ਵੱਧ ਮਾਮਲਿਆਂ 'ਚ ਖਾੜਕੂ ਸੰਘਰਸ਼ਾਂ ਰਾਹੀਂ ਪੁਲਸ ਅਧਿਕਾਰੀਆਂ ਨੂੰ ਹੱਥਕੜੀਆਂ ਲੁਆਈਆਂ ਗਈਆਂ ਅਤੇ ਇਨ੍ਹਾਂ ਸਭਨਾਂ ਸੰਘਰਸ਼ਾਂ 'ਚ ਪੀ. ਐਸ. ਯੂ. ਨੇ ਮੋਹਰੀ ਰੋਲ ਅਦਾ ਕੀਤਾ। ਵਿਦਿਆਰਥੀ ਜਨਤਾ ਅੰਦਰ ਆਪਣੇ ਸਮਾਜਕ ਰੋਲ ਦਾ ਅਹਿਸਾਸ ਇੰਨਾ ਘਰ ਕਰ ਚੁੱਕਿਆ ਸੀ ਕਿ ਕੋਈ ਵੀ ਤਬਕਾ ਆਪਣਾ ਸੰਘਰਸ਼ ਵਿਢਣ ਸਮੇਂ ਵਿਦਿਆਰਥੀਆਂ ਦੀ ਜਨਤਕ ਹਮਾਇਤ ਨੂੰ ਗਿਣਤੀ 'ਚ ਰੱਖ ਕੇ ਚੱਲ ਸਕਦਾ ਸੀ।

ਕਾਂਗਰਸੀ ਹਾਕਮਾਂ ਤੋਂ ਬਾਅਦ ਅਕਾਲੀ ਜਨਤਾ ਸਰਕਾਰ ਨਾ ਸਿਰਫ ਵਿਦਿਆਰਥੀਆਂ ਦੇ ਵਿਸ਼ਾਲ ਹਿੱਸਿਆਂ 'ਚੋਂ ਬੁਰੀ ਤਰ੍ਹਾਂ ਨਿਖੜੀ ਹੋਈ ਸੀ। ਸੂਬੇ 'ਚ ਵਾਪਰੀਆਂ ਅਹਿਮ ਸਿਆਸੀ ਘਟਨਾਵਾਂ ਸਮੇਂ ਵਿਦਿਆਰਥੀ ਅਤੇ ਨੌਜੁਆਨ ਜਥੇਬੰਦੀ ਦੇ ਧੁਰੇ ਦੁਆਲੇ ਲੋਕਾਂ ਦੇ ਜੁਝਾਰ ਹਿੱਸਿਆਂ ਦੀ ਲਾਮਬੰਦੀ ਪੰਜਾਬ ਦੇ ਸਿਆਸੀ ਮਹੌਲ ਦਾ ਇੱਕ ਮਹੱਤਵਪੂਰਨ ਪੱਖ ਬਣਦੀ ਜਾ ਰਹੀ ਸੀ। ਇਸਦੇ ਬੋਲਾਂ ਦੀ ਗੂੰਜ ਉੱਚੀ ਹੋ ਰਹੀ ਸੀ। ਇਸ ਇਨਕਲਾਬੀ ਜਨਤਕ ਤਾਕਤ ਨੂੰ ਅਣਗੌਲਿਆ ਕਰ ਸਕਣਾ, ਜੋਕਾਂ ਦੀਆਂ ਧਿਰਾਂ ਲਈ ਮੁਸ਼ਕਲ ਹੁੰਦਾ ਜਾ ਰਿਹਾ ਸੀ। ਉਸਰ ਰਹੀ ਜਨਤਕ ਲਹਿਰ ਦੀ ਸਿਰ ਕੱਢ ਇਨਕਲਾਬੀ ਟੁਕੜੀ ਪੀ. ਐਸ. ਯੂ. ਦਾ ਜਰਨੈਲ ਪਿਰਥੀ, ਜੁਝਾਰ ਜਨਤਾ ਦੇ ਵਲਵਲਿਆਂ ਅਤੇ ਉਮੰਗਾਂ ਦਾ ਚਿੰਨ੍ਹ ਬਣਿਆ ਹੋਇਆ ਸੀ।

ਪਿਰਥੀ ਨੂੰ ਸ਼ਹੀਦ ਕਰਕੇ ਅਕਾਲੀ ਜਨਤਾ ਸਰਕਾਰ ਨੇ ਉਨ੍ਹਾਂ ਲਈ ਚੁਣੌਤੀ ਬਣਕੇ ਉੱਭਰ ਰਹੀ ਇਨਕਲਾਬੀ ਲਹਿਰ ਦਾ ਨਾਮ ਨਿਸ਼ਾਨ ਮਿਟਾ ਦੇਣ ਦੀ ਨਾਕਾਮ ਕੋਸ਼ਿਸ਼ ਕੀਤੀ ਸੀ ਪਰ ਇਨਕਲਾਬੀ ਜਨਤਕ ਲਹਿਰ ਦੀ ਪੌੜੀ ਦੇ ਅਗਲੇ ਡੰਡੇ ਇਸਦੇ ਕਦਮਾਂ ਦੀ ਬੇਤਾਬੀ ਨਾਲ ਇੰਤਜ਼ਾਰ ਕਰ ਰਹੇ ਸਨ। ਪਿਰਥੀ ਦੀ ਸ਼ਹਾਦਤ ਦੇ ਝੰਜੋੜੇ

ਨਾਲ ਪੰਜਾਬ ਦੀ ਵਿਦਿਆਰਥੀ ਲਹਿਰ ਅਤੇ ਇਨਕਲਾਬੀ ਜਨਤਕ ਲਹਿਰ ਦੀਆਂ ਉਹ ਸੱਭੇ ਰਵਾਇਤਾਂ ਭਰ ਜੋਬਨ 'ਤੇ ਆ ਕੇ ਟਹਿਕ ਪਈਆਂ, ਜੋ ਲਗਭਗ ਇੱਕ ਦਹਾਕੇ ਦੀ ਸ਼ਾਨਾਮੱਤੀ ਘਾਲਣਾ ਰਾਹੀਂ ਸਿਰਜੀਆਂ ਗਈਆਂ ਸਨ। ਹਾਕਮ ਜਮਾਤਾਂ ਨੇ ਵਿਦਿਆਰਥੀ ਲਹਿਰ 'ਤੇ ਖ਼ੂਨੀ ਵਾਰ ਕਰਨ ਸਮੇਂ ਟੇਢਾ ਅਤੇ ਸੂਖਮ ਢੰਗ ਵਰਤਿਆ ਸੀ। ਰਾਜ ਸੱਤਾ ਰਾਹੀਂ ਸਿੱਧੇ ਮੱਥੇ ਕਰਨ ਦੀ ਬਜਾਏ ਆਪਣੇ ਜ਼ਰਖਰੀਦ ਗੁੰਡਾ ਟੋਲੇ ਨੂੰ ਹਥਿਆਰ ਵਜੋਂ ਵਰਤਿਆ ਸੀ। ਪਿਰਥੀ ਦੀ ਸ਼ਹਾਦਤ ਤੋਂ ਬਾਅਦ ਪੁਲਸ ਅਧਿਕਾਰੀਆਂ ਨੇ ਇਹ ਬਿਆਨ ਦਾਗੇ ਸਨ ਕਿ ਇਹ ਕਤਲ ਦੋ ਵਿਦਿਆਰਥੀ ਗਰੁੱਪਾਂ ਦੀ ਆਪਸੀ ਲੜਾਈ ਦਾ ਸਿੱਟਾ ਹੈ ਪਰ ਪੰਜਾਬ ਦੇ ਵਿਦਿਆਰਥੀਆਂ ਅਤੇ ਜੁਝਾਰ ਲੋਕਾਂ ਨੇ ਇਸ ਕੂੜ ਕਹਾਣੀ ਨੂੰ ਹਕਾਰਤ ਨਾਲ ਠੁਕਰਾ ਦਿੱਤਾ। ਸਾਲ 78-79 'ਚ ਵਿਦਿਆਰਥੀ ਘੁਲਾਟੀਆਂ ਉੱਤੇ ਜਥੇਬੰਦ ਗੁੰਡਾ ਹਮਲਿਆਂ ਨੇ ਤੇਜ਼ੀ ਫੜ ਲਈ। ਇੱਕ ਤੋਂ ਬਾਅਦ ਦੂਜੀ ਵਿਦਿਅਕ ਸੰਸਥਾ 'ਚ ਵਿਦਿਆਰਥੀ ਜਨਤਾ ਦਾ ਗੁੰਡਿਆਂ, ਪੁਲਸ, ਅਧਿਕਾਰੀਆਂ ਅਤੇ ਹਾਕਮ ਪਾਰਟੀ ਦੇ ਸਿਆਸਤਦਾਨਾਂ ਦੇ ਗੱਠਜੋੜ ਨਾਲ ਪੇਚਾ ਪੈ ਰਿਹਾ ਸੀ। ਗੁੰਡਾ ਟੋਲਿਆਂ ਨੂੰ ਸ਼ਿਸ਼ਕਾਰਦੇ ਪੁਲਸ ਅਧਿਕਾਰੀ ਅਤੇ ਹਾਕਮ ਨਿਰਪੱਖ ਹੋਣ ਦਾ ਖੇਖਣ ਕਰਦੇ ਸਨ, ਪਰ ਅਸਲ 'ਚ ਗੁੰਡਿਆਂ ਦੀ ਸੁਰੱਖਿਆ ਕਰਦੇ ਸਨ। ਵਿਦਿਆਰਥੀ ਜੁਝਾਰਾਂ ਖਿਲਾਫ ਕੇਸ ਮੜ੍ਹਨ, ਐਕਸ਼ਨ ਲੈਣ ਅਤੇ ਗ੍ਰਿਫਤਾਰੀਆਂ ਕਰਨ ਦਾ ਚੱਕਰ ਚਲਾਉਂਦੇ ਸਨ। ਹਕੂਮਤ ਦੇ ਪਾਲੇ ਹੋਏ ਇਹਨਾਂ ਗੁੰਡਾ ਗਰੋਹਾਂ ਨੂੰ ਥਾਂ-ਥਾਂ ਜਨਤਕ ਤਾਕਤ ਦੇ ਜੋਰ ਭੰਬੋੜਿਆ ਗਿਆ। ਇਨ੍ਹਾਂ ਨਾਲ ਗੱਠਜੋੜ ਕਰਕੇ ਚੱਲ ਰਹੇ ਵਿੱਦਿਅਕ ਅਧਿਕਾਰੀਆਂ, ਪੁਲਸ ਅਤੇ ਸਿਆਸਤਦਾਨਾਂ ਦਾ ਘਿਨਾਉਣਾ ਰੋਲ ਬੇਪੜਦ ਕੀਤਾ ਗਿਆ। ਇਹ ਸਚਾਈ ਪ੍ਰਤੱਖ ਕਰਕੇ ਵਿਖਾਈ ਗਈ ਕਿ ਵਿਦਿਆਰਥੀ ਆਗੂਆਂ 'ਤੇ ਹੋ ਰਹੇ ਗੁੰਡਾ ਹਮਲੇ ਇਨਕਲਾਬੀ ਲੋਕ ਲਹਿਰ ਖਿਲਾਫ ਹਾਕਮ ਜਮਾਤਾਂ ਵਲੋਂ ਸੇਧੇ ਫਾਸ਼ੀ ਵਾਰਾਂ ਦਾ ਹਿੱਸਾ ਹਨ। ਨਾ ਸਿਰਫ ਵਿਦਿਆਰਥੀ ਜਨਤਾ ਸਗੋਂ ਹੋਰਨਾਂ ਲੋਕਾਂ ਦੇ ਜੁਝਾਰ ਹਿੱਸੇ ਵੀ ਵਿਦਿਆਰਥੀ ਲਹਿਰ ਦੀਆਂ ਲੋਕ ਪੱਖੀ ਰਵਾਇਤਾਂ ਤੋਂ ਵਾਕਫ ਹੋਣ ਕਰਕੇ ਇਨ੍ਹਾਂ ਗੁੰਡਾ ਹਮਲਿਆਂ ਦੀ ਅਸਲੀਅਤ ਪਛਾਣਦੇ ਸਨ।

ਇਸ ਕਰਕੇ ਪਿਰਥੀ ਦੀ ਸ਼ਹਾਦਤ ਦੀ ਖਬਰ ਸੁਣਦਿਆਂ ਹੀ ਪੰਜਾਬ ਦੀ ਜੁਝਾਰ ਜਨਤਾ, ਇਨਸਾਫਪਸੰਦ ਹਲਕਿਆਂ ਅਤੇ ਵੱਖ-ਵੱਖ ਸਿਆਸੀ ਤਾਕਤਾਂ ਨੂੰ ਵੀ ਸਮਝਣ 'ਚ ਭੋਰਾ-ਭਰ ਦੇਰ ਨਾ ਲੱਗੀ ਕਿ ਪਿਰਥੀ ਦੀ ਸ਼ਹਾਦਤ ਲੋਕ ਦੁਸ਼ਮਣ ਹਾਕਮਾਂ ਵਲੋਂ ਕੀਤਾ ਗਿਆ ਸਿਆਸੀ ਕਤਲ ਹੈ। ਇਸ ਸਿਆਸੀ ਕਤਲ ਦੀ ਜੁੰਮੇਵਾਰੀ ਬਾਦਲ ਸਰਕਾਰ ਖਿਲਾਫ ਨਿਖੇਧੀ ਬਿਆਨਾਂ ਅਤੇ ਜਨਤਕ ਫਿਟਕਾਰਾਂ ਦੀ ਝੜੀ ਲੱਗ ਗਈ। ਇਉਂ ਐਨ ਸ਼ੁਰੂ 'ਚ ਹੀ ਬਾਦਲ ਸਰਕਾਰ ਲੋਕਾਂ ਦੇ ਵਿਸ਼ਾਲ ਹਿੱਸਿਆਂ ਵਲੋਂ ਪਿਰਥੀ ਦੀ ਸ਼ਹਾਦਤ ਦੇ ਸਿਆਸੀ ਮੁਜ਼ਰਮਾਂ ਵਜੋਂ ਟਿੱਕੀ ਜਾ ਚੁੱਕੀ ਸੀ ਅਤੇ ਇਸ ਸਿਆਸੀ ਕਤਲ ਦੀ ਅਸਲੀਅਤ 'ਤੇ ਪਰਦਾ ਪਾਉਣ ਦਾ ਚਤੁਰ ਮਨਸੂਬਾ ਮਾਤ ਖਾ ਗਿਆ ਸੀ।

ਪੰਜਾਬ ਦੀਆਂ ਵਿੱਦਿਅਕ ਸੰਸਥਾਵਾਂ ਬੰਦ ਹੋਣ ਦੇ ਬਾਵਜੂਦ 20 ਜੁਲਾਈ ਨੂੰ ਸਵੇਰੇ ਹੀ ਅਖਬਾਰਾਂ 'ਚੋਂ ਖਬਰ ਪੜ੍ਹ ਕੇ ਹਜ਼ਾਰਾਂ ਵਿਦਿਆਰਥੀਆਂ ਅਤੇ ਲੋਕਾਂ ਨੇ ਦਸੂਹੇ ਦੀ ਧਰਤੀ ਵੱਲ ਚਾਲੇ ਪਾ ਦਿੱਤੇ ਸਨ, ਜਿਥੇ ਸ਼ਹੀਦ ਪਿਰਥੀ ਨੂੰ ਅੰਤਿਮ ਵਿਦਾਇਗੀ ਦਿੱਤੀ ਜਾਣੀ ਸੀ। ਦਸੂਹੇ ਦੇ ਲੋਕਾਂ ਨੇ ਆਪਣੀ ਸੁਰਤ 'ਚ ਇਹ ਪਹਿਲਾ ਜਨਾਜ਼ਾ ਵੇਖਿਆ ਸੀ ਜਿਸਦੇ ਪਿੱਛੇ ਰੋਹ ਭਰੀਆਂ ਨਜ਼ਰਾਂ ਨਾਲ ਹਜ਼ਾਰਾਂ ਲੋਕਾਂ ਦਾ ਕਾਫਲਾ ਨਾਅਰਿਆਂ ਨਾਲ ਆਕਾਸ਼ ਗੁੰਜਾਉਂਦਾ ਚੱਲ ਰਿਹਾ ਸੀ। ਹਜ਼ਾਰਾਂ ਲੋਕਾਂ ਦੇ ਇਕੱਠ 'ਚ ਹਾਕਮਾਂ ਦੇ ਖ਼ੂਨੀ ਵਾਰ ਦੀ ਚੁਣੌਤੀ ਨੂੰ ਕਬੂਲ ਕਰਨ ਦਾ ਐਲਾਨ ਕਰ ਦਿੱਤਾ ਗਿਆ ਸੀ। ਵਿਦਿਆਰਥੀ ਜਨਤਾ ਸਿਰ ਤਲੀ 'ਤੇ ਧਰ ਕੇ ਜਾਨ ਹੂਲਵੇਂ ਸੰਘਰਸ਼ ਦੇ ਮੈਦਾਨ 'ਚ ਠਿੱਲ੍ਹ ਪਈ ਸੀ।

ਸੂਬੇ ਦੀ ਕੋਈ ਜਨਤਕ ਜਥੇਬੰਦੀ ਵਿਸ਼ਾਲ ਜਨਤਕ ਰੋਸ ਦੀ ਇਸ ਲਹਿਰ ਤੋਂ ਅਣਭਿੱਜ ਨਹੀਂ ਰਹੀ ਸੀ। ਸਿਆਸੀ ਪਾਰਟੀਆਂ ਅਤੇ ਬੁਰਜੂਆ ਅਖਬਾਰਾਂ ਨੇ ਇਕ ਵਾਢਿਉਂ ਇਸ ਕਤਲ ਦੀ ਨਿੰਦਾ ਕੀਤੀ ਸੀ ਅਤੇ ਇਸ ਨੂੰ ਸਿਆਸੀ ਕਤਲ ਕਰਾਰ ਦਿੱਤਾ ਸੀ। ਅਕਾਲੀ ਸਰਕਾਰ ਨੂੰ ਪਹਿਲੀ ਵਾਰ ਏਡੇ ਵਿਆਪਕ ਸਿਆਸੀ ਨਿਖੇੜੇ ਦਾ ਸਾਹਮਣਾ ਕਰਨਾ ਪਿਆ ਸੀ। ਰੋਸ ਅਤੇ ਰੋਹ ਭਰੀਆਂ ਆਵਾਜ਼ਾਂ ਮੁਲਕ ਦੇ ਦੂਜੇ ਸੂਬਿਆਂ ਅਤੇ ਬਦੇਸ਼ਾਂ ਦੀ ਧਰਤੀ 'ਤੇ ਵੀ ਗੂੰਜ ਉਠੀਆਂ ਸਨ। ਮੁਲਕ ਦੇ ਨਾਮਵਰ ਬੁੱਧੀਜੀਵੀਆਂ ਨੇ ਸੈਂਕੜਿਆਂ ਦੀ ਗਿਣਤੀ 'ਚ ਇਸ ਕਤਲ ਦੀ ਨਿਖੇਧੀ ਕਰਦੇ ਬਿਆਨ ਜਾਰੀ ਕੀਤੇ ਅਤੇ ਮੈਮੋਰੰਡਮ ਦਿੱਤੇ ਸਨ। ਅਕਾਲੀ ਸਰਕਾਰ ਦੇ ਇਤਿਹਾਸ 'ਚ ਪਹਿਲੀ ਵਾਰ ਪੰਜਾਬ ਦੇ ਕਿੰਨੇ ਹੀ ਪਿੰਡਾਂ 'ਚ ਹਜ਼ਾਰਾਂ ਮਰਦਾਂ ਔਰਤਾਂ ਦੇ ਇਕੱਠਾਂ ਨੇ ਬਾਦਲ ਸਰਕਾਰ ਦੀਆਂ ਅਰਥੀਆਂ ਸਾੜੀਆਂ ਸਨ। ਕੁੱਝ ਥਾਈਂ ਇਨ੍ਹਾਂ ਅਰਥੀ ਫੂਕ ਰੈਲੀਆਂ 'ਚ ਲੋਕਾਂ ਦੀ ਗਿਣਤੀ ਦਸ ਹਜ਼ਾਰ ਤੱਕ ਜਾ ਅੱਪੜੀ ਸੀ।

ਪੰਜਾਬ ਦੇ ਦਹਾਕਿਆਂ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੋਇਆ ਸੀ ਕਿ ਤਕਰੀਬਨ ਹਰ ਕਸਬੇ ਤੇ ਸ਼ਹਿਰ 'ਚ ਮੁਲਾਜ਼ਮਾਂ ਅਤੇ ਮਜ਼ਦੂਰਾਂ ਦੀਆਂ ਟਰੇਡ ਯੂਨੀਅਨਾਂ ਨੇ ਐਕਸ਼ਨ ਕਮੇਟੀਆਂ ਕਾਇਮ ਕਰਕੇ ਆਰਥਕ ਮੰਗਾਂ ਦੀਆਂ ਤੰਗ ਵਲਗਣਾਂ ਚੀਰ ਕੇ, ਇੱਕ ਸਿਆਸੀ ਕਤਲ ਦੇ ਮੁੱਦੇ 'ਤੇ ਜਨਤਕ ਵਿਰੋਧ ਦੀਆਂ ਮੁਹਿੰਮਾਂ ਜਥੇਬੰਦ ਕੀਤੀਆਂ ਅਤੇ ਰੈਲੀਆਂ, ਮੁਜ਼ਾਹਰਿਆਂ, ਕਾਨਫਰੰਸਾਂ ਅਤੇ ਸ਼ੋਕ ਸਮਾਗਮਾਂ ਦਾ ਤਾਂਤਾ ਬੰਨ੍ਹ ਦਿੱਤਾ ਸੀ।

ਇਸ ਵਿਆਪਕ ਰੋਸ ਅਤੇ ਰੋਹ ਦੀ ਲਹਿਰ ਨੂੰ ਵੇਖ ਕੇ ਅਕਾਲੀ ਸਰਕਾਰ ਬੁਖਲਾ ਉਠੀ। ਹਥਿਆਰਬੰਦ ਪੁਲਸ ਲਸ਼ਕਰਾਂ ਦੇ ਪਟੇ ਖੋਲ੍ਹ ਦਿੱਤੇ ਗਏ। ਵਿਦਿਆਰਥੀਆਂ, ਨੌਜੁਆਨਾਂ ਦੇ ਰੈਲੀਆਂ ਮੁਜ਼ਾਹਰਿਆਂ 'ਤੇ ਡਾਂਗਾਂ ਦੀ ਵਾਛੜ ਕੀਤੀ ਜਾਣ ਲੱਗੀ। ਧੜਾਧੜ ਛਾਪਿਆਂ ਅਤੇ ਗ੍ਰਿਫਤਾਰੀਆਂ ਦਾ ਸਿਲਸਿਲਾ ਛੇੜ ਦਿੱਤਾ ਗਿਆ। ਮੁਜ਼ਾਹਰਿਆਂ 'ਚ ਗ੍ਰਿਫਤਾਰ ਕੀਤੀਆਂ ਵਿਦਿਆਰਥਣਾਂ 'ਤੇ ਵੀ ਇਰਾਦਾ ਕਤਲ ਦੇ ਝੂਠੇ ਕੇਸ ਮੜ੍ਹ ਦਿੱਤੇ ਗਏ। ਪੁਲਸ ਲਸ਼ਕਰ ਪਿੰਡਾਂ 'ਚ ਦਾਖਲ ਹੁੰਦੇ, ਘਰਾਂ ਦੇ ਸਮਾਨ ਦੀ ਭੰਨਤੋੜ ਕਰਦੇ, ਬੱਚਿਆਂ, ਬਜ਼ੁਰਗਾਂ, ਔਰਤਾਂ ਨੂੰ ਮਸ਼ਕਾਂ ਬੰਨ੍ਹ ਕੇ ਥਾਣੇ ਧੂਹ ਲਿਆਉਂਦੇ ਅਤੇ ਖੜ੍ਹੀਆਂ ਫਸਲਾਂ ਉਜਾੜ ਦਿੰਦੇ। ਪੰਜਾਬ ਪੁਲਸ ਦੇ ਇੰਸਪੈਕਟਰ ਜਨਰਲ ਭਗਵਾਨ ਸਿੰਘ ਦਾਨੇਵਾਲੀਆ ਵਲੋਂ ਐਲਾਨ ਕਰ ਦਿੱਤਾ ਗਿਆ ਕਿ "ਨੌਜੁਆਨ ਭਾਰਤ ਸਭਾ ਨਕਸਲੀਆਂ ਦਾ ਹਿਰਾਵਲ ਦਸਤਾ ਹੈ। ਇਸ ਨੂੰ ਕੁਚਲ ਦਿੱਤਾ ਜਾਵੇਗਾ।" ਪੰਜਾਬ ਦੀ ਧਰਤੀ 'ਤੇ ਬੇਐਲਾਨ ਐਮਰਜੈਂਸੀ ਲਾਗੂ ਕਰ ਦਿੱਤੀ ਗਈ।

ਇਹ ਪੰਜਾਬ ਭਰ ਦੇ ਜੁਝਾਰ ਲੋਕਾਂ, ਵਿਸ਼ੇਸ਼ ਕਰਕੇ ਵਿਦਿਆਰਥੀਆਂ ਅਤੇ ਨੌਜੁਆਨਾਂ ਲਈ ਸਖਤ ਇਮਤਿਹਾਨ ਦਾ ਵੇਲਾ ਸੀ। ਪਿਰਥੀ ਨੂੰ ਸ਼ਹੀਦ ਕਰਕੇ ਹਾਕਮਾਂ ਨੇ ਪੀ. ਐਸ. ਯੂ. ਦੀ ਵੱਕਾਰੀ ਕਲਗੀ 'ਤੇ ਝਪਟ ਮਾਰੀ ਸੀ। ਇਨਕਲਾਬੀ ਜਮਹੂਰੀ ਲਹਿਰ ਦੀ ਉੱਭਰਦੀ ਤਾਕਤ ਨੂੰ ਇਸ ਫਾਸ਼ੀ ਵਾਰ ਨਾਲ ਨਿੱਸਲ ਕਰ ਦੇਣਾ ਚਾਹਿਆ ਸੀ। ਬੇਐਲਾਨ ਐਮਰਜੈਂਸੀ ਵਰਗੀ ਹਾਲਤ ਪੈਦਾ ਕਰਕੇ ਉਹ ਇਸ ਫਾਸ਼ੀ ਵਾਰ ਦੀ ਸੱਟ ਨੂੰ ਪੱਕੇ ਪੈਰੀਂ ਕਰਨਾ ਲੋਚਦੇ ਸਨ ਪਰ ਪੰਜਾਬ ਦੀ ਵਿਦਿਆਰਥੀ ਲਹਿਰ ਕੋਲ ਜਮਹੂਰੀ ਹੱਕਾਂ ਦੀ ਰਾਖੀ ਅਤੇ ਪ੍ਰਾਪਤੀ ਲਈ ਪਿਰਥੀ ਦੀ ਅਗਵਾਈ 'ਚ ਵਿਕਸਤ ਕੀਤੀ ਦਰੁਸਤ ਇਨਕਲਾਬੀ ਸੇਧ ਮੌਜੂਦ ਸੀ। "ਲੋਕਾਂ ਦੇ ਜਮਹੂਰੀ ਹੱਕ, ਹੱਕਾਂ ਲਈ ਸੰਘਰਸ਼ ਦੇ ਅਖਾੜਿਆਂ 'ਚ ਹੀ ਜਨਮਦੇ ਅਤੇ ਪਰਫੁੱਲਤ ਹੁੰਦੇ ਹਨ।" ਇਸ ਸੋਝੀ ਤੋਂ ਪ੍ਰੇਰਨਾ ਲੈਂਦਿਆਂ ਜਮਹੂਰੀ ਹੱਕਾਂ ਲਈ ਸੰਘਰਸ਼ ਦੇ ਖੇਤਰ 'ਚ ਇੱਕ ਹੋਰ ਪੁਲਾਂਘ ਪੁੱਟੀ ਗਈ। ਵਿਦਿਆਰਥੀ ਨੌਜੁਆਨ ਕਰਿੰਦਿਆਂ ਦੀਆਂ ਟੋਲੀਆਂ ਕਾਲਜਾਂ ਦੇ ਕਲਾਸ ਰੂਮਾਂ, ਖੇਤ ਮਜ਼ਦੂਰਾਂ ਦੇ ਵਿਹੜਿਆਂ ਅਤੇ ਕਿਸਾਨਾਂ ਦੇ ਖੇਤਾਂ 'ਚ ਫੈਲ ਗਈਆਂ। ਸਖਤ ਚੌਕਸੀ ਨਾਲ ਥਾਂ-ਥਾਂ ਖੁਫੀਆ ਮੀਟਿੰਗਾਂ ਦਾ ਸਿਲਸਿਲਾ ਚਲਾਇਆ ਗਿਆ। 23 ਅਗਸਤ ਨੂੰ ਮੋਗੇ ਅਤੇ ਲੁਧਿਆਣੇ ਦੀਆਂ ਸੜਕਾਂ 'ਤੇ ਡਾਂਗਾਂ ਨਾਲ ਲੈਸ ਰੋਹ ਭਰੇ ਵਿਦਿਆਰਥੀਆਂ ਦੇ ਕਾਫਲੇ ਹਜ਼ਾਰਾਂ ਦੀ ਗਿਣਤੀ 'ਚ ਅਚਨਚੇਤ ਸੜਕਾਂ 'ਤੇ ਆ ਨਿੱਤਰੇ। ਪੁਲਸ ਅਧਿਕਾਰੀ ਭਮੱਤਰ ਕੇ ਰਹਿ ਗਏ। ਟੈਲੀਫੋਨਾਂ ਦੀਆਂ ਘੰਟੀਆਂ ਖੜਕੀਆਂ, ਹਥਿਆਰਬੰਦ ਪੁਲਸ ਲਸ਼ਕਰਾਂ ਦੀਆਂ ਭਰੀਆਂ ਗੱਡੀਆਂ ਘਬਰਾਹਟ ਦੀ ਹਾਲਤ 'ਚ ਇੱਧਰ-ਉੱਧਰ ਸਰਪਟ ਦੌੜੀਆਂ, ਪਰ ਪੁਲਸੀ ਧਾੜਾਂ ਦਰਮਿਆਨ ਵਿਦਿਆਰਥੀ ਨੌਜੁਆਨਾਂ ਦੇ ਸਿਰਲੱਥ ਕਾਫਲੇ ਬੇਖੌਫ਼ ਹੋ ਕੇ ਅੱਗੇ ਵਧੇ। ਜਿਲ੍ਹਾ ਹੈਡਕੁਆਟਰਾਂ ਤੋਂ ਰਾਜਧਾਨੀ ਤੱਕ ਵਾਇਰਲੈਸਾਂ ਹੜਬੜਾਏ ਸੰਦੇਸ਼ਾਂ ਦਾ ਵਟਾਂਦਰਾ ਕਰਦੀਆਂ ਰਹੀਆਂ। ਪੁਲਸ ਅਧਿਕਾਰੀਆਂ ਦਾ ਜਾਇਜ਼ਾ ਸੀ ਕਿ ਲੜਨ ਮਰਨ ਲਈ ਤਿਆਰ ਡਾਂਗਾਂ ਨਾਲ ਲੈਸ ਹਜ਼ਾਰਾਂ ਦੇ ਕਾਫਲਿਆਂ 'ਤੇ ਵਾਰ ਕਰਨ ਦੀ ਹਾਲਤ 'ਚ ਵੱਡੇ ਘਮਸਾਨੀ ਭੇੜ ਅਟੱਲ ਹਨ। ਰਾਜ ਭਾਗ ਦੇ ਮਾਲਕਾਂ ਦਾ ਜਾਇਜ਼ਾ ਸੀ ਕਿ ਏਡੇ ਘੱਲੂਘਾਰੇ ਡਾਵਾਂਡੋਲ ਅਤੇ ਅੰਦਰੂਨੀ ਤਣਾਵਾਂ 'ਚ ਫਸੇ ਹਾਕਮਾਂ ਨੂੰ ਵਾਰਾ ਨਹੀਂ ਖਾਂਦੇ। ਰਾਜਭਾਗ ਦੀ ਜਾਬਰ ਸ਼ਕਤੀ ਨੇ ਲੜਾਕੂ ਜਨਤਕ ਤਾਕਤ ਦੇ ਵੇਗ ਤੋਂ ਪਾਸਾ ਵੱਟ ਕੇ ਵਕਤ ਲੰਘਾਉਣ ਦਾ ਫੈਸਲਾ ਕਰ ਲਿਆ। ਵਿਦਿਆਰਥੀ ਆਗੂਆਂ ਨੇ ਲਾਊਡ ਸਪੀਕਰਾਂ ਤੋਂ ਪੁਲਸ ਲਸ਼ਕਰਾਂ ਨੂੰ ਵਿਦਿਆਰਥੀ ਮੁਜ਼ਾਹਰਿਆਂ ਤੋਂ ਨਿਸ਼ਚਿਤ ਵਿੱਥ 'ਤੇ ਰਹਿਣ ਦੀਆਂ ਹਦਾਇਤਾਂ ਕੀਤੀਆਂ ਅਤੇ ਪੁਲਸ ਅਧਿਕਾਰੀ ਆਗਿਆਕਾਰ ਬਣ ਕੇ ਇਨ੍ਹਾਂ ਹਦਾਇਤਾਂ ਦਾ ਪਾਲਣ ਕਰਾਉਂਦੇ ਵੇਖੇ ਗਏ। ਰੋਹ ਭਰੀਆਂ ਜਨਤਕ ਰੈਲੀਆਂ ਨੂੰ ਉਨ੍ਹਾਂ ਮਫਰੂਰ ਵਿਦਿਆਰਥੀ ਆਗੂਆਂ ਨੇ ਸੰਬੋਧਨ ਕੀਤਾ ਜਿਨ੍ਹਾਂ ਨੂੰ ਨਜ਼ਰ ਆਉਣ 'ਤੇ ਚੁੱਕ ਲੈਣ ਲਈ ਸਿਵਲ ਕੱਪੜਿਆਂ 'ਚ ਤਾਇਨਾਤ ਖੁਫੀਆ ਪੁਲਸ ਦਸਤੇ ਪੈੜਾਂ ਸੁੰਘਦੇ ਫਿਰ ਰਹੇ ਸਨ।

ਲੁਧਿਆਣਾ ਅਤੇ ਮੋਗੇ ਤੋਂ ਬਾਅਦ ਉਪਰੋਥਲੀ ਇੱਕ ਤੋਂ ਦੂਸਰੇ ਸ਼ਹਿਰ 'ਚ ਡਾਂਗਾਂ ਨਾਲ ਲੈਸ ਵਿਦਿਆਰਥੀਆਂ-ਨੌਜੁਆਨਾਂ ਦੇ ਕਾਫਲੇ ਮੈਦਾਨ 'ਚ ਨਿੱਤਰਦੇ ਰਹੇ ਅਤੇ ਜਨਤਕ ਤਾਕਤ ਦੇ ਜ਼ੋਰ ਮੁਜ਼ਾਹਰੇ ਕਰਨ ਦਾ ਹੱਕ ਪੁਗਾਉਂਦੇ ਰਹੇ। ਅਖੀਰ ਛਿੱਥੇ ਪਏ ਹਾਕਮ ਰਸਮੀ ਤੌਰ 'ਤੇ ਇਹ ਹੱਕ ਪ੍ਰਵਾਨ ਕਰਨ ਲਈ ਮਜਬੂਰ ਕਰ ਦਿੱਤੇ ਗਏ। ਪੰਜਾਬ ਪੁਲਸ ਦੇ ਇੰਸਪੈਕਟਰ ਜਨਰਲ ਭਗਵਾਨ ਸਿੰਘ ਦਾਨੇਵਾਲੀਆ ਨੇ ਥੁੱਕਿਆ ਨਿਗਲਦਿਆਂ ਵਿਦਿਆਰਥੀ ਮੁਜ਼ਾਹਰਿਆਂ 'ਤੇ ਕੋਈ ਰੋਕ ਨਾ ਲਾਉਣ ਦਾ ਐਲਾਨ ਕਰ ਦਿੱਤਾ ਅਤੇ ਅਪੀਲ ਕੀਤੀ ਕਿ ਵਿਦਿਆਰਥੀ ਮੁਜ਼ਾਹਰਿਆਂ 'ਚ ਡਾਂਗਾਂ ਲੈ ਕੇ ਨਾ ਆਉਣ।

ਵਿਉਂਤਬੱਧ ਖੁਫੀਆ ਤਿਆਰੀ ਰਾਹੀਂ ਜਥੇਬੰਦ ਕੀਤੇ ਇਹ ਖਾੜਕੂ ਅਤੇ ਜਬਤਬੱਧ ਮੁਜ਼ਾਹਰੇ ਵਿਦਿਆਰਥੀ ਨੌਜੁਆਨ ਲਹਿਰ ਦੀ ਸੂਝ, ਪਰਪੱਕਤਾ, ਦ੍ਰਿੜਤਾ ਅਤੇ ਜੁਝਾਰੂ ਭਾਵਨਾ ਦੇ ਇੱਕ ਨਵੇਂ ਦੌਰ ਦਾ ਸੰਕੇਤ ਹੋ ਨਿੱਬੜੇ। ਪਿਰਥੀ ਨੂੰ ਸ਼ਹੀਦ ਕਰਕੇ ਅਤੇ ਜਬਰ ਦਾ ਝੱਖੜ ਝੁਲਾ ਕੇ ਹਾਕਮਾਂ ਨੇ ਲੋਕਾਂ ਦੀ ਆਪਣੀ ਲੜਾਕੂ ਜਨਤਕ ਤਾਕਤ ਮੂਹਰੇ ਰਾਜ ਸੱਤਾ ਦੀ ਖ਼ੂਨੀ ਤਾਕਤ ਨੂੰ ਬੇਵੱਸ ਹੁੰਦੀ ਵੇਖ ਲਿਆ ਸੀ। ਆਪਣੀ ਲੜਾਕੂ ਜਨਤਕ ਤਾਕਤ ਦੇ ਜਲਵਿਆਂ ਦਾ ਇਹ ਨਜ਼ਾਰਾ ਲੋਕਾਂ ਦੀ ਤਕੜੀ ਗਿਣਤੀ ਦੇ ਮਨਾਂ 'ਤੇ ਆਪਣੀ ਛਾਪ ਛੱਡ ਗਿਆ ਸੀ। (ਅਗਲੇ ਵਰ੍ਹੇ ਬੱਸ ਕਿਰਾਇਆ ਘੋਲ ਦੌਰਾਨ ਲੋਕਾਂ ਦੇ ਇਸ ਆਤਮ ਵਿਸ਼ਵਾਸ ਦੀਆਂ ਹੋਰ ਵੀ ਜ਼ੋਰਦਾਰ ਝਲਕਾਂ ਪੇਸ਼ ਹੋਈਆਂ) ਢਾਈ-ਤਿੰਨ ਮਹੀਨਿਆਂ ਦੇ ਜਾਨ ਹੂਲਵੇਂ ਲੰਮੇ ਸੰਗਰਾਮ ਪਿੱਛੋਂ ਅਕਾਲੀ ਹਾਕਮਾਂ ਨੂੰ ਵਿਦਿਆਰਥੀ ਆਗੂ ਦੇ ਕਾਤਲ ਗੁੰਡਿਆਂ ਨੂੰ ਆਪਣੀਆਂ ਬੁੱਕਲਾਂ 'ਚੋਂ ਬਾਹਰ ਲਿਆ ਕੇ ਗ੍ਰਿਫਤਾਰ ਕਰਨਾ ਪਿਆ ਕਾਤਲਾਂ ਦੀ ਸਰਪ੍ਰਸਤੀ ਕਰਨ ਵਾਲੇ ਦੋ ਬਦਨਾਮ ਸਿਆਸੀ ਲੀਡਰਾਂ ਦੇ ਮੱਥੇ 'ਤੇ ਲੱਗਿਆ ਕਲੰਕ ਉਨ੍ਹਾਂ ਨੂੰ ਕਾਫੀ ਮਹਿੰਗਾ ਪਿਆ। ਇਨ੍ਹਾਂ 'ਚੋਂ ਇੱਕ ਕਿਸੇ ਬਦਨਾਮੀ ਦੇ ਨਤੀਜੇ ਵਜੋਂ ਅਗਲੇ ਵਰ੍ਹੇ ਐਮ. ਐਲ. ਏ. ਦੀ ਚੋਣ ਹਾਰ ਗਿਆ।

ਇਸ ਸ਼ਾਨਾਮੱਤੇ ਘੋਲ ਦੇ ਨਤੀਜੇ ਵਜੋਂ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਨੌਜੁਆਨ ਭਾਰਤ ਸਭਾ ਆਪਣੇ ਵੱਕਾਰ ਅਤੇ ਵਿਕਾਸ ਦੇ ਅਗਲੇ ਪੜਾਅ 'ਤੇ ਜਾ ਪੁੱਜੀਆਂ। ਰਾਜ ਸੱਤਾ ਖਿਲਾਫ ਭੇੜ ਦੇ ਅਖਾੜੇ 'ਚ ਲੋਕਾਂ ਦੇ ਆਤਮ-ਵਿਸ਼ਵਾਸ ਦੀ ਭਾਵਨਾ ਨੇ ਨਵੀਆਂ ਮੰਜ਼ਲਾਂ ਤਹਿ ਕੀਤੀਆਂ। ਟਰੇਡ ਯੂਨੀਅਨ ਲਹਿਰ ਨੇ ਇਨਕਲਾਬੀ ਜਮਹੂਰੀ ਚੇਤਨਾ ਦੇ ਖੇਤਰ 'ਚ ਨਵੀਆਂ ਪੁਲਾਂਘਾਂ ਪੁੱਟੀਆਂ। ਜਬਰ ਦੇ ਇਨਕਲਾਬੀ ਜਨਤਕ ਟਾਕਰੇ ਦੀਆਂ ਰਵਾਇਤਾਂ ਹੋਰ ਪ੍ਰਚੰਡ ਹੋਈਆਂ। ਪੇਂਡੂ ਖੇਤਰਾਂ ਅੰਦਰ ਅਕਾਲੀ ਸਰਕਾਰ ਦੀ ਪੜਤ ਅਤੇ ਪੈਰਾਂ ਦੀ ਮਿੱਟੀ ਨੂੰ ਖੋਰਾ ਲੱਗਿਆ। ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਤੋਂ ਬਾਅਦ ਪੰਜਾਬ ਦੀ ਧਰਤੀ 'ਤੇ ਹੋਇਆ ਇਹ ਪਹਿਲਾ ਸਿਆਸੀ ਕਤਲ ਸੀ, ਜਿਸ ਖਿਲਾਫ ਜਨਤਕ ਵਿਰੋਧ ਦੀ ਏਡੀ ਜ਼ੋਰਦਾਰ ਲਹਿਰ ਖੜ੍ਹੀ ਹੋਈ। ਇਸ ਗੱਲ ਦੇ ਬਾਵਜੂਦ ਕਿ ਇਹ ਕਤਲ ਰਾਜ ਸੱਤਾ ਵਜੋਂ ਟੇਢੇ ਅਤੇ ਸੂਖਮ ਢੰਗ ਨਾਲ ਕੀਤਾ ਗਿਆ ਸੀ।

ਪਿਰਥੀ ਦੇ ਵਾਰਸਾਂ ਵਲੋਂ ਜਾਨਾਂ ਹੂਲਕੇ ਰਚਿਆ ਪਿਰਥੀ ਦੀ ਬੀਰ ਗਾਥਾ ਦਾ ਇਹ ਸਿਖਰਲਾ ਕਾਂਡ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦੇ ਫਖਰਯੋਗ ਕਾਰਨਾਮਿਆਂ ਦਾ ਅਗਲਾ ਕਾਂਡ ਹੋ ਨਿੱਬੜਿਆ


# Covid 19 Vaccines: What are they? How do they work?

**Rajwinder Dhaliwal**

In the present times, most of us are thinking about vaccinations, and a majority of us have received vaccines at one or another point in life, specifically during childhood. Vaccinations save millions of lives each year worldwide. However, not everyone is aware of what vaccines are how vaccines work and are prepared.

Vaccination is the administration of a vaccine to produce immunity against disease or infection. Vaccines contain the components of microorganisms (viruses), which are in a weakened or killed state, or their toxins or proteins. For example, if we have received a covid-19 vaccine and fully immunized, and are exposed to the virus at some point. In this case, our body is already well prepared to fight against Covid-19, so this way; we are likely to experience few or no symptoms of the disease.

| Vaccine | Dose | 2nd dose is given ...... after the 1st dose | Effectiveness based on Clinical Studies |
|---|---|---|---|
| Pfizer-BioNTec | 0.3ml | 21 days | 95% effective in 16 years old or above; 100% effective in 12-15 years old |
| Moderna | 0.5ml | 1 month | 94.1 % |
| AstraZeneca | 0.5ml | 4 to 12 weeks | 62% |
| Janssen | 0.5ml | Single dose | 66% |



Health Canada has authorized four Covid-10 Vaccines, which means they are safe, effective, and of high quality. They include Pfizer-BioNTech, Moderna, AstraZeneca, and Janssen. The route of administration for these vaccines is an injection in the muscle. All vaccines are approved for 18 years old and above, except Pfizer-BioNTech. Pfizer-BioNTech can be given to the younger population of 12 years or above.

Both Pfizer-BioNTech and Moderna are mRNA vaccines. An mRNA is a component of the vaccine that teaches our body; how to make a protein that triggers an immune response and produces antibodies, which fight against the actual virus if it enters our body in the future.

AstraZeneca and Janssen vaccines are viral vector-based vaccines. These vaccines are produced by using a harmless virus as a vector, which contains a protein that is also present in the Covid-19 Virus. This vector protein can build strong immunity against infections caused by Covid-19. The following table provides specific details about each vaccine.

The common side effects do not pose any high risk, and they include pain at the injection site, fever, body chills, and feeling tired. However, there is a chance of getting serious side effects like an allergic reaction. Thus, always speak to your health care providers about any allergies or other health conditions or get answers to your questions before receiving this vaccination.


Sources: WHO, Health Canada



Dr Hardeep Atwal
Cambridge,
Ontario

## Heinous crime against Indigenous children

# Canadian flags down but colonial ego flying high.



The absence of a Pope apology for heinous crime in past against indigenous community of Canada, lies squarely at the feet of the Bishops of Canada. Though church operated infamous residential schools for Indigenous children are not working now but presently the Catholic school board is running parallel school system to the children of Canada. Justice loving people of Canada, are calling on the Government of Canada, and the governments of Ontario, Saskatchewan and Alberta to end all public funding of Catholic schools for the reasons of Violence against Indigenous children, ongoing widespread sexual abuse, discrimination against people of minority religions, unnecessary duplication of school system and burden on taxpayers. Human rights groups demanded that the government should end all funding to these schools and build a public system that all children across Canada can access without discrimination. They demand a system that is premised upon human rights, human dignity, equality for all and safety for children. We will no longer tolerate financial ties between our governments and Catholic institutions.

In the past month, the remains of over 1000 Indigenous children of this land, have been found at residential school sites across Canada. It is estimated that thousands more will be unearthed. It is well known that these schools, which were run by the Catholic Church, with the full force of government behind them, have been responsible for some of the worst acts of violence against children that have ever been witnessed in this nation. Children were forcibly taken from their homes, physically, sexually and emotionally abused by priests and nuns, and killed en masse. It is deplorable that our federal and provincial governments continue to provide public money to these institutions given the egregious crimes that have been committed by Catholic officials. In response to this incidence, the words of former senator Murray Sinclair, chair of the Truth and Reconciliation Commission, continue to ring loud and clear: "This nation must never forget what it once did to its most vulnerable people."

According to the TRC's final report in 2015, an estimated 150,000 Indigenous children were forced to attend 130 residential schools established by the federal government and operated by various church denominations. Of that number, the TRC found that more than 6,000 students died or disappeared.

More than 80,000 residential-school survivors are still alive today, and many of them who testified before the commission described the horrific conditions. In addition to that egregious breach of trust, the commission concluded that all students had been the victims of cultural genocide.

Meanwhile a public initiative, "Call to Action 58" requested the Pope deliver an apology on Canadian soil to the survivors of Catholic-operated residential schools, their families, and communities. The Catholic Church is the only church or government body that has not formally apologized. Church protocol requires the CCCB to invite the Pope to visit. The Pope is not able to do so without an invitation from the Conference. Presented with one, the Pope would be able to respond This petition demanded the CCCB to send the invitation, to start an advance for healing process survivors and their families deserve, and the reconciliation nation demands. More than a Catholic issue, it is a Canadian one.

On June 2, leading Newspaper "The Globe and Mail" printed an opinion article written by the Hon. George Valin and Maurice Switzer. The Hon. George Valin is a Catholic who retired in 2019 after 28 years of service as a judge on the Ontario Superior Court of Justice. Maurice Switzer is a citizen of the Mississaugas of Alderville, First Nation who serves on the Reconciliation Advisory Committee of the Ontario Human Rights Commission. Since then, growing media attention about a papal visit/apology has been clouded with misinformation. The decision to publish the article resulted from years of delayed and unclear responses from the CCCB to deflect the issue from the core truth - they are blocking the papal visit by their failure/ refusal, for undisclosed reasons, to invite the Pope. There have been no reports of flags at the Vatican being lowered to half-mast, as they have been across Canada, to note the discovery of the remains of 215 children at a former residential school in Kamloops, B.C. - even though it was Catholic-operated. The mass gravesite is a stark reminder of the indignities and violence inflicted on, and the continued suffering endured by, the survivors of these institutions, their families and their communities.

The TRC, Truth and Reconciliation Commission stated that reconciliation requires "an awareness of the past, acknowledgment of the harm that has been inflicted, atonement for the causes, and action to change behaviour." That atonement cannot be achieved without the fulfilment of the commission's Call to Action 58, which calls upon the head of the Catholic Church, whose religious orders operated most residential schools - 73 of the 130 schools, including the one in Kamloops - to make an apology in Canada to survivors.

Notwithstanding its decentralized corporate and legal structure, the Pope is recognized by Catholics, and most other people in the world, as the universal pastor and supreme head of the Catholic Church. The continued absence of an apology from him serves to deny survivors of Catholic-operated schools, as well as the countless numbers who died, the dignity of having their suffering properly acknowledged.

But in a statement released on Monday, Archbishop Richard Gagnon, the president of the Canadian Conference of Catholic Bishops (CCCB), made no mention of a papal visit or apology.

Previous efforts to pursue this apology have come to naught. In March 2018, Bishop Lionel Gendron, the then-president of the CCCB, issued an open letter to Indigenous peoples in Canada advising that the Pope felt he could not personally respond to Call to Action 58. That letter, however, failed to disclose two material facts: that Catholic Church protocol stipulates that the Pope will not visit a country unless he first receives an invitation from the Conference of Catholic Bishops of that country, and that the CCCB had not invited the Pope to do so.

The CCCB president ignored the fact that Catholic lay people have the right to ask respectful questions of their clergy and to receive complete, transparent, and candid answers. The questions submitted to him were respectful, clear, and unambiguous; his answers were unresponsive, evasive and not transparent.

Catholic-operated residential schools were in only 16 of the 60 dioceses in Canada, and one wonders whether most bishops feel no need to address residential school horrors such as have been discovered in Kamloops because there was no residential school in their diocese. But by failing to do so now, the bishops of Canada risk extensively eroding credibility and trust in their leadership. It is time for Catholics to confront stubborn church leaders, ask that they act with decency and courage and to do the right thing: invite the Pope to Canada without further delay, to deliver the apology requested in TRC Call to Action 58.

The appropriate response to TRC Call to Action 58 is for the Pope to make the requested apology on Canadian soil. This is not just a Catholic issue; it is a Canadian one. This petition called the justice loving people to sign the petition, so survivors of Catholic-operated residential schools receive the apology they deserve. It will provide honour the memory of those who passed away and lost loved ones so we can continue the pathway to the healing process as a nation.


In addition to the acts of violence that have been committed against Indigenous children, it is well known in this country that the Catholic church has been responsible for widespread sexual abuse. Sexual abuse cases have been witnessed in every single province of Canada since the 1960s at rates not seen in other institutions. Some of these sexual abuse cases involve priests who molested children in their churches and others involve teachers and priests who sexually assaulted students in Catholic schools. It is unconscionable for a government to enable an institution with sexual abuse problems to work with children.

As a democratic nation, we are also opposed to the public funding of Catholic schools because of the xenophobia, and dogma that these schools promote in our communities. Catholic school boards are allowed to deny anyone who is not baptized as a Catholic the right to study in their public elementary schools. Most Catholic school boards make formal exceptions to this policy for members of the United Church, the Anglican Church, Lutheran Church, Presbyterian Church, etc. In comparison, minority religions, such as Aboriginal Spirituality, Baha'is, Buddhists, Jews, Muslims, and Sikhs, to name only a few, can be arbitrarily denied entrance into these schools. The government backed policies that embolden Catholic boards with the power to discriminate against minority groups constitutes a blatant violation of religious and educational rights. It also promotes an elitist system whereby Catholic schools can pick and choose their students.

Catholic schools are placing an unnecessary financial burden on Canadian taxpayers. To run Catholic schools in this nation it requires a duplication of several services including school boards, curricula, busses, buildings, administrative personnel, etc. Professor Philip White noted that Ontario alone could have an annual savings of $1.5 billion annually if the Catholic system was absorbed by the public one. Canadians can no longer tolerate the government wasting our money to protect an institution that provides little value to the public.

Human rights group stated that Canadians will no longer tolerate the egregious waste of public funds that is currently directed towards Catholic schools. Human rights groups demanded that the government should end all funding to these schools and build a public system that all children across Canada can access without discrimination. They demand a system that is premised upon human rights, human dignity, equality for all and safety for children. We will no longer tolerate financial ties between our governments and Catholic institutions.


SHAUKAT HAYAT
403-680-1735
FREE EVALUATION
DOING MORE FROM FOR SALE TO SOLD
HAYAT HOMES
REAL ESTATE EXPERTS
www.hayathomes.com


YASMITA
ENGINEERING
- Professional Engineering Service
-Design and Drafting of Buildings
- Building and Development Permits for:
Residential and Commercial Projects
(New house, Addition, Garage, Deck, Secondary
Suite, Backyard Suite etc.)
- Environmental Site Assessment
- All types of Civil, Electrical, Mechanical,
Structural and Environmental Engineering Works
Serving Alberta, British Columbia and Saskatchewan at Major Locations
Devendra Bhandari
M.Eng. P.Eng.
403 909 4060
email:
yasmitaengineering@outlook.com


MATRIX
ACCOUNTING SERVICES
Accounting & Tax Experts
• Personal Tax • Corporate Tax • Book Keeping • Incorporation
• GST Returns• Payroll • Instant Tax • Refund
Jas Aulakh (Accountant)
(403) 668-4070
www.matrixaccounting.ca | info@matrixaccounting.ca
105-3650 Westwinds Dr. NE Calgary, AB T3J 0W9


Gill Plumbing & Heating
A Complete Services for Your Residential and Commerce Plumbing & Heating Needs :
Call Parminder Gill 403-714-1544
WE Provide
Services Including :
- Hot Water Tank Replacement
- BBQ (Gas) Hook-Up
- Leaking Taps Repair/Replacement
- Washer/Dryer Relocation
- Yub Replacement
- City Approved New House Plumbing
- Gas Fitting
- Plumbing Repairs
- Dishwasher/Garburator
- Tollet Troubles
- Drain Cleaning
- We Do Commercial Bay Full Service
ਹੀਟਿੰਗ ਦਾ ਸਪੈਸ਼ਲਿਸਟ ਅਤੇਫਰਨੇਸ ਰਿਪਲੇਸਮੈਂਟ
24 Hours Service
ਪਰਮਿੰਦਰ ਗਿੱਲ
ਹੀਟਿੰਗ, ਗੈਸ ਜਾਂ ਪਲੰਬਿੰਗ ਦਾ ਹਰ ਤਰ੍ਹਾਂ ਦਾ ਕੰਮ ਜਿਵੇਂ ਟੂਟੀਆਂ ਦੀ ਲੀਕੇਜ, ਟੌਇਲਟ, ਟੱਬ, ਬਾਥਰੂਮ ਰਿਪੇਅਰ, ਹੌਟ ਵਾਟਰ ਟੈਂਕ ਦਾ ਤਸੱਲੀਬਖਸ਼ ਕੰਮ ਕਰਦੇ ਹਾਂ। ਅਸੀਂ ਨਵੇਂ ਘਰਾਂ ਦੀ ਸਿਟੀ ਅਪਰੂਵਡ ਪਲੰਬਿੰਗ ਵੀ ਕਰਦੇ ਹਾਂ।
We Promise Reasonable Rates and Quality Work


WAVE HOMES
SHOWHOMES
Inspired by Design
NEW SHOWHOMES
4, 8, 12, 16 MIDTOWN CLOSE
WAVE HOMES
403.764.0222
MIDTOWN
A New Experience in Airdrie Life.
LOOKING TO MOVE UP IN NW CALGARY?
▶ NEW Hamptons Spec Homes for Sale!
25 + 76
Hampstead Mews NW
www.wavehomes.ca


ENVIRO
CANADA CONTRACTING
We provide services as below:
• Sprayfoam Insulation for Residential and Commercial Projects.
• Thermal Barrier/Spray for Residential and Commercial Projects.
• Fiberglass and Cellulose Blow-in Insulation for Attic
• Eavestrough and Downpipe installation.
• Batt insulation for Residential and Commercial Projects.
• Steel Stud Framing.
Any Inquiry
Sukhdeep Gill +1 (403) 975-1003
Office - 403-764-0111 | Email- info@envirocc.ca

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਜੁਲਾਈ ਮਹੀਨੇ ਦੀ ਮੀਟਿੰਗ 'ਚ ਰੈਜੀਡੈਂਸ਼ਲ ਸਕੂਲਾਂ ਦੇ ਇਤਿਹਾਸ ਉੱਤੇ ਗੰਭੀਰ ਸੰਵਾਦ ਹੋਇਆ

## ਬੁਲਾਰਿਆਂ ਨੇ ਕਲਮ ਦੀਆਂ ਵੱਖ-ਵੱਖ ਵੰਨਗੀਆਂ ਰਾਹੀਂ ਸਾਹਿਤਕ ਮਾਹੌਲ ਸਿਰਜਿਆ



ਜ਼ੋਰਾਵਰ ਬਾਂਸਲ

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਜੁਲਾਈ ਮਹੀਨੇ ਦੀ ਮੀਟਿੰਗ ਦੇ ਆਗਾਜ ਵਿੱਚ ਮੀਤ ਪ੍ਰਧਾਨ ਬਲਵੀਰ ਗੋਰਾ ਅਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਸਾਂਝੇ ਤੌਰ 'ਤੇ ਆਏ ਹੋਏ ਹਾਜਰੀਨ ਨੂੰ 'ਜੀ ਆਇਆਂ' ਆਖਿਆ। ਸ਼ੋਕ ਮਤੇ ਸਾਂਝੇ ਕਰਦਿਆਂ ਜਨਰਲ ਸਕੱਤਰ ਜੋਰਾਵਰ ਬਾਂਸਲ ਨੇ ਭਾਵੁਕ ਸ਼ਬਦਾਂ ਨਾਲ ਡਾ. ਹਰਨੇਕ ਸਿੰਘ ਕੋਮਲ, ਜਿਨ੍ਹਾਂ ਬਾਲ ਸਾਹਿਤ, ਦੋਹਾ, ਮਿੰਨੀ ਕਹਾਣੀਆਂ ਤੇ ਗ਼ਜ਼ਲਾਂ ਦੀਆਂ ਮੁੱਲਵਾਨ ਕਿਤਾਬਾਂ ਪੰਜਾਬੀ ਪਾਠਕਾਂ ਦੀ ਨਜ਼ਰ ਕੀਤੀਆਂ, ਪੱਤਰਕਾਰ ਦਾਨਿਸ਼ ਸਿੱਦੀਕੀ, ਜੋ ਫੋਟੋਗ੍ਰਾਫੀ ਲਈ ਵਿਸ਼ਵ ਵੱਕਾਰੀ ਪੁਲਿਤਜਰ ਐਵਾਰਡ ਨਾਲ ਸਨਮਾਨੇ ਜਾ ਚੁੱਕੇ ਹਨ ਅਤੇ ਅਫਗਾਨਿਸਤਾਨ ਦੇ ਵਿੱਚ ਲੰਮੇ ਸਮੇਂ ਤੋਂ ਰਿਪੋਰਟਿੰਗ ਕਰ ਰਹੇ ਸਨ। ਅਫਗਾਨਿਸਤਾਨ ਵਿੱਚ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ, ਜਮਹੂਰੀਅਤ ਹੱਕਾਂ ਦੇ ਘੁਲਾਟੀਏ ਅਤੇ ਇਸਾਈ ਪਾਦਰੀ 84 ਸਾਲਾ ਸਟੈਨ ਸਵਾਮੀ, ਜੋ ਭੀਮਾ ਕੋਰੇਗਾਓਂ ਮਾਮਲੇ ਵਿਚ ਨਿਆਂਇਕ ਹਿਰਾਸਤ ਵਿਚ ਸਨ। ਉਹ ਕੇਰਲ ਦੇ ਰਹਿਣ ਵਾਲੇ ਸਨ ਤੇ ਆਪਣਾ ਸਭ ਕੁਝ ਛੱਡ ਕੇ ਝਾਰਖੰਡ ਦੇ ਆਦਿਵਾਸੀਆਂ ਦੇ ਹੱਕਾਂ ਲਈ ਅੰਦੋਲਨ ਕਰ ਰਹੇ ਸਨ। ਇਨ੍ਹਾਂ ਸਾਹਿਤਕ ਤੇ ਸਮਾਜਿਕ ਰੂਹਾਂ ਦੇ ਵਿੱਛੜ ਜਾਣ 'ਤੇ ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ, ਸ਼ਰਧਾ ਦੇ ਅਕੀਦੇ ਭੇਟ ਕੀਤੇ ਗਏ। ਕੈਨੇਡਾ ਦੇ ਰੈਜੀਡੈਂਸ਼ਲ ਸਕੂਲਾਂ ਬਾਰੇ ਰਾਜ ਧਾਲੀਵਾਲ ਨੇ ਬਹੁਤ ਵਿਸਥਾਰ ਨਾਲ ਖੁਲਾਸਾ ਕੀਤਾ ਕਿ ਕਿਵੇਂ ਛੇ ਤੋਂ ਚੌਦਾਂ ਸਾਲ ਦੇ ਬੱਚਿਆਂ ਨੂੰ ਮਾਂ ਬਾਪ ਕੋਲੋਂ ਖੋਹ ਕੇ, ਜਬਰੀ ਉਨ੍ਹਾਂ 'ਤੇ ਅੱਤਿਆਚਾਰ ਤੇ ਮਾਨਸਿਕ ਦਬਾਓ ਬਣਾ ਕੇ ਰੱਖਿਆ ਗਿਆ ਤੇ ਮਾਰਿਆ ਗਿਆ। ਬੱਚਿਆ ਉੱਤੇ ਤਸ਼ੱਦਦ ਦੀ ਦਾਸਤਾਨ ਸੁਣ ਸਭ ਦੀਆਂ ਅੱਖਾਂ ਭਰ ਆਈਆਂ। ਸਾਲਾ-ਸਦੀਆਂ ਤੇ ਸਰਕਾਰਾਂ ਦੀ ਕਾਰਗੁਜ਼ਾਰੀ ਦਾ ਵੇਰਵਾ ਦੇ ਕੇ ਬਹੁਤ ਡੂੰਘੀ ਤੇ ਗੰਭੀਰ ਜਾਣਕਾਰੀ ਸਾਂਝੀ ਕੀਤੀ। ਜਿਸ ਨੇ ਸਭ ਦੇ ਰੌਂਗਟੇ ਖੜ੍ਹੇ ਕਰ ਦਿੱਤੇ। ਬਾਕੀ ਬੁਲਾਰਿਆਂ ਵੱਲੋਂ ਕਈ ਸਵਾਲ ਪੁੱਛੇ ਗਏ, ਰਾਜ ਧਾਲੀਵਾਲ ਨੇ ਬਹੁਤ ਹੀ ਜਾਣਕਾਰੀ ਭਰਪੂਰ ਜਵਾਬ ਦਿੱਤੇ। ਜਗਦੇਵ ਸਿੱਧੂ ਨੇ ਇਸ ਜਾਣਕਾਰੀ ਵਿੱਚ ਹੋਰ ਵਾਧਾ ਕੀਤਾ, ਤੇ ਰਾਜ ਧਾਲੀਵਾਲ ਦੇ ਕਰੋਨਾ ਮਹਾਮਾਰੀ ਦਰਮਿਆਨ ਕੀਤੇ ਕੰਮਾਂ ਦੀ ਬੜੀ ਸ਼ਲਾਘਾ ਕੀਤੀ। ਗੁਰਲਾਲ ਰੁਪਾਲੋਂ ਨੇ ਵੀ ਰਿਹਾਇਸ਼ੀ ਸਕੂਲਾਂ ਵਿੱਚ ਹੋਏ ਵਰਤਾਰੇ ਪ੍ਰਤੀ ਦੁੱਖ ਪ੍ਰਗਟ ਕੀਤਾ। ਬਾਕੀ ਬੁਲਾਰਿਆਂ ਨੇ ਵੀ ਇਸ ਗੰਭੀਰ ਚਰਚਾ ਵਿੱਚ ਯੋਗਦਾਨ ਪਾਇਆ। ਸੁਖਜੀਤ ਸੈਣੀ, ਸੁਖਵਿੰਦਰ ਤੂਰ, ਪਰਮਿੰਦਰ ਰਮਨ, ਮੰਗਲ ਚੱਠਾ, ਰਾਜਵੰਤ ਮਾਨ, ਗੁਰਦੀਸ਼ ਗਰੇਵਾਲ, ਕਵਿਤਾਵਾਂ ਸੁਣਾਈਆਂ। ਇਸੇ ਤਰ੍ਹਾਂ ਤਰਲੋਚਨ ਸੈਂਭੀ, ਹਰਮਿੰਦਰ ਚੁੱਘ, ਸਰਬਜੀਤ ਉੱਪਲ, ਮਹਿੰਦਰਪਾਲ ਐਸ ਪਾਲ, ਬਲਵੀਰ ਗੋਰਾ, ਡਾ. ਮਨਮੋਹਨ ਕੌਰ, ਡਾ. ਦੇਵਿੰਦਰ ਕੌਰ, ਬਲਜਿੰਦਰ ਸੰਘਾ ਤੇ ਰਣਜੀਤ ਸਿੰਘ ਇਸ ਮੌਕੇ ਹਾਜ਼ਰ ਸਨ। ਅਖੀਰ ਵਿੱਚ ਮੀਤ ਪ੍ਰਧਾਨ ਬਲਵੀਰ ਗੋਰਾ ਨੇ ਸਭ ਹਾਜਰੀਨ ਦਾ ਧੰਨਵਾਦ ਕੀਤਾ ਤੇ ਅਗਲੀ ਮੀਟਿੰਗ ਜੋ 15 ਅਗਸਤ ਨੂੰ ਹੈ। ਹਾਲਾਤ ਸਾਰਥਕ ਰਹੇ ਅਤੇ ਸਿਹਤ ਤੇ ਸਰਕਾਰੀ ਹਦਾਇਤਾਂ ਦੇ ਮੱਦੇਨਜ਼ਰ ਸ਼ਾਇਦ ਕੋਸੋ ਹਾਲ ਵਿੱਚ ਹੋਵੇਗੀ। ਉਸ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201 ਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੂੰ 587 437 7805 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।


11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |












# ਸ਼ਹੀਦ ਊਧਮ ਸਿੰਘ ਜੀ ਦੇ 81ਵੇਂ ਸ਼ਹੀਦੀ ਨੂੰ ਸਮਰਪਿਤ ਆਯੋਜਿਤ



ਸੁਨਾਮ, (ਬਲਜਿੰਦਰ ਸਿੰਘ) ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਸੁਨਾਮ ਵੱਲੋਂ ਸ਼ਹੀਦ ਊਧਮ ਸਿੰਘ ਜੀ ਦੇ 81ਵੇਂ ਸ਼ਹੀਦੀ ਨੂੰ ਸਮਰਪਿਤ ਇੱਕ ਸੈਮੀਨਾਰ ਸ.(ਕੰ) ਸ. ਸ. ਸ. ਸੁਨਾਮ ਵਿਖੇ ਅਯੋਜਿਤ ਕੀਤਾ ਗਿਆ। 'ਗਦਰੀ ਸ਼ਹੀਦ ਊਧਮ ਵਿਚਾਰ ਵਿਚਾਰ ਮੰਚ' ਦੇ ਇਸ ਪਲੇਠੇ ਪ੍ਰੋਗਰਾਮ ਵਿੱਚ ਊਧਮ ਸਿੰਘ ਜੀ ਦੇ ਜੀਵਨ, ਵਿਚਾਰਧਾਰਾ ਤੇ ਮਿਸ਼ਨ ਬਾਰੇ ਪ੍ਰਸਿੱਧ ਇਤਿਹਾਸਕਾਰ ਸ੍ਰੀ ਰਾਕੇਸ਼ ਕੁਮਾਰ ਜੀ ਨੇ ਨੇ ਮੁੱਖ ਬੁਲਾਰੇ ਵਜੋਂ ਤੱਥਾਂ ਸਮੇਤ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਪ੍ਰੋਗਰਾਮ ਦੀ ਸ਼ੁਰੂਆਤ ਮਿਲਖਾ ਸਿੰਘ ਸਨੇਹੀ ਵੱਲੋਂ ਸ਼ਹੀਦ ਊਧਮ ਤੇ ਗਾਏ ਗੀਤ ਨਾਲ਼ ਹੋਈ।

ਮੰਚ ਦੇ ਮੀਤ ਪ੍ਰਧਾਨ ਸਾਬਕਾ ਪ੍ਰਿੰਸੀਪਲ ਸ੍ਰੀ ਅਨਿਲ ਕੁਮਾਰ ਜੀ ਮੰਚ ਸਬੰਧੀ ਜਾਣਕਾਰੀ ਦਿੱਤੀ ਤੇ ਮੰਚ ਦੇ ਉਦੇਸ਼ਾਂ ਤੇ ਨਿਯਮਾਂ ਤੇ ਚਾਨਣਾ ਪਾਇਆ। ਉਹਨਾਂ ਇਹ ਵੀ ਦੱਸਿਆ ਕਿ ਸ੍ਰੀ ਰਾਕੇਸ਼ ਕੁਮਾਰ ਜੀ ਨੇ ਜੋ ਕੰਮ ਸ਼ਹੀਦ ਊਧਮ ਸਿੰਘ ਜੀ ਦੇ ਇਤਿਹਾਸ ਤੇ ਕੀਤਾ ਹੈ ਉਸ ਨੇ ਸਾਡੇ ਮਹਾਨ ਸ਼ਹੀਦ ਸਬੰਧੀ ਬਹੁਤ ਗਲਤ ਧਾਰਨਾਵਾਂ ਦਾ ਖੰਡਨ ਕੀਤਾ ਹੈ। ਆਪਣੇ ਭਾਸ਼ਣ ਦੌਰਾਨ ਰਾਕੇਸ਼ ਕੁਮਾਰ ਜੀ ਨੇ ਦੱਸਿਆ ਕਿ ਇਤਿਹਾਸਕ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਸ਼ਹੀਦ ਊਧਮ ਸਿੰਘ ਜੀ ਦੇ ਵੱਖ ਵੱਖ 13 ਨਾਮ ਸਨ ਜਿੰਨਾ ਚੋਂ ਇੱਕ ਨਾਮ 'ਮੁਹੰਮਦ ਸਿੰਘ ਆਜਾਦ' ਹੈ। ਇਤਿਹਾਸਕ ਤੱਥਾਂ ਤੋਂ ਇਹ ਵੀ ਸਪਸ਼ਟ ਹੈ ਕਿ 1919 ਚ ਜੱਲਿਆ ਵਾਲਾਂ ਬਾਗ ਦੀ ਘਟਨਾ ਸਮੇਂ ਊਧਮ ਸਿੰਘ ਜੀ ਉੱਥੇ ਹਾਜਰ ਨਹੀਂ ਸਨ। ਉਹਨਾਂ ਦੱਸਿਆ ਕਿ ਊਧਮ ਸਿੰਘ ਜੀ ਗਦਰ ਪਾਰਟੀ ਨਾਲ਼ ਸਬੰਧਤ ਸਨ ਇਸ ਪਾਰਟੀ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਆਪਣੇ ਆਪ ਨੂੰ ਦੇਸ਼ ਦੇ ਲੇਖੇ ਲਗਾ ਦਿੱਤਾ। ਸ਼ਹੀਦ ਦੇ 21 ਸਾਲਾਂ ਦਾ ਸੰਘਰਸ਼ ਕਿਵੇਂ ਰਿਹਾ ਇਸ ਤੇ ਹੋਰ ਚਾਨਣਾ ਪਾਉਂਦੇ ਹੋਏ ਤੱਥਾਂ ਦੇ ਅਧਾਰ ਤੇ ਰਾਕੇਸ਼ ਜੀ ਨੇ ਦੱਸਿਆ ਉਹਨਾਂ ਵਿਅਕਤੀਗਤ ਬਦਲਾ ਨਹੀਂ ਲਿਆ ਸਗੋਂ ਸਗੋਂ ਮਨੁੱਖ ਮੁਕਤੀ ਦੇ ਜਮਾਤੀ ਸੰਘਰਸ਼ ਦੀ ਵਿਚਾਰਧਾਰਾ ਨੂੰ ਅੱਗੇ ਵਧਾ ਕੇ ਲੋਕ ਯੁੱਧ ਦੀ ਪ੍ਰਤੀਨਿਧਤਾ ਕੀਤੀ ਸੀ। ਆਖਰੀ ਹਿੱਸੇ ਚ ਰਾਕੇਸ਼ ਕੁਮਾਰ ਜੀ ਨੇ ਦਰਸ਼ਕਾਂ ਵੱਲੋਂ ਰੱਖੇ ਸਵਾਲਾਂ ਦਾ ਜਵਾਬ ਦਿੱਤਾ। ਸਟੇਜ ਸੰਚਾਲਨ ਦੀ ਜਿੰਮੇਵਾਰੀ ਗੁਰਮੇਲ ਬਖਸ਼ੀਵਾਲਾ ਜੀ ਨੇ ਨਿਭਾਈ। ਇਸ ਪ੍ਰੋਗਰਾਮ ਵਿੱਚ ਇਲਾਕੇ ਦੀਆਂ ਬਹੁਤ ਸਾਰੀਆਂ ਲੋਕਪੱਖੀ ਸਖਸ਼ੀਅਤਾਂ ਨੇ ਹਾਜਰੀ ਲਵਾਈ ਜਿਵੇਂ ਇੰਜ. ਦਵਿੰਦਰ ਸਿੰਘ, ਕਾਮਰੇਡ ਸੰਪੂਰਨ ਸਿੰਘ ਛਾਜਲੀ, ਦਾਤਾ ਨਮੋਲ, ਬੱਗਾ ਸਿੰਘ ਨਮੋਲ ਪ੍ਰਿੰਸੀਪਲ ਸੁਭਾਸ਼ ਕੁਮਾਰ ਸੁਖਜੀਤ ਚੀਮਾ, ਬਿਰਜਲਾਲ ਕਰਮ ਸਿੰਘ ਛਾਜਲੀ, ਕਰਮ ਸਿੰਘ ਪਵਨ ਕੁਮਾਰ, ਵਿਸ਼ਵ ਕਾਂਤ ਮੋਹਕਮ ਸਿੰਘ ਪ੍ਰੇਮ ਸਰੂਪ ਆਦਿ। ਅੰਤ ਵਿੱਚ ਬਲਵੀਰ ਲੌਂਗੋਵਾਲ ਪ੍ਰਧਾਨ ਡੀਟੀਐਫ ਸੰਗਰੂਰ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਇਸ ਗੱਲ ਤੇ ਜੋਰ ਦਿੱਤਾ ਕਿ ਇਸ ਤਰ੍ਹਾਂ ਦੇ ਖੋਜ ਕਾਰਜ ਬਹੁਤ ਜਰੂਰੀ ਹਨ ਤੇ ਇਹਨਾਂ ਲੋਕ ਪੱਖੀ ਕਾਰਜਾਂ ਨੂੰ ਆਮ ਲੋਕਾਂ ਤੱਕ ਲੈ ਕੇ ਜਾਣ ਲਈ ਇਸ ਤਰ੍ਹਾਂ ਦੇ ਉਪਰਾਲੇ ਬਹੁਤ ਜਰੂਰੀ ਹਨ।


















# ਘਾਗ ਸਿਆਸਤਦਾਨਾਂ ਨੂੰ ਕਿਸਾਨ ਮੋਰਚੇ ਨੇ ਪਾਇਆ ਪੜ੍ਹਨੇ



ਜਸਵੰਤ ਜੀਰਖ
98151-69825

ਵੋਟਾਂ ਦਾ ਸੀਜਨ ਸੁਰੂ ਹੋਣ ਤੋਂ ਪਹਿਲਾਂ ਹੀ ਦੇਸ ਦਾ ਰਾਜ ਪ੍ਰਬੰਧ ਚਲਾਉਣ ਦੀਆਂ ਅਖੌਤੀ ਦਾਅਵੇਦਾਰ ਸਿਆਸੀ ਪਾਰਟੀਆਂ, ਬਰਸਾਤੀ ਡੱਡੂਆਂ ਵਾਂਗ ਟਰਾਂ-ਟਰਾਂ ਕਰਦੀਆਂ ਲੋਕਾਂ ਦੀ ਜੀ ਹਜੂਰੀ ਕਰਨ ਦੇ ਪਾਖੰਡ ਕਰਨ, ਮਹਿਲਾਂ 'ਚੋਂ ਬਾਹਰ ਆ ਪਧਾਰਦੀਆਂ ਹਨ। ਵੋਟਰਾਂ ਨੂੰ ਆਪਣੇ ਜਾਲ 'ਚ ਫਸਾਉਣ ਲਈ ਵੰਨ ਸੁਵੰਨੇ ਚੋਗੇ ਸੁੱਟਕੇ ਭਰਮਾਉਣ ਦੇ ਦਾਅ ਖੇਡਦੀਆਂ ਹਨ। ਹਰ ਪਾਰਟੀ ਦਾਅਵਾ ਕਰਦੀ ਹੈ ਕਿ ਜੇ ਸਾਡੀ ਪਾਰਟੀ ਦੀ ਸਰਕਾਰ ਬਣੀ ਤਾਂ ਗਰੀਬਾਂ ਨੂੰ ਹਰ ਮਹੀਨੇ ਆਟਾ-ਦਾਲ, ਰਾਸਣ ਸਮੇਤ ਚੀਨੀ, ਚਾਹ ਪੱਤੀ, ਸੁੱਕਾ ਦੁੱਧ ਵੀ ਦਿੱਤਾ ਜਾਵੇਗਾ। ਦੂਸਰੀ ਕਹਿੰਦੀ ਹੈ ਵਿਦਿਆਰਥੀਆਂ ਨੂੰ ਸਮਾਰਟ ਫੋਨ, ਲੈਪਟਾਪ, ਕਰਜ਼ੇ ਮੁਆਫ ਅਤੇ ਹਰ ਘਰ ਵਿੱਚ ਸਰਕਾਰੀ ਨੌਕਰੀ, ਪੈਨਸਨ 750/- ਰੁ ਦੀ ਥਾਂ 1500/- ਰੁ ਦੇਵਾਂਗੇ। ਤੀਸਰੀ ਆਉਣ ਸਾਰ ਹੀ 300 ਯੂਨਿਟ ਬਿਜਲੀ ਫਰੀ ਅਤੇ ਭਰਿਸਟਾਚਾਰ ਮੁਕਤ ਪ੍ਰਬੰਧ ਕਰਨ ਸਮੇਤ ਹੋਰ ਬਹੁਤ ਕੁੱਝ ਦੇਣ ਦੇ ਦਾਅਵਿਆਂ ਦੀ ਝੜੀ ਲਾਕੇ ਲੋਕਾਂ ਨੂੰ ਆਪਣੇ ਵੱਲ ਖਿੱਚਣ ਦੇ ਅਡੰਬਰ ਕਰਦੀ ਹੈ। ਲੋਕਾਂ ਨੇ ਨਾ ਕਦੀ ਅਜਿਹੇ ਵਾਅਦੇ ਕਰਨ ਦੀ ਮੰਗ ਕੀਤੀ ਹੈ ਤੇ ਨਾ ਹੀ ਇਨ੍ਹਾਂ ਸਿਆਸਤਦਾਨਾਂ ਵੱਲੋਂ ਅਜਿਹੇ ਵਾਅਦਿਆਂ ਨੂੰ ਨਾ ਪੂਰਾ ਕਰਨ ਤੇ, ਕਿਸੇ ਨੂੰ ਸਵਾਲ ਕੀਤਾ ਹੈ। ਜਿਸ ਕਰਕੇ ਆਏ ਪੰਜੀ ਸਾਲੀਂ ਵਾਅਦਿਆਂ ਦੀ ਲਿਸਟ ਲੰਮੀ ਹੁੰਦੀ ਜਾਂਦੀ ਹੈ। ਕਿਉਂਕਿ ਵਾਅਦੇਕਾਰਾਂ ਨੂੰ ਪਤਾ ਹੈ ਕਿ ਜੋ ਮਰਜੀ ਐਲਾਨ ਕਰੀ ਜਾਓ, ਕਿਹੜਾ ਕਿਸੇ ਨੇ ਪੁੱਛਣਾ ਹੈ।ਨਾ ਕੋਈ ਅਲੈਕਸਨ ਕਮਿਸਨ ਤੇ ਨਾਂ ਕੋਈ ਕਾਨੂੰਨ ਇਹਨਾਂ ਵੱਲੋਂ ਕੀਤੇ ਵਾਅਦਿਆਂ ਨੂੰ ਪੂਰਾ ਕਰਵਾਉਣ ਲਈ ਜੁੰਮੇਵਾਰ ਹੈ।ਸਰਕਾਰ ਕੋਈ ਵੀ ਬਣ ਜਾਵੇ, ਉਸਨੂੰ ਜਦੋਂ ਰਾਜਸੱਤਾ ਦੀ ਮਦਹੋਸੀ ਵਿੱਚ ਚਾਰ ਕੁ ਸਾਲ ਲੰਘ ਜਾਂਦੇ ਹਨ ਤਾਂ ਪੰਜਵੇਂ ਸਾਲ ਇੱਕ ਅੱਧ ਵਾਅਦਾ ਯਾਦ ਕਰਕੇ ਹੋ ਹੱਲਾ ਮਚਾਕੇ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੇ ਵੱਡੇ ਵੱਡੇ ਅਡੰਬਰ ਰਚਾਏ ਜਾਂਦੇ ਹਨ। ਸੜਕਾਂ ਤੇ ਲੁੱਕ ਪਾ ਅਤੇ ਦੁਆਲੇ ਇੰਟਰਲਾਕ ਟਾਇਲਾਂ ਲਾ ਅਤੇ ਇੱਕ ਅੱਧ ਪਾਰਕ ਦਾ ਨਿਰਮਾਣ ਕਰਕੇ ਜਿੱਥੇ ਲੋਕਾਂ ਨੂੰ ਵਿਕਾਸ ਦੇ ਦਰਸਨ ਕਰਵਾ ਦਿੱਤੇ ਜਾਂਦੇ ਹਨ, ਉੱਥੇ ਆਪਣੇ ਭਾਈਵਾਲ ਠੇਕੇਦਾਰਾਂ ਨਾਲ ਮਿਲੀਭੁਗਤ ਦੁਆਰਾ ਤਹਿਸੁਦਾ ਕਮਿਸਨ ਰਾਹੀਂ ਅਗਲੀਆਂ ਚੋਣਾਂ ਦੇ ਖਰਚੇ ਪੂਰੇ ਕਰਨ ਦੇ ਪ੍ਰਬੰਧ ਵੀ ਕਰ ਲਏ ਜਾਂਦੇ ਹਨ। ਸਿੱਟੇ ਵਜੋਂ ਕੀਤੇ ਗਏ ਅਜਿਹੇ ਵਿਕਾਸ ਦੀ ਪੋਲ ਓਦੋਂ ਖੁੱਲ ਜਾਂਦੀ ਹੈ ਜਦੋਂ ਇੱਕ ਬਾਰਸ ਪੈਣ ਤੇ ਹੀ ਘਟੀਆ ਕਿਸਮ ਦਾ ਸਮਾਨ ਲੱਗਾ ਹੋਣ ਕਾਰਣ ਸੜਕਾਂ ਰੁੜ੍ਹ ਜਾਂਦੀਆਂ ਹਨ ਅਤੇ ਸਾਈਡਾਂ ਤੇ ਲਾਈਆਂ ਇੰਟਰਲਾਕ ਟਾਇਲਾਂ ਵੀ ਜਮੀਨ ਵਿੱਚ ਧਸ ਜਾਂਦੀਆਂ ਹਨ ਤੇ ਨਵੇਂ ਪੁਲਾਂ ਦੇ ਕੀਤਾ ਗਏ ਨਿਰਮਾਣਾਂ ਦੇ ਪਰਦੇ ਵੀ ਬੇਪ੍ਰਦ ਹੋ ਜਾਂਦੇ ਹਨ। ਲੋਕਾਂ ਦੀ ਜ਼ਿੰਦਗੀ ਜਿਉਂ ਦੀ ਤਿਉਂ ਡੰਗ ਟਪਾਈ ਕਰਦਿਆਂ ਚਲਦੀ ਰਹਿੰਦੀ ਹੈ ਕਿਉਂਕਿ ਅਜਿਹੇ ਵਿਕਾਸ ਤੇ ਹੋਏ ਖਰਚੇ ਨੂੰ ਪੂਰਾ ਕਰਨ ਲਈ ਉਹਨਾਂ ਉੱਪਰ ਹੋਰ ਟੈਕਸ ਮੜ੍ਹਕੇ ਜ਼ਿੰਦਗੀ ਹੋਰ ਵੀ ਦੁੱਭਰ ਕਰ ਦਿੱਤੀ ਜਾਂਦੀ ਹੈ। ਲੋਕ ਵਿਰੋਧੀ ਸਰਕਾਰੀ ਨੀਤੀਆਂ ਕਾਰਣ ਉਹਨਾਂ ਦੀ ਕਿਰਤ ਦਾ ਮੁੱਲ ਵਧਾਉਣ ਦੀ ਥਾਂ ਉਹਨਾਂ ਦੇ ਚੱਲ ਰਹੇ ਮਾੜੇ ਮੋਟੇ ਰੋਜਗਾਰ ਵੀ ਨਹੀਂ ਰਹਿੰਦੇ। ਇਹ ਵਿਕਾਸ ਪਿਛਲੇ 70-75 ਸਾਲਾਂ ਤੋਂ ਨਿਰੰਤਰ ਜਾਰੀ ਹੈ ਅਤੇ ਸਾਰੀਆਂ ਹੀ ਸਿਆਸੀ ਪਾਰਟੀਆਂ ਇਸ ਹਮਾਮ ਵਿੱਚ ਨੰਗੀਆਂ ਹਨ।

ਰਾਜ ਸੱਤ੍ਹਾ ਦਾ ਅਨੰਦ ਮਾਨਣ ਉਪਰੰਤ ਜਦੋਂ ਇੱਕ ਪਾਰਟੀ ਅਗਲੀ ਵਾਰ ਸੱਤ੍ਹਾ ਤੋਂ ਪਾਸੇ ਹੋ ਜਾਂਦੀ ਹੈ ਤਾਂ ਉਸ ਦੀ ਥਾਂ ਲੈਣ ਵਾਲੀ ਦੂਜੀ ਪਾਰਟੀ ਵੀ ਉਸੇ ਦੇ ਪਦ ਚਿੰਨ੍ਹਾਂ ਤੇ ਚਲਦੀ ਹੋਈ ਦੇਸ/ ਸੂਬੇ ਦੇ ਲੋਕਾਂ ਨਾਲ ਹੋ ਰਹੀਆਂ ਧੱਕੇ ਸਾਹੀਆਂ ਨੂੰ ਰੋਕਣ ਦੀ ਬਜਾਏ ਉਸੇ ਤਰ੍ਹਾਂ ਜਾਰੀ ਰੱਖਦੀ ਹੈ। ਪਿਛਲੀ ਸਰਕਾਰ ਵੱਲੋਂ ਖਜਾਨਾ ਖਾਲੀ ਕਰਨ ਦੀ ਦੁਹਾਈ ਪਾਈ ਜਾਂਦੀ ਹੈ। ਰੋਜਗਾਰ ਮੰਗਦੇ ਨੌਜੁਆਨਾਂ, ਅਧਿਆਪਕਾਂ, ਡਾਕਟਰਾਂ, ਮਜਦੂਰਾਂ, ਕਿਸਾਨਾਂ , ਮੁਲਾਜਮਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਥਾਂ ਉਹਨਾਂ ਦੇ ਹੱਕਾਂ ਨੂੰ ਲਾਠੀਆਂ, ਪਾਣੀ ਦੀਆਂ ਬੁਛਾੜਾਂ ਤੇ ਅੱਥਰੂ ਗੈਸਾਂ ਅਤੇ ਝੂਠੇ ਪੁਲਸ ਕੇਸ ਦਰਜ ਕਰਨ ਆਦਿ ਦੇ ਜੋਰ ਦਬਾਉਣ ਲਈ ਆਪਣੇ ਤੋਂ ਪਹਿਲੀ ਸਰਕਾਰ ਨੂੰ ਵੀ ਮਾਤ ਪਾ ਦਿੰਦੀ ਹੈ। ਮਹਿੰਗਾਈ, ਬੇਰੋਜਗਾਰੀ, ਗਰੀਬੀ, ਭੁੱਖਮਰੀ, ਬਿਮਾਰੀ ਦੀ ਦਰ ਹੋਰ ਵੀ ਤੇਜੀ ਨਾਲ ਵਧਕੇ ਆਮ ਲੋਕਾਂ ਦਾ ਜੀਣਾ ਹੋਰ ਵੀ ਦੁੱਭਰ ਹੋ ਜਾਂਦਾ ਹੈ। ਪਰ ਦੂਜੇ ਪਾਸੇ ਸਿਆਸਤਦਾਨ ਆਪਣੀਆਂ ਪੈਨਸਨਾਂ, ਭੱਤਿਆਂ, ਗੱਡੀਆਂ ਸਮੇਤ ਹੋਰ ਮਨੁੱਖੀ ਸਹੂਲਤਾਂ ਵਿੱਚ ਢੇਰਾਂ ਦਾ ਵਾਧਾ ਕਰਕੇ ਮੁਲਾਜਮਾਂ ਦੇ ਭੱਤਿਆਂ, ਪੈਨਸਨਾਂ ਤੇ ਹੋਰ



ਕਈ ਤਰ੍ਹਾਂ ਦੀਆਂ ਕਟੌਤੀਆਂ ਕਰਨ ਦੇ ਫੁਰਮਾਨ ਜਾਰੀ ਕਰਕੇ, ਆਪਣੇ ਅਸਲ ਕਿਰਦਾਰ ਦੀ ਨੁਮਾਇਸ ਰਾਹੀਂ ਆਪਣਾ ਅਸਲ ਚੇਹਰਾ ਵਿਖਾ ਜਾਂਦੇ ਹਨ। ਲੋਕਾਂ ਦੀਆਂ ਵੋਟਾਂ ਰਾਹੀਂ ਬਣੇ ਮੰਤਰੀ, ਮੁੱਖ ਮੰਤਰੀ ਆਪਣੇ ਅਤੇ ਪ੍ਰਿਵਾਰਾਂ ਦੇ ਇਲਾਜ ਵੀ ਵਿਦੇਸਾਂ ਵਿੱਚੋਂ ਕਰਵਾਉਂਦੇ ਹਨ, ਜਿਸ ਦਾ ਖਰਚਾ ਆਮ ਲੋਕਾਂ ਤੋਂ ਵਸੂਲੇ ਟੈਕਸਾਂ ਨਾਲ ਭਰੇ ਖਜਾਨੇ 'ਚੋਂ ਲੈਣ ਦੀ ਵੀ ਭੋਰਾ ਸਰਮ ਮਹਿਸੂਸ ਨਹੀਂ ਕਰਦੇ। ਇਹੋ ਅਖੌਤੀ ਦੇਸ ਭਗਤ ਆਏ ਮਹੀਨੇ ਦੇਸ ਦੇ ਖਜਾਨੇ ਵਿੱਚੋਂ ਕਰੋੜਾਂ ਦੀਆਂ ਪੈਨਸਨਾਂ ਸਮੇਤ ਹੋਰ ਅਨੇਕਾਂ ਭੱਤੇ ਲੈਕੇ ਐਸ ਭਰੀ ਜ਼ਿੰਦਗੀ ਜਿਉਂਦੇ ਹਨ। ਪਰ ਦੂਜੇ ਪਾਸੇ ਆਮ ਲੋਕਾਂ ਦੀ ਸਿਹਤ ਸੰਭਾਲ, ਰੋਜ਼ਗਾਰ ਅਤੇ ਜ਼ਿੰਦਗੀ ਜਿਉਣ ਦੇ ਵਸੀਲਿਆਂ ਬਾਰੇ ਦੇਸ ਭਰ ਵਿੱਚ ਜੋ ਪ੍ਰਬੰਧ ਹੈ, ਉਹ ਕਿਸੇ ਤੋਂ ਵੀ ਭੁੱਲਿਆ ਨਹੀਂ। ਅਜਿਹਾ ਵਰਤਾਰਾ ਅੰਗਰੇਜ ਰਾਜ ਤੋਂ ਬਾਅਦ ਆਪਣਿਆਂ ਦੇ ਰਾਜ ਵਿੱਚ ਵੀ ਪਿਛਲੀ ਪੌਣੀ ਸਦੀ ਬੀਤ ਜਾਣ ਤੋਂ ਬਾਅਦ ਵੀ ਅੱਜ ਤੱਕ ਜਾਰੀ ਹੈ। ਅਜਿਹੇ ਬੇ-ਵਸੀ ਦੇ ਹਾਲਾਂਤਾਂ ਨੂੰ ਬਦਲਣ ਲਈ ਜਦੋਂ ਅਸਲ ਮਾਅਨਿਆਂ ਵਿੱਚ ਦੇਸ ਦੇ ਉਸਰੱਈਏ ਲੋਕ, ਜੋ ਦੇਸ ਦੇ ਅਸਲ ਮਾਲਕ ਹੋਣ ਦੇ ਬਾਵਜੂਦ ਵੀ ਗੁਲਾਮੀ ਦੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਹੋ ਜਾਣ, ਤਾਂ ਇੱਕ ਦਿਨ ਉਹਨਾਂ ਦੇ ਸਬਰ ਨੇ ਟੁੱਟਣਾ ਹੀ ਹੁੰਦਾ ਹੈ। ਭਾਵੇਂ ਬਹੁੱਤ ਸਾਰੀਆਂ ਸਮਾਜਿਕ ਜੱਥੇਬੰਦੀਆਂ ਸਰਕਾਰਾਂ ਦੇ ਹਰ ਗਲਤ ਫੈਸਲੇ ਦੀ ਮੁਖਾਲਫਤ ਕਰਦੀਆਂ ਆ ਰਹੀਆਂ ਹਨ, ਪਰ ਸਰਕਾਰਾਂ ਵੱਲੋਂ ਉਹਨਾਂ ਨੂੰ ਦੇਸ ਧ੍ਰੋਹੀ ਕਹਿਕੇ ਜੇਲ੍ਹਾਂ ਵਿੱਚ ਡੱਕਣ ਦੇ ਕਾਰਨਾਮੇਂ ਵੀ ਸਭ ਦੇ ਸਾਹਮਣੇ ਹਨ। ਦੱਬੇ ਕੁਚਲੇ ਲੋਕਾਂ ਦੀ ਆਵਾਜ ਬਣਕੇ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਕੇ ਲੋਕਾਂ ਨੂੰ ਸਹੀ ਸੇਧ ਦੇਣ ਵਾਲੇ ਕਿੰਨੇ ਹੀ ਬੁੱਧੀਜੀਵੀ, ਵਕੀਲ, ਪੱਤਰਕਾਰ, ਰੰਗਕਰਮੀ, ਜੇਲ੍ਹਾਂ ਵਿੱਚ ਡੱਕੇ ਹੋਏ ਹਨ ਜਿਸ ਦਾ ਵਿਰੋਧ ਲਗਾਤਾਰ ਦੇਸ ਦੇ ਇਨਸਾਫ ਪਸੰਦ ਲੋਕਾਂ ਵੱਲੋਂ ਹੋ ਰਿਹਾ ਹੈ ਪਰ ਆਮ ਲੋਕਾਂ ਦੀ ਇਨ੍ਹਾਂ ਵਿਰੋਧਾਂ ਵਿੱਚ ਸਮੂਲੀਅਤ ਬਹੁਤ ਘੱਟ ਹੁੰਦੀ ਰਹੀ ਹੈ।

ਹੁਣ ਕਿਸਾਨਾਂ ਵੱਲੋਂ ਲੱਗੇ ਦਿੱਲੀ ਮੋਰਚੇ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਪੜ੍ਹਨੇ ਪਾ ਦਿੱਤਾ ਹੈ। ਇਹ ਮੋਰਚਾ ਭਾਵੇਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਖੇਤੀ ਸੰਬੰਧੀ ਬਣਾਏ ਤਿੰਨ ਖੇਤੀ ਕਾਨੂੰਨਾਂ, ਬਿਜਲੀ ਐਕਟ 2020 ਅਤੇ ਪਰਾਲੀ ਸਾੜਨ ਦੇ ਪ੍ਰਦੂਸਨ ਲਈ ਲਾਈਆਂ ਸਖਤ ਸਜਾਵਾਂ ਰੱਦ ਕਰਨ ਲਈ ਸੁਰੂ ਹੋਇਆ ਸੀ। ਪਰ ਹੌਲੀ ਹੌਲੀ ਇਹ ਮੋਰਚਾ ਦੇਸ ਦੀ ਹਰ ਪਾਰਟੀ ਦੇ ਸਿਆਸਤਦਾਨਾਂ ਲਈ ਇੱਕ ਵੰਗਾਰ ਬਣਦਾ ਜਾ ਰਿਹਾ ਹੈ। ਕਿਸੇ ਵੀ ਸਿਆਸੀ ਪਾਰਟੀ ਦੀ ਹਿੰਮਤ ਨਹੀਂ ਕਿ ਉਹ ਕੇਂਦਰ ਸਰਕਾਰ ਦੀ ਬੋਲੀ ਬੋਲਕੇ ਇਸ ਮੋਰਚੇ ਵਿਰੁੱਧ ਇਕ ਸਬਦ ਵੀ ਆਪਣੀ ਜੁਬਾਨ ਤੇ ਲਿਆ ਸਕੇ। ਇਸ ਮੋਰਚੇ ਨੇ ਲੋਕਾਂ ਨੂੰ ਵੀ ਲੋਕ ਤਾਕਤ ਦੇ ਅਸਲ ਅਰਥਾਂ ਅਤੇ ਮੌਕਾ ਪ੍ਰਸਤ ਸਿਆਸਤਦਾਨਾਂ ਦੇ ਕਿਰਦਾਰਾਂ ਬਾਰੇ ਸਪਸਟ ਕਰ ਦਿੱਤਾ ਹੈ ਜੋ ਬਹੁਤ ਹੀ ਹਾਂ ਪੱਖੀ ਵਰਤਾਰਾ ਹੈ। ਪਰ ਇਸ ਦੇ ਬਾਵਜੂਦ ਵੀ ਆਪਣੇ ਘਟੀਆ ਮਨਸੂਬਿਆਂ ਨੂੰ ਪੂਰਾ ਕਰਨ ਲਈ ਸਿਆਸਤਦਾਨਾਂ ਵੱਲੋਂ ਲੋਕਾਂ ਨੂੰ ਜਾਤਾਂ, ਧਰਮਾਂ, ਫਿਰਕਿਆਂ ਵਿੱਚ ਵੰਡਕੇ ਆਪਣਾ ਉੱਲੂ ਸਿੱਧਾ ਕਰਨ ਲਈ ਦਲਿਤ ਨੂੰ ਮੁੱਖ ਮੰਤਰੀ, ਉੱਪ ਮੁੱਖ ਮੰਤਰੀ ਬਣਾਉਣ ਦੇ ਅਡੰਬਰਾਂ ਰਾਹੀਂ ਮੂਰਖ ਬਣਾਉਣ ਦੇ ਯਤਨ ਜਾਰੀ ਹਨ। ਪਰ ਦੂਜੇ ਪਾਸੇ ਕਈ ਪਿੰਡਾਂ ਨੇ ਕਿਸੇ ਵੀ ਸਿਆਸੀ ਪਾਰਟੀ ਨੂੰ ਪਿੰਡ ਵਿੱਚ ਨਾ ਵੜਨ ਦੇ ਲਿਖਤੀ ਬੋਰਡ ਲਾਉਣ ਦੀਆਂ ਸੂਚਨਾਵਾਂ ਵੀ ਹਨ। ਇਸ ਦਾ ਮਤਲਬ ਹੈ ਕਿ ਲੋਕਾਂ ਨੇ ਆਪਣੀ ਜੱਥੇਬੰਦਕ ਤਾਕਤ ਦੀ ਕੀਮਤ ਨੂੰ ਸਮਝਣਾ ਸੁਰੂ ਕਰ ਦਿੱਤਾ ਹੈ , ਜਿਸਦਾ ਖਮਿਆਜਾ ਭੁਗਤਣ ਦੇ ਡਰ ਨੇ ਸਿਆਸਤਦਾਨਾਂ ਦੀ ਨੀਂਦ ਉਡਾ ਦਿੱਤੀ ਜਾਪਦੀ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ ਮੌਨਸੂਨ ਸੈਸਨ ਲਈ ਸੰਸਦ ਮੈਂਬਰਾਂ ਲਈ ਜਾਰੀ ਵੋਟਰ ਵ੍ਹਿਪ ਦਾ ਵੀ ਸਾਰੀਆਂ ਸਿਆਸੀ ਪਾਰਟੀਆਂ ਨੂੰ ਕਿਸਾਨੀ ਮੰਗਾਂ ਦੇ ਹੱਕ ਵਿੱਚ ਬੋਲਣ ਲਈ ਮਜਬੂਰ ਕਰ ਦਿੱਤਾ ਹੈ। ਭਾਜਪਾ ਦੇ ਹਕੂਮਤੀ ਗਰੂਰ ਨੂੰ ਤਾਂ ਇੱਥੋਂ ਤੱਕ ਮਸਲ ਦਿੱਤਾ ਹੈ ਕਿ ਉਸ ਦੇ ਮੰਤਰੀਆਂ, ਮੁੱਖ ਮੰਤਰੀਆਂ ਆਦਿ ਦਾ ਲੋਕਾਂ ਵਿੱਚ ਵੜਨਾ ਹੀ ਬੰਦ ਕਰ ਦਿੱਤਾ ਹੈ। ਉਹਨਾਂ ਨੂੰ ਲੋਕ ਰਾਜ ਦੇ ਅਰਥਾਂ ਬਾਰੇ ਦੱਸ ਦਿੱਤਾ ਹੈ ਕਿ ਤੁਸੀਂ ਲੋਕਾਂ ਦੇ ਮੰਗਾਂ ਮਸਲੇ ਹੱਲ ਕਰਨੇ ਹਨ, ਨਾ ਕਿ ਕੁੱਝ ਕੁ ਮੁੱਠੀ ਭਰ ਅਡਾਨੀਆਂ ਜਾਂ ਅੰਬਾਨੀਆਂ ਦੇ। ਤੁਹਾਨੂੰ ਦੇਸ ਦੀ ਰੱਖਿਆ ਕਰਨ ਲਈ ਚੁਣਿਆ ਹੈ ਨਾ ਕਿ ਇਸ ਨੂੰ ਵੇਚਣ ਲਈ। ਕਿਸੇ ਸਰਕਾਰ ਨੂੰ ਵੀ ਕੋਈ ਹੱਕ ਨਹੀਂ ਕਿ ਉਹ ਦੇਸ ਦੇ ਜਲ, ਜੰਗਲ, ਜ਼ਮੀਨ ਜਾਂ ਪਬਲਿਕ ਅਦਾਰੇ ਨਿੱਜੀ ਹੱਥਾਂ ਵਿੱਚ ਵੇਚਕੇ ਇੱਥੇ ਵਸਦੇ ਲੋਕਾਂ ਦੀ ਜ਼ਿੰਦਗੀ ਨਾਲ ਹੋਰ ਖਿਲਵਾੜ ਕਰੇ।

ਦੇਸ ਤੇ ਵਿਦੇਸ ਹਰ ਪਾਸੇ ਇਸ ਮੋਰਚੇ ਦੀ ਚਰਚਾ ਨੇ ਲੋਕਾਂ ਦੀ ਚੇਤਨਤਾ ਵਿੱਚ ਮਿਕਦਾਰੀ ਵਾਧਾ ਕੀਤਾ ਹੈ, ਜਿਸਨੇ ਅੱਗੇ ਸਿਫਤੀ ਤਬਦੀਲੀ ਵੱਲ ਵਧਦਿਆਂ ਦੇਸ ਦੀ ਦਿਸਾ ਬਦਲਣ ਵਿੱਚ ਆਪਣੀ ਭੂਮਿਕਾ ਨਿਭਾਉਣੀ ਹੈ। ਭਾਵੇਂ ਸਰਕਾਰੀ ਏਜੰਸੀਆਂ ਨੇ ਆਪਣੀਆਂ ਸਾਜਿਸਾਂ ਰਾਹੀਂ ਇਸ ਨੂੰ ਕੁਰਾਹੇ ਪਾਉਣ ਲਈ ਹਰ ਤਰ੍ਹਾਂ ਦੇ ਗੈਰ ਇਨਸਾਨੀ ਢੰਗ ਵਰਤੇ, ਪਰ ਹਰ ਵਾਰ ਲੋਕਾਂ ਦੀ ਚੇਤਨਤਾ ਕਾਰਣ ਮੂੰਹ ਦੀ ਖਾਣੀ ਪਈ। ਚੇਤਨ ਲੋਕ ਤਾਕਤ ਨੂੰ ਕਦੀ ਵੀ ਛਲ-ਕਪਟ ਨਾਲ ਹਰਾਇਆ ਨਹੀਂ ਜਾ ਸਕਦਾ। ਘਾਗ ਕਹਾਉਣ ਵਾਲੇ ਸਿਆਸਤਦਾਨਾਂ ਨੂੰ ਇਹ ਮੋਰਚਾ ਪੜ੍ਹਨੇ ਪਾਉਣ ਵਿੱਚ, ਸਫਲਤਾ ਨਾਲ ਆਪਣੀ ਚਾਲ ਚੱਲਦਾ ਹੋਇਆ ਜਿੱਤ ਵੱਲ ਵਧ ਰਿਹਾ ਹੈ।









# ਟਵੀਟ 'ਚ ਪ੍ਰਧਾਨ ਮੰਤਰੀ ਨੂੰ ਬੇਸ਼ਰਮ ਕਹਿਣ ਵਾਲੇ ਪੱਤਰਕਾਰ ਦੀ ਬਰਖ਼ਾਸਤਗੀ



*[ਤਿੱਖੇ ਤੇਵਰਾਂ ਲਈ ਮਸ਼ਹੂਰ ਅਤੇ ਬੇਬਾਕ ਪੱਤਰਕਾਰ ਸ਼ਿਆਮ ਮੀਰਾ ਸਿੰਘ ਨੂੰ ਉਸ ਵਕਤ ਪੱਤਰਕਾਰੀ ਦਾ ਖ਼ਮਿਆਜ਼ਾ ਭੁਗਤਣਾ ਪਿਆ ਜਦੋਂ 'ਆਜ ਤਕ' ਨੇ ਕੁਛ ਦਿਨ ਪਹਿਲਾਂ ਉਸ ਨੂੰ ਪ੍ਰਧਾਨ ਮੰਤਰੀ ਦੇ ਖ਼ਿਲਾਫ਼ ਲਿਖੇ ਦੋ ਟਵੀਟਾਂ ਲਈ ਬਰਖ਼ਾਸਤ ਕਰ ਦਿੱਤਾ। ਸ਼ਿਆਮ ਮੀਰਾ ਸਿੰਘ ਸੋਸ਼ਲ ਮੀਡੀਆ ਉੱਪਰ ਬੇਹੱਦ ਹਰਮਨਪਿਆਰੇ ਹਨ। ਚੰਗੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਇਸ ਦਾ ਕੋਈ ਅਫ਼ਸੋਸ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਸੱਚੀ ਪੱਤਰਕਾਰੀ ਅਤੇ ਨਾਗਰਿਕ ਧਰਮ ਨਿਭਾਉਣ ਲਈ ਉਹ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹੈ। ਬਰਖ਼ਾਸਤਗੀ ਦੀ ਕਹਾਣੀ ਨੂੰ ਉਨ੍ਹਾਂ ਨੇ ਆਪਣੇ ਸ਼ਬਦਾਂ 'ਚ ਬਿਆਨ ਕੀਤਾ ਹੈ ਜਿਸ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ - ਸੰਪਾਦਕ] ਅਨੁਵਾਦ : ਬੂਟਾ ਸਿੰਘ*

ਅੱਜ ਤੋਂ ਆਜਤਕ ਨਾਲ ਪੱਤਰਕਾਰੀ ਦਾ ਮੇਰਾ ਸਫ਼ਰ ਖ਼ਤਮ ਹੋਇਆ। ਪ੍ਰਧਾਨ ਮੰਤਰੀ ਮੋਦੀ ਉੱਪਰ ਲਿਖੇ ਮੇਰੇ ਦੋ ਟਵੀਟਾਂ ਦੀ ਵਜ੍ਹਾ ਨਾਲ ਮੈਨੂੰ ਆਜਤਕ ਦੀ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਮੈਨੂੰ ਇਸ ਗੱਲ ਦਾ ਦੁੱਖ ਨਹੀਂ ਹੈ, ਇਸ ਲਈ ਤੁਸੀਂ ਵੀ ਦੁਖੀ ਨਾ ਹੋਵੋ। ਜਿਨ੍ਹਾਂ ਦੋ ਟਵੀਟ ਦਾ ਹਵਾਲਾ ਦਿੰਦੇ ਹੋਏ ਮੈਨੂੰ ਕੱਢਿਆ ਗਿਆ ਹੈ, ਉਹ ਦੋ ਟਵੀਟ ਇਹ ਹਨ - 1. 'ਜੋ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਦਾ ਸਨਮਾਨ ਕਰੋ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਮੋਦੀ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸਨਮਾਨ ਕਰੇ।' 2. ਇੱਥੇ ਟਵਿੱਟਰ ਉੱਪਰ ਕੁਛ ਲਿਖਦਾ ਹਾਂ ਤਾਂ ਲੋਕ ਮੇਰੀ ਕੰਪਨੀ ਨੂੰ ਟੈਗ ਕਰਨ ਲੱਗ ਜਾਂਦੇ ਹਨ। ਕਹਿੰਦੇ ਹਨ ਇਸ ਨੂੰ ਹਟਾਓ, ਇਸ ਨੂੰ ਹਟਾਉਂਦੇ ਕਿਉਂ ਨਹੀਂ.... ਮੈਂ ਅਗਲਾ ਟਵੀਟ ਹੋਰ ਵਧੇਰੇ ਜ਼ੋਰ ਲਗਾ ਕੇ ਲਿਖਦਾ ਹਾਂ। ਪਰ ਇਹ ਲਿਖਣ ਤੋਂ ਪਿੱਛੇ ਨਹੀਂ ਹਟਾਂਗਾ ਕਿ "ਮੋਦੀ ਇਜ਼ ਅ ਸ਼ੇਮਲੈੱਸ ਪ੍ਰਾਈਮ ਮਨਿਸਟਰ (ਮੋਦੀ ਬੇਸ਼ਰਮ ਪ੍ਰਧਾਨ ਮੰਤਰੀ ਹੈ)।"

ਇਹ ਦੋ ਗੱਲਾਂ ਹਨ ਜਿਨ੍ਹਾਂ ਕਰਕੇ ਮੈਨੂੰ ਕੱਢਿਆ ਗਿਆ ਜਾਂ ਕਢਵਾਇਆ ਗਿਆ। ਸੱਤ ਮਹੀਨੇ ਪਹਿਲਾਂ ਜਦੋਂ ਮੈਂ ਆਜਤਕ ਜੁਆਇਨ ਕੀਤਾ, ਉਦੋਂ ਵੀ ਮੈਨੂੰ ਇਸ ਗੱਲ ਦੀ ਸਮਝ ਸੀ ਕਿ ਮੈਂ ਕੀ ਲਿਖਣਾ ਹੈ, ਕਿਨ੍ਹਾਂ ਲੋਕਾਂ ਲਈ ਬੋਲਣਾ ਹੈ। ਉਦੋਂ ਤੋਂ ਹੀ ਹੁਕਮਰਾਨ ਪਾਰਟੀ ਦੇ ਹਮਾਇਤੀਆਂ ਵੱਲੋਂ ਕੰਪਨੀ ਨੂੰ ਟੈਗ ਕਰ-ਕਰ ਕੇ ਲਿਖਿਆ ਜਾਣ ਲੱਗਿਆ ਸੀ ਕਿ 'ਇਸ ਆਦਮੀ (ਮੈਨੂੰ) ਨੂੰ ਆਜਤਕ ਤੋਂ ਕੱਢਿਆ ਜਾਵੇ, ਕਿਉਂਕਿ ਇਹ ਮੋਦੀ ਦੇ ਵਿਰੋਧ 'ਚ ਲਿਖਦਾ ਹੈ'। ਬੀਤੇ ਕੁਛ ਦਿਨਾਂ ਤੋਂ ਕੰਪਨੀ ਉੱਪਰ ਸੋਸ਼ਲ ਮੀਡੀਆ ਦੇ ਮਾਧਿਅਮ ਜ਼ਰੀਏ ਇਕ ਵਰਗ ਵੱਲੋਂ ਇਹ ਦਬਾਓ ਬਣਾਇਆ ਜਾ ਰਿਹਾ ਸੀ। ਆਖ਼ਿਰਕਾਰ ਇਨ੍ਹਾਂ ਦੋ ਟਵੀਟ ਤੋਂ ਬਾਦ ਮੈਨੂੰ ਆਜਤਕ ਤੋਂ ਕੱਢ ਦਿੱਤਾ ਗਿਆ ਹੈ। ਮੈਨੂੰ ਕਿਸੇ ਨਾਲ ਸ਼ਿਕਾਇਤ ਨਹੀਂ ਹੈ। ਜੋ ਮੈਂ ਲਿਖਿਆ ਮੈਂ ਉਸ ਦੇ ਲਈ ਸਟੈਂਡ ਕਰਦਾ ਹਾਂ। ਇਹ ਉਹ ਗੱਲਾਂ ਹਨ ਜੋ ਇਕ ਪੱਤਰਕਾਰ ਦੇ ਰੂਪ 'ਚ ਹੀ ਨਹੀਂ, ਇਕ ਨਾਗਰਿਕ ਦੇ ਰੂਪ 'ਚ ਮੇਰੇ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਮੈਂ ਇਕ ਐਸੇ ਸ਼ੇਮਲੈੱਸ (ਬੇਸ਼ਰਮ) ਪ੍ਰਧਾਨ ਮੰਤਰੀ ਨੂੰ ਸ਼ੇਮਲੈੱਸ ਕਹਾਂ ਜੋ ਇਕ ਖਿਡਾਰੀ ਦੇ ਅੰਗੂਠੇ ਦੀ ਸੱਟ ਉੱਪਰ ਟਵੀਟ ਕਰ ਸਕਦਾ ਹੈ ਪਰ ਵਿਦੇਸ਼ 'ਚ ਸ਼ਹੀਦ ਹੋਏ ਇਕ ਈਮਾਨਦਾਰ ਪੱਤਰਕਾਰ ਉੱਪਰ ਇਕ ਸ਼ਬਦ ਤੱਕ ਨਹੀਂ ਬੋਲਦਾ। ਮੇਰੇ ਤੋਂ ਇਕ ਨਾਗਰਿਕ ਦੇ ਰੂਪ 'ਚ ਇਹ ਉਮੀਦ ਸੀ ਕਿ ਮੈਂ ਉਸ ਪ੍ਰਧਾਨ ਮੰਤਰੀ ਨੂੰ 'ਸ਼ੇਮਲੈੱਸ' ਕਹਾਂ ਜਿਸ ਦੀ ਲੱਫ਼ਾਜ਼ੀ ਅਤੇ ਭਾਸ਼ਣਬਾਜੀ ਨੇ ਮੇਰੇ ਦੇਸ਼ ਦੇ ਲੱਖਾਂ ਨਾਗਰਿਕਾਂ ਨੂੰ ਕੋਰੋਨਾ 'ਚ ਮਰਨ ਲਈ ਇਕੱਲੇ ਛੱਡ ਦਿੱਤਾ।

ਮੇਰੇ ਤੋਂ ਇਹ ਉਮੀਦ ਸੀ ਕਿ ਐਸੇ ਪ੍ਰਧਾਨ ਮੰਤਰੀ ਅਤੇ ਉਸ ਦੀ ਸਰਕਾਰ ਨੂੰ ਬੇਸ਼ਰਮ ਕਹਾਂ ਜਿਸ ਦੀ ਵਜ੍ਹਾ ਨਾਲ ਇਸ ਦੇਸ਼ ਦਾ ਇਕ ਬੜਾ ਘੱਟਗਿਣਤੀ ਵਰਗ ਹਰ ਰੋਜ਼ ਭੈਅ 'ਚ ਜਿਉਂਦਾ ਹੈ, ਜਿਸ ਨੂੰ ਹਰ ਰੋਜ਼ ਡਰ ਲੱਗਦਾ ਹੈ ਕਿ ਸ਼ਾਮ ਨੂੰ ਸਬਜ਼ੀ ਲੈਣ ਜਾਵਾਂਗਾ ਤਾਂ ਘਰ ਵਾਪਸ ਵੀ ਮੁੜ ਸਕਾਂਗਾ ਜਾਂ ਨਹੀਂ ਜਾਂ ਦਾੜੀ ਅਤੇ ਮੁਸਲਮਾਨ ਹੋਣ ਕਾਰਨ ਮਾਰਿਆ ਜਾਵਾਂਗਾ। ਮੇਰੇ ਤੋਂ ਇਹ ਉਮੀਦ ਕੀਤੀ ਗਈ ਸੀ ਕਿ ਮੈਂ ਉਸ ਪ੍ਰਧਾਨ ਮੰਤਰੀ ਨੂੰ ਸ਼ੇਮਲੈੱਸ ਕਹਾਂ ਜੋ ਲਦਾਖ਼ ਵਿਚ ਸ਼ਹੀਦ ਹੋਏ 21 ਸੈਨਿਕਾਂ ਦੀ ਸ਼ਹਾਦਤ ਦੀ ਖ਼ਬਰ ਨੂੰ ਦਬਾ ਦੇਵੇ, ਅਤੇ ਆਪਣੀ ਗੱਦੀ ਬਚਾਉਣ ਲਈ ਇਹ ਕਹਿਕੇ ਦੁਸ਼ਮਣ ਦੇਸ਼ ਨੂੰ ਕਲੀਨਚਿੱਟ ਦੇ ਦੇਵੇ ਕਿ ਸੀਮਾ ਵਿਚ ਕੋਈ ਨਹੀਂ ਘੁਸਿਆ, ਨਾ ਕੋਈ ਝਗੜਾ ਹੋਇਆ ਹੈ। ਦੇਸ਼ ਨੂੰ ਬਾਕੀ ਲੋਕਾਂ ਤੋਂ ਪਤਾ ਲੱਗੇ ਕਿ ਸਾਡੇ ਜਵਾਨਾਂ ਦੀ ਹੱਤਿਆ ਕੀਤੀ ਗਈ ਹੈ। ਕੋਈ ਵੀ ਪਾਰਟੀ, ਵਿਦਿਆਰਥੀ, ਮਜ਼ਦੂਰ, ਅਧਿਆਪਕ, ਸਿੱਖਿਆਹਿਤੈਸ਼ੀ, ਦਲਿਤਾਂ ਦੀਆਂ ਜਥੇਬੰਦੀਆਂ ਆਪਣਾ ਵਿਰੋਧ ਕਰਨ ਲਈ ਸੜਕ ਉੱਪਰ ਆਉਣ ਅਤੇ ਪੁਲਿਸ ਲਾਠੀਆਂ ਨਾਲ ਉਨ੍ਹਾਂ ਦਾ ਲੱਕ ਤੋੜ ਦੇਵੇ। ਤਦ ਮੇਰੇ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਸ ਪੁਲਸੀ ਜ਼ੁਲਮ ਦੇ ਸਿਖ਼ਰ 'ਤੇ ਬੈਠੇ ਪ੍ਰਧਾਨ ਮੰਤਰੀ ਨੂੰ ਕਹਾਂ ਕਿ ਉਹ 'ਸ਼ੇਮਲੈੱਸ' ਹੈ। ਹਜ਼ਾਰਾਂ ਕਿਸਾਨ ਦਿੱਲੀ ਦੀਆਂ ਹੱਦਾਂ ਉੱਪਰ ਅੱਠ ਮਹੀਨੇ ਤੋਂ ਸੜਕਾਂ ਉੱਪਰ ਪਏ ਹੋਣ, ਉਨ੍ਹਾਂ ਵਿੱਚੋਂ ਸੈਂਕੜੇ ਬਜ਼ੁਰਗ ਧਰਨੇ ਵਾਲੀ ਜਗ੍ਹਾ 'ਤੇ ਹੀ ਦਮ ਤੋੜ ਦੇਣ, ਅਤੇ ਪ੍ਰਧਾਨ ਮੰਤਰੀ ਕਹੇ ਕਿ ਮੈਂ ਉਨ੍ਹਾਂ ਤੋਂ ਸਿਰਫ਼ ਇਕ ਕਾਲ ਦੂਰ ਹਾਂ, ਤਾਂ ਇਕ ਨਾਗਰਿਕ ਦੇ ਰੂਪ 'ਚ ਮੇਰੇ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਮੈਂ ਉਸ ਪ੍ਰਧਾਨ ਮੰਤਰੀ ਨੂੰ ਸ਼ੇਮਲੈੱਸ ਕਹਾਂ।

ਐਸੀਆਂ ਹਜ਼ਾਰ ਗੱਲਾਂ ਅਤੇ ਸੈਂਕੜੇ ਘਟਨਾਵਾਂ ਹਨ ਜਿਨ੍ਹਾਂ ਉੱਪਰ ਇਸ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਸ਼ੇਮਲੈੱਸ ਹੀ ਨਹੀਂ, ਮੱਕਾਰ, ਚੋਰ ਅਤੇ ਨਿਰਦੋਸ਼ ਨਾਗਰਿਕਾਂ ਦੇ ਹੱਕਾਂ ਨੂੰ ਕੁਚਲਣ ਵਾਲਾ ਇਕ ਬੁਜ਼ਦਿਲ ਤਾਨਾਸ਼ਾਹ ਕਿਹਾ ਜਾਣਾ ਚਾਹੀਦਾ ਹੈ। ਇਸ ਲਈ ਮੈਨੂੰ ਆਪਣੇ ਕਥਨ ਦਾ, ਆਪਣੇ ਕਹੇ ਦਾ ਕੋਈ ਦੁੱਖ ਨਹੀਂ ਹੈ। ਇਸ ਗੱਲ ਦੀ ਸਮਝ ਮੈਨੂੰ ਨੌਕਰੀ ਦੇ ਪਹਿਲੇ ਦਿਨ ਤੋਂ ਹੀ ਸੀ ਕਿ ਦੇਰ ਸਵੇਰ ਮੇਰੇ ਤੋਂ ਅਸਤੀਫ਼ਾ ਮੰਗਿਆ ਜਾਵੇਗਾ ਜਾਂ ਕਿਸੇ ਵੀ ਮਿੰਟ ਪੀ.ਐੱਮ.ਓ. ਦਫ਼ਤਰ ਦੇ ਇਕ ਫ਼ੋਨ 'ਤੇ ਮੈਨੂੰ ਕੱਢ ਦਿੱਤਾ ਜਾਵੇਗਾ। ਹਰ ਟਵੀਟ ਕਰਦੇ ਹੋਏ ਜ਼ਿਹਨ 'ਚ ਇਹ ਗੱਲ ਆਉਂਦੀ ਸੀ ਕਿ ਇਸ ਤੋਂ ਬਾਦ ਕਿਤੇ ਐੱਫ.ਆਈ.ਆਰ. ਦਰਜ ਨਾ ਹੋ ਜਾਵੇ, ਕਿਤੇ ਨੋਟਿਸ ਨਾ ਭੇਜ ਦਿੱਤਾ ਜਾਵੇ ... ਕਿਵੇਂ ਨਜਿੱਠਾਂਗਾਂ ਉਸ ਨਾਲ? ਇਹ ਜ਼ੋਖ਼ਮ ਮਨ 'ਚ ਸੋਚ ਕੇ ਵੀ ਲਿਖ ਦਿੰਦਾ ਸੀ....

ਮੈਂ ਉਹੀ ਗੱਲਾਂ ਕਹੀਆਂ ਜੋ ਮੇਰੇ ਤੋਂ ਇਕ ਪੱਤਰਕਾਰ ਦੇ ਰੂਪ 'ਚ ਨਹੀਂ, ਇਕ ਸਿਟੀਜ਼ਨ ਦੇ ਰੂਪ 'ਚ ਵੀ ਉਮੀਦ ਕੀਤੀ ਗਈ ਸੀ, ਜਿਸ ਦੀ ਉਮੀਦ ਸਿਰਫ਼ ਮੇਰੇ ਤੋਂ ਨਹੀਂ ਕੀਤੀ ਜਾਂਦੀ, ਸਗੋਂ ਇਕ ਦਰਜੀ ਤੋਂ ਵੀ ਕੀਤੀ ਜਾਂਦੀ ਹੈ ਕਿ ਵਰ੍ਹਿਆਂ ਤੋਂ ਕਮਾਈ ਇਸ ਦੇਸ਼ ਦੀ ਸੁਤੰਤਰਤਾ ਨੂੰ ਲੁੱਟਣ 'ਤੇ ਤੁਸੀਂ ਬੋਲੋਗੇ। ਇਹ ਉਮੀਦ ਮੇਰੇ ਤੋਂ ਹੀ ਨਹੀਂ ਕੀਤੀ ਜਾਂਦੀ, ਪ੍ਰਾਇਮਰੀ ਸਕੂਲ 'ਚ ਪੜ੍ਹਾਉਣ ਵਾਲੇ ਟੀਚਰ ਤੋਂ ਵੀ ਕੀਤੀ ਜਾਂਦੀ ਹੈ, ਯੂਨੀਵਰਸਿਟੀਆਂ ਦੇ ਕੁਲਪਤੀ, ਮਕਾਨ ਬਣਾਉਣ ਵਾਲੇ ਰਾਜ ਮਿਸਤ੍ਰੀ, ਸੜਕ ਉੱਪਰ ਟੈਂਪੂ ਚਲਾਉਣ ਵਾਲੇ ਡਰਾਈਵਰ, ਪੜ੍ਹਨ ਵਾਲੇ ਵਿਦਿਆਰਥੀਆਂ, ਕੰਪਨੀਆਂ 'ਚ ਕੰਮ ਕਰਨ ਵਾਲੇ ਹਰ ਕਰਮਚਾਰੀ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਹਰ ਰੋਜ਼ ਹੋ ਰਹੇ ਹਜੂਮੀ ਕਤਲਾਂ ਉੱਪਰ ਉਹ ਬੋਲਣਗੇ। ਮੈਂ ਆਪਣੇ ਹਿੱਸੇ ਦਾ ਕਰਜ ਚੁਕਾਇਆ, ਜਿੱਥੇ ਰਿਹਾ ਹਰ ਜਗ੍ਹਾ ਕੋਸ਼ਿਸ਼ ਕੀਤੀ ਕਿ ਆਮ ਇਨਸਾਨਾਂ ਦੀ ਬਿਹਤਰੀ ਲਈ ਕੁਝ ਲਿਖ ਸਕਾਂ।

ਕਿਉਂਕਿ ਉਮਰ ਅਤੇ ਤਜ਼ਰਬਿਆਂ 'ਚ ਮੈਂ ਬੱਚਾ ਹਾਂ। ਕਰੀਅਰ ਦੇ ਸ਼ੁਰੁਆਤੀ ਪੜਾਅ 'ਤੇ ਹਾਂ। ਜਿੱਥੇ ਅੱਗੇ ਦਾ ਮੈਨੂੰ ਪਤਾ ਨਹੀਂ.... ਸ਼ੁਰੂਆਤ 'ਚ ਹੀ ਮੇਰੇ ਲਿਖੇ ਦੇ ਬਦਲੇ ਮੇਰਾ ਰੋਜ਼ਗਾਰ ਖੋਹ ਲਿਆ ਗਿਆ ਤਾਂ ਅੰਦਰੋਂ ਕਦੇ ਕਦੇ ਭਾਵੁਕ ਹੋ ਜਾਂਦਾ ਹਾਂ। ਇੰਞ ਲੱਗਦਾ ਹੈ ਜਿਵੇਂ ਕੋਈ ਨਿੱਕੀ ਜਹੀ ਚਿੜੀ ਕਿਸੇ ਜੰਗਲ 'ਚ ਆਈ ਅਤੇ ਉਡਣ ਤੋਂ ਪਹਿਲਾਂ ਹੀ ਉਸ ਦੇ ਖੰਭ ਕੁਤਰ ਦਿੱਤੇ ਗਏ ਹੋਣ। ਪਰ ਇਹ ਵੀ ਜ਼ਰੂਰੀ ਹੈ। ਉਸ ਨੰਨ੍ਹੀ ਚਿੜੀ ਕੋਲ ਇਹ ਬਦਲ ਸੀ ਕਿ ਕੁਛ ਦਿਨ ਬਿਨਾਂ ਉਡੇ ਹੀ ਆਪਣੇ ਆਲ੍ਹਣੇ 'ਚ ਰਹੇ, ਚੁੱਪ ਬੈਠੇ, ਕਿਤੇ ਵੀ ਉਡਣ ਨਾ ਜਾਵੇ। ਪਰ ਉਸ ਚਿੜੀ ਨੇ ਆਪਣੇ ਖੰਭ ਕੁਤਰੇ ਜਾਣਾ ਸਵੀਕਾਰ ਕਰ ਲਿਆ, ਲੇਕਿਨ ਇਹ ਨਹੀਂ ਕਿ ਉਹ ਉਡਣਾ ਛੱਡ ਦੇਵੇਗੀ। ਜ਼ਮੀਨ 'ਤੇ ਪਏ ਉਸ ਦੇ ਖੰਭ ਇਸ ਗੱਲ ਦੇ ਰੂਪ 'ਚ ਦਰਜ ਕੀਤੇ ਜਾਣਗੇ ਕਿ ਕੋਈ ਐਸਾ ਰਾਜ ਸੀ ਜਿਸ ਵਿਚ ਪੰਛੀਆਂ ਦੇ ਖੰਭ ਕੁਤਰ ਦਿੱਤੇ ਜਾਂਦੇ ਸਨ। ਜੇ ਉਹ ਚਿੜੀ ਉਡਣਾ ਬੰਦ ਕਰਕੇ ਆਲ੍ਹਣੇ 'ਚ ਹੀ ਬੈਠੀ ਰਹਿੰਦੀ ਤਾਂ ਇਹ ਖੰਭ ਕਦੇ ਦਰਜ ਨਾ ਹੁੰਦੇ ਅਤੇ ਖੰਭ ਕੁਤਰਨ ਵਾਲੇ ਰਾਜ ਦਾ ਨੰਗਾ ਚਿਹਰਾ ਕਦੇ ਨਜ਼ਰ ਨਾ ਆਉਂਦਾ। ਐਸੀਆਂ ਨੰਨ੍ਹੀਆਂ ਚਿੜੀਆਂ ਦੇ ਕੁਤਰੇ ਹੋਏ ਖੰਭ, ਉਸ ਜੰਗਲ ਉੱਪਰ ਰਾਜ ਕਰਨ ਵਾਲੇ ਰਾਜਾ ਦੇ ਚਿਹਰਾ ਦਰਜ ਕਰਨ ਦੇ ਲਈ ਕਾਗਜ਼ਾਤ ਹਨ। ਇਸ ਲਈ ਮੈਨੂੰ ਦੁੱਖ ਨਹੀਂ, ਅਫ਼ਸੋਸ ਨਹੀਂ.... ਸੰਤੁਸ਼ਟੀ ਜ਼ਰੂਰ ਹੈ ਕਿ ਮੈਂ ਆਪਣਾ ਹਿੱਸਾ ਚੁਕਾ ਕੇ ਜਾ ਰਿਹਾ ਹਾਂ। ਬਾਕੀ ਆਪਣੇ ਹਰ ਚੰਗੇ ਮਾੜੇ 'ਚ ਇਨ੍ਹਾਂ ਸਤਰਾਂ ਤੋਂ ਹਿੰਮਤ ਮਿਲਦੀ ਰਹਿੰਦੀ ਹੈ ਕਿ

**"ਹਜ਼ਾਰ ਬਰਕ ਗਿਰੇ ਲਾਖ ਆਂਧੀਆਂ ਉੱਠੇਂ
ਵੋ ਫੂਲ ਖਿਲ ਕੇ ਰਹੇਂਗੇ ਜੋ ਖਿਲਨੇ ਵਾਲੇ ਹੈ।"**

Punjabi Rang Radio
CIAO AM530
(TORONTO)
11 PM-12AM
(TORONTO)
Every Saturday
Producer/Host
Chamkaur Singh Phulewala
Email punjabirang13@hotmail.com
Cell : 416 662 1313


Ajay pal Manager 604-653-7841
Jatinder Singh Manager 403-992-0004
GALAXY Freightline Inc.
Logistics Ltd Calgary Alberta
Warehousing / Distribution
Office : 416-644-8881
7270 106 Ave SE Calgary, AB T2C 4Y5


ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2

Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk 416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal 416-671-1919


Kirei
HARJIT S. SAHOTA
Sales Manager
Sales Inc
Tel : 604-593-7755 Fax : 604-593-7722
Email : thekireisales@hotmail.com
12652 82nd Avenue, Surrey, BC Canada
Wholesaler : Plumbing & Kitchen Fixtures


YPA
REALTY
REALTOR
MLS
Tarn Ghatorra
REALTOR® I YPA Realty Inc.
Ph: (604) 781-1600
Email: realtortarn@gmail.com
yparealty.com
Bus: (604) 502 1000 I Fax: (604) 503 8888
201 - 13049 76th Ave., Surrey, BC V3W 2V7


KENNEDY MECHANICAL LTD.
Plumbing & Radiant Heat
Bob Dhesi
778-709-1115
Sukhi Johal
604-339-8717
7985 133 A Street Surrey, BC V3W 4R4
Plumbing . Gas Fitting . Radiant Heat


Kulwant S. Dhesi ( Kelly)
President & CEO
DHESI
Enterprises
Specialize in: Flatbed, Stepdeck
RGN & Multiple Axle
: (604) 501-3934
: (604) 501-3953
: (604) 780-6115
: kelly@dhesient.com
: www.dhesient.com
12454 - 110 Avenue
Surrey, BC V3V 3J6
Toll Free 1-866-501-3101
Fax Free 1-866-501-3102


WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194


SimpleX
MECHANICAL LTD
We make customers not sales
HVAC • REFRIGERATION
SERVICES
Townhouse Project Residential Commercial
- AC
- HEAT PUMP
- FURNACE
- HRV - CRV
- SHEET METAL
10 Year Labor Warranty
We Finance Too
- WALK IN COOLER & FREEZER
WE DO INSTALL & SERVICE
ALL MAJOR BRANDS
Ritesh Vashisht
604.657.9420
York Authorized Dealer
YORK
Email: simplexmechanical@hotmail.com
www.hvacsurreybc.ca


SHAAN
CONSTRUCTION LTD.
25+ years
of experience
Call for a Free Estimate
MALKIT SWAICH
778.889.9526
• General Contracting
• Quality Custom Homes
• Quality Framing
• 2-5-10 Year Warranty
2-5-10 Year Warranty


A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

# ਭਾਜਪਾ ਵੱਲੋਂ ਅਸਾਮ ’ਚ ਦੋ ਬੱਚਿਆਂ ਦੀ ਗੈਰ-ਵਿਗਿਆਨਕ ਤੇ ਫਿਰਕੂ ਨੀਤੀ ਲਿਆਉਣ ਦੀ ਤਿਆਰੀ

- ਅਮਨਦੀਪ

ਅਸਾਮ ਦੀ ਭਾਜਪਾ ਹਕੂਮਤ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਵੱਲੋਂ ਪਿੱਛੇ ਜਿਹੇ ਇਹ ਬਿਆਨ ਦਿੱਤਾ ਗਿਆ ਕਿ ਸੂਬੇ ਦੇ ਕੁਝ ਹਿੱਸਿਆਂ ਵਿੱਚ ਅਬਾਦੀ (ਜਿਸ ਵਿੱਚ ਮੁਸਲਮਾਨ ਅਬਾਦੀ ਨੂੰ ਨਿਸ਼ਾਨੇ ’ਤੇ ਰੱਖਿਆ ਗਿਆ ਹੈ) ਦਾ ਵਾਧਾ ਸੂਬੇ ਦੇ ਵਿਕਾਸ ਲਈ ਖਤਰਾ ਪੈਦਾ ਕਰ ਰਿਹਾ ਹੈ। ਇਸ ਕਰਕੇ ਦੋ ਤੋਂ ਵੱਧ ਬੱਚੇ ਪੈਦਾ ਕਰਨ ਨੂੰ ਨਿਰਉਤਸ਼ਾਹਿਤ ਕਰਨ ਲਈ ਦੋ ਤੋਂ ਵੱਧ ਬੱਚੇ ਜੰਮਣ ਵਾਲਿਆਂ ਨੂੰ ਕਈ ਤਰਾਂ ਦੀਆਂ ਸਰਕਾਰੀ ਸਹੂਲਤਾਂ ਹਾਸਲ ਕਰਨ ’ਤੇ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਗਿਆ ਹੈ ਜੋ ਕਿਸੇ ਵੀ ਵੇਲ਼ੇ ਲਾਗੂ ਹੋ ਸਕਦਾ ਹੈ। ਇਸ ਤੋਂ ਪਹਿਲਾਂ ਵੀ ਅਸਾਮ ਵਿੱਚ ਦੋ ਤੋਂ ਵੱਧ ਬੱਚਿਆਂ ਵਾਲ਼ੇ ਪਰਿਵਾਰਾਂ ਲਈ ਸਰਕਾਰੀ ਨੌਕਰੀ ਹਾਸਲ ਕਰਨ ਤੇ ਸਥਾਨਕ ਚੋਣਾਂ ’ਚ ਖੜਨ ਉੱਪਰ ਪਾਬੰਦੀ ਹੈ।

ਮੁੱਖ ਮੰਤਰੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਅਬਾਦੀ ਵਧਣ ਨਾਲ਼ ਗਰੀਬੀ ਵਧਦੀ ਹੈ ਅਤੇ ਰਿਹਾਇਸ਼ ਲਈ ਖੇਤਰ ਸੀਮਤ ਹੁੰਦਾ ਹੈ ਅਤੇ ਲੋਕ ਨਜਾਇਜ਼ ਕਬਜ਼ੇ ਕਰਨ ਲਗਦੇ ਹਨ। ਮੁੱਖ ਮੰਤਰੀ ਵੱਲੋਂ ਅਬਾਦੀ ਵਿੱਚ ਵਾਧੇ ਨੂੰ ਵਿਸਫੋਟਕ ਗਰਦਾਨਦੇ ਹੋਏਵੱਖ-ਵੱਖ ਖੇਤਰਾਂ ਦੀਆਂ 150 ਤੋਂ ਵੱਧ ਮੁਸਲਿਮ ਸਖਸ਼ੀਅਤਾਂ ਦੇ ਉਸਦੀ ਗੱਲ ਨਾਲ਼ ਸਹਿਮਤ ਹੋਣ ਦਾ ਫੋਕਾ ਦਾਅਵਾ ਵੀ ਕੀਤਾ ਗਿਆ। ਸਾਰੇ ਜਾਣਦੇ ਹਨ ਕਿ ਅਸਾਮ ਵਿੱਚ ਹੜ ਆਮ ਹਨ ਅਤੇ ਬੀਤੇ ਵਿੱਚ ਵੀ ਬ੍ਰਹਮਪੁੱਤਰ ਨਦੀ ਵਿੱਚ ਆਏ ਹੜ ਕਾਰਨ ਲੱਖਾਂ ਲੋਕ ਪ੍ਰਭਾਵਤ ਹੋਏ ਸਨ ਅਤੇ 30,000 ਤੋਂ ਵੱਧ ਬੇਘਰ ਹੋ ਗਏ ਸਨ। ਲੋੜ ਤਾਂ ਇਸ ਗੱਲ ਦੀ ਸੀ ਕਿ ਬੇਘਰ ਹੋਏ ਲੋਕਾਂ ਦੀ ਪੱਕੀ ਰਿਹਾਇਸ਼ ਦਾ ਸਰਕਾਰ ਵੱਲੋਂ ਕੋਈ ਪ੍ਰਬੰਧ ਕੀਤਾ ਜਾਂਦਾ ਪਰ ਉਲਟਾ ਸਰਕਾਰ ਤਾਂ ਮਾੜੀ ਮੋਟੀ ਠਾਹਰ ਬਣਾ ਕੇ ਰਹਿ ਰਹੀ ਵੱਸੋਂ ਨੂੰ ਨਜਾਇਜ਼ ਕਬਜੇ ਦਾ ਬਹਾਨਾ ਬਣਾ ਕੇ, ਉਹਨਾਂ ਦੇ ਘਰਾਂ ਨੂੰ ਉਜਾੜਨ ਵਿੱਚ ਲੱਗੀ ਹੋਈ ਹੈ ਅਤੇ 3 ਜ਼ਿਲਿਆਂ ਵਿੱਚੋਂ ਇੱਕ ਵਾਰ ਫਿਰ ਉਹਨਾਂ ਨੂੰ ਖਦੇੜ ਕੇ ਬੇਘਰੇ ਘਰ ਦਿੱਤਾ ਗਿਆ ਅਤੇ ਸਾਰਾ ਦੋਸ਼ ਮੁਸਲਮਾਨਾਂ ਸਿਰ ਮੜ ਦਿੱਤਾ ਗਿਆ। ਉਹਨਾਂ ਉੱਤੇ ਨਜਾਇਜ਼ ਕਬਜ਼ੇ ਕਰਕੇ ਰਹਿਣ ਦਾ ਦੋਸ਼ ਲਾਉਂਦੇ ਹੋਏ, ਉਹਨਾਂ ਨੂੰ ਉਥੋਂ ਖਦੇੜਨ ਲਈ ਇਹ ਕੁਤਰਕ ਦਿੱਤਾ ਗਿਆ ਕਿ ਇਹ ਬੱਚੇ ਜ਼ਿਆਦਾ ਪੈਦਾ ਕਰਦੇ ਹਨ, ਇਸ ਲਈ ਇਹਨਾਂ ਕੋਲ਼ ਰਹਿਣ ਲਈ ਥਾਂ ਦੀ ਘਾਟ ਲਈ ਇਹ ਖੁਦ ਜ਼ਿੰਮੇਵਾਰ ਹਨ। ਉਸਨੇ ਇਹ ਵੀ ਕਿਹਾ ਕਿ ਇਹ ਨਿਯਮ ਚਾਹ ਦੇ ਬਾਗਾਂ ਦੇ ਮਜ਼ਦੂਰਾਂ ਜਾਂ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਭਾਈਚਾਰੇ ’ਤੇ ਲਾਗੂ ਨਹੀਂ ਹੋਵੇਗਾ। ਇੰਝ ਭਾਜਪਾ ਹਕੂਮਤ ਗਰੀਬੀ, ਬੇਰੁਜ਼ਗਾਰੀ ਤੇ ਹੋਰ ਸਮਾਜਿਕ ਸਮੱਸਿਆਵਾਂ ਦੇ ਅਸਲ ਕਾਰਨਾਂ ਦੀ ਥਾਂ ਅਬਾਦੀ ਨੂੰ ਦੋਸ਼ ਦੇਣ ਦੇ ਪੁਰਾਣੇ ਕੁਤਰਕ ਨੂੰ ਦੁਹਰਾਉਂਦੇ ਹੋਏ ਇਸ ਮਸਲੇ ਨੂੰ ਫਿਰਕੂ ਰੰਗਤ ਵੀ ਦੇ ਰਹੀ ਹੈ।

ਕੇਂਦਰੀ ਸਿਹਤ ਅਤੇ ਪਰਵਾਰ ਭਲਾਈ ਮੰਤਰਾਲੇ ਵੱਲੋਂ ਦਸੰਬਰ 2020 ਵਿੱਚ ਜਾਰੀ ਕੀਤੇ ਗਏ ਤਾਜ਼ਾ ਰਾਸਟਰੀ ਪਰਿਵਾਰਕ ਸਿਹਤ ਸਰਵੇਖਣ (ਐਨ.ਐਫ.ਐਚ.ਐਸ.) ਦੇ ਅਨੁਸਾਰ, ਪਿਛਲੇ ਪੰਜ ਸਾਲਾਂ ਵਿੱਚ ਭਾਰਤ ਦੇ ਜ਼ਿਆਦਾਤਰ ਸੂਬਿਆਂ ਵਿੱਚ ਜਣੇਪੇ ਦੀ ਦਰ (ਟੀ.ਐਫ.ਆਰ.) ਵਿੱਚ ਕਮੀ ਆਈ ਹੈ। ਇਸ ਸਰਵੇਖਣ ਮੁਤਾਬਕ 2015-16 ਵਿੱਚ ਅਸਾਮ ਦੀਆਂ ਔਰਤਾਂ ਵਿੱਚ ਜਣੇਪੇ ਦੀ ਦਰ 2.2% ਸੀ ਜੋ ਕਿ 2020-21 ਵਿੱਚ ਘੱਟ ਕੇ 1.9% ਰਹਿ ਗਈ ਹੈ ਜਿਸਦਾ ਅਰਥ ਹੈ ਕਿ ਸੂਬੇ ਦੀ ਭਵਿੱਖ ਦੀ ਅਬਾਦੀ ਹੁਣ ਨਾਲੋਂ ਘੱਟ ਰਹੇਗੀ। ਅਸਾਮ ਵਿੱਚ ਅਬਾਦੀ ਦਾ ਵਾਧਾ ਪੂਰੇ ਦੇਸ਼ ਵਿੱਚ ਅਬਾਦੀ ਦੇ ਔਸਤ ਵਾਧੇ ਨਾਲੋਂ ਘੱਟ ਹੈ ਅਤੇ ਕੁਝ ਹੋਰ ਸੂਬਿਆਂ ਦੇ ਮੁਕਾਬਲੇ ਵੀ ਇਹ ਘੱਟ ਹੈ। ਪਹਿਲਾਂ ਸਿੱਖਿਆ ਮੰਤਰੀ ਰਹਿ ਚੁੱਕੇ ਅਸਾਮ ਦੇ ਇਸ ਮੁੱਖ ਮੰਤਰੀ ਤੋਂ ਇਹ ਆਸ ਤਾਂ ਨਹੀਂ ਕਿ ਉਹ ਇਹਨਾਂ ਤੱਥਾਂ ਤੋਂ ਅਣਜਾਣ ਹੋਵੇ। ਅਸਲ ਵਿੱਚ ਇਹ ਕੋਈ ਪਹਿਲੀ ਵਾਰ ਨਹੀਂ ਹੈ ਕਿ ਗਰੀਬੀ, ਬੇਘਰੀ ਨੂੰ ਅਬਾਦੀ ਵਿੱਚ ਵਾਧੇ ਦੇ ਮੱਥੇ ਮੜ੍ਹਿਆ ਗਿਆ ਹੈ ਅਤੇ ਉਸ ਵਿੱਚ ਵੀ ਵਿਸ਼ੇਸ਼ ਤੌਰ’ਤੇ ਘੱਟ ਗਿਣਤੀ ਖਾਸਕਰ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਅਬਾਦੀ ਬਾਰੇ ਅਤੇ ਘੱਟਗਿਣਤੀਆਂ (ਇਥੇ ਮੁਸਲਮਾਨਾਂ) ਨੂੰ ਨਿਸ਼ਾਨਾ ਬਣਾ ਕੇ, ਲੋਕਾਂ ਵਿੱਚ ਅਜਿਹੇ ਤੁਅੱਸਬਾਂ ਨੂੰ ਹਵਾ ਦੇਣਾ ਅਤੇ ਇਸ ਤੋਂ ਫਾਇਦਾ ਉਠਾਉਣਾ ਹਾਕਮਾਂ ਦੀ ਇੱਕ ਪੁਰਾਣੀ ਚਾਲ ਹੈ ਅਤੇ ਇਸੇ ਦਾ ਹੀ ਅਸਾਮ ਦਾ ਮੁੱਖ ਮੰਤਰੀ ਵੀ ਲਾਹਾ ਲੈਣ ਦੀ ਤਾਕ ਵਿੱਚ ਹੈ।

**ਕੀ ਸੱਚੀਓਂ ਅਬਾਦੀ ਗਰੀਬੀ ਬੇਰੁਜ਼ਗਾਰੀ ਦਾ ਕਾਰਨ ਹੈ?**

ਹਾਕਮਾਂ ਵੱਲੋਂ ਸਦਾ ਹੀ ਲੋਕਾਂ ਦੇ ਮਨਾਂ ਅੰਦਰ ਇਹ ਗੱਲ ਜਚਾਉਣ ਦੇ ਜਤਨ ਕੀਤੇ ਜਾਂਦੇ ਰਹੇ ਹਨ ਕਿ ਵੱਧ ਅਬਾਦੀ ਹੀ ਗਰੀਬੀ ਬੇਰੁਜ਼ਗਾਰੀ ਦਾ ਕਾਰਨ ਹੈ ਅਤੇ ਜੇਕਰ ਵਧਦੀ ਅਬਾਦੀਉੱਤੇ ਕਾਬੂ ਪਾ ਲਿਆ ਜਾਵੇ ਤਾਂ ਗਰੀਬੀ ਬੇਰੁਜ਼ਗਾਰੀ ਨੂੰ ਦੂਰ ਕੀਤਾ ਜਾ ਸਕਦਾ ਹੈ। ਪਰ ਥੋੜੀ ਗੰਭੀਰਤਾ ਨਾਲ਼ ਤੱਥਾਂ ਦੀ ਪੜਤਾਲ ਕਰਦਿਆਂ ਹੀ ਇਹ ਸਾਫ ਹੋ ਜਾਂਦਾ ਹੈ ਕਿ ਹਾਕਮਾਂ ਦੀ ਇਹ ਦਲੀਲ ਕਿੰਨੀ ਬੇਬੁਨਿਆਦ ਅਤੇ ਭਰਮਾਊ ਹੈ। ਸਰਮਾਏਦਾਰੀ ਆਪਣੇ ਵਫ਼ਾਦਾਰ ਚਾਕਰ ਮਾਲਥਸ ਤੋਂ ਇਸ ਸਬੰਧੀ ਮਦਦ ਲੈਂਦੀ ਹੈ। ਮਾਲਥਸ ਵੱਲੋਂ ਤੱਥਾਂ ਦੀ ਗਲਤ ਬਿਆਨੀ ਕਰਦੇ ਹੋਏ ਇਹ ਤਰਕ ਦਿੱਤਾ ਗਿਆ ਕਿ “ਅਬਾਦੀ ਵਿੱਚ ਵਾਧਾ ਰੇਖਾ ਗਣਿਤ ਕ੍ਰਮ (1,2,4,8,16,32, 64………) ਵਿੱਚ ਹੁੰਦਾ ਹੈ ਜਦਕਿ ਗੁਜਾਰੇ ਦੇ ਸਾਧਨ ਅੰਕਗਣਿਤ ਕ੍ਰਮ (1,2,3,4,5) ਵਿੱਚ ਵਧਦੇ ਹਨ। ਮਾਲਥਸ ਨੇ ਕਿਹਾ ਕਿ ਅਬਾਦੀ ਕਿਉਂਕਿ ਜ਼ਿਆਦਾ ਤੇਜੀ ਨਾਲ਼ ਵਧਦੀ ਹੈ ਅਤੇ ਗੁਜ਼ਾਰੇ ਦੇ ਸਾਧਨ ਨਾ-ਮਾਤਰ ਗਤੀ ਨਾਲ, ਇਸ ਲਈ ਵੱਧ ਅਬਾਦੀ ਹੀ ਗਰੀਬੀ ਬੇਰੁਜ਼ਗਾਰੀ ਦਾ ਕਾਰਨ ਹੈ। ਮਾਲਥਸ ਨੇ ਆਪਣੇ ਦੁਆਰਾ ਇਸ ਬੇਬੁਨਿਆਦ ਅਬਾਦੀ ਸਿਧਾਂਤ ਨੂੰ ਸੱਚ ਸਾਬਤ ਕਰਨ ਲਈ ਕੁਤਰਕ ਕੀਤੇ। ਵਧਦੀ ਅਬਾਦੀ ਲਈ ਉਸਨੇ ਅਮਰੀਕਾ ਦੇ ਅੰਕੜੇ ਪੇਸ਼ ਕੀਤੇ ਅਤੇ ਗੁਜ਼ਾਰੇ ਦੇ ਸਾਧਨਾਂ ਨੂੰ ਦਿਖਾਉਣ ਲਈ ਫਰਾਂਸ ਦੇ। ਉਸਨੇ ਪੂਰੀ ਤਰਾਂ ਮਨੁੱਖਤਾ ਵਿਰੋਧੀ ਹੋ ਕੇ ਇਹ ਬਕਵਾਸ ਕੀਤੀ ਕਿ ਜੰਗਾਂ, ਮਹਾਂਮਾਰੀਆਂ ਅਤੇ ਕੁਦਰਤੀ ਆਫਤਾਂ ਆਦਿ ਮਨੁੱਖ ਜਾਤਿ ਲਈ ਵਰਦਾਨ ਦੀ ਤਰਾਂ ਹਨ ਕਿਉਂਕਿ ਇਹਨਾਂ ਨਾਲ਼ ਅਬਾਦੀ ਘਟਦੀ ਹੈ। ਮਾਲਥਸ ਦਾ ਅਬਾਦੀ ਸਿਧਾਂਤ ਭਾਂਵੇ ਕਿ ਵਿਗਿਆਨਕ ਤੌਰ ’ਤੇ ਪੂਰੀ ਤਰਾਂ ਗਲਤ ਸਾਬਿਤ ਕੀਤਾ ਜਾ ਚੁੱਕਾ ਹੈ ਪਰ ਫਿਰ ਵੀ ਲੋਕਾਂ ਨੂੰ ਮੂਰਖ ਬਣਾਉਣ ਲਈ ਸਰਮਾਏਦਾਰਾਂ ਵੱਲੋਂ ਲਗਾਤਾਰ ਏਸੇ ਦਾ ਪ੍ਰਚਾਰ ਕੀਤਾ ਜਾਂਦਾ ਹੈ। ਯੂਰੋਪ ਵਿੱਚ ਕੁਝ ਦੇਸ਼ ਤਾਂ ਅਜਿਹੇ ਹਨ ਜਿਥੇ ਅਬਾਦੀ ਲੰਮੇ ਸਮੇਂ ਤੋਂ ਸਥਿਰ ਹੈ, ਕੁੱਝ ਵਿੱਚ ਤਾਂ ਸਗੋਂ ਅਬਾਦੀ ਘਟ ਰਹੀ ਹੈ। ਜਾਪਾਨ, ਫਰਾਂਸ ਅਤੇ ਆਸਟ੍ਰੇਲੀਆ ਦੀਆਂ ਸਰਕਾਰਾਂ ਨੇ ਤਾਂ ਇੱਕ ਤੋਂ ਵੱਧ ਬੱਚੇ ਪੈਦਾ ਕਰਨ ਲਈ ਇਨਾਮ ਤੱਕ ਰੱਖੇ ਹਨ। ਪਰ ਇਹਨਾਂ ਦੇਸ਼ਾਂ ਵਿੱਚ ਵੀ ਗਰੀਬੀ ਬੇਰੁਜ਼ਗਾਰੀ ਲਗਾਤਾਰ ਵੱਧ ਰਹੀ ਹੈ ਅਤੇ ਵਿਸਫੋਟਕ ਰੂਪ ਧਾਰ ਰਹੀ ਹੈ।” (ਪੁਸਤਕ ‘ਵਧਦੀ ਅਬਾਦੀ ਬਨਾਮ ਗਰੀਬੀ ਬੇਰੁਜ਼ਗਾਰੀ’ ਵਿੱਚੋਂ) ਸੋ ਸੰਘੀ ਲਾਣੇ ਦੇ ਵੱਧ ਅਬਾਦੀ ਦੇ ਕੁਤਰਕ ਨੂੰ ਉਪਰਲੇ ਹਵਾਲੇ ਨਾਲ਼ ਪੂਰੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਹੁਣ ਅਸਾਮ ਦੇ ਮੁੱਖ ਮੰਤਰੀ ਦੇ ਬਿਆਨ ਦੇ ਦੂਸਰੇ ਹਿੱਸੇ ਨੂੰ ਲੈਂਦੇ ਹਾਂ। ਅਸਾਮ ਦੇ ਮੁੱਖ ਮੰਤਰੀ ਨੇ ਰਾਸ਼ਟਰੀ ਸਵੈ ਸੇਵਕ ਸੰਘ ਦੇ ਪ੍ਰਮੁੱਖ ਮੋਹਨ ਭਾਗਵਤ ਨਾਲ਼ ਮੁਲਾਕਾਤ ਤੋਂ ਬਾਅਦ ਇਹ ਕਿਹਾ ਕਿ “ਅਸਾਮ ਵਿੱਚ ਪ੍ਰਵਾਸੀ ਮੁਲਸਮਾਨ ਬਹੁਤ ਗਰੀਬ ਹਨ ਅਤੇ ਆਮ ਤੌਰ ਉੱਤੇ ਉਹਨਾਂ ਕੋਲ਼ਜ਼ਮੀਨ ਘੱਟ ਹੁੰਦੀ ਹੈ, ਪਰ ਸਮੱਸਿਆ ਇਹ ਹੈ ਕਿ ਇੱਕ ਜਾਂ ਦੋ ਪੀੜੀਆਂ ਵਿੱਚ ਪਰਿਵਾਰਾਂ ਵਿੱਚ ਬੱਚਿਆਂ ਦਾ ਔਸਤ ਅਨੁਪਾਤ 6 ਤੋਂ 12 ਤੱਕ ਹੈ ਅਤੇ ਕਈ ਪਰਿਵਾਰਾਂ ਵਿੱਚ ਤਾਂ ਇਹ 20 ਤੱਕ ਵੀ ਹੈ।” ਦਰਅਸਲ ਇਹ ਵੀ ਸੰਘ ਦਾ ਇੱਕ ਤਰੀਕਾ ਹੈ। ਮਿਥਿਹਾਸ ਨੂੰ ਇਤਿਹਾਸ ਬਣਾ ਕੇ ਪੇਸ਼ ਕਰਨਾ, ਅਤੇ ਲੋਕਾਂ ਦੇ ਮਨਾਂ ਵਿੱਚ ਤੁਅੱਸਬ ਖੜੇ ਕਰਨਾ, ਜਿਵੇਂ ਇਹ ਝੂਠਾ ਪ੍ਰਚਾਰ ਕਿ ਮੁਸਲਮਾਨ ਵੱਧ ਬੱਚੇ ਪੈਦਾ ਕਰਦੇ ਹਨ। ਹਿਮੰਤ ਬਿਸਵਾ ਸ਼ਰਮਾ ਜਿਹੇ ਲੋਕ ਇਹਨਾਂ ਤੁਅੱਸਬਾਂ ਨੂੰ ਅਧਾਰ ਬਣਾਕੇ ਅਜਿਹੇ ਬਿਆਨ ਦਾਗਦੇ ਹੋਏ ਇਸਨੂੰ ਲੋਕਾਂ ਦੀ ਸਹਿਜ ਚੇਤਨਾ ਦਾ ਹਿੱਸਾ ਬਣਾਉਣ ਵਿੱਚ ਲੱਗੇ ਰਹਿੰਦੇ ਹਨ। ਸੋ ਸਾਨੂੰ ਅਜਿਹੀਆਂ ਬਿਆਨਾਂ ਨੂੰ ਗੰਭੀਰਤਾ ਨਾਲ਼ ਲੈਂਦੇ ਹੋਏ ਇਹਨਾਂ ਦੇ ਅਸਲ ਮਨਸੂਬਿਆਂ ਨੂੰ ਲੋਕਾਂ ਸਾਹਮਣੇ ਨੰਗਿਆਂ ਕਰਨ ਦੀ ਜ਼ਰੂਰਤ ਹੈ।

**ਕੀ ਸੱਚੀਓਂ ਵੱਧ ਅਬਾਦੀ ਲੋਕਾਂ ਲਈ ਰਿਹਾਇਸ਼ੀ ਥਾਵਾਂ ਦੀ ਘਾਟ ਦਾ ਕਾਰਨ ਹੈ?**

ਉਂਝ ਤਾਂ ਭਾਰਤ ਵਿੱਚ 36 ਕਰੋੜ ਦੇ ਕਰੀਬ ਅਬਾਦੀ ਕੋਲ਼ ਰਹਿਣ ਲਈ ਕੋਈ ਥਾਂ ਹੀ ਨਹੀਂ ਹੈ। 18 ਕਰੋੜ ਦੇ ਕਰੀਬ ਫੁਟਪਾਥਾਂ ’ਤੇ ਸੌਂਦੇ ਹਨ ਅਤੇ 18 ਕਰੋੜ ਹੀ ਝੁੱਗੀਆਂ ਝੌਂਪੜੀਆਂ ਵਿੱਚ। ਉੱਤੋਂ ਵੱਡੇ ਸ਼ਹਿਰਾਂ ਵਿੱਚ ਮਜ਼ਦੂਰ ਵਸੋਂ ਦੇ ਰਿਹਾਇਸ਼ੀ ਖੇਤਰਾਂ ਵਿੱਚ ਜੇਕਰ ਕੋਈ ਗੇੜਾ ਮਾਰੇ ਤਾਂ ਪਤਾ ਲੱਗੇ ਕਿ ਕਿਵੇਂ ਇੱਕ ਛੋਟੇ ਜਿਹੇ ਕਮਰੇ ਵਿੱਚ 8-10 ਜਣੇ ਰਹਿਣ ਲਈ ਮਜਬੂਰ ਹੁੰਦੇ ਹਨ। ਅਤੇ ਅਜਿਹੇ ਮੌਕੇ ਭਾਜਪਾ ਦਾ ਮੁੱਖ ਮੰਤਰੀ ਸੰਵੇਦਨਹੀਨਤਾ ਦੀਆਂ ਸਿਖਰਾਂ ਛੂਹੰਦੇ ਹੋਏ ਲੋਕਾਂ ਨੂੰ ਉਹਨਾਂ ਦੇ ਘਰਾਂ ਵਿਚੋਂ ਖਦੇੜ ਕੇ ਕਹਿੰਦਾ ਹੈ ਕਿ ਤੁਸ਼ੀ ਜਿਆਦਾ ਬੱਚੇ ਪੈਦਾ ਕਰਦੇ ਹੋ ਇਸ ਲਈ ਤੁਹਾਡੀ ਇਹੋ ਸਜਾ ਹੈ। ਥੋੜਾ ਜਿਹਾ ਇਹ ਜਾਣਨ ਦਾ ਯਤਨ ਕਰਦੇ ਹਾਂ ਕਿ ਇਸ ਧਰਤੀ ਉੱਤੇ ਮਨੁੱਖ ਦੇ ਰਹਿਣ ਲਈ ਕਿੰਨੇ ਸਰੋਤ ਹਨ ਅਤੇ ਹਰੇਕ ਦੇ ਹਿੱਸੇ ਕਿੰਨਾ ਆਉਂਦਾ ਹੈ। ‘ਵਧਦੀ ਅਬਾਦੀ ਬਨਾਮ ਗਰੀਬੀ ਬੇਰੁਜ਼ਗਾਰੀ’ ਕਿਤਾਬ ਦੇ ਹਵਾਲੇ ਨਾਲ਼ ਕੁਝ ਹੋਰ ਤੱਥ ਇਥੇ ਸਾਂਝੇ ਕਰ ਰਹੇ ਹਾਂ। “ਇਸ ਧਰਤੀ ਉੱਤੇ ਵਸੋਂ ਕਰੀਬ 650 ਕਰੋੜ ਹੈ। ਜੇਕਰ ਹਰ ਵਿਅਕਤੀ ਨੂੰ ਰਹਿਣ ਲਈ ਤਕਰੀਬਨ 1240 ਵਰਗ ਫੁੱਟ ਥਾਂ ਦੇ ਦੇਈਏ (ਜਾਣਕਾਰੀ ਹਿੱਤ ਦੱਸ ਦੇਈਏ ਕਿ ਸ਼ਹਿਰਾਂ ਵਿੱਚ ਏਨਾ ਖੇਤਰਫਲ ਹਾਈ ਇਨਕਮ ਗਰੁਪ ਫਲੈਟਸ ਦਾ ਹੁੰਦਾ ਹੈ, ਯਾਣੀ ਸਮਾਜ ਦੀ ਸਭ ਤੋਂ ਅਮੀਰ ਜਮਾਤ ਕੋਲ਼), ਤਾਂ ਇਸ ਹਿਸਾਬ ਨਾਲ਼ ਧਰਤੀ ਦੇ ਸਾਰੇ ਲੋਕਾਂ ਨੂੰ ਰਹਿਣ ਲਈ, ਉਹ ਵੀ ਇਕੱਲੇ ਇਕੱਲੇ ਵਿਅਕਤੀ ਦੇ ਹਿਸਾਬ ਨਾਲ਼, ਜਿੰਨੀ ਥਾਂ ਚਾਹੀਦੀ ਹੈ ਉਹ 8,000 ਅਰਬ ਵਰਗ ਫੁੱਟ ਬਣਦੀ ਹੈ ਅਤੇ ਇਹ ਮਹਿਜ਼ ਸਾਡੇ ਦੇਸ਼ ਦੇ ਦੋ ਸੂਬਿਆਂ ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਦੇ ਖੇਤਰਫਲ ਦੇ ਬਰਾਬਰ ਹੈ ਅਤੇ ਬਾਕੀ ਸਾਰੀ ਧਰਤੀ ਵਿਹਲੀ ਦੀ ਵਿਹਲੀ। ਹੁਣ ਕੋਈ

ਵਿਅਕਤੀ ਸਾਰੀ ਉਮਰ ਇਕੱਲਾ ਤਾਂ ਰਹਿੰਦਾ ਨਹੀਂ, ਸੋ ਮਹਿਜ਼ 4 ਵਿਅਕਤੀਆਂ ਦਾ ਪਰਿਵਾਰ ਵੀ ਮੰਨ ਲਈਏ ਤਾਂ ਏਨੇ ਹੀ ਖੇਤਰਫ਼ਲ ਵਿੱਚ ਇੱਕ ਇੱਕ ਪਰਿਵਾਰ ਨੂੰ 5000 ਵਰਗ ਫੁੱਟ ਥਾਂ ਮਿਲ਼ੇਗਾ ਯਾਣੀ ਇੱਕ ਵੱਡਾ ਘਰ ਉਹ ਵੀ ਸਾਰੀਆਂ ਸੁਵਿਧਾਵਾਂ ਸਮੇਤ, ਸਾਹਮਣੇ ਫੁੱਲਾਂ ਦਾ ਬਗੀਚਾ, ਪਿਛੇ ਸਬਜੀਆਂ ਦੀਆਂ ਕਿਆਰੀਆਂ, ਸ਼ਾਇਦ ਥੋੜੀ ਖੇਤੀ ਵੀ, ਇੱਕ ਅੱਧਾ ਪਸ਼ੂ ਬੰਨਣ/ਚਰਾਉਣ ਲਈ ਥਾਂ ਵੀ ਨਿੱਕਲ਼ ਆਵੇਗੀ।” ਮਤਲਬ ਕਿ ਦੁਨੀਆਂ ਦੀ ਸਾਰੀ ਵੱਸੋਂ ਮਹਿਜ਼ ਦੋ ਸੂਬਿਆਂ ਵਿੱਚ ਸਮਾ ਸਕਦੀ ਹੈ। ਇੱਥੇ ਸੁਵਿਧਾ ਲਈ ਖੇਤਰਫਲ ਨੂੰ ਸਮਤਲ ਮੰਨਿਆ ਗਿਆ ਹੈ, ਤਾਂਕਿ ਮਹਿਜ਼ ਇਹ ਸਮਝ ਸਕੀਏ ਕਿ ਧਰਤੀ ਉੱਤੇ ਅਬਾਦੀ ਭਾਵੇਂ ਇਸ ਨਾਲ਼ੋਂ 10 ਗੁਣਾ ਹੋਰ ਵੱਧ ਜਾਵੇ ਮਨੁੱਖ ਦੇ ਰਹਿਣ ਲਈ ਥਾਂ ਦੀ ਕੋਈ ਘਾਟ ਨਹੀਂ ਹੈ।

ਨਿਚੋੜ ਇਹ ਕਿ ਵੱਧ ਅਬਾਦੀ ਕਿਸੇ ਤਰਾਂ ਨਾਲ਼ ਵੀ ਸਮੱਸਿਆ ਨਹੀਂ ਹੈ। ਸਮੱਸਿਆ ਹੈ ਧਰਤੀ ਉਤਲੇ ਅਥਾਹ ਵਸੀਲਿਆਂ ਉੱਤੇ ਚੰਦ ਕੁ ਸਰਮਾਏਦਾਰਾਂ ਦਾ ਕਬਜ਼ਾ ਜਿਸ ਕਾਰਨ ਲੱਖਾਂ ਲੋਕ ਇਹਨਾਂ ਸਾਧਨਾਂ ਤੋਂ ਵਿਹੂਣੇ, ਗਰੀਬੀ ਬਦਹਾਲੀ ਵਿੱਚ ਜੀਣ ਲਈ ਮਜ਼ਬੂਰ ਕਰ ਦਿੱਤੇ ਗਏ ਹਨ। ਭਾਜਪਾ ਹਕੂਮਤ ਜਿੱਥੇ ਇਸ ਝੂਠ ਨੂੰ ਦੁਹਰਾਉਂਦੇ ਹੋਏ ਗਰੀਬੀ, ਬੇਰੁਜ਼ਗਾਰੀ ਜਿਹੀਆਂ ਸਮਾਜਿਕ ਅਲਾਮਤਾਂ ਲਈ ਅਸਲ ਜ਼ਿੰਮੇਵਾਰ ਸਰਮਾਏਦਾਰ ਪ੍ਰਬੰਧ ਉੱਪਰ ਪਰਦਾ ਪਾਉਣ ਦਾ ਕੰਮ ਕਰ ਰਹੀ ਹੈ ਉੱਥੇ ਅਬਾਦੀ ਵਾਧੇ ਲਈ ਮੁਸਲਮਾਨਾਂ ਨੂੰ ਮੁੱਖ ਦੋਸ਼ ਦਿੰਦੇ ਹੋਏ ਆਪਣੀਆਂ ਫਿਰਕੂ ਵੰਡੀਆਂ ਦੀ ਸਿਆਸਤ ਵੀ ਖੇਡ ਰਹੀ ਹੈ। ਬੱਚੇ ਪੈਦਾ ਕਰਨੇ ਜਾਂ ਨਾ ਕਰਨੇ ਹਰ ਮਾਂ-ਬਾਪ ਦੀ ਜਮਹੂਰੀ ਚੋਣ ਹੈ, ਸਰਕਾਰ ਨੂੰ ਇਸ ਵਿੱਚ ਦਖਲ ਦੇਣ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ। ਇੰਝ ਦੋ ਬੱਚਿਆਂ ਦੀ ਨੀਤੀ ਦੇ ਨਾਮ ਉੱਪਰ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦੇ ਲਾਭਾਂ ਤੋਂ ਵਿਰਵੇ ਕਰਨ ਦਾ ਭਾਜਪਾ ਹਕੂਮਤ ਦਾ ਇਹ ਫੈਸਲਾ ਗੈਰ-ਜਮਹੂਰੀ ਤੇ ਲੋਕਾਂ ਦੀ ਨਿੱਜੀ ਜਿੰਦਗੀ ਚ ਬੇਲੋੜਾ ਦਖਲ ਵੀ ਹੈ ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ।

ਲਲਕਾਰ ’ਚ ਧੰਨਵਾਦ ਸਹਿਤ

# ਲੋਕਾਂ ਦਾ ਕਵੀ ਪਾਬਲੋ ਨੇਰੂਦਾ

ਪਾਬਲੋ ਨੇਰੂਦਾ 20ਵੀਂ ਸਦੀ ਦੇ ਸਭ ਤੋਂ ਮਹਾਨ ਕਵੀਆਂ ਵਿੱਚੋਂ ਇੱਕ ਹੈ। 12 ਜੁਲਾਈ, 1904 ਨੂੰ ਚਿੱਲੀ ਵਿੱਚ ਜਨਮੇ ਇਸ ਕਵੀ ਦੀ ਕਲਮ ਰਾਹੀਂ ਆਪਣੇ ਲੋਕਾਂ ਦੇ ਦਰਦ ਅਤੇ ਬੇਇਨਸਾਫੀ, ਹਕੂਮਤੀ ਜਬਰ, ਲੁੱਟ-ਖਸੁੱਟ ਖਿਲਾਫ ਰੋਹ ਤੇ ਮੁਖਾਲਫਤ ਉਸ ਦੇ ਮਰਨ ਤੱਕ ਕਾਗਜਾਂ ’ਤੇ ਉੱਘੜਦੇ ਰਹੇ। ਉਹ ਛੋਟੀ ਉਮਰੇ ਹੀ ਕਵਿਤਾਵਾਂ ਲਿਖਣ ਲੱਗ ਪਿਆ ਤੇ 1923 ਵਿੱਚ ਉਸ ਦੀ ਪਹਿਲੀ ਕਿਤਾਬ ‘ਸੰਧਿਆ ਦੀ ਲੋਅ’ ਛਪੀ। 1936 ਵਿੱਚ ਉਹ ਆਪਣੇ ਸਾਹਿਤਕ ਸਾਥੀਆਂ ਨਾਲ ਜਨਰਲ ਫਰਾਂਕੋ ਦੀ ਫਾਸੀਵਾਦੀ ਸਰਕਾਰ ਖਿਲਾਫ ਚੱਲ ਰਹੀ ਸਪੇਨੀ ਘਰੇਲੂ-ਜੰਗ ਵਿੱਚ ਲੜਨ ਚਲਾ ਗਿਆ। ਇਸੇ ਜੰਗ ਦੌਰਾਨ ਨੇਰੂਦਾ ਦੇ ਦੋਸਤ ਤੇ ਸਪੇਨੀ ਲੋਕ ਕਵੀ ਫੈਦਰੀਕੋ ਗਾਰਸੀਆ ਲੋਰਕਾ ਦਾ ਫਾਸੀਵਾਦੀਆਂ ਨੇ ਗੋਲੀਆਂ ਮਾਰਕੇ ਕੇ ਕਤਲ ਕਰ ਦਿੱਤਾ। ਦੂਜੀ ਸੰਸਾਰ ਜੰਗ ਦੌਰਾਨ ਨੇਰੂਦਾ ਨੇ ਨਾਜੀ ਹਿਟਲਰ ਖਿਲਾਫ ਲੜ ਰਹੇ ਸੋਵੀਅਤ ਲੋਕਾਂ ਤੇ ਲਾਲ ਫੌਜ ਦੀ ਡਟ ਕੇ ਹਮਾਇਤ ਕੀਤੀ ਤੇ ਉਸ ਦੀ ਲਿਖੀ ਕਵਿਤਾ ‘ਸਤਾਲਿਨਗਰਾਦ ਦੇ ਨਾਂ ਇੱਕ ਪਿਆਰ ਗੀਤ’ ਦੁਨੀਆਂ ਭਰ ਵਿੱਚ ਮਕਬੂਲ ਹੋਈ। ਉਹ ਚਿੱਲੀ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ ਤੇ ਆਖਰੀ ਸਾਹਾਂ ਤੱਕ ਇਸ ਦਾ ਮੈਂਬਰ ਰਿਹਾ।

1948 ਵਿੱਚ ਸਰਕਾਰੀ ਜਬਰ ’ਤੇ ਕਮਿਊਨਿਸਟ ਪਾਰਟੀ ’ਤੇ ਲੱਗੀ ਪਾਬੰਦੀ ਕਾਰਨ ਉਸ ਨੂੰ ਦੇਸ ਛੱਡਣਾ ਪਿਆ। ਉਹ ਪਹਿਲਾ ਅਰਜਨਟਾਈਨਾ ਤੇ ਫਿਰ ਮੈਕਸੀਕੋ ਰਿਹਾ। ਮੈਕਸੀਕੋ ਵਿੱਚ ਉਸ ਨੇ ਆਪਣੀ ਮਸ਼ਹੂਰ ਕਵਿਤਾ-ਪੁਸਤਕ ‘ਕਾਂਟੋ ਜਨਰਲ’ ਲਿਖੀ। 1953 ਵਿੱਚ ਉਸਨੂੰ ‘ਸਤਾਲਿਨ ਸਾਂਤੀ ਪੁਰਸਕਾਰ’ ਨਾਲ ਸਨਮਾਨਿਤ ਕੀਤਾ ਗਿਆ। ਉਸ ਨੇ ਵੱਖ-ਵੱਖ ਦੇਸਾਂ ਵਿੱਚ ਹਜਾਰਾਂ-ਲੱਖਾਂ ਲੋਕਾਂ ਦੇ ਇਕੱਠ ਸਾਹਮਣੇ ਆਪਣੀਆਂ ਕਵਿਤਾਵਾਂ ਸੁਣਾਈਆਂ। ਆਪਣੇ ਦੇਸ ਵਿੱਚ ਉਸ ਨੇ ਮਜਦੂਰਾਂ ਕਿਸਾਨਾਂ ਦੇ ਸੱਦੇ ’ਤੇ ਅਨੇਕਾਂ ਥਾਵਾਂ ’ਤੇ ਕਵਿਤਾ ਪਾਠ ਕੀਤਾ। 1970 ਵਿੱਚ ਉਸ ਨੂੰ ਚਿਲੀ ਦੀ ਕਮਿਊਨਿਸਟ ਪਾਰਟੀ ਨੇ ਰਾਸਟਰਪਤੀ ਦੇ ਅਹੁਦੇ ਲਈ ਉਮੀਦਵਾਰ ਚੁਣਿਆ ਪਰ ਉਸ ਨੇ ਆਪਣੇ ਦੋਸਤ ਤੇ ਪਾਰਟੀ ਨੇਤਾ ਸਲਵੇਡੋਰ ਆਲੈਂਡੇ ਦੇ ਹੱਕ ਵਿੱਚ ਇਹ ਉਮੀਦਵਾਰੀ ਛੱਡ ਦਿੱਤੀ। ਆਲੈਂਡੇ ਭਾਰੀ ਬਹੁਮਤ ਨਾਲ ਜਿੱਤਿਆ। ਸੱਤਾ ਸੰਭਾਲਦੇ ਹੀ ਆਲੈਂਡੇ ਸਰਕਾਰ ਨੇ ਚਿੱਲੀ ਦੀਆਂ ਤਾਂਬੇ ਦੀਆਂ ਖਾਣਾਂ ਦਾ ਕੌਮੀਕਰਨ ਕਰ ਦਿੱਤਾ। ਇਸੇ ਦੌਰਾਨ ਨੇਰੂਦਾ ਦੀ ਨਿਯੁਕਤੀ ਫਰਾਂਸ ਵਿੱਚ ਰਾਜਦੂਤ ਵਜੋਂ ਹੋ ਗਈ। 1971 ਵਿੱਚ ਉਸ ਨੂੰ ਬੁੱਧੀਜੀਵੀਆਂ ਦੇ ਬਹੁਤ ਜ਼ਿਆਦਾ ਵਿਰੋਧ ਦੇ ਬਾਵਜੂਦ ਸਾਹਿਤ ਦਾ ਨੋਬਲ ਇਨਾਮ ਦਿੱਤਾ ਗਿਆ। ਉੱਥੇ ਰਹਿੰਦੇ ਕੈਂਸਰ ਦੀ ਬੀਮਾਰੀ ਨਾਲ ਉਸ ਦੀ ਸਿਹਤ ਖਰਾਬ ਹੋ ਗਈ ਤੇ ਢਾਈ ਸਾਲਾਂ ਬਾਅਦ ਹੀ ਉਸ ਨੂੰ ਦੇਸ ਵਾਪਸ ਪਰਤਣਾ ਪਿਆ।

ਸਤੰਬਰ, 1973 ਵਿੱਚ ਅਮਰੀਕਾ ਖੱਬੇ-ਪੱਖੀ ਫੌਜੀ ਜਨਰਲ ਅਗਸਤੇ ਪਿਨੋਸੇ ਨੇ ਰਾਜ ਪਲਟਾ ਕਰ ਦਿੱਤਾ ਅਤੇ ਰਾਸਟਰਪਤੀ ਆਲੈਂਡੇ ਦਾ ਉਸ ਦੇ ਦਫਤਰ ਵਿੱਚ ਮਸੀਨਗੰਨਾਂ ਦੀ ਫਾਇਰਿੰਗ ਨਾਲ ਕਤਲ ਕਰ ਦਿੱਤਾ ਗਿਆ। ਨੇਰੂਦਾ ਉਸ ਸਮੇਂ ਹਸਪਤਾਲ ਵਿੱਚ ਦਾਖਲ ਸੀ। ਉਸ ਕੋਲ ਫੌਜੀ ਆਏ ਤਾਂ ਉਸ ਨੇ ਕਿਹਾ “ਤੁਹਾਨੂੰ ਮੇਰੇ ਤੋਂ ਇੱਕੋ-ਇੱਕ ਖਤਰਾ ਹੈ, ਮੇਰੀ ਕਵਿਤਾ।” 23 ਸਤੰਬਰ, 1973 ਨੂੰ ਮਿਹਨਤਕਸ ਲੋਕਾਂ ਦਾ ਇਹ ਮਹਾਨ ਕਲਮੀ ਯੋਧਾ ਸਦਾ ਲਈ ਚੁੱਪ ਹੋ ਗਿਆ। 69 ਸਾਲ ਚਾਨਣ ਵੰਡਦੇ ਰਹੇ ਇਸ ਸਰੀਰ ਨੂੰ ਅੰਤਿਮ ਵਿਦਾਇਗੀ ਦੇਣ ਲਈ ਸੈਂਟੀਆਗੋ ਸਹਿਰ ਵਿੱਚ ਕਰਫਿਊ ਅਤੇ ਇਕੱਠੇ ਨਾ ਹੋਣ ਦੇ ਕਰੜੇ ਫਾਸੀਵਾਦੀ



ਹੁਕਮਾਂ ਦੇ ਬਾਵਜੂਦ ਹਜਾਰਾਂ ਲੋਕ ਸੜਕਾਂ ’ਤੇ ਉਤਰੇ। ਨੇਰੂਦਾ ਦੀ ਕਵਿਤਾ ਬੇਇਨਸਾਫੀ ਤੇ ਲੁੱਟ-ਖਸੁੱਟ ਦੇ ਖਿਲਾਫ ਲੜਨ ਵਾਲਿਆਂ ਨੂੰ ਪ੍ਰੇਰਨਾ ਦਿੰਦੀ ਰਹੇਗੀ।

ਉਹਨਾਂ ਦੇ ਜਨਮਦਿਨ ਮੌਕੇ ਪੇਸ਼ ਹੈ ਉਹਨਾਂ ਦੀ ਇਹ ਕਵਿਤਾ-

**ਜਿੱਤ**

ਮੈਂ ਦਿਲੋਂ ਨਾਲ ਹਾਂ ਲੋਕਾਂ ਦੇ
ਜਿਨ੍ਹਾਂ ਦੀ ਜਿੱਤ ਹੋਵੇਗੀ
ਹਰ ਕਿਸੇ ਦੀ ਜਿੱਤ ਹੋਵੇਗੀ,
ਵਾਰੀ ਵਾਰੀ ਉਦਾਸੀਆਂ ਭਿੱਜੇ
ਰੁਮਾਲਾਂ ਵਾਂਗ ਨਿਚੋੜ ਦਿੱਤੇ ਜਾਣਗੇ
ਉਹ ਸਾਰੇ ਹੰਝੂ ਜੋ ਕਬਰਾਂ,
ਰੇਗਿਸਤਾਨਾਂ, ਬਰਾਂਡਿਆਂ
ਸ਼ਹਾਦਤਾਂ ਵਿੱਚ ਡੋਲ੍ਹੇ ਗਏ,
ਸੁਕਾ ਦਿੱਤੇ ਜਾਣਗੇ
ਸਮਾਂ ਨੇੜੇ ਹੀ ਹੈ ਪਰ ਹਾਲ ਦੀ ਘੜੀ
ਡੂੰਘੀਆਂ ਨਫਰਤਾਂ ਨੂੰ ਪਲਣ ਦਿਉ
ਤਾਂ ਜੋ ਵੈਰੀਆਂ ਨੂੰ ਸਜ਼ਾਵਾਂ ਦੇਣ ਵੇਲੇ ਕੰਬ
ਨਾ ਜਾਣ ਸਾਡੇ ਹੱਥ
ਸਮੇਂ ਦੀ ਘੜੀ ਨੂੰ ਅਪਣਾ ਕੰਮ ਕਰਨ ਦਿਉ
ਲੋਕਾਂ ਨੂੰ ਭਰਨ ਦਿਉ ਗਲੀਆਂ ਤੇ ਮੁਹੱਲੇ
ਮੇਰੇ ਕੋਲ ਝੰਡਾ ਤਾਂ ਨਹੀਂ ਪਰ ਏਦਾਂ ਦੇ ਸਮੇਂ
ਲਈ ਥਾਂ ਹੈ ਮੇਰੇ ਦਿਲ ’ਚ

# ਲੱਕ ਤੋੜ ਮਹਿੰਗਾਈ ਪ੍ਰਤੀ ਸਰਕਾਰ ਹੈ ਗੰਭੀਰ ?




ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਅਕਸਰ ਹੀ ਸੁਣਨ ਵਿੱਚ ਆ ਰਿਹਾ ਹੈ ਕਿ ਮਹਿੰਗਾਈ ਅਮਰਵੇਲ ਦੀ ਤਰ੍ਹਾਂ ਲਗਾਤਾਰ ਵਧ ਰਹੀ ਹੈ। ਰਾਸ਼ਨ ਦੀ ਦੁਕਾਨ ਤੋਂ ਜੇ ਕਣਕ ਚੌਲ ਮਿਲ ਜਾਂਦੇ ਹਨ ਤਾਂ ਉਸ ਨੂੰ ਪਕਾ ਕੇ ਖਾਣ ਲਈ ਸਰ੍ਹੋਂ ਦਾ ਤੇਲ ਅਕਸਰ ਗਰੀਬ ਲੋਕ ਨਹੀਂ ਖਰੀਦ ਸਕਦੇ। ਮਹਿੰਗਾਈ ਦੀ ਸਮੱਸਿਆ ਬਹੁਤ ਗੰਭੀਰ ਹੋ ਗਈ ਹੈ। 94 ਫੀਸਦੀ ਮਜਦੂਰ ਜਮਾਤ ਗ਼ੈਰ-ਜਥੇਬੰਦ ਖੇਤਰ ਵਿੱਚ ਹੈ। ਇਹ ਲੋਕ ਕਰਮਚਾਰੀ ਯੂਨੀਅਨਾਂ ਰਾਹੀਂ ਆਪਣੀ ਤਨਖਾਹ ਨਹੀਂ ਵਧਾ ਸਕਦੇ ਕਿਉਂਕਿ ਉਹਨਾਂ ਦੀ ਜਥੇਬੰਦੀ ਕੋਈ ਹੈ ਹੀ ਨਹੀਂ। ਵਿਕਸਿਤ ਦੇਸ਼ਾਂ ਵਿਚ ਜਥੇਬੰਦ ਖੇਤਰ ਵੱਧ ਹੁੰਦਾ ਹੈ। ਉਥੇ ਜੇ ਮਹਿੰਗਾਈ ਦਰ 20 ਫੀਸਦੀ ਵੀ ਪਹੁੰਚ ਜਾਏ ਤਾਂ ਇੰਡਕਸੇਸ਼ਨ ਨਾਲ ਕੰਮ ਚੱਲ ਜਾਂਦਾ ਹੈ ਪਰ ਭਾਰਤ ਵਿੱਚ 10 ਫੀਸਦੀ ਮਹਿੰਗਾਈ ਦਰ ਵੀ ਬਹੁਤ ਜ਼ਿਆਦਾ ਹੈ। ਗੈਰ-ਜਥੇਬੰਦ ਖੇਤਰ ਵਿੱਚ ਵੱਡੀ ਗਿਣਤੀ ਵਿੱਚ ਲੋਕ ਬੇਰੁਜਗਾਰ ਵੀ ਹੋਏ ਹਨ, ਯਾਨੀ ਇੱਕ ਪਾਸੇ ਤਾਂ ਨੌਕਰੀ ਚਲੀ ਗਈ, ਤਨਖਾਹ ਘਟ ਗਈ ਅਤੇ ਦੂਜੇ ਪਾਸੇ ਮਹਿੰਗਾਈ ਵਧ ਗਈ। ਇਸ ਤਰ੍ਹਾਂ ਉਨ੍ਹਾਂ ਤੇ ਦੂਹਰੀ ਮਾਰ ਪੈ ਗਈ। ਬਜ਼ੁਰਗ ਤਾਂ ਪੈਨਸ਼ਨ ਜਾਂ ਬੱਚਤ ਤੇ ਮਿਲਣ ਵਾਲੀ ਵਿਆਜ ਦੀ ਪੈਸਿਆਂ ਤੇ ਹੀ ਨਿਰਭਰ ਹੁੰਦੇ ਹਨ। ਸਰਕਾਰਾਂ ਨੇ ਮਹਿੰਗਾਈ ਭੱਤਾ ਫਰੀਜ/ਜਾਮ ਕਰ ਦਿੱਤਾ ਹੈ ਅਤੇ ਡੇਢ ਸਾਲ ਵਿੱਚ ਬੈਂਕਾਂ ਨੇ ਵਿਆਜ ਦਰਾਂ ਹੋਰ ਘਟਾ ਦਿੱਤੀਆਂ ਹਨ। ਇਸ ਨਾਲ ਬਜੁਰਗਾਂ ਤੇ ਵੀ ਦੋਹਰੀ ਮਾਰ ਪਈ ਹੈ। ਇਸ ਗੱਲ ਵਿੱਚ ਵੀ ਕੋਈ ਅਤਿਕਥਨੀ ਨਹੀਂ ਕਿ ਅਰਥਚਾਰੇ ਦੇ 95 ਫੀਸਦੀ ਹਿੱਸੇ ਤੇ ਖਾਣ ਪੀਣ ਵਾਲੀਆਂ ਵਸਤਾਂ ਦੀ ਮਹਿੰਗਾਈ ਦਾ ਅਸਰ ਪਿਆ ਹੈ। ਪੈਟਰੋਲ ਡੀਜ਼ਲ ਤੇ ਟੇਢੇ ਢੰਗ ਨਾਲ ਟੈਕਸ ਲੱਗਦਾ ਹੈ ਅਤੇ ਇਹ ਗਰੀਬਾਂ ਨੂੰ ਜ਼ਿਆਦਾ ਅਸਰਅੰਦਾਜ਼ ਕਰਦਾ ਹੈ। ਤੁਸੀਂ ਕੁਝ ਵੀ ਪੈਦਾ ਕਰਨਾ ਚਾਹੋ ਊਰਜਾ ਦੀ ਲੋੜ ਤਾਂ ਪੈਂਦੀ ਹੀ ਹੈ। ਊਰਜਾ ਮਹਿੰਗੀ ਕਰੋਗੇ ਤਾਂ ਹਰ ਚੀਜ਼ ਮਹਿੰਗੀ ਹੋ ਜਾਵੇਗੀ ਜਿਵੇਂ ਕਣਕ ਤੇ ਜੀਐੱਸਟੀ ਨਹੀਂ ਹੈ ਪਰ ਡੀਜ਼ਲ ਮਹਿੰਗਾ ਹੋਣ ਨਾਲ ਕਣਕ ਦੀ ਕਟਾਈ, ਢੋਹਾ-ਢੁਆਈ, ਪੰਪਸੈੱਟ/ਟਿਊਬਵੈੱਲ ਆਦਿ ਦਾ ਖਰਚ ਵਧਣ ਕਾਰਨ ਇਹ ਮਹਿੰਗੀ ਹੋ ਜਾਵੇਗੀ। ਪੈਟਰੋਲੀਅਮ ਪਦਾਰਥਾਂ ਤੇ ਕੇਂਦਰ ਦਾ ਪੈਦਾਵਾਰ ਟੈਕਸ ਅਤੇ ਰਾਜਾਂ ਦਾ ਵੈਟ ਵਧਾਉਣਾ ਸਰਾਸਰ ਗਲਤ ਰਣਨੀਤੀ ਹੈ। ਭਾਰਤ ਭਾਵੇਂ ਅਜੇ ਲੌਕਡਾਊਨ ਤੋਂ ਉੱਭਰ ਰਿਹਾ ਹੈ, ਵਿਕਸਤ ਦੇਸ਼ਾਂ ਵਿਚ ਹਾਲਾਤ ਬਿਹਤਰ ਹੋਣ ਦੇ ਕਾਰਨ ਉਥੇ ਮੰਗ ਵਧੀ ਗਈ ਹੈ, ਇਸ ਨਾਲ ਮੈਟਲ ਅਤੇ ਦੂਸਰੀਆਂ ਖਪਤਕਾਰੀ ਵਸਤੂਆਂ ਦੇ ਭਾਅ ਵਧ ਰਹੇ ਹਨ। ਇੱਕ ਤਾਂ ਭਾਰਤ ਅਜੇ ਅਰਥਚਾਰੇ ਨੂੰ ਪੂਰੀ ਤਰ੍ਹਾਂ ਖੋਲ੍ਹਣ ਦੀ ਹਾਲਤ ਵਿੱਚ ਨਹੀਂ ਹੈ ਅਤੇ ਦੂਜੇ ਪਾਸੇ ਇਸ ਨੂੰ ਮਹਿੰਗੀਆਂ ਖਪਤਕਾਰੀ ਵਸਤਾਂ ਨੂੰ ਝੱਲਣਾ ਪੈ ਰਿਹਾ ਹੈ।

ਅਨਲੌਕ ਦੇ ਸਮੇਂ ਜਥੇਬੰਦ ਖੇਤਰ ਵਿਚ ਸਿਰਫ 63 ਫੀਸਦੀ ਸਮਰੱਥਾ ਦੀ ਹੀ ਵਰਤੋਂ ਹੋ ਰਹੀ ਸੀ। ਹੁਣ ਉਹ ਹੋਰ ਘਟ ਗਈ ਹੈ। ਜਦ ਸਮਰੱਥਾ ਦੀ ਵਰਤੋਂ ਏਨੀ ਘੱਟ ਹੋਵੇਗੀ ਤਾਂ ਕੰਪਨੀਆਂ ਨਵਾਂ ਨਿਵੇਸ਼ ਕਰਨਗੀਆਂ ਕਿਵੇਂ ? 85 ਤੋਂ 90 ਫੀਸਦੀ ਸਮਰਥਾ ਦੀ ਵਰਤੋਂ ਹੋਣ ਤੇ ਹੀ ਕੰਪਨੀਆਂ ਨਿਵੇਸ਼ ਕਰਦੀਆਂ ਹਨ। ਪੂੰਜੀ ਨਿਵੇਸ਼ ਅਤੇ ਖਪਤ ਘੱਟ ਹੋਵੇਗੀ ਤਾਂ ਅਰਥਚਾਰੇ ਵਿੱਚ ਸੁਸਤੀ ਬਣੀ ਰਹੇਗੀ। ਇਸ ਲਈ ਹੁਣ ਜੋ ਮਰਜੀ ਹੋਵੇ, ਮਹਿੰਗਾਈ ਨੂੰ ਕਿਵੇਂ ਨਾ ਕਿਵੇਂ ਕੰਟਰੋਲ ਕਰਨਾ ਜ਼ਰੂਰੀ ਹੈ। ਲਗਾਤਾਰ ਤੀਜੇ ਸਾਲ ਫਸਲ ਅੱਛੀ ਹੋਣ ਦੀ ਉਮੀਦ ਹੈ। ਦਸ ਕਰੋੜ ਟਨ ਤੋਂ ਜ਼ਿਆਦਾ ਅਨਾਜ ਦਾ ਭੰਡਾਰ ਹੈ, ਫਿਰ ਵੀ ਖਾਣ ਪੀਣ ਦੀਆਂ ਚੀਜ਼ਾਂ ਦੇ ਭਾਅ ਵਧ ਰਹੇ ਹਨ। ਇਸ ਦੀ ਇੱਕ ਵਜਾਹ ਤਾਂ ਸਪਲਾਈ ਦੀ ਸਮਸਿਆ ਹੈ। ਪਿੰਡਾਂ ਵਿੱਚ ਕਰੋਨਾ ਫੈਲਣ ਕਾਰਨ ਉਥੇ ਮਜ਼ਦੂਰੀ ਦੀ ਸਮੱਸਿਆ ਆਈ ਤਾਂ ਇਸ ਦਾ ਵੀ ਅਸਰ ਪਿਆ ਹੈ।

ਸਰਕਾਰ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਸੀ ਕਿ ਜਰੂਰੀ ਵਸਤਾਂ ਦੀ ਸਪਲਾਈ ਵਿੱਚ ਕਿਸੇ ਤਰ੍ਹਾਂ ਦਾ ਅੜਿੱਕਾ ਨਾ ਆਵੇ। ਅਜੇ ਜ਼ਰੂਰੀ ਵਸਤਾਂ ਦੀ ਸਪਲਾਈ ਵਿੱਚ ਵੀ ਅੜਿਕਾ ਆ ਰਿਹਾ ਹੈ, ਜਿਸ ਦਾ ਅਸਰ ਮਹਿੰਗਾਈ ਤੇ ਦਿਸਦਾ ਹੈ। ਇਹ ਮਹਿੰਗਾਈ ਮੁਦਰਿਕ ਕਾਰਨਾਂ ਕਰ ਕੇ ਨਹੀਂ। ਇਸ ਲਈ ਇਸ ਨੂੰ ਹੱਲ ਕਰਨ ਵਿੱਚ ਰਿਜਰਵ ਬੈਂਕ ਦੀ ਭੂਮਿਕਾ ਬਹੁਤੀ ਨਹੀਂ ਹੈ। ਸਰਕਾਰ ਨੂੰ ਹੀ ਜਰੂਰੀ ਕਦਮ ਚੁੱਕਣੇ ਪੈਣਗੇ। ਸਰਕਾਰ ਨੇ ਰਿਜਰਵ ਬੈਂਕ ਨੂੰ ਵਿਕਸਿਤ ਦੇਸ਼ਾਂ ਦੀ ਤਰ੍ਹਾਂ ਚਾਰ ਫੀਸਦੀ (ਉਸ ਵਿੱਚੋਂ ਦੋ ਫ਼ੀਸਦੀ ਘੱਟ ਜਾਂ ਵੱਧ) ਮਹਿੰਗਾਈ ਦਰ ਜੋ ਟੀਚਾ ਦਿੱਤਾ ਹੈ, ਉਹ ਠੀਕ ਨਹੀਂ। ਸੋਕਾ ਪੈ ਜਾਵੇ ਜਾਂ ਕੌਮਾਂਤਰੀ ਬਾਜ਼ਾਰ ਵਿਚ ਕੀਮਤਾਂ ਵਧ ਜਾਣ ਤਾਂ ਇੱਥੇ ਵੀ ਮਹਿੰਗਾਈ ਵਧੇਗੀ। ਤਦ ਮੁਦਰਕ ਨੀਤੀ ਨੂੰ ਸਖ਼ਤ ਕਰਕੇ ਮਹਿੰਗਾਈ ਤੇ ਕੰਟਰੋਲ ਨਹੀਂ ਕੀਤਾ ਜਾ ਸਕਦਾ ਹੈ। ਸਾਡਾ ਮਹਿੰਗਾਈ ਦਾ ਅੰਕੜਾ ਵੀ ਅਧੂਰਾ ਹੈ। ਜੀਡੀਪੀ ਵਿੱਚ ਸਰਵਿਸ ਸੈਕਟਰ ਦਾ ਹਿੱਸਾ 60 ਫੀਸਦੀ ਹੈ। ਪਰ ਥੋਕ ਮਹਿੰਗਾਈ ਦਰ ਦੇ ਇੰਡੈਕਸ ਵਿਚ ਸਰਵਿਸ ਸੈਕਟਰ ਨੂੰ ਗਿਣਿਆ ਹੀ ਨਹੀਂ ਜਾਂਦਾ। ਪ੍ਰਚੂਨ ਮਹਿੰਗਾਈ ਵਿਚ ਵੀ ਸਰਵਿਸਿਜ ਦਾ ਹਿੱਸਾ 30 ਫੀਸਦੀ ਹੈ ਇਸ ਨਾਲ ਸਰਵਿਸ ਸੈਕਟਰ ਵਿੱਚ ਮਹਿੰਗਾਈ ਦਾ ਪਤਾ ਹੀ ਨਹੀਂ ਚਲਦਾ। ਅਜੇ ਤੱਕ ਸਰਕਾਰ ਸਿਰਫ਼ ਸਪਲਾਈ ਵਧਾਉਣ ਤੇ ਹੀ ਧਿਆਨ ਦੇ ਰਹੀ ਹੈ ਮੰਗ ਵਧਾਉਣ ਤੇ ਨਹੀਂ। ਆਤਮ ਨਿਰਭਰ ਭਾਰਤ ਸਕੀਮ ਵੀ ਪੂਰੀ ਤਰ੍ਹਾਂ ਸਪਲਾਈ ਤੇ ਹੀ ਆਧਾਰਿਤ ਹੈ।




ਸਰਕਾਰ ਨੌਂ ਲੱਖ ਕਰੋੜ ਰੁਪਏ ਵਾਧੂ ਕਰਜਾ ਦੇਣ ਦੀ ਗੱਲ ਕਹਿ ਰਹੀ ਹੈ, ਪਰ ਕੋਈ ਵੀ ਕੰਪਨੀ ਕਰਜਾ ਤਾਂ ਲਵੇਗੀ ਜਦ ਉਸ ਦੀਆਂ ਵਸਤੂਆਂ ਦੀ ਮੰਗ ਵਧੇਗੀ। ਸਰਕਾਰ ਨੇ ਮੰਗ ਵਧਾਉਣ ਲਈ ਸਿਰਫ ਢਾਈ ਲੱਖ ਕਰੋੜ ਰੁਪਏ ਹੀ ਦਿੱਤੇ ਹਨ, ਬਾਕੀ ਸਪਲਾਈ ਵਧਾਉਣ ਲਈ ਸਨ। ਆਰਬੀਆਈ ਬੈਂਕਾਂ ਨੂੰ ਕਹਿ ਰਿਹਾ ਹੈ ਕਿ ਤੁਸੀਂ ਆਪਣੇ ਪਾਸ ਨਕਦੀ ਜਮਾਂ ਨਾ ਕਰਕੇ ਬਿਜ਼ਨੈੱਸ ਨੂੰ ਕਰਜ਼ੇ ਦਿਓ। ਪਰ ਬੈਂਕਾਂ ਦਾ ਕਹਿਣਾ ਹੈ ਕਿ ਮੰਗ ਵਿੱਚ ਕਮੀ ਦੇ ਕਾਰਨ ਕੰਪਨੀਆਂ ਦੀ ਤਰਫੋਂ ਕਰਜੇ ਦੀ ਮੰਗ ਨਹੀਂ ਆ ਰਹੀ ਹੈ, ਫਿਰ ਵੀ ਕਿ ਜੇ ਉਹਨਾਂ ਨੂੰ ਕਰਜਾ ਦਿੱਤਾ ਗਿਆ ਤਾਂ ਐੱਨ ਪੀ ਏ ਵਧਣ ਦਾ ਖਤਰਾ ਰਹੇਗਾ। ਸਰਕਾਰ ਨੂੰ ਕਮਜੋਰ ਵਰਗ ਦੇ ਹੱਥਾਂ ਵਿੱਚ ਪੈਸਾ ਦੇਣਾ ਚਾਹੀਦਾ ਸੀ। ਇਸ ਨਾਲ ਫੌਰੀ ਮੰਗ ਵਧਦੀ ਅਤੇ ਅਰਥਚਾਰੇ ਵਿੱਚ ਸੁਧਾਰ ਹੁੰਦਾ। ਸਰਕਾਰ ਦਾ ਇਹ ਤਰਕ ਗਲਤ ਹੈ ਕਿ ਲੋਕ ਇਸ ਤਰ੍ਹਾਂ ਦਿੱਤੀ ਗਈ ਰਕਮ ਨੂੰ ਖਰਚ ਕਰਨ ਦੀ ਬਜਾਏ ਉਸ ਦੀ ਬਚੱਤ ਕਰਨਗੇ। ਜਿਨ੍ਹਾਂ ਲੋਕਾਂ ਕੋਲ ਰੋਟੀ ਖਾਣ ਨੂੰ ਪੈਸੇ ਨਹੀਂ ਉਹ ਬੱਚਤ ਕੀ ਕਰਨਗੇ ? ਉੱਚ ਮੱਧਵਰਗ ਨੂੰ ਅਜਿਹੀ ਰਾਹਤ ਦੀ ਲੋੜ ਨਹੀਂ, ਪਰ ਜਿਹਨਾਂ ਦੀ ਕੋਈ ਆਮਦਨੀ ਨਹੀਂ ਉਨ੍ਹਾਂ ਨੂੰ ਫੌਰੀ ਮਦਦ ਚਾਹੀਦੀ ਹੈ। ਇਸ ਲਈ ਸਰਕਾਰ ਦੇ ਕੋਲ ਰਾਜਕੋਸ਼ੀ ਘਾਟਾ ਵਧਾਉਣ ਦੀ ਵੀ ਗੁੰਜਾਇਸ਼ ਹੈ। ਸਰਕਾਰ ਨੂੰ ਵੈਕਸੀਨੇਸ਼ਨ ਵੀ ਤੇਜ਼ੀ ਲਿਆਉਣੀ ਪਵੇਗੀ।

ਮੌਜੂਦਾ ਰਫ਼ਤਾਰ ਨਾਲ ਤਾਂ ਅਸੀਂ ਅਗਲੇ ਸਾਲ ਦੇ ਅੱਧ ਤਕ ਹੀ ਸਭ ਨੂੰ ਟੀਕਾ ਲਾ ਸਕਾਂਗੇ।ਸਰਕਾਰ ਨੂੰ ਵੈਕਸੀਨ ਦੀ ਉਪਲੱਬਧਤਾ ਵਧਾਉਣ ਦੇ ਉਪਾਅ ਕਰਨੇ ਪੈਣਗੇ। ਸਿਰਫ ਇੰਸਟੀਚਿਊਟ ਸਾਲ ਵਿਚ 100 ਕਰੋੜ ਵੈਕਸੀਨ ਬਣਾ ਸਕਦੀ ਹੈ ਪਰ ਉਸ ਨੂੰ ਅਮਰੀਕਾ ਤੋਂ ਕੱਚਾ ਮਾਲ ਵੀ ਨਹੀਂ ਮਿਲਿਆ ਹੈ। ਯੂਨੀਸੇਫ ਨੇ 90 ਗ਼ਰੀਬ ਦੇਸ਼ਾਂ ਨੂੰ ਵੈਕਸੀਨ ਦੇਣ ਦੀ ਯੋਜਨਾ ਬਣਾਈ ਹੈ ਪਰ ਉਸ ਨੂੰ ਵੈਕਸੀਨ ਮਿਲ ਹੀ ਨਹੀਂ ਰਹੀ। ਜਦ ਯੂਨੀਸੇਫ ਨੂੰ ਨਹੀਂ ਮਿਲ ਰਹੀ ਤਾਂ ਭਾਰਤ ਨੂੰ ਵੀ ਨਹੀਂ ਮਿਲੇਗੀ। ਕੋਰੋਨਾ ਵਾਇਰਸ ਦੇ ਨਵੇਂ ਮੂਟੈਂਟ ਤੇ ਵੈਕਸੀਨ ਦਾ ਅਸਰ ਘੱਟ ਹੁੰਦਾ ਹੈ, ਇਸ ਲਈ ਸਭ ਨੂੰ ਜਲਦੀ ਵੈਕਸੀਨ ਲਾਉਣ ਦੀ ਜ਼ਰੂਰਤ ਹੈ। ਵਰਨਾ ਨਵੇਂ ਮੂਟੈਂਟ ਆਉਂਦੇ ਰਹਿਣਗੇ ਤੇ ਲੋਕਾਂ ਦੀਆਂ ਸਮਸਿਆਵਾਂ ਵਧਦੀਆਂ ਜਾਣਗੀਆਂ। (ਸਰੋਤ ਆਊਟ ਲੁੱਕ ਜੁਲਾਈ 2021)

# ਪੰਜਾਬ ਵਿਰੋਧੀ ਬਿਜਲੀ ਸਮਝੌਤੇ ਰੱਦ ਹੋਣ ਤੇ ਸਸਤੀ ਬਿਜਲੀ ਯਕੀਨੀ ਬਣੇ



ਜਸਦੇਵ ਸਿੰਘ ਲਲਤੋਂ
0161-2805677

ਪੰਜਾਬ ’ਚ ਫਰਵਰੀ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਨਵਰੀ 17 ’ਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ’ਚ ਵਾਅਦਾ ਦਰਜ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ’ਤੇ 4 ਹਫਤੇ ਦੇ ਅੰਦਰ ਹੀ ਆਮ ਜਨਤਾ ਲਈ ਘਰੇਲੂ ਬਿਜਲੀ 5 ਰੁ:/- ਯੂਨਿਟ ਦੀ ਦਰ ਨਾਲ ਸਪਲਾਈ ਕੀਤੀ ਜਾਵੇਗੀ। ਲੇਕਿਨ ਹਰ ਸਾਲ ਦਰਾਂ ‘ਚ ਵਾਧਾ ਕਰਦੇ ਹੋਏ, 1 ਜਨਵਰੀ 2020 ਨੂੰ 1490 ਕਰੋੜ ਰੁਪਏ ਦਾ ਨਵਾਂ ਬੋਝ ਖੱਪਤਕਾਰਾਂ ਸਿਰ ਪਾ ਕੇ ਅਤੇ ਨਵੇਂ ਫਿਕਸ ਚਾਰਜਿਜ਼ ਮੜ੍ਹ ਕੇ, ਆਮ ਖੱਪਤਕਾਰਾਂ ਸਿਰ ਪਾਉਣੇ ਆਰੰਭ ਕੇ ਇਸਦੇ ਰੇਟ 9 ਰੁ:/- ਯੂ: ਤੋਂ ਉਪਰ ਚੱਕ ਦਿੱਤੇ।

**ਫਿਕਸ ਚਾਰਜਿਜ਼ ਕੀ ਹਨ ਤੇ ਕਿਉਂ ?** : 2012 ’ਚ ਤਤਕਾਲੀ ਪੰਜਾਬ ਸਰਕਾਰ ਨੇ ਪ੍ਰਾਈਵੇਟ ਬਿਜਲੀ ਕਾਰਪੋਰੇਟਾਂ ਨਾਲ 25 ਸਾਲ ਲਈ ਬਿਜਲੀ ਸਮਝੌਤੇ ਕੀਤੇ। ਜਿੰਨ੍ਹਾਂ ਮੁਤਾਬਿਕ ਐਨ.ਪੀ.ਐਲ (ਰਾਜਪੁਰਾ), ਟੀ. ਐਸ. ਪੀ.ਐਲ (ਤਲਵੰਡੀ ਸਾਬੋ), ਜੀ.ਵੀ.ਕੇ. (ਗੋਇੰਦਵਾਲ) ਨਿਜੀ ਪਾਵਰ ਪਲਾਟਾਂ ਨੂੰ ਹਰ ਸਾਲ ਅਰਬਾਂ ਰੁ:/- ਪਲਾਂਟ, ਪਾਵਰਕਾਮ ਦੇ ਸਰਕਾਰੀ ਖਜਾਨੇ ਵਿਚੋਂ ਫਿਕਸ ਚਾਰਜਿਜ਼ ਦੇ ਰੂਪ ’ਚ ਅਦਾ ਕੀਤੇ ਜਾਇਆ ਕਰਨਗੇ। ਇਹ ਫਿਕਸ ਚਾਰਜਿਜ਼, ਪਾਵਰਕਾਮ ਵੱਲੋਂ ਨਿਜੀ ਕੰਪਨੀਆਂ ਤੋਂ ਖਰੀਦੀ ਬਿਜਲੀ ਦੇ ਖਰੀਦਮੁਲ ਤੋਂ ਬਿਲਕੁਲ ਵੱਖਰੇ ਹੋਣਗੇ। ਬੇਸ਼ੱਕ ਸਾਰਾ ਸਾਲ ਇਕ ਵੀ ਯੂਨਿਟ ਬਿਜਲੀ ਨਾ ਖਰੀਦੋ, ਫਿਕਸ ਚਾਰਜਿਜ਼ ਪੂਰੇ ਦੇ ਪੂਰੇ ਹੀ ਅਦਾ ਕਰਨੇ ਪੈਣਗੇ। ਸਰਕਾਰੀ ਖਜ਼ਾਨਾ ਲੁਟਾਉਣ ਦੀ ਨੰਗੀ ਚਿੱਟੀ ਮਿਸਾਲ।ਇਸ ਤਰ੍ਹਾਂ 2019-20 ਦੇ 3587.81 ਕਰੋੜ ਰੁਪਏ ਸਮੇਤ 2013-14 ਤੋਂ ਮਾਰਚ 20 ਤੱਕ 17250.15 ਕਰੋੜ ਰੁ: ਦੀ ਅਦਾਇਗੀ ਹੋ ਚੁੱਕੀ ਹੈ।

**ਕੋਇਲੇ ਦੇ ਮੁੱਦੇ ਬਾਰੇ** : ਮਾਰਚ 2015 ’ਚ ਕੋਇਲੇ ਦੀ ਪਿਛਵਾੜਾ (ਝਾਰਖੰਡ) ਖਾਣ ਅਲਾਟ ਹੋਣ ਦੇ ਬਾਵਜੂਦ ਪਾਵਰਕਾਮ ਵਲੋਂ ਮਾਰਚ 20 ਤੱਕ ’ਕੋਲ ਇੰਡੀਆ’ ਤੋਂ ਮਹਿੰਗਾ ਤੇ ਘਟੀਆ ਕਿਸਮ ਦਾ ਕੋਇਲਾ ਮੰਗਵਾਉਣਾ ਜਾਰੀ ਹੈ। ਸਿਟੇ ਵਜੋਂ ਪਹਿਲੇ 2 ਸਾਲਾਂ ’ਚ ਹੀ 800 ਕਰੋੜ ਰੁ: ਦਾ ਰਗੜਾ ਲੱਗਿਆ। ਮਾਰਚ 20 ਤੱਕ ਇਹ ਨੁਕਸਾਨ 2000 ਕਰੋੜ ਰੁ: ਤੋਂ ਉਪਰ ਹੋ ਚੁੱਕਾ ਹੈ।

**ਮੁਨਾਫੇ ਕੰਪਨੀਆਂ ਨੂੰ ਤੇ ਧੁਲਾਈ ਪਾਵਰਕਾਮ ਨੂੰ** : ਕੋਇਲੇ ਦੀ ਧੁਲਾਈ ਦੇ ਜਨਵਰੀ 20 ’ਚ 1424 ਕਰੋੜ ਰੁ: ਅਦਾ ਕੀਤੇ। 1300 ਕਰੋੜ ਰੁ: ਹੋਰ ਮਾਰਚ 20 ਤੱਕ ਦਿੱਤੇ ਜਾਣੇ ਸਨ। ਸਮਝੌਤਿਆਂ ਦੇ ਰੰਗ ਦੇਖੋ-ਅੰਨ੍ਹੇ ਮੁਨਾਫੇ ਨਿਜੀ ਕੰਪਨੀਆਂ ਦੀਆਂ ਤਿਜੌਰੀਆਂ ’ਚ ਤੇ ਧੁਲਾਈ ਦਾ ਖਰਚਾ ਪਾਵਰਕਾਮ ਸਿਰ!

**ਨਹੀਂ ਵਸੂਲੇ ਦੇਰੀ ਦੇ ਜੁਰਮਾਨੇ** : ਬਿਜਲੀ ਸਮਝੌਤਿਆਂ ਅਨੁਸਾਰ ਬਿਜਲੀ ਸਪਲਾਈ ’ਚ ਦੇਰੀ ਦੀ ਸੂਰਤ ’ਚ ਵਸੂਲੇ ਜਾਣ ਵਾਲੇ ਜੁਰਮਾਨਿਆਂ ’ਚੋਂ ਤਲਵੰਡੀ ਸਾਬੋ ਪਲਾਂਟ ਵੱਲ 2012-13 ਦੇ 950 ਕਰੋੜ ਰੁ: ਤੇ ਗੋਇੰਦਵਾਲ ਪਲਾਂਟ ਵੱਲ 250 ਕਰੋੜ ਰੁ: ਖੜੇ ਹਨ। ਅਜੇ ਤੱਕ ਵਸੂਲੀ ਨਹੀਂ ਕੀਤੀ ਗਈ। ਖੁੱਲ੍ਹੀਆਂ ਛੋਟਾਂ ਜਾਰੀ ਹਨ!

**ਸਰਕਾਰੀ ਬਿਜਲੀ ਪਲਾਂਟਾਂ ਵੱਲ ਧਾਰੇ ਰਵਈਏ ਬਾਰੇ** : ਸਰਕਾਰੀ ਥਰਮਲ ਤੇ ਪਣ ਬਿਜਲੀ ਪਲਾਂਟ (ਪੂਰੀ ਸਮਰੱਥਾ ਅਨੁਸਾਰ) ਮਿਲ ਕੇ ਰੋਜ਼ਾਨਾ 13,000 ਮੈਗਾਵਾਟ ਬਿਜਲੀ ਪੈਦਾ ਕਰ ਕੇ ਲੋੜ ਪੂਰੀ ਕਰ ਸਕਦੇ ਹਨ। ਪ੍ਰੰਤੂ ਕੈਪਟਨ ਸਰਕਾਰ ਨੇ ਨਿਜੀ ਕੰਪਨੀਆਂ ਨੂੰ ਪਾਲਣ ਤੇ ਇਨ੍ਹਾਂ ਦਾ ਹੋਰ ਦਾਖਲਾ ਕਰਵਾਉਣ ਲਈ ਚੰਗਾ ਭਲਾ ਚਲਦਾ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ 1 ਜਨਵਰੀ 18 ਤੋਂ ਪੂਰੀ ਤਰ੍ਹਾਂ ਬੰਦ ਕਰ ਦਿੱਤਾ। (ਜਿਸਦੇ ਮੁਕੰਮਲ ਨਵੀਨੀਕਰਨ ਉਪਰ 2014 ਤੱਕ 760 ਕਰੋੜ ਰੁ: ਖਰਚੇ ਜਾ ਚੁੱਕੇ ਸਨ ਅਤੇ ਇਸਦੀ ਮਿਆਦ ਹੋਰ 20 ਸਾਲ ਤੱਕ ਲਈ ਵੱਧ ਚੁੱਕੀ ਸੀ।) ਲਹਿਰਾ ਮੁਹੱਬਤ ਤੇ ਰੋਪੜ ਦੇ ਥਰਮਲ ਪਲਾਂਟਾਂ ਦੇ 10 ਯੂਨਿਟਾਂ ਵੀ ਤਕਰੀਬਨ ਬੰਦ ਹੀ ਰੱਖੇ ਜਾ ਰਹੇ ਹਨ, ਕਦੇ ਕਦੇ 1 ਜਾਂ 2 ਯੂਨਿਟ ਚਲਾਏ ਜਾਂਦੇ ਹਨ। ਇਹ ਪਲਾਂਟ ਤਕਰੀਬਨ 4 ਰੁ: /- ਯੂਨਿਟ ਦੀ ਲਾਗਤ ਕੀਮਤ ਵਾਲੀ ਸਸਤੀ ਬਿਜਲੀ ਪੈਦਾ ਕਰਦੇ ਹਨ। ਦੂਜੇ ਪਾਸੇ ਪਣ ਬਿਜਲੀ ਪਲਾਂਟ ਲੱਗਭਗ 1 ਰੁ:/- ਯੂਨਿਟ (0.37-1.66 ਰੁ: ਵਿਚਕਾਰ) ਇਸ ਤਰ੍ਹਾਂ ਵਾਜਬ ਮੁਨਾਫਾ ਰੱਖ ਕੇ ਵੀ ਰਲੀ ਮਿਲੀ ਸਰਕਾਰੀ ਬਿਜਲੀ 4 ਰੁ:/- ਯੂਨਿਟ ਆਮ ਜਨਤਾ ਨੂੰ ਦਿਤੀ ਜਾ ਸਕਦੀ ਹੈ ਤੇ ਦੇਣੀ ਚਾਹੀਦੀ ਹੈ। ਲੇਕਿਨ ਆਪਦੇ 5 ਰੁ:/- ਯੂਨਿਟ ਵਾਲੇ ਵਾਅਦੇ ਤੋਂ ਭੱਜ ਕੇ 9 ਰੁ:/- ਯੂਨਿਟ ਤੋਂ ਉਪਰ ਵੇਚ ਕੇ ਆਮ ਜਨਤਾ ਦਾ ਖ਼ੂਨ ਨਿਚੋੜ ਰਹੀ ਹੈ।

**ਮਾਰਕਿਟ ’ਚੋਂ ਸਸਤੀ ਬਿਜਲੀ ਨਹੀਂ ਮਨਜ਼ੂਰ** : 10-12 ਅਪ੍ਰੈਲ 17 ਨੂੰ ਮੁੰਬਈ ਵਿਖੇ ਕੈਪਟਨ ਅਮਰਿੰਦਰ ਸਿੰਘ ਦੀ ਨਿਜੀ ਬਿਜਲੀ ਕੰਪਨੀਆਂ ਨਾਲ ਹੋਈ 3 ਰੋਜਾ ਮੀਟਿੰਗ ਦੌਰਾਨ, ਅਨਿਲ ਅੰਬਾਨੀ ਦੀ ਰਿਲਾਇੰਸ ਪਾਵਰ ਕੰਪਨੀ ਨੇ 1.75 ਰੁ:/- ਯੂਨਿਟ ਤੇ ਮਹਿੰਦਰਾ ਪਾਵਰ ਕੰਪਨੀ ਨੇ 1.50 ਰੁ: /- ਯੂਨਿਟ ਬਿਜਲੀ ਦੀ ਪੇਸ਼ਕਸ਼ ਕੀਤੀ ਸੀ।ਲੇਕਿਨ ਅੱਜ ਤੱਕ ਉਹੀ ਲੋਟੂ ਵਰਤਾਰਾ ਜਾਰੀ ਹੈ। ਜਦਕਿ ਭਾਰਤੀ ਬਿਜਲੀ ਮਾਰਕਿਟ ’ਚ ਅੱਜ ਵੀ ਸਸਤੀ ਬਿਜਲੀ ਮਿਲ ਰਹੀ ਹੈ। ਜੋ ਕਿ ਏਸ ਹਕੂਮਤ ਨੂੰ ਮਨਜ਼ੂਰ ਨਹੀਂ।

**ਬਿਜਲੀ ਦਰਾਂ ਦੇ ਮੁੱਦੇ ਬਾਰੇ** : ਤਤਕਾਲੀ ਮੁੱਖ ਮੰਤਰੀ ਵਲੋਂ 29 ਜੂਨ 2012 ਨੂੰ ਐਲਾਨੇ ਬਿਜਲੀ ਸਮਝੌਤੇ ਅਨੁਸਾਰ ਤਲਵੰਡੀ ਸਾਬੋ ਪਲਾਂਟ ਤੋਂ 2.36 ਰੁ:/- ਯੂਨਿਟ, ਰਾਜਪੁਰਾ ਪਲਾਂਟ ਤੋਂ 2.89 ਰੁ:/- ਯੂਨਿਟ ਦੀ ਦਰ ਨਾਲ ਸਸਤੀ ਬਿਜਲੀ ਮਿਲਿਆ ਕਰੇਗੀ। ਬਾਅਦ ’ਚ ਗੋਇੰਦਵਾਲ ਪਲਾਂਟ ਤੋਂ 2.69 ਰੁ: /- ਯੂਨਿਟ ਵਾਲਾ ਸਮਝੌਤਾ ਵੀ ਹੋਇਆ। ਪ੍ਰੰਤੂ ਲੰਮੀ ਜਦੋਜਹਿਦ ਨਾਲ ਪ੍ਰਾਪਤ ਕੀਤੀ ਆਰ.ਟੀ.ਆਈ ਸੂਚਨਾ ਗਵਾਹ ਹੈ ਕਿ ਇਕ ਦਿਨ ਵੀ ਉਪਰੋਕਤ ਰੇਟਾਂ ਅਨੁਸਾਰ ਪੰਜਾਬ ਸਰਕਾਰ ਦੀ ਪਾਵਰਕਾਮ ਨੇ ਇਨ੍ਹਾਂ ਕੰਪਨੀਆਂ ਤੋਂ ਬਿਜਲੀ ਨਹੀਂ ਖਰੀਦੀ। 2013-14 ਤੋਂ 2019-20 ਤੱਕ 3.36 ਰੁ:/- ਯੂਨਿਟ ਤੋਂ ਲੈ ਕੇ 5.64 ਰੁ:/- ਯੂਨਿਟ ਤੱਕ ਦੇ ਵਿਚਕਾਰ ਉਚੇ ਰੇਟਾਂ ਅਨੁਸਾਰ ਖਰੀਦੀ ਜਾਂਦੀ ਰਹੀ ਹੈ। ਮਾਰਚ 20 ਤੱਕ 42852 ਕਰੋੜ ਰੁ: ਤੋਂ ਉਪਰ ਵਾਧੂ ਰੋੜ੍ਹੇ ਗਏ ਹਨ। ਵਰਨਣਯੋਗ ਹੈ ਕਿ 2019-20 ’ਚ ਪੰਜਾਬ ਦੀਆਂ ਵੱਖ-ਵੱਖ ਕਿਸਮਾਂ ਦੀ ਬਿਜਲੀ ਵਾਲੀਆਂ ਨਿਜੀ ਕੰਪਨੀਆਂ (151) ਤੋਂ 5.08 ਰੁ:/- ਯੂਨਿਟ ਤੋਂ ਲੈ ਕੇ 17.91 ਰੁ: /- ਯੂਨਿਟ ਦੀ ਦਰ ਨਾਲ ਬਿਜਲੀ ਖਰੀਦੀ ਗਈ ਹੈ। ਦੇਸ਼ ਦੀਆਂ ਕੇਂਦਰੀ ਤੇ ਨਿਜੀ ਕੰਪਨੀਆਂ (53) ਤੋਂ 1.72 ਰੁ: ਯੂਨਿਟ ਤੋਂ ਲੈ ਕੇ 24.24 ਰੁ:/- ਯੂਨਿਟ ਤੱਕ ਦੇ ਰੇਟਾਂ ’ਤੇ ਖਰੀਦ ਹੋਈ ਹੈ। 2019-20 ’ਚ ਇਨ੍ਹਾਂ 204 ਕੰਪਨੀਆਂ ਤੋਂ ਕਰੀਬ 700 ਕਰੋੜ ਰੁ: ਦੀ ਬਹੁਤ ਮਹਿੰਗੀ ਬਿਜਲੀ ਖਰੀਦੀ ਗਈ ਹੈ। ਕੱਢ ਦਿੱਤੀਆਂ ਹਨ ਕਸਰਾਂ!

**ਪੰਜਾਬ ਵਿਰੋਧੀ ਤੇ ਲੋਕ ਵਿਰੋਧੀ ਬਿਜਲੀ ਸਮਝੌਤੇ ਕਰੋ ਰੱਦ** : ਪੰਜਾਬ ਦੀ ਕੈਪਟਨ ਸਰਕਾਰ ਦਾ ਆਪ ਦੇ ਚੋਣ ਮੈਨੀਫੈਸਟੋ ਦੇ ਵਾਅਦੇ ਅਤੇ ਮੁੰਬਈ ’ਚ ਕੀਤੇ ਐਲਾਨ ਮੁਤਾਬਕ ਲਾਜਮੀ ਫਰਜ ਬਣਦਾ ਹੈ ਕਿ ਉਹ ਵਿਧਾਨ ਸਭਾ ਦਾ ਫੌਰੀ ਵਿਸ਼ੇਸ਼ ਇਜਲਾਸ ਸੱਦ ਕੇ ਬਿਜਲੀ ਸਮਝੌਤੇ ਰੱਦ ਕਰੇ। ਇਹ ਕਾਰਜ ਬਿਨ੍ਹਾਂ ਕਿਸੇ ਹੋਰ ਦੇਰੀ ਤੋਂ ਕੀਤਾ ਜਾਵੇ, ਕਿਉਂਕਿ ਨਹੀਂ ਤਾਂ ਮੋਦੀ ਸਰਕਾਰ ਬਿਜਲੀ ਐਕਟ ਸੋਧ ਬਿੱਲ (2020) ਨੂੰ ਸੰਸਦ ਵਿੱਚ ਪਾਸ ਕਰਕੇ ਜਲਦੀ ਹੀ ਪੰਜਾਬ ਦੇ ਸਮੁੱਚੇ ਬਿਜਲੀ ਪ੍ਰਬੰਧ ਨੂੰ ਆਪਦੇ ਹੱਥਾਂ ਵਿਚ ਲੈਣ ਤੇ ਹੋਰ ਵੱਡੀਆਂ ਬਿਜਲੀ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਵੀ ਪੂਰੀ ਤਿਆਰੀ ਖਿਚੀ ਬੈਠੀ ਹੈ।

ਸਾਰੇ ਸਰਕਾਰੀ ਬਿਜਲੀ ਪਲਾਂਟਾਂ ਨੂੰ ਪੂਰੀ ਸਮਰੱਥਾ ਅਨੁਸਾਰ ਚਲਾ ਕੇ ਸਸਤੀ ਬਿਜਲੀ ਪੈਦਾ ਕਰੇ ਅਤੇ 5 ਵੱਡੇ ਪਣ ਬਿਜਲੀ ਪਲਾਂਟਾਂ ਦੀ ਸਮਰੱਥਾ ਦੁੱਗਣੀ ਕਰਨ ਲਈ ਢੁਕਵੀਂ ਵਿਉਂਤਬੰਦੀ ਘੜੇ ਤੇ ਲਾਗੂ ਕਰੇ। ਬਠਿੰਡਾ ਥਰਮਲ ਪਲਾਂਟ ਨੂੰ ਪਰਾਲੀ ’ਤੇ ਮੁੜ ਚਾਲੂ ਕਰੇ। ਆਮ ਲੋਕਾਂ ਲਈ ਘਰੇਲੂ ਬਿਜਲੀ 4 ਰੁ: /- ਯੂਨਿਟ ਯਕੀਨੀ ਬਣਾਵੇ।

**ਲੁਟਾਏ ਪਾਵਰਕਾਮ ਖਜਾਨੇ ਨੂੰ ਕਰੋ ਮਾਲਾ-ਮਾਲ** : ਉਪਰੋਕਤ ਪੰਜਾਬ ਵਿਰੋਧੀ ਤੇ ਲੋਕ ਵਿਰੋਧੀ ਬਿਜਲੀ ਸਮਝੌਤੇ ਅਤੇ ਵਰਨਣ ਕੀਤੇ ਮਹਾਂਘਪਲੇ ਕਰਨ ਤੇ ਜਾਰੀ ਰੱਖਣ ਲਈ ਜੁਮੇਵਾਰ-ਸੰਬੰਧਤ ਮੁੱਖ ਮੰਤਰੀਆਂ ਤੇ ਮੰਤਰੀਆਂ, ਚੋਟੀ ਦੇ ਸਰਕਾਰੀ/ਪਾਵਰਕਾਮ ਆਫਸਰਸ਼ਾਹਾਂ ਤੇ ਨਿਜੀ ਬਿਜਲੀ ਕਾਰਪੋਰੇਟਾਂ ਦੀ ਜੁਮੇਵਾਰੀ, ਮਾਨਯੋਗ ਹਾਈਕੋਰਟ ਦੇ 3 ਸਿਟਿੰਗ ਜੱਜਾਂ ਦੀ ਹਾਈਪਾਵਰ ਕਮੇਟੀ 2 ਮਹੀਨੇ ਦੀ ਸਮਾਂਬੱਧ ਜਾਂਚ ਰਾਹੀਂ ਫਿਕਸ ਕਰੇ ਅਤੇ ਇਨ੍ਹਾਂ ਦੀਆਂ ਮਹਾਂ-ਜਾਇਦਾਦਾਂ ਜਬਤ ਕਰਕੇ ਪਾਵਰਕਾਮ ਦਾ ਖਰਬਾਂ ਰੁ: ਦਾ ਲੁਟਿਆ ਹੋਇਆ ਸਰਕਾਰੀ ਖਜਾਨਾ ਮੁੜ ਮਾਲਾਮਾਲ ਕਰੇ। ਦੂਜੇ ਪਾਸੇ ਆਮ ਲੋਕਾਂ ਤੋਂ ਨਾਜਾਇਜ਼ ਮਹਿੰਗੀ ਬਿਜਲੀ ਦੀਆਂ ਵਾਧੂ ਵਸੂਲੀਆਂ ਖ਼ੂਨ ਪਸੀਨੇ ਵਾਲੀਆਂ ਰਕਮਾਂ ਵਾਪਸ ਕਰਵਾਈਆਂ ਜਾਣ। ਅਜੇਹੇ ਮਿਸਾਲੀ ਐਕਸ਼ਨ ਤੋਂ ਬਿਨ੍ਹਾਂ ਮੌਜੂਦਾ ਸਥਿਤੀ ’ਚ ਸੁਧਾਰ ਅਤੇ ਅੱਗੇ ਲਈ ਗਰੰਟੀ ਕਦਾਚਿਤ ਵੀ ਸੰਭਵ ਨਹੀਂ।

**ਪੰਜਾਬ ਦੀ ਬਿਜਲੀ ਨੂੰ ਬਚਾਉਣ ਲਈ ਵਿਸ਼ਾਲ ਤੇ ਫੈਸਲਾਕੁਨ ਲੋਕ ਲਹਿਰ ਸਮੇਂ ਦੀ ਕੂਕਦੀ ਚੁਣੌਤੀ** : ਪੰਜਾਬ ਦੇ ਤਮਾਮ ਕਿਸਾਨ, ਮਜਦੂਰ ਤੇ ਹੋਰ ਕਿਰਤੀ ਵਰਗਾਂ ਦੀਆਂ ਜਨਤਕ ਜੱਥੇਬੰਦੀਆਂ ਦਾ ਅਹਿਮ ਤੇ ਸਿਰ ਖੜਾ ਫਰਜ ਬਣਦਾ ਹੈ ਕਿ ਉਹ ਪੰਜਾਬ ਵਿਰੋਧੀ ਤੇ ਲੋਕ ਵਿਰੋਧੀ ਬਿਜਲੀ ਸਮਝੌਤਿਆਂ ਰੱਦ ਕਰਵਾਉਣ, ਪੰਜਾਬ ਦੀ ਬਿਜਲੀ ਨੂੰ ਕੇਂਦਰੀ ਤੇ ਕਾਰਪੋਰੇਟੀ ਹੱਥਾਂ ਵਿਚ ਜਾਣ ਤੋਂ ਰੁਕਵਾਉਣ ਤੇ ਘਰੇਲੂ ਬਿਜਲੀ 4 ਰੁ:/- ਯੂਨਿਟ ਕਰਵਾਉਣ ਵਾਸਤੇ ਹੱਕੀ ਘੋਲ ਦਾ ਮੁੱਦਾ ਬਣਾਉਣ।



ਸੁਰਿੰਦਰ ਗੀਤ
403-605-3734

# ਤੋਹਫ਼ਾ

ਏਨੇ ਵਰ੍ਹਿਆਂ ਬਾਅਦ ਜਦੋਂ ਮੈਂ ਬਲਵੀਰ ਨੂੰ ਮਿਲੀ ਤਾਂ ਇਹ ਜਾਣ ਕੇ ਕੋਈ ਹੈਰਾਨੀ ਨਾ ਹੋਈ ਕਿ ਉਸਨੇ ਓਦੋਂ ਤੱਕ ਵਿਆਹ ਨਹੀਂ ਸੀ ਕਰਵਾਇਆ। ਮੈਂ ਜਾਣਦੀ ਸਾਂ ਕਿ ਬਲਵੀਰ ਆਪਣੀ ਧੁਨ ਦੀ ਪੱਕੀ ਹੈ। ਆਪਣੇ ਕੀਤੇ ਫੈਸਲੇ ਕਦੇ ਨਹੀਂ ਬਦਲਦੀ। ਪਰ ਜਦੋਂ ਉਸਨੇ ਦੱਸਿਆ ਕਿ ਇਹ ਕਮਰਾ ਮੇਰੇ ਬੇਟੇ ਰੋਹਿਤ ਦਾ ਹੈ ਤਾਂ ਮੈਂ ਮੂੰਹ 'ਚ ਉਂਗਲਾਂ ਪਾ ਹੱਕੀ ਬੱਕੀ ਰਹਿ ਗਈ। ਮੇਰੀਆਂ ਸੋਚਾਂ ਵਿੱਚ ਬੀਤੇ ਸਮੇਂ ਦੀਆਂ ਯਾਦਾਂ ਦੀ ਰੀਲ ਗਲੋਟੇ ਵਾਂਗ ਉਧੜਨ ਲੱਗੀ

ਮੈਂ ਜਿਉਂ ਹੀ ਪਹਿਲੇ ਦਿਨ ਹੋਸਟਲ ਗਈ ਤਾਂ ਮੈਨੂੰ ਦੂਰੋਂ ਆਉਂਦੀ ਲੰਬੀ ਲੰਝੀ ਭਰਵੇਂ ਸਰੀਰ, ਤਿੱਕੇ ਗੁਲਾਬੀ ਤੇ ਦਗ ਦਗ ਚਿਹਰੇ ਵਾਲੀ ਮੁਟਿਆਰ ਨਜ਼ਰੀ ਪਈ। ਉਸਨੂੰ ਦੇਖ ਮੇਰਾ ਚਿਹਰਾ ਖਿੜ ਗਿਆ। ਇਸ ਦਾ ਨਾਮ ਤਾਂ ਮੈਨੂੰ ਪਤਾ ਨਹੀਂ ਸੀ ਪਰ ਏਨਾ ਯਾਦ ਸੀ ਕਿ ਇਕ ਦਿਨ ਮੋਗੇ ਸਕੂਲ ਵਿੱਚ ਪੜ੍ਹਦਿਆਂ, ਸਕੂਲ ਦੀ ਪ੍ਰਿੰਸੀਪਲ ਨੇ ਸਵੇਰ ਦੀ ਅਸੈਂਬਲੀ ਸਮੇਂ ਹਾਜ਼ਰ ਕੁੜੀਆਂ ਦੇ ਇਕੱਠ 'ਚੋਂ ਬਾਹਰ ਬੁਲਾ ਕੇ ਇਸ ਦੀ ਸਿਹਤ ਦੀ ਪ੍ਰਸ਼ੰਸਾ ਕੀਤੀ ਸੀ। ਪ੍ਰਿੰਸੀਪਲ ਆਖ ਰਹੀ ਸੀ ਕਿ ਦੇਖੋ ਇਸ ਕੁੜੀ ਦੇ ਚਿਹਰੇ ਦੀ ਨੁਹਾਰ ਦੇਖੋ, ਇਸਦਾ ਹੱਸੂ ਹੱਸੂ ਕਰਦਾ ਮੁਸਕਰਾਉਂਦਾ ਚਿਹਰਾ ਦੇਖੋ। ਦਰਅਸਲ ਪ੍ਰਿੰਸੀਪਲ ਸਕੂਲ ਦੀਆਂ ਸਾਰੀਆਂ ਕੁੜੀਆਂ ਨੂੰ ਸਿਹਤਮੰਦ ਹੋਣ ਵਾਸਤੇ ਆਖ ਰਹੀ ਸੀ ਅਤੇ ਉਸਨੇ ਇਸ ਕੁੜੀ ਨੂੰ ਉਦਾਹਰਣ ਦੇ ਤੌਰ 'ਤੇ ਚੁਣਿਆ ਸੀ। ਉਹ ਸੱਚਮੁੱਚ ਹੀ ਬਹੁਤ ਸੁਨੱਖੀ ਤੇ ਸੋਹਣੀ ਸੀ ਅਤੇ ਸਦਾ ਮੁਸਕਰਾਉਂਦੀ ਰਹਿੰਦੀ ਸੀ। ਉਸਦੀ ਮੁਸਕਰਾਹਟ ਉਸਦੇ ਹੁਸਨ ਨੂੰ ਚਾਰ ਚੰਨ ਲਾ ਰਹੀ ਸੀ। ਉਸਦਾ ਪੰਜਾਬੀ ਲਿਬਾਸ, ਕਮੀਜ਼ ਤੇ ਭਾਰੀ ਸਾਰੀ ਪਟਿਆਲਾ ਸਲਵਾਰ ਤੇ ਢਾਈ ਮੀਟਰ ਦੀ ਚੁੰਨੀ ਉਸਦੇ ਮਾਲਵੇ ਦੀ ਜੱਟੀ ਹੋਣ ਦਾ ਪ੍ਰਮਾਣ ਸਨ। ਬਹੁਤ ਸੋਹਣੇ ਹਲਕੇ ਰੰਗ ਦੇ ਕੱਪੜੇ ਉਸਦੇ ਬਹੁਤ ਸੱਜਦੇ ਸਨ।

ਜਿਉਂ ਹੀ ਉਹ ਮੇਰੇ ਕੋਲ ਆਈ, ਅਸੀਂ ਇਕ ਦੂਸਰੇ ਨੂੰ ਮਿਲ ਕੇ ਬਹੁਤ ਖੁਸ਼ ਹੋਈਆਂ। ਸਾਨੂੰ ਜਾਪਿਆ ਜਿਵੇਂ ਕਿਸੇ ਵਿਦੇਸ਼ ਵਿੱਚ ਸਾਡਾ ਅਚਾਨਕ ਮੇਲ ਹੋ ਗਿਆ ਹੋਵੇ। ਓਦੋਂ ਹੋਸਟਲ ਵਿਦੇਸ਼ ਵਾਂਗ ਹੀ ਤਾਂ ਲੱਗਦਾ ਸੀ। ਉਸਨੂੰ ਮੇਰਾ ਨਾਮ ਯਾਦ ਸੀ ਤੇ ਉਸਨੇ ਬਿਨਾਂ ਪੁੱਛੇ ਹੀ ਆਪਣਾ ਨਾਮ ਦੱਸ ਦਿੱਤਾ। ਬਲਵੀਰ ਨੇ ਪ੍ਰੀ ਮੈਡੀਕਲ ਵਿੱਚ ਦਾਖਲਾ ਲਿਆ ਸੀ ਤੇ ਮੈਂ ਬੀ.ਐਸ.ਸੀ. ਮੈਡੀਕਲ ਦੇ ਦੂਸਰੇ ਸਾਲ ਵਿੱਚ। ਸਕੂਲ 'ਚ ਉਹ ਮੇਰੇ ਤੋਂ ਪਿੱਛੇ ਸੀ। ਗੱਲਬਾਤ ਦੌਰਾਨ ਪਤਾ ਲੱਗਿਆ ਕਿ ਹੋਸਟਲ ਵਿੱਚ ਉਸਦਾ ਕਮਰਾ ਮੇਰੇ ਕਮਰੇ ਨਾਲ ਹੀ ਸੀ। ਉਸਦੀ ਰੂਮ ਮੇਟ ਲੁਧਿਆਣੇ ਦੇ ਨੇੜਲੇ ਪਿੰਡ ਦੀ ਕੁੜੀ ਸ਼ਰਨਜੀਤ ਸੀ ਤੇ ਮੇਰੀ ਰੂਮ ਮੇਟ ਦਿੱਲੀ ਦੀ ਕੁੜੀ ਨੀਰੂ ਸੀ।

ਦਿਨ ਬੀਤਣ ਲੱਗੇ। ਅਸੀਂ ਖਾਣੇ ਤੇ ਇਕ ਦੂਸਰੇ ਦੀ ਉਡੀਕ ਕਰਨ ਲੱਗੀਆਂ। ਜੇਕਰ ਪੀਰੀਅਡ ਦਾ ਸਮਾਂ ਇੱਕੋ ਹੁੰਦਾ ਤਾਂ ਇਕੱਠੀਆਂ ਹੀ ਹੋਸਟਲ 'ਚੋਂ ਨਿਕਲਦੀਆਂ। ਆਪੋ ਆਪਣੀਆਂ ਕਲਾਸਾਂ ਵੱਲ ਨੂੰ ਹੋ ਜਾਂਦੀਆਂ। ਬਿਗਾਨੇ ਸ਼ਹਿਰ ਵਿੱਚ ਸਾਨੂੰ ਇਕ ਦੂਸਰੇ ਦਾ ਬਹੁਤ ਸਹਾਰਾ ਸੀ ਅਤੇ ਕੁਝ ਹੀ ਦਿਨਾਂ ਵਿੱਚ ਸਾਡਾ ਗਰੁੱਪ ਵੱਡਾ ਹੋ ਗਿਆ। ਮੇਰੀ ਰੂਮ ਮੇਟ ਨੀਰੂ ਤੇ ਉਸਦੀ ਰੂਮ ਮੇਟ ਸ਼ਰਨਜੀਤ ਤੋਂ ਸਿਵਾ ਇਕ ਯੂ ਪੀ, ਇਕ ਕਲਕੱਤੇ ਤੇ ਦੋ ਅਫਰੀਕਾ ਤੋਂ ਆਈਆਂ ਕੁੜੀਆਂ ਸਾਡੇ ਨਾਲ ਜੁੜ ਗਈਆਂ। ਨੀਰੂ ਤੋਂ ਛੁੱਟ ਸਾਰੀਆਂ ਕੁੜੀਆਂ ਪੰਜਾਬੀ ਬੋਲਦੀਆਂ ਸਨ। ਆਮ ਜਿਸ ਤਰ੍ਹਾਂ ਹੁੰਦਾ ਹੈ, ਸਾਡਾ ਇਕ ਗਰੁੱਪ ਜਿਹਾ ਬਣ ਗਿਆ।

ਬਲਵੀਰ ਨੂੰ ਨੀਰੂ ਜ਼ਰਾ ਵੀ ਚੰਗੀ ਨਾ ਲੱਗਦੀ। ਉਸਨੂੰ ਉਸਦੇ ਹਿੰਦੀ ਬੋਲਣ ਤੇ ਬਹੁਤ ਖਿੱਝ ਆਉਂਦੀ ਸੀ। ਨੀਰੂ ਦੀ ਗੱਲ ਦਾ ਉਹ ਬਹੁਤ ਘੱਟ ਜਵਾਬ ਦਿੰਦੀ। ਨੀਰੂ ਬਲਵੀਰ ਦੀ ਕਲਾਸ ਵਿੱਚ ਹੀ ਸੀ। ਨੀਰੂ ਨੇ ਮੈਨੂੰ ਬਹੁਤ ਵਾਰੀ ਕਿਹਾ ਵੀ ਸੀ ਕਿ ਬਲਵੀਰ ਉਸ ਦੇ ਨਾਲ ਬੋਲਦੀ ਨਹੀਂ। ਉਸ ਵੱਲ ਘੂਰ ਘੂਰ ਦੇਖਦੀ ਰਹਿੰਦੀ ਹੈ। ਕਲਾਸ ਵਿੱਚ ਵੀ ਉਹ ਕਦੇ ਉਸ ਨਾਲ ਬੋਲੀ ਨਹੀਂ। ਮੈਂ ਹੱਸ ਕੇ ਟਾਲ ਦੇਣਾ ਪਰ ਇਕ ਦਿਨ ਮੈਂ ਆਖ ਹੀ ਦਿੱਤਾ ਕਿ ਉਸਨੂੰ ਤੇਰੀ ਹਿੰਦੀ ਤੋਂ ਚਿੜ੍ਹ ਹੈ ।

ਉਸ ਦਿਨ ਤੋਂ ਨੀਰੂ ਨੇ ਪੰਜਾਬੀ ਬੋਲਣ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਉਹ ਜਦੋਂ ਵੀ ਪੰਜਾਬੀ ਬੋਲਦੀ ਤਾਂ ਬੜਾ ਹੀ ਅਜੀਬ ਜਿਹਾ ਲੱਗਦਾ। ਉਸਦੀ ਜੀਭ ਨਾ ਉਲਟਦੀ। ਬਲਵੀਰ ਹੋਰ ਵੀ ਖਿੱਝਦੀ।

ਇਕ ਦਿਨ ਬਲਵੀਰ ਨੇ ਖਾਣੇ ਦੀ ਟੇਬਲ ਤੇ ਬੁੜਬੁੜਾਉਂਦੇ ਜਿਹੇ ਆਖ ਹੀ ਦਿੱਤਾ, "ਜੇਕਰ ਨਹੀਂ ਬੋਲਣਾ ਆਉਂਦਾ ਤਾਂ ਚੁੱਪ ਰਿਹਾ ਕਰ। ਐਵੇਂ ਸਿਰ ਨਾ ਖਾਇਆ ਕਰ।"

ਅਸੀਂ ਸਾਰੀਆਂ ਚੁੱਪ ਹੋ ਗਈਆਂ। ਕਮਰੇ 'ਚ ਆ ਕੇ ਨੀਰੂ ਮੈਨੂੰ ਕਹਿਣ ਲੱਗੀ, "ਦੀਦੀ! ਕੀ ਮੈਂ ਪੰਜਾਬੀ ਬਹੁਤ ਬੁਰੀ ਬੋਲਦੀ ਹਾਂ?" ਮੈਂ ਉਸ ਤੋਂ ਵੱਡੀ ਕਲਾਸ ਵਿੱਚ ਸੀ, ਇਸ ਕਰਕੇ ਦੀਦੀ ਆਖਣ ਲੱਗ ਪਈ।

"ਨਹੀਂ" ਮੈਂ ਆਖਿਆ।

ਮੈਂ ਨੀਰੂ ਨੂੰ ਨਿਰਾਸ਼ ਨਹੀਂ ਸਾਂ ਕਰਨਾ ਚਾਹੁੰਦੀ। ਪਰ ਬਲਵੀਰ ਦੀ ਗੱਲ ਤੇ ਟੀਕਾ ਟਿੱਪਣੀ ਵੀ ਨਾ ਕੀਤੀ। ਬੇਸ਼ੱਕ ਨੀਰੂ ਵੀ ਮੈਨੂੰ ਕਦੇ ਮਾੜੀ ਨਹੀਂ ਸੀ ਲੱਗੀ ਪਰ ਬਲਵੀਰ ਨਾਲ ਕੁਝ ਜ਼ਿਆਦਾ ਅਪਣੱਤ ਸੀ। ਮੇਰੇ ਆਪਣੇ ਸ਼ਹਿਰ ਦੀ ਹੋਣ ਕਰਕੇ।

ਉਸ ਦਿਨ ਤੋਂ ਬਾਦ, ਰਾਤ ਵੇਲੇ ਖਾਣੇ ਦੇ ਟੇਬਲ ਤੇ ਮੈਂ ਨੀਰੂ ਦੀ ਸੀਟ ਆਪਣੇ ਨਾਲ ਰੱਖਣ ਲੱਗ ਪਈ। ਜਿਸ ਦਿਨ ਮੈਂ ਪਹਿਲੀ ਵਾਰੀ ਨੀਰੂ ਨੂੰ ਆਪਣੇ ਨਾਲ ਬਿਠਾਇਆ ਤਾਂ ਬਲਵੀਰ ਨੇ ਅਜੀਬ ਜਿਹੇ ਤਰੀਕੇ ਨਾਲ ਮੇਰੇ ਵੱਲ ਦੇਖਿਆ। ਉਸਨੂੰ ਚੰਗਾ ਨਾ ਲੱਗਿਆ ਪਰ ਮੈਂ ਉਸਦੇ ਇਸ ਖਰਵੇਪਣ ਨੂੰ ਨਜ਼ਰ ਅੰਦਾਜ਼ ਕਰ ਦਿੱਤਾ, ਜਿਵੇਂ ਮੈਂ ਉਸ ਨੂੰ ਦੇਖਿਆ ਹੀ ਨਹੀਂ।

ਨੀਰੂ ਮੇਰੀ ਰੂਮ ਮੇਟ ਸੀ ਉਸ ਨਾਲ ਕੁਝ ਤਰਫਦਾਰੀ ਆਪਣੇ ਆਪ ਹੀ ਹੋ ਜਾਂਦੀ ਸੀ। ਜਦੋਂ ਕਿਤੇ ਨੀਰੂ ਕਮਰੇ 'ਚ ਨਾ ਹੁੰਦੀ ਤਾਂ ਬਲਵੀਰ ਮੈਨੂੰ ਛੇੜਦੀ ਤੇ ਆਖਦੀ ਕਿ ਤੇਰੀ ਬਾਹਮਣੀ ਕਿੱਥੇ ਹੈ। ਨੀਰੂ ਦੇ ਨਾਮ ਨਾਲ ਲੱਗੇ 'ਸ਼ਰਮਾ' ਸ਼ਬਦ ਤੋਂ ਸ਼ਪੱਸਟ ਸੀ ਕਿ ਉਹ ਬ੍ਰਹਮਣਾਂ ਦੀ ਕੁੜੀ ਹੈ। ਨੀਰੂ ਦੇ ਵਾਲ ਕੱਟੇ ਹੋਏ ਸਨ। ਮਸਾਂ ਮੋਢਿਆਂ ਤੱਕ ਆਉਂਦੇ ਸਨ। ਬਲਵੀਰ ਨੂੰ ਉਸਦੇ ਕੱਟੇ ਵਾਲ ਵੀ ਬਹੁਤ ਚੁੱਭਦੇ। ਉਹ ਉਸਦੇ ਵਾਲਾਂ ਤੇ ਵੀ ਕਚੀਚੀਆਂ ਲੈਂਦੀ ਰਹਿੰਦੀ। ਇਕ ਦਿਨ ਤਾਂ ਸਾਰੇ ਹੱਦਾਂ ਬੰਨੇ ਟੱਪ ਉਸਦੇ ਵਾਲਾਂ ਤੇ ਬੋਲਣ ਲੱਗ ਪਈ। ਖਾਣੇ ਵਾਲੇ ਟੇਬਲ ਤੇ ਨੀਰੂ ਆ ਕੇ ਬੈਠੀ ਹੀ ਸੀ ਕਿ ਬਲਵੀਰ ਬੋਲ ਪਈ,"ਰੋਟੀ ਖਾਣ ਵੇਲੇ ਤਾਂ ਜੂੰਡੇ ਬੰਨ੍ਹ ਲਿਆ ਕਰ।"

ਨੀਰੂ ਨੂੰ ਗੁੱਸਾ ਤਾਂ ਬਹੁਤ ਆਇਆ ਪਰ ਬਲਵੀਰ ਦੀ ਰੂਮ ਮੇਟ ਸ਼ਰਨਜੀਤ ਨੇ ਨੀਰੂ ਨੂੰ ਠੰਡਾ ਕਰ ਦਿੱਤਾ। ਬਲਵੀਰ ਨੂੰ ਵੀ ਉਸਨੇ ਸਮਝਾਇਆ ਕਿ ਇਸ ਤਰ੍ਹਾਂ ਕਰਨਾ ਠੀਕ ਨਹੀਂ। ਨੀਰੂ ਆਪਣੇ ਨਾਲ ਹਰ ਤਰ੍ਹਾਂ ਨਾਲ ਸਹਿਯੋਗ ਕਰਦੀ ਹੈ। ਆਪਣੀ ਬੋਲੀ ਵੀ ਕਿਹੜਾ ਬਹੁਤੀ ਵਧੀਆ ਹੈ। ਕਈ ਵਾਰ ਆਪਾਂ ਵੀ ਤਾਂ ਗਾਲ੍ਹਾਂ ਕੱਢ ਜਾਂਦੀਆਂ ਹਾਂ। ਹੋ ਸਕਦਾ ਇਸਨੂੰ ਸਾਡੇ ਬੋਲਣ ਤੇ ਇਤਰਾਜ਼ ਹੋਵੇ, ਪਰ ਉਸਨੇ ਕਦੇ ਕੁਝ ਨਹੀਂ ਕਿਹਾ।

ਗੱਲ ਆਈ ਗਈ ਹੋ ਗਈ। ਨੀਰੂ ਤੇ ਬਲਵੀਰ ਦੀ ਆਪਸੀ ਦੂਰੀ ਕਾਇਮ ਹੀ ਰਹੀ। ਕਈ ਵਾਰ ਜਦੋਂ ਕਿਤੇ ਨੀਰੂ ਤੇ ਬਲਵੀਰ ਦੋਨੋਂ ਉਰੇ ਪਰੇ ਹੁੰਦੀਆਂ ਤਾਂ ਅਸੀਂ ਖੂਬ ਹੱਸਣਾ। ਬਲਵੀਰ ਨੇ ਨੀਰੂ ਨੂੰ ਆਹ ਕਿਹਾ ਨੀਰੂ ਵਿਚਾਰੀ ਚੁੱਪ ਕਰ ਗਈ। ਨੀਰੂ ਨੇ ਸਕਰਟ ਪਾ ਲਈ, ਬਲਵੀਰ ਕੌੜ ਕੌੜ ਉਸ ਵੱਲ ਵੇਖਣ ਲੱਗ ਪਈ। ਅਖੇ ਸ਼ਰਮ ਨਹੀਂ ਆਉਂਦੀ ਬਾਹਮਣੀ ਨੂੰ। ਮੈਂ ਕੁਝ ਕਹਿਣਾ ਚਾਹਿਆ ਪਰ ਮੈਨੂੰ ਤਾਂ ਬਲਵੀਰ ਬੇਹੇ ਕੜਾਹ ਵਾਂਗ ਲੈਂਦੀ ਸੀ। ਇਕ ਸ਼ਹਿਰ ਦੀ ਹੋਣ ਕਰਕੇ ਅਪਣੱਤ ਵੀ ਦਿਖਾਉਂਦੀ ਸੀ ।



ਇਕ ਦਿਨ ਹੋਸਟਲ ਦੀ ਮਿਸ ਵਿੱਚ ਸਾਗ ਬਣਿਆ। ਅਸੀਂ ਸਭ ਸ਼ਾਂਤ ਸਾਂ ਸਾਗ਼ ਦੇਖ ਕੇ। ਮੇਰੇ, ਬਲਵੀਰ ਤੇ ਸ਼ਰਨਜੀਤ ਲਈ ਸਾਗ ਕੋਈ ਖਾਸ ਚੀਜ਼ ਨਹੀਂ ਸੀ। ਅਸੀਂ ਜੱਟ ਕਿਰਸਾਨੀ ਪਰਿਵਾਰਾਂ ਨਾਲ ਸੰਬੰਧਤ ਸਾਂ। ਹੋਰਨਾਂ ਲਈ ਤੇ ਖਾਸ ਕਰ ਨੀਰੂ ਲਈ ਸਾਗ ਬੜੀ ਖਾਸ ਚੀਜ਼ ਸੀ। ਅਫਰੀਕਾ ਵਾਲੀਆਂ ਵੀ ਸਾਗ ਸਾਗ ਕਰੀ ਜਾਣ। ਕਲਕੱਤੇ ਵਾਲੀ ਘੱਟ ਹੀ ਬੋਲਦੀ ਸੀ। ਕਹਿ ਲਵੋ ਸਾਡੇ ਸਭ ਤੋਂ ਵੱਧ ਸਿਆਣੀ ਸੀ।

ਨੀਰੂ ਆਖਣ ਲੱਗੀ, "ਮੇਰੀ ਮੰਮੀ ਜਬ ਮਕਈ ਦਾ ਆਟਾ ਡਾਲ ਕਰ ਸਾਗ਼ ਬਨਾਤੀ ਹੈ ਤੋ ਸਾਰੀ ਗਲੀ ਖਾਤੀ ਹੈ।"

ਬਲਵੀਰ ਨੂੰ ਪਤਾ ਨਹੀਂ ਕਿਉਂ ਗੁੱਸਾ ਚੜ੍ਹ ਗਿਆ। ਉਹ ਇਕ ਦਮ ਬੋਲ ਪਈ, "ਕਿਉਂ ਝੂਠ ਬੋਲਦੀ ਹੈਂ! ਤੇਰੀ ਮੰਮੀ ਦੋ ਚੀਰਨੀਆਂ ਸਾਗ਼ ਮੁੱਲ ਲਿਆਉਂਦੀ ਹੋਊ ਤੇ ਸਾਰੀ ਗਲੀ ਨੂੰ ਕਿਵੇਂ ਖਵਾ ਦਿੰਦੀ ਹੋਊ!"

ਨੀਰੂ ਚੁੱਪ ਰਹੀ। ਦਰਅਸਲ ਉਹ ਬਲਵੀਰ ਤੋਂ ਡਰਦੀ ਸੀ ਤੇ ਉਸਦੀ ਦੀ ਗੱਲ ਦਾ ਕਾਟ ਨਹੀਂ ਸੀ ਕਰਨਾ ਚਾਹੁੰਦੀ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਨੀਰੂ ਗੱਲ ਵਧਾਉਣਾ ਨਹੀਂ ਸੀ ਚਾਹੁੰਦੀ। ਚੁੱਪ ਕਰ ਗਈ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਅਫਰੀਕਾ ਵਾਲੀ ਅੰਮ੍ਰਿਤ ਸਾਡੇ ਸਾਰੀਆਂ ਲਈ ਅਫਰੀਕਾ ਤੋਂ ਇਕ ਇਕ ਸ਼ਰਟ ਪੀਸ ਲੈ ਕੇ ਆਈ। ਸਾਰੇ ਸ਼ਰਟ ਪੀਸ ਵੱਖਰੇ ਵੱਖਰੇ ਰੰਗਾਂ ਦੇ ਸਨ। ਬਲਵੀਰ ਨੂੰ ਨੀਰੂ ਵਾਲਾ ਪੀਸ ਬਹੁਤ ਪਸੰਦ ਸੀ ਅਤੇ ਉਸਨੇ ਖਾਹਸ਼ ਪ੍ਰਗਟ ਕੀਤੀ ਕਿ ਕਿਵੇਂ ਨਾ ਕਿਵੇਂ ਨੀਰੂ ਵਾਲਾ ਪੀਸ ਉਸਨੂੰ ਮਿਲ ਜਾਵੇ। ਪਰ ਨੀਰੂ ਤੋਂ ਮੰਗਣਾ ਨਹੀਂ ਸੀ ਚਾਹੁੰਦੀ। ਨੀਰੂ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਨੀਰੂ ਨੇ ਬਲਵੀਰ ਦੇ ਨੇੜੇ ਹੋਣ ਲਈ ਬੜੇ ਹੀ ਪਿਆਰ ਨਾਲ ਕਿਹਾ, "ਬਲਵੀਰ, ਮੈਂ ਕਿਸੀ ਦਿਨ ਆਪਕੋ ਐਸਾ ਤੋਹਫਾ ਦੂੰਗੀ ਕਿ ਸਭੀ ਦੇਖਤੇ ਰਹਿ ਜਾਏਂਗੇ।" ਅਸੀਂ ਸਾਰੀਆਂ ਹੱਸ ਪਈਆਂ। ਬਲਵੀਰ ਥੋੜ੍ਹਾ ਜਿਹਾ ਮੁਸਕਰਾਈ।

ਬਲਵੀਰ ਸਾਡੇ ਸਾਰਿਆਂ ਨਾਲੋਂ ਵੱਧ ਧਾਰਮਿਕ ਸੀ। ਉਹ ਰੋਜ਼ ਸਾਮ ਨੂੰ ਰਹਿਰਾਸ ਦਾ ਪਾਠ ਕਰਦੀ ਅਤੇ ਸਾਨੂੰ ਵੀ ਉਸ ਵਿੱਚ ਸ਼ਾਮਿਲ ਕਰਨ ਦਾ ਯਤਨ ਕਰਦੀ ਖਾਸ ਕਰਕੇ ਮੈਨੂੰ ਤੇ ਸ਼ਰਨਜੀਤ ਨੂੰ। ਨੀਰੂ ਵੀ ਕਦੇ ਕਦੇ ਸਿਰ ਤੇ ਚੁੰਨੀ ਲੈ ਕੇ ਸਾਡੇ ਵਿੱਚ ਬੈਠ ਜਾਂਦੀ। ਓਦੋਂ ਬਲਵੀਰ ਨੂੰ ਸ਼ਾਇਦ ਨੀਰੂ ਚੰਗੀ ਲੱਗਦੀ ਸੀ। ਨੀਰੂ ਵੀ ਨੀਰੂ ਸੀ। ਅੱਖਾਂ ਬੰਦ ਕਰਕੇ ਬੈਠੀ ਰਹਿੰਦੀ।

ਬਲਵੀਰ ਤਾਂ ਸਵੇਰੇ ਵੀ ਪਾਠ ਕਰਕੇ ਕਾਲਜ ਜਾਇਆ ਕਰਦੀ ਸੀ। ਉਹ ਗੁਟਕਾ ਸਾਹਿਬ ਕਲਾਸ ਵਿੱਚ ਵੀ ਲੈ ਜਾਂਦੀ ਸੀ। ਬਲਵੀਰ ਨੇ ਮੈਨੂੰ ਦੱਸਿਆ ਸੀ ਕਿ ਉਹ ਕਦੇ ਕਦੇ ਕਲਾਸ ਵਿੱਚ ਪਿੱਛੇ ਬੈਠ ਕੇ 45 ਮਿੰਟਾਂ ਦੇ ਪੀਰੀਅਡ ਵਿੱਚ ਸੁਖਮਨੀ ਸਾਹਿਬ ਦਾ ਪਾਠ ਵੀ ਕਰ ਲੈਂਦੀ ਹੈ।

ਬਲਵੀਰ ਪ੍ਰੀ ਮੈਡੀਕਲ' 'ਚੋਂ ਫੇਲ੍ਹ ਹੋ ਗਈ। ਨੀਰੂ ਨੇ ਚੰਗੇ ਨੰਬਰਾਂ 'ਚ ਪ੍ਰੀ ਮੈਡੀਕਲ ਪਾਸ ਕਰ ਲਿਆ। ਸਾਰੇ ਗਰੁੱਪ ਵਿੱਚੋਂ ਬਲਵੀਰ ਹੀ ਫੇਲ੍ਹ ਹੋਈ।

ਸਮਾਂ ਆਪਣੀ ਤੋਰੇ ਤੁਰਦਾ ਰਿਹਾ। ਸਾਡਾ ਗਰੁੱਪ ਓਸੇ ਤਰ੍ਹਾਂ ਕਾਇਮ ਰਿਹਾ। ਬਲਵੀਰ ਨੂੰ ਛੱਡ ਕੇ ਬਾਕੀ ਸਭ ਨਾਲ ਨੀਰੂ ਜਿਆਦਾ ਹੀ ਘੁਲ ਮਿਲ ਗਈ। ਉਹਨਾਂ ਦੋਨਾਂ ਦੀ ਦੂਰੀ ਕਾਇਮ ਹੀ ਰਹੀ ਪਰ ਸਦਕੇ ਜਾਈਏ ਨੀਰੂ ਦੇ। ਉਸਨੇ ਕਦੇ ਵੀ ਕਿਸੇ ਕੋਲ ਸ਼ਿਕਾਇਤ ਨਹੀਂ ਸੀ ਕੀਤੀ।

ਤੇ ਇਉਂ ਦੂਸਰੇ ਸਾਲ ਦਾ ਅੰਤ ਆ ਗਿਆ। ਕਾਲਜ ਬੰਦ ਹੋ ਚੁੱਕੇ ਸਨ ਪਰ ਕੁਝ ਕੁੜੀਆਂ ਇਮਤਿਹਾਨਾਂ ਦੀ ਤਿਆਰੀ ਕਰਨ ਵਾਸਤੇ ਹੋਸਟਲ ਹੀ ਠਹਿਰੀਆਂ ਹੋਈਆਂ ਸਨ ਅਤੇ ਬਹੁਤ ਸਾਰੀਆਂ ਘਰਾਂ ਨੂੰ ਵੀ ਜਾ ਚੁੱਕੀਆਂ ਸਨ। ਸਾਡਾ ਸਾਰਾ ਗਰੁੱਪ ਹੋਸਟਲ ਵਿੱਚ ਹੀ ਸੀ।

ਗਰਮੀ ਦੇ ਦਿਨ ਸਨ। ਬਾਹਰ ਕਮਰਿਆਂ ਦੇ ਅੱਗੇ ਬਣੇ ਟੈਰਿਸ ਤੇ ਮੰਜੇ ਬਾਹਰ ਕੱਢ ਅਸੀਂ ਪੜ੍ਹ ਰਹੀਆਂ ਸਾਂ। ਨੀਰੂ ਦੇ ਮੂੰਹੋਂ ਉੱਚੀ ਸਾਰੀ ਕਿਸੇ ਹਿੰਦੀ ਗਾਣੇ ਦੇ ਬੋਲ ਨਿਕਲ ਗਏ। ਉਹ ਗਾ ਵੀ ਸੋਹਣਾ ਲੈਂਦੀ ਸੀ। ਬਲਵੀਰ ਇਕ ਦਮ ਗੁੱਸੇ ਵਿੱਚ ਆ ਗਈ।

ਉਸਨੇ ਨੇੜੇ ਪਈ ਚੱਪਲ ਚੁੱਕ ਕੇ ਨੀਰੂ ਵੱਲ ਵਗਾਹ ਕੇ ਮਾਰੀ। ਨੀਰੂ ਦੇ ਲੱਗੀ ਵੀ। ਉਸਨੇ ਰੋਣਾ ਸ਼ੁਰੂ ਕਰ ਦਿੱਤਾ। ਰੌਲਾ ਪੈ ਗਿਆ। ਵਾਰਡਨ ਭੱਜੀ ਭੱਜੀ ਉੱਪਰ ਆਈ ਤੇ ਉਸਨੇ ਨੀਰੂ ਤੋਂ ਰੋਣ ਦਾ ਕਾਰਣ ਪੁੱਛਿਆ। ਨੀਰੂ ਹਟਕੋਰੇ ਲੈਂਦੀ ਬੋਲੀ, "ਮੈਡਮ, ਬਲਵੀਰ ਮੁਝੇ ਕੁੱਤੀ ਕਹਿਤੀ ਹੈ।"

ਬਲਵੀਰ ਇਕ ਦਮ ਹੀ ਬੋਲ ਪਈ, "ਮੈਡਮ, ਇਹ ਹਿੰਦੀ ਵਿੱਚ ਕੁਤੀਆ ਆਖਦੀ ਹੈ।"

ਸਾਡਾ ਹਾਸਾ ਨਿਕਲ ਗਿਆ। ਮੈਡਮ ਵੀ ਕੁਝ ਹੱਸੀ ਪਰ ਉਸਨੇ ਆਪਣੇ ਹਾਸੇ ਤੇ ਕੰਟਰੋਲ ਕਰਦਿਆਂ ਝਿੜਕਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਅਸੀਂ ਸਭ ਚੁੱਪ ਸਾਂ। ਵਾਰਡਨ ਮੈਡਮ ਨੇ ਸਾਰੇ ਹੀ ਟੋਲੇ ਨੂੰ ਨਪੀੜ ਲਿਆ ਸੀ। ਉਹ ਕਹਿ ਰਹੀ ਸੀ ਕਿ ਤੁਹਾਡੇ ਚੋਂ ਕਈਆਂ ਦੇ ਆਹ ਜਮਾਤ ਪੂਰੀ ਕਰਕੇ ਵਿਆਹ ਹੋ ਜਾਣੇ ਨੇ। ਚੰਗੇ ਰੰਗ ਲਾਵੋਗੀਆਂ ਅਗਲੇ ਘਰ ਜਾਕੇ। ਹੁਣ ਤੁਸੀਂ ਨਿਆਣੀਆਂ ਨਹੀਂ। ਅਕਲ ਨੂੰ ਹੱਥ ਮਾਰੋ। ਢੀਠਾਂ ਕਿਸੇ ਥਾਂ ਦੀਆਂ। ਤੇ ਉਹ ਬੁੜ ਬੁੜ ਕਰਦੀ ਪੌੜੀਆਂ ਉੱਤਰ ਗਈ।

ਪੇਪਰ ਹੋ ਗਏ। ਰਿਜ਼ਲਟ ਆ ਗਏ। ਕੋਈ ਪਾਸ ਹੋ ਗਈ ਕੋਈ ਫੇਲ੍ਹ ਹੋ ਗਈ। ਟੋਲਾ ਟੁੱਟ ਗਿਆ। ਕੋਈ ਏਧਰ, ਕੋਈ ਓਧਰ।

ਮੈਂ ਕੈਨੇਡਾ ਆ ਗਈ। ਬਲਵੀਰ ਪ੍ਰੀ ਮੈਡੀਕਲ ਚੋਂ ਫਿਰ ਲੁੜਕ ਗਈ। ਸੁਣਿਆ ਸੀ ਕਿ ਉਹ ਦੋ ਵਾਰ ਫੇਲ੍ਹ ਹੋਣ ਤੋਂ ਬਾਦ ਬਠਿੰਡੇ ਆਪਣੇ ਵੱਡੇ ਚਾਚੇ ਕੋਲ ਚਲੀ ਗਈ ਸੀ ਅਤੇ ਉਸਨੇ ਓਥੇ ਹੀ ਦਾਖਲਾ ਲੈ ਲਿਆ ਸੀ ਪ੍ਰੀ ਮੈਡੀਕਲ ਵਿੱਚ।

ਬਲਵੀਰ ਦੇ ਡੈਡੀ ਦਿੱਲੀ ਰਹਿੰਦੇ ਸਨ। ਉਹ ਡਾਕਟਰ ਸਨ। ਪਰ ਉਸਨੇ ਕਦੇ ਵੀ ਆਪਣੇ ਡੈਡੀ ਦਾ ਨਾਮ ਨਹੀਂ ਸੀ ਲਿਆ। ਉਹ ਛੁੱਟੀਆਂ ਵਿੱਚ ਕਦੇ ਦਿੱਲੀ ਗਈ ਵੀ ਨਹੀਂ ਸੀ। ਉਸਦਾ ਆਪਣੇ ਚਾਚਾ ਚਾਚੀ ਨਾਲ ਬਹੁਤ ਪਿਆਰ ਸੀ ਅਤੇ ਉਹ ਹੀ ਉਸਨੂੰ ਹੋਸਟਲ ਮਿਲਣ ਆਇਆ ਕਰਦੇ ਸਨ। ਬਲਵੀਰ ਨੇ ਇਕ ਦਿਨ ਮਾੜਾ ਜਿਹਾ ਜ਼ਿਕਰ ਕੀਤਾ ਸੀ ਕਿ ਉਹ ਆਪਣੇ ਡੈਡੀ ਨੂੰ ਨਫਰਤ ਕਰਦੀ ਹੈ। ਉਸਦੇ ਡੈਡੀ ਨੇ ਆਪਣੀ ਇਕ ਨਰਸ ਨਾਲ ਵਿਆਹ ਕਰਵਾ ਲਿਆ ਹੈ ਅਤੇ ਉਸਦੀ ਮਾਂ ਪਿੰਡ ਰਹਿੰਦੀ ਹੈ। ਕਦੇ ਕਦੇ ਉਸਦੇ ਡੈਡੀ ਪਿੰਡ ਆਉਂਦੇ ਹਨ। ਗੱਲ ਕੀ ਬਲਵੀਰ ਲਈ ਉਸਦੇ ਚਾਚਾ ਚਾਚੀ ਤੇ ਮਾਂ ਹੀ ਸਭ ਕੁਝ ਸੀ। ਉਹ ਆਪਣੀ ਮਾਂ ਨਾਲ ਵੀ ਨਾਰਾਜ਼ ਸੀ ਕਿ ਕਿਉਂ ਉਸਨੇ ਆਪਣੇ ਉੱਤੇ ਹੁੰਦੇ ਅਤਿਆਚਾਰ ਵਿਰੁੱਧ ਆਵਾਜ਼ ਨਹੀਂ ਸੀ ਉਠਾਈ। ਪਰ ਫਿਰ ਵੀ ਉਹ ਆਪਣੀ ਮਾਂ ਨੂੰ ਪਿਆਰ ਕਰਦੀ ਸੀ। ਪਿਤਾ ਨਾਲ ਨਫਰਤ ਹੋਣ ਕਰਕੇ ਉਸਨੂੰ ਸਾਰੇ ਹੀ ਮਰਦਾਂ ਨਾਲ ਨਫਰਤ ਸੀ। ਉਹ ਅਕਸਰ ਕਿਹਾ ਕਰਦੀ ਸੀ ਕਿ ਉਸਨੇ ਵਿਆਹ ਨਹੀਂ ਕਰਵਾਉਣਾ। ਉਸਨੂੰ ਡਰ ਸੀ ਕਿ ਉਸ ਨਾਲ ਵਿਆਹ ਕਰਵਾਉਣ ਵਾਲਾ ਵੀ ਉਸ ਨੂੰ ਧੋਖਾ ਦੇਕੇ ਚਲਾ ਜਾਵੇਗਾ। ਏਸੇ ਕਰਕੇ ਉਹ ਸਾਨੂੰ ਸਭ ਨੂੰ ਨਸੀਹਤਾਂ ਦਿੰਦੀ ਰਹਿੰਦੀ ਸੀ ਕਿ ਕਿਸੇ ਮੁੰਡੇ ਨਾਲ ਗੱਲ ਬਾਤ ਨਹੀਂ ਕਰਨੀ ਚਾਹੀਦੀ ।

ਇਕ ਦਿਨ ਸਾਡੇ ਕਾਲਜ ਕਿਸੇ ਹੋਰ ਕਾਲਜ ਦੇ ਦੋ ਆਗੂ ਵਿਦਿਆਰਥੀ ਕਵਿਤਾ ਉਚਾਰਨ ਦੇ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਸੱਦਾ ਦੇਣ ਆਏ। ਮੈਂ ਅਕਸਰ ਹੀ ਇਸ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਜਾਂਦੀ ਰਹਿੰਦੀ ਸਾਂ। ਮੈਨੂੰ ਪ੍ਰਿੰਸੀਪਲ ਨੇ ਬੁਲਾ ਲਿਆ । ਗੱਲ ਬਾਤ ਕਰਨ ਤੋਂ ਪਿੱਛੋਂ ਮੈਡਮ ਨੇ ਮੈਨੂੰ ਕਿਹਾ ਕਿ ਜਾਓ ਗੇਟ ਤੱਕ ਵਿਦਾ ਕਰ ਕੇ ਆਓ। ਬੰਗਾਲੀ ਸੀ ਮੈਡਮ ਪ੍ਰਿੰਸੀਪਲ। ਪੰਜਾਬੀ ਠੀਕ ਤਰ੍ਹਾਂ ਨਹੀਂ ਸੀ ਬੋਲ ਸਕਦੇ।

ਮੈਂ ਜਦੋਂ ਉਹਨਾਂ ਦੋ ਵਿਦਿਆਰਥੀਆਂ ਨਾਲ ਤੁਰੀ ਜਾ ਰਹੀ ਸਾਂ ਤਾਂ ਬਲਵੀਰ ਨੇ ਦੇਖ ਲਿਆ। ਕਾਲਜ ਖਤਮ ਹੁੰਦੇ ਸਾਰ ਹੀ ਮੈਨੂੰ ਘੇਰ ਲਿਆ ਤੇ ਕਹਿਣ ਲੱਗੀ, "ਦੱਸ ਮੈਨੂੰ ਤੂੰ ਉਹਨਾਂ ਬੱਗੜਾਂ ਜਿਹਾਂ ਨਾਲ ਕਿਉਂ ਤੁਰੀ ਜਾਂਦੀ ਸੀ।"

ਬੱਗੜ ਜਿਹੇ ਤਾਂ ਆਖਦੀ ਸੀ ਕਿਉਂ ਕਿ ਉਹ ਦੋਨੋਂ ਮੁੰਡੇ ਰੰਗ ਦੇ ਬਹੁਤ ਗੋਰੇ ਸਨ।

ਮਸਾਂ ਬਲਵੀਰ ਤੋਂ ਖਹਿੜਾ ਛੁਡਵਾਇਆ। ਅੱਜ ਵੀ ਉਸਦੀਆਂ ਗੱਲਾਂ ਯਾਦ ਕਰਕੇ ਹਾਸਾ ਆ ਜਾਂਦਾ ਹੈ।

ਕੁਝ ਸਾਲਾਂ ਬਾਦ ਮੈਂ ਭਾਰਤ ਗਈ। ਬਜ਼ਾਰ ਵਿੱਚ ਮੈਨੂੰ ਦੇਖ ਕੇ ਉਹ ਚੌਂਕ ਉੱਠੀ। ਉਹ ਆਪਣੀ ਚਾਚੀ ਨਾਲ ਰਿਕਸ਼ੇ ਵਿੱਚ ਸੀ। ਮੈਨੂੰ ਦੇਖ ਕੇ ਉੱਚੀ ਉੱਚੀ ਰਿਕਸ਼ੇ ਵਾਲੇ ਨੂੰ ਆਖਣ ਲੱਗੀ, "ਰੁੱਕ! ਰੁੱਕ! ਰਿਕਸ਼ਾ ਮਸਾਂ ਰੁੱਕਿਆ ਹੀ ਸੀ ਕਿ ਉਹ ਛਾਲ ਮਾਰਕੇ ਰਿਕਸ਼ੇ ਤੋਂ ਉੱਤਰ ਗਈ। ਅਸੀਂ ਦੋਨੋਂ ਗਲਵਕੜੀ ਪਾ ਕੇ ਮਿਲੀਆਂ। ਉਹ ਬਿਲਕੁਲ ਓਸੇ ਤਰ੍ਹਾਂ ਹੀ ਸੀ। ਸੋਹਣੇ ਤਿੱਕੇ ਜਿਹੇ ਰੰਗ ਦੀ ਸਲਵਾਰ ਕਮੀਜ਼ ਤੇ ਮੈਚ ਕਰਦੀ ਢਾਈ ਮੀਟਰ ਦੀ ਚੁੰਨੀ। ਓਹੋ ਹੀ ਗੋਰਾ ਗੁਲਾਬੀ ਰੰਗ, ਓਹੋ ਹੀ ਬੋਲ ਓਹੋ ਹੀ ਚਾਲ। ਸੱਚਮੁੱਚ ਓਹੋ ਹੀ ਬਲਵੀਰ।

ਕੁਝ ਗੱਲਾਂ ਕੀਤੀਆਂ ਪਰ ਉਸਨੂੰ ਕਾਹਲੀ ਹੋਣ ਕਰਕੇ ਉਸ ਨੇ ਦੂਸਰੇ ਦਿਨ ਦਾ ਪ੍ਰੋਗਰਾਮ ਬਣਾ ਲਿਆ ਕਿ ਕਲ੍ਹ ਨੂੰ ਆਪਾਂ ਸਾਰਾ ਦਿਨ ਇਕੱਠੀਆਂ ਰਹਾਂਗੀਆਂ।

ਮਿੱਥੇ ਸਮੇਂ ਅਨੁਸਾਰ ਮੈਂ ਉਹਨਾਂ ਦੇ ਘਰ ਪੁੱਜ ਗਈ। ਹੁਣ ਉਹ ਬਲਵੀਰ ਨਹੀਂ ਸੀ ਡਾ. ਬਲਵੀਰ ਕੌਰ ਭੁੱਲਰ ਸੀ। ਉਸਦੇ ਨਾਮ ਨਾਲ ਡਾਕਟਰ ਸ਼ਬਦ ਜੁੜ ਗਿਆ ਸੀ।

ਮੈਨੂੰ ਉਸਦੇ ਡਾਕਟਰ ਬਣਨ ਦਾ ਬਹੁਤ ਅਚੰਭਾ ਸੀ। ਮੈਂ ਜਲਦੀ ਨਾਲ ਉਸਦੇ ਡਾਕਟਰ ਬਣਨ ਦੀ ਕਹਾਣੀ ਸੁਣਨਾ ਚਾਹੁੰਦੀ ਸਾਂ।

ਉਸਨੇ ਮੈਨੂੰ ਦੱਸਿਆ, ''ਬਠਿੰਡੇ ਜਾ ਕੇ ਸਾਰੇ ਮਜ਼ਮੂਨਾਂ ਦੀ ਟਿਊਸ਼ਨ ਰੱਖ ਲਈ। ਨਰਸ ਜਿਹੜੀ ਨਾਲ ਮੇਰੇ ਡੈਡੀ ਨੇ ਵਿਆਹ ਕਰਵਾਇਆ ਸੀ, ਮਰ ਗਈ। ਉਸਨੂੰ ਕੋਈ ਭੈੜੀ ਬੀਮਾਰੀ ਲੱਗ ਗਈ ਤੇ ਨਾਲ ਹੀ ਲੈ ਗਈ। ਡੈਡੀ ਇਕੱਲੇ ਹੋ ਗਏ। ਉਹਨਾਂ ਨੇ ਆਪਣੇ ਚਿਰਾਂ ਤੋਂ ਛੱਡੇ ਪਰਿਵਾਰ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਮੰਮੀ ਦਾ ਵੀ ਖਿਆਲ ਕਰਨ ਲੱਗੇ। ਪਰ ਰਹੇ ਉਹ ਦਿੱਲੀ ਹੀ ਕਿਉਂਕਿ ਓਥੇ ਕਲੀਨਿਕ ਸੀ ਤੇ ਓਥੇ ਉਹਨਾਂ ਦੇ ਮਰੀਜ਼ ਸਨ। ਮੈਂ ਸੈਕਿੰਡ ਡਵੀਜ਼ਨ ਵਿੱਚ ਪ੍ਰੀ ਮੈਡੀਕਲ ਪਾਸ ਕਰ ਲਿਆ ਤੇ ਡੈਡੀ ਨੇ ਪ੍ਰਾਈਵੇਟ ਕਾਲਜ ਨੂੰ ਡਨੇਸ਼ਨ ਦੇ ਕੇ ਮੈਨੂੰ ਡਾਕਟਰੀ ਵਿੱਚ ਦਾਖਲਾ ਦਵਾ ਦਿੱਤਾ।

ਐਮ ਬੀ ਬੀ ਐਸ ਕਰਕੇ ਮੈਂ ਡੈਡੀ ਨਾਲ ਪ੍ਰੈਕਟਿਸ ਸ਼ੁਰੂ ਹੀ ਕੀਤੀ ਸੀ ਕਿ ਡੈਡੀ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਜਹਾਨੋਂ ਤੁਰ ਗਏ। ਓਦੋਂ ਤੋਂ ਹੀ ਮੈਂ ਡੈਡੀ ਦੀ ਕਲੀਨਿਕ ਸੰਭਾਲੀ ਹੋਈ ਹੈ। ਉਹਨਾਂ ਨੇ ਮਰਨ ਤੋਂ ਪਹਿਲਾਂ ਹੀ ਕਲਿਨਿਕ ਮੇਰੇ ਨਾਮ ਕਰਵਾ ਦਿੱਤੀ ਸੀ।

''ਤਾਂ ਫਿਰ ਤੇਰਾ ਡੈਡੀ ਨਾਲ ਸਮਝੌਤਾ ਹੋ ਹੀ ਗਿਆ, ਮੈਂ ਹੱਸ ਕੇ ਕਿਹਾ।''

ਉਸਨੇ ਡੂੰਘਾ ਸਾਹ ਲਿਆ। ਇਕ ਪੀੜ ਮੈਂ ਉਸਦੇ ਧੁਰ ਅੰਦਰੋਂ ਨਿਕਲਦੀ ਦੇਖੀ। ਉਸਦੇ ਬਿਨਾਂ ਕੁਝ ਕਹੇ ਹੀ ਮੈਂ ਸਮਝ ਗਈ ਕਿ ਉਸਨੇ ਮੁਆਫ ਨਹੀਂ ਕੀਤਾ ਸੀ ਡੈਡੀ ਨੂੰ। ਬੱਸ ਇਕ ਦੁਨੀਆਂਦਾਰੀ ਸੀ, ਇਕ ਸਮਝੌਤਾ ਸੀ ਆਪਣੇ ਆਪ ਨਾਲ।

ਅਸੀਂ ਸਾਰਾ ਦਿਨ ਬਜ਼ਾਰ ਵਿੱਚ ਫਿਰਦੀਆਂ ਰਹੀਆਂ। ਉਸ ਵਿੱਚ ਡਾਕਟਰਾਂ ਵਾਲੀ ਮੜ੍ਹਕ ਮਜ਼ਾਜ ਨਹੀਂ ਸੀ। ਉਹ ਮੈਨੂੰ ਬਲਵੀਰ ਬਣਕੇ ਹੀ ਮਿਲੀ ਸੀ ਤੇ ਬਲਵੀਰ ਬਣਕੇ ਹੀ ਗੱਲਾਂ ਕਰ ਰਹੀ ਸੀ।

ਮੈਂ ਹੱਸ ਕੇ ਪੁੱਛਿਆ, ''ਕੀ ਕਦੇ ਨੀਰੂ ਮਿਲੀ ਤੈਨੂੰ?''

''ਉਹ ਹੱਸ ਪਈ ਨੀਰੂ ਦਾ ਨਾਮ ਸੁਣਕੇ। ਬੱਸ ਅੱਜ ਤੂੰ ਮਿਲੀ ਐਂ। ਕਦੇ ਕੋਈ ਪੁਰਾਣੀ ਸਹੇਲੀ ਨਹੀਂ ਮਿਲੀ।'' ਉਸਨੇ ਦਰਦ ਭਰੇ ਅੰਦਾਜ਼ ਵਿੱਚ ਕਿਹਾ। ਨੀਰੂ ਬਾਰੇ ਮੈਂ ਤਾਂ ਪੁੱਛਿਆ ਕਿ ਨੀਰੂ ਦਿੱਲੀ ਦੀ ਸੀ।

ਗੱਲਾਂ ਬਾਤਾਂ ਤੋਂ ਮੈਂ ਸਮਝ ਗਈ ਸਾਂ ਕਿ ਉਸਨੇ ਵਿਆਹ ਨਹੀਂ ਕਰਵਾਇਆ ਅਜੇ। ਮੇਰੇ ਪੁੱਛਣ ਤੇ ਉਸਨੇ ਜਵਾਬ ਦਿੱਤਾ, ''ਦੱਸਿਆ ਤਾਂ ਸੀ ਤੁਹਾਨੂੰ ਕਿ ਮੈਂ ਵਿਆਹ ਨਹੀਂ ਕਰਵਾਉਣਾ। ਵਿਆਹ ਬਾਰੇ ਮੈਂ ਕਦੇ ਸੋਚਿਆ ਹੀ ਨਹੀਂ। ਐਵੇਂ ਮੇਰੇ ਕੰਨ ਨਾ ਖਾਈਂ ਵਿਆਹ ਵਿਆਹ ਕਰਕੇ। ਮੈਂ ਇਸ ਤਰ੍ਹਾਂ ਖੁਸ਼ ਹਾਂ। ਮੈਨੂੰ ਖੁਸ਼ ਰਹਿਣ ਦੇਵੋ। ਤੇਰਾ ਵਿਆਹ ਹੋ ਗਿਆ, ਸ਼ਰਨਜੀਤ ਦਾ ਵਿਆਹ ਹੋ ਗਿਆ। ਬਹੁਤ ਹੋ ਗਿਆ। ਅਫਰੀਕਣਾਂ ਦਾ ਵੀ ਹੋ ਗਿਆ ਹੋਣਾ ਹੈ। ਉਸਦੀ ਆਵਾਜ਼ ਵਿੱਚ ਤਲਖੀ ਸੀ।

ਮੈਂ ਜਾਣ ਕੇ ਛੇੜਨ ਦੀ ਮਾਰੀ ਨੇ ਕਿਹਾ, ''ਤੇ ਨੀਰੂ ਦਾ!''

ਉਹ ਹੱਸ ਪਈ।

ਜਦੋਂ ਮੈਂ ਉਸਨੂੰ ਦੱਸਿਆ ਕਿ ਮੇਰੀ ਇਕ ਦੋ ਸਾਲ ਦੀ ਬੇਟੀ ਵੀ ਹੈ ਤਾਂ ਉਹ ਬਹੁਤ ਹੱਸੀ। ਉਸਨੂੰ ਯਕੀਨ ਨਹੀਂ ਸੀ ਕਿ ਮੈਂ ਬੱਚੇ ਦੀ ਦੇਖ ਭਾਲ ਕਰ ਸਕਦੀ ਹਾਂ।

''ਤੂੰ ਸਾਂਭ ਲੈਂਨੀ ਆਂ ਕੁੜੀ ਨੂੰ, ਉਸਨੇ ਸਵਾਲ ਦਾਗਿਆ।''

''ਕਿਉ'', ਮੈਂ ਹੈਰਾਨੀ ਨਾਲ ਕਿਹਾ।''

''ਤੈਥੋਂ ਆਪਣਾ ਆਪ ਤਾਂ ਸੰਭਾਲਿਆ ਨਹੀਂ ਸੀ ਜਾਂਦਾ। ਤੂੰ ਗਲਾਸ ਕਿੰਨੇ ਤੋੜਦੀ ਸੀ। ਯਾਦ ਹੈ ਕੁਝ''...ਤੇ ਹੱਸ ਪਈ।

ਸਾਰਾ ਦਿਨ ਬੜੇ ਮਜ਼ੇ ਵਿੱਚ ਲੰਘਿਆ।

ਉਸ ਤੋਂ ਕੁਝ ਦਿਨਾਂ ਬਾਦ ਮੈਂ ਵਾਪਿਸ ਕੈਨੇਡਾ ਆ ਗਈ।

ਉਹਨਾਂ ਦਿਨਾਂ ਵਿੱਚ ਚਿੱਠੀ ਪੱਤਰ ਹੀ ਹੁੰਦਾ ਸੀ। ਫੋਨ ਤਾਂ ਬਹੁਤ ਘੱਟ ਹੁੰਦੇ ਸਨ। ਜੇ ਹੁੰਦੇ ਸਨ ਤਾਂ ਮੁਸ਼ਕਿਲ ਨਾਲ ਮਿਲਦੇ ਸਨ। ਹੈਲੋ ਹੈਲੋ ਕਰਦਿਆਂ ਨੂੰ ਹੀ ਵੱਡਾ ਸਾਰਾ ਬਿਲ ਬਣ ਜਾਂਦਾ ਸੀ। ਮੈਂ ਏਥੋਂ ਦੇ ਰੁਝੇਵਿਆਂ ਵਿੱਚ ਪੂਰੀ ਤਰ੍ਹਾਂ ਜਕੜੀ ਗਈ। ਮੁੱਕਦੀ ਗੱਲ ਸਾਡਾ ਆਪਸੀ ਲਿੰਕ ਟੁੱਟ ਗਿਆ।

ਤਿੰਨ ਕੁ ਸਾਲ ਪਹਿਲਾਂ ਮੈਂ ਫਿਰ ਭਾਰਤ ਗਈ। ਇਕ ਵਿਆਹ ਤੇ ਹਾਜ਼ਰੀ ਭਰਨੀ ਸੀ। ਮੈਂ ਮੋਗੇ ਹੀ ਆਪਣੇ ਰਿਸ਼ਤੇਦਾਰਾਂ ਦੇ ਘਰ ਠਹਿਰੀ ਹੋਈ ਸਾਂ ਵਿਆਹ ਦਾ ਕਰਕੇ। ਜਾਣ ਸਾਰ ਮੇਰਾ ਗਲਾ ਖਰਾਬ ਹੋ ਗਿਆ। ਮੈਂ ਆਪਣੀ ਰਿਸ਼ਤੇਦਾਰ ਨਾਲ ਗੱਲ ਕੀਤੀ ਕਿ ਇਸਤੋਂ ਪਹਿਲਾਂ ਕਿ ਮੈਂ ਜਿਆਦਾ ਰੁੱਝ ਜਾਵਾਂ, ਹੁਣੇ ਹੀ ਡਾਕਟਰ ਨੂੰ ਦਿਖਾ ਆਉਂਦੀ ਹਾਂ।

ਸੋ ਉਹ ਮੈਨੂੰ ਨੇੜੇ ਦੇ ਇਕ ਡਾਕਟਰ ਕੋਲ ਲੈ ਗਈ। ਉਹ ਲੇਡੀ ਡਾਕਟਰ ਸੀ। ਜਦੋਂ ਮੈਂ ਉਸਦਾ ਨਾਮ ਭੁੱਲਰ ਪੜ੍ਹਿਆ ਤਾਂ ਮੈਨੂੰ ਕੁਝ ਖੁਸ਼ੀ ਜਿਹੀ ਮਹਿਸੂਸ ਹੋਈ। ਮੈਂ ਬਲਵੀਰ ਬਾਰੇ ਸੋਚਣ ਲੱਗ ਪਈ।

ਡਾਕਟਰ ਨੇ ਆਵਾਜ਼ ਮਾਰੀ। ਮੈਂ ਡਾਕਟਰ ਦੇ ਕਮਰੇ ਵਿੱਚ ਜਾਣ ਸਾਰ ਕਹਿਣਾ ਸ਼ੁਰੂ ਕਰ ਦਿੱਤਾ ਕਿ ਕੀ ਉਹਨਾਂ ਦੀ ਕੋਈ ਰਿਸ਼ਤੇਦਾਰ ਬਲਵੀਰ ਹੈ ਜੋ ਦਿੱਲੀ ਡਾਕਟਰ ਹੈ?

ਉਹ ਹੱਸ ਪਈ ਤੇ ਕਹਿਣ ਲੱਗੀ, ''ਹਾਂ! ਤੁਸੀਂ ਕਿਵੇਂ ਜਾਣਦੇ ਹੋ?''

''ਉਹ ਮੇਰੀ ਸਹੇਲੀ ਹੈ, ਮੈਂ ਕਿਹਾ।''

ਉਹ ਮੇਰਾ ਗਲਾ ਦੇਖਣ ਲੱਗ ਗਈ ਪਰ ਮੇਰਾ ਧਿਆਨ ਬਲਵੀਰ ਵੱਲ ਸੀ। ਮੇਰੇ ਚਿਹਰੇ ਦੇ ਹਾਵ ਭਾਵ ਸਮਝ ਕੇ ਆਖਣ ਲੱਗੀ, ''ਪਹਿਲਾਂ ਮੈਨੂੰ ਚੈਕ ਕਰ ਲੈਣ ਦੇਵੋ, ਆਪਾਂ ਫਿਰ ਗੱਲ ਕਰਦੇ ਹਾਂ।''

ਗਲੇ ਵਾਸਤੇ ਦਵਾਈ ਲਿਖਣ ਬਾਦ ਕਹਿਣ ਲੱਗੀ, ''ਬਲਵੀਰ ਮੇਰੀ ਨਨਾਣ ਹੈ। ਉਹ ਮੇਰੇ ਹਸਬੈਂਡ ਦੇ ਤਾਏ ਦੀ ਕੁੜੀ ਹੈ।''

ਉਸਨੇ ਇਕ ਦੋ ਹੋਰ ਗੱਲਾਂ ਕੀਤੀਆਂ ਤੇ ਇਹ ਵੀ ਦੱਸਿਆ ਕਿ ਬਲਵੀਰ ਦਾ ਭਰਾ ਪਿੰਡ ਖੇਤੀ ਕਰਦਾ ਹੈ ਤੇ ਬਲਵੀਰ ਦਿੱਲੀ ਹੀ ਰਹਿੰਦੀ ਹੈ। ਬਹੁਤ ਘੱਟ ਪਿੰਡ ਆਉਂਦੀ ਹੈ। ਪਰਿਵਾਰ ਵਿੱਚ ਜ਼ਮੀਨ ਬਗੈਰਾ ਨੂੰ ਲੈ ਕੇ ਝਗੜਾ ਚੱਲ ਰਿਹਾ ਹੈ। ਬਲਵੀਰ ਨੂੰ ਤਾਂ ਜਾਇਦਾਦ ਦੀ ਪ੍ਰਵਾਹ ਨਹੀਂ ਪਰ ਉਸਦੇ ਭਰਾ ਲਈ ਤਾਂ ਜ਼ਮੀਨ ਹੀ ਸਭ ਕੁਝ ਹੈ।

''ਤੁਸੀਂ ਮੈਨੂੰ ਉਸਦਾ ਫੋਨ ਨੰਬਰ ਦੇ ਸਕਦੇ ਹੋ'', ਮੈਂ ਤਰਲੇ ਜਿਹੇ ਨਾਲ ਕਿਹਾ।

''ਕਿਉਂ ਨਹੀ, ਉਹ ਬੋਲੀ।''

ਉਸਨੇ ਆਪਣੇ ਪਰਸ 'ਚੋਂ ਛੋਟੀ ਜਿਹੀ ਡਾਇਰੀ ਕੱਢ ਕੇ ਉਸਦਾ ਫੋਨ ਨੰਬਰ ਇਕ ਪਰਚੀ ਤੇ ਲਿਖ ਮੇਰੇ ਹੱਥ ਫੜਾ ਦਿੱਤਾ।

ਦੂਸਰੇ ਦਿਨ ਗਲਾ ਕੁਝ ਠੀਕ ਹੋ ਗਿਆ ਤਾਂ ਉਸਨੂੰ ਫੋਨ ਲਾ ਲਿਆ। ਉਸਨੂੰ ਮੇਰੇ ਨਾਲ ਕੁਝ ਨਾਰਾਜ਼ਗੀ ਵੀ ਸੀ ਕਿ ਕਿਉਂ ਮੈਂ ਦਿੱਲੀ ਤੋਂ ਜਹਾਜ਼ ਚੜ੍ਹਨ ਤੋਂ ਪਹਿਲਾਂ ਉਸਨੂੰ ਮਿਲ ਕੇ ਨਹੀਂ ਜਾਂਦੀ।

''ਮਿਲਣਾ ਤਾਂ ਚਾਹੀਦਾ ਸੀ। ਪਰ ਪਿੰਡ ਜਾ ਕੇ ਹੋਰ ਹੀ ਰੁਝੇਵੇਂ ਨਹੀਂ ਮੁੱਕਦੇ। ਨਾ ਓਥੇ ਵਿਹਲ ਨਾ ਏਥੇ ਵਿਹਲ। ਪੁੱਠੇ ਸਿੱਧੇ ਕੰਮਾਂ ਵਿੱਚ ਹੀ ਟਾਈਮ ਗਵਾ ਲਈਦਾ ਹੈ। ਕਿੰਨੀ ਵਾਰੀ ਮੈਂ ਭਾਰਤ ਆਈ ਹਾਂ। ਸਮਾਂ ਤਾਂ ਕੱਢ ਸਕਦੀ ਸੀ।'' ਮੈਂ ਆਪਣੇ ਆਪ ਨੂੰ ਕੋਸਿਆ।

ਖੈਰ ਉਸ ਨਾਲ ਪ੍ਰੋਗਰਾਮ ਬਣਾ ਲਿਆ ਕਿ ਮੈਂ ਕੈਨੇਡਾ ਵਾਪਸ ਜਾਣ ਤੋਂ ਪਹਿਲਾਂ ਦੋ ਦਿਨ ਉਸ ਕੋਲ ਰਹਿ ਕੇ ਜਾਵਾਂਗੀ।

ਇਕ ਸੋਮਵਾਰ ਸਵੇਰੇ ਮੈਂ ਪਿੰਡੋਂ ਟੈਕਸੀ ਤੇ ਦਿੱਲੀ ਵੱਲ ਨੂੰ ਰਵਾਨਾ ਹੋ ਗਈ।

ਬਾਪੂ ਜੀ ਨੂੰ ਦੱਸਿਆ ਕਿ ਮੈਂ ਬਲਵੀਰ ਕੋਲ ਦੋ ਦਿਨ ਰਹਿ ਕੇ ਜਾਣਾ ਹੈ। ਬਾਪੂ ਜੀ ਬਲਵੀਰ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਹਨਾਂ ਨੂੰ ਇਸ ਗੱਲ ਦੀ ਵੀ ਖੁਸ਼ੀ ਸੀ ਕਿ ਉਹ ਸਾਦਾ ਜਿਹਾ ਰਹਿਣ ਵਾਲੀ ਕੁੜੀ ਡਾਕਟਰ ਬਣ ਗਈ ਹੈ। ਉਹਨਾਂ ਨੇ ਇਕ ਦੋ ਵਾਰ ਕਿਹਾ ਵੀ ਸੀ ਕਿ ਇਕੱਲੀ ਬਲਵੀਰ ਹੀ ਤੁਹਾਡੇ 'ਚੋਂ ਡਾਕਟਰ ਬਣੀ ਹੈ। ਬਾਪੂ ਜੀ ਨੂੰ ਵੀ ਬਲਵੀਰ ਦੀ ਸਾਦ ਮੁਰਾਦੀ ਸੂਰਤ ਪਿਆਰੀ ਲੱਗਦੀ ਸੀ। ਬਲਵੀਰ ਤਾਂ ਸਭ ਨੂੰ ਹੀ ਪਿਆਰੀ ਲੱਗਦੀ ਸੀ।

ਮੈਂ ਸਾਰੇ ਰਾਹ ਬਲਵੀਰ ਬਾਰੇ ਹੀ ਸੋਚਦੀ ਰਹੀ। ਹੁਣ ਤਾਂ ਮੇਰੇ ਵਾਂਗ ਉਸਦੇ ਵੀ ਵਾਲ ਚਿੱਟੇ ਹੋ ਗਏ ਹੋਣਗੇ। ਸ਼ਾਇਦ ਗੋਡੇ ਵੀ ਦੁੱਖਦੇ ਹੋਣ। ਉਹ ਤਾਂ ਡਾਕਟਰ ਹੈ। ਓਹਦੇ ਗੋਡੇ ਕੀ ਦੁੱਖਣੇ ਹਨ। ਵਾਲ ਡਾਈ ਨਹੀਂ ਕਰਦੀ ਹੋਣੀ। ਰੋਟੀ ਟੁੱਕ ਨੂੰ ਕੋਈ ਨੌਕਰ ਰੱਖਿਆ ਹੋਣਾ ਹੈ। ਪਤਾ ਨਹੀਂ ਮਰੀਜ਼ਾਂ ਨੂੰ ਚੰਗੀ ਤਰ੍ਹਾਂ ਦੇਖਦੀ ਵੀ ਹੈ ਜਾਂ ਨਹੀਂ। ਦਿਵਾਈ ਠੀਕ ਵੀ ਲਿਖਦੀ ਹੈ ਜਾਂ ਨਹੀਂ। ਉਸਨੂੰ ਤਾਂ ਮੈਡੀਕਲ ਟਰਮਜ਼ ਦੇ ਸਪੈਲਿੰਗ ਵੀ ਨਹੀਂ ਸਨ ਆਉਂਦੇ। ਕਿੰਨੀ ਕਮਜ਼ੋਰ ਸੀ ਪੜ੍ਹਾਈ ਵਿੱਚ। ਪੈਸੇ ਬਹੁਤ ਬਣਾਉਂਦੀ ਹੋਊ। ਕੀ ਕਰਦੀ ਹੋਊ ਏਨੇ ਪੈਸੇ ਅਤੇ ਹੋਰ ਅਨੇਕਾਂ ਤਰ੍ਹਾਂ ਸਵਾਲ ਮੈਨੂੰ ਘੇਰੀ ਬੈਠੇ ਸਨ।

ਨੀਰੂ ਨੂੰ ਸ਼ਾਇਦ ਕਿਤੇ ਮਿਲੀ ਹੋਵੇ। ਅੱਜ ਬਹੁਤ ਗੱਲਾਂ ਕਰਾਂਗੀਆਂ। ਕਲ੍ਹ ਨੂੰ ਛੁੱਟੀ ਹੈ ਉਸਨੂੰ ਚੰਗਾ ਹੋਇਆ ਇਕ ਦਿਨ ਤਾਂ ਪੂਰਾ ਹੋਊ ਸਾਡੇ ਕੋਲ। ਪੂਰੇ 25 ਸਾਲ ਬਾਦ ਮਿਲਣਾ ਹੈ ਕਮਲੀ ਜਿਹੀ ਨੂੰ ਮੈਂ ਮਨ ਹੀ ਮਨ ਕਿਹਾ।

ਟੈਕਸੀ ਵਾਲੇ ਨੇ ਇਕ ਵਾਰ ਫਿਰ ਐਡਰੈਸ ਪੁੱਛਿਆ। ਦਿੱਲੀ ਦੀਆਂ ਸੜਕਾਂ ਤੋਂ ਉਹ ਵਾਕਿਫ ਸੀ। ਹੁਣ ਮੇਰੇ ਕੋਲ ਬਲਵੀਰ ਦਾ ਸੈਲ ਫੋਨ ਨੰਬਰ ਸੀ। ਮੈਂ ਉਸਨੂੰ ਫੋਨ ਕਰਕੇ ਦੱਸ ਦਿੱਤਾ ਕਿ ਮੈਂ ਦਿੱਲੀ ਪੁੱਜ ਗਈ ਹਾਂ। ਰਿੰਗ ਰੋਡ ਤੇ ਹਾਂ। ਉਸਨੇ ਡਰਾਈਵਰ ਨੂੰ ਫੋਨ ਫੜਾਉਣ ਨੂੰ ਕਿਹਾ ਅਤੇ ਨਾਲ ਹੀ ਕਹਿ ਦਿੱਤਾ, ''ਤੈਨੂੰ ਨਹੀਂ ਸਮਝ ਆਉਣੀ। ਤੇਰੀ ਸੁਰਤ ਦਾ ਮੈਨੂੰ ਪਤਾ ਹੈ।''

ਮੈਨੂੰ ਹਾਸਾ ਜਿਹਾ ਆਇਆ ਉਸਦੀ ਗੱਲ ਤੇ ਕਿ ਇਹ ਅਜੇ ਵੀ ਮੈਨੂੰ ਪਹਿਲਾਂ ਵਾਲੀ ਹੀ ਸਮਝਦੀ ਹੈ। ਖੈਰ, ਮੈਂ ਫੋਨ ਡਰਾਈਵਰ ਨੂੰ ਫੜਾ ਦਿੱਤਾ ਤੇ ਉਸਨੇ ਰਸਤਾ ਸਮਝਾ ਦਿੱਤਾ।

ਬਲਵੀਰ ਦੇ ਫਲੈਟ ਤੇ ਪੁੱਜ ਕੇ ਡੋਰ ਬਿਲ ਕੀਤੀ। ਉਹ ਛੇਤੀ ਨਾਲ ਬਾਹਰ ਆ ਗਈ। ਉਡੀਕ ਤਾਂ ਰਹੀ ਸੀ ਉਹ। ਫਿੱਕੇ ਗੁਲਾਬੀ ਰੰਗ ਦਾ ਪੰਜਾਬੀ ਸੂਟ ਪਾਈ ਉਹ ਮੇਰੇ ਸਾਹਮਣੇ ਖੜ੍ਹੀ ਸੀ। ਸਿਰ ਦੇ ਵਾਲ ਭਾਵੇਂ ਚਿੱਟੇ ਸਨ ਪਰ ਸੋਹਣੀ ਲੱਗ ਰਹੀ ਸੀ। ਕੁਝ ਭਾਰ ਵੱਧਿਆ ਹੋਇਆ ਸੀ ਪਹਿਲਾਂ ਨਾਲੋਂ।

ਗਲਵਕੜੀ ਪਾ ਕੇ ਮਿਲੀ। ਦੋਹਾਂ ਦੀਆਂ ਅੱਖਾਂ ਨਮ ਹੋਈਆਂ। ਸਮਾਨ ਟੈਕਸੀ 'ਚੋਂ ਕੱਢਿਆ। ਉਸਦੇ ਨੌਕਰ ਨੇ ਚਾਹ ਬਣਾਈ। ਡਰਾਈਵਰ ਚਾਹ ਪੀ ਕੇ ਚਲਾ ਗਿਆ ਅਤੇ ਅਸੀਂ ਆਪਣੀਆਂ ਗੱਲਾਂ ਵਿੱਚ ਰੁੱਝ ਗਈਆਂ।

ਮੈਂ ਹੈਂਡ ਬੈਗ 'ਚੋਂ ਆਪਣੀਆਂ ਕਿਤਾਬਾਂ ਕੱਢ ਕੇ ਉਸਨੂੰ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹ ਦੇਖੀ ਜਾਵੇ ਤੇ ਹੱਸੀ ਜਾਵੇ।

ਮੈਨੂੰ ਪਤਾ ਨਾ ਲੱਗੇ ਕਿ ਇਹ ਕਿਤਾਬਾਂ ਤੇ ਕਿਉਂ ਹੱਸਦੀ ਹੈ।

ਆਖਰਕਾਰ ਉਸਨੇ ਆਪਣੇ ਦਿਲ ਦੀ ਘੁੰਡੀ ਖੋਲ੍ਹ ਹੀ ਦਿੱਤੀ। ਮੇਰੇ ਚਿਹਰੇ ਨੂੰ ਫੜ ਕੇ ਆਪਣੇ ਵੱਲ ਕਰ ਕੇ ਆਖਣ ਲੱਗੀ, ''ਫਿਰ ਤੇਰੀ ਆਦਤ ਨਾ ਗਈ। ਤੇਰੇ ਨਾਲ ਹੀ ਰਹੀ ਤੇਰੀ ਕਵਿਤਾ। ਤੈਨੂੰ ਪਤਾ ਹੈ ਜਦੋਂ ਤੂੰ ਕਵਿਤਾ ਦੀ ਗੱਲ ਕਰਦੀ ਹੁੰਦੀ ਸੀ ਤਾਂ ਅਸੀਂ ਹੱਸਦੀਆਂ ਹੁੰਦੀਆਂ ਸੀ ਤੇਰੇ ਤੇ। ਇਕ ਦਿਨ ਤੂੰ ਗੁੱਸੇ ਹੋ ਗਈ ਤੇ ਦੋ ਦਿਨ ਨੀਰੂ ਤੋਂ ਸਿਵਾ ਕਿਸੇ ਨਾਲ ਨਹੀਂ ਸੀ ਬੋਲੀ।''

ਅੱਜ ਉਸਨੇ ਨੀਰੂ ਸ਼ਬਦ ਘਰੋੜ ਕੇ ਨਹੀਂ ਸੀ ਕਿਹਾ। ਮੇਰੇ ਲਈ ਹੈਰਾਨੀ ਵਾਲੀ ਗੱਲ ਸੀ।

ਪਰ ਕਿਤਾਬਾਂ ਦੇਖ ਉਹ ਗੱਦ ਗੱਦ ਹੋ ਰਹੀ ਸੀ ਤੇ ਮੇਰੇ ਤੋਂ ਪੁੱਛੇ ਬਿਨਾਂ ਹੀ ਆਪਣਾ ਅਧਿਕਾਰ ਸਮਝਦੇ ਹੋਏ ਕਿਤਾਬਾਂ ਆਪਣੇ ਕੋਲ ਰੱਖ ਲਈਆਂ।

ਮੈਂ ਤੁਰ ਫਿਰ ਕੇ ਫਲੈਟ ਦੇਖਣਾ ਸ਼ੁਰੂ ਕਰ ਦਿੱਤਾ। ਸਾਫ ਸੁੱਥਰਾ ਫਲੈਟ। ਇਕ ਕਮਰੇ ਵਿੱਚ ਉਸਦਾ ਆਪਣਾ ਸਮਾਨ ਤੇ ਇਕ ਹੋਰ ਕਮਰੇ ਵਿੱਚ ਇਕ ਬੈਂਡ, ਕੁਰਸੀ ਟੇਬਲ, ਟੇਬਲ ਤੇ ਟੇਬਲ ਲੈਂਪ ਤੇ ਕੁਝ ਮੈਡੀਕਲ ਦੀਆਂ ਕਿਤਾਬਾਂ। ਮੈਂ ਹੈਰਾਨ ਜਿਹੀ ਹੋਈ। ਸੋਚਿਆ ਕੋਈ ਰਿਸ਼ਤੇਦਾਰ ਰਹਿੰਦਾ ਹੋਵੇਗਾ। ਏਥੇ ਪੜ੍ਹਦਾ ਹੋਵੇਗਾ।

ਟੇਬਲ ਤੇ ਪਈ ਫੋਟੋ ਦੇਖ ਕੇ ਸੋਚਿਆ ਕਿ ਇਹ ਬਲਵੀਰ ਦਾ ਰਿਸ਼ਤੇਦਾਰ ਤਾਂ ਨਹੀਂ ਹੋ ਸਕਦਾ। ਬਿਲਕੁਲ ਵੀ ਸ਼ਕਲ ਨਹੀਂ ਮਿਲਦੀ।

ਜੱਕਾ ਤੱਕਾ ਜਿਹਾ ਕਰਕੇ ਪੁੱਛ ਹੀ ਲਿਆ, ''ਬਲਵੀਰ, ਇਹ ਕਮਰਾ ਕਿਸ ਦਾ ਹੈ?''

''ਮੇਰੇ ਬੇਟੇ ਦਾ ਕਮਰਾ ਹੈ ਇਹ, ਉਸਦੀ ਆਵਾਜ਼ ਵਿੱਚ ਖੁਸ਼ੀ ਟਣਕਦੀ ਸੀ।

''ਬੇਟਾ.!''

ਮੈਂ ਹੈਰਾਨੀ ਨਾਲ ਪੁੱਛਿਆ

''ਹਾਂ..ਮੇਰਾ ਬੇਟਾ ਰੋਹਿਤ, ਉਸਨੇ ਬੜੇ ਹੀ ਵਿਸਵਾਸ਼ ਭਰੀ ਆਵਾਜ਼ 'ਚ ਆਖਿਆ।''

ਮੈਂ ਉਸਦੇ ਚਿਹਰੇ ਵੱਲ ਹੈਰਾਨੀ ਨਾਲ ਤੱਕਿਆ। ਉਹ ਬਿਲਕੁਲ ਸਾਂਤ ਸੀ।

ਕਾਹਲੀ ਨਾ ਪੈਦੱਸ ਦੇਵਾਂਗੀ ਹੌਲੀ ਹੌਲੀ, ਉਹ ਬੋਲੀ ਗੱਲ ਦਾ ਰੁਖ ਬਦਲਣ ਖਾਤਿਰ ਉਸਨੇ ਮੇਰੇ ਸਿਰ ਵੱਲ ਤੱਕਿਆ ਤੇ ਕਹਿਣ ਲੱਗੀ , ''ਤੇਰੇ ਘੁੰਗਰਾਲੇ ਵਾਲ ਕਿੱਥੇ ਗਏ। ਸਿੱਧੇ ਕਰਵਾ ਲਏ? ਚਿੱਟੇ ਨਹੀਂ ਹੋਏ ਤੇਰੇ ਵਾਲ। ਲੈ ਦੇਖ ਮੈਂ ਤਾਂ ਮੋਟੀ ਹੋ ਗਈ ਆਂ। ਤੂੰ ਤੂੰ ਤਾਂ ਓਸੇ ਤਰ੍ਹਾਂ ਦੀ ਪਈ ਹੈਂ!

ਹੱਸਦੀ ਹੱਸਦੀ ਨੇ ਮੈਨੂੰ ਪਿਆਰ ਨਾਲ ਧਕੇਲ ਕੇ ਬੈੱਡ ਤੇ ਸੁੱਟ ਦਿੱਤਾ। ਇਕ ਦਮ ਮੈਨੂੰ ਯਾਦ ਆ ਗਿਆ ਕਿ ਹੋਸਟਲ ਵਿੱਚ ਏਸੇ ਹੀ ਤਰ੍ਹਾਂ ਉਸਨੇ ਮੈਨੂੰ ਬੈੱਡ ਤੇ ਧੱਕਾ ਦੇ ਕੇ ਸੁੱਟਿਆ ਸੀ ਤੇ ਮੇਰਾ ਸਿਰ ਕੰਧ 'ਚ ਜਾ ਵੱਜਿਆ ਸੀ ਪੂਰੇ ਜ਼ੋਰ ਨਾਲ। ਪੀੜ ਨਾਲ ਮੇਰੀਆਂ ਅੱਖਾਂ ਵਿੱਚ ਪਾਣੀ ਭਰ ਆਇਆ ਸੀ।

ਆਪਣੀਆਂ ਗੱਲਾਂ ਵਿੱਚ ਏਨੀਆਂ ਰੁੱਝ ਗਈਆ ਕਿ ਪਤਾ ਹੀ ਨਾ ਲੱਗਿਆ ਕਿ ਕਦੋਂ ਦਿਨ ਢਲ ਗਿਆ। ਨੌਕਰ ਰਾਤ ਦੇ ਖਾਣੇ ਬਾਰੇ ਪੁੱਛਣ ਆ ਗਿਆ ਕਿ ਘਰ ਹੀ ਖਾਣਾ ਹੈ ਜਾਂ ਬਾਹਰ ਜਾਣਾ ਹੈ। ਸਲਾਹ ਬਣੀ ਕਿ ਘਰ ਹੀ ਖਾਵਾਂਗੀਆਂ।

ਮੇਰਾ ਧਿਆਨ ਤਾਂ ਉਸਦੇ ਬੇਟੇ ਵਾਲੀ ਗੱਲ ਵੱਲ ਸੀ।

ਏਨੇ੍ ਨੂੰ ਦਰਵਾਜ਼ੇ ਤੇ ਕੁਝ ਖੜਕਾ ਹੋਇਆ। ਇਕ ਪਤਲਾ ਜਿਹਾ 23-24 ਸਾਲ ਦਾ ਪੱਕੇ ਜਿਹੇ ਰੰਗ ਦਾ ਮੁੰਡਾ ਅੰਦਰ ਆਇਆ ਤੇ ਸਿੱਧਾ ਹੀ ਸਾਡੇ ਕੋਲ ਆ ਗਿਆ। ਮੈਂ ਸਮਝ ਗਈ ਕਿ ਇਹ ਹੀ ਰੋਹਿਤ ਹੈ। ਕਮਰੇ ਵਾਲੀ ਫੋਟੋ ਨਾਲ ਸ਼ਕਲ ਮਿਲਦੀ ਸੀ।

ਉਸਨੇ ਮੇਰੇ ਤੇ ਫਿਰ ਬਲਵੀਰ ਦੇ ਪੈਰੀਂ ਹੱਥ ਲਾਏ। ਮੈਨੂੰ ਉਸਨੇ ਮਾਸੀ ਕਹਿ ਕੇ ਸੰਬੋਧਨ ਕੀਤਾ। ਮੈਂ ਸਮਝ ਗਈ ਕਿ ਬਲਵੀਰ ਨੇ ਉਸਨੂੰ ਮੇਰੇ ਬਾਰੇ ਤੇ ਮੇਰੇ ਆਉਣ ਬਾਰੇ ਦੱਸ ਦਿੱਤਾ ਸੀ।

ਜਿੱਧਰ ਜਿੱਧਰ ਨੂੰ ਰੋਹਿਤ ਜਾਂਦਾ, ਮੇਰੀਆਂ ਅੱਖਾਂ ਓਧਰ ਹੀ ਘੁੰਮ ਜਾਂਦੀਆਂ। ਖਾਣਾ ਅਸੀਂ ਤਿੰਨਾਂ ਨੇ ਇਕੱਠੇ ਬੈਠ ਕੇ ਖਾਧਾ।

ਖਾਣਾ ਖਾ ਕੇ ਰੋਹਿਤ ਆਪਣੇ ਕਮਰੇ ਵਿੱਚ ਚਲਾ ਗਿਆ। ਮੈਂ ਤੇ ਬਲਵੀਰ ਦੂਸਰੇ ਕਮਰੇ ਵਿੱਚ ਚਲੀਆਂ ਗਈਆਂ।

ਅਸੀਂ ਇਕੋ ਹੀ ਕਮਰੇ ਵਿੱਚ ਸੌਣ ਦਾ ਮਨ ਬਣਾ ਲਿਆ। ਸਾਰੀ ਰਾਤ ਗੱਲਾਂ ਜੁ ਕਰਨੀਆਂ ਸਨ।

ਕੁਝ ਚਿਰ ਬਾਦ ਬਲਵੀਰ ਨੇ ਆਪੇ ਹੀ ਦੱਸਣਾ ਸ਼ੁਰੂ ਕਰ ਦਿੱਤਾ ਕਿ ਰੋਹਿਤ ਨੀਰੂ ਦਾ ਬੇਟਾ ਹੈ।

''ਨੀਰੂ ਉਹ ਹੀ ਨੀਰੂ ਆਪਣੇ ਵਾਲੀ, ਮੇਰੀਆਂ ਅੱਖਾਂ ਟੱਢੀਆਂ ਗਈਆਂ।''

''ਹਾਂ...ਹਾਂ ਨੀਰੂ ਦਾ ਬੇਟਾ ਪਰ ਹੁਣ ਮੇਰਾ ਬੇਟਾ ਹੈ'' ਕਹਿੰਦਿਆਂ ਉਸਦੀਆਂ ਅੱਖਾਂ ਭਰ ਆਈਆਂ।

ਮੈਂ ਸਮਝ ਗਈ ਕਿ ਕੋਈ ਡੂੰਘੀ ਗੱਲ ਹੈ।

ਉਸ ਨੇ ਰੋਹਿਤ ਦੇ ਕਮਰੇ ਦੀ ਬਿੜਕ ਲਈ ਤੇ ਨੌਕਰ ਨੂੰ ਤਾਕੀਦ ਕੀਤੀ ਕਿ ਦੁੱਧ ਜ਼ਰੂਰ ਉਸਦੇ ਟੇਬਲ ਤੇ ਰੱਖ ਦੇਵੇ।

ਜਵਾਕ ਸਾਰਾ ਦਿਨ ਕਾਲਜ ਥੱਕ ਜਾਂਦਾ ਹੈ। ਪੜ੍ਹਨਾ ਕਿਹੜਾ ਸੌਖਾ ਹੈ। ਉਹ ਮੇਰੇ ਵੱਲ ਦੇਖ ਆਖ ਰਹੀ ਸੀ।

''ਪਹਿਲਾਂ ਮੈਨੂੰ ਇਹ ਦੱਸ ਕਿ ਨੀਰੂ ਦਾ ਬੇਟਾ ਕਿਵੇਂ ਹੈ ਤੇ ਤੇਰਾ ਬੇਟਾ ਕਿਵੇਂ ਹੈ।'' ਮੈਂ ਜਾਨਣ ਦੀ ਉਤਸੁਕਤਾ ਨਾਲ ਕਿਹਾ।

''ਲੈ ਸੁਣ ਕਹਾਣੀ।'' ਉਹ ਬੋਲੀ ਨੀਰੂ ਬੀ.ਐਸ. ਸੀ. ਕਰਕੇ ਦਿੱਲੀ ਆ ਗਈ। ਏਥੇ ਪਾਗਲ ਜਿਹੀ ਨੂੰ ਪਿਆਰ ਹੋ ਗਿਆ ਕਿਸੇ ਮਲੰਗ ਨਾਲ। ਨੀਰੂ ਦੇ ਘਰ ਦੇ ਵਿਆਹ ਨੂੰ ਮੰਨਣ ਨਾ। ਲੱਭਿਆ ਆਪ ਤੇ ਉਹ ਵੀ ਚੱਜ ਦਾ ਨਾ ਲੱਭਿਆ। ਨਸ਼ਈ ਜਿਹਾ। ਉਹ ਬੱਸ ਕਮਲੀ ਹੀ ਰਹੀ। ਘਰੋਂ ਵੀ ਉਹ ਠੀਕ ਠਾਕ ਹੀ ਸੀ। ਪਤਾ ਨਹੀਂ ਕਿਵੇਂ ਉਸਦੇ ਚਕਰ ਵਿੱਚ ਫਸ ਗਈ।

ਇਕ ਦਿਨ ਅਚਾਨਕ ਹੀ ਮੇਰੀ ਕਲਿਨਕ ਤੇ ਆ ਗਈ। ਉਸਨੂੰ ਸਿਰਫ ਏਨਾ ਪਤਾ ਸੀ ਕਿ ਇਹ ਕਿਸੇ ਡਾਕਟਰ ਦੀ ਦੁਕਾਨ ਹੈ। ਮੈਨੂੰ ਦੇਖ ਕੇ ਪਹਿਲਾਂ ਤਾਂ ਠਠੰਬਰ ਜਿਹੀ ਗਈ ਪਰ ਜਦੋਂ ਮੈਂ ਅੱਗੇ ਹੋ ਕੇ ਉਸਨੂੰ ਗਲਵਕੜੀ ਪਾਈ ਤਾਂ ਰੋਣ ਲੱਗ ਪਈ। ਫਿਰ ਤਾਂ ਬੱਸ ਇਉਂ ਲੱਗਦਾ ਸੀ ਜਿਵੇਂ ਉਸਨੇ ਵਰ੍ਹਿਆਂ ਤੋਂ ਅੱਖਾਂ 'ਚ ਪਾਣੀ ਸਾਂਭ ਕੇ ਰੱਖਿਆ ਹੋਇਆ ਸੀ ਜੋ ਅੱਜ ਡੋਲ੍ਹਣਾ ਚਾਹੁੰਦੀ ਹੈ।

ਮੇਰੇ ਮੂੰਹੋ ਨਿਕਲ ਗਿਆ, ''ਤੂੰ ਉਸਨੂੰ ਅੱਖਾਂ ਨਾਲ ਡਰਾਇਆ ਨਹੀਂ?''

ਡਰਾਉਣਾ ਕਾਹਤੋਂ ਸੀ। ਬਲਵੀਰ ਦਾ ਗਲਾ ਭਰ ਆਇਆ। ਨੀਰੂ ਪਰੈਗਨੈਂਟ ਸੀ। ਕੁਝ ਪੱਚਦਾ ਨਹੀਂ ਸੀ ਉਸਦੇ। ਦਿਖਾਉਣ ਆਈ ਸੀ। ਮਹੀਨਾ ਕੁ ਹੋਇਆ ਸੀ। ਕਮਜ਼ੋਰ ਬਹੁਤ ਸੀ। ਮੈਂ ਉਸਨੂੰ ਦਵਾਈ ਦਿੱਤੀ। ਹੌਸਲਾ ਦਿੱਤਾ ਕਿ ਉਹ ਠੀਕ ਹੋ ਜਾਵੇਗੀ ਤੇ ਨਾਲ ਹੀ ਤਾਕੀਦ ਕਰ ਦਿੱਤੀ ਕਿ ਜਦੋਂ ਮਰਜ਼ੀ ਆਪਣੇ ਹਸਬੈਂਡ ਨੂੰ ਲੈ ਕੇ ਆ ਜਾਵੀਂ। ਇਲਾਜ ਕਰਨ ਦੀ ਕੋਸ਼ਿਸ਼ ਕਰਾਂਗੀ।

ਕੁਝ ਦਿਨਾਂ ਬਾਦ ਉਹ ਹਰੀਸ਼ ਨੂੰ ਲੈਕੇ ਆਈ। ਉਸਨੂੰ ਦੇਖ ਕੇ ਤਾਂ ਮੈਂ ਸੋਚਣ ਲੱਗ ਪਈ ਕਿ ਨੀਰੂ ਤੂੰ ਕੀ ਕਰ ਬੈਠੀ। ਆਹ ਕਾਲਾ ਕਲੂਟਾ ਸ਼ਰਾਬੀ ਤੇਰੀ ਪਸੰਦ ਕਿਵੇਂ ਬਣ ਗਿਆ। ਬਲਵੀਰ ਲਗਾਤਾਰ ਬੋਲੀ ਜਾ ਰਹੀ ਸੀ ਤੇ ਮੈਂ ਚੁੱਪ ਚਾਪ ਸੁਣੀ ਜਾ ਰਹੀ ਸਾਂ। ਦਰਦ ਦੇ ਸਾਗਰ ਵਿੱਚ ਗੋਤੇ ਖਾ ਰਹੀਆਂ ਸਾਂ ਦੋਨੋਂ ਜਾਣੀਆਂ।

''ਕੀ ਹੋਇਆ ਨੀਰੂ ਨੂੰ ਮੈਂ ਫਿਕਰ ਨਾਲ ਪੁੱਛਿਆ।

ਬਲਵੀਰ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕਹਾਣੀ ਨੂੰ ਕਿਵੇਂ ਅੱਗੇ ਤੋਰੇ। ਉਸਦਾ ਮਨ ਭਰਿਆ ਹੋਇਆ ਸੀ। ਉਹ ਡੂੰਘਾ ਸਾਹ ਲੈਕੇ, ਪਾਣੀ ਦੀ ਘੁੱਟ ਭਰਕੇ ਬੋਲੀ, ''ਨੀਰੂ ਦੇ ਹਸਬੈਂਡ ਹਰੀਸ਼ ਦਾ ਲਿਵਰ ਖਤਮ ਹੋ ਚੁੱਕਿਆ ਸੀ। ਉਹ ਬਹੁਤ ਪੀਂਦਾ ਸੀ ਤੇ ਪੀਣ ਕਾਰਣ ਹੀ ਉਸਦੀ ਨੌਕਰੀ ਚਲੀ ਗਈ। ਬੈਂਕ ਵਿੱਚ ਮੈਨੇਜਰ ਸੀ। ਪਰ ਸਾਰਾ ਪੈਸਾ ਸ਼ਰਾਬ ਤੇ ਰੋੜ੍ਹਦਾ ਸੀ। ਉਸ ਨੂੰ ਸਾਫ ਦੱਸ ਦਿੱਤਾ ਕਿ ਇਹ ਬਹੁਤੀ ਦੇਰ ਜਿਊਂਦਾ ਨਹੀਂ ਰਹਿ ਸਕੇਗਾ ਜੇਕਰ ਇਸਨੇ ਪੀਣੀ ਨਾ ਛੱਡੀ।''

ਬਲਵੀਰ ਨੀਰੂ ਦੀ ਕਹਾਣੀ ਸੁਣਾਉਂਦੀ ਗਈ ਤੇ ਮੈਂ ਹੈਰਾਨ ਪਰੇਸ਼ਾਨ ਹੋਈ ਸੁਣਦੀ ਰਹੀ।

ਨੀਰੂ ਨੇ ਮੈਨੂੰ ਕਿਹਾ , ''ਬਲਵੀਰ, ਇਸ ਸਮੇਂ ਮੇਰੇ ਕੋਲ ਪੈਸੇ ਨਹੀਂ ਹਨ ਮੈਂ ਕੁਝ ਦਿਨਾਂ ਤੱਕ ਦੇ ਜਾਵਾਂਗੀ।''

ਇਸਦੇ ਨਾਲ ਹੀ ਬਲਵੀਰ ਦਾ ਰੋਣਾ ਹੋਰ ਤੇਜ਼ ਹੋ ਗਿਆ ।

ਮੈਨੂੰ ਉਸਦੀ ਹਾਲਤ ਤੇ ਬਹੁਤ ਤਰਸ ਆਇਆ। ਮੇਰਾ ਮਨ ਭਰ ਆਇਆ। ਮੇਰੀਆਂ ਅੱਖਾਂ ਮੂਹਰੇ ਕਾਲਜ, ਹੋਸਟਲ ਤੇ ਲੜਾਈ ਸਭ ਕੁਝ ਘੁੰਮਣ ਲੱਗਾ।

''ਨੀਰੂ! ਪੈਸਿਆਂ ਦਾ ਫਿਕਰ ਨਾ ਕਰ। ਮੈਂ ਕੋਈ ਪੈਸਾ ਨਹੀਂ ਲੈਣਾ ਤੈਥੋਂ। ਤੇਰੇ ਤੋਂ ਕਾਹਦੇ ਪੈਸੇ ਲੈਣੇ ਹਨ। ਕੋਈ ਆਪਣਿਆਂ ਤੋਂ ਵੀ ਕਦੇ ਪੈਸੇ ਲੈਂਦਾ ਹੈ। ਅਗਾਂਹ ਨੂੰ ਪੈਸਿਆਂ ਦੀ ਗੱਲ ਨਾ ਕਰੀਂ। ਪਾਗਲ ਕਿਸੇ ਥਾਂ ਦੀ।''

''ਇਲਾਜ ਸ਼ੁਰੂ ਕਰ ਦਿੱਤਾ। ਜੋ ਕੁਝ ਮੈਂ ਕਰ ਸਕਦੀ ਸੀ ਕੀਤਾ। ਹੋਰ ਡਾਕਟਰਾਂ ਨਾਲ ਵੀ ਸਲਾਹ ਮਸ਼ਵਰਾ ਕੀਤਾ ਉਸਦੀ ਸਿਹਤ 'ਚ ਕੁਝ ਸੁਧਾਰ ਹੋਣਾ ਵੀ ਸ਼ੁਰੂ ਹੋ ਗਿਆ ਸੀ ਕਿ ਪਰ ਅਚਾਨਕ ਉਸਦੇ ਸਕੂਟਰ ਦੀ ਟੱਕਰ ਟਰੱਕ ਨਾਲ ਹੋ ਗਈ। ਉਹ ਥਾਂ ਤੇ ਹੀ ਮਰ ਗਿਆ।'' ਬਲਵੀਰ ਦਾ ਗੱਚ ਭਰ ਆਇਆ। ਮੇਰੀਆਂ ਅੱਖਾਂ ਵੀ ਭਰ ਭਰ ਡੁਲ੍ਹ ਰਹੀਆਂ ਸਨ।

''ਜਦੋਂ ਨੀਰੂ ਸਸਕਾਰ ਆਦਿ ਤੋਂ

ਵਿਹਲੀ ਹੋਈ ਤਾਂ ਫਿਰ ਮੇਰੇ ਕੋਲ ਆਈ। ਵੈਸੇ ਉਸਨੇ ਮੈਨੂੰ ਉਸਦੀ ਮੌਤ ਦੀ ਖਬਰ ਓਸੇ ਵੇਲੇ ਹੀ ਦੱਸ ਦਿੱਤੀ ਸੀ। ਮੈਂ ਸਸਕਾਰ ਆਦਿ ਵਿੱਚ ਉਸਦੀ ਪੂਰੀ ਮੱਦਦ ਕੀਤੀ।" ਉਸਨੇ ਅੱਖਾਂ ਪੂੰਝਦਿਆਂ ਪੂੰਝਦਿਆਂ ਮਸਾਂ ਗੱਲ ਮੁਕਾਈ।

ਅਸੀਂ ਦੋਨੋਂ ਹੀ ਰੋ ਰਹੀਆਂ ਸਾਂ।

"ਤੇ ਫਿਰ" ਮੈਂ ਕਿਹਾ।"

ਨੀਰੂ ਦੇ ਸੱਸ ਸਹੁਰੇ ਨੇ ਨੀਰੂ ਨੂੰ ਘਰੋਂ ਕੱਢ ਦਿੱਤਾ। ਉਹ ਆਪਣੇ ਪੁੱਤ ਦੀ ਮੌਤ ਦਾ ਭਾਂਡਾ ਨੀਰੂ ਸਿਰ ਭੰਨਣ ਲੱਗ ਪਏ। ਨੀਰੂ ਦੇ ਮਾਂ ਬਾਪ ਪਹਿਲਾਂ ਹੀ ਨੀਰੂ ਨਾਲ ਨਾਰਾਜ਼ ਸਨ।

ਮੈਂ ਸਾਰੇ ਮਰੀਜ਼ ਭੁਗਤਾ ਕੇ ਉਸਨੂੰ ਆਪਣੇ ਨਾਲ ਏਸੇ ਘਰ ਲੈ ਆਈ। ਉਹ ਕਹੇ ਬਈ ਮੇਰਾ ਅੰਦਰ ਪੱਲਦਾ ਬੱਚਾ ਗਿਰਾ ਦੇ ਕੋਈ ਨਾ ਕੋਈ ਦਿਵਾਈ ਦੇ ਕੇ। ਪਰ ਮੈਂ ਉਸਨੂੰ ਅਜੇਹਾ ਕਰਨ ਨਾ ਦਿੱਤਾ ਤੇ ਸਾਰੀ ਜ਼ੁੰਮੇਵਾਰੀ ਆਪਣੇ ਤੇ ਲੈ ਲਈ ਤੇ ਨੀਰੂ ਨੂੰ ਆਪਣੇ ਨਾਲ ਹੀ ਰੱਖ ਲਿਆ।"

"ਚੰਗਾ ਕੀਤਾ ਤੂੰ, ਮੈਂ ਬਲਵੀਰ ਦਾ ਹੱਥ ਆਪਣੇ ਦੋਨਾਂ ਹੱਥਾਂ ਨਾਲ ਘੁੱਟ ਲਿਆ।

ਹੁਣ ਬਲਵੀਰ ਤੇ ਮੈਂ ਇਕ ਦੂਸਰੇ ਨੂੰ ਗਲਵਕੜੀ ਪਾਈ ਬੈਠੀਆਂ ਸਾਂ। ਮਹਿਸੂਸ ਹੋ ਰਿਹਾ ਸੀ ਜਿਵੇਂ ਨੀਰੂ ਸਾਡੇ ਕੋਲ ਹੈ। ਉਸਦੀ ਹੋਂਦ ਆਸ ਪਾਸ ਮਹਿਸੂਸ ਹੋ ਰਹੀ ਸੀ। ਬਲਵੀਰ ਦੀਆਂ ਅੱਖਾਂ ਵਿੱਚ ਨੀਰੂ ਪ੍ਰਤੀ ਏਨਾ ਪਿਆਰ ਬਲਵੀਰ ਤੇ ਨੀਰੂਤੇ ਮੈਂ।

ਤੇਰੇ ਵੀ ਰੰਗ ਨਿਆਰੇ ਨੇ ਰੱਬਾ।

ਤੇ ਉਹ ਫਿਰ ਬੋਲਣ ਲੱਗੀ, "ਹਿਲਾਂ ਸਭ ਕੁਝ ਠੀਕ ਸੀ। ਸਤਵੇਂ ਮਹੀਨੇ ਜਾ ਕੇ ਬੱਚੇ ਦੀ ਪੁਜੀਸ਼ਨ ਕੁਝ ਹੋਰ ਹੀ ਹੋ ਗਈ। ਜਣੇਪਾ ਬਹੁਤ ਮੁਸ਼ਕਿਲ ਸੀ। ਨਾੜੂਆ ਬੱਚੇ ਦੀ ਗਰਦਨ ਦੁਆਲੇ ਲਪੇਟਿਆ ਗਿਆ ਸੀ। ਦੋਨਾਂ ਲਈ ਖਤਰਾ ਸੀ। ਨੀਰੂ ਨੂੰ ਪੀੜਾਂ ਸ਼ੁਰੂ ਹੋ ਗਈਆਂ। ਖ਼ੂਨ ਵਹਿ ਤੁਰਿਆ। ਮੈਂ ਕਦੇ ਵੀ ਇਸ ਤਰ੍ਹਾਂ ਖ਼ੂਨ ਵਹਿੰਦਾ ਨਹੀਂ ਸੀ ਦੇਖਿਆ। ਬਹੁਤ ਕੋਸ਼ਿਸ਼ ਕੀਤੀ। ਆਪਣੇ ਵੱਲੋਂ ਪੂਰੀ ਵਾਹ ਲਾਈ। ਜਦੋਂ ਹੀ ਪੀੜਾਂ ਸ਼ੁਰੂ ਹੋਈਆਂ ਓਸੇ ਸਮੇਂ ਹੀ ਮੈਂ ਨੀਰੂ ਨੂੰ ਏਮਜ਼ ਵਿੱਚ ਲੈ ਗਈ। ਮੈਂ ਇਕੱਲੀ ਨਹੀਂ ਸੀ, ਮੇਰੇ ਨਾਲ ਦੋ ਡਾਕਟਰ ਹੋਰ ਸਨ ਜੋ ਡੈਡੀ ਨਾਲ ਕੰਮ ਕਰਦੇ ਸਨ। ਸੋਚਾਂ ਕਿ ਨੀਰੂ ਤੂੰ ਆਈ ਤਾਂ ਕਿਹੜੇ ਵੇਲੇ ਆਈ।" ਬਲਵੀਰ ਦਾ ਗਲਾ ਬਹਿ ਗਿਆ।

ਮੈਂ ਪਾਣੀ ਦੀ ਘੁੱਟ ਉਸਨੂੰ ਪਿਲਾਈ। ਪਿਆਰ ਨਾਲ ਉਸਦਾ ਸਿਰ ਮੈਂ ਆਪਣੇ ਹੱਥਾਂ ਵਿੱਚ ਲੈ ਲਿਆ।

ਬੱਚਾ ਠੀਕ ਠਾਕ ਪੈਦਾ ਹੋ ਗਿਆ ਪਰ ਨੀਰੂ ਦੀ ਜਾਨ ਨੂੰ ਖਤਰਾ ਸੀ।" ਬਲਵੀਰ ਦੀ ਭੁੱਬ ਨਿਕਲ ਗਈ।

ਅਸੀਂ ਦੋਨੋਂ ਇਕ ਦੂਸਰੇ ਦੇ ਗਲੇ ਲੱਗ ਰੋ ਰਹੀਆਂ ਸਾਂ।

ਰੋਹਿਤ ਨੂੰ ਸਾਡੇ ਰੋਣ ਦੀ ਆਵਾਜ਼ ਸੁਣ ਗਈ। ਉਸਦੀ ਨੀਂਦ ਖੁਲ੍ਹ ਗਈ। ਭੱਜਿਆ ਭੱਜਿਆ ਆਇਆ। ਕੁਝ ਮਿੰਟ ਸਾਡੇ ਕੋਲ ਬੈਠਾ ਤੇ ਘੁੱਟ ਘੁੱਟ ਪਾਣੀ ਪਿਲਾ ਵਾਪਸ ਆਪਣੇ ਕਮਰੇ ਵਿੱਚ ਚਲਾ ਗਿਆ। ਸ਼ਾਇਦ ਉਹ ਸਾਡੇ ਰੋਣ ਦਾ ਕਾਰਣ ਸਮਝ ਗਿਆ ਸੀ।

ਕੁਝ ਦੇਰ ਅਸੀਂ ਚੁੱਪ ਰਹੀਆਂ। ਦੋਨੋਂ ਹੀ ਬਹੁਤ ਭਾਵੁਕ ਹੋ ਚੁੱਕੀਆਂ ਸਾਂ। ਕੁਝ ਬੋਲਣ ਦੀ ਹਿੰਮਤ ਹੀ ਕਿੱਥੇ ਸੀ।

ਚੁੱਪ ਤੋੜਨ ਲਈ ਅਤੇ ਰੋਹਿਤ ਬਾਰੇ ਜਾਨਣ ਲਈ ਮੈਂ ਫਿਰ ਗੱਲ ਸ਼ੁਰੂ ਕਰ ਲਈ।

ਮੈਂ ਹੌਲੀ ਜੇਹੀ ਬਲਵੀਰ ਤੋਂ ਪੁੱਛਿਆ ਕਿ ਰੋਹਿਤ ਕਦੋਂ ਦਾ ਤੇਰੇ ਕੋਲ ਹੈ ।

ਬਲਵੀਰ ਬੋਲੀ, "ਓਸੇ ਦਿਨ ਦਾ, ਜਿਹੜੇ ਦਿਨ ਪੈਦਾ ਹੋਇਆ ਸੀ।"

ਬਲਵੀਰ ਨੈ ਰੋਂਦਿਆਂ ਰੋਂਦਿਆਂ ਮੈਨੂੰ ਦੱਸਿਆ ਕਿ ਨੀਰੂ ਨੇ ਅੰਤ ਸਮੇਂ ਰੋਹਿਤ ਵੱਲ ਦੇਖਿਆ ਤੇ ਫਿਰ ਮੇਰੇ ਵੱਲ ਆਸ ਭਰੀਆਂ ਨਜ਼ਰਾਂ ਨਾਲ ਤੱਕਿਆ। ਉਸਦੀ ਤੱਕਣੀ ਮੇਰੇ ਤੋਂ ਕੁਝ ਮੰਗ ਰਹੀ ਸੀ। ਮੈਂ ਰੋਹਿਤ ਨੂੰ ਆਪਣੀ ਬੁੱਕਲ ਵਿੱਚ ਲੈ ਲਿਆ ਤੇ ਇਕ ਤਰੀਕੇ ਨਾਲ ਸਮਝਾ ਦਿੱਤਾ ਕਿ ਰੋਹਿਤ ਹੁਣ ਤੋਂ ਮੇਰਾ ਬੱਚਾ ਹੈ।

ਨੀਰੂ ਦੇ ਚਿਹਰੇ ਤੇ ਜ਼ਰਾ ਕੁ ਜਿੰਨੀ ਮੁਸਕਰਾਹਟ ਆਈ ਤੇ ਇਸ ਮੁਸਕਰਾਹਟ ਨਾਲ ਹੀ ਉਸਨੇ ਆਖਰੀ ਸਾਹ ਲਿਆ। ਬਲਵੀਰ ਬੈੱਡ ਤੇ ਮੂਧੇ ਮੂੰਹ ਡਿੱਗ ਪਈ।

ਟੇਬਲ ਤੇ ਪਈ ਛੋਟੀ ਜਿਹੀ ਗਰੁੱਪ ਫੋਟੋ ਤੇ ਮੇਰੀ ਨਜ਼ਰ ਪੈ ਗਈ। ਸਾਡੀ ਸਾਰੀਆਂ ਦੀ ਪੁਰਾਣੀ ਜਿਹੀ, ਛੋਟੀ ਜਿਹੀ ਤਸਵੀਰ ਸੀ। ਮੈਂ ਨੀਝ ਲਾ ਕੇ ਨੀਰੂ ਦੀ ਤਸਵੀਰ ਦੇਖੀ। ਮੋਢਿਆਂ ਤੱਕ ਵਾਲ। ਸ਼ਹਿਰੀ ਕਿਸਮ ਦਾ ਲਿਬਾਸ। ਸਾਡੇ ਸਭ ਨਾਲੋ ਵੱਖਰੀ ਸੀ ਉਹ। ਮੈਨੂੰ ਭਾਵੁਕ ਹੁੰਦਿਆਂ ਦੇਖ ਬਲਵੀਰ ਨੇ ਫੋਟੋ ਮੇਰੇ ਹੱਥੋਂ ਲੈ ਲਈ ਤੇ ਬੋਲੀ , "ਮੈਂ ਹਮੇਸਾ ਹੀ ਉਸ ਨਾਲ ਲੜਦੀ ਰਹੀ ਤੇ ਉਹ ਮੈਨੂੰ ਦੁਨੀਆਂ ਦੀ ਸਭ ਤੋਂ ਕੀਮਤੀ ਚੀਜ਼, ਆਪਣਾ ਜਾਇਆ ਰੋਹਿਤ ਦੇ ਕੇ ਰੁਖਸਤ ਹੋ ਗਈ।"

ਹੂੰ ਹੂੰ..

ਅਸੀਂ ਦੋਨੋਂ ਹੀ ਨੀਰੂ ਦੀ ਯਾਦ ਵਿੱਚ ਡੁੱਬ ਚੁੱਕੀਆਂ ਸਾਂ। ਕੁਝ ਕਹਿਣ ਲਈ ਸਾਡੇ ਕੋਲ ਕੁਝ ਵੀ ਨਹੀਂ ਸੀ।

"ਮੈਂ ਸੋਚ ਹੀ ਰਹੀ ਸਾਂ ਕਿ ਬਲਵੀਰ ਤੋਂ ਰੋਹਿਤ ਦੇ ਪੂਰੇ ਨਾਮ ਬਾਰੇ ਪੁੱਛਾਂ। ਉਸਨੇ ਆਪੇ ਹੀ ਦੱਸ ਦਿੱਤਾ ਕਿ ਉਹ ਚਾਹੁੰਦੀ ਸੀ ਕਿ ਉਸ ਨੂੰ ਨੀਰੂ ਦੇ ਧਰਮ ਵਾਲਾ ਹੀ ਨਾਮ ਦੇਵੇ। ਇਸ ਕਰਕੇ ਉਸ ਨੇ ਰੋਹਿਤ ਦਾ ਨਾਮ ਰੋਹਿਤ ਭਰਦਵਾਜ ਰੱਖ ਦਿੱਤਾ ਸੀ ਤਾਂ ਕਿ ਨੀਰੂ ਦੀ ਰੂਹ ਨੂੰ ਕਿਸੇ ਕਿਸਮ ਦਾ ਦੁੱਖ ਨਾ ਹੋਵੇ।"

ਮੈਂ ਸੋਚ ਰਹੀ ਸਾਂ ਕਿ ਕੀ ਇਹ ਓਹੋ ਹੀ ਬਲਵੀਰ ਹੈ ਜਿਹੜੀ ਨੀਰੂ ਨੂੰ ਬਾਹਮਣੀ ਆਖਿਆ ਕਰਦੀ ਸੀ। ਮੈਨੂੰ ਬਲਵੀਰ ਦਾ ਮਣਾਂ ਮੂੰਹੀ ਪਿਆਰ ਆ ਰਿਹਾ ਸੀ।

"ਹੁਣ ਸੁੱਖ ਨਾਲ ਰੋਹਿਤ ਐਮ ਬੀ ਬੀ ਐਸ ਦੇ ਤੀਜੇ ਸਾਲ ਵਿੱਚ ਹੈ। ਜਦੋਂ ਇਹ ਡਾਕਟਰ ਬਣ ਗਿਆ ਤਾਂ ਕਲਿਨਿਕ ਇਸਦੇ ਹਵਾਲੇ ਕਰ ਕੇ ਆਰਾਮ ਕਰਾਂਗੀ।" ਬਲਵੀਰ ਰੋਹਿਤ ਦੇ ਪਿਆਰ ਵਿੱਚ ਡੁੱਬ ਕੇ ਕਹਿ ਰਹੀ ਸੀ। ਉਸਨੂੰ ਰੋਹਿਤ ਤੇ ਮਾਣ ਵੀ ਸੀ। ਉਸਨੇ ਦੱਸਿਆ ਕਿ ਰੋਹਿਤ ਬਹੁਤ ਮਿਹਨਤੀ ਹੈ ਅਤੇ ਚੰਗਾ ਡਾਕਟਰ ਬਣੇਗਾ।

ਮੈਨੂੰ ਵੀ ਰੋਹਿਤ ਦਾ ਪਿਆਰ ਆਉਣ ਲੱਗਾ। ਚਿੱਤ ਤਾ ਕੀਤਾ ਸੀ ਓਸੇ ਵੇਲੇ ਰੋਹਿਤ ਦੇ ਕਮਰੇ ਵਿੱਚ ਜਾ ਕੇ ਉਸਦਾ ਮੱਥਾ ਚੁੰਮ ਲਵਾਂ ਪਰ ਰੁੱਕ ਗਈ। ਸੋਚਿਆ ਬੱਚਾ ਕਿਤੇ ਮਹਿਸੂਸ ਨਾ ਕਰੇ।

ਮੈਂ ਸੋਚਾਂ 'ਚ ਡੁੱਬੀ ਰੋਹਿਤ ਦੇ ਪ੍ਰੀਵਾਰ ਬਾਰੇ ਸੋਚਣ ਲੱਗ ਪਈ। ਮੈਂ ਪੁੱਛ ਹੀ ਲਿਆ ਬਲਵੀਰ ਕੋਲੋਂ।

ਬਲਵੀਰ ਦੇ ਦੱਸਿਆ ਕਿ ਉਸਦੇ ਨਾਨਾ ਨਾਨੀ, ਦਾਦਾ ਦਾਦੀ ਸਭ ਚਲਾਣਾ ਕਰ ਗਏ ਹਨ। ਹਰੀਸ਼ ਮਾਪਿਆਂ ਦੀ ਇਕਲੌਤੀ ਔਲਾਦ ਸੀ। ਨਾ ਸਹੁਰਿਆਂ ਤੇ ਨਾ ਪੇਕਿਆਂ ਨੀਰੂ ਦਾ ਸਾਥ ਦਿੱਤਾ। ਕਿਸੇ ਨੇ ਉਸਦੀ ਮੌਤ ਦਾ ਸੋਗ ਨਹੀਂ ਮਨਾਇਆ। ਮਾਪੇ ਵੀ ਕਲੰਕ ਸਮਝਦੇ ਸਨ ਤੇ ਸਹੁਰੇ ਵੀ ਕਲੰਕ ਸਮਝਦੇ ਸਨ। ਕਿਸੇ ਨੇ ਨੀਰੂ ਦੇ ਬੱਚੇ ਬਾਰੇ ਨਹੀਂ ਪੁੱਛਿਆ।

ਸਵੇਰ ਦੇ ਤਿੰਨ ਵੱਜ ਚੁੱਕੇ ਸਨ। ਸੌਣ ਦਾ ਯਤਨ ਕੀਤਾ ਪਰ ਨੀਂਦ ਕਿੱਥੇ। ਮੈਂ ਬਹੁਤ ਪਿਛਾਂਹ ਚਲੀ ਗਈ ਜਦੋਂ ਨੀਰੂ ਨੇ ਕਿਹਾ ਸੀ ਕਿ ਮੈਂ ਕਿਸੀ ਦਿਨ ਬਲਵੀਰ ਆਪਕੋ ਐਸਾ ਤੋਹਫ ਦੂੰਗੀ ਕਿ ਸਭੀ ਦੇਖਤੇ ਰਹਿ ਜਾਏਂਗੇ।

ਮੇਰੇ ਕੰਨਾਂ ਵਿੱਚ ਨੀਰੂ ਦੇ ਹਾਸੇ ਮਖੌਲ ਵਿੱਚ ਕਹੇ ਸ਼ਬਦ ਮੈਂ ਬਲਵੀਰ ਕੋ ਐਸਾ ਤੋਹਫ਼ਾ ਦੂੰਗੀਗੂੰਜ ਰਹੇ ਸਨ ਅਤੇ ਸੋਚ ਰਹੀ ਸਾਂ ਕਿ ਜਿਸ ਤੋਹਫ਼ੇ ਦੀ ਗੱਲ ਨੀਰੂ ਕਰਦੀ ਸੀ ਉਹ ਤੋਹਫ਼ਾ ਰੋਹਿਤ ਦੇ ਰੂਪ ਵਿੱਚ ਬਲਵੀਰ ਨੂੰ ਦੇ ਗਈ ਹੈ। ਵਾਕਿਆ ਹੀ ਸਾਰੇ ਇਸ ਤੋਹਫ਼ੇ ਵੱਲ ਦੇਖ ਰਹੇ ਹਨ। ਨੀਰੂ।

ਤੀਸਰੇ ਦਿਨ ਮੈਂ ਬਲਵੀਰ ਤੇ ਰੋਹਿਤ ਤੋਂ ਵਿਦਾਇਗੀ ਲੈਕੇ ਦਿੱਲੀ ਏਅਰਪੋਰਟ ਤੋਂ ਕੈਨੇਡਾ ਦੀ ਉਡਾਨ ਲੈ ਲਈ।

ਅੱਜ ਕੱਲ੍ਹ ਬਲਵੀਰ ਦੀ ਕਲੀਨਿਕ ਤੇ ਮੋਟੇ ਅੱਖਰਾਂ ਵਿੱਚ ਡਾ. ਰੋਹਿਤ ਭੁੱਲਰ ਐਮ. ਡੀ. ਲਿਖਿਆ ਹੋਇਆ ਹੈ ਅਤੇ ਬਲਵੀਰ ਉਸ ਵਾਸਤੇ ਇਕ ਸੁਚੱਜੀ, ਸੋਹਣੀ ਸੁਨੱਖੀ ਕੁੜੀ ਦੀ ਤਾਲਾਸ਼ ਕਰ ਰਹੀ ਹੈ।

# ਮਹਾਂਅੰਦੋਲਨ: ਨਿਰੰਤਰ ਤੀਬਰ ਅਤੇ ਨਵੀਆਂ ਪੈੜਾਂ

(ਸ਼ਫ਼ਾ 1 ਦੀ ਬਾਕੀ)

ਜਮਹੂਰੀ ਪਿਰਤਾਂ ਪਾਈਆਂ ਹਨ। ਸੰਘਰਸ਼ ਦਾ ਇਹ ਰੂਪ ਅੰਦੋਲਨ ਨੂੰ ਨਵਾਂ ਹੁਲਾਰਾ, ਨਵੀਂ ਤਾਜ਼ਗੀ ਦੇ ਰਿਹਾ ਹੈ।

26 ਜੁਲਾਈ ਨੂੰ ਉਚੇਚੇ ਤੌਰ 'ਤੇ 'ਮਹਿਲਾ ਸੰਸਦ' ਦੇ ਆਯੋਜਨ ਅਤੇ ਇਸ ਦੀ ਪੂਰੀ ਕਮਾਨ ਔਰਤਾਂ ਦੇ ਹੱਥ ਦੇ ਕੇ ਮੋਰਚੇ ਦੀ ਲੀਡਰਸ਼ਿਪ ਨੇ ਨਿਵੇਕਲਾ ਇਤਿਹਾਸ ਰਚਿਆ ਹੈ। ਜਿਸ ਵਿਚ 110 ਔਰਤਾਂ ਵੱਲੋਂ ਜ਼ਰੂਰੀ ਵਸਤਾਂ ਸੋਧ ਐਕਟ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਦੇ ਨਾਲ ਹੀ ਔਰਤਾਂ ਦੇ ਆਰਥਕ, ਸਮਾਜੀ ਅਤੇ ਸਿਆਸੀ ਹੱਕਾਂ ਬਾਰੇ ਚਰਚਾ ਕੀਤੀ ਗਈ। ਔਰਤਾਂ ਦੀ ਇਹ ਸਰਗਰਮ ਹਿੱਸੇਦਾਰੀ ਹਾਕਮ ਜਮਾਤੀ ਸਿਆਸਤ ਦੇ ਮੂੰਹ ਉੱਪਰ ਕਰਾਰੀ ਚਪੇੜ ਹੈ ਜਿਸ ਨੇ ਅਜੇ ਤੱਕ ਸੰਸਦ ਵਿਚ ਔਰਤਾਂ ਨੂੰ 33ਫ਼ੀ ਸਦੀ ਰਾਖਵਾਂਕਰਨ ਦੇਣ ਦਾ ਬਿੱਲ ਵੀ ਪਾਸ ਨਹੀਂ ਹੋਣ ਦਿੱਤਾ।

ਅਖਾਉਤੀ ਮੁੱਖਧਾਰਾ ਦੇ ਵੋਟ ਬਟੋਰੂ ਸਿਆਸੀ ਧੜੇ ਅੰਦੋਲਨ ਦੀਆਂ ਇਨ੍ਹਾਂ ਪ੍ਰਾਪਤੀਆਂ ਤੋਂ ਬੇਹੱਦ ਪ੍ਰੇਸ਼ਾਨ ਹਨ। ਅਗਲੇ ਸਾਲ ਪੰਜ ਰਾਜਾਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੱਤਾ ਲਈ ਲਾਲਾਂ ਸੁੱਟ ਰਹੇ ਹਾਕਮ ਜਮਾਤੀ ਧੜਿਆਂ ਦੀ ਲਾਲਸਾ ਬੇਕਾਬੂ ਹੋ ਚੁੱਕੀ ਹੈ। ਉਹ ਅੰਦੋਲਨ ਦੀ ਲਗਾਤਾਰਤਾ ਤੋਂ ਖ਼ਫ਼ਾ ਹਨ, ਪਰ ਖੁੱਲ੍ਹ ਕੇ ਵਿਰੋਧ ਵੀ ਨਹੀਂ ਕਰ ਸਕਦੇ। ਉਹ ਕਿਸਾਨ ਅੰਦੋਲਨ ਦੇ ਹੱਕ 'ਚ ਖੜ੍ਹਨ ਦੇ ਬਹਾਨੇ ਹੁਕਮਰਾਨ ਆਰ.ਐੱਸ.ਐੱਸ.-ਬੀ.ਜੇ.ਪੀ. ਵਿਰੁੱਧ ਲੋਕਾਂ 'ਚ ਗੁੱਸੇ ਦਾ ਲਾਹਾ ਲੈਣਾ ਚਾਹੁੰਦੇ ਹਨ। ਉਹ ਅੰਦੋਲਨ ਦੀ ਹਮਾਇਤ ਕਰਨ ਦਾ ਢੌਂਗ ਰਚਣ ਲਈ ਮਜਬੂਰ ਹਨ। ਸੰਸਦ ਵਿਚ ਇਨ੍ਹਾਂ ਪਾਰਟੀਆਂ, ਖ਼ਾਸ ਕਰਕੇ ਕਾਂਗਰਸੀਆਂ, ਅਕਾਲੀਆਂ ਨੂੰ ਕਿਸਾਨ ਵਿਪ ਅਨੁਸਾਰ ਕਾਲੇ ਕਾਨੂੰਨਾਂ ਦਾ ਵਿਰੋਧ ਕਰਨ ਪਿਆ। ਪੰਜਾਬ ਵਿਚ ਕਾਂਗਰਸੀ ਆਗੂ, ਖ਼ਾਸ ਕਰਕੇ ਨਵਜੋਤ ਸਿੱਧੂ ਜਿੱਥੇ ਵੀ ਜਾਂਦਾ ਹੈ ਉਸ ਨੂੰ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਰਿਆਣਾ 'ਚ ਜੇਲ੍ਹ 'ਚੋਂ ਰਿਹਾਅ ਹੋਏ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੂੰ ਜੀਂਦ ਦੇ ਖਟਕੜ ਟੌਲ ਪਲਾਜ਼ਾ ਉੱਪਰਲੇ ਧਰਨੇ 'ਚ ਕਿਸਾਨਾਂ ਨੇ ਸਟੇਜ ਉੱਪਰ ਨਹੀਂ ਚੜ੍ਹਨ ਦਿੱਤਾ। ਇਸ ਤੋਂ ਜ਼ਾਹਿਰ ਹੈ ਕਿ ਖ਼ਲਕਤ ਨੂੰ ਹਾਕਮ ਜਮਾਤੀ ਪਾਰਟੀਆਂ ਦੇ ਦੋਸਤਾਨਾ ਮੈਚ ਦੀ ਸਮਝ ਆਉਣੀ ਸ਼ੁਰੂ ਹੋ ਗਈ ਹੈ। ਬੀ.ਜੇ.ਪੀ. ਦੀ ਘੇਰਾਬੰਦੀ ਦੇ ਨਾਲ-ਨਾਲ ਕਿਸਾਨ ਜਥੇਬੰਦੀਆਂ ਨੇ ਹੋਰ ਵੋਟ ਬਟੋਰੂਆਂ ਤੋਂ ਵੀ ਜਵਾਬ ਮੰਗਣੇ ਸ਼ੁਰੂ ਕਰ ਦਿੱਤੇ ਹਨ। ਟਕਰਾਓ ਵਧ ਰਿਹਾ ਹੈ। 'ਜੋ ਕਿਸਾਨਾਂ ਨਾਲ ਖੜ੍ਹੇਗਾ, ਉਹੀ ਪਿੰਡਾਂ ਵਿਚ ਵੜੇਗਾ' ਦਾ ਨਾਅਰਾ ਮਕਬੂਲ ਹੋ ਰਿਹਾ ਹੈ। ਆਉਣ ਵਾਲੇ ਮਹੀਨੇ ਅੰਦੋਲਨ ਲਈ ਬਹੁਤ ਹੀ ਨਾਜ਼ੁਕ ਹੋਣਗੇ। ਸੰਯੁਕਤ ਕਿਸਾਨ ਮੋਰਚੇ ਵਿਚ ਕਿਸਾਨ ਜਥੇਬੰਦੀਆਂ ਦੇ ਨਾਂ 'ਤੇ ਇਕ ਹਿੱਸਾ ਉਹ ਵੀ ਸ਼ਾਮਿਲ ਹੈ ਜਿਨ੍ਹਾਂ ਦੀ ਅੰਦਰੂਨੀ ਸਿਆਸੀ ਸਕੀਰੀ ਕਾਂਗਰਸ ਅਤੇ ਬਾਦਲ ਦਲ ਨਾਲ ਹੈ। ਆਮ ਆਦਮੀ ਪਾਰਟੀ ਜੋ ਵਿਚਾਰਧਾਰਕ ਤੌਰ 'ਤੇ ਬੀਜੇਪੀ ਦੀ ਬੀ ਟੀਮ ਹੈ, ਕੋਲ ਵੀ ਸਿਰਫ਼ ਅਤੇ ਸਿਰਫ਼ ਲੋਕਾਂ ਨੂੰ ਭਰਮਾਉਣ ਵਾਲੇ ਵਾਅਦੇ ਹਨ ਅਤੇ ਉਹ ਬਾਕੀ ਹਾਕਮ ਜਮਾਤੀ ਪਾਰਟੀਆਂ ਤੋਂ ਲੋਕਾਂ ਦਾ ਮੋਹ-ਭੰਗ ਹੋਣ ਦਾ ਲਾਹਾ ਲੈਣ ਦੀ ਕੋਸ਼ਿਸ਼ 'ਚ ਹੈ।

ਇਨ੍ਹਾਂ ਹਾਲਾਤ ਵਿਚ ਅਸਲ ਜ਼ਿੰਮੇਵਾਰੀ ਉਨ੍ਹਾਂ ਜਥੇਬੰਦੀਆਂ ਦੇ ਮੋਢਿਆਂ ਉੱਪਰ ਹੈ ਜੋ ਸੰਯੁਕਤ ਕਿਸਾਨ ਮੋਰਚੇ ਦੀ ਗੁਲੀ ਹਨ। ਉਨ੍ਹਾਂ ਨੂੰ ਇਸ ਅੰਦੋਲਨ ਨੂੰ ਕਾਮਯਾਬੀ ਦੇ ਮੁਕਾਮ 'ਤੇ ਪਹੁੰਚਾਉਣ ਲਈ ਲੋਕਾਂ ਦੀ ਹਿੱਸੇਦਾਰੀ ਵਧਾਉਣ ਵਾਲੇ ਹੋਰ ਵੀ ਪ੍ਰਭਾਵਸ਼ਾਲੀ ਪ੍ਰੋਗਰਾਮ ਦੇਣਗੇ ਪੈਣਗੇ। ਉਨ੍ਹਾਂ ਕੋਲ ਹੁਣ ਵੋਟ ਬਟੋਰੂ ਸਿਆਸਤ ਦਾ ਬਦਲ ਉਭਾਰਨ ਦਾ ਬੇਹੱਦ ਸਾਜ਼ਗਰ ਮੌਕਾ ਵੀ ਹੈ। ਲੋਕ ਬਦਲਾਓ ਚਾਹੁੰਦੇ ਹਨ। ਇਨਕਲਾਬੀ ਸਿਆਸੀ ਜਥੇਬੰਦੀਆਂ ਨੂੰ ਠੋਸ ਰਾਜਨੀਤਕ ਮੁੱਦੇ ਉਭਾਰਨ 'ਤੇ ਕੇਂਦਰਤ ਕਰਨਾ ਚਾਹੀਦਾ ਹੈ ਜੋ ਲੋਕਾਂ ਦੀ ਸਿਆਸੀ ਚੇਤਨਾ ਦਾ ਪੱਧਰ ਉੱਚਾ ਚੁੱਕਣ 'ਚ ਸਹਾਇਤਾ ਕਰੇ। ਇਸ ਪੱਖੋਂ ਵੀ ਸੁਚੇਤ ਹੋਣ ਦੀ ਜ਼ਰੂਰਤ ਹੈ ਕਿ ਹਾਕਮ ਜਮਾਤੀ ਸਿਆਸਤ ਦੇ ਵਿਰੋਧ ਦੇ ਰਵਾਇਤੀ ਤਰੀਕਿਆਂ ਤੋਂ ਅੱਗੇ ਤੁਰਨਾ ਪਵੇਗਾ। ਇਸ ਵਿਰੋਧ ਨੂੰ ਸੱਚੇ ਗ਼ੈਰਪਾਰਲੀਮੈਂਟਰੀ ਬਦਲ ਦੇ ਰੂਪ 'ਚ ਠੋਸ ਰੂਪ ਦੇਣ ਵੱਲ ਤਵੱਜੋਂ ਦੇਣੀ ਪਵੇਗੀ। ਅਹਿਮ ਸਵਾਲ ਇਹ ਹੈ ਕਿ ਸਿਆਸੀ ਖ਼ਲਾਅ ਨੂੰ ਭਰਨ ਲਈ ਠੋਸ ਇਨਕਲਾਬੀ ਬਦਲ ਕੀ ਹੋਵੇ। ਫਿਰ ਹੀ ਹਾਕਮ ਜਮਾਤੀ ਧੜਿਆਂ ਦਾ ਕਿਸਾਨਾਂ ਵੱਲੋਂ ਰੋਹ ਭਰਿਆ ਵਿਰੋਧ ਕੋਈ ਸਾਰਥਕ ਸਿੱਟੇ ਕੱਢ ਸਕਦਾ ਹੈ।

# ਅਲਵਿਦਾ ਦਰਸ਼ਨ ਸਿੰਘ ਤਾਤਲਾ




ਗੁਰਮੇਲ ਸਿੰਘ ਭਰੋਵਾਲ
94172-48211

**ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥**
**ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥**

ਡਾ. ਦਰਸ਼ਨ ਸਿੰਘ ਤਾਤਲਾ ਭਰੋਵਾਲ ਕਲਾਂ ਦਾ ਉਹ ਤਰਾਸ਼ਿਆ ਹੀਰਾ ਜਿਸ ਦੀ ਚਮਕ ਨਾ ਕਦੇ ਮੱਧਮ ਪਈ ਤੇ ਨਾ ਪਵੇਗੀ। ਅੰਤਰਰਾਸ਼ਟਰੀ ਪੱਧਰ ਦੇ ਵਿਦਿਆ ਸ਼ਾਸ਼ਤਰੀ, ਸਾਖਸ਼ਾਤ ਯੂਨੀਵਰਸਿਟੀ ਉਹਨਾਂ ਦੇ ਘਰ ਦੇ ਦਰਵਾਜੇ ਦੇ ਅੰਦਰ ਵੜਦਿਆਂ ਹੀ 'ਕੁੱਲੀ ਨਉ ਫਕੀਰ' ਦਾ ਅਦਭੁਤ ਵਾਤਾਵਰਣ ਅੰਤਰ ਮੁਗਧ ਕਰ ਹਰ ਜਾਗਦੀ ਰੂਹ ਨੂੰ ਨਸ਼ਿਆ ਦਿੰਦਾ। ਆਪਣੀਆਂ ਲਿਖੀਆਂ ਕਿਤਾਬਾਂ, ਰੀਸਰਚ ਪੇਪਰ ਅਤੇ ਦੁਨੀਆਂ ਭਰ ਦੇ ਮਹਾਨ ਤੋਂ ਮਹਾਨ ਲੇਖਕਾਂ ਦੀਆਂ ਅਦਭੁਤ ਕਿਤਾਬਾਂ ਦਾ ਪਹਾੜ ਕਿਸੇ ਇੱਕ ਵਿਅਕਤੀ ਦਾ ਤਾਂ ਨਹੀਂ ਹੋ ਸਕਦਾ। ਗੂਗਲ ਤੇ ਪੰਛੀ ਝਾਤ ਮਾਰਦਿਆਂ ਪੱਕਰ, ਮਹਾਨ ਸਹਿਨਸ਼ਾਹ 'ਬਾਬਾ ਪੈਧਾ ਸਚ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ' ਦੇ ਮਹਾਂਵਾਕ ਦਾ ਧਾਰਨੀ ਸਾਡਾ ਦਰਸ਼ਨ ਪਿੰਡ ਦੇ ਤੱਪੜ ਸਕੂਲ ਤੋਂ ਹੁੰਦਾ ਹੋਇਆ, ਵੱਡੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੋ ਸੋਨ ਤਗਮਾ ਜਿੱਤਦਾ ਹੋਇਆ, ਇੰਗਲੈਂਡ ਤੋਂ ਪੀ ਐਚ ਡੀ ਹੁੰਦਾ ਹੋਇਆ, ਇੱਕ ਵੱਖਰੀ ਕਿਸਮ ਦਾ ਬੋਹੜ ਦਾ ਦਰਖਤ ਹੋ ਨਿਬੜਿਆ।

ਆਪਣੇ ਹੱਥੀਂ ਤਿਆਰ ਕੀਤੇ ਕਿਚਨ ਗਾਰਡਨ ਨੂੰ ਜਨੂੰਨ ਦੀ ਹੱਦ ਤੱਕ ਨਿਹਾਰਦਾ, ਹੱਥੀਂ ਗੋਡੀ ਕਰਦਾ, ਪਾਣੀ ਲਾਉਂਦਾ, ਜਦੋਂ ਪੂਰੀ ਤਰਾਂ ਫਲ ਸਬਜੀਆਂ ਤਿਆਰ ਹੋ ਜਾਂਦੇ ਤਾਂ ਉਹਨਾਂ ਨਾਲ ਗੱਲਾਂ ਕਰਦਾ। ਨਿਰਮਲ ਨਿੰਮਾ ਕਨੇਡਾ ਦੱਸਦਾ ਹੈ ਕਿ ਇੱਕ ਦਿਨ ਗੁਰੁ ਨਾਨਕ ਯੂਨੀਵਰਸਿਟੀ ਦੀ ਵੱਡੀ ਸਕਾਲਰ ਆਪਣੇ ਪਿਤਾ ਜੀ ਨਾਲ ਮਿਲਣ ਆਈ ਤਾਂ ਦਰਸ਼ਨ ਬਗੀਚੀ ਵਿੱਚ ਗੋਡੀ ਕਰਨ ਵਿਚ ਮਗਨ ਸੀ। ਉਹਨਾਂ ਸੋਚਿਆ ਕਿ ਕੋਈ ਕਾਮਾ ਹੋਵੇਗਾ ਤੇ ਪੁਛਿਆ ਕਿ ਡਾ. ਸ਼ਾਹਿਬ ਨੂੰ ਮਿਲਣਾ ਸੀ। ਦਰਸ਼ਨ ਉਠਿਆ ਤੇ ਹੱਥ ਮੂੰਹ ਪਾਣੀ ਨਾਲ ਧੋ ਕੇ ਕੋਲ ਆ ਬੈਠ ਕੇ ਪੁੱਛਿਆ ਪਹਿਲਾਂ ਪਾਣੀ ਲਿਆਵਾਂ ? ਚਾਹ ਠਹਿਰ ਕੇ ਪੀ ਲੈਂਦੇ ਆਂ। ਜਦੋਂ ਪਿਉ ਧੀ ਨੂੰ ਪਤਾ ਲੱਗਿਆ ਕਿ ਕੋਲ ਬੈਠਾ ਸਖਸ਼ ਗੋਲਡ ਮੈਡਲਿਸਟ ਡਾ. ਦਰਸ਼ਨ ਸਿੰਘ ਤਾਤਲਾ ਪੀ. ਐਚ. ਡੀ. ਹੈ ਤਾਂ ਉਹਨਾਂ ਤੇ ਜੋ ਬੀਤੀ ਉਹੀ ਜਾਣਦੇ ਹਨ।

ਉਹਨਾਂ ਦੀ ਧਰਮ ਪਤਨੀ ਗਗੜਾ ਪਿੰਡ ਤੋਂ ਹੈ ਤੇ ਦੋ ਬੇਟੀਆਂ, ਇੱਕ ਬੇਟਾ ਵੱਡੇ ਸਕਾਲਰ ਹਨ, ਜੋ ਇੰਗਲੈਂਡ ਜਿਹੇ ਡਿਸਪਲਿਨਡ ਮੁਲਕ ਵਿੱਚ ਰਹਿਣਾ ਪਸੰਦ ਕਰਦੇ ਹਨ। ਬਹੁਤ ਖੁਸ਼ਹਾਲ ਪਰਿਵਾਰ ਦੇ ਮੁਖੀ ਡਾ. ਦਰਸ਼ਨ ਸਿੰਘ, ਆਪਣੇ ਪਰਿਵਾਰ ਦੀ ਖੁਸ਼ੀ ਵਿੱਚ ਖੁਸ਼, ਹਰ ਮਿੱਟੀ ਦੀ ਆਪਣੀ ਖਸਲਤ ਦੇ ਮਹਾਂਵਾਕ ਅਨੁਸਾਰ ਆਪਣੇ ਘਰ



ਦੀਆ ਕੰਧਾਂ, ਬੇਹੱਦ ਸਾਦਾ ਘਰ, ਏਅਰ ਕੰਡੀਸ਼ਨ ਹੋਣ ਦੇ ਬਾਵਜੂਦ ਕਦੇ ਨਾ ਚਲਾਉਣਾ, ਸੰਤ ਤੇਜਾ ਸਿੰਘ ਦੇ ਵਾਂਗ ਬੇਹੱਦ ਸਾਦਾ ਸੂਤੀ ਪਹਿਰਾਵਾ ਖੁਦ-ਬ-ਖੁਦ ਬੋਲਦਾ ਕੋਈ ਆਮ ਮਨੁੱਖ ਨਹੀਂ।

ਸੰਨ 2013 'ਚ ਇੱਕ ਦਿਨ ਗੋਰਾਹੂਰ ਹੋ ਕੇ ਆਲੀਵਾਲ ਪਿੰਡ ਦੀ ਪੰਚਾਇਤ ਕੋਲ ਗਏ ਅਤੇ ਪੁੱਛਿਆ ਕਿ ਆਲੀਵਾਲ ਦੀ ਲੜਾਈ (ਗੋਰੇ ਦੀ ਸੀਖ) ਬਾਰੇ ਪੁੱਛਿਆ ਕਿ ਤੁਸੀਂ ਇਸ ਬਾਰੇ ਕੀ ਜਾਣਦੇ ਹੋ ਤਾਂ ਪੰਚਾਇਤ ਨੇ ਕਿਹਾ ਕਿ ਸਾਨੂੰ ਤਾਂ ਬਹੁਤਾ ਪਤਾ ਨਹੀਂ, ਪਰ ਇੱਥੇ ਲੜਾਈ ਹੋਈ ਜਰੂਰ ਸੁਣੀ ਹੈ ਤਾਂ ਸਰਦਾਰ ਦਰਸ਼ਨ ਸਿੰਘ ਨੂੰ ਆਪਣੇ ਵਲੋਂ ਇੱਕੀ ਹਜਾਰ ਦੇ ਕੇ ਆਖਿਆ ਆਪਾਂ ਇੱਥੇ ਇੱਕ ਲਾਇਬਰੇਰੀ ਤੇ ਯਾਦਗਾਰ ਬਣਾਈਏ ਜੋ ਅੱਜ ਜਿਉਂਦਾ ਜਾਗਦਾ ਵੱਡਾ ਸਮਾਰਕ ਬਣ ਚੁੱਕਿਆ ਹੈ ਅਤੇ ਇੱਕ ਮਹੱਤਵਪੂਰਨ ਕਿਤਾਬ ਆਲੀਵਾਲ: ਸਿੱਖਾਂ ਤੇ ਅੰਗਰੇਜਾਂ ਦੀ ਲੜਾਈ ਹੋਂਦ ਵਿੱਚ ਆਈ, ਜੋ ਇੱਕ ਸਮੇਂ ਪੰਜਾਬੀ ਤੇ ਅੰਗਰੇਜੀ ਵਿੱਚ ਛਪੀ ਸੀ। ਇਸ ਦੇ ਨਾਲ ਹੀ ਬਹੁਤ ਮਹੱਤਵਪੂਰਨ ਖਰੜਾ ਜੋ ਭਰੋਵਾਲ ਕਲਾਂ ਪਿੰਡ ਦੀ ਨਿੱਕੀ ਤੋਂ ਨਿੱਕੀ ਜਾਣਕਾਰੀ ਆਪਣੇ ਅੰਦਰ ਸਮੇਟੀ ਬੈਠਾ ਹੈ, ਛਪਾਈ ਖੁਣੋਂ ਅਧੂਰਾ ਹੈ, ਇਸ ਦਾ ਰਿਕਾਰਡ ਪਿੰਡ ਦੇ ਮੋਹਤਬਰ ਬੰਦਿਆਂ ਸ. ਅਮਰ ਸਿੰਘ, ਸ. ਤੀਰਥ ਸਿੰਘ, ਸ. ਕਰਤਾਰ ਸਿੰਗ ਸਾਬਕਾ ਪੰਚ ਹੋਰਾਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਦਰਜ ਹੈ।

ਮੇਰੇ ਲਈ ਉਹਨਾਂ ਦੁਆਰਾ ਲਿਖੀ ਕਿਤਾਬ ਗਦਰ ਮੂਵਮੈਂਟ ਅਤੇ ਉਹਨਾਂ ਦੁਆਰਾ ਗਦਰ ਪਾਰਟੀ ਬਾਰੇ ਰਿਸਰਚ ਪੇਪਰ ਉਹਨਾਂ ਨੇ ਆਪਣੇ ਚਾਲੀ ਮਿੰਟਾਂ ਦੇ ਲੈਕਚਰ ਰਾਹੀਂ 1914-15 ਤੋਂ ਸ਼ੁਰੂ ਕਰਕੇ ਉਹ ਜਜ਼ਬਾ ਜੋ ਗਦਰ ਪਾਰਟੀ ਦੇ ਝੰਡੇ ਤੇ ਉਕਰਿਆ ਗਿਆ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਦੇ ਸਿੱਖੀ ਸਿਧਾਂਤ ਨੂੰ ਜੋ ਕਿਸੇ ਵੀ ਵਿਅਕਤੀ ਦੀ ਉਤਮ ਜੀਵਨ ਜਾਂਚ ਹੋ ਸਕਦੀ ਹੈ ਵੱਖ ਵੱਖ ਪੜਾਵਾਂ ਨੂੰ ਅੱਗੇ ਤੋਰਦੇ ਹੋਏ ਕਿਵੇਂ ਬਾਬਾ ਸੋਹਣ ਸਿੰਘ ਭਕਨਾ ਨੇ ਇੱਕ ਰੋਲ ਮਾਡਲ ਬਣ ਕੇ ਭਾਵੇਂ ਉਹ ਮਿਸ਼ਨ ਜਿਸ ਨੂੰ ਉਨ੍ਹਾਂ ਨੇ ਆਪਣਾ ਆਦਰਸ਼ ਬਣਾਇਆ, ਮੁਲਕ ਦੀ ਆਜਾਦੀ ਲਈ ਵੱਡਾ ਕੰਮ ਨਾ ਕਰ ਸਕੇ, ਪਰ ਮਹਾਨ ਤੇ ਉਚੇ ਸੁੱਚੇ ਆਦਰਸ਼ ਜਰੂਰ ਇਸ ਮੁਲਕ ਨੂੰ ਸਿਖਾ ਗਏ। 1947 ਦੀ ਵੰਡ ਦਾ ਸੰਤਾਪ, 1960 ਦੀ ਨਕਲਵਾੜੀ ਲਹਿਰ, 1980 ਦੀ ਸਿੱਖ ਜਜਬਾਤਾਂ ਦੀ ਲਹਿਰ, ਬੇਇੰਤਹਾ ਜੁਲਮ ਦਾ ਬਿਰਤਾਂਤ ਕਿਸੇ ਸਧਾਰਨ ਮਨੁੱਖ ਦੇ ਹਿੱਸੇ ਨਹੀਂ ਆ ਸਕਦਾ।

ਡਾ. ਬਰਜਿੰਦਰ ਸਿੰਘ ਹਮਦਰਦ, ਹਰਭਜਨ ਹਲਵਾਰਵੀ, ਅਵਤਾਰ ਪਾਸ਼ ਦੀ ਕਾਵਿ ਸ਼ੈਲੀ ਤੋਂ ਬੇਹੱਦ ਪ੍ਰਭਾਵਿਤ ਸਾਡਾ ਆਪਣਾ ਸਾਰੇ ਲੋਕਾਂ ਦਾ ਦਰਸ਼ਨ ਕਰਮਯੋਗੀ ਮਨੁੱਖ ਡਾ. ਦਰਸ਼ਨ ਸ਼ਿੰਘ ਤਾਤਲਾ 4 ਜੁਲਾਈ 2021 ਨੂੰ ਉਥੇ ਚਲਾ ਗਿਆ ਜਿਥੋਂ ਕਿਸੇ ਨੇ ਵਾਪਿਸ ਫੇਰਾ ਨਹੀਂ ਪਾਇਆ। ਅਖੀਰ 'ਚ ਕਾਹੇ ਕਲਰਾ ਸਿੰਚਹੁ ਜਨਮ ਗਵਾਵਹੁ ਕਾਚੀ ਢਹਿਗ ਦਿਵਾਲ ਕਾਹੇ ਗਚ ਲਾਵਹੁ ਕਲਰ ਵਾਲੀ ਜਮੀਨ ਨੂੰ ਪਾਣੀ ਲਾਉਣ ਨਾਲ ਵੀ ਕਦੇ ਫਸਲ ਪੈਦਾ ਹੋਈ ਹੈ ਗਾਰੇ ਦੀ ਬਣੀ ਕੱਚੀ ਕੰਧ ਨੂੰ ਚੂਨੇ ਦੇ ਪਲਸਤਰ ਨਾਲ ਸੁਰੱਖਿਅਤ ਨਹੀਂ ਕੀਤਾ ਜਾ ਸਕਦਾ ਹੋਰ ਅੱਗੇ ਦੋਵੇਂ ਹੱਥਾਂ ਨਾਲ ਕੀਤਾ ਕੰਮ ਜਿਵੇਂ ਹਲਟ ਗੇੜ ਕੇ ਪਾਣੀ ਕਢ ਲਈਦਾ ਹੈ ਖੋਜਦਾ ਖੋਜਦਾ 22 ਕਿਤਾਬਾਂ ਲਿਖਕੇ 26 ਕਿਤਾਬਾਂ ਸੰਪਾਦਤ ਕਰਕੇ 29 ਲੇਖ ਲਿਖਕੇ ਹੋਰ ਵੱਡਮੁੱਲੀ ਖੋਜ ਕਰਕੇ ਕੀ ਇਹ ਇਨਸਾਨ ਮਰ ਸਕਦਾ।

## ਪੋਤਾ ਦਾਦੇ ਦੀ ਮਸ਼ਾਲ ਬਣਿਆ ਗੁਰੂ ਗੋਬਿੰਦ ਸਿੰਘ ਦੇ ਤੀਰ ਦਾ ਕਮਾਨ ਬਣਿਆ



ਆਹ ਚੱਲ ਪਿਆ
ਸਖਤ ਹਨੇਰ ੁਚ
ਮੱਘਦਾ ਮਘਾਉਂਦਾ
ਜਿਹੜਾ ਬੁਝੇ ਨਾਂ
ਬੁਝਾਇਆਂ
ਲਾਟ ਬਣਿਆਂ
ਮਸ਼ਾਲ ਬਣਿਆ
ਵਿਹੜਿਆਂ ਬਨੇਰਿਆਂ
ਬੰਦ ਕਮਰਿਆਂ ਦਾ
ਚਾਨਣ ਬਣਿਆ
ਬਾਡਰਾਂ ਦੀ ਰੋਸ਼ਨੀ ਬਣਿਆ
ਪੋਤਾ ਦਾਦੇ ਦੀ ਮਸ਼ਾਲ ਬਣਿਆ
ਗੁਰੂ ਗੋਬਿੰਦ ਸਿੰਘ ਦੇ ਤੀਰ ਦਾ
ਕਮਾਨ ਬਣਿਆ
ਹਵਾਵਾਂ ਨੇ ਸੇਕ ਸੁਨੇਹਾ ਦਿੱਤਾ
ਵਲੂੰਧਰਿਆਂ
ਝੰਜੋੜਿਆਂ
ਕਣ ਕਣ
ਚੱਲ ਪਿਆ
ਆਲ ਦੁਆਲ ਹਲਚਲ ਹੋਈ
ਸਮੁੰਦਰੀ ਟਾਪੂ ਤੇ
ਜਲ ਥੱਲ ਹੋਈ
ਲੰਮਾ ਸੈਲਾਬ ਚੱਲ ਪਿਆ
ਮਿਹਨਤਕਸ਼ ਕਰਮੀ ਧਰਮੀ ਚੱਲ ਪਿਆ
ਓਹ ਇੱਟਲੀ ਫਰਾਂਸ ਅਫਰੀਕਾ ਚੱਲ ਪਿਆ
ਬੇਬਾਕ ਬੇਖੌਫ ਬੇ-ਡੱਰ ਚੱਲ ਪਿਆ
ਏਸ ਦੌਰ 'ਚ ਕੁੱਲ ਸੰਸਾਰ ਚੱਲ ਪਿਆ
ਦਰਿਆਵਾਂ ਨੇ ਜਿਵੇਂ ਸਿੱਟ ਲਿਆ ਹੋਵੇ ਡੈਮ
ਤੇ ਨਿਰੰਤਰ ਵਹਾਅ ਚੱਲ ਪਿਆ
ਸ਼ਾਂਤਮਈ ਯੁੱਧਾਂ ਦੀ ਪਰਿਭਾਸਾ ਜਾਣਗੇ
ਨਾਨਕ ਦੇ ਜਾਏ
ਵਰਦੀ ਧਾਰੀ ਵੀ ਆਦਮ ਦੇ ਜਾਏ
ਫੀਤੀਆਂ ਤਗਮਿਆਂ ਦੀ ਹੋੜ-ਦੌੜ ਪਈ ਖਾਏ
ਅੰਤਰਾਸ਼ਟਰੀ ਯੁੱਧ ਚੱਲ ਰਿਹਾ ਹੋਵੇ
ਤੇ ਟਰੈਕਟਰ ਖੇਤ 'ਚ ਕਿਵੇਂ ਉਤਰ ਸਕਦੈ
ਘਰ ਦੇ ਜੀ ਘੂਕ ਕਿਵੇਂ ਸੌਂ ਸਕਦੇ
ਬੇਹੱਦ ਭਿਆਨਕ ਦੌਰ
ਬੰਦਿਆਂ ਲਾਤਾ ਪੂਰਾ ਜੋਰ
ਜਿੱਥੇ ਕਿਤੇ ਵੀ ਬੇਇਨਸਾਫੀ ਹੋ ਰਹੀ ਹੋਵੇ
'ਤੇ ਚੀ ਗਵੇਰਾ ਅੰਦਰ
ਕਿਵੇਂ ਬੈਠ ਸਕਦੈ
10 ਵਰਿਆਂ ਦਾ ਸਰਾਭਾ
ਕਿਓਂ ਤੇ ਕਿਵੇਂ ਨਾਂ ਟੱਕਰ ਮਾਰੇ॥

**- ਪਾਸ਼ ਆਹੂਜਾ**

**(ਲਵਪ੍ਰੀਤ ਸਿੰਘ ਦੀ ਖੁਦਕਸੀ ਮਗਰੋਂ ਸਾਹਮਣੇ ਆਈ ਹਾਲਤ 'ਤੇ ਪ੍ਰਤੀਕਰਮ ਵਜੋਂ)**

## ਇੱਕ ਖੁਦਕਸੀ

ਇੱਕ ਮਾਂ ਜਾਏ ਨੂੰ
ਖੁਦਕਸੀ ਦੇ ਜਬਾੜ੍ਹਿਆਂ 'ਚ ਧੱਕ ਦਿੱਤਾ ਗਿਆ
ਇੱਕ ਮਾਸੂਮ ਜਿੰਦ 'ਤੇ
ਮੁਜਰਮ ਹੋਣ ਦਾ ਠੱਪਾ ਲਾ ਦਿੱਤਾ ਗਿਆ
ਕੁੱਝ ਨੂੰ ਪਾਣੀ 'ਚ ਮਧਾਣੀ ਪਾ
ਫੰਡਰ ਕਸਰਤ 'ਚ ਰੁਝਾ ਦਿੱਤਾ ਗਿਆ
ਕੁੱਝ ਨੂੰ ਚਿੱਕੜ ਹਵਾਲੇ ਕਰ
ਇੱਕ ਦੂਜੇ ਨੂੰ ਲਿਬੇੜਨ ਦੇ ਆਹਰੇ ਲਾ ਦਿੱਤਾ ਗਿਆ
ਕੁੱਝ ਮਰਦਊ ਹੋਛਾਪਣ 'ਚ ਗਲਤਾਨ ਮਾਨਸਿਕ-ਗਿੱਠਮੁੱਠੀਆਂ ਨੂੰ
ਤੁਅੱਸਬਾਂ ਦੀ ਫੇਸਬੁੱਕੀਆ-ਜੁਗਾਲੀ ਦੇ ਧੰਦੇ ਲਾ ਦਿੱਤਾ ਗਿਆ
ਕੁੱਝ ਨੂੰ ਬੇਥਵ੍ਹੀ ਤੇ ਬੇਤੁੱਕੀ ਬੱਕਬੱਕ ਦੇ ਸੋਰ-ਸਰਾਬੇ 'ਚ
ਭੰਬਲਭੂਸੇ ਦੀ ਘੁੰਮਣ-ਘੇਰੀ 'ਚ ਪਾ ਦਿੱਤਾ ਗਿਆ

ਕਿੰਨੇ ਚਤੁਰ ਨੇ ਮੇਰੇ ਦੇਸ ਦੇ ਹਾਕਮ
ਉਹ ਸਤਰੰਜ ਖੇਡ ਰਹੇ ਨੇ
ਚਾਲ-ਦਰ-ਚਾਲ ਚਲ ਰਹੇ ਨੇ
ਹਰ ਚਾਲ ਰੰਗ ਬਿਖੇਰ ਰਹੀ ਹੈ
ਉਹ ਖਚਰਾ ਹਾਸਾ ਬਿਖੇਰ ਰਹੇ ਨੇ
ਸਾਨੂੰ ਸੋਕੜਾ ਪੈ ਰਿਹਾ ਹੈ
ਉਹ ਖੂਨ ਦੇ ਜਾਮ ਦੀਆਂ ਚੁਸਕੀਆਂ ਲੈ ਰਹੇ ਨੇ

ਅਸੀਂ ਆਪਣਾ ਸੱਭ ਕੁੱਝ ਖੁਹਾਅ
ਹੀਣਤਾਂ 'ਚ ਗਲ ਗਲ ਖੁੱਭੇ ਫਿਰਦੇ
ਖੁਦਦਾਰੀ ਨੂੰ ਬੇਵੱਸੀ ਦੀ ਬਗਲੀ ਪਾ
ਕੰਗਲੇਪਣ ਦੇ ਲੰਗਾਰ ਪਹਿਨੀ ਫਿਰਦੇ
ਧੀਆਂ-ਪੁੱਤਾਂ ਨੂੰ ਵਿਕਰੀ 'ਤੇ ਲਾ
ਆਪਣੇ ਨੰਗ ਦੀ ਪਰਦਾਪੋਸੀ ਖਾਤਰ
ਲੰਗਾਰਾਂ ਨੂੰ ਟਾਕੀਆਂ ਨਾਲ ਸਜਾਉਂਦੇ

ਜਜਬਿਆਂ ਦਾ ਮੂੰਹ-ਜੋਰ ਚਸਮਾ ਜੇ ਫੁੱਟ ਤੁਰਦਾ
ਸਾਡੇ ਹਾਰੇ ਆਪੇ
ਆਪੇ ਤੋਂ ਬਾਹਰ ਹੋ ਜਾਂਦੇ
ਇੱਕ ਦੂਜੇ ਦੇ ਗਲਾਮਿਆਂ ਨੂੰ ਪੈਂਦੇ
ਕੋਠੇ ਚੜ੍ਹ ਖੌਰੂ ਪਾਉਂਦੇ
ਖੁਦਦਾਰ ਜਜਬਿਆਂ ਨੂੰ ਭੰਡਦੇ
ਧੋਖੇਬਾਜੀ ਬਦਕਾਰੀ ਦਾ ਰਾਗ ਅਲਾਪਦੇ
ਜਹਿਨੀ ਗੰਦ-ਮੰਦ ਦਾ ਮਜ੍ਹਮਾ ਲਾਉਂਦੇ

ਸਾਡੀ ਗੈਰਤ ਸਾਨੂੰ ਲਾਹਨਤਾਂ ਪਾਉਂਦੀ
ਸਾਡੀ ਆਣ-ਸਾਨ ਸਰਮਸਾਰ ਹੋਈ
ਬੌਂਦਲੀ ਹੋਸ ਨੂੰ ਹੁੱਝਾਂ ਮਾਰ ਜਗਾਉਂਦੀ
ਤੁਸੀਂ ਹਾਰੇ ਹੁੱਟੇ ਹੋ ਮੋਏ ਨਹੀਂ
ਉੱਠੋ,ਕਦੋਂ ਤੱਕ ਮਿਰਗਤ੍ਰਿਸਨਾ ਦੇ ਖੰਭਾਂ 'ਤੇ ਸਵਾਰੀ ਕਰਦੇ ਰਹੋਗੇ
ਕਦੋਂ ਤੱਕ,ਵਤਨੋਂ ਦੂਰ ਦੀ ਪਰਵਾਜ ਭਰਨ ਦੀ ਲਲਕ 'ਚ ਰੁੜ੍ਹੇ ਜਾਂਦੇ ਰਹੋਗੇ
ਕਦੋਂ ਤੱਕ, ਆਪਣੇ ਪੈਰਾਂ ਹੇਠਲੀ ਜਮੀਨ ਨੂੰ ਛੱਡ
ਕੱਖੋਂ ਹੌਲੇ ਰਾਹੋਂ ਔਂਟਲੇ
ਖੁਦਕਸੀਆਂ ਦੀ ਮਹਾਂਮਾਰੀ ਦੀ ਕਗਾਰ ਵੱਲ ਵੱਧਦੇ ਰਹੋਗੇ
ਕਦੋਂ ਤੱਕ,ਕੌੜੀਆਂ ਹਕੀਕਤਾਂ ਤੋਂ ਬਚ ਨਿਕਲਣ ਦੀ ਹਫੜਾ-ਦਫੜੀ 'ਚ
ਇੱਕ ਦੂਜੇ ਦੇ ਗਿੱਟੇ ਗੋਡੇ ਭੰਨਦੇ ਰਹੋਗੇ

ਜਾਗੋ, ਆਪਣੀ ਹੋਸ ਦੇ ਖੰਭਾਂ 'ਤੇ ਸਵਾਰ ਹੋਵੋ
ਜੂਝਣਹਾਰ ਜਮੀਰ ਦਾ ਮੱਥਾ ਚੁੰਮੋ
ਆਪਣੇ ਜੰਮੇ-ਜਾਇਆਂ ਨੂੰ ਬਾਜਾਰੋਂ ਮੋੜ ਲਿਆਓ
ਜੂਝਣ ਦੇ ਚਾਓ ਵਿੱਚ ਰੰਗੋ
ਆਪਣੀ ਹੋਣੀ ਦੀ ਮੁਕਤੀ ਲਈ
ਜੂਝਣ ਦਾ ਹੀਆਂ ਕਰੋ
ਬੱਸ, ਜੂਝਣ ਦਾ ਰਾਸਤਾ ਮੱਲੋ।

**-ਗੁਰਤੇਜ ਸਿੰਘ ਖੋਖਰ**

## ਸਾਕਾ ਜਲ੍ਹਿਆਂਵਾਲਾ ਬਾਗ

ਜਲ੍ਹਿਆਂਵਾਲੇ ਬਾਗ਼ ਦੀ ਸੁਣ ਲਓ ਕਹਾਣੀ
ਨਹੱਥਿਆਂ ਤੇ ਪੈ ਗਈ ਟੁੱਟ ਡੈਰ ਦੀ ਢਾਹਣੀ
ਸਿਖ਼ਰ ਦੁਪਹਿਰੇ ਹੋ ਗਿਆ ਵੱਡਾ ਵਾਕਾ
ਰੂਹ ਵੀ ਸਾਰੀ ਕੰਬ ਗਈ ਤੱਕ ਖ਼ੂਨੀ ਸਾਕਾ
ਸਰ ਮਾਈਕਲ ਡਾਇਰ ਦਾ ਹੁਕਮ ਚੱਲੇ
ਨਾਕੇ ਚਾਰੇ ਰੋਕ ਲਏ ਸਿਪਾਹੀ ਨੱਬੇ
ਗੋਲੀਆਂ ਦਾ ਮੀਂਹ ਵਰ ਰਿਹਾ ਕਰੇ ਖੜਾਕਾ
ਰੂਹ ਹੀ ਸਾਰੀ ਕੰਬ ਗਈ ਤੱਕ ਖ਼ੂਨੀ ਸਾਕਾ
ਲਾਸ਼ਾਂ ਉੱਤੇ ਲਾਸ਼ ਸੀ ਪਲ ਵਿਚ ਚਾੜ੍ਹੀ
ਇਕ ਦਮ ਪੈ ਗਈ ਟੁੱਟਕੇ ਹਲਕੀ ਬਘਿਆੜੀ
ਦੋ ਹਜ਼ਾਰ ਨੂੰ ਭੁੰਨਤਾ ਬੰਦ ਕਰਕੇ ਨਾਕਾ
ਰੂਹ ਹੀ ਸਾਰੀ ਕੰਬ ਗਈ ਤੱਕ ਖ਼ੂਨੀ ਸਾਕਾ
ਜਖ਼ਮੀ ਭੈਣਾਂ ਤੜਫਦੀਆਂ ਸੀ ਵਾਂਙ ਭਰਾਵਾਂ
ਬੱਚੇ ਜਖ਼ਮੀ ਹੋ ਗਏ ਸੀ ਮਰੀਆਂ ਮਾਂਵਾਂ
ਰੰਡੀਆਂ ਹੋਈਆਂ ਸੁਹਾਗਣਾਂ ਹੈ ਸਤਿਗੁਰ ਰਾਖਾ
ਰੂਹ ਹੀ ਸਾਰੀ ਕੰਬ ਗਈ ਤੱਕ ਖ਼ੂਨੀ ਸਾਕਾ
ਧਰਤੀ ਡਾਵਾਂ ਡੋਲ ਗਈ ਪਰਬਤ ਹੈ ਕੰਬੇ
ਕੁੰਡਲ ਖੁੱਲ ਗਈ ਸ਼ੇਸ਼ ਦੀ ਕਪਿਲਾ ਵੀ ਕੰਬੇ
ਢਿੱਡ ਭਾਰ ਕਈ ਨਿਕਲ ਗਏ ਵੇਖ ਸੱਚਾ ਬਾਕਾ
ਰੂਹ ਹੀ ਸਾਰੀ ਕੰਬ ਗਈ ਤੱਕ ਖ਼ੂਨੀ ਸਾਕਾ
ਜਿਸਕਾ ਰਾਖਾ ਸਾਹਿਬ ਹੈ ਕੋਈ ਮਾਰ ਨਾ ਸਕੇ
ਊਧਮ ਸਿੰਘ ਸੁਨਾਮੀਆਂ ਵੀ ਹਾਲਾਤ ਨੂੰ ਤੱਕੇ
ਨਵਦੀਪ ਫਰੰਗੀ ਬਾਗ 'ਚੋਂ ਭੈਅ ਕਰਨ ਮਜ਼ਾਕਾਂ
ਰੂਹ ਹੀ ਸਾਰੀ ਕੰਬ ਗਈ ਤੱਕ ਖ਼ੂਨੀ ਸਾਕਾ।

**ਨਵਦੀਪ ਕੌਰ**
78376-04481

## ਕਵਿਤਾ

**ਇਹ ਕਵਿਤਾ 2015 ਵਿਚ ਸ਼ੁਰੂ ਹੋਈ ਸੀ-ਫੇਰ ਸਮੇਂ ਸਮੇਂ ਕੁਛ ਬੰਦ ਇਹਦੇ ਵਿਚ ਜੁੜਦੇ ਗਏ-ਐਥੇ ਕੁ ਤੱਕ ਪਹੁੰਚੀ ਹੈ**

ਮੋਦੀ ਭੱਜਿਆ ਨਾਰ ਤੋਂ
ਪਿਆ 10 ਜਨਪਥ ਦੇ ਰਾਹ
ਸਾਧ ਸਾਧਣੀਆਂ ਛਾਂਟ ਕੇ
ਓਹਨੇ ਮੰਤਰੀ ਲਏ ਬਣਾ
ਸਾਂਭ ਸਕੇ ਜੋ ਗ੍ਰਿਹਸਥ ਨਾ
ਅੱਜ ਰਹੇ ਨੇ ਦੇਸ ਚਲਾ
ਦੋ ਦਿਨ ਨਾ ਰਹਿੰਦਾ ਦੇਸ ਵਿਚ
ਸਾਰਾ ਘੁੰਮ ਜਹਾਨ ਲਿਆ

ਰਾਮ ਦੇਵ ਤੇ ਸ਼ਿਰੀ ਸ਼ਿਰੀ
ਰਹੇ ਨੇ ਬਾਘੀਆਂ ਪਾ
ਨਾ ਅੰਨਾ ਕਿੱਧਰੇ ਰੜਕਦਾ
ਗਿਆ ਮੌਨ ਸਮਾਧੀ ਲਾ
ਨੋਟ ਬਦਲ ਕੇ ਰਾਤੋਂ ਰਾਤ
ਸਾਰਾ ਮੁਲਖ ਚਰੂੰਡ ਲਿਆ
ਚੌਕੀਦਾਰ ਬਣ ਸਣੇ ਮਾਲ
ਦਿੱਤੇ ਕਿੰਨੇ ਈ ਚੋਰ ਭਜਾ
ਬੰਦੇ ਤੋਂ ਉੱਪਰ ਗਾਂ ਹੋਈ
ਗਏ 'ਅੱਛੇ ਦਿਨ' ਨੇ ਆ!

ਫਿਰ ਜੰਮੂ ਤੇ ਕਸਮੀਰ ਵਿਚ
ਦਿੱਤਾ ਨਵਾਂ ਹੀ ਚੰਦ ਚੜ੍ਹਾ
ਉਹਨੂੰ ਕੱਟਿਆ ਕੁੱਲ ਜਹਾਨ ਤੋਂ
ਅਖੇ ਦੇਸ 'ਚ ਰਿਹਾਂ ਰਲਾਅ
ਉੱਤੋਂ ਸੀ ਏ ਏ ਦੇ ਨਾਮ ਤੇ
ਦਿੱਤਾ ਸਾਰਾ ਮੁਲਖ ਰੁਆ
ਹਿੰਦੂ ਮੁਸਲਿਮ ਦੇ ਵਿੱਚ ਦਾ
ਰਿਹਾ ਪਾੜ੍ਹਾ ਨਿਤ ਵਧਾਅ

ਹੁਣ ਚੀਨ ਤੋਂ ਤੁਰਿਆ ਦੈਂਤ ਇੱਕ
ਗਿਆ ਨਵੇਂ ਪੁਆੜੇ ਪਾ
ਸੋਸਲ ਡਿਸਟੈਂਸ ਤੇ ਨਾਂ ਤੇ
ਇਹਨੇ ਕਰਫ਼ਿਊ ਦਿੱਤਾ ਲਾ
ਜਿਥੇ ਲੋੜ ਡਾਕਟਰ ਨਰਸ ਦੀ
ਓਥੇ ਦਿੱਤੀ ਪੁਲਸ ਚੜ੍ਹਾਅ
ਉਹ ਪਾਣੀ ਪੀ ਪੀ ਕੁੱਟਦੀ
ਤੇ ਮੁਲਖ ਰਿਹਾ ਕੁਰਲਾਅ

ਬੰਨ੍ਹ ਕਾਫ਼ਲੇ ਅੱਧਾ ਦੇਸ ਫਿਰ
ਗਿਆ ਸੜਕਾਂ ਉੱਤੇ ਆ
ਭੁੱਖੇ ਪਿਆਸੇ ਮਜਦੂਰ ਨੂੰ
ਨਹੀਂ ਘਰ ਦੇ ਵਿਚ ਪਨਾਹ
ਪਤਾ ਨਹੀਂ ਕਿਹੜੇ ਵੈਦ ਨੇ
ਫਿਰ ਦਿੱਤੀ ਇਹਨੂੰ ਸਲਾਹ
ਕਦੇ ਬੱਤੀਆਂ ਬੰਦ ਕਰਾਂਵਦਾ
ਕਦੇ ਰਿਹਾ ਭਾਂਡੇ ਖੜਕਾਅ
ਅੱਛੇ ਦਿਨ ਵਾਲੀ ਰਾਗਣੀ
ਰਹੇ ਭਗਤ ਅਜੇ ਵੀ ਗਾ

ਚੁੱਕ ਠੂਠਾ ਹਰ ਥਾਂ ਘੁੰਮਿਆ
ਪਰ ਕਿਸੇ ਨਾ ਪਾਇਆ ਘਾਹ
ਉਸ ਉੱਪਰੋਂ ਇੱਕ ਦਿਨ ਦੇਖਿਆ
ਕਿੰਝ ਖੇਤ ਰਹੇ ਲਹਿਲਹਾ
ਉਹਦੇ ਅਰਬ-ਪਤੀ ਯਾਰਾਂ ਨੇ
ਲਿਆ ਝੱਟ-ਪੱਟ ਜਾਲ ਬਣਾ
ਖੇਤੀ ਸੁਧਾਰ ਦੇ ਨਾਮ ਤੇ
ਲਏ ਪਾਸ ਕਨੂੰਨ ਕਰਾ
'ਆਹ ਲਓ ਬਈ ਬਾਨੀ ਡਾਨੀਓ
ਥੋਡਾ ਕਰਜਾ ਰਿਹਾ ਹਾਂ ਲਾਹ
ਪੂਰੀ ਮੰਡੀ ਦੀ ਮਾਲਕੀ
ਦਿੱਤੀ ਥੋਡੇ ਹੱਥ ਫੜਾ'

ਅੰਨ-ਦਾਤਾ ਸਾਰੇ ਮੁਲਖ ਦਾ
ਗਿਆ ਸੜਕਾਂ ਉੱਤੇ ਆ
ਦਿੱਲੀ ਦੀ ਹਰ ਸਾਹ ਰਾਹ ਤੇ
ਉਹਨੇ ਡੇਰੇ ਲਏ ਜਮਾ
ਕੀ ਬੱਚੇ, ਬੁੱਢੇ, ਔਰਤਾਂ
ਗਏ ਨਾਲ ਜਵਾਨਾਂ ਦੇ ਆ
ਹਰ ਮੌਸਮ ਦਾ ਕਹਿਰ ਉਨ੍ਹਾਂ
ਲਿਆ ਸੀਨੇ ਤੇ ਹੰਢਾਅ
ਇਹ ਨਵੀਂ ਤਰ੍ਹਾਂ ਦਾ ਯੁੱਧ ਹੈ
ਮੋਦੀ ਨੇ ਵਿੱਢ ਲਿਆ
ਭਾਰਤ ਅੱਜ ਐਸਾ ਖੇਤ ਹੈ
ਰਹੀ ਵਾੜ ਹੀ ਜਿਸ ਨੂੰ ਖਾ

**- ਡਾ ਲੋਕਰਾਜ**
**ਮਿਲਟਨ ਕੀਨਸ, ਗ੍ਰੇਟ ਬਿਟ੍ਰੇਨ**

## ਆਇਆ ਸਾਉਣ ਦਾ ਮਹੀਨਾ

ਆਇਆ ਸਾਉਣ ਦਾ ਮਹੀਨਾ ਮੈਨੂੰ ਗੋਡੇ ਗੋਡੇ ਚਾਅ
ਬਾਗੀਂ ਆਈਆਂ ਨੇ ਬਹਾਰਾਂ ਚੰਨਾ ਤੂੰ ਵੀ ਘਰ ਆ।

ਜਿੰਦ ਬ੍ਰਿਹੋਂ ਦੀ ਅੱਗ ਵਿਚ ਭੁਜਦੀ ਨਿਮਾਣੀ
ਮੁੱਕੂ ਕਦੋਂ ਚੰਨਾ ਤੇਰੀਆਂ ਉਡੀਕਾਂ ਦੀ ਕਹਾਣੀ

ਆ ਕੇ ਦਿਲ ਦੀਆਂ ਰੀਝਾਂ ਨਾਲੇ ਪੂਰੇ ਕਰ ਚਾਅ
ਆਇਆ ਸਾਉਣ ਦਾ ਮਹੀਨਾ...

ਨਿੱਤ ਔਸੀਆਂ ਮੈਂ ਪਾਵਾਂ ਨਾਲੇ ਕਾਗ ਉਡਾਵਾਂ
ਛੇਤੀ ਆਜਾ ਪਰਦੇਸੀਆ ਮੈਂ ਸ਼ਗਨ ਮਨਾਵਾਂ

ਜਾਂਦੀ ਜੋਬਨੇ ਦੀ ਰੁੱਤ ਐਵੇਂ ਕੌਡੀਆਂ ਦੇ ਭਾਅ
ਆਇਆ ਸਾਉਣ ਦਾ ਮਹੀਨਾ...

ਪਈਆਂ ਪਿੱਤਲਾਂ 'ਤੇ ਪੀਂਘਾਂ ਰੁੱਤ ਗਿੱਧਿਆਂ ਦੀ ਆਈ
ਮੈਨੂੰ ਵੱਢ ਵੱਢ ਖਾਂਦੀ ਚੰਨਾ ਤੇਰੀ ਵੇ ਜੁਦਾਈ

ਮੇਰੀ ਸੋਹਲ ਜਿਹੀ ਜਿੰਦ ਨੂੰ ਨਾ ਦੁੱਖਾਂ ਵਿਚ ਪਾ
ਆਇਆ ਸਾਉਣ ਦਾ ਮਹੀਨਾ...

ਮੇਰੀ ਅਲੜ੍ਹ ਜਵਾਨੀ ਰਤਾ ਕਰ ਤੂੰ ਖਿਆਲ
ਜੇ ਤੂੰ ਆਪ ਨਹੀਓਂ ਆਉਣਾ ਮੈਨੂੰ ਲੈ ਚੱਲ ਨਾਲ

ਮੈਨੂੰ 'ਡਾਲਵੀ' ਦੇ ਵਾਂਗੂੰ ਨਾ ਤੂੰ ਇੰਜ ਤਰਸਾ
ਆਇਆ ਸਾਉਣ ਦਾ ਮਹੀਨਾ ਮੈਨੂੰ ਗੋਡੇ ਗੋਡੇ ਚਾਅ

**ਬਹਾਦਰ ਡਾਲਵੀ**

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ :
ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# Pioneer Financial Services

# TRUCK LOANS

Low Interest Rates, Fast Approval




## PIONEER TRUCKING SOLUTIONS

- PRORATE, IFTA
- US DOT
- BUYDOWN DEDUCTIBLE
- WRITE OFF PROTECTION

## Monarch

INSURANCE BROKERS

# TRUCK INSURANCE

BEST INSURANCE RATES IN ALBERTA

CALL: 587-832-1208

HOMELIFE HIGHER STANDARDS

# HOMELIFE SILVERCITY
REALTY INC., BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 600 REALTORS

HOMELIFE HIGHER STANDARDS

# HOMELIFE SILVERCITY
REALTY INC., BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton






AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
Cambridge
PARK
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.